ਜਾਂ ਜੈਕ ਰੂਸੋ ਨੇ 'ਮਨੁੱਖਾਂ ਦੀ ਉਤਪਤੀ ਵਿੱਚ ਅਸਮਾਨਤਾ ਦੀ ਉਤਪਤੀ ਕੀ ਹੈ ਅਤੇ ਕੀ ਇਹ ਕੁਦਰਤੀ ਨਿਯਮ ਦੁਆਰਾ ਜ਼ਿਆਦਾ ਹੈ ? ਨਾਮਕ ਇੱਕ ਨਿਬੰਧ ਲਿਖਿਆ ਸੀ। ਇੱਕ ਵਿਦਰੋਹੀ ਰੂਸੋ ਦੀ ਸੋਚ ਵਿੱਚ ਅਸਮਾਨਤਾ ਸਵਾਲ ਸੀ। ਉਸਨੇ ਮਨੁੱਖ ਦੀ ਮੌਲਿਕ ਪ੍ਰਕਿਰਤੀ ਅਤੇ 'ਸਮਾਜਿਕ ਉਤਪਤੀ' ਦੀ ਜੁੜਵਾਂ ਸਮਸਿਆਵਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ। ਸੱਭਿਅਤਾ ਦੇ ਭ੍ਰਿਸ਼ਟਾਚਾਰੀ ਪ੍ਰਭਾਵ ਨੂੰ ਰੂਸੋ ਇੱਕ ਕਾਰਨ ਮੰਨਦੇ ਸਨ। ਰੂਸੋ ਨੇ ਕਿਹਾ ਹੈ ਕਿ 'ਸਮਾਜਿਕ ਰਚਨਾ ਨੇ 'ਮਨੁੱਖ ਪ੍ਰਕਿਰਤੀ' ਸੁਭਾਅ, ਸਾਡੀ ਜੀਵਨ ਢੰਗ ਸਾਡੀ ਪ੍ਰਸੰਨਤਾ ਦੀ ਖੋਜ ਨੂੰ ਕੁਰਾਹੇ ਕੀਤਾ ਹੈ। ਇਹ ਪ੍ਰਸ਼ਨ ਕਿ ਅਸਮਾਨਤਾ ਕਿਵੇਂ ਆਈ, ਉਸਦੇ ਲਈ ਇਹ ਜਾਣਨਾ ਹੋਵੇਗਾ ਕਿ ਸਮਾਜ ਕਿਵੇਂ ਆਇਆ, ਕਿਉਂਕਿ ਅਸਮਾਨਤਾ ਇੱਕ ਸਮਾਜਿਕ ਸੰਬੰਧ ਹੈ।' ਰੂਸੋ ਦੇ ਅਨੁਸਾਰ ਸਮਾਜ ਦਾ ਹੋਣਾ ਮਨੁੱਖੀ ਇੱਛਾ ਦਾ ਇੱਕ ਕਾਰਜ ਹੈ ਅਤੇ ਇਹ ਸੰਭਵ ਹੈ ਕਿ 'ਪ੍ਰਕਿਰਤੀ ਮਨੁੱਖ' ਏਕਾਂਤ ਵਿੱਚ ਨਿਵਾਸ ਕਰ ਸਕਦਾ ਹੈ, ਪਰ ਰੂਸੋ ਦੇ ਕਾਰਜ–ਡਿਸਕੋਰਸ ਆਨ ਇਨਇਕਵਲਿਟੀ ਵਿੱਚ ਕਿਹਾ ਗਿਆ ਹੈ–ਇਤਿਹਾਸਕ ਜਾਂ ਸਮਾਜਿਕ ਮਨੁੱਖ, ਸਮਾਜਿਕ ਜੀਵਨ ਦੀਆਂ ਅਵਸਥਾਵਾਂ ਦੇ ਕਾਰਨ, ਜ਼ਰੂਰ ਹੀ ਬੁਰਾਈ ਅਰਥਾਤ ਉਹ ਸਵਾਰਥੀ ਕੰਮ 'ਚ ਜੁਟਣ ਲਈ ਬੰਨ੍ਹਿਆ ਹੁੰਦਾ ਹੈ, ਜਿਸ ਨਾਲ ਦੂਸਰਿਆਂ ਨੂੰ ਚੋਟ ਪਹੁੰਚਦੀ ਹੈ । ਸਮਾਜ ਦੇ ਜ਼ਿਆਦਾ ਚੰਗਾ ਬਣਨ 'ਤੇ ਮਨੁੱਖ ਜ਼ਿਆਦਾ ਬੁਰਾ ਬਣੇਗਾ' ਰੂਸੋ ਇਹ ਵੀ ਕਹਿੰਦੇ ਹਨ ਕਿ 'ਪ੍ਰਕਿਰਤਿਕ ਮਨੁੱਖ' ਖੁਸ਼ੀ 'ਤੇ ਸਥਿਰ ਹੈ। ਪ੍ਰਕਿਰਤੀ ਮਨੁੱਖ 'ਤੇ ਸਮਾਜ ਨੂੰ ਥੋਪਣ ਦੇ ਕਾਰਨ, ਸੰਘਰਸ਼ ਅਸਮਾਨਤਾ ਭਰਮਾਉ ਮੁੱਲ ਅਤੇ ਕਠੋਰਤਾ ਦੀ ਸਥਿਤੀ ਉਤਪੰਨ ਹੁੰਦੀ ਹੈ।

ਐਸੀ ਉਤਪੱਤੀ ਤਰਕ ਦੀ ਦ੍ਰਿਸ਼ਟੀ ਤੋਂ ਦ੍ਰਿੜ ਅਤੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਭਰੋਸੇਮੰਦ ਦਿਖਾਈ ਦਿੰਦੀ ਹੈ, ਪਰੰਤੂ ਵਾਸਤਵਿਕ ਸਮਾਜਿਕ ਜੀਵਨ ਵਿੱਚ ਵਾਸਤਵਿਕ ਪ੍ਰਤੀਤ ਨਹੀਂ ਹੁੰਦੀ ਹੈ। ਵਰਤਮਾਨ ਵਿੱਚ ਅਕਸਰ ਸਮਾਜਿਕ ਅਸਮਾਨਤਾ ਨੂੰ ਨਿਖੇੜਵੇਂ ਨਿਆਂ ਅਤੇ ਲੋਕਾਂ ਦੇ ਵਿੱਚ ਉੱਚ ਅਤੇ ਨਿਮਨ ਪੱਧਰਾਂ 'ਤੇ ਅਧਾਰਿਤ ਸਮਾਜਿਕ ਸੰਬੰਧਾਂ ਦਾ ਮਸਲਾ ਮੰਨਿਆ ਜਾਂਦਾ ਹੈ। ਆਮਦਨ, ਦੌਲਤ, ਕੰਮ, ਸਿੱਖਿਆ, ਸ਼ਕਤੀ, ਜੀਵਨ ਸੈਲੀ, ਆਦਿ ਦੁਆਰਾ ਨਿਆਂ ਜਾ ਅਨਿਆਂ ਅਤੇ ਪ੍ਰਕਿਰਤੀ ਤੇ ਪ੍ਰਕਿਰਿਆ ਦਾ ਨਿਰਧਾਰਨ ਹੁੰਦਾ ਹੈ। ਇਹਨਾਂ ਅਧਾਰਾਂ ਤੋਂ ਉੱਭਰੇ ਬਟਵਾਰੇ ਦੇ ਆਧਾਰ 'ਤੇ ਇੱਕ ਸਮਾਜ ਦੇ ਲੋਕਾਂ ਵਿੱਚ ਸਮਾਜਿਕ ਸੰਬੰਧ

ਨੋਟ

ਨਿਰਧਾਰਿਤ ਹੁੰਦੇ ਹਨ। ਇਸ ਪ੍ਰਕਾਰ ਜਨਮ, ਸਮਜਾਤੀ, ਨਸਲ ਅਤੇ ਉਪਰੋਕਤ ਵਰਨਿਤ ਕਸੌਟੀਆਂ ਨਾਲ ਰੁਤਬਾ ਨਿਰਧਾਰਨ ਦੇ ਅਨੇਕ ਤਰੀਕੇ ਹੋ ਸਕਦੇ ਹਨ। ਦਰਜ਼ਾਬੰਦੀ ਦੇ ਅਨੇਕ ਤਰੀਕੇ ਹੋ ਸਕਦੇ ਹਨ।

| | |
|---|---|
| ਨੋਟਸ | ਦਰਜਾਬੰਦੀ ਦੇ ਇੱਕ ਵਿਸਿਸਟ ਪ੍ਰਤੀਮਾਨ ਦੁਆਰਾ ਇੱਕ ਸਮਾਜ ਦੀ ਪ੍ਰਕਿਰਤੀ ਅਤੇ ਵਰਗ ਪ੍ਰਣਾਲੀ ਨਿਰਧਾਰਿਤ ਹੁੰਦੀ ਹੈ। |

### 2.2.1 ਅਸਮਾਨਤਾ ਕਿਉਂ ?

ਰਾਲਫ ਡੇਰੇਨਡਾਰਫ ਨੇ ਕੁੱਝ ਮਹੱਤਵਪੂਰਨ ਸਵਾਲ ਉਠਾਏ ਹਨ। ਇਹ ਸਵਾਲ ਹਨ-ਮਨੁੱਖਾਂ ਵਿੱਚ ਅਸਮਾਨਤਾ ਕਿਉਂ ਪਾਈ ਜਾਂਦੀ ਹੈ ? ਇਸਦੇ ਕਾਰਨ ਕੀ ਹਨ ? ਕੀ ਇਹ ਘੱਟ ਕੀਤੀ ਜਾ ਸਕਦੀ ਹੈ ਜਾਂ ਪੂਰਨ ਤੌਰ 'ਤੇ ਖ਼ਤਮ ਕੀਤੀ ਜਾ ਸਕਦੀ ਹੈ ? ਜਾਂ ਸਾਨੂੰ ਅਸਮਾਨਤਾ ਨੂੰ ਮਨੁੱਖੀ ਸਮਾਜ ਦੀ ਰਚਨਾ ਵਿੱਚ ਇੱਕ ਜ਼ਰੂਰੀ ਤੱਤ ਮੰਨ ਕੇ ਸਵੀਕਾਰ ਕਰਨਾ ਚਾਹੀਦਾ ?

ਅਸਮਾਨਤਾ ਦੇ ਇਤਿਹਾਸ ਦਾ ਵਰਣਨ ਕਰਦੇ ਹੋਏ, ਡੇਰੇਨਡਾਰਫ ਦਾ ਮਤ ਹੈ ਕਿ 18ਵੀਂ ਸਦੀ ਵਿੱਚ ਅਸਮਾਨਤਾ ਦੀ ਉਤਪੱਤੀ ਪ੍ਰਮੁੱਖ ਬਿੰਦੂ ਸੀ, 19ਵੀਂ ਸਦੀ ਵਿੱਚ ਵਰਗਾਂ ਦੇ ਸਮਾਜਿਕ ਨਿਰਮਾਣ 'ਤੇ ਬਹਿਸ ਹੁੰਦੀ ਸੀ ਅਤੇ ਅੱਜ (20ਵੀਂ ਅਤੇ 21ਵੀਂ ਸਦੀਆਂ ਵਿੱਚ) ਅਸੀਂ ਸਮਾਜਿਕ ਦਰਜਾਬੰਦੀ ਦੇ ਸਿਧਾਂਤ 'ਤੇ ਚਰਚਾ ਕਰ ਰਹੇ ਹਨ। ਮੂਲ ਸਮੱਸਿਆ ਬਣੀ ਹੋਈ ਹੈ, ਪਰੰਤੂ ਇਸਦੇ ਲਈ ਇੱਕ ਨਵੀਂ ਸੋਚ ਲੱਭੀ ਜਾ ਸਕਦੀ ਹੈ। ਡੇਰੇਨਡਾਰਫ ਦਾ ਨਿਮਨ ਕਥਨ ਮਹੱਤਵਪੂਰਨ ਹੈ :-

'ਕਾਰ ਚਾਲਕ ਅਤੇ ਨਲ ਫਿਟ ਕਰਨ ਵਾਲਾ, ਸੈਨਾ ਦਾ ਜਨਰਲ ਅਤੇ ਥਾਣੇਦਾਰ, ਰਾਜਕੁਮਾਰ ਅਤੇ ਮਿਹਨਤੀ ਬਾਲਕ, ਬੁੱਧੀਮਾਨ ਅਤੇ ਮੂਰਖ ਇਹ ਸੱਭ ਅਸਮਾਨ ਜੋੜੇ ਹਨ ਅਤੇ ਘੱਟ ਤੋ ਘੱਟ ਦੋ ਹਵਾਲਿਆਂ ਨਾਲ ਇਨ੍ਹਾਂ ਵਿੱਚ ਅੰਤਰ ਕਰਨਾ ਹੋਵੇਗਾ। ਪਹਿਲਾਂ ਸਾਨੂੰ ਪ੍ਰਕਿਰਤਕ ਯੋਗਤਾ ਅਤੇ ਸਮਾਜਿਕ ਅਹੁਦਾ/ਸਥਾਨਾਂ 'ਤੇ ਅਧਾਰਿਤ ਅਸਮਾਨਤਾਵਾਂ ਦੇ ਵਿੱਚ ਅੰਤਰ ਕਰਨਾ ਚਾਹੀਦਾ ਅਤੇ ਦੂਜਾ ਸਾਨੂੰ ਉਨ੍ਹਾਂ ਅਸਮਾਨਤਾਵਾਂ ਵਿੱਚ ਅੰਤਰ ਕਰਨਾ ਚਾਹੀਦਾ, ਜਿਨ੍ਹਾਂ ਵਿੱਚ ਮੁਲਾਂਕਣ ਸ੍ਰੇਣੀ ਵਿਵਸਥਾ ਨਹੀਂ ਹੁੰਦੀ ਹੈ ਅਤੇ ਜਿਨ੍ਹਾਂ ਵਿੱਚ ਹੁੰਦੀ ਹੈ'

ਇਹਨਾਂ ਦੋ ਯੋਗਤਾਵਾਂ ਦੇ ਮਿਸ਼ਰਣ ਦੇ ਆਧਾਰ 'ਤੇ ਡੇਰੇਨਡਾਰਫ ਨੇ ਚਾਰ ਪ੍ਰਕਾਰ ਦੀਆਂ ਅਸਮਾਨਤਾਵਾਂ ਦਾ ਉਲੇਖ ਕੀਤਾ ਹੈ। ਵਿਅਕਤੀ ਦੇ ਸੰਦਰਭ ਵਿੱਚ ਇਹ ਹੈ-(ੳ) ਸਰੀਰਕ ਲੱਛਣ, ਚਰਿੱਤਰ ਅਤੇ ਹਿੱਤਾਂ ਵਿੱਚ ਪ੍ਰਕਿਰਤਕ ਅੰਤਮ ਦਾ ਪ੍ਰਕਾਰ, ਅਤੇ (ਅ) ਬੁੱਧੀ, ਕੌਸ਼ਲ ਅਤੇ ਤਾਕਤ ਵਿੱਚ ਸ਼੍ਰੇਣੀ ਦੇ ਪ੍ਰਕਿਰਤਿਕ ਅੰਤਰ। ਇਸ ਪ੍ਰਕਾਰ, ਸਮਾਜ ਦੇ ਸੰਦਰਭ ਵਿੱਚ, ਇਹ ਹੈ (ੲ) ਸਮਾਨਤਾ ਸਮਾਨ ਸ਼੍ਰੇਣੀ ਦੇ ਅਹੁਦਾ/ਸਥਾਨਾਂ ਦਾ ਸਮਾਜਿਕ ਬਟਵਾਰਾ, ਅਤੇ (ਸ) ਪ੍ਰਸਿੱਧੀ ਅਤੇ ਦੌਲਤ 'ਤੇ ਅਧਾਰਿਤ ਸਮਾਜਿਕ ਬਟਵਾਰਾ, ਜਿਸਨੂੰ ਸਮਾਜਿਕ ਰੁਤਬੇ ਦੀ ਸ੍ਰੇਣੀ ਵਿਵਸਥਾ ਦੁਆਰਾ ਦਿਖਾਇਆ ਜਾਂਦਾ ਹੈ ।

ਰੂਸੋ ਦੇ ਪ੍ਰਕਿਰਤਿਕ ਅਤੇ ਸਮਾਜਿਕ ਅਸਮਾਨਤਾਵਾਂ ਦੇ ਵਿੱਚ ਭੇਦ ਅਤੇ ਪ੍ਰਕਿਰਤਿਕ ਅਸਮਾਨਤਾਵਾਂ ਨੂੰ ਮੰਨਦੇ ਹੋਏ, ਡੇਰੇਨਡਾਰਫ ਨੇ ਮੁੱਖ ਦਰਜਾਬੰਦੀ ਵਰਗੀ ਅਸਮਾਨਤਾਵਾਂ ਵਿੱਚ ਰੁਚੀ ਪ੍ਰਗਟ ਕੀਤੀ ਹੈ। ਅਸਮਾਨਤਾਵਾਂ ਵੰਡ ਅਤੇ ਗੈਰ-ਵੰਡ ਦੋਨੋਂ ਹੁੰਦੀ ਹੈ। ਦੌਲਤ ਅਤੇ ਸ਼ਾਨੋਂ-ਸ਼ੌਕਤ ਦਰਜ਼ਾਬੰਦੀ ਦੇ ਖੇਤਰ ਨਾਲ ਸੰਬੰਧਿਤ ਹੋਣ ਕਾਰਨ ਵੰਡੇ ਹੋਏ ਹਨ। ਸੰਪਤੀ ਅਤੇ ਕ੍ਰਿਸ਼ਮਾ ਗੈਰ-ਵੰਡ ਹੈ। 'ਵੰਡ' ਅਤੇ 'ਗੈਰ ਵੰਡ' ਅਤੇ 'ਆਕਰਮਕ' ਅਤੇ 'ਸਾਕਰਮਕ' ਅਸਮਾਨਤਾਵਾਂ ਵੀ ਕਿਹਾ ਜਾ ਸਕਦਾ ਹੈ। ਰੂਸੋ ਦੀ ਤਰਾਂ ਅਰਸਤੂ ਵੀ ਸਮਾਜਿਕ ਦਰਜਾਬੰਦੀ (ਅਸਮਾਨਤਾ) ਦੀ ਉਤਪਤੀ ਦੇ ਬਾਰੇ ਵਿਚ ਜਾਣਨਾ ਚਾਹੁੰਦੇ ਸੀ, ਪਰ ਦੋਹਾਂ ਵਿੱਚ ਅੱਜ ਅਸੀਂ ਜੋ ਸਮਾਜਿਕ ਦਰਜਾਬੰਦੀ ਦੀ ਸਮਝ ਦੇ ਲਈ ਚਾਹੁੰਦੇ ਹਾਂ, ਉਸਦੀ ਕਮੀ ਸੀ । ਪ੍ਰਕਿਰਤਿਕ ਸਮਾਨਤਾ ਦੇ ਬਾਰੇ ਵਿੱਚ ਅਰਸਤੂ ਦੇ ਵਿਚਾਰ 'ਤੇ ਟਿੱਪਣੀ ਕਰਦੇ ਹੋਏ ਡੇਰੇਨਡਾਰਫ ਨੇ ਕਿਹਾ ਹੈ ਕਿ, "ਜੇਕਰ ਪ੍ਰਕਿਰਤੀ ਦੁਆਰਾ ਮਨੁੱਖ ਬਰਾਬਰ ਹੈ, ਤਦ ਪ੍ਰਕਿਰਤੀ ਜਾਂ ਈਸ਼ਵਰ ਦੁਆਰਾ ਸਮਾਜਿਕ ਅਸਮਾਨਤਾਵਾਂ ਸਥਾਪਿਤ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਜੇਕਰ ਉਹ ਇਸ ਤਰਾਂ ਨਾਲ ਸਥਾਪਿਤ ਨਹੀਂ ਹੈ, ਤਦ ਉਹ ਪਰਿਵਰਤਨਸ਼ੀਲ ਹੈ ਅਤੇ ਅੱਜ ਦਾ ਅਤਿ ਸੁਵਿਧਾ ਪ੍ਰਾਪਤ ਆਉਣ ਵਾਲੇ ਕੱਲ ਦਾ ਬਹਿਸ਼ਕਾਰ ਵਿਅਕਤੀ ਹੋ ਸਕਦਾ ਹੈ, ਇਹ ਵੀ ਸੰਭਵ ਹੋ ਸਕਦਾ ਹੈ ਕਿ ਅਸਮਾਨਤਾਵਾਂ ਸਮਾਪਤ ਹੋ ਜਾਣ।" ਮਨੁੱਖਾਂ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਜੜ੍ਹ ਇੱਕ ਐਸਾ

ਨੋਟ

ਦਰਸ਼ਨ ਵਿੱਚ ਪਾਈ ਜਾਂਦੀ ਹੈ। ਇਸ ਲਈ ਡੇਰੇਨਡਾਰਫ ਦੇ ਅਨੁਸਾਰ ਸਮਾਜਿਕ ਵੰਡ ਸਮਾਨ ਉਪਯੋਗਤਾ 'ਤੇ ਹੀ ਨਿਰਭਰ ਹੋ ਸਕਦੇ ਹਨ ।

ਡੇਰੇਨਡਾਰਫ ਨੇ ਨਿਮਨ ਪ੍ਰਸ਼ਨ ਵੀ ਪੇਸ਼ ਕੀਤੇ ਹਨ :–

1) ਜੇਕਰ ਮਨੁੱਖ ਪ੍ਰਕਿਰਤੀ ਨਾਲ ਸ਼੍ਰੇਣੀ ਸਮਾਨ ਹੈ ਤਾਂ ਸਮਾਜਿਕ ਅਸਮਾਨਤਾਵਾਂ ਕਿੱਥੋਂ ਪੈਦਾ ਹੁੰਦੀ ਹੈ ?

2) ਜੇਕਰ ਸਭ ਮਨੁੱਖ ਸਵਤੰਤਰ ਅਤੇ ਅਧਿਕਾਰਾਂ ਵਿੱਚ ਜਨਮ ਤੋਂ ਸਮਾਨ ਹੈ। ਤਦ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਕੁੱਝ ਅਮੀਰ ਹਨ ਅਤੇ ਬਾਕੀ ਗਰੀਬ ਹਨ, ਕੁੱਝ ਦਾ ਆਦਰ ਹੁੰਦਾ ਹੈ ਅਤੇ ਦੂਸਰੇ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਕੁੱਝ ਸ਼ਕਤੀਮਾਨ ਹਨ ਤੇ ਬਾਕੀ ਨੌਂਕਰੀ ਵਿੱਚ ਹਨ ?

ਇਹ ਸਪੱਸ਼ਟ ਹੈ ਕਿ ਅਸਮਾਨਤਾ ਦੀ ਮੂਲ ਅਵਸਥਾ ਦੀ ਮਾਨਤਾ ਅਤੇ ਅਸਮਾਨਤਾ ਦੀ ਉਤਪਤੀ ਦਾ ਕਾਰਨ ਸੰਪਤੀ ਦੇ ਰੂਪ ਵਿੱਚ ਅੱਜ ਤੱਕ ਬਿਨਾਂ ਚੁਨੌਤੀ ਦੇ ਰਹੇ ਹਨ। ਸਿਧਾਂਤਕ ਦ੍ਰਿਸ਼ਟੀ ਤੋਂ ਇੱਕ ਸਮਾਜ ਨੂੰ ਨਿੱਜੀ ਸੰਪਤੀਹੀਨ ਸਮਝ ਸਕਦੇ ਹਨ, ਲੇਕਿਨ ਵਾਸਤਵਿਕਤਾ ਵਿੱਚ ਇੱਥੋਂ ਤੱਕ ਕਿ ਪੂਰਵ ਸੋਬੀਅਤ ਸੰਘ, ਪੂਰਵੀ ਯੂਰਪ ਦੇ ਦੇਸ਼ ਅਤੇ ਅੱਜ ਦਾ ਚੀਨ ਦੇਸ਼ ਧਨ ਅਤੇ ਆਮਦਨ ਦੇ ਅੰਤਰਾਂ ਨੂੰ ਸਵੀਕਾਰ ਕਰਦੇ ਹਨ। ਅੰਤ ਉੱਕੇ ਵੀ ਸਮਾਜਿਕ ਅਸਮਾਨਤਾ ਹੈ । ਮਿਹਨਤ ਦੀ ਵੰਡ ਦੇ ਆਧਾਰ 'ਤੇ ਵਪਾਰ ਅਤੇ ਆਮਦਨ ਵਿੱਚ ਅੰਤਰ ਪਾਏ ਜਾਂਦੇ ਹਨ। ਇਹ ਵਰਗ ਨਿਰਮਾਣ ਅਰਥਾਤ ਸ਼੍ਰੇਣੀ ਦੀ ਅਸਮਾਨਤਾ ਦਾ ਵੀ ਅਧਾਰ ਹੈ। ਕਿਉਂਕਿ ਵਪਾਰ ਵੰਡਿਆ ਹੋਇਆ ਹੈ, ਇਸ ਲਈ ਸਮਾਜਿਕ ਵਰਗਾਂ ਅਤੇ ਅਹੁਦਾ/ਸਥਾਨਾਂ ਦਾ ਉੱਭਰਨਾ ਇੱਕ ਜ਼ਰੂਰੀ ਨਤੀਜਾ ਹੈ ।

### 2.2.2 ਸਮਾਜਿਕ ਅਸਮਾਨਤਾ ਦੀ ਸਰਵ ਵਿਆਪਕਤਾ

ਫਾਲਕਟ ਪਾਰਸੰਸ, ਕਿੰਗਸਲੇ ਡੇਵਿਸ, ਡਬਲਿਯੂ.ਈ. ਮੂਰ ਅਤੇ ਹੋਰ ਵਿਦਵਾਨਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਅਸਮਾਨਤਾ ਸਾਰੇ ਮਨੁੱਖੀ ਸਮਾਜਾਂ ਵਿੱਚ ਮੌਜੂਦ ਹੈ ਅਤੇ ਉਹਨਾਂ ਨਾਲ ਵਿਵਹਾਰ ਦਾ ਇੱਕ ਸ਼ਾਨੋ–ਸ਼ੌਕਤ ਪੁੰਜ ਅਤੇ ਅਣਮਿਆਰਾਂ ਜੁੜੇ ਹੋਏ ਹਨ। ਇੱਕ ਵਿਸਥਾਰ ਪੂਰਵਕ ਅਰਥ ਵਿੱਚ ਕਾਨੂੰਨ ਸੱਭ ਮਿਆਰਾਂ ਅਤੇ ਅਣਮਿਆਰਾਂ ਦੀ ਅਗਵਾਈ ਕਰਦਾ ਹੈ। ਅਤੇ ਇਸ ਤਰ੍ਹਾਂ ਕਾਨੂੰਨ ਸਮਾਜਿਕ ਅਸਮਾਨਤਾ ਦੀ ਇੱਕ ਜ਼ਰੂਰੀ ਅਤੇ ਪ੍ਰਾਪਤ ਸ਼ਰਤ ਜਾਂ ਅਵਸਥਾ ਹੈ, "ਕਿਉਂਕਿ ਕਾਨੂੰਨ ਹੈ ਤਾਂ ਲੋਕਾਂ ਵਿੱਚ ਅਸਮਾਨਤਾ ਵੀ ਹੋਣੀ ਚਾਹੀਦੀ ਹੈ।"

ਕਾਨੂੰਨ ਦੀ ਨਜ਼ਰ ਵਿੱਚ ਸੱਭ ਮਨੁੱਖ ਬਰਾਬਰ ਹੋ ਸਕਦੇ ਹਨ, ਪਰੰਤੂ ਇਸਦੇ ਬਾਅਦ ਉਹ ਜ਼ਿਆਦਾ ਸਮੇਂ ਤੱਕ ਬਰਾਬਰ ਨਹੀਂ ਰਹਿ ਸਕਦੇ। ਦੂਜੇ ਸ਼ਬਦਾਂ ਵਿੱਚ, ਮਿਆਰਾਂ ਅਤੇ ਅਣ–ਮਿਆਰਾਂ ਅਰਥਾਤ ਕਾਨੂੰਨ ਲੋਕਾਂ ਨੂੰ ਅਸਮਾਨ ਬਣਾਉਂਦੇ ਹਨ, ਇੱਥੇ ਦੋ ਬਿੰਦੂਆਂ ਨੂੰ ਜਾਣਨਾ ਚਾਹੀਦਾ ਹੈ–(1) ਹਰ ਇੱਕ ਸਮਾਜ ਇੱਕ ਨੈਤਿਕ ਸਮੂਹ ਹੈ, ਅਤੇ ਇਸ ਲਈ ਮਿਆਰਾਂ ਨੂੰ ਮੰਨਣਾ ਪੈਂਦਾ ਹੈ ਤਾਂ ਕਿ ਸਮਾਜ ਦੇ ਮੈਬਰਾਂ ਦਾ ਆਚਰਣ ਨਿਯੰਤ੍ਰਿਤ ਕੀਤਾ ਜਾ ਸਕੇ, ਅਤੇ (2) ਇਹਨਾਂ ਮਿਆਰਾਂ ਨੂੰ ਲਾਗੂ ਕਰਨ ਦੇ ਲਈ ਵੈਦਤਾ ਜਾਂ ਮਾਨਤਾ (ਅਣਮਿਆਰਾਂ) ਦੀ ਜ਼ਰੂਰਤ ਹੁੰਦੀ ਹੈ, ਤਾਂ ਕਿ ਉਹਨਾਂ ਦੇ ਪਾਲਣ ਕਰਨ ਵਾਲੇ ਨੂੰ ਇਨਾਮ ਅਤੇ ਅਪਰਾਧੀਆਂ ਨੂੰ ਸਜ਼ਾ ਦਿੱਤੀ ਜਾ ਸਕੇ ।

ਸਪੱਸਟ : ਇਹ ਇੱਕ ਵਿਵਹਾਰਕ ਦ੍ਰਿਸ਼ਟੀਕੋਣ ਹੈ ਅਤੇ ਇਸਦਾ ਅਸੀਂ ਸਮਾਜਿਕ ਦਰਜ਼ਾਬੰਦੀ ਦੇ ਅਧਿਐਨ ਨਿਕਟਤਾ 'ਤੇ ਵਿਚਾਰ ਕਰਦੇ ਸਮੇਂ ਵਿਸ਼ਲੇਸ਼ਣ ਕਰਾਂਗੇ।

ਜਦਕਿ ਡੇਰੇਨਡਾਰਟ ਕਾਫ਼ੀ ਹੱਦ ਤੱਕ ਪ੍ਰਕਿਰਿਆਵਾਦੀ ਦਾ ਸਮਰਥਨ ਕਰਦੇ ਹੋਏ ਦਿਖਾਈ ਦਿੰਦੇ ਹਨ, ਪਰੰਤੂ ਉਹਨਾਂ ਦੁਆਰਾ ਜਿਗਿਆਸਾਪੂਰਨ ਨਿਮਨ ਪ੍ਰਸ਼ਨ ਪਾਰਸੰਸ, ਡੇਵਿਸ ਅਤੇ ਮੂਰ ਦੇ ਨਿਕਟਤਾ ਆਲਚੋਨਾਤਮਕ ਮੁਲਾਂਕਣ ਦੇ ਲਈ ਬਹੁਤ ਉਪਯੋਗੀ ਹੈ :

1. ਸਮਾਜਿਕ ਵਿਵਹਾਰ ਨੂੰ ਨਿਯੰਤ੍ਰਿਤ ਕਰਨ ਦੇ ਲਈ ਕਿੱਥੋਂ ਆਉਂਦੇ ਹਨ ?
2. ਇਤਿਹਾਸਕ ਸਮਾਜਾਂ ਵਿੱਚ ਕਿੰਨ੍ਹਾਂ ਪਰਿਸਥਿਤੀਆਂ ਵਿੱਚ ਇਹ ਮਿਆਰ ਤਬਦੀਲ ਹੁੰਦੇ ਹਨ ?
3. ਅਣਮਿਆਰਾਂ ਦੁਆਰਾ ਉਹਨਾਂ ਦਾ ਜ਼ਰੂਰੀ ਸਵਰੂਪ ਕਿਉਂ ਲਾਗੂ ਹੋਣਾ ਚਾਹੀਦੇ ?
4. ਕੀ ਅਸਲੀਅਤ ਵਿੱਚ ਸਭ ਇਤਿਹਾਸਕ ਸਮਾਜਾਂ ਵਿੱਚ ਇੱਕੋ ਜਿਹੀ ਅਵਸਥਾ ਹੈ।

ਡੇਰੇਨਡਰਾਫ ਦਾ ਦਾਅਵਾ ਹੈ ਕਿ ਇਹੋ ਜਿਹੇ ਪ੍ਰਸ਼ਨਾਂ ਵਿੱਚ ਅਸਮਾਨਤਾ ਦੀ ਕਠੋਰਤਾ ਕਮਜ਼ੋਰ ਹੁੰਦੀ ਹੈ, ਪਰ ਡੇਰੇਨਡਰਾਫ ਦਾ ਵਿਆਖਿਆ ਹੈ ਕਿ 'ਸਮਾਜਿਕ ਅਸਮਾਨਤਾ ਦੀ ਉਤਪਤੀ ਨਾ ਤਾਂ ਕੁਦਰਤੀ ਮਨੁੱਖੀ ਸੁਭਾਅ (ਪ੍ਰਕਿਰਤੀ) ਵਿੱਚ ਹੈ ਅਤੇ ਨਾ ਹੀ

ਨੋਟ

ਨਿੱਜੀ ਸੰਪਤੀ ਦੀ ਇਤਿਹਾਸਕ ਦ੍ਰਿਸ਼ਟੀ ਨਾਲ ਸ਼ੱਕ ਵਿੱਚ ਹੈ, ਬਲਕਿ ਸੱਭ ਮਨੁੱਖੀ ਸਮਾਜਾਂ ਵਿੱਚ ਕੁੱਝ ਖ਼ਾਸ ਵਿਸ਼ੇਸ਼ਤਾਵਾਂ 'ਚ ਅਸਮਾਨਤਾ ਦੀ ਉਤਪਤੀ ਪਾਈ ਜਾਂਦੀ ਹੈ, ਜੋ ਵਿਸ਼ੇਸ਼ਤਾਵਾਂ ਉਹਨਾਂ ਦੇ ਲਈ (ਜਾਂ ਅਜਿਹੀ ਦੇਖੀ ਜਾ ਸਕਦੀ ਹੈ) ਜ਼ਰੂਰੀ ਹਨ। ਮਿਹਨਤ ਵੰਡ ਦੇ ਸੰਦਰਭ ਵਿੱਚ ਸਮਾਜਿਕ ਅਹੁਦਾ/ਸਥਾਨਾਂ 'ਤੇ ਅਧਾਰਿਤ ਸ਼੍ਰੇਣਿਆਂ ਜਾਂ ਭੂਮਿਕਾਵਾਂ ਦੀ ਅਧਿਕਤਾ ਸੱਭ ਸਮਾਜਾਂ ਦਾ ਸਰਵ ਵਿਆਪਕ ਲੱਛਣ ਹੈ, ਪਰੰਤੂ ਮਾਨ ਅਤੇ ਆਮਦਨ ਦੇ ਪੈਮਾਨੇ 'ਤੇ ਅਧਾਰਿਤ ਸ਼੍ਰੇਣਿਆਂ ਜਾਂ ਸਮਾਜਿਕ ਅਹੁਦਾ/ਸਥਾਨਾਂ ਦਾ ਮੁੱਲਕਾਰੀ ਬਟਵਾਰਾ ਸਮਾਨ ਅੰਤਰ ਰੂਪ ਵਿੱਚ ਸਰਵਵਿਆਪਕ ਅੰਤ ਜ਼ਰੂਰ ਨਹੀਂ ਹੈ ।

ਡੇਰੇਨਡਰਾਫ ਦੇ ਅਨੁਸਾਰ, ਸਮਾਜਿਕ ਦਰਜ਼ਾਬੰਦੀ ਸਾਡੇ ਪ੍ਰਤੀਦਿਨ ਦੇ ਜੀਵਨ ਵਿੱਚ ਇੱਕ ਬਹੁਤ ਵਾਸਤਵਿਕ ਤੱਤ ਹੈ। ਇਹ ਵੰਡ ਵਿਵਸਥਾ ਦੀ ਇੱਕ ਵਿਵਸਥਾ ਹੈ, ਭਾਵ ਵੰਛਿਤ ਅਤੇ ਦੁਰਲਭ ਵਸਤੂਆਂ ਦੇ ਵੰਡ ਬਟਵਾਰਾ ਦੀ ਵਿਵਸਥਾ ਹੈ। ਸਨਮਾਨ ਅਤੇ ਦੌਲਤ ਦੇ ਇਲਾਵਾ ਸ਼ਾਨੋਂ-ਸ਼ੌਕਤ ਅਤੇ ਆਮਦਨ, ਵੈਧਸ਼ਕਤੀ, ਰਾਖਵਾਂਕਰਨ ਜਾਂ ਸ਼ਕਤੀ ਦਾ ਬਟਵਾਰਾ, ਕੰਮਾਂ ਜਾਂ ਗੁਣਾਂ (ਵਿਸ਼ੇਸ਼ਤਾਵਾਂ) ਨੂੰ ਇਨਾਮ (ਫਲਸਰੂਪ) ਦੇ ਰੂਪ ਵਿੱਚ ਵੰਡ ਸ਼੍ਰੇਣੀਆਂ ਦੀਆਂ ਕਸੌਟੀਆਂ ਮੰਨਿਆ ਜਾ ਸਕਦਾ ਹੈ । ਵੇਬਰ ਦੇ ਦੁਆਰਾ ਕੀਤੇ ਗਏ ਸ਼ਕਤੀ ਅਤੇ ਸੱਤਾ ਦੇ ਵਿੱਚ ਅੰਤਰ ਨੂੰ ਮੰਨਦੇ ਹੋਏ ਡੇਰੇਨਡਰਾਫ ਦਾ ਮਤ ਹੈ ਕਿ ਸਮਾਜਿਕ ਦਰਜ਼ਾਬੰਦੀ ਦੇ ਢਾਂਚੇ ਤਾਰਕਿਕ ਦ੍ਰਿਸ਼ਟੀ ਨਾਲ ਸ਼ਕਤੀ ਅਤੇ ਸ਼ਕਤੀ ਰਚਨਾਵਾਂ ਤੋਂ ਪਹਿਲਾਂ ਪਾਏ ਜਾਂਦੇ ਹਨ। ਇਸ ਪ੍ਰਕਾਰ ਅਸਮਾਨਤਾ ਦਾ ਸਪੱਸ਼ਟੀਕਰਨ ਸ਼ਕਤੀ ਰਚਨਾਵਾਂ ਵਿੱਚ ਸਥਿਤ ਹੈ। ਦੂਜੇ ਸਬਦਾਂ ਵਿੱਚ, ਸਮਾਜਿਕ ਅਸਮਾਨਤਾ ਦੀ ਵਿਆਖਿਆ ਵਿੱਚ ਮਿਆਰਾਂ ਅਤੇ ਸ਼ਕਤੀ ਨੇੜੇ ਤੋਂ ਸੰਬੰਧਿਤ ਘਟਨਾਵਾਂ ਹਨ। ਅਸਮਾਨਤਾ ਇੱਕ ਵਾਸਤਵਿਕਤਾ ਹੈ। ਪੂਰਨ ਸਮਾਜਵਾਦੀ ਸਮਾਜ ਦਾ ਵਿਚਾਰ ਅਵਾਸਤਵਿਕ 'ਤੇ ਭਿਆਨਕ ਜਾਂ ਡਰਾਉਣਾ ਹੈ ।

ਡਬਲਿਯੂ. ਜੀ ਰੂਨਸੀਮੈਨ ਨੇ ਵੀ ਪ੍ਰਸ਼ਨ ਪੁੱਛਿਆ-"ਸਮਾਜਿਕ ਅਸਮਾਨਤਾ ਦਾ ਸਹੀ ਅਰਥ ਕੀ ਹੋਣਾ ਚਾਹੀਦਾ ?" ਇਸ ਪ੍ਰਸ਼ਨ ਦਾ ਸਪੱਸ਼ਟ ਉੱਤਰ ਇਹ ਹੈ ਕਿ ਹਰ ਸਥਾਨ ਸਭ ਸਮਾਜਾਂ ਵਿੱਚ ਅਮੀਰ ਅਤੇ ਗਰੀਬ ਲੋਕ ਪਾਏ ਗਏ ਹਨ, ਇਸ ਤਰ੍ਹਾਂ ਹਰ ਸਮਾਜ ਵਿੱਚ ਬਲਵਾਨ ਅਤੇ ਕਮਜੋਰ ਲੋਕ ਪਾਏ ਜਾਂਦੇ ਹਨ। ਹਰ ਯੁੱਗ ਵਿੱਚ ਅਸਮਾਨਤਾ ਇੱਕ ਭਖਦਾ ਹੋਇਆ ਮੁੱਦਾ ਰਹੀ ਹੈ ਅਤੇ ਇਸਦੀ ਗਹਿਰਾਈ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਰੂਨਸੀਮੈਨ ਦੀ ਦ੍ਰਿਸ਼ਟੀ ਵਿੱਚ, ਸਮਾਜਿਕ ਅਸਮਾਨਤਾਵਾਂ ਭਿੰਨ-ਭਿੰਨ ਪ੍ਰਕਾਰ ਦੀਆਂ ਅਤੇ ਗੁੰਝਲਦਾਰ ਹਨ। ਰੁਨਸੀਮੈਨ ਨੇ ਲਿਖਿਆ ਹੈ, "ਜੇਕਰ ਕਿਸੇ ਪ੍ਰਕਾਰ ਦੀਆਂ ਸਮਾਜਿਕ ਅਸਮਾਨਤਾਵਾਂ ਦਾ ਮੁਲਾਂਕਣ ਕਰਨਾ ਜਾਂ ਸਮਝਣਾ ਹੈ ਤਾਂ ਸਭ ਤੋਂ ਪਹਿਲਾਂ ਅਲਗ-ਅਲਗ ਆਯਾਮਾਂ ਦੀ ਸੰਖਿਆ ਦੇ ਸੰਦਰਭ ਦੁਆਰਾ ਉਹਨਾਂ ਨੂੰ ਵੰਡਣਾ ਚਾਹੀਦਾ, ਜਿਸ ਵਿੱਚ ਸਮਾਜਾਂ ਦੇ ਮੈਬਰਾਂ ਨੂੰ ਸਮੂਹਿਕ ਰੂਪ ਵਿੱਚ ਇੱਕ ਦੂਸਰੇ ਦੇ ਉੱਪਰ ਜਾਂ ਨੀਚੇ ਸ਼੍ਰੇਣੀਵਧ ਕੀਤਾ ਗਿਆ ਹੈ। ਸਮਾਜਿਕ, ਦਰਜ਼ਾਬੰਦੀ ਨੂੰ ਇਸ ਪ੍ਰਕਾਰ ਦੇ ਅਰਥ (ਪਰਿਭਾਸ਼ਾ) ਦੇਣ ਦੀ ਲੋੜ ਹੈ।" ਸਮਾਜਿਕ ਅਸਮਾਨਤਾ ਦੀ ਅਜਿਹੀ ਪਰਿਭਾਸ਼ਾ 'ਤੇ ਅਧਾਰਿਤ ਅਤੇ ਵੈਬਰ ਦੀ ਤ੍ਰਿਕੋਣੀ ਵਰਗ ਰੁਤਬਾ ਅਤੇ ਦਲ (ਪਾਰਟੀ) 'ਤੇ ਸਹਿਮਤੀ ਰੱਖਦੇ ਹੋਏ, ਰੁਸਨੀਮੈਨ ਵਰਗ ਰੁਤਬਾ ਅਤੇ ਸ਼ਕਤੀ ਨੂੰ ਸਮਾਜਿਕ ਅਸਮਾਨਤਾ ਦਰਜ਼ਾਬੰਦੀ ਦੇ ਤਿੰਨ ਮਹੱਤਵਪੂਰਨ ਆਯਾਮ ਮੰਨਦੇ ਹਨ । ਅਸੀਂ ਵੈਬਰ ਦੇ ਨਿਕਟਤਾ ਵਿਚਾਰ 'ਤੇ ਚਰਚਾ ਵਿੱਚ ਇਸ ਵਰਗੀਗਰਣ ਦੀ ਵਿਆਖਿਆ ਕਰਾਂਗੇ।

## 2.3 ਪੌੜੀ-ਦਰ-ਪੌੜੀ (ਦੇਵ-ਸ਼੍ਰੇਣੀ) ਸਿਧਾਂਤ (Hierarchy)

ਸਮਾਨਤਾ, ਪੌੜੀ-ਦਰ-ਪੌੜੀ ਸਿਧਾਂਤ ਸ਼ਬਦ ਦਾ ਉਪਯੋਗੀ ਸਮਾਜਿਕ ਇਕਾਈਆਂ ਨੂੰ ਸ਼੍ਰੇਸ਼ਠ ਅਤੇ ਕਮਜ਼ੋਰ ਜਾਂ ਉੱਚ ਅਤੇ ਨਿਮਨ ਦੇ ਰੂਪ ਵਿੱਚ ਸੰਗਠਿਤ ਕਰਨ ਦੇ ਲਈ ਕੀਤਾ ਜਾਂਦਾ ਹੈ। ਨਸਲ ਅਤੇ ਜਾਤੀ ਪ੍ਰਕਿਰਤਿਕ (ਸੁਭਾਵਿਕ) ਸਮਝੇ ਜਾਂਦੇ ਹਨ, ਕਿਉਂਕਿ ਦੋਹਾਂ ਵਿੱਚ ਨਾ-ਪਰਿਵਰਤਨ ਹੋਣ ਵਾਲਾ (ਸਥਿਰ) ਪੁਸ਼ਤੈਨੀ ਮੈਂਬਰਸਿਪ ਤੇ ਅਧਾਰਿਤ, ਅੰਤਰ ਸੰਬੰਧਿਤ ਸਮੂਹਾਂ ਨੂੰ ਵਿਵਸਥਿਤ ਕੀਤਾ ਜਾਂਦਾ ਹੈ। ਅੰਤਰ ਵਿਆਹ ਦੇ ਅਧਾਰ 'ਤੇ ਜਾਤੀ ਅਤੇ ਨਸਲ ਦੋਨਾਂ ਦੀ ਕਾਰਜ ਪ੍ਰਣਾਲੀ ਵੀ ਇੱਕ ਸਮਾਨ ਨਹੀਂ ਹੈ। ਪੌੜੀ-ਦਰ-ਪੌੜੀ ਸਿਧਾਂਤ ਵਿੱਚ ਦਰਜ਼ਾਬੰਦੀ ਜਾਂ ਵਿਵਸਥਾਪਨ ਦੇ ਸਿਧਾਂਤ ਦੇ ਰੂਪ ਵਿੱਚ ਦਰਜਾਬੰਦੀ, ਵੰਡ ਵਰਗ ਅਤੇ ਸ਼ਕਤੀ ਵਰਗ ਸਬਦਾਂ ਦੀ ਤੁਲਨਾ ਵਿੱਚ ਕਿਤੇ ਜ਼ਿਆਦਾ ਕਠੋਰਤਾ ਅਤੇ ਸਥਿਰਤਾ ਹੁੰਦੀ ਹੈ ।

### ਪੌੜੀ-ਦਰ-ਪੌੜੀ ਸਿਧਾਂਤ ਬਾਰੇ ਵਿੱਚ ਲੂਈ ਡਰੂਮਾ ਦਾ ਦ੍ਰਿਸ਼ਟੀਕੋਣ

ਪੌੜੀ-ਦਰ-ਪੌੜੀ ਸਿਧਾਂਤ ਦੇ ਬਾਰੇ ਵਿੱਚ ਲੂਈ ਡਰੂਮਾ ਦਾ ਦ੍ਰਿਸ਼ਟੀਕੋਣ ਪ੍ਰਸਿੱਧ ਫਰਾਂਸੀਸੀ ਸਮਾਜਸ਼ਾਸ਼ਤਰੀ ਲੂਈ ਡਰੂਮਾ ਨੇ ਭਾਰਤ ਦੀ ਜਾਤ ਵਿਵਸਥਾ ਦੀ ਦਰਜ਼ਾਬੰਦੀ ਨੂੰ ਸਖ਼ਤ ਅਤੇ ਸਥਿਤਰ ਵਿਵਸਥਾ ਦੱਸਦੇ ਹੋਏ ਪੌੜੀ-ਦਰ-ਪੌੜੀ ਸਿਧਾਂਤ ਦੀ ਧਾਰਨਾ ਨੂੰ

ਨੋਟ

ਬਹੁਤ ਵਧਾ–ਚੜ੍ਹਾ ਕੇ ਪੇਸ਼ ਕੀਤਾ ਹੈ। ਡਰੂਮਾ ਦੀ ਬਹੁਤ ਪ੍ਰਸਿੱਧ ਕਿਤਾਬ–'ਹੋਮੋ ਹੇਰਾਕ੍ਰਿਕਸ', ਸ਼ਾਬਦਿਕ ਅਰਥਾਂ ਵਿੱਚ, 'ਹਾਮੋ ਇਕਵਾਲਿਸ' ਦੇ ਉਲਟ ਹੈ । ਦੂਜੇ ਸਬਦਾਂ ਵਿੱਚ 'ਪੌੜੀ–ਦਰ–ਪੌੜੀ ਸਿਧਾਂਤ' ਦੁਆਰਾ ਭਾਰਤ ਨੂੰ ਦੇਖਿਆ ਜਾਂਦਾ ਹੈ ਅਤੇ ਫਰਾਂਸ (ਜਾਂ ਯਰੂਪ) ਨੂੰ 'ਸਮਾਨਤਾ' ਦੀ ਅੱਖ ਨਾਲ ਦੇਖਿਆ ਜਾਂਦਾ ਹੈ। ਡਰੂਮਾ ਦੇ ਲਈ ਜਾਤ ਵਿਵਸਥਾ ਇੱਕ ਖ਼ਾਸ ਪ੍ਰਕਾਰ ਦੀ ਅਸਮਾਨਤਾ ਦੀ ਅਗਵਾਈ ਕਰਦੀ ਹੈ, ਜਿਸ ਨੂੰ ਵਿਚਾਰਾਂ ਅਤੇ ਮੁੱਲਾਂ ਦੁਆਰਾ ਸਮਝਿਆ ਜਾਂਦਾ ਹੈ। ਡਰੂਮਾ ਦੀ ਜਾਤ ਵਿਵਸਥਾ ਦੀ ਵਿਆਖਿਆ ਦਾ ਮੁੱਖ ਬਿੰਦੂ ਪਵਿਤਰ ਅਤੇ ਅਪਵਿਤਰ (ਦੋ ਤਰਫ਼ਾ ਵਿਰੋਧ) ਦੇ ਵਿੱਚ ਬੁਨਿਆਦੀ ਵਿਰੋਧ ਹੈ, ਪਰੰਤੂ ਵਿਰੋਧ ਨਹੀਂ ਹੈ। ਕਿਉਂਕਿ ਪਵਿਤਰ ਵਿੱਚ ਅਪਵਿਤਰ ਸ਼ਾਮਿਲ ਹੈ ਅਤੇ ਦੋਨੋਂ ਇੱਕ ਸਾਥ ਜਾਤ ਵਿਵਸਥਾ ਦੀਆਂ ਜੈਵਿਕ ਕੜੀਆਂ ਹਨ।

ਡਰੂਮਾ ਦੇ ਹੋਮੋ ਹੇਰਾਕ੍ਰਿਕਸ ਤੋਂ ਪਹਿਲਾਂ ਵੀ ਸੀ. ਬੁਗਲੀ ਨੇ ਜਾਤੀ ਵਿਵਸਥਾ ਨੂੰ ਪੌੜੀ–ਦਰ–ਪੌੜੀ ਸਿਧਾਂਤ ਵਿੱਚ ਵਿਵਸਥਿਤ ਖਾਨਦਾਨੀ ਸਮੂਹਾਂ, ਏਕਾਂਤ ਅਤੇ ਅੰਤਰ ਨਿਰਭਰਤਾ ਦੇ ਸੰਦਰਭ ਵਿੱਚ ਪਰਿਭਾਸ਼ਿਤ ਕੀਤੇ ਹਨ। ਅਸਲ ਵਿੱਚ ਵਿਵੇਕਤਾ, ਏਕਾਂਤ, ਉੱਪਰ ਨੀਚੇ ਦੀ ਜਾਤ ਵਿਵਸਥਾ ਅਤੇ ਅੰਤਰ ਨਿਰਭਰਤਾ ਦੀ ਜਾਤ ਪੌੜੀ–ਦਰ–ਪੌੜੀ ਦੇ ਸਿਧਾਂਤ ਅਤੇ ਅਭਿਆਸ (ਵਿਉਹਾਰ) ਦੇ ਤੱਤਾਂ ਦੇ ਰੂਪ ਵਿੱਚ ਇੱਕ ਸਾਥ ਦੇਖਿਆ ਜਾ ਸਕਦਾ ਹੈ। ਇਸ ਤਰਾਂ ਜਾਤ ਪੌੜੀ–ਦਰ–ਪੌੜੀ ਸਿਧਾਂਤ ਵਿੱਚ ਪਵਿਤਰਤਾ ਅਤੇ ਅਪਵਿਤਰਤਾ ਦੇ ਵਿੱਚ ਵਿਰੋਧ ਦੇ ਸਿਧਾਂਤ ਦੇ ਨਾਲ, ਪਰੰਪਰਿਕ ਤੌਰ 'ਤੇ ਸਿਧਾਂਤ ਪਾਏ ਜਾਂਦੇ ਹਨ। ਪਰ ਸਮੱਸਿਆ ਤਦ ਪੈਦਾ ਹੁੰਦੀ ਹੈ, ਜਦ ਡਰੂਮਾ ਇਸ ਨੂੰ (ਪਵਿਤਰਤਾ ਅਤੇ ਅਪਵਿਤਰਤਾ ਦੀ ਵੰਡ ਦਾ) 'ਇੱਕ ਇੱਕਲਾ ਸੱਚਾ ਸਿਧਾਂਤ' ਮੰਨਦੇ ਹਨ। ਇਹ ਵਿਰੋਧ ਡਰੂਮਾ ਦੇ ਅਨੁਸਾਰ ਪੁਰਸ਼ਾਂ ਅਤੇ ਇਸਤਰੀਆਂ, ਰੋਟੀ ਅਤੇ ਕੱਪੜੇ, ਵਪਾਰ ਅਤੇ ਮਿਹਨਤ ਵੰਡ ਆਦਿ ਦੇ ਵਿਸ਼ੇਸ਼ ਲੱਛਣ ਹਨ। ਹੁਣ ਪ੍ਰਸ਼ਨ ਇਹ ਹੈ ਕਿ ਕਿਸ ਸੀਮਾ ਤੱਕ ਇਤਿਹਾਸਕ ਦ੍ਰਿਸ਼ਟੀ ਨਾਲ ਅਤੇ ਅੱਜ ਦੇ ਵਿੱਚ ਪਵਿੱਤਰ ਅਤੇ ਅਪਵਿੱਤਰ ਦੇ ਵਿੱਚ ਵਿਰੋਧ ਦਾ ਸਿਧਾਂਤ ਭਾਰਤੀ ਸਮਾਜ ਵਿੱਚ ਪਾਇਆ ਜਾਂਦਾ ਹੈ ।

ਕ੍ਰਿਸ ਸਮਾਜੇ ਨੇ ਪੌੜੀ–ਦਰ–ਪੌੜੀ ਸਿਧਾਂਤ ਦੀ ਧਾਰਨਾ ਨੂੰ ਸਪੱਸ਼ਟ ਰੂਪ ਵਿੱਚ ਪੇਸ਼ ਕੀਤਾ ਹੈ। ਸਮਾਜੇ ਨੇ 'ਸ਼੍ਰੇਣੀਕਾਰੀ ਪੌੜੀ–ਦਰ–ਪੌੜੀ ਸਿਧਾਂਤਾਂ' ਅਤੇ 'ਸੰਘ ਪੌੜੀ–ਦਰ–ਪੌੜੀ ਸਿਧਾਂਤ' ਦਾ ਉਲੇਖ ਕੀਤਾ ਹੈ। ਪਹਿਲੇ ਦਾ ਅਰਥ ਹੈ ਇੱਕੋ ਬਹਿਸ ਦੀ ਸਮੁੱਚਤਾ ਕੁੱਲ ਦੋ ਜਾਂ ਦੋ ਤੋਂ ਵੱਧ ਭਿੰਨ ਵਰਗਾਂ ਵਿੱਚ ਉੱਚ ਅਤੇ ਨਿਮਨ ਇਕਾਈਆਂ ਵਿੱਚ ਵੰਡੇ ਹਨ । ਇਸ ਤਰਾਂ ਇਹ 'ਸਕਰਮਕ ਪੌੜੀ–ਦਰ–ਪੌੜੀ ਸਿਧਾਂਤ' ਹੁੰਦਾ ਹੈ। ਮੋਟੇ ਤੌਰ 'ਤੇ ਅਜਿਹੀ ਯੋਜਨਾ ਨਸਲ ਦੇਵ ਸ਼੍ਰੇਣੀ, ਇਸਤਰੀ ਭੇਦ ਅਤੇ ਵਰਗ ਅਸਮਾਨਤਾ ਦੀ ਯੂਰੋ–ਅਮੇਰੀਕਨ ਵਿਚਾਰਧਾਰਾਵਾਂ 'ਤੇ ਲਾਗੂ ਹੁੰਦੀ ਹੈ। ਦੂਸਰੀ ਯੋਜਨਾ ਦੇ ਅੰਤਰਗਤ ਸ਼੍ਰੇਣੀਵਾਦ ਇਕਾਈਆਂ ਬਹਿਸ ਦੀ ਨਾਲ ਅਸਤਿਤਵ ਵਿੱਚ ਰਹਿੰਦੀ ਹੈ, ਅਰਥਾਤ ਉੱਚ ਇਕਾਈ ਵਿੱਚ ਨਿਮਨ ਇਕਾਈ ਸਮਾਈ ਹੁੰਦੀ ਹੈ। ਪਵਿਤਰ ਅਤੇ ਅਪਵਿਤਰ ਦੀ ਇੱਕ ਪ੍ਰਕਾਰ ਨਾਲ 'ਏਕਤਾ' ਹੁੰਦੀ ਹੈ, ਉਦਾਹਰਨ ਦੇ ਲਈ ਭਾਰਤ ਦੀ ਜਾਤੀ ਵਿਵਸਥਾ ਵਿੱਚ ਇਕੋ ਜਿਹਾ ਹੀ ਹੁੰਦਾ ਹੈ। ਇੱਕ ਅਲਗ ਸੰਦਰਭ ਵਿੱਚ ਕਾਰਲ ਮਾਰਕਸ ਨੇ 'ਵਿਰੋਧੀਆਂ ਦੀ ਏਕਤਾ' ਦੇ ਬਾਰੇ ਵਿੱਚ ਕਿਹਾ ਹੈ। ਮਾਰਕਸ ਦੇ ਅਨੁਸਾਰ, ਪੂੰਜੀਪਤੀ ਅਤੇ ਮਿਹਨਤੀ ਵਰਗ ਉਦਯੋਗ ਵਿੱਚ ਇਕੱਠੇ ਕੰਮ ਕਰਦੇ ਹਨ। ਜਦਕਿ ਉਨ੍ਹਾਂ ਦਾ ਉਦੇਸ਼ ਅਤੇ ਕੰਮ ਭਿੰਨ ਹਨ ।

ਦੂਸਰੇ ਸੰਦਰਭ ਵਿੱਚ ਸਹਿ–ਅਸਤਿਤਵ ਜਾਂ ਵਿਰੋਧਤਾ ਉੱਚ ਸਤਾ ਦੀ ਇਕਾਈ ਵਿੱਚ ਸਮਾ ਜਾਂਦਾ ਹੈ। ਇਸ ਲਈ ਪੌੜੀ–ਦਰ–ਪੌੜੀ ਸਿਧਾਂਤ ਦੇ ਪੱਧਰ ਨੂੰ, ਜਿੱਥੇ ਉਹ ਸਥਿਤ ਹੈ, ਪਰਿਭਾਸ਼ਿਤ ਕਰਨਾ ਜ਼ਰੂਰੀ ਹੈ ।

ਇੱਥੇ ਅਸੀਂ ਕਲਾਡ ਲੈਵੀ–ਸਟਰਾਸ ਦੇ 'ਦੋਹਰੇ ਸੰਗਠਨਾਂ' ਦੇ ਵਿਚਾਰ ਦਾ ਉਲੇਖ ਕਰ ਸਕਦੇ ਹਾਂ। ਜਿਸਦੀ ਡਰੂਮਾ ਦੇ ਪੌੜੀ–ਦਰ–ਪੌੜੀ ਸਿਧਾਂਤ ਦੇ ਵਿਸ਼ੇਲਸ਼ਣ ਵਿੱਚ ਕੁੱਝ ਸਮਾਨਤਾ ਹੈ। ਮੋਟੇ ਤੌਰ 'ਤੇ ਸ਼੍ਰੇਣੀਕਰਨ ਦਾ ਪੌੜੀ–ਦਰ–ਪੌੜੀ ਸਿਧਾਂਤ ਲੇਵੀ ਸਟਰਾਸ 'ਰੇਖਾਕ੍ਰਿਤ' ਸੰਗਠਨ ਦੀ ਧਾਰਨਾ ਜਿਹਾ ਹੈ ਅਤੇ ਵਿਚਲਾ ਪੌੜੀ–ਦਰ–ਪੌੜੀ ਸਿਧਾਂਤ ਦੀ ਧਾਰਨਾ ਲੇਵੀ ਸਟਰਾਸ ਦੇ 'ਕੇਂਦਰੀ ਸੰਗਠਨ ਦੇ ਵਿਚਾਰ ਦੇ ਸਮਾਨ ਹੈ । ਰੇਖਾਕ੍ਰਿਤ ਰਚਨਾਵਾਂ ਵਿੱਚ ਅਸਮਾਨਤਾ ਦਿਖਾਈ ਦੇ ਸਕਦੀ ਹੈ, ਇੱਥੋਂ ਤੱਕ ਉਸਦੇ ਦੋ ਤੱਤ ਇੱਕ ਦੂਸਰੇ ਦੇ ਪੂਰਕ ਸਮਝੇ ਜਾਂਦੇ ਹਨ, ਪਰੰਤੂ ਉਹ ਸਮਾਨ ਨਹੀਂ ਹੁੰਦੇ ਹਨ। ਇਸਦੇ ਉਲਟ ਕੇਂਦਰੀ ਰਚਨਾਵਾਂ ਸਦਾ ਸਮਾਨ ਨਹੀਂ ਹੁੰਦੀ ਹੈ, ਕਿਉਂਕਿ ਉਹ ਇੱਕ ਸ਼੍ਰੇਸ਼ਠ ਉੱਚਾ ਕੇਂਦਰੀ ਬਿੰਦੂ ਦੇ ਚਾਰੇ ਪਾਸੇ ਵਿਵਸਥਾ ਕੀਤੀ ਜਾਂਦੀ ਹੈ ਜਾਂ ਉਸ ਵਿੱਚੋਂ ਉਭਰਦੀ ਹੈ। ਪ੍ਰਸ਼ਨ ਇਹ ਹੈ ਕਿ ਭਾਰਤ ਦੀਆਂ ਜਾਤੀਆਂ ਨੂੰ ਸਮਝਣ ਅਤੇ ਵਿਸ਼ਲੇਸ਼ਣ ਲਈ ਡਰੂਮਾ ਅਤੇ ਲੇਵੀ ਸਟਰਾਸ ਦੁਆਰਾ ਸਾਬਿਤ ਵਿਚਾਰ ਜਾਂ ਰੂਪ–ਰੇਖਾ ਕਿਵੇਂ ਉਪਯੋਗੀ ਹੈ ।

ਨੋਟ

ਸਮਾਜੇ ਦੇ ਦੋਹਾਂ ਮਾਡਲਾਂ ਦੀਆਂ ਸੀਮਾਵਾਂ ਦੇ ਬਾਰੇ ਵਿੱਚ ਸੰਕੇਤ ਦਿੱਤੇ ਹਨ। ਸਮਾਜੇ ਨੇ ਜਾਤੀ ਸਬੰਧਾਂ ਦੇ 'ਘੁਮਾਦਾਰ" (ਚਕਰੀ ਘੇਰਾ) ਦੀ ਗੱਲ ਕਹੀ ਹੈ ਜਿਸ ਵਿੱਚ ਪੌੜੀ-ਦਰ-ਪੌੜੀ ਸਿਧਾਂਤ ਦਾ ਕੋਈ ਇੱਕ ਕੇਂਦਰ ਬਿੰਦੂ ਨਹੀਂ ਹੁੰਦਾ ਹੈ। ਪੌੜੀ-ਦਰ-ਪੌੜੀ ਸਿਧਾਂਤ ਦੇ ਰੂਪ ਵਿੱਚ ਵਿਵਸਥਿਤ ਸਮੂਹਾਂ ਅਤੇ ਇਕਾਈਆਂ ਨੂੰ ਜੋੜਨ ਦੇ ਲਈ ਇੱਕ 'ਤ੍ਰਿਵਾਦੀ' ਜਾਂ ਇੱਕ ਤੀਸਰੇ ਜਾਂ ਇੱਕ ਵਿਚੋਲੀਆ ਕਰਵਾਉਣ ਵਾਲੇ ਤੱਤ ਦੀ ਜ਼ਰੂਰਤ ਹੋ ਸਕਦੀ ਹੈ । ਜਾਤ ਦੇ 'ਘੁਮਾਦਾਰ' ਮਾਡਲ ਦੁਆਰਾ ਵਿਸ਼ੇਸ਼ ਸੰਦਰਭ ਵਿੱਚ ਕੇਂਦਰ ਸੀਮਾਂਤ ਸੰਬੰਧਾਂ ਜਾਂ ਧਾਰਮਿਕ ਨਿਰਪੱਖ ਤੱਤਾਂ ਦੇ ਵਿਭਾਜਨ ਨੂੰ ਸਮਝ ਸਕਦਾ ਹੈ ।

ਇਸ ਪ੍ਰਕਾਰ ਡਰੂਮਾ ਦੇ ਪੌੜੀ-ਦਰ-ਪੌੜੀ ਸਿਧਾਂਤ ਦੀ ਧਾਰਨਾ ਦਾ ਜਨਮਦਾਤਾ ਕਹਿ ਸਕਦੇ ਹਾਂ। ਡਰੂਮਾ ਦੇ ਅਨੁਸਾਰ ਇੱਕ ਪੌੜੀ-ਦਰ-ਪੌੜੀ ਸੰਬੰਧ ਦਾ ਉਦੇਸ਼ ਦੀਘਰ ਅਤੇ ਲਘੂ ਵੱਡੇ ਅਤੇ ਛੋਟੇ ਦੇ ਵਿੱਚ ਸੰਬੰਧ ਤੋਂ ਹੈ। ਜਾਂ ਨਪੇ ਤੁਲੇ ਅਰਥ ਵਿੱਚ ਇਹ ਉਹ ਸੰਬੰਧ ਹੈ, ਜਿਸ ਵਿੱਚ ਇੱਕ ਸਮਨਾਉਂਦਾ ਹੈ ਅਤੇ ਦੂਸਰਾ ਸਮਾਉਂਦਾ ਹੁੰਦਾ ਹੈ। ਇਸਨੂੰ ਸਮਾਜੇ ਨੇ 'ਕੇਂਦਰੀ ਪੌੜੀ-ਦਰ-ਪੌੜੀ ਸਿਧਾਂਤ' ਦਾ ਨਾਂਅ ਦਿੱਤਾ ਹੈ। ਜਾਤ ਪੌੜੀ-ਦਰ-ਪੌੜੀ ਦੇ ਸਿਧਾਂਤ ਦੇ ਅੰਤਰਗਤ ਸ਼ਾਮਿਲ ਕਰਨ ਵਾਲੇ ਅਤੇ ਹੋਣ ਵਾਲੇ ਦੋਹਾਂ ਵਿੱਚ ਪਰੰਪਰਿਕ ਜੋੜ ਅਤੇ ਵਿਰੋਧ ਪਾਏ ਜਾਂਦੇ ਹਨ। ਪਵਿਤਰਤਾ ਅਤੇ ਅਪਵਿਤਰਤਾ ਇੱਕ ਆਧਾਰ ਦੇ ਰੂਪ ਵਿੱਚ ਸਥਿਰ ਰਹਿੰਦੇ ਹਨ, ਜਿਸ 'ਤੇ ਇਹ ਬਟਵਾਰਾ ਇੱਕ ਸਥਾਈ ਰੂਪ ਵਿੱਚ ਰਹਿੰਦਾ ਹੈ ।

ਡਰੂਮਾ ਦੁਆਰਾ ਭਾਰਤੀ ਸਮਾਜ ਦੇ ਅਧਿਐਨ ਵਿੱਚ ਬਹੁਤ ਗਹਿਰਾ ਅਤੇ ਮਹੱਤਵਪੂਰਨ ਲੈਣ ਦੇ ਲਈ ਟੀ.ਐਨ. ਮਦਾਨ ਨੇ ਪ੍ਰਸ਼ੰਸ਼ਾ ਕੀਤੀ ਹੈ। ਮਦਾਨ ਦੇ ਅਨੁਸਾਰ ਡਰੂਮਾ ਦੇ ਲੇਖ ਵਿੱਚ ਵਿਚਾਰ ਦੀ ਸਪੱਸ਼ਟਤਾ ਵਿਦਿਅਤਾ ਅਤੇ ਸਰਲਤਾ ਪਾਈ ਜਾਂਦੀ ਹੈ। ਮਦਾਨ ਨੇ ਲਿਖਿਆ ਹੈ -'ਹੋਮੋ ਹੇਰਾਕ੍ਰਿਕਸ, ਵਿਚਾਰ-ਗ੍ਰਹਿਣ, ਰੂਪ-ਰੇਖਾ ਅਤੇ ਕਿਰਿਆ ਬਿਆਨ ਵਿੱਚ ਇੱਕ ਅਸਧਾਰਨ ਕਾਰਜ ਹੈ।' ਮਦਾਨ ਦਾ ਮਤ ਹੈ ਕਿ ਸ਼੍ਰੇਣੀਕਰਨ ਦੇ ਸਿਧਾਂਤ ਦੁਆਰਾ ਸ਼ਾਮਿਲ (ਸਮਾਜ) ਦੇ ਤੱਤਾਂ ਨੂੰ ਸਮਾਉਣ ਦੇ ਸੰਦਰਭ ਵਿੱਚ ਸ਼੍ਰੇਣੀਕਰਨ ਨਾਲ ਵਿਵਸਥਾ ਨੂੰ ਪੂਰਨ ਰੂਪ ਨਾਲ ਸਮਝਣ ਅਤੇ ਦਿਵਾਦ ਦੇ ਵਿਰੋਧ 'ਤੇ ਲਗਾਤਾਰ ਨਿਯੰਤਰਨ ਕਰਨ ਲਈ ਮਦਦ ਪ੍ਰਾਪਤ ਹੁੰਦੀ ਹੈ। ਇਸ ਤਰਾਂ ਨਾਲ ਪ੍ਰਤੀਤ ਹੁੰਦਾ ਹੈ ਕਿ ਡਰੂਮਾ ਨੇ ਟਾਲਕਟ ਪਾਰਸੰਸ, ਕਿੰਗਸਲੇ ਡੇਵਿਸ ਅਤੇ ਵਿਲਵਾਰਟ ਮੂਰ ਦੁਆਰਾ ਸਾਬਿਤ ਸਮਾਜਿਕ ਦਰਜ਼ਾਬੰਦੀ ਦੇ ਨਿਕਤਟਾ ਦਾ ਅਨੁਸਾਰ ਕੀਤਾ ਹੈ ।

ਡਰੂਮਾ ਦੇ ਇੱਕ ਹੋਰ ਪ੍ਰਸ਼ੰਸ਼ਕ ਦੀਪਾਂਕਰ ਗੁਪਤਾ ਹਨ। ਗੁਪਤਾ ਦੀ ਰਾਇ ਵਿੱਚ, ਹੋਮੋ ਹੇਰਾਕ੍ਰਿਕਸ ਦੇ ਲੇਖਕ ਡਰੂਮਾ 'ਜਾਤੀ ਵਿਵਸਥਾ ਦੇ ਸਮਾਜਿਕ ਮਨੁੱਖੀ ਸ਼ਾਸਤਰੀ ਮੁੱਖ ਧਾਰਾ ਦ੍ਰਿਸ਼ਟੀਕੋਣ ਦੇ ਜ਼ਿਆਦਾ ਪ੍ਰਗਤੀਸ਼ੀਲ ਅਤੇ ਸ੍ਰੇਸ਼ਠ ਜਨਮਦਾਤਾ ਹਨ। ਗੁਪਤਾ ਨੇ ਅੱਗੇ ਲਿਖਿਆ ਹੈ 'ਡਰੂਮਾ ਨਾ ਕੇਵਲ ਜਾਤ ਵਿਵਸਥਾ ਦੀ ਪ੍ਰਮੁੱਖ ਧਾਰਨਾ ਦ੍ਰਿਸ਼ਟੀਕੋਣ ਦੇ ਜ਼ਿਆਦਾ ਵਿਵਸਥਿਤ ਜਨਮਦਾਤਾ ਹਨ, ਬਲਕਿ ਇਹ ਖਿਆਲ ਡਰੂਮਾ ਨੇ ਇਸ ਵਿਸ਼ੇ 'ਤੇ ਲਗਭਗ ਸਾਰੀਆਂ ਜਾਣੀਆਂ-ਪਛਾਣੀਆਂ ਧਾਰਨਾਵਾਂ, ਦ੍ਰਿਸ਼ਟੀਕੋਣਾਂ ਨੂੰ ਕਮਜ਼ੋਰ ਕਰਕੇ ਪ੍ਰਾਪਤ ਕੀਤਾ ਹੈ। ਇਹ ਉਹਨਾਂ ਅਧਿਐਨਾਂ ਦੇ ਅਜਿਹੇ ਨਤੀਜਿਆਂ ਦੇ ਵਰਨਾਂ ਨੂੰ ਲੈਕੇ ਕੀਤਾ ਹੈ, ਜੋ ਡਰੂਮਾ ਨਾਲ ਮਿਲਦੇ-ਜੁਲਦੇ ਹਨ, ਜਾਂ ਧਾਰਨਾ ਅਤੇ ਅਧਿਐਨ ਪ੍ਰਣਾਲੀ ਦੇ ਸੰਦਰਭ ਵਿੱਚ, ਉਹਨਾਂ ਨੂੰ ਕਮਜ਼ੋਰ ਕੀਤਾ ਹੈ। ਜਿਸ ਦੇ ਨਤੀਜਿਆਂ ਦੁਆਰਾ ਆਪਣੇ ਨਤੀਜਿਆਂ ਨੂੰ ਨਕਾਰ ਸਕੇ, ਮਜ਼ਾਕ ਉਡਾ ਸਕੇ। ਸੇਨਾਰਟ ਅਤੇ ਬੂਗਲੇ ਦੇ ਵਿਚਾਰ ਵੀ ਉਹਨਾਂ ਵਿੱਚ ਸ਼ਾਮਿਲ ਹਨ। ਜਦੋਂ ਡਰੂਮਾ, ਬੁਗਲੇ, ਸੇਨਾਰਟ ਜਾਂ ਘੁਰਏ ਅਤੇ ਕਰਵੇ ਨੂੰ ਗਲਤ ਕਰਾਰ ਦਿੰਦੇ ਹਨ, ਤਦ ਉਹ ਉਹਨਾਂ ਦੀ ਵਿਆਖਿਆ, ਜੋ ਉਹ ਕਹਿੰਦੇ ਹਨ, ਉਸਦੀ ਨਹੀਂ ਕਰਦੇ, ਪਰੰਤੂ ਉਸਦੀ ਜ਼ਿਅਦਾ ਕਰਦੇ ਹਨ, ਜੋ ਉਹ ਸੰਕੇਤ ਕਰਦੇ ਹਨ। ਕਿਉਂਕਿ ਸਾਡੀ ਹਮਦਰਦੀ ਇਨਾਂ ਸੰਕੇਤਾਂ ਦੇ ਨਾਲ ਹੈ, ਸਾਨੂੰ ਡਰੂਮੇ 'ਤੇ ਜ਼ਰੂਰ ਹੀ ਜ਼ਿਆਦਾ ਧਿਆਨ ਦੇਣਾ ਚਾਹੀਦਾ।

ਗੁਪਤਾ ਇਹ ਵੀ ਸਲਾਹ ਦਿੰਦੇ ਹਨ ਕਿ ਆਲੋਚਕਾਂ ਨੂੰ ਵੀ ਡਰੂਮਾ ਦੀ ਇਸ ਵਿਸ਼ੇ 'ਤੇ ਬੇਮਿਸਾਲ ਦੇਣ ਨੂੰ ਸਵੀਕਾਰ ਕਰਨਾ ਚਾਹੀਦਾ। ਸਾਡੇ ਮੱਤ ਵਿੱਚ ਡਰੂਮਾ ਦੀ ਕਥਿਤ ਬੇਮਿਸਾਲ ਦੇਣ ਪੌੜੀ-ਦਰ-ਪੌੜੀ ਸਿਧਾਂਤ ਨੂੰ ਦਰਜ਼ਾਬੰਦੀ ਦੀ ਇੱਕ ਕਠੋਰ ਅਤੇ ਸਥਿਰ ਵਿਵਸਥਾ ਦੀ ਧਾਰਨਾ ਦਿੱਤੀ ਹੈ, ਜਿਸਨੂੰ ਫਰਾਂਸ ਅਤੇ ਹੋਰ ਪੱਛਮੀ ਸੰਸਾਰ ਦੇ ਸਮਤਾਵਾਦੀ ਅਤੇ ਸਮਾਨਤਾਵਾਦੀ ਸਮਾਜਿਕ ਸੰਬੰਧਾਂ ਨੂੰ ਵਿਵਸਥਾ ਦੇ ਉਲਟ ਸਮਝਿਆ ਹੈ। ਕਿਸੇ ਨਾ ਕਿਸੇ ਰੂਪ ਵਿੱਚ ਡਰੂਮ ਸਮਾਨ ਰੂਪ ਵਿੱਚ ਪੱਛਮੀ ਦੁਨੀਆ ਦੀ ਸ਼੍ਰੇਸ਼ਠਤਾ ਅਤੇ ਵਿਸ਼ੇਸ਼ ਤੌਰ 'ਤੇ ਇਸ ਦੀ ਬੌਧਿਕ ਉੱਤਮਤਾ ਤੋਂ ਪ੍ਰੇਸ਼ਾਨ ਹੈ। ਡਰੂਮ ਦੀਆਂ ਬੇਤਰਤੀਬ ਟਿੱਪਣੀਆਂ ਅਤੇ ਵਿਆਖਿਆਵਾਂ, ਜੋ ਉਹਨਾਂ ਨੇ ਏ. ਕੇ. ਸਰਨ, ਇਰਾਵਤੀ ਕਰਵੇ ਅਤੇ ਏ.ਆਰ. ਦੇਸਾਈ ਜਿਹੇ ਭਾਰਤੀ ਵਿਦਾਵਾਨਾਂ ਦੇ ਵਿਚਾਰਾਂ ਉੱਪਰ ਕੀਤੀਆਂ ਹਨ। ਉਸਨੇ ਭਾਰਤੀ ਸਮਾਜ ਅਤੇ ਉਸਦੇ ਰੌਸ਼ਨ ਖਿਆਲ ਇਸਸਾਨ ਬਾਰੇ ਨਿਮਨਤਾ ਪ੍ਰਮਾਣਿਤ ਹੁੰਦੀ ਹੈ। ਕਿਉਕਿ ਟੀ ਐਨ ਮਦਾਨ ਨੇ ਡਰੂਮ ਦੀ ਜਾਤੀ

ਨੋਟ

ਵਿਵਸਥਾ ਦੀ ਸਮਝ ਨੂੰ ਜ਼ਰੂਰਤ ਤੋਂ ਜ਼ਿਆਦਾ ਕੀਤਾ ਹੈ। ਡਰੂਮ ਦੇ ਦ੍ਰਿਸ਼ਟੀਕੋਣ ਨੂੰ ਪੱਖਪਾਤ ਦੇ ਵਿਚਾਰ ਆਪਣੇ ਆਪ ਦੇ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਸਮਝਣਾ ਜ਼ਰੂਰੀ ਹੈ। ਹੁਣ ਸਾਨੂੰ ਦੇਖਣਾ ਹੈ ਕਿ ਡਰੂਮ ਦੁਆਰਾ ਜਾਤ ਵਿਵਸਥਾ ਨੂੰ ਇੱਕ ਸੱਚੇ ਪੌੜੀ-ਦਰ-ਪੌੜੀ ਸਿਧਾਂਤ ਦੀ ਸੰਘਿਆ ਦੇ ਵਿਚਾਰ ਦੇ ਪੱਖ ਵਿੱਚ ਬਣਾਉਣ ਦੇ ਬਾਅਦ ਗੁਪਤਾ ਕੀ ਕਹਿੰਦੇ ਹਨ। 'ਤੱਥ ਵਿਰੁੱਧ ਸਿਧਾਂਤ' (ਡਰੂਮ ਦੁਆਰਾ ਪੇਸ਼) ਦੇ ਦ੍ਰਿਸ਼ਟੀਕੋਣ ਵਿੱਚ ਗੁਪਤਾ ਦੁਆਰਾ ਉਠਾਏ ਪ੍ਰਸ਼ਨ ਬਿਲੁਕਲ ਚੋਣਵੇਂ ਹਨ ਅਤੇ ਬੇਜੋੜ ਸੰਦਰਭਾਂ, ਪਰਿਸਥਿਤੀਆਂ, ਮੁੱਦੇ, ਖੇਤਰਾਂ ਅਤੇ ਲੋਕਾਂ ਨਾਲ ਸੰਕੇਤਕ-ਚਿੰਨ੍ਹ ਹਨ। ਇਸ ਪ੍ਰਕਾਰ ਜਾਤ ਵਿਵਸਥਾ ਦਾ ਇੱਕਾ 'ਸੱਚਾ ਪੌੜੀ-ਦਰ-ਪੌੜੀ ਸਿਧਾਂਤ' ਨਹੀਂ ਹੋ ਸਕਦਾ।

### 2.3.1 ਜਾਤ ਪੌੜੀ-ਦਰ-ਪੌੜੀ ਸਿਧਾਂਤ

ਮੈਕਿਸਮ ਮੈਰੀਏਟ ਦੁਆਰਾ ਪ੍ਰਸਤਾਵਿਤ, ਜਾਤ ਦੀ ਜਟਿਲਤਾ ਦੀ ਧਾਰਨਾ ਜਾਂ ਕਠੋਰਤਾ-ਲਚਕੀਲਾਪਨ ਦਾ ਪੈਮਾਨਾ ਭਾਰਤ ਦੇ ਭਿੰਨ-ਭਿੰਨ ਖੇਤਰਾਂ ਦੀ ਜਾਣਕਾਰੀ ਦੇ ਲਈ ਬਹੁਤ ਉਪਯੋਗੀ ਹੈ। ਗੁਪਤਾ ਇਸ ਵਿਚਾਰ ਨਾਲ ਸਹਿਮਤ ਦਿਖਾਈ ਦਿੰਦੇ ਹਨ। ਗੁਪਤਾ ਲਿਖਦੇ ਹਨ ਕਿ ਸਾਡੇ ਅਨੁਸਾਰ, ਇੱਕ ਸੱਚਾ ਪੌੜੀ-ਦਰ-ਪੌੜੀ ਸਿਧਾਂਤ, ਇੱਕ ਇੱਕਲੇ ਪਰਿਵਰਤਨਸ਼ੀਲ 'ਤੇ ਅਧਾਰਿਤ ਇੱਕ ਸਪੱਸ਼ਟ ਰੇਖਾਕ੍ਰਿਤ ਸ਼੍ਰੇਣੀਕਰਨ ਹੈ । ਰੁਪਏ ਅਤੇ ਦੌਲਤ ਦੇ ਰੂਪ ਵਿੱਚ ਇਸਤਰੀਆਂ, ਪਸ਼ੂ ਜਾਂ ਭੂਮੀ ਵਰਗੀਆਂ ਕਸੌਟੀਆਂ ਦੇ ਅਧਿਕ ਸੱਤਾ ਵੀ ਇੱਕ ਸੱਚੇ ਅਤੇ ਲਗਾਤਾਰ ਦੇਵ ਸ਼੍ਰੇਣੀ ਦੀ ਇੱਕ ਉਚਿਤ ਅਤੇ ਕਸੌਟੀ ਹੋ ਸਕਦੀ ਹੈ। ਇੱਕ ਸੰਗਠਨ/ਵਿਵਸਥਾ ਵਿਸ਼ੇਸ਼ ਦੇ ਰੂਪਾਂਤਰਣ ਦੁਆਰਾ ਰੁਤਬਾ ਅਤੇ ਸੱਤਾ ਦੇ ਅਹੁਦਿਆਂ ਵਿੱਚ ਪਰਿਵਰਤਨ ਹੁੰਦੇ ਹਨ। ਗੁਪਤਾ ਇਹ ਵੀ ਕਹਿੰਦੇ ਹਨ ਕਿ "ਨਿਰੰਤਰ ਪੌੜੀ-ਦਰ-ਪੌੜੀ ਸਿਧਾਂਤ ਇੱਕ ਇੱਕਲੀ ਕਸੌਟੀ ਦੇ ਆਸੇ ਪਾਸੇ ਪੈਦਾ ਹੁੰਦੇ ਹਨ ਅਤੇ ਉਸ ਨਾਲ ਜੁੜੇ ਸਭ ਲੋਕਾਂ ਦੀ ਕਮੋਬੇਸ਼ੀ ਉਸ ਵਿੱਚ ਭਾਗੀਦਾਰੀ ਹੁੰਦੀ ਹੈ।" ਸਵਤੰਤਰ ਸੁੰਨਸਾਨ ਵਰਗ ਪਾਏ ਜਾਂਦੇ ਹਨ । ਜੋ ਇਕਾਈਆਂ ਨੂੰ ਬੇਜੋੜ ਅਤੇ ਗੁਣਵੱਤਾਕਾਰੀ ਖ਼ਾਸ ਸ੍ਰੇਣੀਆਂ ਵਿੱਚ ਅਲਗ-ਅਲਗ ਕਰਦੇ ਹਨ। ਉਦਾਹਰਣ ਦੇ ਲਈ, ਇੱਕ ਵਿਅਕਤੀ, ਇੱਕ ਬ੍ਰਾਹਮਣ ਜਾਂ ਇੱਕ ਵੇਸ਼ਵਾ ਜਾਂ ਇੱਕ ਰਾਜਸਥਾਨੀ, ਬੰਗਾਲੀ, ਪੰਜਾਬੀ ਆਦਿ ਹੁੰਦਾ ਹੈ। ਇੱਕ ਸੰਦਰਭ ਵਿਸ਼ੇਸ਼ ਵਿੱਚ ਉਹ ਵਿਅਕਤੀ ਇਕੱਲਾ ਕੁੱਝ ਨਹੀਂ ਹੋ ਸਕਦਾ। ਦੂਜੇ ਪਾਸੇ, ਇੱਕ ਨਿਰੰਤਰ ਪੌੜੀ-ਦਰ-ਪੌੜੀ ਸਿਧਾਂਤ ਪੱਧਰਾਂ ਨਾਲ ਜੁੜੇ ਇੱਕ ਲੱਛਣ ਦੀ ਸੰਖਿਆਤਮਕ ਭਿੰਨਤਾ ਦੇ ਆਧਾਰ 'ਤੇ ਪੈਦਾ ਹੁੰਦਾ ਹੈ।" ਇਸ ਤਰਾਂ ਨਿਰੰਤਰ ਪੌੜੀ-ਦਰ-ਪੌੜੀ ਸਿਧਾਂਤ ਅਤੇ ਸੁੰਨਸਾਨ ਵਰਗ ਪਾਏ ਜਾਂਦੇ ਹਨ। ਇਹ ਬਟਵਾਰਾ ਸਮਾਜੇ ਅਤੇ ਲੇਵੀ ਸਟਰਾਸ ਦੁਆਰਾ ਪ੍ਰਸਤਾਵਿਤ ਵਰਗੀਕਰਨਾਂ ਨਾਲ ਬਹੁਤ ਹੱਦ ਤੱਕ ਮਿਲਦਾ ਹੈ ।



ਕੀ ਤੁਸੀਂ ਜਾਣਦੇ ਹੋ ਅੱਜ ਦੇ ਭਾਰਤੀ ਸਮਾਜ ਵਿੱਚ ਬਹੁ ਦੇਵ-ਸ਼੍ਰੇਣੀ ਹੈ।

ਡਰੂਮਾ ਨੇ ਭਾਰਤ ਦੀ ਜਾਤੀ ਵਿਵਸਥਾ ਦੀ ਵਿਆਖਿਆ ਦੇ ਲਈ ਮੁੱਖ ਭਾਰਤੀ ਸ਼ਾਸ਼ਤਰੀ ਖੇਤਰਾਂ ਦਾ ਉਪਯੋਗ ਕੀਤਾ ਹੈ। ਸਵਤੰਤਰ ਭਾਰਤ ਵਿੱਚ ਭਿੰਨ-ਭਿੰਨ ਹਿੱਤ, ਸੰਘਰਸ਼, ਸ਼ੋਸ਼ਣ ਉੱਪਰ ਅਤੇ ਨੀਵੇਂ ਦੇ ਵੱਲ ਗਤੀਸ਼ੀਲਤਾ, ਦੇਸ਼ ਅਤੇ ਵਿਦੇਸ਼ੀ ਪ੍ਰਵਾਸ ਆਦਿ ਦੁਆਰਾ ਵਿਸ਼ਾਲ ਅੰਤਰ ਦਿਖਾਈ ਦਿੰਦੇ ਹਨ। ਜੋ ਅਮਲ ਵਿੱਚ ਭਾਰਤੀ ਸਮਾਜਿਕ ਰਚਨਾ ਨੂੰ ਸਮਝਣ ਦਾ ਆਧਾਰ ਹੋਣਾ ਚਾਹੀਦਾ ਹੈ। ਡਰੂਮਾ ਨੇ ਸਮਾਜਿਕ ਪਰਿਵਰਤਨ ਦੇ ਮਹੱਤਰਵ ਨੂੰ ਕਮਜ਼ੋਰ ਕੀਤਾ ਹੈ। ਜਾਤੀਆਂ ਇੱਕ ਰੇਖਾ ਪੌੜੀ-ਦਰ-ਪੌੜੀ ਸਿਧਾਂਤ ਨਹੀਂ ਹਨ। ਅੰਤਰਜਾਤੀ ਅਤੇ ਅੰਤਰ ਸੱਭਿਆਚਾਰ ਸੰਬੰਧ ਭਿੰਨ-ਭਿੰਨ ਜਾਤਾਂ ਦੇ ਵਿੱਚ ਅਤੇ ਜਾਤਾਂ ਦੇ ਅੰਦਰ ਜੈਵਿਕ ਕੜੀਆਂ ਦਾ ਮਜ਼ਬੂਤ ਆਧਾਰ ਨਹੀਂ ਹੈ। ਜਾਤਾਂ ਅਤੇ ਸਮੂਹਾਂ ਤੋਂ ਕਿਤੇ ਜ਼ਿਆਦਾ ਲੋਕਾਂ ਦੇ ਲਈ ਸਨਮਾਨ ਅਤੇ ਸਮਾਜਿਕ ਪ੍ਰਤਿਸ਼ਠਾ ਪ੍ਰਾਪਤ ਕਰਨ ਵਿੱਚ ਪਰਿਵਾਰ ਅਤੇ ਵਿਅਕਤੀ ਦੀ ਮਹੱਤਤਾ ਦਿਖਾਈ ਦਿੰਦੀ ਹੈ। ਦਿਨ-ਪ੍ਰਤੀ-ਦਿਨ, ਜਾਤ ਇੱਕ ਕਮਜ਼ੋਰ, ਇੱਕ ਮਾਨਸਿਕ ਅਵਸਥਾ, ਇੱਕ ਲਚੀਲੀ ਅਤੇ ਪਰਿਵਰਤਨਕਾਰੀ (ਢਿੱਲੀ), ਵਿਵਸਥਾ ਬਣ ਰਹੀ ਹੈ। ਜਾਤ ਭੇਦਾਂ ਅਤੇ ਪ੍ਰਕਾਰੀਕਰਨਾਂ ਨੂੰ, ਇੱਕ ਨਿਰੰਤਰ ਆਧਾਰ 'ਤੇ ਪ੍ਰਗਟ ਕਰਨ ਦੇ ਲਈ ਅਤਿ-ਪ੍ਰਤੀਕ ਕਰਨ ਹੁਣ ਦਿਖਾਈ ਨਹੀਂ ਦਿੰਦਾ ਹੈ ।

ਨੋਟ

## ਸਵੈ-ਮੁਲਾਂਕਣ (Self Assessment)-

1. ਸਹੀ ਉੱਤਰ ਚੁਣੋ:-

1) ਫਰਾਂਸੀਸੀ ਕ੍ਰਾਂਤੀ ਕਦੋਂ ਹੋਈ ਸੀ ?

1) 1789 2) 1790 3) 1856 4) ਇਹਨਾਂ ਵਿੱਚੋ ਕੋਈ ਵੀ ਨਹੀਂ

2) ਕਿਸ ਦੇ ਅਨੁਸਾਰ ਪਰਜਾਤਾਤਰਿਕ ਸਮਾਨਤਾ ਅਤੇ ਵਿਭੇਦ ਦਾ ਸਿਧਾਂਤ ਇੱਕ ਸਾਥ ਅਤੇ ਸਹਿ ਅਸਿਤਤ ਵਿੱਚ ਪਾਏ ਜਾਂਦੇ ਹਨ ?

1) ਟਰਨਰ ਦੇ 2) ਟੀ ਐਚ ਮਾਰਸ਼ਲ 3) ਜੋਨ ਸਾਨਸ 4) ਇਹਨਾਂ ਵਿੱਚੋ ਕੋਈ ਵੀ ਨਹੀਂ

3) ਸ਼੍ਰੇਣੀਕਾਰੀ ਪੌੜੀ-ਦਰ-ਪੌੜੀ ਸਿਧਾਂਤ ਅਤੇ ਸ਼ਾਮਿਲ ਪੌੜੀ-ਦਰ-ਪੌੜੀ ਸਿਧਾਂਤ ਦਾ ਉਲੇਖ ਕਿਸਨੇ ਕੀਤਾ ਹੈ ?

1)ਡਰੂਮ ਨੇ 2) ਸਮਾਜੇ ਨੇ 3) ਟਰਨਰ ਨੇ 4) ਇਨਾਂ ਵਿੱਚੋ ਕੋਈ ਵੀ ਨਹੀਂ

4) ਕਿਸ ਨੇ ਭਾਰਤ ਦੀ ਜਾਤੀ ਵਿਵਸਥਾ ਦੇ ਲਈ ਭਾਰਤੀ ਸ਼ਾਸ਼ਤਰੀ ਖੇਤਰਾਂ ਦਾ ਉਪਯੋਗ ਕੀਤਾ ਹੈ ?

1) ਡਰੂਮ ਨੇ 2) ਮੈਕਿਸਮ ਮੈਰਿਅਟ 3) ਸਮਾਜੇ ਨੇ 4) ਇਹਨਾਂ ਵਿਚੋ ਕਈ ਵੀ ਨਹੀਂ

5) ਕਿਸਨੇ ਵਰਗ ਰੁਤਬਾ ਅਤੇ ਸ਼ਕਤੀ ਨੂੰ ਸਮਾਜਿਕ ਅਸਮਾਨਤਾ ਨੂੰ ਮਹੱਤਵਪੂਰਨ ਆਯਾਮ ਮੰਨਿਆ ਹੈ ?

1) ਕ੍ਰਿਸ਼ ਸਮਾਜੇ ਨੇ 2) ਵੇਬਰ ਨੇ 3) ਰੂਨਸੀਸੇਨ ਨੇ 4) ਇਹਨਾਂ ਵਿਚੋ ਕੋਈ ਵੀ ਨਹੀਂ

## 2.4 ਸਮਾਜਿਕ ਅਲਹਿਦਗੀ (Social Exclusion)

ਅਲਹਿਦਗੀ ਸ਼ਬਦ ਸਮਾਜਿਕ ਦਰਜ਼ਾਬੰਦੀ, ਜਾਤੀ, ਵਰਗ ਅਤੇ ਪ੍ਰਜਾਤੀ ਦੀਆਂ ਕ੍ਰਿਤਿਆਂ ਵਿੱਚ ਉਲੇਖਿਤ ਹੈ, ਪਰ ਅਲਹਿਦਗੀ ਵਿਸ਼ੇਸ਼ ਸਮਾਜਿਕ ਅਲਹਿਦਗੀ ਇੱਕ ਧਾਰਨਾ ਦੇ ਰੂਪ ਵਿੱਚ ਦਰਜ਼ਾਬੰਦੀ ਅਤੇ ਨਸਲ ਦੇ ਪੱਛਮੀ ਦੇਸ਼ਾਂ ਦੇ ਅਧਿਐਨਾਂ ਵਿੱਚ 1970 ਦੇ ਦਹਾਕੇ ਵਿੱਚ ਪ੍ਰਚਲਿਤ ਹੋਇਆ ਹੈ। ਲਗਾਵ ਅਤੇ ਅਲਹਿਦਗੀ ਜਾਂ ਪਵਿਤਰ ਅਤੇ ਅਪਵਿਤਰ ਦਾ ਸਿਧਾਂਤ ਜਾਤ ਵਿਵਸਥਾ ਦਾ ਆਧਾਰ ਹੈ, ਜਿਸਦੇ ਦੁਆਰਾ ਉੱਚ ਅਤੇ ਨਿਮਨ ਅਹੁਦਾ/ਸਥਾਨਾਂ ਅਤੇ ਸ਼ਕਤੀ ਤੇ ਵਿਸ਼ੇਸ਼ ਅਧਿਕਾਰ ਦੇ ਲਈ ਪਹੁੰਚ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ, ਕਿਉਂਕਿ 'ਅਲਹਿਦਗੀ' ਦਾ ਉਦੇਸ਼ ਸਮਾਜਿਕ ਸੰਬਧਾਂ ਤੋਂ ਹੈ, ਅਸੀਂ ਕੇਵਲ ਅਲਹਿਦਗੀ ਸ਼ਬਦ ਦੀ ਬਜਾਇ ਸਮਾਜਿਕ ਅਲਹਿਦਗੀ ਦੀ ਧਾਰਨਾ ਦਾ ਉਪਯੋਗ ਕਰਨਾ ਚਾਹਾਂਗੇ।

ਪੱਛਮੀ ਯਰੂਪ ਵਿੱਚ ਭਿੰਨ ਪ੍ਰਕਾਰ ਦੀ ਸਮਾਜਿਕ ਅਲਹਿਦਗੀ ਜਿਵੇਂ ਆਰਥਿਕ, ਸਮਾਜਿਕ, ਰਾਜਨੀਤਿਕ, ਸੰਸਕ੍ਰਿਤਕ ਆਦਿ ਨੂੰ ਸਮਝਣ ਦੇ ਲਈ ਇਸ ਧਾਰਨਾ ਦਾ ਉਪਯੋਗ ਕੀਤਾ ਜਾਂਦਾ ਹੈ। ਸਮਾਜਿਕ ਅਲਹਿਦਗੀ ਭਿੰਨ-ਭਿੰਨ ਤਰੀਕਿਆਂ ਅਤੇ ਗਹਿਰਾਈ ਵਿੱਚ ਪਾਈ ਜਾਂਦੀ ਹੈ। ਜਦੋਂ ਵੀ ਸਮਾਜਿਕ ਏਕੀਕਰਣ ਸੰਕਟ ਵਿੱਚ ਪਾਇਆ ਜਾਂਦਾ ਹੈ। ਉਦੋਂ ਤੋਂ ਇਹ ਮੰਨਿਆ ਜਾਂਦਾ ਹੈ ਕਿ ਸਮਾਜਿਕ ਅਲਹਿਦਗੀ ਹਾਵੀ ਹੈ। 1970 ਦੇ ਦਹਾਕੇ ਵਿੱਚ ਯੂਰਪ ਵਿੱਚ ਬੇਰੁਜਗਾਰੀ ਦੇ ਬਹੁਤ ਵੱਧਣ 'ਤੇ ਕਿਹਾ ਗਿਆ ਸੀ ਕਿ ਸਮਾਨਤਾ ਦੀ ਸਥਿਤੀ ਖ਼ਰਾਬ ਹੋ ਗਈ ਹੈ। ਅਮਰਿਕਾ ਵਿੱਚ 'ਸਪੇਕਸ਼ਿਕ ਵੰਚਣ' ਦੀ ਧਾਰਨਾ ਨੂੰ ਸਮਾਜ ਅਤੇ ਵਰਗਾਂ ਦੇ ਵਿੱਚ ਅੰਤਰ ਨੂੰ ਜਾਣਨ ਦੇ ਲਈ ਉਪਯੋਗ ਵਿੱਚ ਲਿਆ ਜਾਂਦਾ ਹੈ। ਭਾਰਤ ਵਿੱਚ ਅਲਪ ਸੰਖਿਅਕਾਂ ਅਤੇ ਉਹਨਾਂ ਵਿੱਚੋ ਗਰੀਬਾ ਨੂੰ ਸੀਮਾਂਤ ਸਮਝਿਆ ਜਾਂਦਾ ਹੈ। ਕਾਰਲ ਮਾਰਕਸ ਨੇ ਗਰੀਬੀ, ਬੇਰੁਜ਼ਗਾਰੀ ਅਤੇ ਵਚਨ, ਨਿਠੱਲਾਪਨ, ਨਿਸ਼ਕਿਰਿਆ ਵਰਗ ਅਤੇ ਵਿਰਸਨ ਸਮਾਜਿਕ ਅਲਗਾ ਦੇ ਪ੍ਰਮੁੱਖ ਤੰਤ ਸਮਝੇ ਹਨ। ਹਰਬਟ ਮਾਰਕਿਉਜ ਨੇ ਵਿਅਕਤੀ ਦੇ ਲਈ ਸਵਤੰਤਰਤਾ ਦੇ ਭਾਵ ਨੂੰ ਅਲਹਿਦਗੀ ਦੇ ਵੱਲ ਲੈ ਜਾਣ ਦਾ ਕਾਰਨ ਮੰਨਿਆ ਹੈ ।

ਸਮਾਜਿਕ ਅਲਗਾਵ ਦੀ ਧਾਰਨਾ ਦਾ ਉਪਯੋਗ ਚੌਣਾ ਵਿੱਚ ਭਾਗੀਦਾਰੀ, ਸਮਾਜ ਦੇ ਸਾਧਨ ਅਤੇ ਮੌਕਿਆਂ ਤੱਕ ਪਹੁੰਚ, ਬੇਰੁਜ਼ਗਾਰੀ, ਨਿਰਧਨਤਾ ਜਾਂ ਗਰੀਬੀ, ਸਿੱਖਿਆ, ਸਿਹਤ ਸੁਵਿਧਾਵਾਂ ਆਦਿ ਨਾਲ ਸੰਬਧਿਤ ਵਿੱਚ ਕੀਤਾ ਗਿਆ ਹੈ । ਇਸ ਧਾਰਨਾ ਦਾ ਖੇਤਰ ਵਿਸ਼ਾਲ ਹੋ ਰਿਹਾ ਹੈ, ਪਰੰਤੂ ਉਦਾਹਰਨ ਦੇ ਲਈ ਇਹ ਮੁੱਦਾ ਗੁੰਝਲਦਾਰ ਹੈ ਕਿ ਕੀ ਸਮਾਜਿਕ ਅਲਗਾਵ ਗਰੀਬੀ ਦਾ ਕਾਰਣ ਹੈ ਜਾਂ ਫਿਰ ਗਰੀਬੀ ਦੇ ਕਾਰਨ ਸਮਾਜਿਕ ਅਲਗਾਵ ਨੂੰ ਸਮਾਜਿਕ ਬੰਧਨਾ ਵਿੱਚ ਦਰਾਰ ਸਮਝਿਆ ਜਾਂਦਾ ਹੈ । ਸਮਾਜਿਕ ਅਸਮਾਨਤਾ ਨੂੰ ਸਮਝਣ ਦੇ ਲਈ ਇਹ ਇੱਕ ਸ਼ਕਤੀਮਾਨ ਧਾਰਨਾ ਹੈ ।

ਨੋਟ

### 2.4.1 ਸਮਾਜਿਕ ਅਲਹਿਦਗੀ ਦੇ ਭਿੰਨ-ਭਿੰਨ ਆਯਾਮ

ਭਾਰਤ ਸਮਾਜਿਕ ਅਲਗਾਵ ਦਾ ਇੱਕ ਉੱਚਿਤ ਉਦਾਹਰਨ ਹੈ । ਨਿਮਨ ਜਾਤੀਆਂ ਅਤੇ ਸਮੂਹਾ ਦੇ ਸਮਾਜਿਕ ਅਲਗਾਵ ਦੇ ਲਈ, ਜਾਤੀ, ਧਰਮ ਯੋਨ ਭੇਦ, ਅਪਾਹਜ, ਪ੍ਰਥਾਵਾਂ ਅਤੇ ਵਿਵਹਾਰ ਪ੍ਰਣਾਲੀ ਆਦਿ ਦਾ ਉਪਯੋਗ ਕੀਤਾ ਗਿਆ ਹੈ। ਅੰਤਰਰਾਸ਼ਅਰੀ ਮਿਹਨਤ ਸੰਸਥਾ ਆਈ ਆਈ ਐਲ ਐਸ ਐਨ ਡੀ ਪੀ ਨੇ ਸਮਾਜਿਕ ਅਲਗਾਵ ਦੀਆਂ ਨਿਮਨ ਕਸੌਟੀਆਂ ਦਾ ਉਲੇਖ ਕੀਤਾ ਹੈ ।

1. ਸਮਾਜਕਿ ਅਲਗਾਵ, ਸਾਧਨ ਵੰਡ ਸ਼ਕਤੀ ਸਬੰਧਾਂ, ਕੰਮ ਸੰਸਥਾ, ਸੰਸਕ੍ਰਿਤ ਅਤੇ ਸਮਾਜਿਕ ਸਾਹਿਤ ਦ ਪ੍ਰਕਿਰਿਆ ਦੀ ਇੱਕ ਨਕਰਾਤਮਕ ਸਥਿਤੀ ਹੈ ।
2. ਸਮਾਜਿਕ ਅਲਗਾਵ ਲੋਕਾਂ ਦੇ ਜੀਵਨ ਦਾ ਜਾਂ ਲੱਛਣ ਵੀ ਹੈ । ਪਹਿਲੇ ਵਿੱਚ ਨਿਮਨਤਾ ਦਾ ਭਾਵ ਹੁੰਦਾ ਹੈ ਅਤੇ ਦੂਸਰੇ ਵਿੱਚ ਭੌਤਿਕ ਰੂਪ ਵਿੱਚ ਹੁੰਦਾ ਹੈ ।
3. ਸਮਾਜਿਕ ਅਲਗਾਵ ਨੂੰ ਇੱਕ ਵਿਅਕਤੀ ਦਾ ਅਹਿੱਤ ਮੰਨਿਆ ਜਾ ਸਕਦਾ ਹੈ ।
4. ਸਮਾਜਿਕ ਅਲਗਾਵ ਦਾ ਵਿਅਕਤੀਆਂ ਨੂੰ ਸਮਾਨ ਸੇਵਾਵਾਂ ਅਤੇ ਸਾਧਨਾਂ ਤੋਂ ਵਾਂਝਾ ਰੱਖਣ ਤੋਂ ਵੀ ਹੈ ।

ਕੋਈ ਵੀ ਵਿਅਕਤੀ ਆਪਣੇ ਵਾਤਾਵਰਣ ਅਤੇ ਸਮਾਜਿਕ ਪਰਿਸਥਿਤੀਆਂ ਤੋਂ ਅਲਗ ਨਹੀ ਹੋਣਾ ਚਾਹੁੰਦਾ ਹੈ । ਇਸ ਪ੍ਰਕਾਰ ਸਮਾਜਿਕ ਅਲਗਾਵ, ਰਾਜ ਅਤੇ ਸਮਾਜ ਥੌੜੇ, ਜੇ ਖੁਸ਼ ਲੋਕਾਂ ਦੁਆਰਾ ਥੋਪੀਆਂ ਜਾਂਦਾ ਹੈ । ਸਮਾਜਿਕ ਅਲਗਾਵ ਨਾਲ ਸੰਘਰਸ਼ ਅਤੇ ਤਣਾਅ ਪੈਦਾ ਹੁੰਦਾ ਹੈਇਸ ਨਾਲ ਜ਼ਰੂਰ ਸ਼ਾਤੀ ਜਾਂ ਹੁੰਦੀ ਹੈ। ਪਰੰਤੂ ਇਹ ਸਥਿਰ ਅਤੇ ਨਹੀ ਹੈ । ਸਮਾਜਿਕ ਅਲਗਾਵ ਦੇ ਚਾਰ ਹਨ :=

1. ਨਾਗਰਿਕ ਏਕੀਕਰਨ
2. ਮਿਹਨਤ ਬਾਜ਼ਾਰ
3. ਕਲਿਆਣਕਾਰੀ ਰਾਜ ਦਾ
4. ਪਰਿਵਾਰ ਅਤੇ ਸਮੂਹ

ਸਮਾਜ ਦੇ ਇਹਨਾਂ ਪਹਿਲੂਆਂ ਨੂੰ ਸਮਾਜਿਕ ਅਲਗਾਵ ਨਕਰਾਤਮਕ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ ।

### 2.4.2 ਗਰੀਬ ਅਤੇ ਸਮਾਜਿਕ ਅਲਹਿਦਗੀ

ਨਾਗਰਿਕ ਏਕੀਕਰਣ ਤੋਂ ਇਲਾਵਾ ਬਾਕੀ ਤਿੰਨੇ ਅਰਥਾਤ ਮਿਹਨਤ ਬਾਜ਼ਾਰ, ਕਲਿਆਣਕਾਰੀ ਰਾਜ ਅਤੇ ਪਰਿਵਾਰ ਅਤੇ ਸਮੂਹ ਤੋਂ ਵਾਂਝੇ ਲੋਕਾਂ ਦੀ ਗਰੀਬੀ ਨਾਲ ਸਰੋਕਾਰ ਜਾਂ ਸੰਬੰਧ ਰੱਖਦੇ ਹਨ । ਸੱਚ ਤਾਂ ਇਹ ਹੈ ਕਿ ਸਮਾਜਿਕ ਅਲਗਾਵ ਦਾ ਅਰਥ ਹੀ ਅਤੇ ਹੈ, ਜਦਕਿ ਇੱਕ ਪਾਸੇ ਤਾਂ ਸਮਾਜਿਕ ਅਲਗਾਵ, ਸਮਾਨਤਾ ਅਸੰਭਵ, ਧਨਹੀਨਤਾ ਅਤੇ ਬੰਚਣ ਅਤੇ ਤਰਸਤਾ ਨਾਲ ਜੁੜਿਆ ਹੋਇਆ ਹੈ ਅਤੇ ਦੂਜੇ ਪਾਸੇ ਸਮਾਜਿਕ ਅਲਹਿਦਗੀ ਵਿੱਚ ਮਿਲਾਪ ਏਕੀਕਰਨ, ਨਾਗਰਿਕਤਾ ਅਤੇ ਇੱਕਜੁਟਤਾ ਸ਼ਾਮਿਲ ਹੈ ।

ਭਾਰਤੀ ਸੰਦਰਭ ਵਿੱਚ ਨਿਆਂ ਦੇ ਜਾਤੀ ਅਧਾਰਿਤ ਦੂਰੀਆਂ ਅਤੇ ਭੇਦਭਾਵ ਅਵਸਰਾਂ ਦੇ ਲਈ ਅਸਮਾਨ ਪਹੁੰਚ ਅਤੇ ਰਾਜ ਦੀ ਕਮਜ਼ੋਰ ਨੀਤੀਆਂ ਵਿੱਚ ਸਮਾਜਿਕ ਅਲਗਾਵ ਦਿਖਾਈ ਦਿੰਦੀ ਹੈ । ਦੂਜੇ ਸ਼ਬਦਾਂ ਵਿੱਚ ਸਮਾਜ ਅਤੇ ਰਾਜ ਨੇ ਜਾਤੀ ਦੇ ਰੂਪ ਵਿੱਚ ਸਮਾਜਿਕ ਅਸਮਾਨਤਾਵਾਂ ਅਤੇ ਕਮਜ਼ੋਰ ਕਲਿਆਣਕਾਰੀ ਨੀਤਿਆਂ ਪੈਦਾ ਕੀਤੀਆਂ ਹਨ ।

ਇਸੇ ਸੰਦਰਭ ਵਿਚ ਅਸੀਂ ਨਿਮਨ ਪ੍ਰਸਨ ਕਰਨਾ ਚਾਹਾਂਗੇ :=

1 ਸਮਾਜਿਕ ਅਲਗਾਵ ਗਰੀਬੀ ਨਾਲ ਕਿਵੇ ਜੁੜੀਆਂ ਹੋਇਆ ਹੈ ?

2 ਕੀ ਇਹ ਬਟਵਾਰਾ ਨਿਆਂ ਦੇ ਭਾਵ ਦੇ ਕਾਰਨ ਹੈ ?

3 ਗਰੀਬਾਂ, ਪਿਛੜੇ ਅਤੇ ਸੀਮਾਂਤ ਲੋਕਾਂ ਨਾਲ ਸਬੰਧਿਤ ਨੀਤੀ-ਨਿਰਮਾਣ ਵਿੱਚ ਕੀ ਗਲਤ ਹੈ ?

4 ਸਮਾਜਿਕ ਲਗਾਵ (ਜੁੜਾਵ) ਵਿੱਚ ਕੀ ਸਮਾਜਿਕ ਮੁਸ਼ਕਿਲਾਂ ਹਨ ?

ਗਰੀਬ ਲੋਕਾਂ ਨੂੰ ਅਵਸਰ ਅਤੇ ਇੱਜਤ ਦੀ ਜਿੰਦਗੀ ਤੋਂ ਹਰ ਪਾਸੇ ਬਾਹਰ ਰੱਖਿਆ ਜਾਂਦਾ ਹੈ । ਜੀਵਨ ਦੇ ਵਿੱਚ ਉਹਨਾਂ ਨੂੰ ਕੀਤਾ ਜਾਂਦਾ ਹੈ । ਇਸ ਪ੍ਰਕਾਰ ਸਮਾਜਿਕ ਅਲਗਾਵ ਦੀ ਧਾਰਨਾ ਗਰੀਬ ਅਤੇ ਸੀਮਿਤਕਰਨ ਦੇ ਨਾਲ ਪਾਈ ਜਾਂਦੀ ਹੈ । ਇਸ ਨਾਲ ਗਰੀਬੀ ਦੇ ਸੰਬੰਧਕਾਰੀ ਅਤੇ ਪਹਿਲੂ ਵੀ ਸ਼ਾਮਿਲ ਹਨ, ਸਮਾਜਿਕ ਲਗਾਵ (ਜੁੜਾਅ) ਨੂੰ ਕਿਵੇ ਪਹਿਚਾਣਦੇ ਹਾਂ ?

ਨੋਟ

ਇਸਦੇ ਸੰਕੇਤ ਕੀ ਹਨ ?

ਨਿਮਨ ਸੰਕੇਤਾਂ ਦੇ ਆਧਾਰ 'ਤੇ ਸਮਾਜਿਕ ਅਲਗਾਵ ਦੀ ਸਥਿਤੀ ਨੂੰ ਸਮਝਿਆ ਜਾ ਸਕਦਾ ਹੈ :–

1 ਗਰੀਬੀ ਦੀ ਬਹੁਪੱਖੀ ਪ੍ਰਕਿਰਤੀ
2 ਲਾਭ ਦੀ ਸਮੱਸਿਆ
3 ਲਾਭ ਨੂੰ ਮਨੋਸਮਾਜਿਕ ਤੱਤ ਸਮਝਣਾ
4 ਕੰਮ ਸੰਸਥਾ ਅਤੇ ਭਾਗੀਦਾਰੀ ਦਾ ਮਹੱਤਵ
5 ਹਿੰਸਾ ਅਤੇ ਵਿਅਕਤਿਕ ਅਸੁਰੱਖਿਆ
6 ਗਰੀਬ ਅਤੇ ਸਮਾਜਿਕ ਅਲਗਾਵ ਦੀ ਤੁਲਨਾ
7 ਗਰੀਬੀ ਅਤੇ ਸਮਾਜਿਕ ਅਲਗਾਵ ਨਾਲ ਲੜਨ ਦਾ ਕਾਰਜਕ੍ਰਮ
8 ਪਹੁੰਚ
9 ਵਿਅਕਤਿਕ ਸੁਰੱਖਿਆ
10 ਹਾਨੀ ਜਾਂ ਸਕੰਟ ਦੀ ਸੰਭਾਵਨਾ
11 ਆਤਮ ਪ੍ਰਤਿਸ਼ਠਾ (ਆਤਮ ਸਨਮਾਨ)

ਕਿਉਂਕਿ ਅਸੀ ਸਮਾਜਿਕ ਅਲਗਾਵ ਦੇ ਦੁਆਰਾ ਅਸਮਾਨਤਾਕਾਰੀ ਸਮਾਜਿਕ ਸਬੰਧਾਂ ਦੀ ਸੰਪੂਰਨਤਾ ਨੂੰ ਸਮਝ ਸਕਦੇ ਹਾਂ, ਜਿਹਨਾਂ ਸੰਸਥਾਵਾਂ ਅਤੇ ਵਿਅਕਤੀਆਂ ਦੇ ਕਾਰਨ ਅਲਗਾਵ ਅਤੇ ਪੈਦਾ ਹੁੰਦੇ ਹਨ , ਉਨਾਂ ਨੂੰ ਜਿੰਮੇਵਾਰ ਬਣਾ ਕੇ ਸਮਾਜਿਕ ਨਿਆਂ ਦੇ ਮਾਪਦੰਡਾਂ ਦੇ ਅਨੁਸਾਰ ਸੁਧਾਇਆ ਜਾ ਸਕਦਾ ਹੈ ।ਸਮਾਜਿਕ ਅਲਗਾਵ ਦੇ ਅਧਿਐਨ ਦੀ ਰੂਪਰੇਖਾ ਦੇ ਸੰਦਰਭ ਵਿੱਚ ਅਸੀ ਨਿਮਨ ਪ੍ਰਸ਼ਨ ਪ੍ਰਸਤੁਤ ਜਾਂ ਪੇਸ਼ ਕਰਨਾ ਚਾਹੁੰਦੇ ਹਾ :

1 ਸਮਾਜਿਕ ਅਲਗਾਵ ਦੇ ਮਾਪਦੰਡ ਕੌਣ ਤੈਅ ਕਰਦਾ ਹੈ ?
2 ਕੀ ਗਰੀਬ ਲੋਕ ਆਪਣੇ ਆਪ ਇੱਕ ਅਲਗਾਵਿਤ ਭਾਗ ਮੰਨਦੇ ਹਾਂ ?
3 ਅਲਗਾਵਿਤ ਸਮੂਹ ਕੌਣ ਹੈ ?
4 ਰਾਜ ਜਾਂ ਸਮਾਜ ਦੀ ਸੱਤਾ ਦਾ ਕਿੰਨਾ ਲੋਕਾਂ ਨੇ ਬਾਇਕਾਟ ਕੀਤਾ ਹੈ ?
5 ਕੀ ਸਮਾਜਿਕ ਦ੍ਰਿਸ਼ਟੀ ਨਾਲ ਐਸੇ ਅਲਗਾਵਿਤ ਲੋਕ ਵੀ ਹਨ, ਜੋ ਗਰੀਬ ਨਹੀ ਹਨ ?
6 ਕੀ ਅਜਿਹੇ ਗਰੀਬ ਲੋਕ ਵੀ ਹਨ, ਜੋ ਸਮਾਜਿਕ ਤੌਰ 'ਤੇ ਅਲਗਾਵਿਤ ਨਹੀ ਹਨ ?
7 ਮੂਲ ਨਿਵਾਸੀ ਸਮੂਹਾਂ, ਇਸਤਰੀਆਂ ਅਤੇ ਹੋਰ ਲੋਕ, ਜੋ ਇੱਕ ਸਮਾਜ ਵਿੱਚ ਆਪਣੇ ਆਪ ਨੂੰ ਸੀਮਿਤ ਮੰਨਦੇ ਹਨ, ਕਿਉਂਕਿ ਉਹਨਾਂ ਨੂੰ ਜੁੜਾਵ ਲਗਾਵ ਦੀਆਂ ਸ਼ਰਤਾਂ ਹੋਰ ਲੋਕਾਂ ਨੇ ਨਿਰਧਾਰਿਤ ਕੀਤਾ ਸੀ ।ਉਨਾਂ ਲੋਕਾਂ ਦੀ ਕੀ ਸਥਿਤੀ ਹੈ ?

### 2.4.3 ਰਾਜ ਅਤੇ ਸਮਾਜਿਕ ਅਲਗਾਵ

ਰਾਜ ਆਪਣੇ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਕੰਮਾਂ ਵਿੱਚ ਲੋਕਾਂ ਨੂੰ ਭਾਗੀਦਾਰੀ ਤੋ ਬਹਰ ਰੱਖਣ ਦੇ ਲਈ ਜਿੰਮੇਵਾਰ ਹੈ । ਭਾਰਤ ਦੇ ਸੰਵਿਧਾਨ ਅਤੇ ਸੰਸਕਾਤਮਕ ਸਰੰਚਲਾਵਾਂ ਅਤੇ ਕੰਮਾਂ ਅਭਿਆਸ ਵਿੱਚ ਅਸਮਾਨਤਾ ਨੂੰ ਨਿਰੰਤਰ ਰੱਖਣ ਦੇ ਛਿੱਪੇ ਹੋਏ ਦੇਖੇ ਜਾ ਸਕਦੇ ਹਨ ।ਮੁੱਖ ਧਾਰਾ ਦੇ ਕੰਮਾਂ ਤੋ ਗਰੀਬ ਬਾਹਰ ਰਹਿੰਦਾ ਹੈ, ਲੇਕਿਨ ਅੱਜ ਸਮਾਜਿਕ ਅਤੇ ਰਾਜਨੀਤਿਕ ਚੇਤਨਾ ਦੇ ਕਾਰਨ ਆਪਣੇ ਨਿਮਨ ਸਕਾਨ ਦੇ ਬਾਰੇ ਵਿੰਚ ਉਹਨਾਂ ਵਿੱਚ ਅਹਿਸਾਸ ਦਾ ਭਾਵ ਆਇਆ ਹੈ। ਕੋਈ ਵੀ ਵਿਅਕਤੀ ਖੁਦ ਅਲਗ ਨਹੀ ਹੁੰਦਾ ਹੈ, ਸਿਵਾਏ ਉਹਨਾਂ ਦੇ ਜੋ ਵਾਸਤਵ ਵਿੱਚ ਸਾਧੂ ਸੰਤ ਹਨ ਅਤੇ ਸੰਸਾਰ ਦਾ ਤਿਆਗ ਕਰ ਚੁੱਕੇ ਹਨ।ਇਹੋ ਜਿਹੇ ਲੋਕ ਬਹੂਤ ਜਿਹੇ ਲੋਕ ਬਹੁਤ ਘੱਟ ਹਨ। ਇਤਿਹਾਸ ਤੋ ਪਤਾ ਲਗਦਾ ਹੈ ਕਿ ਭੱਦਰ ਲੋਕਾਂ ਦੇ ਵਿਰੁੱਧ ਅੰਦੋਲਨ ਅਤੇ ਵਿਰੋਧ ਹੁੰਦੇ ਹਨ ।ਸਾਡਾ ਮਤ ਇਹ ਹੈ ਕਿ ਗਰੀਬ ਲੋਕ ਸਮਾਜਿਕ ਦ੍ਰਿਸ਼ਟੀ ਤੋ ਅਲਗਾਵਿਤ ਹੁੰਦੇ ਹਨ ਅਤੇ ਅਮੀਰ ਲੋਕਾਂ ਦਾ ਐਸਾ ਹੋਣਾ ਇੱਕ ਹੈ ।ਜੋ ਲੋਕ ਸਮਾਜਿਕ ਤੌਰ 'ਤੇ ਅਲਗਾਵਿਤ ਰਹਿੰਦੇ ਹਨ, ਉਹ ਆਪਣੀ ਇੱਛਾ ਨਾਲ ਅਜਿਹਾ ਨਹੀ ਕਰਦੇ, ਪਰੰਤੂ ਸਮਾਜ ਦੇ ਪ੍ਰਭੁਵੀ ਵਰਗ

ਨੋਟ

ਦੇ ਪ੍ਰਭਾਵ ਅਤੇ ਉੱਚਤਾ ਦੇ ਕਾਰਨ ਅਜਿਹਾ ਹੁੰਦਾ ਹੈ ।

ਇਸ ਪ੍ਰਕਾਰ ਸਮਾਜਿਕ ਅਲਗਾਵ ਇੱਕ ਉਤੇਜਨਕਾਰੀ, ਅਸਪੱਸ਼ਟ, ਬਹੁ-ਆਯਾਮੀ ਅਤੇ ਵਿਸ਼ਾਲ ਧਾਰਨਾ ਹੈ, ਇਸ ਨਾਲ ਇਹ ਸਮਝ ਵਿੱਚ ਆਉਦਾ ਹੈ ਕਿ ਇੱਕ ਸਮਾਜ ਵਿੱਚ ਕੌਣ ਲੋਕ ਅਲਗ ਅਲਗ ਅਤੇ ਬਾਹਰੀ ਹਨ। ਕਿਉਂਕਿ ਸਮਾਜ ਇੱਕ ਸਥਿਰ ਇਕਾਈ ਨਹੀ ਹੈ, ਅਖੀਰ ਨਾ ਕੇਵਲ ਸੰਰਚਨਾਤਮਕ ਅਤੇ ਸੱਭਿਆਚਾਰ ਪਵਿਰਵਰਤਨਾ ਦੇ ਅਨੁਰੂਪ ਸਮਾਜਿਕ ਅਲਗਾਵ ਦੀ ਧਾਰਨਾ ਨੂੰ ਹੀ ਸੰਸ਼ੋਧਿਤ ਕਰਨ ਦੀ ਲੋੜ ਹੈ, ਬਲਕਿ ਸਮਾਜਿਕ ਅਲਗਾਵ ਅਤੇ ਲਗਾਵ ਦੀ ਪ੍ਰਕਿਰਤੀ ਨੂੰ ਵੀ ਬਦਲਣਾ ਜ਼ਰੂਰੀ ਹੈ ।

ਅੱਜ ਭਾਰਤ ਵਿੱਚ ਪੋਸ਼ਟਿਕ ਭੋਜਨ, ਪ੍ਰਾਇਮਰੀ ਸਿੱਖਿਆ, ਮੁੱਢਲੀਆਂ ਸਿਹਤ ਸੇਵਾਵਾਂ, ਮਕਾਨ, ਪੀਣ ਦਾ ਪਾਣੀ, ਸ਼ੁੱਧਤਾ, ਸਮਾਜਿਕ ਸੁਰੱਖਿਆ ਆਦਿ ਸਮਾਜਿਕ ਅਲਗਾਵ ਦੇ ਮੁੱਖ ਮੁੱਦੇ ਹਨ। ਅਸੀ ਇਹ ਸਵੀਕਾਰ ਕਰਦੇ ਹਾਂ ਕਿ ਭਾਰਤੀ ਸਮਾਜ ਵਿੱਚ ਲਗਾਵ ਅਤੇ ਅਲਗਾਵ ਇੱਕ ਬਹੁਤ ਪੁਰਾਨੀ ਵਾਸਤਵਿਕਤਾ ਹੈ। ਜਾਤੀਆਂ ਦੇ ਦੀ ਜੜ, ਦੂਰੀ ਅਤੇ ਲਗਾਵ ਅਲਗਾਵ ਦੇ ਸਿਧਾਂਤ ਵਿੱਚ ਸਥਿਤ ਹੈ । ਪਵਿੱਤਰ-ਅਪਵਿੱਤਰ ਦਾ ਸਿਧਾਂਤ ਕੇਵਲ ਲੋਕ ਨੂੰ ਅਪਵਿੱਤਰ ਘੋਸ਼ਿਤ ਕਰ ਬਾਹਰ ਰੱਖਣ ਅਤੇ ਹੋਰ ਲੋਕਾਂ ਨੂੰ ਪਵਿੱਤਰ ਦੱਸ ਕੇ ਸ਼ਾਮਿਲ ਕਰਨ ਦਾ ਤਰੀਕਾ ਹੈ । ਸਮਾਜਿਕ ਤੌਰ 'ਤੇ ਅਲਗਾਵਿਤ ਸਮੂਹਾਂ, ਅਰਥਾਤ ਨਿਮਨ ਜਾਤੀਆਂ ਨੂੰ ਜਾਤੀਆਂ, ਦਲਿਤ, ਅਛੂਤ ਆਦਿ ਨਾਮਾਂ ਨਾਲ ਪੁਕਾਰਿਆ ਜਾਂਦਾ ਗਿਆ ਹੈ । ਸਮਾਜਿਕ ਅਲਗਾਵ ਦੀ ਅਵਧਾਰਨਾ ਤੇ ਪ੍ਰਕਿਰਿਆ ਵਿੱਚ ਘਟਿਤ ਪਰਿਵਰਤਨਾ ਨੂੰ ਨਿਮਨ ਜਾਤੀਆਂ ਦੇ ਪਰਿਵਰਤਨਕਾਰੀ ਮੋੜ ਵਿੱਚ ਸਪੱਸ਼ਟ ਰੂਪ ਵਿੱਚ ਦੇਖ ਸਕਦੇ ਹਾਂ । ਆਦਿਵਾਸੀ ਲੋਕਾਂ ਅਤੇ ਮੂਲ ਨਿਵਾਸਿਆਂ ਦੇ ਸਮੂਹਾਂ ਨੂੰ ਭੂਮੀ ਅਤੇ ਤੋ ਕਰ ਕੀਤਾ ਗਿਆ ਹੈ । ਦੇ ਵਿਰੁੱਧ ਅਨੇਕ ਅੰਦੋਲਨਾਂ ਅਤੇ ਵਿਦਰੋਹਾਂ ਤੋ ਦੂਰ ਰੱਖੇ ਹੋਏ ਲੋਕਾਂ ਦੁਆਰਾ ਪ੍ਰਵੇਸ਼ ਅਤੇ ਲਗਾਵ ਦੇ ਲਏ ਅਲਗਾਵ ਅਤੇ ਸੰਘਰਸ਼ ਦੀ ਗੱਲ ਪ੍ਰਮਾਣਿਤ ਹੁੰਦ ਹੈ । ਇਸਤਰੀਆਂ ਦੇ ਸ਼ੋਸ਼ਣ ਅਤੇ ਅਧੀਨਤਾ ਦੇ ਵਿਰੁੱਧ ਪ੍ਰਮਾਣ ਹੈ । ਪਿਤਰਮੱਤਾ, ਪੁਰਸ਼ ਪ੍ਰਧਾਨ ਸਮਾਜ ਵਿੱਚ ਇੱਕ ਕਰੂਰ ਸ਼ਸਤਰ ਹੈ । ਗਰੀਬ ਲੋਕ ਪੋਸ਼ਟਿਕ ਭੋਜਨ, ਸਿੱਖਿਆ ਸਿਹਤ ਸੁਵਿਧਾ, ਰੋਜ਼ਗਾਰ, ਨਿਰਮਾਣ ਪ੍ਰਕਿਰਿਆ ਵਿੱਚ ਭਾਗੀਦਾਰੀ ਅਤੇ ਹੋਰ ਸਬੰਧਿਤਘ ਸੁਵਿਧਾਵਾਂ ਤੋ ਵਾਂਝਾ ਹੈ । ਇਸ ਦੋਸ਼ ਦੇ ਲਈ ਕੌਣ ਜਿੰਮੇਵਾਰ ਹੈ ? ਸਵਤੰਤਰਤਾ ਤੋ ਬਾਅਦ ਰਾਜ ਦੇ ਕੰਮਾਂ 'ਤੇ ਸਾਨੂੰ ਸਾਵਧਾਨੀਪੂਰਵਕ ਦੇਖਣਾ ਹੋਵੇਗਾ । ਕਿਉਂ ਅਮੀਰ ਲੋਕ ਅਮੀਰ ਰਹਿੰਦੇ ਹਨ ਜਾਂ ਜ਼ਿਅਦਾ ਅਮੀਰ ਬਣਦੇ ਹਨ ? ਇਹ ਪ੍ਰਸ਼ਨ ਅੱਜ ਵੀ ਬਹੁਤ ਗੰਭੀਰ ਹੈ ਅਤੇ ਸ਼ਾਇਦ ਭਵਿੱਖ ਵਿੱਚ ਬਣਿਆ ਰਹੇਗਾ ।

## 2.5 ਗਰੀਬੀ ਅਤੇ ਵੰਚਣ (Poverty and Deprivation)

ਗਰੀਬੀ ਅਤੇ ਅਸਮਾਨਤਾ ਭਿੰਨ ਸਮਾਜਾਂ ਵਿੱਚ ਭਿੰਨ-ਭਿੰਨ ਵਿੱਚ ਇੱਕ ਸਾਥ ਰਹਿੰਦੀ ਹੈ। ਜਿਹਨਾਂ ਕਾਰਨਾਂ ਕਰਕੇ ਅਮਸਾਨਤਾ ਨਿਰੰਤਰ ਰਹਿੰਦੀ ਹੈ, ਉਹਨਾਂ ਦੇ ਪਰਿਣਾਮਸਰੂਪ ਗਰੀਬੀ ਪਾਈ ਜਾਂਦੀ ਹੈ, ਲੇਕਿਨ ਸਮਾਨਤਾ ਪ੍ਰਾਪਤ ਕਰਨ ਚ ਜਾਂ ਗਰੀਬੀ ਵਿੱਚ ਆਉਣ ਵਾਲੀਆਂ ਸਮਾਜਿਕ ਅੜਚਨਾ ਹਰ ਸਮਾਜ ਵਿੱਚ ਇੱਕੋ ਜਿਹੀ ਨਹੀ ਹੁੰਦੀ ਹੈ । ਕੁੱਝ ਸਮਾਜਾਂ ਵਿੱਚ, ਜਾਤੀ ਅਤੇ ਪ੍ਰਜਾਤੀ ਬਹੁਤ ਵੱਡੀ ਸਮੱਸਿਆ ਹੋ ਸਕਦੀ ਹੈ। ਜਦਕਿ ਬਾਕੀ ਸਮਾਜਾਂ ਵਿੱਚ ਆਰਥਿਕ ਅਵਸਰ ਅਤੇ ਸਾਧਨਾਂ ਦੀ ਕਮੀ ਅਤੇ ਨਿਰੰਤਰਿਤ ਆਰਥਿਕ ਅਤੇ ਰਾਜਨੀਤਿਕ ਅਸਮਾਨਤਾਵਾਂ ਰੋੜਾ ਹੋ ਸਕਦੀਆਂ ਹਨ। ਸੱਚ ਤਾਂ ਇਹ ਹੈ ਕਿ ਗਰੀਬਾਂ ਨੂੰ ਆਪਣੀ ਹਾਲਤ ਸੁਧਾਰਾ ਦੇ ਲਈ ਅਵਸਰਾਂ ਤੋ ਵਾਂਝੇ ਰੱਖਿਆ ਜਾਂਦਾ ਹੈ ਜਾਂ ਕਿਉਕਿ ਲੋਕ ਗਰੀਬ ਹਨ, ਹਿਸ ਲਈ ਉਨਾਂ ਲੋਕਾਂ ਦੇ ਨਾਲ ਪ੍ਰਤੀਯੋਗਤਾ ਨਹੀ ਕਰ ਸਕਦੇ ਹਨ, ਜੋ ਗਰੀਬ ਨਹੀ ਹਨ, ਕਿਉਕਿ ਉਹ ਮੌਕਿਆਂ ਅਤੇ ਸਾਧਨਾਂ ਤੱਕ ਸਫਲਤਾ ਪੂਰਵਕ ਪਹੁੰਚ ਰੱਖਦੇ ਹਨ।

ਭਾਰਤ ਦੇ ਸੰਵਿਧਾਨ ਵਿੱਚ, ਰਾਜ ਦੇ ਨੀਤੀ ਨਿਰਦੇਸ਼ਕ ਸਿਧਾਤਾਂ ਵਿੱਚ ਵਰਣਨ ਹੈ ਕਿ ਰਾਜ ਇੱਕ ਐਸੀ ਸਮਾਜਿਕ ਵਿਵਸਥਾ ਦੇ ਲਈ ਕੋਸ਼ਿਸ਼ ਕਰੇਗਾ, ਜਿਸ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆ ਹੋਵੇਗਾ। ਸਾਰੇ ਸੰਸਥਾਵਾਂ ਵਿੱਚ ਅਜਿਹਾ ਹੋਵੇਗਾ ਅਤੇ ਸਾਰੇ ਨਾਗਰਿਕਾਂ, ਪੁਰਸ਼ਾਂ ਅਤੇ ਸਹਿਲਾਵਾਂ ਦੇ ਜੀਵਨਯਾਪਨ ਦੇ ਯੋਗ ਸਾਧਨਾਂ ਦੇ ਲਈ ਸਮਾਜਨ ਅਧਿਕਾਰ ਹੋਵੇਗਾ ਅਤੇ ਆਰਥਿਕ ਵਿਵਸਥਾ ਦਾ ਸੰਚਾਲਨ ਐਸਾ ਹੋਵੇਗਾ। ਜਿਸ ਵਿੱਚ ਹਿੱਤਾਂ ਦੀ ਕੀਮਤ 'ਤੇ ਕੁੱਝ ਲੋਕਾਂ ਦੇ ਕੋਲ ਦੌਲਤ ਅਤੇ ਉਤਪਾਦਨ ਦੇ ਸਾਧਨਾਂ ਦਾ ਕੇਦਰੀਕਰਨ ਨਹੀ ਹੋਵੇਗਾ। ਪ੍ਰਸ਼ਨ ਇਹ ਹੈ ਕਿ ਰਾਸ਼ਟਰੀ ਦ੍ਰਿਸ਼ਟੀ ਤੋ ਨਿਮਨ ਜੀਵਨ ਸਤਰ ਕੀ ਹੋਣਾ ਚਾਹੀਦਾ ? ਰਾਜ ਦੇ ਲੋਕਾਂ ਦੀ ਸਿੱਖਿਆ ਅਤੇ ਸਿਹਤ ਦੇ ਲਈ ਸੁਵਿਧਾਵਾਂ, ਵਿਸ਼ੇਸ਼ ਤੌਰ 'ਤੇ ਉਨਾਂ ਲੋਕਾਂ ਦੇ ਲਈ, ਜੋ ਆਪਣੇ ਆਪ ਪ੍ਰਬੰਧ ਨਹੀ ਕਰ ਸਕਦੇ ਹਨ, ਪ੍ਰਦਾਨ ਕਰਨੀਆਂ ਚਾਹੀਦੀਆਂ। ਨਿੱਜੀ ਉਪਭੋਗ ਦੇ ਲਈ ਇੱਕ ਵਿਅਕਤੀ ਦੇ ਭੋਜਨ, ਕਪੜੇ, ਮਕਾਨ

ਨੋਟ

ਪਾਣੀ, ਬਿਜਲੀ ਅਤੇ ਇਹੋ ਜਿਹੀਆਂ ਕਈ ਮੂਲ ਜ਼ਰੂਰਤਾਂ ਦਾ ਪ੍ਰਬੰਧ ਕਰਨਾ ਪੈਦਾ ਹੈ ।ਇਹਨਾਂ ਸੱਭ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਜੀਵਨ ਜਿਉਣਾ ਅਤੇ ਆਮਦਨ ਦਾ ਨਿਮਨ ਸਤਰ ਕਿਵੇ ਨਿਰਧਾਰਿਤ ਕੀਤਾ ਜਾ ਸਕਦਾ ਹੈਂ ?

ਟਾਸਕ ਪੌੜੀ–ਦਰ–ਪੌੜੀ (ਦੇਵ–ਸ਼੍ਰੇਣੀ) ਸਿਧਾਂਤ ਤੋ ਤੁਸੀ ਕੀ ਸਮਝਦੇ ਹੋ ?

### 2.5.1 ਗਰੀਬੀ ਰੇਖਾ ਦੀ ਸਮਝ

ਗਰੀਬੀ ਨੂੰ ਪਰਿਭਾਸ਼ਿਤ ਕਰਨ ਦੇ ਲਈ ਵੀ ਐਮ ਡਾਂਡੇਕਰ ਅਤੇ ਨੀਪਕੰਠ ਰੱਥ ਨੇ ਊਰਜ਼ਾ ਦੀ ਜ਼ਰੂਰਤ ਨੂੰ ਇੱਕ ਕਸੌਟੀ ਮੰਨਿਆ ਸੀ। ਗਰੀਬੀ ਰੇਖਾ ਨੂੰਪਰਿਭਾਸ਼ਿਤ ਕਰਨ ਦੇ ਲਈ ਖਰਚ ਕਰਨ ਦੇ ਉਸ ਸਤਰ ਨੂੰ ਮੰਨਿਆ ਸੀ, ਜਿੱਕੇ ਔਸਤਨ ਪਰਿਵਾਰ ਪ੍ਰਤੀਦਿਨ, ਪਤੀ ਵਿਅਕਤੀ 2,250 ਕੈਲੌਰੀ ਦੀ ਜ਼ਰੂਰਤ ਪੂਰੀ ਕਰਦਾ ਸੀ ।ਇਸ ਨੂੰ ਆਧਾਰ ਮੰਨ ਕੇ, ਡਾਂਡੇਕਰ ਅਤੇ ਰੱਥ ਨੇ 1960=61 ਵਿੱਚ ਕੈਲੌਰੀ ਦੇ ਸ਼ਦਰਭ ਵਿੱਚ ਇੱਕ ਖੁਰਾਕ ਦੇ ਲਈ, ਪ੍ਰਤੀ ਵਿਅਕਤੀ 170 ਰੁਪਏ ਸਲਾਨਾ ਉਪਭੋਗ ਖਰਚ ਸੁਝਾਇਆ ਾ ਸੀ । ਪ੍ਰਤੀ ਵਿਅਕਤੀ ਨਗਰ ਵਿੱਚ ਸਲਾਨਾ ਸਤਰ 271 ਰੁਪਏ ਦੇ ਖਰਚ ਨੂੰ ਸਲਾਨਾ ਪ੍ਰਤੀ ਵਿਅਕਤੀ ਪੇਡੂ ਸੰਦਰਭ ਵਿੱਚ 170 ਰੁਪਏ ਦੇ ਖਰਚ ਦੇ ਬਰਾਬਰ ਮੰਨਿਆ ਗਿਆ ਸੀ ।ਖਰਚ ਦੇ ਸਤਰ ਨੂੰ ਗਰੀਬੀ ਰੇਖਾ ਦਾ ਨਾਮ ਦਿੱਤਾ ਗਿਆ ਹੈ ।

ਭਿੰਨ–ਭਿੰਨ ਪਰਿਸਥਿਤੀਆਂ ਅਤੇ ਵਿਭਿੰਨ ਦ੍ਰਿਸ਼ਟੀਕੋਣ ਨਾਲ ਸੇਨ ਨੇ ਗਰੀਬੀ ਦੀ ਸੰਕਲਪਨਾ ਦਾ ਵਿਵੇਚਨ ਕੀਤਾ ਹੈ ।ਆਮਦਨ ਦੇ ਸਤਰ ਅਤੇ ਲੋਕਾਂ (ਵਿਅਕਤੀਆਂ ਦੀ ਗਿਣਤੀ) 'ਤੇ ਆਧਾਰਿਤ ਗਰੀਬੀ ਦੇ ਪਰੰਪਰਾਗਤ ਮਾਪ ਦੇ ਮਹੱਤਵ ਨੂੰ ਸਮਝਦੇ ਹੋਏ ਸੇਨ ਦੇ ਅਨੁਸਾਰ ਦੋ ਵਿਵਿਸ਼ਟ ਪਰੰਤੂ ਅੰਤਰ ਸੰਬਧਿਤ ਤਰੀਕਿਆਂ ਨਾਲ ਗਰੀਬੀ ਦਾ ਮਾਪਦੰਡ ਤੈਅ ਕੀਤਾ ਜਾ ਸਕਦਾ ਹੈ ।ਇਹ ਹੈ 1 ਗਰੀਬਾਂ ਦੀ ਪਹਿਚਾਨ ਅਤੇ 2 ਗਰੀਬਾਂ ਦੀ ਪੂਰਨ ਸੂਚੀ ਬਣਾਉਣ ਦੇ ਲਈ ਪਹਿਚਾਣੇ ਗਰੀਬਾਂ ਦੇ ਬਾਰੇ ਵਿੰਚ ਅੰਕੜਿਆਂ ਦਾ ਸੰਕਲਨ ਇਹਨਾਂ ਦੋਨਾਂ ਤਰੀਕਿਆਂ ਦੁਆਰਾ ਲੋਕਾਂ ਦੀ ਨਿਮਨ ਆਮਦਨ ਦੇ ਆਧਾਰ 'ਤੇ ਦੇਖ ਸਕਦੇ ਹਾਂ, ਪਰੰਤੂ ਸੇਨ ਗਰੀਬਾਂ ਦੇ ਮਾਪਦੰਡਾਂ ਦੇ 'ਵਿਅਕਤੀਆਂ' ਦੀ ਗਿਣਤੀ ਅਤੇ 'ਸੰਕਲਨ' ਦੋਵਾਂ ਨੂੰ ਦੋਸ਼ਪੂਰਣ ਮੰਨਦੇ ਹਨ ।ਸੇਨ ਦੁਆਰਾ ਪੇਸ਼ ਉਦਾਹਰਨ ਤੋ ਇਹ ਗੱਲ ਸਪੱਸ਼ਟ ਹੁੰਦੀ ਹੈ ।ਸੇਨ ਦਾ ਕਹਿਣਾ ਹੈ ਕਿ 'ਦੋ ਵਿਅਕਤੀਆਂ ਨੂੰ 1 ਅਤੇ 2 ਮੰਨੇ ਵਿਅਕਤੀ ਦੀ ਆਮਦਨ ਦਾ ਸਤਰ ਵਿਅਕਤੀ 2 ਤੋਂ ਕੁੱਝ ਘੱਟ ਹੈ ।ਪਰੰਤੂ 2 ਨੂੰ ਗੁਰਦੇ ਦੀ ਬਿਮਾਰੀ ਹੈ,ਜਿਸਦੇ ਕਾਰਨ ਉਸਨੂੰ ਡਾਬੀਲਿਸਿਸ ਮਸ਼ੀਨ ਦੀ ਜ਼ਰੂਰਤ ਹੈ ਅਤੇ ਜਿਸਦੇ ਲਈ ਬਹੁਤ ਖਰਚ ਕਰਨਾ ਪੈਦਾ ਹੈ, ਅਤੇ ਜਿਸਦੇ ਲਈ ਬਹੁਤ ਖਰਚ ਕਰਨਾ ਪੈਦਾ ਹੈ ਅਤੇ ਇਸਲਈ ਵਿਅਕਤੀ 1 ਤੋ ਜ਼ਿਆਦਾ ਵਿਅਕਤੀ 2 ਦਾ ਜੀਵਨ ਗਰੀਬੀ ਗ੍ਰਸਤ ਹੈ ।ਦੋਨਾਂ ਵਿੱਚੋ ਜ਼ਿਆਦਾ ਗਰੀਬ ਕੌਣ ਹੈ, ਵਿਅਕਤੀ ।ਕਿਉਂ ਕਿ ਉਸਦੀ ਆਮਦਨ ਘੱਟ ਹੈ, ਜਾਂ ਵਿਅਕਤੀ 2. ਕਿਉਂਕਿ ਉਸਦੀ ਸਕਤੀ ਜ਼ਿਆਦਾ ਸੀਮਿਤ ਹੈ।"

### 2.5.2 ਗਰੀਬੀ ਦੇ ਵਰਣਾਤਮਕ ਅਤੇ ਨੀਤੀ ਸਵਰੂਪ

ਉਪਰੋਕਤ ਉਦਾਹਰਨ ਦੇ ਆਧਾਰ 'ਤੇ ਗਰੀਬੀ ਵਰਣਨਾਤਮਕ ਅਤੇ ਨੀਤੀ ਸਵਰੂਪਾਂ (ਦੋਨਾਂ) ਵਿੱਚ ਦੇਖੀ ਜਾ ਸਕਦੀ ਹੈ ।ਪਹਿਲਾਂ ਦ੍ਰਿਸ਼ਟੀਕੌਣ ਵਿੱਚ ਗਰੀਬੀ ਦੀ ਪਹਿਚਾਨ ਦੁਆਰਾ ਵੰਚਣ ਨੂੰ ਸਵੀਕਾਰ ਕਰਨਾ ਹੈ ।ਅਸੀਂ ਜਾਣ ਸਕਦੇ ਹਾਂ ਕਿ ਸਮਾਜ ਵਿੱਚ ਵਾਸਤਵ ਵਿੱਚ ਕੌਣ ਲੋਕ ਹਨ। ਦੂਸਰੇ ਦ੍ਰਿਸ਼ਟੀਕੌਣ ਵਿੱਚ ਨੀਤੀ ਸਿਫਾਰਿਸ਼ ਦੇ ਨਾਲ ਗਰੀਬੀ ਮਾਤਰ ਪਹਿਚਾਣੀ ਜਾਂਦੀ ਹੈ, ਅਰਥਾਤ ਗਰੀਬੀ ਦੇ ਲਈ ਕੁੱਝ ਕਰਨ 'ਤੇ ਬਲ ਦਿੱਤਾ ਜਾਂਦਾ ਹੈ। ਸਰਵਜਨਿਕ ਪ੍ਰੋਗਰਾਮ 'ਤੇ ਧਿਆਨ ਦਿੱਤੇ ਜਾਣ ਦੇ ਕਾਰਨ ਪਹਿਲਾਂ ਦ੍ਰਿਸ਼ਟੀਕੌਣ ਬਣ ਜਾਂਦਾ ਹੈ ।ਲੇਕਿਨ ਸੇਨ ਦਾ ਮਤ ਹੈ ਵਰਣਨਾਤਮਕ ਦ੍ਰਿਸ਼ਟੀਕੌਣ ਨੀਤੀ ਦੇ ਚੁਣਨ ਤੋ ਪਹਿਲਾਂ ਆਉਣਾ ਚਾਹੀਦਾ। ਪਹਿਲੇ ਵੰਚਣ ਦਾ ਕਰ ਅਤੇ ਉਸਦੇ ਬਾਅਦ ਗਰੀਬੀ ਹਟਾਉਣ ਦੇ ਤਰੀਕੇ ਅਤੇ ਸਾਧਨਾਂ ਦੇ ਬਾਰੇ ਵਿੱਚ ਨਿਰਣਾ ਕਰੋ। ਸੇਨ ਦੇ ਅਨੁਸਾਰ ਗਰੀਬੀ ਨੂੰ ਦੀ ਅਸਫਲਤਾ ਦੇ ਸੰਦਰਭ ਵਿੱਚ ਬਿਹਤਰ ਸਮਝ ਸਕਦੇ ਹਾਂ, ਬਜਾਏ ਵਿਸ਼ੇਸ਼ ਵਸਤੂਆਂ ਦੀਆਂ ਮੂਲ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਅਸਫ਼ਲ ਦੇ ਜ਼ਿਕਰ ਵਿੱਚ।

ਨੋਟ

ਇੱਕ ਹਾਲ ਹੀ ਵਿੱਚ ਪ੍ਰਕਾਸ਼ਿਤ ਨਵੀ ਪੁਸਤਕ 'ਡਿਵੇਲਪਮੈਂਟ ਇਜ਼ ਫਰੀਡਮ' ਵਿੱਚ ਸੇਨ ਨੇ ਸਪੱਸ਼ਟ 'ਗਰੀਬੀ ਨੂੰ ਦੀ ਦਿੱਤੀ ਹੈ। ਸੇਨ ਨੇ ਨਿਮਨ ਵਿਚਾਰ ਪ੍ਰਗਟ ਕੀਤੇ ਹਨ :–

1 ਦੇ ਦੁਆਰਾ ਗਰੀਬੀ ਨੂੰਠੀਕ ਤਰਾਂ ਨਾਲ ਪਹਚਿਾਣ ਸਕਦੇ ਹਾਂ । ਇਸ ਦੁਆਰਾ ਮੂਲ ਰੂਪ ਨਾਲ ਮਹੱਤਵ ਪੂਰਨ( ਨਿਆਂ ਆਮਦਨ ਵਰਗੇ ਨਹੀ, ਜੋ ਇੱਕ ਸਹਾਇਤਾਮਕ ਰੂਪ ਵਿੱਚ ਮਹੱਤਵਪੂਰਨ ਹੈ ) 'ਤੇ ਧਿਆਨ ਦਿੱਤਾ ਜਾਂਦਾ ਹੈ ।

2 ਤੇ ਪ੍ਰਭਾਵ ਪੈਦਾ ਹੈ ਅਤੇ ਇਸ ਪ੍ਰਕਾਰ ਘੱਟ ਆਮਦਨ ਦੇ ਇਲਾਵਾ, ਵਾਸਤਵਿਕ ਗਰੀਬੀ ਪ੍ਰਭਾਵਿਤ ਹੁੰਦੀ ਹੈ ਆਮਦਨ ਦੇਵਲ ਕਾਬਲੀਅਤ ਨੂੰ ਨਿਰਮਤ ਕਰਨ ਦਾ ਹੀ ਉਪਾਅ ਨਹੀ ਹੈ ।

3 ਨਿਮਨ ਅਤੇ ਨਿਮਨ ਕਾਬਲੀਅਤ ਦੇ ਵਿੰਚ ਸੰਬੰਧ ਵਿਭਿੰਨ ਸਮੂਹਾਂ ਅਤੇ ਇੱਥੋ ਤੱਕ ਵਿਭਿੰਨ ਪਰਿਵਾਰਾਂ ਅਤੇ ਵਿਭਿੰਨ ਵਿਅਕਤੀਆਂ ਦੇ ਵਿੱਚ ਪਰਿਵਤਨਕਾਰੀ (ਪਰਸਥਿਤੀਜਨਕ ਅਤੇ ਪ੍ਰਭਾਵ ਆਮਦਨ ਦੀ ਕਾਬਲੀਅਤ 'ਤ)' ਹੈ ।

ਤੀਜ਼ਾ ਮੁੱਦਾ ਅਸਮਾਨਤਾ ਜਾਂ ਗਰੀਬੀ ਨੂੰ ਘੱਟ ਕਰਨ ਵਿੱਚ ਪਬਲਿਕ ਪ੍ਰੋਗਰਾਮ ਨੂੰ ਸਮਝ ਅਤੇ ਉਸਦੇ ਮੁੱਲਾਂਕਣ ਕਰਨ ਦੇ ਸੰਦਰਭ ਵਿੱਚ ਵਿਸ਼ੇਸ਼ ਅਤੇ ਉਸਦੇ ਮੁੱਲਾਂਕਣ ਕਰਨ ਦੇ ਸੰਦਰਭ ਵਿੱਚ ਵਿਸ਼ੇਸ਼ ਮਹੱਤਵਪੂਰਨ ਹੈ । ਵਾਸਤਵਿਕ ਗਰੀਬੀ ਕਾਬਲੀਅਤ ਦੀ ਦੁਆਰਾ ਦੇਖੀ ਜਾਂਦੀ ਹੈ । ਇੱਕ ਵਿਅਕਤੀ ਦੀ ਕਾਬਲੀਅਤ ਦੇ ਨਿਰਮਾਣ ਵਿੰਚ ਉਮਰ, ਯੌਨ, ਬਿਮਾਰੀ ਜਾਂ ਹੋਰ ਕਾਬੀਅਤ ਰੋੜਾ ਬਣਾ ਸਕਦੀ ਹੈ । ਭਾਰਤੀ ਪਰਿਵਾਰਾਂ ਵਿੱਚ ਲੜਕੀ ਦੀ ਬਜਾਇ ਲੜਕੇ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ । ਕੁੱਝ ਜਾਤੀਆਂ ਅਤੇ ਸਮੂਹਾਂ ਦੇ ਵਿਸ਼ੇਸ਼ ਉਤਸਵਾਂ ਅਤੇ ਪ੍ਰੋਗਰਾਮਾਂ ਵਿੱਚ ਭਾਗੀਦਾਰ ਨਹੀ ਹੋਣ ਦਿੱਤਾ ਜਾਂਦਾ ਹੈ। ਸੇਨ ਦੇ ਅਨੁਸਾਰ ਕਾਬਲੀਅਤ ਦੇ ਦ੍ਰਿਸ਼ਟੀ ਕੋਣ ਦੁਆਰਾ ਗਰੀਬ ਪ੍ਰਕਿਰਤੀ ਅਤੇ ਕਾਰਨਾਂ ਦੇ ਬਾਰੇ ਵਿੱਚ ਸਮਝ ਵਧਦੀ ਹੈ, ਕਿਉਕਿ ਇਸਦੇ ਦੁਆਰਾ ਸਾਧਨਾਂ ਤੋ ਸਾਧਨਾਂ ਦੇ ਵੱਲ ਉਨਾਂ ਸਵਤੰਤਰਤਾਵਾਂ ਦੇ ਵੱਲ ਧਿਆਨ ਚਲਾ ਜਾਂਦਾ ਹੈ । ਜਿਸ ਵਿੱਚ ਇਹਨਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ।

### 2.5.3 ਭਾਰਤ ਵਿੱਚ ਗਰੀਬੀ

ਹਰੀ ਕ੍ਰਾਂਤੀ ਤੋ ਪਹਿਲਾਂ, ਭਾਰਤ ਵਿੱਚ ਜਾਤੀ ਅਤੇ ਖੇਤੀ ਭੂਮੀ ਨਾਲ ਜੁੜਾਵ ਸੀ । ਭਗਭਗ ਇਸ ਪ੍ਰਕਾਰ ਦਾ ਨਾਤਾ ਜਾਤੀ ਅਤੇ ਵਪਾਰ ਦੇ ਵਿੱਚ ਵੀ ਸੀ । ਦੂਸਰੇ ਸ਼ਬਦਾਂ ਵਿੱਚ ਜੇਕਰ ਇੱਕ ਜਾਤੀ ਦੀ ਸ਼੍ਰੇਣੀ ਉੱਚ ਸੀ ਤੇ ਭੂਮੀ 'ਤੇ ਉਸਦਾ ਨਿਯੰਤਰਣ ਅਤੇ ਆਮਦਨ ਵਪਾਰਾਂ 'ਤੇ ਪਕੜ ਵੀ ਜ਼ਿਆਦਾ ਸੀ । ਹਰੀ ਕ੍ਰਾਂਤੀ ਸਹਿਤ ਸਰੰਚਲਾਤਮਕ ਪਰਿਵਰਤਨਾਂ ਨਾਲ ਬਰਾਬਰ ਪੇਡੂ ਲੋਕਾਂ ਨੂੰ ਲਾਭ ਪ੍ਰਾਪਤ ਹੋਇਆ ਹੈ, ਜੇਕਰ ਐਸਾ ਅਸਮਾਨ ਅਨੁਪਾਤ ਵਿੱਚ ਹੋਇਆ ਹੈ । ਸਵਤੰਤਰਤਾ ਤੋ ਬਾਅਦ 6 ਦਸ਼ਕਾਂ ਵਿੱਚ ਅਨੇਕ ਨਿਰਪੱਖ ਜਾਂ ਗੈਰਜਾਤੀ ਕੰਮ ਉੱਭਰੇ ਹਨ , ਜਿਨ੍ਹਾਂ 'ਤੇ ਜਾਤੀ ਅਧਾਰਿਤ ਪਹੁੰਚ ਨਹੀ ਪਾਈ ਜਾਂਦੀ ਹੈ । ਕੁੱਝ ਅਧਿਕ ਆਮਦਨ ਅਤੇ ਨਵੇ ਵਪਾਰਾਂ 'ਤੇ ਸਮਾਜ ਦੇ ਸਾਧਨ ਵਰਗਾਂ ਉੱਭਰ ਕਬਜ਼ਾ ਕਰ ਲਿਆ ਹੈ ।

ਭੂਤਕਾਲ ਵਿੱਚ ਸੀਮਾਂਤ ਅਤੇ ਭੂਮੀਹੀਣ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਬਹੁਤ ਕਸ਼ਤ ਉਠਾਉਣੇ ਪੈਂਦੇ ਸੀ। ਪਰ ਰੁਜ਼ਗਾਰ ਦੀਆਂ ਅਨੇਕਾਂ ਯੋਜਨਾਵਾਂ ਅਤੇ ਦੈਨਿਕ ਮਿਹਨਤ ਵਿੱਚ ਵਾਧੇ ਦੇ ਕਾਰਣ ਗਰੀਬੀ ਦੀ ਗਹਿਰਾਈ ਨੂੰ ਘੱਟ ਕਰਨ ਵਿੱਚ ਸਪੱਸ਼ਟ ਸੁਧਾਰ ਦਿਖਾਈ ਦਿੰਦਾ ਹੈ। ਕਸਬਿਆਂ ਅਤੇ ਸ਼ਹਿਰਾਂ ਵਿੱਚ ਵੱਸਣ ਨਾਲ ਵੀ ਗਰੀਬੀ ਦੀ ਦਰ ਵਿੱਚ ਗਿਰਾਵਟ ਆਈ ਹੈ।

ਗਰੀਬੀ ਦਾ ਮੁੱਖ ਕਾਰਨ ਬੇ–ਰੁਜ਼ਗਾਰੀ (ਅੱਧ–ਰੁਜ਼ਗਾਰ ਸਹਿਤ) ਹੈ। ਅਲਪ ਵੇਤਨ ਅਤੇ ਇੱਕ ਪਰਿਵਾਰ ਦੇ ਮੈਂਬਰਾਂ ਦੀ ਇੱਕ ਜਾਂ ਦੋ ਕਮਾਉਣ ਵਾਲਿਆਂ 'ਤੇ ਨਿਰਭਰ ਵੀ ਗਰੀਬੀ ਦੇ ਕਾਰਣ ਹਨ। ਪੇਂਡੂ ਅਤੇ ਸ਼ਹਿਰਾਂ ਦੋਨਾਂ ਦ੍ਰਿਸ਼ਟੀਕੋਣਾਂ ਵਿੱਚ ਅਸਮਾਨਤਾਵਾਂ ਲਗਾਤਾਰ ਵੱਧ ਰਹੀਆਂ ਹਨ ਅਤੇ ਬਦਲ ਰਹੀਆਂ ਹਨ ਅਤੇ ਇਸ ਵਿੱਚ ਨਿਵਾਸ, ਬਿਜਲੀ–ਪਾਣੀ ਅਤੇ ਸਵੱਛਤਾ ਦੀਆਂ ਸਮੱਸਿਆਵਾਂ ਜ਼ਿਆਦਾ ਗੰਭੀਰ ਹਨ। ਅਣ–ਅਧਿਕਾਰਿਤ ਬਸਤੀਆਂ, ਚਾਲ, ਝੁੱਗੀ, ਝੌਂਪੜੀਆਂ ਅਤੇ ਝੋਪੜ–ਪੱਟੀਆਂ, ਨਗਰੀ ਗਰੀਬ ਦੇ ਨਿਵਾਸ ਲਈ ਆਮ ਨਾਮ ਹਨ। ਮੁੰਬਈ ਅਤੇ ਕਲਕੱਤਾ ਵਿੱਚ ਉਥੇ ਦੀ ਜੰਨ–ਸੰਖਿਆ ਦਾ ਲਗਭਗ 30 ਪ੍ਰਤੀਸ਼ਤ ਭਾਗ ਅਣ–ਅਧਿਕਾਰਿਤ ਬਸਤੀਆਂ ਵਿੱਚ ਰਹਿੰਦਾ ਹੈ। ਮਹਾਂਨਗਰ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਗੰਦੀਆਂ ਬਸਤੀਆਂ ਵਿੱਚ ਵਾਧਾ ਬਹੁਤ ਜ਼ਿਆਦਾ ਅਤੇ ਤੇਜ਼ ਗਤੀ ਨਾਲ ਹੋਇਆ ਹੈ।

ਆਸਕਰ ਲੇਵਿਸ ਦਾ ਮੱਤ ਹੈ ਕਿ ਸ਼ਹਿਰ, ਗੰਦੀਆਂ ਬਸਤੀਆਂ, ਗਰੀਬ ਅਤੇ ਇੱਕ ਵਿਸ਼ੇਸ਼ ਸੰਸਕ੍ਰਿਤੀ ਇੱਕ ਸਾਰ ਘਟਿਤ ਸਰੂਪ ਹੈ। 'ਗਰੀਬ ਦਾ ਸੱਭਿਆਚਾਰ' ਸਿਰਫ਼ ਖੰਡਣ ਜਾਂ ਘਟਨਾ ਦਾ ਮਾਮਲਾ ਨਹੀਂ ਹੈ। ਪਰ ਮਨੁੱਖੀ ਸਮੱਸਿਆਵਾਂ ਦੇ ਲਈ ਨਿਸ਼ਚਿਤ ਉਪਾਵਾਂ ਦੇ

ਨੋਟ

ਨਾਲ ਜਿਉਣ ਦਾ ਇੱਕ ਤਰੀਕਾ ਹੈ। ਲੇਵਿਸ ਨੇ ਇਹ ਸ਼ਹਿਰ ਲੈਟਿਨ ਅਮਰੀਕਾ ਅਤੇ ਨਿਊਯਾਰਕ ਵਿੱਚ ਦੇਖਿਆ ਹੈ। ਗਰੀਬ ਦੀ ਸੰਸਕ੍ਰਿਤੀ, ਸ਼ਹਿਰੀ ਗੰਦੀਆਂ ਬਸਤੀਆਂ ਵਿੱਚ ਇੱਕ ਉਪ ਸੰਸਕ੍ਰਿਤੀ ਹੈ।

ਲੇਵਿਸ ਨੇ ਕਿਹਾ ਹੈ ਕਿ ਵਾਡੇ ਸਮਾਜ ਦੀਆਂ ਪ੍ਰਮੁੱਖ ਸੰਸਥਾਵਾਂ ਵਿੱਚ ਪ੍ਰਣਾਲੀ ਭਾਗੀਦਾਰੀ ਅਤੇ ਏਕੀਕਰਨ ਦੀ ਕਮੀ ਗਰੀਬੀ ਦੇ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਲੱਛਣ ਹੈ। ਗਰੀਬੀ ਆਪਣੇ ਆਪ ਵਿੱਚ ਗਰੀਬੀ ਦੀ ਸੰਸਕ੍ਰਿਤੀ ਦਾ ਮੂਲ ਕਾਰਣ ਹੈ। ਵਿਸਥਾਪਨਾ ਅਤੇ ਅਲਗਾਵ ਘੱਟੋ-ਘੱਟ ਤਨਖ਼ਾਹ, ਅਰਥ-ਰੁਜ਼ਗਾਰ, ਤੰਗ, ਸਮਾਜਿਕ ਜੀਵਨ ਦੀ ਕਮੀ ਵਿਅਕਤੀ ਅਸੁਰੱਖਿਆ, ਨਾਗਰਿਕ ਸੁਭਿਧਾਵਾਂ ਤੱਕ ਪਹੁੰਚ ਆਦਿ ਨਗਰੀ ਗਰੀਬ ਦੇ ਖਾਸ ਲੱਛਣ ਹਨ। ਸਾਡੇ ਸੰਦਰਭ ਵਿੱਚ ਪੇਂਡੂ-ਨਗਰੀ ਕੜੀ ਬਹੁਤ ਸੀਮਾ ਤੱਕ ਹੋਣ ਦੇ ਕਾਰਣ ਨਗਰੀ ਨਗਰੀ ਗਰੀਬ ਲੋਕ ਜੋ ਪਿੰਡਾ ਤੋਂ ਆਕੇ ਵਸੇ ਹਨ, ਉਨ੍ਹਾਂ ਦੇ ਵਿਸਥਾਪਨ ਅਤੇ ਅਲਗਾਵ ਨਾਲ ਕਸ਼ਠ ਨਹੀਂ ਹੁੰਦਾ ਹੈ। ਅੰਤ ਵਿੱਚ ਗਰੀਬ ਸ਼ਹਿਰੀ ਹੋਵੇ ਜਾਂ ਪੇਂਡੂ ਹੋਵੇ ਉਹ ਇੱਕੋ ਜਿਹੇ ਨਹੀਂ ਹਨ। ਉਹ ਵੰਡਿਆ ਹੋਇਆ ਵਰਗ ਹੈ, ਜੋ ਮਜ਼ਦੂਰ ਅਤੇ ਭਵਨ ਨਿਰਮਾਨਕਾਰੀ, ਕਾਰੀਗਰ, ਖੇਤੀ-ਮਜ਼ਦੂਰ, ਛੋਟੇ ਉਦਯੋਗ ਵਿੱਚ ਕੰਮ ਕਰਨ ਵਾਲੇ ਕਾਰੀਗਰ ਅਤੇ ਘਰੇਲੂ ਨੌਕਰ ਆਦਿ ਦੀ ਤਰ੍ਹਾਂ ਕੰਮ ਕਰ ਰਹੇ ਹਨ। ਕੁੱਝ ਇਹੋ ਜਿਹੇ ਵੀ ਹਨ ਜੋ ਸਾਡੀ ਅਰਥ-ਵਿਵਸਥਾ ਦੇ ਰਸਮੀ ਅਤੇ ਸੰਗਠਿਤ ਖੇਤਰਾਂ ਵਿੱਚ ਕਰਮਚਾਰੀ ਹਨ। ਗਰੀਬ ਲੋਕ ਭਿੰਨ-ਭਿੰਨ ਜਾਤਾਂ, ਸਮੂਹ, ਖੇਤਰਾਂ ਅਤੇ ਧਰਮਾਂ ਨਾਲ ਵੀ ਜੁੜੇ ਹੋਏ ਹਨ। ਪੇਂਡੂ ਅਤੇ ਸ਼ਹਿਰੀ ਗਰੀਬ ਲੋਕਾਂ ਦੀ ਸਮਾਜਿਕ ਸੰਸਕ੍ਰਿਤੀ ਪਿੱਠਭੂਮੀ ਵੀ, ਨੌਕਰੀਆਂ ਅਤੇ ਮੌਕਿਆਂ ਤੱਕ ਉਨ੍ਹਾਂ ਦੀਆਂ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਪ੍ਰਭਾਵਿਤ ਕਰਦੀ ਹੈ।

ਸਮਾਨ ਆਮਦਨ ਅਤੇ ਕਾਬਲੀਅਤ ਦੋਨਾਂ ਦ੍ਰਿਸ਼ਟੀਆਂ ਨਾਲ ਗਰੀਬੀ ਦੀ ਦਰ ਵਿੱਚ ਕਮੀ ਆਈ ਹੈ। ਸਮਾਜਿਕ ਅਸਮਾਨਤਾ ਅਤੇ ਗਰੀਬੀ ਵਿੱਚ ਬਹੁਤ ਸਾਰੇ ਵਿਕਾਸ ਪ੍ਰਗਰਾਮ, ਰੁਜ਼ਗਾਰ ਯੋਜਨਾਵਾਂ, ਗੰਦੀਆਂ ਬਸਤੀਆਂ ਦੀ ਸਮਾਪਤੀ, ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਆਦਿ ਦੇ ਦੁਆਰਾ ਕਮੀ ਆਈ ਹੈ।

## ਸਵੈ-ਮੁਲਾਂਕਣ (Self Assessment)

2. ਖ਼ਾਲੀ ਸਥਾਨ ਨੂੰ ਭਰੋ (Fill in the Blanks) :-
   1. .......................ਵਿੱਚ ਅਕਸਰ ਅਲਪ ਸੰਖਿਆ ਖ਼ਾਸਕਰ ਉਨ੍ਹਾਂ ਵਿੱਚੋਂ ਗਰੀਬਾਂ ਨੂੰ ਸੀਮਾਂਤ ਸਮਝਿਆ ਜਾਂਦਾ ਹੈ।
   2. .......................ਦਾ ਅਥਰ ਹੀ ਨੁਕਸਾਨ ਅਤੇ ਖੰਡਣ ਹੈ।
   3. ਜਾਤੀਆਂ ਦੇ ਪੌੜੀ-ਦਰ-ਪੌੜੀ ਸਿਧਾਂਤ ਦੀ ਜੜ, ਦੂਰੀ ਅਤੇ .......................ਦੇ ਸਿਧਾਂਤ ਵਿੱਚ ਸਥਿਤ ਹੈ।
   4. .......................ਪੁਰਸ਼-ਪ੍ਰਧਾਨ ਸਮਾਜ ਵਿੱਚ ਇੱਕ ਕਰੂਰ ਹਥਿਆਰ ਹੈ।
   5. ਭਾਰਤ ਦੇ .......................ਵਿੱਚ, ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ ਦਾ ਵਰਨਣ ਹੈ।
   6. ਗਰੀਬੀ ਦੀ ਧਾਰਨਾ ਦੀ ਵੰਡ ....................... ਨੇ ਕੀਤਾ ਹੈ।
   7. .......................ਵਿੱਚ ਲੜਾਕੀ ਦੀ ਵਜਾਏ ਲੜਕੇ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ।

## 2.6 ਸਾਰ ਅੰਸ਼ ( Summary)

- ਸਮਾਜਿਕ ਦਰਜ਼ਾਬੰਦੀ ਇੱਕ ਸਬਰ ਵਿਆਪੀ ਘਟਨਾ ਹੈ। ਕੋਈ ਵੀ ਮਨੁੱਖੀ ਸਮਾਜ ਇਸ ਤੋਂ ਵਾਂਝਾ ਨਹੀਂ ਹੈ, ਜਦਕਿ ਦਰਜ਼ਾਬੰਦੀ ਭਿੰਨ-ਭਿੰਨ ਰੂਪਾਂ ਅਤੇ ਅੰਸ਼ਾਂ ਵਿੱਚ ਪਾਇਆ ਜਾਂਦਾ ਹੈ। ਕਿਸੇ ਵੀ ਸਮਾਜ ਵਿੱਚ, ਵਿਅਕਤੀ, ਅਹੁਦਾ ਅਤੇ ਸਮੂਹ ਵਿਸ਼ੇਸ਼ ਪੱਧਰਾਂ ਅਤੇ ਕਸੌਟੀਆਂ ਦੇ ਆਧਾਰ 'ਤੇ ਨਿਖੇੜਿਆ ਜਾਂਦਾ ਹੈ।
- ਸਮਾਜਿਕ ਦਰਜ਼ਾਬੰਦੀ ਦੇ ਵਿਸ਼ੇ ਵਿੱਚ ਸ਼ਾਸ਼ਤਰੀ ਦ੍ਰਿਸ਼ਟੀਕੋਣ, ਉਰੋਕਤ ਵਰਨਣ ਰਚਨਾਵਾਂ-ਵਿਵਹਾਰਿਕ ਧਾਰਨਾਵਾਂ ਦੀ ਤੁਲਣਾ ਵਿੱਚ, ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਬਿਲਕੁਲ ਭਿੰਨ ਹੈ। ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਕਰਲ ਮਾਰਕਸ ਨੇ ਤਕਨੀਕੀ ਜਾਂ ਆਰਥਿਕ ਨਿਰਧਾਰਨ ਦੇ ਇੱਕ ਸਾਧਾਰਨ ਸਿਧਾਂਤ ਦਾ ਅਨੁਵਾਦ ਕੀਤਾ ਹੈ। ਮਾਰਕਸ ਨੇ ਸਮਾਜ ਦੇ ਬਾਰੇ ਵਿੱਚ ਇਕ ਰਚਨਾਤਮਕ ਵਿਆਖਿਆ ਦੀ ਘੋਸ਼ਣਾ ਕੀਤੀ ਸੀ, ਜਿਸਨ ਵਿੱਚ ਵਰਗ, ਵਰਗ-ਸੰਘਰਸ਼ ਅਤੇ ਤਬਦੀਲੀ ਦੀਆਂ ਧਾਰਨਾਵਾਂ ਪ੍ਰਮੁੱਖ ਸਨ।
- ਜਦਕਿ, ਮਾਰਕਸ ਨੇ ਸਮਾਜਿਕ ਦਰਜ਼ਾਬੰਦੀ ਦੀ ਇੱਕ ਸਪੱਸ਼ਟ ਧਾਰਨਾ ਪੇਸ਼ ਨਹੀਂ ਕੀਤੀ ਹੈ, ਫਿਰ ਵੀ ਉਸੇ ਵਰਗ ਅਤੇ

ਨੋਟ

ਵਰਗ ਸੰਘਰਸ਼ ਦੇ ਬਾਰੇ ਅਨੁਭਵ-ਵਾਦੀ ਹਵਾਲਿਆਂ 'ਤੇ ਜ਼ੋਰ ਦਿੱਤਾ ਹੈ। ਮਾਰਕਸ ਦੇ ਅਨੁਸਾਰ, ਇਤਿਹਾਸ ਦੇ ਹਰ ਇੱਕ ਯੁੱਗ ਵਿੱਚ ਇੱਕ ਪ੍ਰਮੁੱਖ ਉਤਪਾਦਨ ਵਿਧੀ ਰਹੀ ਹੈ ਅਤੇ ਉਸਦੇ ਆਧਾਰ 'ਤੇ ਵਰਗ ਰਚਨਾ ਬਣੀ ਹੈ, ਜਿਸ ਵਿੱਚ ਸ਼ਾਸ਼ਕ ਵਰਗ, ਭਾਵ ਸਮਾਜ ਦੇ ਦੋ ਰੁਤਬਾ ਪੱਧਰ ਦੇਖੇ ਜਾ ਸਕਦੇ ਹਨ।

- ਸਮਾਜਿਕ ਦਰਜ਼ਾਬੰਦੀ 'ਤੇ ਉਪਲਬਧ ਸਾਹਿਤ 'ਤੇ ਇੱਕ ਨਜ਼ਰ ਪਾਉਣ ਨਾਲ ਸਪੱਸ਼ਟ ਹੁੰਦਾ ਹੈ ਕਿ ਮਨੁੱਖੀ ਸਮਾਜ ਵਿੱਚ ਬਹੁਤ ਤੇਜ਼ ਤਬਦੀਲੀਆਂ ਦੇ ਕਾਰਣ 'ਪ੍ਰਕਿਰਿਆ' ਦਾ ਤੱਥ ਬਹੁਤ ਪ੍ਰਬਲ ਹੋ ਗਿਆ ਹੈ। 'ਪੂੰਜੀਪਤੀਕਰਨ', 'ਨਿੱਜੀਕਰਨ', 'ਨਿਕੰਮਾ', 'ਰੁਤਬਾ ਬੇਮੇਲ', 'ਹਾਲਾਤ ਪ੍ਰਦਰਸ਼ਨੀ ਕਰਨ', 'ਵਰਗ ਹੀਣਤਾ', 'ਸੱਤਾਵਾਦ', 'ਮੁੜ ਦਰਜ਼ਾਬੰਦੀ', 'ਭੂਮੀਕਰਨ' ਆਦਿ ਧਾਰਨਾਵਾਂ ਨੂੰ ਪਰਿਭਾਸ਼ਿਤ ਕਰਨ ਦਾ ਕੰਮ ਬਹੁਤ ਕਠਿਨ ਅਤੇ ਜਟਿਲ ਵੀ ਹੁੰਦਾ ਹੈ।
- ਉਹ ਪ੍ਰਕਿਰਿਆ ਜਿਸਦੇ ਦੁਆਰਾ ਮਨੁੱਖਾਂ ਅਤੇ ਸਮੂਹਾਂ ਨੂੰ ਰੁਤਬੇ ਦੇ ਪੌੜੀ ਦਰ ਸਿਧਾਂਤ ਵਿੱਚ ਵਾਧਾ-ਘਾਟਾ ਸਥਾਈ ਰੂਪ ਤੋਂ ਸ਼੍ਰੇਣੀਵਧ ਕੀਤਾ ਜਾਂਦਾ ਹੈ, ਦਰਜ਼ਾਬੰਦੀ ਕਹਾਉਂਦਾ ਹੈ। ਰੇਮੰਡ ਮੁਰੇ (ਉਮੋਨਦ ਾ੍ਰਰਓ) ਦੇ ਅਨੁਸਾਰ, "ਸਮਾਜਿਕ ਦਰਜ਼ਾਬੰਦੀ ਸਮਾਜ ਦਾ 'ਉੱਚ' ਅਤੇ 'ਨੀਵਾਂ' ਸਮਾਜਿਕ ਇਕਾਈਆਂ ਵਿੱਚ ਸਮਾਨਅੰਤਰ ਬਟਵਾਰਾ ਹੈ।" ਹਰ ਇੱਕ ਸਮਾਜ ਦਾ ਵੱਖ-ਵੱਖ ਸਮੂਹਾਂ ਵਿੱਚ ਵੰਡਿਆ ਗਿਆ ਹੈ। ਪ੍ਰਾਚੀਨ ਸਮਾਜਾਂ ਵਿੱਚ ਵੀ ਕਿਸੇ ਨਾ ਕਿਸੇ ਪ੍ਰਕਾਰ ਦੀ ਸਮਾਜਿਕ ਦਰਜ਼ਾਬੰਦੀ ਸੀ।
- ਰੁਤਬਾ ਦੀ ਅਸਮਾਨਤਾ ਅਤੇ ਅਹੁਦੇ ਦੀ ਵੰਡ, ਸਮਾਜਿਕ ਦਰਜ਼ਾਬੰਦੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਜਿੱਥੇ ਸਮਾਜਿਕ ਦਰਜ਼ਾਬੰਦੀ ਹੋਵੇਗਾ, ਉਥੇ ਸਮਾਜਿਕ ਅਸਮਾਨਤਾ ਹੋਵੇਗੀ। ਜਦਕਿ ਮਨੁੱਖ ਨੇ ਹਮੇਸ਼ਾਂ ਇਸੇ ਸੰਸਾਰ ਦਾ ਸਪਨਾ ਦੇਖਿਆ ਹੈ ਜਿਸ ਵਿੱਚ ਰੁਤਬਾ ਦਾ ਭੇਦ-ਭਾਵ ਨਾ ਹੋਵੇ ਅਤੇ ਸਾਰੇ ਵਿਅਕਤੀ ਬਰਾਬਰ ਹੋਣ। ਫਿਰ ਵੀ, ਇਹ ਕੌੜਾ ਸੱਚ ਹੈ ਕਿ ਸਮਾਜ ਭਿੰਨ-ਭਿੰਨ ਅਹੁਦਿਆਂ ਨੂੰ ਭਿੰਨ-ਭਿੰਨ ਅਧਿਕਾਰਾਂ ਅਤੇ ਸੁਵਿਧਾਵਾਂ ਪ੍ਰਦਾਨ ਕਰਦਾ ਹੈ। ਕੁੱਝ ਵਿਅਕਤੀਆਂ ਅਤੇ ਸਮੂਹਾਂ ਨੂੰ ਉਨ੍ਹਾਂ ਦੁਆਰਾ ਭੋਗੇ ਜਾਣ ਵਾਲੀਆਂ ਸੁਵਿਧਾਵਾਂ ਦੇ ਆਧਾਰ 'ਤੇ ਦੂਸਰਿਆਂ ਦੇ ਮੁਕਾਬਲੇ ਉੱਚਾ ਮੰਨਿਆ ਜਾਂਦਾ ਹੈ। ਉਧਾਰਣ ਦੇ ਲਈ ਭਾਰਤ ਵਿੱਚ ਡਾਕਟਰਾਂ ਜਾਂ ਇੰਜਨੀਅਰਾਂ ਨੂੰ ਅਧਿਆਪਕਾਂ ਦੇ ਮੁਕਾਬਲੇ ਉੱਚਾ ਮੰਨਿਆ ਜਾਂਦਾ ਹੈ।
- ਜਦ ਪ੍ਰਸਥਿਤੀ ਅਤੇ ਜਨਮ 'ਤੇ ਅਧਾਰਿਤ ਵਿਸ਼ੇਸ਼ ਅਧਿਕਾਰਾਂ ਵਿੱਚ ਕਮੀ ਆਉਂਦੀ ਹੈ, ਤਦ ਸਮਾਨਤਾ ਅਤੇ ਨਾਗਰਿਕਤਾ ਵਿੱਚ ਤਰੱਕੀ ਹੁੰਦੀ ਹੈ। ਪਰ ਸਹੀ ਅਤੇ ਸੱਚੀ ਸਮਾਨਤਾ ਤਦ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ, ਜਦ ਬਜ਼ਾਰ, ਨਿੱਜੀ ਸੰਪਤੀ, ਪਰਿਵਾਰਕ ਵਿਰਾਸਤ ਅਤੇ ਵਰਗ ਵਿਵਸਥਾ ਵਰਗੀਆਂ ਪੂੰਜੀਵਾਦੀ ਸੰਸਥਾਵਾਂ ਨੂੰ ਸਮਾਪਤ ਕੀਤਾ ਜਾਂਦਾ ਹੈ।
- ਸਮਾਨਤਾ ਦੇ ਅਨੁਸਾਰ, ਸਮਾਜਿਕ ਪਰਿਸਥਿਤੀ ਅਤੇ ਪੌੜੀ-ਦਰ-ਪੌੜੀ ਸਿਧਾਂਤ 'ਤੇ ਆਧਾਰਿਤ ਪਰੰਪਰਾਤਮਕ ਵੰਡ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਹੈ। ਸਮਾਨਤਾ ਦੇ ਸਿਧਾਂਤ ਵਿੱਚ ਵਿਅਕਤੀਗਤ ਅੰਤਰਾਂ ਅਤੇ ਸਵਤੰਤਰਤਾ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਵਾਸਤਵਿਕ ਸਮਾਨਤਾ, ਜਾਤੀ ਅਧਾਰਿਤ ਪੌੜੀ-ਦਰ-ਪੌੜੀ ਸਿਧਾਂਤ ਅਤੇ ਸਾਮੰਤਵਾਦ ਦੇ ਨਾਲ ਅਸੰਭਵ ਵਿੱਚ ਨਹੀਂ ਰਹਿ ਸਕਦੀ। ਅਲੱਗ ਬਟਵਾਰੇ ਜਾਂ ਜਨਮ ਅਧਾਰਿਤ ਕਸੌਟੀਆਂ ਦੁਆਰਾ ਵਾਸਤਵਿਕ ਜੀਵਨ ਵਿੱਚ ਮੌਕਿਆਂ ਅਤੇ ਪਹੁੰਚਾਂ ਨੂੰ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ।
- ਗਰੀਬੀ ਅਤੇ ਅਮਾਨਤਾ ਵਿਭਿੰਨ ਸਮਾਜਾਂ ਵਿੱਚ ਭਿੰਨ-ਭਿੰਨ ਅਨੁਪਾਤਾਂ ਵਿੱਚ ਇੱਕ ਸਾਥ ਰਹਿੰਦੀ ਹੈ। ਜਿਹਨਾਂ ਕਾਰਨਾਂ ਕਰਕੇ ਅਸਮਾਨਤਾ ਨਿਰੰਤਰ ਰਹਿੰਦੀ ਹੈ, ਉਹਨਾਂ ਦੇ ਪਰਿਣਾਮਸਵਰੂਪ ਅਕਸਰ ਗਰੀਬੀ ਪਾਈ ਜਾਂਦੀ ਹੈ, ਲੇਕਿਨ ਸਮਾਨਤਾ ਪ੍ਰਾਪਤ ਕਰਨ 'ਚ ਜਾਂ ਗਰੀਬੀ ਅਨਮੁੱਲਣ ਵਿੱਚ ਆਉਣ ਵਾਲੀਆਂ ਸਮਾਜਿਕ ਅੜਚਣਾਂ ਹਰ ਸਮਾਜ ਵਿੱਚ ਇੱਕੋ ਜਿਹੀ ਨਹੀਂ ਹੁੰਦੀਆਂ ਹਨ। ਕੁੱਝ ਸਮਾਜਾਂ ਵਿੱਚ, ਜਾਤੀ, ਸਮਜਾਤੀ ਅਤੇ ਨਸਲ ਬਹੁਤ ਵੱਡੀ ਸਮੱਸਿਆ ਹੋ ਸਕਦੀ ਹੈ। ਜਦਕਿ ਬਾਕੀ ਸਮਾਜਾਂ ਵਿੱਚ ਆਰਥਿਕ ਅਵਸਰ ਅਤੇ ਸਾਧਨਾਂ ਦੀ ਕਮੀ ਅਤੇ ਨਿਰੰਤਰਿਤ ਆਰਥਿਕ ਅਤੇ ਰਾਜਨੀਤਿਕ ਅਸਮਾਨਤਾਵਾਂ ਰੋੜਾ ਹੋ ਸਕਦੀਆਂ ਹਨ। ਸੱਚ ਤਾਂ ਇਹ ਹੈ ਕਿ ਗਰੀਬਾਂ ਨੂੰ ਆਪਣੀ ਹਾਲਤ ਸੁਧਾਰਾ ਦੇ ਲਈ ਅਵਸਰਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ ਜਾਂ ਕਿਉਂਕਿ ਲੋਕ ਗਰੀਬ ਹਨ, ਇਸ ਲਈ ਉਨਾਂ ਲੋਕਾਂ ਦੇ ਨਾਲ ਪ੍ਰਤੀਯੋਗਤਾ ਨਹੀ ਕਰ ਸਕਦੇ ਹਨ, ਜੋ ਗਰੀਬ ਨਹੀ ਹਨ, ਕਿਉਂਕਿ ਉਹ ਮੌਕਿਆਂ ਅਤੇ ਸਾਧਨਾਂ ਤੱਕ ਸਫਲਤਾ ਪੂਰਵਕ ਪਹੁੰਚ ਰੱਖਦੇ ਹਨ ।
- ਗਰੀਬੀ ਦਾ ਮੁੱਖ ਕਾਰਨ ਬੇ-ਰੁਜ਼ਗਾਰੀ (ਅੱਧ-ਰੁਜ਼ਗਾਰ ਸਹਿਤ) ਹੈ। ਅਲਪ ਵੇਤਨ ਅਤੇ ਇੱਕ ਪਰਿਵਾਰ ਦੇ ਮੈਂਬਰਾਂ ਦੀ ਇੱਕ ਜਾਂ ਦੋ ਕਮਾਉਣ ਵਾਲਿਆਂ 'ਤੇ ਨਿਰਭਰ ਵੀ ਗਰੀਬੀ ਦੇ ਕਾਰਣ ਹਨ।
- ਅੰਤ ਵਿੱਚ ਗਰੀਬ ਸ਼ਹਿਰੀ ਹੋਵੇ ਜਾਂ ਪੇਂਡੂ ਹੋਵੇ ਉਹ ਇੱਕੋ ਜਿਹੇ ਨਹੀਂ ਹਨ। ਉਹ ਵੰਡਿਆ ਹੋਇਆ ਵਰਗ ਹੈ, ਜੋ ਮਜ਼ਦੂਰ ਅਤੇ ਭਵਨ ਨਿਰਮਾਨਕਾਰੀ, ਕਾਰੀਗਰ, ਖੇਤੀ-ਮਜ਼ਦੂਰ, ਛੋਟੇ ਉਦਯੋਗ ਵਿੱਚ ਕੰਮ ਕਰਨ ਵਾਲੇ ਕਾਰੀਗਰ ਅਤੇ ਘਰੇਲੂ ਨੌਕਰ ਆਦਿ ਦੀ ਤਰਾਂ ਕੰਮ ਕਰ ਰਹੇ ਹਨ। ਕੁੱਝ ਇਹੋ ਜਿਹੇ ਵੀ ਹਨ ਜੋ ਸਾਡੀ ਅਰਥ-ਵਿਵਸਥਾ ਦੇ ਰਸਮੀ ਅਤੇ ਸੰਗਠਿਤ ਖੇਤਰਾਂ ਵਿੱਚ ਕਰਮਚਾਰੀ ਹਨ। ਗਰੀਬ ਲੋਕ ਭਿੰਨ-ਭਿੰਨ ਜਾਤਾਂ, ਸਮੂਹ, ਖੇਤਰਾਂ ਅਤੇ ਧਰਮਾਂ ਨਾਲ ਵੀ ਜੁੜੇ ਹੋਏ ਹਨ। ਪੇਂਡੂ ਅਤੇ ਸ਼ਹਿਰੀ ਗਰੀਬ ਲੋਕਾਂ ਦੀ ਸਮਾਜਿਕ ਸੰਸਕ੍ਰਿਤੀ ਪਿੱਠਭੂਮੀ ਵੀ, ਨੌਕਰੀਆਂ ਅਤੇ ਮੌਕਿਆਂ ਤੱਕ ਉਨਾਂ ਦੀਆਂ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਪ੍ਰਭਾਵਿਤ ਕਰਦੀ ਹੈ।

ਨੋਟ

## 2.7 ਸ਼ਬਦਕੋਸ਼ (Keywods)-

- ਸ਼ਾਨੋ-ਸ਼ੌਕਤ : ਨਾਪਣ ਦਾ ਮਾਪਦੰਡ , ਰੂਪ
- ਪੌੜੀ-ਦਰ-ਪੌੜੀ ਸਿਧਾਂਤ : ਪੌੜੀ,ਜਿਉਣਾ
- ਨਿਯਮਾਂ ਦਾ ਅੰਕਣ : ਨਿਯਮਾ ਦਾ ਅੰਕਣ ਜਾਂ ਲਿਖਿਤ ਰੂਪ
- ਵੰਚਣ : ਧੱਕਾ ਦੇਣਾ, ਠੱਗੀ, ਛਲ

## 2.8 ਅਭਿਆਸ ਪ੍ਰਸ਼ਨ (Review Questions) -

1. ਦਰਜ਼ਾਬੰਦੀ ਸੰਬੰਧਿਤ ਬੁਨਿਆਦੀ ਧਾਰਨਾਵਾਂ ਦੀ ਵੰਡ ਕਰੋ।
2. ਪੌੜੀ-ਦਰ-ਪੌੜੀ ਸਿਧਾਂਤ ਕਿਸਨੂੰ ਕਹਿੰਦੇ ਹਨ ? ਪੌੜੀ-ਦਰ-ਪੌੜੀ ਸਿਧਾਂਤ ਨਾਲ ਸੰਬੰਧਿਤ ਲੂਈ ਡਰੂਮਾ ਦਾ ਦ੍ਰਿਸ਼ਟੀਕੋਣ ਦੱਸੋ।
3. ਸਮਾਜਿਕ ਅਲਗਾਵ ਨੂੰ ਸਪੱਸ਼ਟ ਕਰਦੇ ਹੋਏ ਇਸਦੇ ਆਯਾਮ 'ਤੇ ਚਾਣਨਾ ਪਾਓ।
4. ਹੇਠ ਲਿਖੇ 'ਤੇ ਟਿੱਪਣੀ ਕਰੋ:
   1. ਜਾਤੀ ਪੌੜੀ-ਦਰ-ਪੌੜੀ ਸਿਧਾਂਤ
   2. ਗਰੀਬੀ ਅਤੇ ਖੰਡਣ
   3. ਭਾਰਤ ਵਿੱਚ ਗਰੀਬੀ

**ਉੱਤਰ: ਸਵੈ-ਮੁਲਾਂਕਣ (Answers: Self Assessment)**

1. (1) 1 (2) 3 (3) 2
   (4) 1 (5) 3
2. (1) ਭਾਰਤ (2) ਸਮਾਜਿਕ ਅਲਗਾਵ (3) ਲਗਾਵ-ਅਲਗਾਵ
   (4) ਪਿਤਾ ਪੁਰਖੀ ਸੱਤਾ (5) ਸੰਵਿਧਾਨ (6) ਅੰਮ੍ਰਿਤ ਸੇਨ
   (7) ਭਾਰਤੀ ਪਰਿਵਾਰ

## 2.9 ਸੰਦਰਭ ਪੁਸਤਕਾਂ (Further Readings) -

ਬੁਕਸ

1. ਦੇਸਾਈ, ਏ.ਆਰ. ਸ਼ੋਸ਼ਲ ਬੈਕਗਰਾਉਂਡ ਆਫ਼ ਇੰਡੀਅਨ ਨੈਸ਼ਨੇਲਿਜ਼ਮ; ਪਾਪੂਲਰ ਬੁੱਕ ਡਿਪੋ ਬੰਬੇ।
2. ਦੀਪਤਕਰ ਗੁਪਤਾ; 2009, "ਸੌਸ਼ਲ ਸਟ੍ਰੇਟੀਫਿਕੇਸ਼ਨ", ਇਨ ਵੀਨਾ ਦਾਸ ਹੈਂਡਬੁੱਕ ਆਫ ਇੰਡੀਅਨ ਸ਼ਸ਼ੌਲੋਜੀ, ਆਕਸਫੋਰਡ ਯੂਨੀਵਰਸਟੀ ਪ੍ਰੈਸ, ਨਿਊ ਦਿੱਲੀ।

ਨੋਟ

# ਇਕਾਈ 3: ਸਮਾਜਿਕ ਦਰਜ਼ਾਬੰਦੀ ਦਾ ਸਿਧਾਂਤ - I
# (Theories of Social Stratification-I)

ਵਿਸ਼ੇ ਵਸਤੂ **(Contents)**

ਉਦੇਸ਼ (Objectives)
ਜਾਣਕਾਰੀ (Introduction)
3.1 ਡੇਵਿਸ ਅਤੇ ਮੂਰੇ ਦੀਆਂ ਸਿਧਾਂਤਕ ਧਾਰਨਾਵਾਂ (Theoretical Formulations of Davis and Moore)
3.2 ਪਾਰਸੰਸ ਦੀਆਂ ਸਿਧਾਂਤਕ ਧਾਰਨਾਵਾਂ (Theoretical Formulations of Parsons)
3.2 ਸਾਰ ਅੰਸ਼ (Summary)
3.3 ਸ਼ਬਦਕੋਸ਼ (Keywords)
3.4 ਅਭਿਆਸ ਪ੍ਰਸ਼ਨ (Review Questions)
3.5 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਡੇਵਿਸ ਅਤੇ ਮੂਰੇ ਤੇ ਪਾਰਸੰਸ ਦੀਆਂ ਸਿਧਾਂਤਕ ਧਾਰਨਾਵਾਂ ਨੂੰ ਸਮਝਣ ਵਿੱਚ।

## ਜਾਣਕਾਰੀ (Introduction)

ਸਮਾਜਿਕ ਦਰਜ਼ਾਬੰਦੀ ਦੀ ਇੱਕ ਨਿਸ਼ਚਿਤ ਅਤੇ ਸਪੱਸ਼ਟ ਵਿਆਖਿਆ ਪ੍ਰੋ. ਡੇਵਿਸ ਅਤੇ ਮੂਰੇ ਨੇ ਦਿੱਤੀ। ਇਸਦੀ ਪ੍ਰਮੁੱਖ ਮਾਨਤਾ ਵਿੱਚ ਵਿਵਹਾਰਕ ਸਿਧਾਂਤ ਦਾ ਆਰੰਭ ਵਿਵਹਾਰਵਾਦ ਦੀ ਉਸ ਸਮਾਨਤਾ ਪੂਰਬ ਮਾਨਤਾ ਤੋਂ ਹੁੰਦਾ ਹੈ, ਜਿਸਦੇ ਅਨੁਸਾਰ ਇਹ ਮੰਨ ਲਿਆ ਗਿਆ ਹੈ ਕਿ ਸਮਾਜਿਕ ਦਰਜ਼ਾਬੰਦੀ ਵਿਵਸਥਾ ਵਿੱਚ ਇੱਕ ਨਿਸ਼ਚਿਤ ਵਿਵਹਾਰ ਜ਼ਰੂਰ ਹੀ ਹੁੰਦਾ ਹੈ। ਸਮਾਜਿਕ ਦਰਜ਼ਾਬੰਦੀ ਸਾਰੇ ਸਮਾਜਾਂ ਵਿੱਚ ਪਾਇਆ ਜਾਂਦਾ ਹੈ। ਇਸਦੇ ਇਹ ਨਤੀਜਾ ਨਿਕਲਦਾ ਹੈ ਕਿ ਇਸਦੇ ਜ਼ਰੂਰ ਹੀ ਕੋਈ ਅਜਿਹਾ ਵਿਵਹਾਰ ਹੋਣਾ ਚਾਹੀਦਾ ਹੈ ਜੋ ਕਿ ਸਮਾਜਿਕ ਵਿਵਸਥਾ ਦੇ ਬਣੇ ਰਹਿਣ ਅਤੇ ਉਸਦੀ ਕਿਰਿਆਸ਼ਲਿਤਾ ਦੇ ਲਈ ਮਹੱਤਵਪੂਰਨ ਹੈ। ਇਨ੍ਹਾਂ ਸਮਾਜਸ਼ਾਸ਼ਤਰੀਆਂ ਦੇ ਅਨੁਸਾਰ ਸਮਾਜਿਕ ਦਰਜ਼ਾਬੰਦੀ ਸਮਾਜਿਕ ਸਥਿਤੀਆਂ ਦੇ ਬਟਵਾਰੇ ਦੀ ਉਹ ਵਿਵਸਥਾ ਹੈ ਜੋ ਕੁੱਝ ਨਿਸ਼ਚਿਤ ਸਮਾਜਿਕ ਵਿਵਹਾਰਾਂ ਨੂੰ ਕਰਨ ਲਈ ਵਿਕਸਿਤ ਕੀਤੀ ਜਾਂਦੀ ਹੈ।

## 3.1 ਡੇਵਿਸ ਅਤੇ ਮੂਰੇ ਦੀਆਂ ਸਿਧਾਂਤਕ ਧਾਰਨਾਵਾਂ (Theoretical Formulations of Davis and Moore)

ਪ੍ਰੋ: ਡੇਵਿਸ ਅਤੇ ਮੂਰੇ ਨੂੰ ਸਮਾਜਿਕ ਦਰਜ਼ਾਬੰਦੀ ਦੇ ਸੰਬੰਧ ਵਿੱਚ ਦੋ ਗੱਲਾਂ ਦੇ ਲਈ ਪ੍ਰਸਿੱਧੀ ਮਿਲੀ ਹੈ– 1) ਸਮਾਜਿਕ ਦਰਜ਼ਾਬੰਦੀ ਅਤੇ ਸੰਪੂਰਨ ਸਮਾਜਿਕ ਵਿਵਸਥਾ ਦੇ ਵਿੱਚ ਪਾਏ ਜਾਣ ਵਾਲੇ ਸੰਬਧ ਨੂੰ ਸਪੱਸਟ ਕਰਨ ।2) ਇਸ ਗੱਲ ਤੇ ਜੋਰ ਦੇਣਾ ਕਿ ਸਪੂਰਨ ਸਮਾਜਿਕ ਵਿਵਸਥਾ ਦੇ ਹਵਾਲੇ ਵਿੱਚ ਸਮਾਜਿਕ ਦਰਜ਼ਾਬੰਦੀ ਦੇ ਕੁਝ ਨਿਸਚਿਤ ਕਾਰਜਾਂ ਨੂੰ ਖੋਜਿਆ ਜਾ ਸਕਦਾ ਹੈ। ਸਮਾਜਿਕ ਦਰਜ਼ਾਬੰਦੀ ਸਾਰੇ ਸਮਾਜਾਂ ਵਿਚ ਪਾਏ ਜਾਂਦੇ ਹਨ।

ਇਸਦੀ ਵਿਵਹਾਰਿਕ ਵਿਆਖਿਆ ਇਹ ਹੈ ਕਿ ਹਰੇਕ ਸਮਾਜ ਨੂੰ ਸਮਾਜਿਕ ਰਚਨਾ ਵਿੱਚ ਵਿਅਕਤੀਆਂ ਦਾ ਸਥਾਨ ਨਿਰਧਾਰਿਤ ਕਰਨਾ ਅਤੇ ਉਹਨਾਂ ਨੂੰ ਪ੍ਰੇਰਿਤ ਕਰਨ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਨਾਲ ਹੀ, ਸਾਰੇ ਸਮਾਜਾਂ ਵਿੱਚ ਵੱਖ-ਵੱਖ ਸਥਿਤੀਆਂ ਵਿੱਚ ਸ਼ਾਨੋਂ-ਸ਼ੌਕਤ ਦੀ ਵੰਡ ਵਿਚ ਅੰਤਰ ਪਾਏ ਜਾਂਦੇ ਹਨ। ਇਸ ਅੰਤਰ ਦਾ ਅਧਾਰ ਲੱਭਣ ਦੀ ਕੋਸ਼ਿਸ਼ ਵੀ ਇਸ ਸਿਧਾਂਤ ਵਿਚ ਕੀਤੀ

ਨੋਟ

ਗਈ ਹੈ। ਪ੍ਰੋ: ਡੇਵਿਸ ਅਤੇ ਮੂਰੇ ਨੇ ਸਮਾਜਿਕ ਦਰਜ਼ਾਬੰਦੀ ਦੇ ਇਕ ਅਜਿਹੇ ਸਰਵ-ਵਿਆਪੀ ਸਿਧਾਂਤ ਨੂੰ ਪੇਸ਼ ਕਰਨ ਦੇ ਯਤਨ ਕੀਤੇ ਹਨ। ਜਿਸ ਵਿਚ ਦਰਜ਼ਾਬੰਦੀ ਦੇ ਅਧਾਰਾਂ ਦਾ ਸਪੱਸਟ ਵਿਸ਼ਲੇਸ਼ਣ ਹੋਵੇ।

**ਦਰਜ਼ਾਬੰਦੀ ਦਾ ਆਧਾਰ (Basis of Staratification)** – ਪ੍ਰੋ: ਡੇਵਿਸ ਅਤੇ ਮੂਰੇ ਦੇ ਅਨੁਸਾਰ ਸਮਾਜ ਵਿਚ ਸਥਿਤੀਆਂ ਦਾ ਉੱਚੇ ਅਤੇ ਨੀਵੇਂ ਦਾ ਦਰਜਾ ਹੁੰਦਾ ਹੈ। ਜਦੋਂ ਕਿ ਸਥਿਤੀ ਦਾ ਉਪਰ ਜਾਂ ਥੱਲੇ ਹੋਣਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸ ਸਥਿਤੀ ਦਾ ਵਿਵਹਾਰਿਕ ਮਹੱਤਵ ਵੱਧ ਹੈ ਜਾਂ ਘੱਟ ਹੈ। ਪਰ ਇਹ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਉਸ ਸਥਾਨ ਦੀ ਪੂਰਤੀ ਸਰਲਤਾ ਪੂਰਵਕ ਹੋ ਸਕਦੀ ਹੈ। ਅਤੇ ਉਸ ਜਗ੍ਹਾ 'ਤੇ ਕੰਮ ਕਰਨ ਵਾਲੇ ਵਿਅਕਤੀ ਨੂੰ ਉਚ ਸਥਿਤੀ ਪ੍ਰਦਾਨ ਕਰਨ ਦੀ ਕੋਈ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਪਰ ਜਦੋਂ ਸਥਾਨ ਮਹੱਤਵਪੂਰਨ ਹੈ ਉਸਦੀ ਪੂਰਤੀ ਸਫ਼ਲਤਾ ਪੂਰਵਕ ਨਾ ਹੋ ਸਕਦੀ ਹੋਵੇ ਤਾਂ ਉਸਨੂੰ ਸੰਬੰਧਿਤ ਵਿਅਕਤੀ ਦੇ ਉੱਚੇ ਸਥਾਨ ਦੀ ਸ਼ਾਨੋਂ-ਸ਼ੌਕਤ ਪੇਸ਼ ਕੀਤੀ ਜਾਂਦੀ ਹੈ।

ਕੰਮ ਕਰਨ ਦੀ ਸਮਰੱਥਾ – ਹਰੇਕ ਸਥਿਤੀ ਵਿਚ, ਭਾਵੇਂ ਉਹ ਭੁਗਤਾਨ ਦਾ ਦਰਜ਼ਾ ਹੋਵੇ ਜਾਂ ਪ੍ਰਾਪਤ ਕਰਨ ਦਾ ਦਰਜ਼ਾ, ਬਣੇ ਰਹਿਣ ਦੇ ਲਈ ਕੁੱਝ ਕੰਮ-ਪ੍ਰਾਪਤ ਕਰਨ ਜਾਂ ਕੰਮ ਕਰਨ ਦੀ ਜ਼ਰੂਰਤ ਹੁੰਦੀ ਹੈ। ਇਹ ਕੰਮ ਦੀ ਪ੍ਰਾਪਤੀ ਜਾਂ ਤਾਂ ਜਨਮਜਾਤ ਹੁੰਦੀ ਹੈ ਜਾਂ ਫਿਰ ਸਿਖਲਾਈ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ।

1) ਕੁਝ ਅਹੁਦੇ ਜਾਂ ਸਥਿਤੀਆਂ ਵਿਚ ਕੰਮ ਕਰਨ ਦੇ ਲਈ ਉਚ ਕੋਟੀ ਦੇ ਵਿਸ਼ੇਸ ਗੁਣਾਂ ਦੀ ਜ਼ਰੂਰਤ ਹੁੰਦੀ ਹੈ। ਜਦੋਂਕਿ ਅਜਿਹੇ ਵਿਅਕਤੀ ਨੂੰ ਸਮਾਜ ਦੇ ਵਿਸ਼ੇਸ ਗੁਣਾਂ ਦੀ ਜ਼ਰੂਰਤ ਹੁੰਦੀ ਹੈ। ਜਦੋਂ ਅਜਿਹੇ ਵਿਅਕਤੀ ਸਮਾਜ ਵਿਚ ਘੱਟ ਸੰਖਿਆ ਵਿਚ ਹੋਣ ਤਾਂ ਉਨ੍ਹਾਂ ਦੀ ਸਮਾਜਿਕ ਸਥਿਤੀ ਬਹੁਤ ਉੱਚੀ ਜਾਂ ਸ਼ਾਨੋਂ-ਸ਼ੌਕਤ ਵਾਲੀ ਮੰਨੀ ਜਾਵੇਗੀ।

2) ਕੁਝ ਸਥਿਤੀਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ 'ਤੇ ਇਹ ਲੋਕ ਹੀ ਬਿਰਾਜਮਾਨ ਹੋ ਸਕਦੇ ਹਨ, ਜਿਨ੍ਹਾਂ ਨੂੰ ਲੰਬੀ, ਮਹਿੰਗੀ ਅਤੇ ਵਿਸਤ੍ਰਿਤ ਸਿਖਲਾਈ ਪ੍ਰਾਪਤ ਹੋਵੇ। ਜਦੋਂ ਇਸ ਪ੍ਰਕਾਰ ਦੀ ਸਿਖਲਾਈ ਸਮਾਜ ਵਿਚ ਮੌਜੂਦ ਨਹੀਂ ਹੁੰਦੀ ਤਾਂ ਅਜਿਹੀ ਸਿਖਲਾਈ ਬਹੁਤ ਘੱਟ ਲੋਕਾਂ ਨੂੰ ਹੀ ਪ੍ਰਾਪਤ ਹੋ ਸਕੇਗੀ ਜਾਂ ਉਹਨਾਂ ਦੀ ਸਮਾਜਿਕ ਸਥਿਤੀ ਉੱਚੀ ਅਤੇ ਮਹੱਤਵਪੂਰਨ ਮੰਨੀ ਜਾਵੇਗੀ।

**ਮੱਹਤਵਪੂਰਨ ਹਾਲਤਾਂ(Importance of Stratification) -** ਵੱਖ-ਵੱਖ ਸਮਾਜਾਂ ਵਿਚ ਸਥਿਤੀਆਂ ਦਾ ਮਹੱਤਵ ਵੱਖ-ਵੱਖ ਤਰ੍ਹਾਂ ਦਾ ਹੁੰਦਾ ਹੈ ਇਸਦਾ ਕਾਰਨ ਇਹ ਹੈ ਕਿ ਹਰੇਕ ਸਮਾਜ ਵਿਚ ਅੰਦਰਲੀਆਂ ਅਤੇ ਬਾਹਰਲੀਆਂ ਹਾਲਤਾਂ ਅਲੱਗ-ਅਲੱਗ ਹੁੰਦੀਆਂ ਹਨ । ਹੇਠ ਲਿਖਿਆਂ ਪ੍ਰਮੁੱਖ ਹਾਲਤਾਂ ਇਸ ਸਥਿਤੀ ਨੂੰ ਪ੍ਰਭਾਵਿਤ ਕਰਦੀਆਂ ਹਨ।

1) **ਅੰਦਰਲੀ ਹਾਲਤ** – (ੳ) ਵਿਸੇਸੀਕਰਨ ਦੀ ਮਾਤਰਾ(**Degree of specification**), (ਅ) ਵਿਵਹਾਰਿਕ ਮਹੱਤਵ ਦੀ ਪ੍ਰਕਿਰਤੀ **(The nature of functional emphasis)**, (ੲ) ਸਮਾਜ ਵਿਚ ਉਚ ਸੰਗਠਨ ਦੀ ਮਾਤਰਾ(**The magnitude of invidious**), (ਸ) ਪੈਦਾ ਕਰਨ ਵਾਲੀ ਭਿੰਨਤਾਵਾਂ ਦੀ ਮਾਤਰਾ (**The degree of Stratum Society**), (ਕ) ਚੰਗੇ-ਮੌਕੇ ਦੀ ਮਾਤਰਾ (**The degree of Opportunities**)।

2) ਬਾਹਰੀ ਹਾਲਤ – (ੳ) ਸੰਸਕ੍ਰਿਤਕ ਵਿਕਾਸ ਦਾ ਦਰਜ (The stage of Development),(ਅ) ਦੂਜੇ ਸਮਾਜਾਂ ਦੇ ਹਵਾਲਿਆਂ ਵਿਚ ਉਸ ਸਮਾਜ ਦੀ ਪਰਸਥਿਤੀ (Situation with respect to other societies), (ੲ) ਸਮਾਜ ਦਾ ਆਕਾਰ(Size of society)।

**ਦਰਜ਼ਾਬੰਦੀ ਦੇ ਕੰਮ (Function of Stratification)** – ਡੇਵਿਸ ਅਤੇ ਮੂਰੇ ਦੇ ਅਨੁਸਾਰ ਵੱਖ-ਵੱਖ ਅਹੁਦਿਆਂ ਉਤੇ ਸਭ ਤੋਂ ਵਧੀਆਂ ਵਿਅਕਤੀ ਚੁਣੇ ਜਾਣ ਅਤੇ ਉਹ ਚੰਗਾਂ ਕੰਮ ਕਰਨ, ਇਹ ਨਿਸਚਿਤ ਕਰਨ ਦੇ ਲਈ ਸਰਵਧਾਰਿਕ ਪ੍ਰਭਾਵੀ ਹੱਲ ਸਮਾਜਿਕ ਦਰਜ਼ਾਬੰਦੀ ਹੈ। ਇਹ ਪ੍ਰਣਾਲੀ ਇਸ ਲਈ ਪ੍ਰਭਾਵੀ ਹੈ ਕਿ ਇਹ ਸਮਾਜ ਵਿਚ ਵੱਖ-ਵੱਖ ਅਹੁਦੀਆਂ ਜਾਂ ਸਥਾਨਾ ਦੇ ਲਈ ਗੈਰ-ਬਰਾਬਰ ਪੁਰਸਕਾਰ ਅਤੇ ਵਿਸੇਸ ਅਧਿਕਾਰ ਦਿੰਦੀ ਹੈ। ਸਾਰੇ ਲੋਕਾਂ ਨੂੰ ਬਰਾਬਰ ਪੁਰਸਕਾਰ ਦਿੱਤਾ ਜਾਵੇ, ਤਾਂ ਉਹਨਾਂ ਨੂੰ ਸਖਤ ਮਿਹਨਤ ਕਰਨ ਦੀ ਕੋਈ ਇੱਛਾ ਨਹੀ ਰਹੇਗੀ। ਗੈਰ-ਬਰਾਬਰ ਪੁਰਸਕਾਰ ਦੀ ਅਵਸਥਾ ਦੇ ਦੋਹਰੇ ਲਾਭ ਹੇਠ ਲਿਖੇ ਹਨ :-

ਨੋਟ

1. ਇਸ ਵਿਚ ਲੋਕ ਕੁਝ ਵਿਸੇਸ ਅਹੁਦਿਆ ਜਾਂ ਸਥਾਨਾਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਹੁੰਦੇ ਹਨ। ਅਹੁਦਿਆਂ ਵਿਚ ਜਦੋਂ ਜਿਆਦਾ ਪੁਰਸਕਾਰ ਮਿਲ ਰਹੇ ਹੋਣ ਤਾਂ ਉਹਨਾਂ ਪਾਉਣ ਦੇ ਲਈ ਲੋਕ ਜਿਆਦਾ ਕੋਸਿਸ ਅਤੇ ਮਿਹਨਤ ਕਰਦੇ ਹਨ, ਤਾਂ ਕਿ ਓਹਨਾਂ ਵਿਚ ਪ੍ਰਾਪਤ ਯੋਗਤਾ ਆ ਜਾਵੇ।

2. ਇਹ ਪੁਰਸਕਾਰ ਅਹੁਦਿਆ ਦੇ ਭਰ ਜਾਣ ਦੇ ਬਾਅਦ ਵੀ ਗੈਰ-ਬਰਾਬਰ ਰਹਿਣੇ ਚਾਹੀਦੇ ਹਨ, ਤਾਂ ਕਿ ਜਿਨ੍ਹਾ ਵਿਅਕਤੀਆਂ ਨੂੰ ਇਸ ਅਹੁਦੇ ਉਤੇ ਨਿਯੁਕਤ ਕਰਿਆ ਗਿਆ ਹੈ। ਉਹਨਾਂ ਨੂੰ ਆਪਣੇ ਕੰਮ ਨੂੰ ਸੁਧਾਰਨ ਦੀ ਪ੍ਰੇਰਨਾ ਮਿਲੇ।ਦਰਜ਼ਾਬੰਦੀ ਦੀ ਇਹ ਪ੍ਰਣਾਲੀ ਸਪੁਰਦਾ ਉਤੇ ਅਧਾਰਿਤ ਸਮਾਜ ਅਤੇ ਭੇਟਾ ਉਤੇ ਅਧਾਰਿਤ ਪ੍ਰਾਰੰਪਿਕ ਸਮਾਜ ਦੋਨਾਂ ਦੇ ਲਈ ਲਾਭਦਾਇਕ ਹੈ ਅਜੋਕੇ ਸਮਾਜ ਵਿਚ ਲੋਕ ਆਪਣੀ ਪ੍ਰਵੀਨਤਾ ਅਤੇ ਸਿੱਖਿਆ ਯੋਗਤਾ ਦੇ ਅਨੁਸਾਰ ਅਹੁਦਿਆਂ ਉਤੇ ਬਿਰਾਜਮਾਨ ਹਨ। ਜਿਹੜੇ ਲੋਕ ਜਿਆਦਾ ਯੋਗ ਅਤੇ ਪੜੇ-ਲਿਖੇ (ਸਿਖਿਅਤ) ਹੁੰਦੇ ਹਨ, ਉਹਨਾਂ ਨੂੰ ਵਧੀਆਂ ਪੁਰਸਕਾਰ ਮਿਲਦੇ ਹਨ ਤੇ ਉਹ ਸਾਨੋ-ਸੌਕਤ ਵਾਲੇ ਅਹੁਦਿਆਂ ਉਤੇ ਬਿਰਾਜਮਾਨ ਹੁੰਦੇ ਹਨ।

**ਕੀ ਤੁਸੀ ਜਾਣਦੇ ਹੋ** ਪ੍ਰੰਪਰਿਕ ਰੂਪ ਵਿੱਚ ਜਾਤਾਂ ਵਿਚ ਵੰਡੇ ਭਾਰਤੀ ਸਮਾਜ ਵਿਚ ਲੋਕਾਂ ਨੂੰ ਆਪਣੇ ਅਹੁਦੇ ਜਾਂ ਸਥਾਨ ਯੋਗਤਾ ਦੇ ਕਾਰਨ ਨਹੀ ਬਲਕਿ ਜਨਮ ਵਿਚ ਮਿਲੇ ਦਰਜੇ ਵਿਚ ਮਿਲ ਜਾਂਦੀ ਹੈ।

## ਡੇਵਿਸ ਅਤੇ ਮੂਰੇ ਦੀਆਂ ਸਿਧਾਂਤਕ ਧਾਰਨਾਵਾਂ

ਸਮਾਜ ਆਪਣੀ ਵਿਵਹਾਰਕ ਧਾਰਨਾਵਾਂ ਹੁੰਦੀ ਹੈ, ਜੋ ਉਹਨਾਂ ਨੂੰ ਜੀਵਤ ਰਹਿਣ ਅਤੇ ਸੁਚਾਰੂ ਰੂਪ ਵਿਚ ਚੱਲਣ ਵਿਚ ਸਹਾਇਕ ਹੁੰਦੀ ਹੈ । ਸਮਾਜ ਵਿਅਕਤੀਆਂ ਦਾ ਸਮੂਹ ਉਸਦਾ ਸਿਰਫ ਏਕੀਕਰਨ ਨਹੀ ਹੁੰਦਾਂ । ਇਹਨਾਂ ਵਿਅਕਤੀਆਂ ਨੂੰ ਕੰਮ ਪੂਰੇ ਕਰਨੇ ਹੁੰਦੇ ਹਨ ਤਾਂ ਕਿ ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ ਇਸ ਲਈ ਸਮਾਜ ਵਿਚ ਕਈ ਕੰਮ ਚਲਦੇ ਹਨ।

ਵਿਸੇਸ ਸ੍ਰੇਣੀ ਕੀ ਪਰਬੀਨਤਾ ਰੱਖਣ ਵਾਲੇ ਲੋਕ ਇਹਨਾਂ ਵੱਖ-ਵੱਖ ਕੰਮਾਂ ਨੂੰ ਪੂਰਾ ਕਰਦੇ ਹਨ। ਇਸ ਲਈ ਕਿਸੇ ਵੀ ਸਮਾਜ ਦੀ ਪਹਿਲੀ ਵਿਵਹਾਰਕ ਇਸ ਅਲੱਗ-ਅਲੱਗ ਭੂਮਿਕਾ ਨੂੰ ਪ੍ਰਭਾਵਸਾਲੀ ਢੰਗ ਨਾਲ ਵੰਡਿਆਂ ਗਿਆ ਹੈ।

ਉਪਰੋਕਤ ਵਿਵਹਾਰਕ ਪੂਰਬਪੇਕਸ਼ਾ ਦੇ ਚਾਰ ਪਹਿਲੂ ਹਨ :-

1. ਸਮਾਜ ਵਿਚ ਸਾਰੀ ਭੂਮਿਕਾ ਪੂਰੀ ਕਰੀ ਜਾਦੀ ਚਾਹੀਦੀ ਹੈ ਸਾਰੇ ਸਮਾਜਾਂ ਵਿਚ ਅਲੱਗ -ਅਲੱਗ ਕਿਸਮ ਦੇ ਪੇਸ਼ੇ, ਵਪਾਰ ਚਲਦੇ ਹਨ। ਇਹਨਾਂ ਵਪਾਰਾਂ ਨੂੰ ਵੀ ਪੂਰਾ ਕਰਿਆ ਜਾਣਾ ਜ਼ਰੂਰੀ ਹੈ।
2. ਨਿਸਚਿਤ ਕੰਮਾਂ ਦੇ ਲਈ ਅਜਿਹੇ ਗਲਤ ਲੋਕ ਚੁਣੇ ਜਾਂਦੇ ਹਨ, ਜਿਹਨਾਂ ਵਿੱਚ ਇਹਨਾਂ ਕੰਮਾਂ ਨੂੰ ਪੂਰੇ ਕਰਨ ਦੇ ਲਈ ਜ਼ਰੂਰੀ ਯੋਗਤਾ ਨਹੀਂ ਹੈ ਤੇ ਇਸ ਤੋਂ ਸਮਾਜ ਵਿਚ ਅਸਥਿਰਤਾਂ ਪੈਦਾ ਹੋਵੇਗੀ । ਇਸ ਲਈ ਇਹਨਾਂ ਸਥਾਂਨਾ ਨੂੰ ਸਭ ਤੋਂ ਯੋਗ ਵਿਅਕਤੀਆਂ ਨਾਲ ਭਰਨਾ ਚਾਹੀਦਾ ਹੈ।
3. ਕੰਮ ਦੇ ਲਈ ਸਭ ਤੋਂ ਵਧਿਆ (ਉੱਤਮ) ਵਿਅਕਤੀ ਹੀ ਚੁਣੇ ਜਾਣ, ਕੰਮ ਦੇ ਲਈ ਸਭ ਤੋਂ ਉੱਤਮ ਵਿਅਕਤੀ ਚੁਣਿਆ ਜਾਵੇ, ਉਸਨੂੰ ਨਿਸਚਿਤ ਕਰਨ ਲਈ ਸਭ ਤੋਂ ਪ੍ਰਭਾਵਸਾਲੀ ਹੱਲ ਸਿਖਲਾਈ ਹੈ।
4. ਕਰਤੱਵ ਦਾ ਸੰਪਾਦਨ ਸੌਕ ਪੂਰਵਕ ਹੋਣਾ ਚਾਹੀਦਾ ਹੈ। ਜਦੋ ਸਿਖਿਆਂਰਥੀ ਅਤੇ ਆਪਣੇ ਕੰਮ ਵਿਚ ਉਤੱਮ ਵਿਅਕਤੀ ਆਪਣਾ ਕੰਮ ਪੂਰੇ ਅਤੇ ਸੌਕ ਨਾਲ ਨਹੀ ਕਰਦਾ ਤਾਂ ਉਸਤੋਂ ਪੂਰੀ ਵਿਵਸਥਾ ਦੀ ਪਹੁੰਚੇਗੀ। ਇਸ ਲਈ ਸਮਾਜ ਵੀ ਵਿਵਹਾਰਕ ਪੂਰਬਪੇਕਸ਼ਾ ਦੀ ਪੂਰਤੀ ਦੇ ਲਈ ਇਹ ਚਾਰੇ ਕਾਰਨ ਜ਼ਰੂਰੀ ਹਨ।

ਆਧੁਨਿਕ ਸਮਾਜ ਵਿਚ ਵਿਅਕਤੀ ਦੇ ਦਰਜੇ ਦਾ ਨਿਰਧਾਰਨ ਉਸਦੇ ਜਨਮ ਤੋ ਨਾਂ ਹੋ ਕੇ ਉਸਦੀ ਯੋਗਤਾ ਤੇ ਨਿਰਭਰ ਹੁੰਦਾ ਹੈ। ਇਸ ਪ੍ਰਕਾਰ ਦਾ ਸਮਾਜ ਬਹੁਤ ਹੀ ਗਤੀਸੀਲ ਅਤ ਪਰਿਵਰਤਨ ਕਾਰੀ ਹੈ ਅਤੇ ਆਪਣੀ ਵਿਵਹਾਰਕ ਇੱਛਾ ਨੂੰ ਪੂਰਾ ਕਰਨ ਵਿਚ ਤਤਪਰ ਰਹਿੰਦਾ ਹੈ। ਡੇਵਿਸ ਅਤੇ ਮੂਰ ਦੇ ਅਨੁਸਾਰ ਇਸ ਦੇ ਲਈ ਹੇਠ ਲਿਖੇ ਹਰ ਸਮਾਜ ਵਿਚ ਸਮਾਨ ਰੂਪ ਵਿਚ ਵਿਰਾਜਮਾਨ ਹੁੰਦੀ ਹੈ।

1. **ਜਿਆਦਾ ਮਹੱਤਵਪੂਰਨ ਅਹੁਦੇ** :– ਹਰੇਕ ਸਮਾਜ ਵਿਚ ਕੁਝ ਅਹੁਦੇ ਜਾਂ ਸਥਾਨ ਕੰਮ ਦੀ ਦ੍ਰਿਸਟੀ ਵਿਚ ਦੂਜੀਆ ਤੋਂ ਜਿਆਦਾ ਮਹਤੱਵਪੂਰਨ ਹੁੰਦੇ ਹਨ। ਇਹਨਾਂ ਅਹੁਦਿਆਂ ਵਿਚ ਜਿਆਦਾ ਸਾਨੋ–ਸੌਕਤ ਮਿਲਦੀ ਹੈ। ਉਦਾਹਰਣ ਦੇ ਈ, ਭਾਰਤੀ ਪ੍ਰਸਾਸਨਿਕ ਸੇਵਾ ਵਿਚ ਦੂਜੀਆਂ ਨੌਕਰੀਆ ਵਿਚ ਜਿਆਦਾ ਹੁਨਰ ਹਾਸਿਲ ਹੈ।
2. **ਸੀਮਿਤ ਸਮਰੱਥਾ** :– ਇਹਨਾਂ ਭੂਮਿਕ ਦੇ ਨਿਰਧਾਰ ਦੇ ਲਈ ਕੇਵਲ ਸੀਮਿਤ ਵਿਅਕਤੀਆਂ ਵਿਚ ਪੂਰੀ ਯੋਗਤਾ ਜਾਂ ਸਮਰੱਥਾ ਹੁੰਦੀ ਹੈ। ਜਿਵੇ:– ਆਈ.ਏ.ਐਸ. (ਭਾਰਤੀ ਪ੍ਰਸਾਸਨਿਕ ਸੇਵਾ) ਪ੍ਰੀਖਿਆ ਵਿਚ ਬਹਿੰਦੇ ਤਾਂ ਲੱਖਾ ਲੋਕ ਹਨ, ਪਰ ਕੁਝ ਹੀ ਪ੍ਰੀਖਿਆਰਥੀ ਸਫਲ ਹੁੰਦੇ ਹਨ।
3. **ਗਹਿਰੀ ਸਿੱਖਿਆ** :– ਇਹਨਾਂ ਅਹੁਦੇ ਜਾਂ ਸਥਾਨਾ ਦੇ ਲਈ ਜਿਆਦਾ ਤਰ ਇਕ ਲੰਬੇ ਅਤੇ ਗਹਿਰੀ ਸਿੱਖਿਆ ਦੀ ਜ਼ਰੂਰਤ ਪੈਂਦੀ ਹੈ। ਜੋ ਲੋਕ ਇਹਨਾਂ ਅਹੁਦਿਆ ਨੂੰ ਪ੍ਰਾਪਤ ਕਰਦੇ ਹਨ। ਉਹਨਾਂ ਨੂੰ ਇਸ ਲਈ ਵੱਡਾ ਤਿਆਗ ਕਰਨਾ ਪੈਂਦਾ ਹੈ। ਉਦਾਹਰਣ ਦੇ ਤੌਰ ਤੇ– ਅਧੁਰ ਵਿਗਿਆਨ, ਇੰਜਨੀਅਰਿੰਗ, ਚਾਰਟਿਡ ਅਕਾਉਂਟਟ ਜਿਹੇ ਕੁਝ ਵਿਸੇਸ ਪੇਸੇ ਗਹਿਰੇ ਜਾਂ ਖਰਚੀਲੀ ਸਿੱਖਿਆ ਦੀ ਜ਼ਰੂਰਤ ਪੈਂਦੀ ਹੈ।

ਪ੍ਰੋ: ਡੇਵਿਸ ਅਤੇ ਮੂਰ ਦੇ ਉਪਰੋਕਤ ਸਮਾਜਿਕ ਦਰਜਾ ਬੰਦੀ ਦੇ ਸਿਧਾਂਤ ਦੀਆਂ ਮੁੱਖ ਵਿਸੇਤਾਵਾਂ ਨੂੰ ਪ੍ਰੋ: **ਮੇਲਬਿਨ ਐਮ. ਟਿਊਮਨ** (Melvin M. Tumin) ਨੇ ਇਸ ਤਰ੍ਹਾ ਪੇਸ ਕੀਤਾ ਹੈ :–

1) ਸਮਾਜ ਵਿਚ ਕੁਝ ਸਥਿਤੀਆਂ ਪ੍ਰਕਿਰਿਆ ਦ੍ਰਿਸਟੀਕੋਣ ਤੋਂ ਦੂਸਰੀ ਸਥਿਤੀਆਂ ਦੀ ਵਿਵਹਾਰਕ ਜਿਆਦਾ ਮਹੱਤਵਪੂਰਨ ਹੁੰਦੀ ਹੈ ਇਹਨਾਂ ਸਥਿਤੀਆਂ ਦੇ ਮੁਕਾਬਲੇ ਜਿਆਦਾ ਮਹੱਤਵਪੂਰਨ ਹੁੰਦੀ ਹੈ । ਇਹਨਾਂ ਸਥਿਤੀਆਂ ਦੇ ਸਬੰਧਿਤ ਕੰਮ ਨੂੰ ਕਰਨ ਦੇ ਲਈ ਵਿਸੇਸ ਕੰਮਕਾਰ ਦੀ ਜ਼ਰੂਰਤ ਪੈਦੀ ਹੈ।
2) ਉੱਚ ਸਥਿਤੀਆਂ ਉਤੇ ਕੰਮ ਕਰਨ ਲਈ ਦੇ ਲਈ ਜਿਹੜੀ ਵਪਾਰਕ ਯੋਗਤਾ ਦੀ ਪ੍ਰਾਪਤੀ ਦੀ ਜ਼ਰੂਰਤ ਹੁੰਦੀ ਹੈ। ਉਸਦੇ ਅਨੁਸਾਰ ਗੁਣਾ ਵਾਲੇ ਵਿਅਕਤੀ ਸਮਾਜ ਵਿਚ ਬਹੁਤ ਘੱਟ ਸੰਖਿਆ ਵਿਚ ਪਾਏ ਜਾਂਦੇ ਹਨ, ਜਿਸਨੂੰ ਉਹਨਾਂ ਦੀਆਂ ਦੀਆਂ ਸਥਿਤੀਆਂ ਵਿਚ ਕੰਮ ਕਰਨ ਦੇ ਲਈ ਪੂਰਨ ਰੂਪ ਵਿਚ ਕਾਬਲ ਬਨਾਉਣ ਦੇ ਲਈ ਸਿੱਖਿਆ ਦਿੱਤੀ ਜਾ ਸਕੇ।
3) ਇਸ ਪ੍ਰਕਾਰ ਸਿੱਖਿਆ ਦੁਆਰਾ ਜ਼ਰੂਰੀ ਪ੍ਰਕਿਕਿਆਤਮਕ ਨੂੰ ਪ੍ਰਾਪਤ ਕਰਨ ਦੇ ਲਈ ਵਿਅਕਤੀ ਨੂੰ ਕਿਸੇ ਨਾਂ ਕਿਸੇ ਪ੍ਰਕਾਰ ਦਾ ਬਲੀਦਾਨ ਦੇਣਾ ਜ਼ਰੂਰੀ ਹੁੰਦਾ ਹੈ।
4) ਯੋਗ ਵਿਅਕਤੀਆਂ ਨੂੰ ਇਸ ਪ੍ਰਕਾਰ ਦੇ ਬਲੀਦਾਨ ਕਰਨ ਅਤੇ ਜ਼ਰੂਰੀ ਸਿੱਖਿਆ ਪ੍ਰਾਪਤ ਕਰਨ ਦੇ ਲਈ ਪ੍ਰੇਰਿਤ ਕਰਨ ਦੇ ਲਈ ਉਸਦੀ ਸਥਿਤੀਆਂ ਦੇ ਨਾਲ ਵੱਖ–ਵੱਖ ਪ੍ਰਕਾਰ ਦੇ ਲਾਲਚਾਂ ਜਾਂ ਅਧਿਕਾਰਾਂ ਨੂੰ ਜੋੜ ਦਿੱਤਾ ਜਾਂਦਾ ਹੈ।
5) ਇਹਨਾਂ ਲਾਲਚਾਂ ਨੂੰ ਤਿੰਨ ਮੁੱਖ ਸ੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ, (ੳ) ਰੋਜੀ ਅਤੇ ਅਰਾਮ (Sustenance and Comfort) (ਅ) ਸੁਭਾਅ ਅਤੇ ਦਿਲਪ੍ਰਚਾਵਾ (Humour and Diversion), (ੲ) ਆਤਮ ਸਨਮਾਨ ਅਤੇ ਘੁਮੰਡੀ (Self-respect and Ego-expansion)।
6) ਇਸ ਪ੍ਰਕਾਰ ਦੇ ਲਾਲਚਾਂ ਵਿਚ ਬਿਰਾਜਮਾਨ ਭਿੰਨਤਾਵਾਂ ਦਾ ਪ੍ਰਭਾਵ ਸਥਿਤੀਆਂ ਵਿਚ ਸਾਨੋ–ਸੌਕਤ ਅਤੇ ਸਵੈਮਾਨ ਉਤੇ ਪੈਂਦਾ ਹੈ। ਉਸਦੇ ਅਨੁਸਾਰ ਸਮਾਜਿਕ ਸੰਸਥਾਂ ਵਿਚ ਅਸਮਾਨਤਾਵਾਂ ਦਾ ਜਾਂ ਸਮਾਜਿਕ ਦਰਜ਼ਾਬੰਦੀ ਦਾ ਨਿਰਧਾਰਨ ਹੁੰਦਾ ਹੈ।

### 3.1.1 ਡੇਵਿਸ ਅਤੇ ਮੂਰ ਦਾ ਸਮਾਜਿਕ ਦਰਜ਼ਾਬੰਦੀ ਪ੍ਰਕਿਰਿਆਤਮਕ ਸਿਧਾਂਤ

ਡੇਵਿਸ ਅਤੇ ਮੂਰ ਨੇ ਆਪਣੇ ਸਿਧਾਂਤ ਦੀ ਵਿਆਖਿਆ ਪ੍ਰਕਿਰਿਆਤਮਕ ਆਧਾਰ ਤੇ ਕੀਤੀ ਹੈ ਇਸ ਲਈ ਇਸਨੂੰ ਸਮਾਜਿਕ ਦਰਜ਼ਾਬੰਦੀ ਦਾ ਸਿਧਾਂਤ ਵੀ ਕਹਿੰਦੇ ਹਨ।

**ਦਰਜਾ ਬੰਦੀ ਦੀ ਪ੍ਰਕਿਰਿਆਤਮਕ ਜ਼ਰੂਰਤ** (The functional Necessity of Stratification) – ਇਕ ਪ੍ਰਕਿਰਿਆਤਮਕ ਯੰਤਰ ਦੇ ਰੂਪ ਵਿਚ ਇਕ ਸਮਾਜ ਨੂੰ ਕਿਸੇ ਨਾ ਕਿਸੇ ਪ੍ਰਕਾਰ ਆਪਣੇ ਮੈਂਬਰਾਂ ਨੂੰ ਸਮਾਜਿਕ ਸਥਿਤੀਆਂ ਵਿਚ ਵੰਡਣਾ ਅਤੇ ਉਹਨਾਂ ਨੂੰ ਇਸ ਸਥਿਤੀਆਂ ਦੇ ਕਰਤੱਵਾਂ ਨੂੰ ਕਰਨ ਦੇ ਲਈ ਪ੍ਰੇਰਿਤ ਕਰਦਾ ਹੈ। ਇਸ ਦ੍ਰਿਸਟੀ ਵਿਚ ਹੇਠ ਲਿਖਿਆ ਦੋ ਲਾਇਨਾ ਉਤੇ ਪ੍ਰਰੇਨਾ ਜ਼ਰੂਰੀ ਹੈ:–

ਨੋਟ

1) ਕੁਝ ਨਿਸਚਿਤ ਸਥਿਤੀਆਂ ਨੂੰ ਭਰਨ ਦੇ ਲਈ ਉਚਿਤ ਵਿਅਕਤੀਆਂ ਵਿੱਚ ਇੱਛਾ ਭਰਨਾ , ਅਤੇ

2) ਇਸ ਸਥਿਤੀਆਂ ਉਤੇ ਪਹੁੰਚਣ ਲਈ ਉਹਨਾਂ ਨੂੰ ਪ੍ਰੇਰਨਾ ਦੇਣਾ ਕਿ ਉਹ ਇਹਨਾਂ ਸਥਿਤੀਆਂ ਦੇ ਕਰਤੱਵਾ ਨੂੰ ਪੂਰਾ ਕਰਨ। ਇਸ ਪ੍ਰਕਾਰ ਦੇ ਸਮਾਜ ਵਿਚ ਇਹ ਕੰਮ ਕਰਨੇ ਪੈਦੇ ਹਨ।

ਜਦੋ ਸਭ ਸਥਿਤੀਆਂ ਸਮਾਜਿਕ ਅਸਤਿਤਵ ਦੇ ਲਈ ਸਮਾਨ ਰੂਪ ਵਿਚ ਮਹਤੱਵਪੂਰਨ ਹੋਣ ਅਤੇ ਸਭ ਦੇ ਲਈ ਸਮਾਨ ਯੋਗਤਾ ਦੀ ਜ਼ਰੂਰਤ ਹੋਵੇ, ਤਾਂ ਸਮਾਜ ਦੇ ਲਈ ਕੋਈ ਮੁਸਕਲ ਨਹੀ ਹੁੰਦੀ, ਪਰ ਵਿਵਹਾਰ ਵਿੱਚ ਕੁਝ ਸਥਿਤੀਆ ਸਮਾਜ ਦੇ ਲਈ ਬਹੁਤ ਜਿਆਦਾ ਮਹੱਤਵਪੂਰਨ ਹੁੰਦੀਆਂ ਹਨ ।ਜਿਸਦੇ ਕਰਤੱਵਾ ਨੂੰ ਪੂਰਾ ਕਰਨਦੇ ਲਈ ਵਿਸੇਸ ਯੋਗਤਾ ਦੀ ਜ਼ਰੂਰਤ ਪੈਂਦੀ ਹੈ। ਰੂਪ ਵਿਚ ਹਰੇਕ ਸਮਾਜ ਵਿਚ ਕੁਝ ਪੁਰਸਕਾਰ ਹੋਣੇ ਚਾਹੀਦੇ ਹਨ, ਜਿਨ੍ਹਾਂ ਦੁਆਰਾ ਲੋਕਾਂ ਨੂੰ ਪ੍ਰੇਰਣਾ ਦਿੱਤੀ ਜਾ ਸਕੇ ਅਤੇ ਨਾਲ ਹੀ ਕੁਝ ਅਜਿਹੇ ਤਰੀਕੇ ਹੋਣੇ ਚਾਹੀਦੇ ਹਨ, ਜਿਸ ਵਿਚ ਸਥਿਤੀਆਂ ਦੇ ਅਨੁਸਾਰ ਬਿਨਾਂ ਭੇਦ ਭਾਵ ਤੇ ਇਹ ਪੁਰਸਕਾਰ ਵੰਡੇ ਜਾ ਸਕਣ । ਪੁਰਸਕਾਰ ਅਤੇ ਉਹਨਾਂ ਦੀ ਵੰਡ ਸਮਾਜਿਕ ਵਿਵਸਥਾ ਦਾ ਇਕ ਭਾਗ ਬਣ ਜਾਂਦਾ ਹੈ ਅਤੇ ਇਸ ਲਈ ਦਰਜ਼ਾਬੰਦੀ ਦੇ ਉਦੇਸ ਨੂੰ ਜਨਮ ਦਿੰਦਾ ਹੈ।

ਡੇਵਿਸ ਅਤੇ ਮੂਰ ਨੇ ਤਿੰਨ ਪ੍ਰਕਾਰ ਦੇ ਪੁਰਸਕਾਰ ਦੱਸੇ ਹਨ :-

1) ਜੀਵਨ ਨੂੰ ਬਣਾਕੇ ਰੱਖਣਾ ਅਤੇ ਅਰਾਮ ਵਿਚ ਯੋਗਦਾਨ ਰੱਖਣ ਵਾਲੇ 2) ਅਜਿਹੀਆਂ ਵਸਤੂਆਂ ਜੋ ਸੁਭਾਅ ਅਤੇ ਮਨੋਰੰਜਨ ਵਿਚ ਸਹਾਇਕ ਹੋਣ ਅਤੇ 3) ਆਦਰ ਸਹਿਤ ਜਾਂ ਬਹੁਤ ਜਿਆਦਾ ਘੰਮਡੀ ।

ਕਿਸੇ ਵੀ ਸਮਾਜਿਕ ਵਿਵਸਥਾ ਵਿਚ ਇਹ ਤਿੰਨ ਪ੍ਰਕਾਰ ਦੇ ਪੁਰਸਕਾਰ ਸਥਿਤੀਆਂ ਦੇ ਭੇਦਾਂ ਦੇ ਆਧਾਰ ਤੇ ਦਿੱਤੇ ਜਾਂਦੇ ਹਨ। ਇਹਨਾਂ ਪੁਰਸਕਾਰਾਂ ਦੇ ਕਾਰਨ ਲੋਕਾਂ ਨੂੰ ਇਹਨਾਂ ਸਥਿਤੀਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਹੁੰਦੀ ਹੈ ਅਤੇ ਇਹ ਦੂਜੇ ਕਰਤੱਵਾ ਨੂੰ ਪੂਰਾ ਕਰਦੇ ਹਨ। ਹਰੇਕ ਮੁਸਕਲ ਜਾਂ ਸਰਲ ਸਮਾਜ ਵਿਚ ਵੱਖਰੇ ਸ਼ਾਨੋਂ-ਸ਼ੌਕਤ ਅਤੇ ਆਦਰ ਦੇ ਅਧਾਰ ਤੇ ਹੁੰਦਾ ਹੈ ਅਤੇ ਇਸ ਲਈ ਇਕ ਨਿਸਚਿਤ ਪ੍ਰਕਾਰ ਦੀ ਸੰਸਥਾਪਕ ਅਸਮਾਨਤਾ ਪਾਈ ਜਾਂਦੀ ਹੈ।

**ਸਥਿਤੀ ਅਹੁਦਿਆਂ ਦੇ ਦੋ ਨਿਸ਼ਚੈ (The two Determinates of Positional Rank)** : ਵੱਖ-ਵੱਖ ਸਥਿਤੀਆਂ ਵਿਚ ਅਹੁਦਿਆਂ ਦੇ ਦੋ ਕਾਰਨ ਹੁੰਦੇ ਹਨ।

1) ਸਮਾਜ ਦੇ ਲਈ ਬਹੁਤ ਜਿਆਦਾ ਮਹੱਤਵ ਰੱਖਦੇ ਹਨ, ਅਤੇ 2) ਬਹੁਤ ਜਿਆਦਾ ਸਿਖਲਾਈ ਜਾਂ ਯੋਗਤਾ ਦੀ ਜ਼ਰੂਰਤ ਹੁੰਦੀ ਹੈ ਪਹਿਲਾ ਕਾਰਨ **'ਕੰਮ'** (Function) ਨਾਲ ਸਬੰਧਿਤ ਹੈ ਅਤੇ ਸਕਾਰਾਤਮਿਕ ਮਹੱਤਤਾ ਦਾ ਵਿਸਾ ਹੈ ਦੂਜਾ **'ਸਾਧਨ'** (Means) ਨਾਲ ਸਬੰਧਤ ਹੈ ਅਤੇ ਘਾਟੇ ਦਾ ਵਿਸਾ ਹੈ।

ਵੰਡ ਦਾ ਵਿਵਹਾਰਕ ਮਹੱਤਵ (Differential Functional Importance) - ਘੱਟ ਜ਼ਰੂਰੀ ਸਥਿਤੀਆਂ ਜਿਆਦਾ ਜ਼ਰੂਰੀ ਸਥਿਤੀਆਂ ਦੇ ਨਾਲ ਸਫਲਤਾਪੂਰਵਕ ਵਿਰੋਧ ਨਹੀਂ ਕਰਦੀ। ਭਾਵੇਂ ਕੋਈ ਸਥਿਤੀ ਮਹੱਤਵਪੂਰਨ ਹੀ ਕਿਉਂ ਨਾ ਹੋਵੇ, ਜਦੋ ਇਹ ਅਸਾਨੀ ਨਾਲ ਭਰ ਜਾਂਦੀ ਹੈ ਤਾਂ ਉਸ ਲਈ ਜਿਆਦਾ ਵਿਕਾਸ ਨਹੀ ਦੇਣਾ ਪੈਂਦਾ। ਇਸਦੇ ਉਲਟ ਜਦੋਂ ਕੋਈ ਸਥਿਤੀ ਮਹੱਤਵਪੂਰਨ ਹੈ ਅਤੇ ਉਸਨੂੰ ਭਰ ਪਾਉਣਾ ਮੁਸ਼ਕਿਲ ਹੈ ਤਾਂ ਉਸ ਨੂੰ ਕਿਸੇ ਵੀ ਪ੍ਰਕਾਰ ਨਾਲ ਭਰਨ ਦੇ ਲਈ ਜਿਆਦਾ ਪੁਰਸਕਾਰ ਦੇਣੇ ਪੈਦੇ ਹਨ, ਵਿਵਹਾਰਕ ਮਹੱਤਵ ਜ਼ਰੂਰੀ ਹੈ, ਪ੍ਰੰਤੂ ਇਕ ਸਥਿਤੀ ਨੂੰ ਉੱਚਾ ਅਹੁਦਾ ਪ੍ਰਦਾਨ ਕਰਨ ਦਾ ਉਚਿਤ ਕਾਰਨ ਨਹੀ ਹੈ।

ਮਹੱਤਵ :-

**ਮੁਲਾਜਮਾਂ ਵਿਚ ਭੇਦ-ਭਾਵ ਦੀ ਕਮੀ** :- ਵਿਵਹਾਰਿਕ ਰੂਪ ਵਿਚ ਸਾਰੀਆਂ ਸਥਿਤੀਆਂ ਦੀ ਜਰੂਰਤ ਪੈਂਦੀ ਹੈ ।

**ਵਿਅਕਤੀ ਦੀ ਯੋਗਤਾ ਦੇ ਦੋ ਰੂਪ ਹਨ** :-

(ੳ) ਅੰਦਰੂਨੀ ਯੋਗਤਾ ਦੇ ਦੁਆਰਾ, ਅਤੇ (ਅ) ਸਿਖਲਾਈ ਦੁਆਰਾ

**ਇਸਦਾ ਵਰਨਣ ਹੇਠ ਲਿਖੇ ਅਨੁਸਾਰ ਹੈ** :-

1) ਕੁਝ ਸਥਿਤੀਆਂ ਦੇ ਲਈ ਅਜਿਹੀ ਉਚੀ ਜਾਂ ਮੁਢਲੀ ਯੋਗਤਾ ਦੀ ਜਰੂਰਤ ਪੈਂਦੀ ਹੈ ਕਿ ਉਸਨੂੰ ਭਰਨ ਦੇ ਲਈ ਅਜਿਹੀ ਯੋਗਤਾ ਵਾਲੇ ਵਿਅਕਤੀ ਘੱਟ ਹੀ ਹੁੰਦੇ ਹਨ।

2) ਕੁਝ ਸਥਿਤੀਆਂ ਦੇ ਲਈ ਜਨਮ ਸੰਖਿਆ ਵਿੱਚ ਯੋਗਤਾ ਰੱਖਣ ਵਾਲੇ ਬਹੁਤ ਵਿਅਕਤੀ ਹੁੰਦੇ ਹਨ, ਪ੍ਰੰਤੂ ਸਿਖਲਾਈ ਦੀ

ਨੋਟ

ਪ੍ਰਕਿਰਿਆ ਬਹੁਤ ਲੰਬੀ ਕੀਮਤੀ ਅਤੇ ਵਿਸਤ੍ਰਿਤ ਹੁੰਦੀ ਹੈ ਕਿ ਪੂਰਨ ਰੂਪ ਵਿਚ ਕੁਝ ਹੀ ਲੋਕ ਯੋਗਤਾ ਪ੍ਰਾਪਤ ਕਰ ਸਕਦੇ ਹਨ। ਜਦੋਂ ਕਿਸੇ ਸਥਿਤੀ ਨੂੰ ਭਰੇ ਜਾਣ ਦੀ ਕਮੀ ਹੋ ਅਤੇ ਇਹ ਸਥਿਤੀ ਪ੍ਰਕਿਰਿਆਤਮਕ ਮਹੱਤਵ ਰੱਖਦੀ ਹੈ, ਤਾਂ ਉਸਨੂੰ ਭਰਨ ਦੇ ਲਈ ਜਰੂਰੀ ਹੈ ਕਿ ਬਹਤ ਹੀ ਦਿਲ ਖਿੱਚਦੇ ਪੁਰਸਕਾਰ ਹੋਣੇ ਚਾਹੀਦੇ ਹਨ। ਦੂਜੇ ਸਬਦਾ ਵਿਚ ਸਥਿਤੀ ਦਾ ਸਮਾਜਿਕ ਪੱਧਰ ਵਿਚ ਉੱਚਾ ਹੋਣਾ ਜਰੂਰੀ ਹੈ, ਇਸਦੇ ਲਈ ਜਿਆਦਾ ਸਾਨੋ-ਸੌਕਤ, ਜਿਆਦਾ ਤਨਖਾਹ, ਪ੍ਰਾਪਤ ਅਰਾਮ ਆਦਿ ਪੁਰਸਕਾਰ ਹੋਵੇ ਜਰੂਰੀ ਹਨ।

ਕੀ ਤੁਸੀਂ ਜਾਣਦੇ ਹੋ ਕਿਰਿਆਤਮਕ ਸਿਧਾਂਤ ਵਿੱਚ ਪੰਜ ਲਾਇਨਾਂ ਲਿਖੋ।

**ਦਰਜਾ ਬੰਦੀ ਦਾ ਵੱਖ-ਵੱਖ ਹਾਲਤਾਂ ਵਿਚ ਅੰਤਰ (Variation in Statrfication Systems)-**

ਦਰਜ਼ਾਬੰਦੀ ਦੇ ਸਮਾਨ ਸਿਧਾਂਤ ਹੇਠ ਲਿਖੇ ਹਨ :-

1) **ਵਿਸੇਸੀਕਰਨ ਦੀ ਦਰਜਾ (The Degree of Specialization)** - ਵਿਸੇਸੀਕਰਨ ਦੀ ਮਾਤਰਾ ਸਕਤੀ ਅਤੇ ਸਾਨੋ-ਸੌਕਤ ਦੇ ਪੱਧਰ ਦੀ ਸੰਖਿਆ ਨੂੰ ਪ੍ਰਭਾਵਿਤ ਕਰਦੀ ਹੈ । ਇਹ ਇਸ ਤੱਥ ਨੂੰ ਵੀ ਪ੍ਰਭਾਵਿਤ ਕਰਦੀ ਹੈ ਕਿਹੜੇ ਵਿਸੇਸ ਕੰਮ ਵਿਚ ਕਿਸ ਵਿਵਸਥਾ ਉਤੇ ਜੋਰ ਦਿੱਤਾ ਜਾਵੇਗਾ ।

2) **ਕਿਰਿਆਤਮਕ ਵਿਚ ਕੁਦਰਤ ਦਾ ਮਹੱਤਵ (The Nature of the Functional Emphasis)** - ਸਮਾਨ ਰੂਪ ਵਿਚ ਜਦ ਪਵਿਤੱਰ (**sacred**) ਵਿਸੇ ਉਤੇ ਜੋਰ ਦਿੱਤਾ ਜਾਂਦਾ ਹੈ, ਤਾਂ ਪ੍ਰਵੇਸ ਪਾ ਲੈਦੀ ਹੈ, ਜੋ ਵਿਸੇਸੀਕਰਨ ਨੂੰ ਸੀਮਿਤ ਕਰ ਦਿੰਦੀ ਹੈ ਫਲਸਰੂਪ ਪ੍ਰਯੋਗਿਕਾ ਦਾ ਵਿਕਾਸ ਸੀਮਿਤ ਹੋ ਜਾਂਦਾ ਹੈ, ਇਸਦੇ ਅਤਿਰਿਕਤ ਸਮਾਜਿਕ ਗਤੀਸੀਲਤਾ ਵੀ ਹੋ ਜਾਂਦੀ ਹੈ, ਅਤੇ ਨੌਕਰੀਸਾਹੀ (**Bureaucracy**) ਦਾ ਵਿਕਾਸ ਵੀ ਨਹੀ ਹੁੰਦਾ । ਜਦੋ ਪਵਿੱਤਰ ਜਾਂ ਧਰਮ ਦਾ ਪੰਜਾ ਢਿੱਲਾ ਹੋ ਜਾਂਦਾ ਹੈ, ਤਾਂ ਆਰਥਿਕ ਅਤੇ ਪ੍ਰਯੋਗਿਕ ਵਿਕਾਸ ਨੂੰ ਜਿਆਦਾ ਪ੍ਰੋਤਸਾਹਨ ਮਿਲਦੀ ਹੈ।

3) **ਵਿਰੋਧੀ ਅਸਮਾਨਤਾਵਾਂ ਦੀ ਸੀਮਾਂ (The Magnitude of Invidious Differences)** - ਸਥਿਤੀਆਂ ਦੇ ਵਿਚ ਸਮਾਜਿਕ ਦੂਰੀ (**Social distance)** ਪਾਈ ਜਾਂਦੀ ਹੈ, ਜਿਸਦਾ ਗੁਣਾਂਤਮਕ ਸਾਧਨ ਕੀਤਾ ਜਾ ਸਕਦਾ ਹੈ।

4) **ਅਵਸਰਾਂ ਦਾ ਦਰਜਾ (The degree of opputunity)** - ਉਪਰੋਕਤ ਪੁਰਸਕਾਰ ਦੇ ਸਮਾਨਤਾ ਅਤੇ ਅਸਮਾਨਤਾ ਦੇ ਸਵਾਲ ਦੇ ਗਤੀਸੀਲਤਾ ਦੀ ਮਾਤਰਾ ਦਾ ਸਵਾਲ ਵੱਖ ਹੈ। ਕਿਉਕਿ ਦੋਨੋ ਕਸੌਟੀਆਂ ਜਿਆਦਾ ਹੱਦ ਤੱਕ ਇਕ ਦੂਜੇ ਤੋਂ ਅਜਾਦ ਹੋ ਕੇ ਚਲਦੀ ਹੈ । ਗਤੀਸੀਲਤਾ ਆਪਣੇ ਆਪ ਵਿਚ ਇਕ ਕਾਰਨ ਹੈ।

5) **ਲਾਈਨਵਾਰ ਏਕਤਾ ਦਾ ਦਰਜਾ** (The Degree of Stratum Solidarity)- ਲੜੀਵਾਰ ਵਰਗ ਏਕਤਾ ਕਈ ਕਸੌਟੀਆਂ ਵਿਚ ਕੰਮ ਕਰਦੀ ਹੈ ਅਤੇ ਇਸ ਲਈ ਦਰਜਬੰਦੀ ਦਾ ਵਰਗੀਕਰਨ ਵਿਸਥਾ ਵਿਚ ਇ ਮਹੱਤਵਪੂਰਨ ਸਿਧਾਂਤ ਹੈ ।ਪ੍ਰਕਾਰ-ਵਰਗ ਸੰਗਠਿਤ, ਵਰਗ ਅਸੰਗਠਿਤ।

ਬਾਹਰੀ ਹਾਲਤ (**External Conditions**):- ਦਰਜ਼ਾਬੰਦੀ ਦੀ ਕੋਈ ਵਿਸੇਸ ਵਿਵਸਥਾ ਇਸ ਵੱਖ-ਵੱਖ ਪ੍ਰਕਾਰ ਦੇ ਜਿਕਰ ਵਿਚ ਕੀ ਸਥਿਤੀ ਲਵੇਗੀ, ਦੋ ਵਸਤੂਆਂ ਤੇ ਨਿਰਭਰ ਕਰਦਾ ਹੈ:-

1) ਅੰਤਰ ਦੂਜੇ ਖੇਤਰਾਂ ਦੇ ਜਿਕਰ ਵਿਚ ਇਹਨਾਂ ਦੀ ਸਥਿਤੀ ਅਤੇ 2) ਦਰਜਬੰਦੀ ਦੀ ਵਿਵਸਥਾ ਦੇ ਬਾਹਰ ਦੀ ਹਾਲਤ, ਜੋ ਉਸ ਵਿਵਸਥਾ ਨੂੰ ਪ੍ਰਭਾਵਿਤ ਕਰਦੀ ਹੈ। ਇਹ ਹੇਠ ਲਿਖੇ ਅਨੁਸਾਰ ਹੈ :-

ੳ) **ਸੰਸਕ੍ਰਿਤਕ ਵਿਕਾਸ ਦਾ ਪੱਧਰ (The Stage of Cultural Development)**- ਸੰਸਕ੍ਰਿਤਕ ਵਿਕਾਸ ਵਧਣ ਦੇ ਨਾਲ-ਨਾਲ ਜਿਆਦਾ ਨਿਪੁੰਨ ਜਰੂਰੀ ਹੋ ਜਾਂਦਾ ਹੈ ਇਹ ਗਤੀਸੀਲਤਾ ਨੂੰ ਵਧਾਉਦਾ ਹੈ ।ਲੜੀਵਾਰ ਏਕਤਾ ਨੂੰ ਘੱਟ ਕਰਦਾ ਹੈ ਅਤੇ ਪ੍ਰਕਿਰਿਆਤਮਿਕ ਮਹੱਤਵ ਵਿਚ ਪਰਿਵਰਤਨ ਕਰਦਾ ਹੈ।

ਨੋਟ

ਅ) **ਦੂਜੇ ਸਮਾਜਾਂ ਦੇ ਸਬੰਧ ਵਿਚ ਦਸਾ (Situation with respect to other Societies)** – ਦੂਜੇ ਸਮਾਜਾਂ ਵਿਚ ਖੁੱਲੇ ਸੰਘਰਸ ਦੀ ਉਪਸਥਿਤੀ ਜਾਂ ਅਨਉਪਸਥਿਤੀ ਆਜਾਦ ਵਪਾਰ ਸਬੰਧ ਜਾਂ ਸੰਸਕ੍ਰਿਤਕ ਫੈਲਾਅ, ਸਾਰੇ ਵਰਗ–ਰਚਨਾ ਨੂੰ ਕੁਝ ਸੀਮਾਂ ਤੱਕ ਪ੍ਰਭਾਵਿਤ ਕਰਦੇ ਹਨ।

ੲ) **ਸਮਾਜ ਦਾ ਆਕਾਰ (Size if Society)**– ਇਕ ਲਘੂ ਸਮਾਜ ਵਿਚ ਪ੍ਰਕਿਰਿਆਤਮਿਕ ਵੱਖ–ਵੱਖ ਪੱਧਰ ਦੇ ਪਰਥਕਕੀਕਰਨ ਦਰਜਾ ਅਤੇ ਅਸਮਾਨਤਾ ਦੀ ਦਰਜੇ ਉਤੇ ਸੀਮਾਵਾਂ ਨਿਰਧਾਰਿਤ ਹੁੰਦੀਆਂ ਹਨ। ਬਹੁਤ ਸਮਾਜਾਂ ਵਿਚ ਜਿਆਦਾ ਸੀਮਾਵਾਂ ਨਹੀ ਹੁੰਦੀਆਂ ।

## 3.1.2 ਡੇਵਿਸ ਅਤੇ ਮੂਰੇ ਦੇ ਸਿਧਾਂਤ ਦੀ ਅਲੋਚਨਾ

ਟਿਊਮਿਨ ਨੇ ਡੇਵਿਸ ਅਤੇ ਮੂਰੇ ਦੇ ਦਰਜ਼ਾਬੰਦੀ ਦੇ ਤਰਕਾਂ ਦੇ ਲਾਈਨਵਾਰ ਮਾਨਤਾਵਾਂ ਨੂੰ ਹੇਠ ਲਿਖੇ ਰੂਪ ਵਿਚ ਲਿਖਿਆ ਹੈ:–

1) ਕਿਸੇ ਸਮਾਜ ਵਿਚ ਕੁਝ ਸਥਿਤੀਆਂ ਦੂਸਰੀ ਸਥਿਤੀਆਂ ਤੋ ਪ੍ਰਕਿਰਿਆਤਮਕ ਦ੍ਰਿਸਟੀ ਵਿਚ ਜਿਆਦਾ ਮਹੱਤਵਪੂਰਨ ਹੁੰਦੀਆਂ ਹਨ ਅਤੇ ਉਹਨਾਂ ਨੂੰ ਕਰਨ ਦੇ ਲਈ ਵਿਸੇਸ ਕੰਮ ਕਰਨ ਦੀ ਯੋਗਤਾ ਜਰੂਰੀ ਹੁੰਦੀ ਹੈ।

2) ਇਹਨਾਂ ਸਥਿਤੀਆਂ ਦੇ ਲਏ. ਉਪਰੋਕਤ ਕੰਮ ਕਰਨ ਦੀ ਯੋਗਤਾ ਦੀ ਸਿਖਲਾਈ ਦੇ ਲਈ ਕਿਸੇ ਵੀ ਸਮਾਜ ਵਿਚ ਵਿਅਕਤੀਆਂ ਦੀ ਸੀਮਿਤ ਸੰਖਿਆ ਹੁੰਦੀ ਹੈ।

3) ਸਮਰੱਥਾ ਦੇ ਕੰਮ ਕਰਨ ਦੀ ਯੋਗਤਾ ਵਿਚ ਪਰੀਵਰਤਨ ਹੈ ਇਸਦੇ ਲਈ ਇਕ ਸਿਖਲਾਈ ਕਾਲ ਦੀ ਜਰੂਰਤ ਹੁੰਦੀ, ਜਿਸ ਕਾਲ ਵਿਚ ਸਿਖਿਆਰਥੀਆਂ ਨੂੰ ਇਕ ਜਾਂ ਦੂਜੀ ਕਿਸਮ ਦੇ ਤਿਆਗ ਕਰਨੇ ਪੈਂਦੇ ਹਨ।

4) ਇਹਨਾਂ ਤਿਆਗਾ ਨੂੰ ਕਰਨ ਦੇ ਲਈ ਅਤੇ ਸਿਖਲਾਈ ਪ੍ਰਾਪਤ ਕਰਨ ਦੇ ਲਈ ਸਮਰੱਥਾ ਯੁਕਤ ਵਿਅਕਤੀਆਂ ਨੂੰ ਪ੍ਰੇਰਨਾ ਦੇਣੀ ਪੈਂਦੀ ਹੈ।

5) ਇਹ ਕਮੀ ਅਤੇ ਇੱਛਤ ਵਸਤੂਆਂ ਅਧਿਕਾਰਾਂ ਅਤੇ ਪੂਰਵ ਜਰੂਰਤਾਂ ਵਿਚ ਨਿਰਮਿਤ ਹੁੰਦੀ ਹੈ, ਜੋ ਸਥਿਤੀਆਂ ਵਿਚ ਹੋ ਜਾਂਦੀ ਹੈ । ਇਹਨਾਂ ਨੂੰ ਵਸਤੂਆਂ ਦੇ ਉਹਨਾਂ ਵਰਗਾਂ ਵਿਚ ਸਾਮਲ ਕੀਤਾ ਜਾ ਸਕਦਾ ਹੈ ਜੋ

   ੳ) ਰੋਜੀ–ਰੋਟੀ ਅਤੇ ਅਰਾਮ

   ਅ) ਸੁਭਾਅ ਅਤੇ ਮਨੋਰੰਜਨ, ਅਤੇ

   ੲ) ਸਵੈਮਾਨ ਅਤੇ ਬਾਹਰੀ ਘੁਮੰਡ ਵਿਚ ਯੋਗਦਾਨ ਦਿੰਦੇ ਹਨ।

6) ਸਮਾਜ ਦੇ ਮੌਲਿਕ ਪੁਰਸਕਾਰ ਦਾ ਇਹ ਨਿਖੇੜਵ–ਬਟਵਾਰਾ, ਸਾਨੋ–ਸੌਕਤ ਅਤੇ ਆਦਰ (ਜੋ ਕਿ ਵੱਖਰਾ ਪੱਧਰ ਪ੍ਰਾਪਤ ਕਰਦਾ ਹੈ) ਦੇ ਵਖਰੇਵੇ ਨੂੰ ਉਤਪਨ ਕਰਦਾ ਹੈ ।ਦੂਜੇ ਸਬਦਾ ਵਿਚ, ਵੱਖ–ਵੱਖ ਪੱਧਰਾ ਦੇ ਆਦਰ ਅਤੇ ਸਾਨੋ–ਸੌਕਤ ਵੱਖ–ਵੱਖ ਹੁੰਦੇ ਹਨ।

7) ਇਸ ਲਈ ਘਾਟਾ ਪੂਰਨ ਅਤੇ ਇੱਛਤ ਵਸਤੂਆ ਅਤੇ ਸਾਨੋ–ਸੌਕਤ, ਜਾਂ ਆਦਰ ਦੀ ਮਾਤਰਾ ਵਿਚ ਵੱਖ–ਵੱਖ ਪੱਧਰ ਦੇ ਵਿਚ ਸਮਾਜਿਕ ਅਸਮਾਨਤਾ ਪੂਰਨ ਰੂਪ ਵਿਚ ਪ੍ਰਿਕਿਰਿਆਤਮਕ ਅਤੇ ਜਰੂਰੀ ਹੈ।

ਉਪਰੋਕਤ ਮਾਨਤਾਵਾਂ ਦੀ ਅਲੋਚਨਾ ਹੇਠ ਲਿਖੇ ਅਨੁਸਾਰ ਹੈ:–

**1) ਸਥਿਤੀਆਂ ਦਾ ਸਕਾਰਅਤਮਿਕ ਕਿਕਿਆਤਮਿਕ ਮਹੱਤਵ ਅਤੇ ਵਿਸੇਸ ਕੰਮ ਕਰਨ ਦੀ ਯੋਗਤਾ ਦੀ ਜਰੂਰਤ**

(Relative Functional Importance of Situation and Necessity of Special Skills) –

ਕਿਸੇ ਵੀ ਸਮਾਜ ਵਿਚ ਕਿਹੜੀ ਸਥਿਤੀਆਂ ਨੂੰ ਪ੍ਰਕਿਰਿਆਤਮਿਕ ਮਹੱਤਵ ਦਿੱਤਾ ਜਾਂਦਾ ਹੈ, ਇਹ ਸਵਾਲ ਆਪਣੇ ਆਪ ਹੀ ਵਿਵਾਦਮਈ ਹੈ। ਇਹ ਸਮੇਂ–2 ਦੀ ਗੱਲ ਹੈ । ਟਿਊਮਨ ਦੇ ਅਨੁਸਾਰ ਪੁਰਸਕਾਰ ਅਤੇ ਪ੍ਰੇਰਨਵਾਂ ਦੀ ਵਰਤਮਾਨ ਵਿਵਸਥਾ ਸਮਾਜਿਕ ਦਰਜ਼ਾਬੰਦੀ ਦੇ ਬਰਾਬਰ ਸਿਧਾਂਤ ਦੀ ਦ੍ਰਿਸਟੀ ਵਿਚ ਪ੍ਰੇਰਨਾ ਦੀ ਵਿਵਸਥਾਵਾਂ ਵਿਚੋ ਇਕ ਹੈ। ਇਸ ਲਈ ਡੇਵਿਸ ਅਤੇ ਮੂਰੇ ਨੂੰ ਸਕਾਰਆਤਮਿਕ ਪ੍ਰਕਿਰਿਆਤਮਿਕ ਦਾ ਪੂਰਾ ਵਿਚਾਰ ਸੰਸੋਦਨ ਕਰਨਾ ਪਵੇਗਾ।

ਨੋਟ

2) **ਸਿਖਲਾਈ ਦੇ ਲਈ ਯੋਗ ਵਿਅਕਤੀਆਂ ਦੀ ਕਮੀ** (Lack of Capable Persons of traning) – ਸਮਾਜ ਵਿਚ ਸਮਰੱਥਾ ਯੋਗ ਵਿਅਕਤੀ ਦਾ ਪਤਾ ਲਗਾਉਣਾ ਔਖਾ ਹੁੰਦਾ ਹੈ। ਸਖਤ ਵਿਵਸਥਾ ਵਿਚ ਤਾਂ ਇਹ ਕੰਮ ਹੋਰ ਵੀ ਜਿਆਦਾ ਮੁਸਕਿਲ ਹੋ ਜਾਂਦਾ ਹੈ ਕਿਉਂਕਿ ਕੁਝ ਵਰਗ ਜਿਆਦਾ ਸੰਪਨ ਹੁੰਦੇ ਹਨ ਅਤੇ ਸਿਖਲਾਈ ਧਨ ਨਾਲ ਹੁੰਦੀ ਹਨ ਅਤੇ ਧਨ ਵਿਸੇਸ ਪੱਧਰ ਦੇ ਵਰਗ ਦੇ ਕੋਲ ਹੁੰਦਾ ਹੈ।

3) **ਸਿਖਲਾਈ ਕਾਲ ਵਿਚ ਤਿਆਗ** (Sacrifice during Training) – **ਟਿਊਮਿਨ** ਦਾ ਕਹਿਣਾ ਹੈ ਕਿ ਸਿਖਲਾਈ ਕਾਲ ਵਿਚ ਤਿਆਗ ਦੀ ਗੱਲ ਤੱਥਾਂ ਵਿੱਚ ਪ੍ਰਮਾਣਿਤ ਨਹੀ ਹੁੰਦੀ । ਸਿਖਿਆਰਥੀ ਕਾਲ ਵਿਚ ਸਮਾਂ ਲਗਾਉਦੇ ਹਨ ਅਤੇ ਧਨ ਤਿਆਗ ਕਰਦੇ ਹਨ । ਪਰ ਤਿਆਗ ਤਾ ਮਾਤਾ ਪਿਤਾ ਕਰਦੇ ਹਨ, ਜਿਹਨਾਂ ਨੂੰ ਪਹਿਲਾਂ ਤੋਂ ਹੀ ਸਮਾਜ ਪੁਰਸਕਾਰ ਦੇ ਦਿੰਦਾ ਹੈ। ਫਿਰ ਤਿਅਗ ਕਿਸ ਗੱਲ ਦਾ।

4) **ਤਿਆਗ ਦੇ ਬਦਲੇ ਭਵਿੱਖ ਦੀ ਸਥਿਤੀਆਂ ਦੇ ਲਈ ਫਰਕ ਨਾਲ ਪੁਰਸਕਾਰ** (Unequal Rewards for the Future Circumstances in return of Sacrifice)– ਟਿਊਮਿਨ ਦਾ ਕਹਿਣਾ ਹੈ ਕਿ ਕੀ ਜਿਆਦਾ ਤਿਆਗ ਕਰਨ ਦੇ ਲਈ ਫਰਕ ਲਾਲ ਪੁਰਸਕਾਰ ਹੀ ਇਕ ਮਾਤਰ ਪ੍ਰੇਰਣਾ ਦਾ ਸਾਧਨ ਹਨ। ਅਜਿਹਾ ਨਹੀ ਹੈ, ਦੂਜੇ ਤੱਥਾ ਉਤੇ ਵਿਚਾਰ ਕਰਨਾ ਚਾਹੀਦਾ ਹੈ। ਉਦਾਹਰਣ ਦੇ ਲਈ, ਤੀ ਮੇਨ ਨੇ '**ਕੰਮ ਵਿਚ ਆਨੰਦ, ਵੇਬਲਨ ਨੇ ਨਿਰਮਾਣ ਕਰਨ ਦੀ ਕੁਦਰਤੀ ਸੂਝ**' ਉਲੇਖ ਕੀਤਾ ਹੈ।

5) **ਪੁਰਸਕਾਰਾਂ ਦੀਆਂ ਕਿਸਮਾਂ** (Kinds of Rewards) – ਇਸ ਸੰਬਧ ਵਿਚ ਟਿਊਮਨ ਨੇ ਕੋਈ ਟਿੱਪਣੀ ਨਹੀ ਕੀਤੀ ।

6) **ਅਸਮਾਨ ਪੁਰਸਕਾਰ ਵੰਡ ਅਤੇ ਦਰਜ਼ਾਬੰਦੀ ਦੀ ਉਤਪਤੀ (Unequal Prize Distribution and Rise of Stratrification)** – ਡੇਵਿਸ ਅਤੇ ਮੂਰੇ ਨੇ ਇਹ ਸਪੱਸਟ ਨਹੀ ਕੀਤਾ ਕਿ ਉਪਰੋਕਤ ਤਿੰਨ ਪ੍ਰਕਾਰ ਦੇ ਪੁਰਸਕਾਰ ਵਿਚ ਕਿਹੜੀ ਜਿਆਦਾ ਪ੍ਰੇਰਣਾ ਦਿੱਤੀ ਹੈ।

7) **ਸਮਾਜਿਕ ਅਸਮਾਨਤਾ ਸਕਾਰਤਮਿਕ ਰੂਪ ਵਿਚ ਪ੍ਰਕਿਰਿਆਤਮਿਕ ਅਤੇ ਬਣਾਵਟ (Social Inequality in Functional and Essential Structurallly)**:– **ਟਿਊਮਿਨ** ਦਾ ਕਹਿਣਾ ਹੈ ਕਿ ਇਹ ਜਰੂਰੀ ਨਹੀ ਹੈ ਕਿ ਦਰਜ਼ਾਂ ਹਮੇਸ਼ਾਂ ਵਿਵਹਾਰਕ ਹੀ ਹੈ। ਉਸਨੇ ਹੇਠ ਲਿਖੇ **ਦਰਜ਼ਾਬੰਦੀ ਦੇ ਆਕਾਰ** (Disfunctions of Stratrificatoin) ਦੱਸੇ ਹਨ :–

1) ਸਮਾਜਿਕ ਦਰਜ਼ਾਬੰਦੀ ਵਿਵਸਥਾਵਾਂ ਇਕ ਸਮਾਜ ਵਿਚ ਉਪਲਬਧ ਯੋਗ ਵਿਅਕਤੀਆਂ ਦੇ ਪੂਰਵ ਵਿਸਤਾਰ ਦੀ ਖੋਜ ਦੀ ਸੰਭਾਵਨਾ ਨੂੰ ਸੀਮਿਤ ਕਰਦੀ ਹੈ।
2) ਅਜਿਹਾ ਕਰਨ ਦੇ ਕਾਰਨ ਸਮਾਜਿਕ ਦਰਜ਼ਾਬੰਦੀ ਸਮਾਜ ਦੇ ਵਿਕਸਿਤ ਹੋਏੇ ਉਤਪਾਦਨ ਸਾਧਨਾਂ ਦੀ ਸੰਭਵਾਨਾ ਉਤੇ ਸੀਮਾਂ ਨਿਰਧਾਰਿਤ ਕਰਦੀ ਹੈ।
3) ਸਮਾਜਿਕ ਦਰਜ਼ਾਬੰਦੀ ਉਚ ਵਰਗ ਨੂੰ ਅਜਿਹੀ ਰਾਜਨੀਤਿਕ ਸਕਤੀ ਪ੍ਰਦਾਨ ਕਰਦਾ ਹੈ, ਜਿਸ ਵਿਚ ਇਹ ਵਰਤਮਾਨ ਸਥਿਤੀ ਨੂੰ ਬਣਾਕੇ ਰੱਖਣ ਵਿਚ ਸਮਰੱਥ ਰਹਿੰਦੇ ਹਨ।
4) ਸਮਾਜਿਕ ਦਰਜ਼ਾਬੰਦੀ ਵਿਵਸਥਾ ਜਾਂ ਜਨਸੰਖਿਆਂ ਵਿਚ ਅਨੁਕੂਲ ਆਤਮਚਿਤਰ ਫਰਕ ਨਾਲ ਵੰਡਦੇ ਹਨ। ਇਸਦੇ ਕਾਰਨ ਜਿਆਦਾ ਵਿਅਕਤੀਆਂ ਦੀ ਇਸ ਸਕਤੀ ਦੇ ਵਿਕਾਸ ਉਤੇ ਸੀਮਾਂ ਨਿਰਧਾਰਿਤ ਕਰਦੇ ਹਨ।
5) ਵਰਗਾ ਵਿਚ ਦੋਸ ਪਿਆਰ, ਈਰਖਾ ਅਤੇ ਅਵਿਸਵਾਸ

## ਸਵੈ-ਮੁਲਾਂਕਣ (Self Assessment)

1. **ਖਾਲੀ ਸਥਾਨਾਂ ਨੂੰ ਭਰੋ (Fill in the Blanks)**:–
   1) –––––– ਨੂੰ ਸਮਾਜਿਕ ਦਰਜ਼ਾਬੰਦੀ ਦੇ ਸਬੰਧ ਵਿਚ ਦੋ ਗੱਲਾਂ ਦੇ ਲਈ ਦਿੱਤਾ ਜਾਂਦਾ ਹੈ
   2) ਡੇਵਿਸ ਅਤੇ ਮੂਰੇ ਦੇ ਅਨੁਸਾਰ ਵੱਖ-ਵੱਖ ਅਹੁਦਿਆਂ ਉਤੇ ਸਭ ਤੋਂ ਉਤੱਮ ਵਿਅਕਤੀ ਚੁਣੇ ਜਾਣ ਅਤੇ ਉਹ ਚੰਗਾ ਕੰਮ ਕਰਨ, ਇਹ ਨਿਸਚਿਤ ਕਰਨ ਦੇ ਲਈ ਸਰਵਧਾਰਿਕ ਪ੍ਰਭਾਵੀ ਉਪਾਅ ––––––– ਹੈ ।

ਨੋਟ

3) ——————— ਦੂਜੀਆਂ ਕਸੌਟੀਆਂ ਵਿਚ ——————— ਕੰਮ ਕਰਦੀ ਹੈ ।

4) ਹਰੇਕ ਸਮਾਜ ਦੀ ਆਪਣੀ ਅਧਿਕਾਰ ————— ਹੁੰਦੀ ਹੈ, ਜੋ ਉਹਨਾਂ ਨੂੰ ਜਿਊਂਦੇ ਰਹਿਣ ਅਤੇ ਸੁਚਾਰੂ ਰੂਪ ਵਿਚ ਚਲਣ ਵਿਚ ਸਹਾਇਤਾ ਕਰਦੀ ਹੈ।

## 3.2 ਪਾਰਸੀਸ ਦੀਆਂ ਸਿਧਾਂਤਿਕ ਕਿਸਮਾਂ(Theoratical Formulations of Parsosns)–

ਟਾਲਕੋਫ ਪਾਰਸੀਸ ਨੇ ਸਮਾਜ ਨੂੰ ਸਿਰਫ ਕਿਰਿਆ ਵਿਵਸਥਾ ਮੰਨਿਆ ਹੈ। ਵਿਅਕਤੀ ਦੀਆਂ ਕਿਰਿਆਵਾ ਨੂੰ ਨੈਤਿਕ ਅਧਾਰ ਤੇ ਜਾਂਦਾ ਹੈ। ਵਿਅਕਤੀ ਆਪਣੇ ਆਪ ਵੀ ਆਪਣੀ ਕਿਰਿਆਵਾ ਦਾ ਨਿਰਧਾਰਨ ਨੈਤਿਕ ਆਧਾਰ ਤੇ ਕਰਦਾ ਹੈ। ਉਹ ਇਨ ਪ੍ਰਕਾਰ ਕੀਤੇ ਨਿਰਧਾਰਨ ਦੇ ਅਨੁਸਾਰ ਹੀ ਆਪਣੇ ਆਪ ਦੇ ਪ੍ਰਤੀ ਉੱਪਰ ਜਾਂ ਹੇਠਾਂ ਦੀ ਧਾਰਨਾ ਬਣਾ ਲੈਂਦਾ ਹੈ। ਇਸ ਪ੍ਰਕਾਰ ਮੈਂਬਰ ਉੱਚੀਆਂ ਜਾਂ ਨੀਵੀਂਆ ਸਥਿਤੀਆਂ ਵਿਚ ਵਰਗੀ ਕਿਰਤ ਹੋ ਜਾਂਦੇ ਹਨ। ਅਜਿਹੀ ਜਿਸਦੇ ਦੁਆਰਾ ਸਮਾਜ ਵਿਚ ਉਪਰਲੇ ਜਾਂ ਹੇਠਲੇ ਅਹੁਦਿਆ ਦਾ ਵਰਗੀਕਰਨ ਕਰਿਆ ਜਾਵੇ, ਸਮਾਜਿਕ ਸੰਸਤਰਣ ਕਹਾਉਂਦੀ ਹੈ।

### ਪ੍ਰੀਭਾਸਾ (Definition) –

ਪਾਰਸੰਸ ਨੇ ਸਮਾਜਿਕ ਸੰਸਤਰਨ ਦੀ ਪ੍ਰੀਭਾਸਾ ਇਸ ਤਰ੍ਹਾ ਕੀਤੀ ਹੈ, ਜਿਥੇ ਸਮਾਜਿਕ ਦਰਜ਼ਾਬੰਦੀ ਨੂੰ ਵਿਅਕਤੀਆਂ ਜੋ ਕਿ ਇਕ ਨਿਸਚਿਤ ਸਮਾਜਿਕ ਵਿਵਸਥਾ ਦਾ ਨਿਰਮਾਣ ਕਰਦੇ ਹਨ ਅਤੇ ਕੁਝ ਸਮਾਜਿਕ ਅੱਤਪੂਰਨ ਵਿਸਿਆ ਵਿੱਚ ਵਧੀਆ ਜਾ ਨੀਵੇਂ ਰੂਪ ਵਿਚ ਉਹਨਾਂ ਦੇ ਨਾਲ ਵਿਹਾਰ ਹੁੰਦਾ ਹੈ, ਦਾ ਫਰਕ ਨਾਲ ਸਥਿਤੀਆਂ ਦੇ ਰੂਪ ਵਿਚ ਕੀਤਾ ਜਾਂਦਾ ਹੈ।

### ਸਮਾਜਿਕ ਪ੍ਰਣਾਲੀਆਂ (Social Syatems) –

ਪਾਰਸੰਸ ਦੇ ਅਨੁਸਾਰ ਸਾਰੀਆਂ ਸਮਾਜਿਕ ਪ੍ਰਣਾਲੀਆਂ ਇਸ ਲਈ ਪੈਦਾ ਹੁੰਦੀਆਂ ਹਨ ਕਿ ਇਹਨਾਂ ਪ੍ਰਣਾਲੀਆਂ ਵਿਚ ਬਿਰਾਜਮਾਨ ਪ੍ਰਣਾਲੀਆਂ ਇਸ ਲਈ ਉਤਪਨ ਹੁੰਦੀਆਂ ਹਨ। ਕਿ ਇਹਨਾਂ ਸਮਾਜਿਕ ਪ੍ਰਣਾਲੀਆਂ ਉਦੋਂ ਪੈਦਾ ਹੁੰਦੀਆਂ ਹਨ, ਜਦੋਂ ਦੋ ਜਾਂ ਜਿਆਦਾ ਲੋਕ ਰਿਸਤੇ ਦੀ ਸਥਿਤੀ ਵਿਚ ਪਰਸਪਰ ਵਿਹਾਰ ਕਰਦੇ ਹਨ ਅਤੇ ਉਹਨਾਂ ਦੇ ਕੰਮ ਦੂਜਿਆਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਪ੍ਰਕਾਰ ਸਮਾਜਿਕ ਪ੍ਰਣਾਲੀਆਂ ਦੇ ਨਿਰਮਾਣ ਆਦਿ ਤੱਥ ਹੇਠ ਅਨੁਸਾਰ ਹੈ (1) ਸਮਾਜਿਕ ਪ੍ਰਣਾਲੀ ਵਿਚ ਲੋਕਾਂ ਦਾ ਸਮੂਹ ਹੋਣਾ ਚਾਹੀਦਾ ਹੈ (2) ਇਹ ਸਮੂਹ ਦੋ ਵਿਅਕਤੀਆ ਦਾ ਜਾਂ ਦੇਸ ਦਾ ਭੀ ਹੋ ਸਕਦਾ ਹੈ । ਇਸਦਾ ਦੂਜਾ ਅਰਥ ਇਹ ਹੈ ਕਿ ਇਹ ਲੋਕ ਇਕ ਸਾਂਝੀ ਸੀਮਾਂ ਦੇ ਅੰਦਰ ਬਿਰਾਜਮਾਨ ਰਹਿੰਦੇ ਹਨ (3) ਇਹ ਪਰਤੱਖ ਜਾਂ ਰੂਪ ਵਿਚ ਵਿਹਾਰ ਕਰਦੇ ਹਨ ।ਅੰਤ:– ਉਹਨਾ ਦੇ ਕੰਮ ਇਕ ਦੂਜੇ ਦੇ ਵਿਹਾਰ ਨੂੰ ਪ੍ਰਭਾਵਿਤ ਕਰਦੇ ਹਨ।

### ਵਿਹਾਰ ਦੇ ਵੱਖ–ਵੱਖ ਤਰੀਕੇ (Various Forms of Conduct) –

ਅਸੀ ਵੱਖਰੀਆਂ ਸਥਿਤੀਆਂ ਵਿਚ ਵੱਖ–ਵੱਖ ਕਿਸਮ ਦੇ ਵਿਹਾਰ ਕਰਦੇ ਹਾਂ, ਇਸਦੇ ਵਿਸੇਸਕਾਰਨ ਹੇਠ ਲਿਖੇ ਅਨੁਸਾਰ ਹਨ :–

1) ਜਦੋ ਅਸੀ ਚੰਗੇ ਢੰਗ ਨਾਲ ਵਿਹਾਰ ਨਹੀ ਕਰਦੇ, ਉਦੋਂ ਅਵਵਸਥਾ ਦੀ ਸਥਿਤੀ ਪੈਦਾ ਹੋਣ ਦੀ ਪੂਰੀ ਉਮੀਦ ਰਹਿੰਦੀ ਹੈ।

2) ਕਿਸੇ ਵੀ ਵਿਅਕਤੀ ਦਾ ਕੰਮ ਇਸ ਵਿਚ ਨਿਰਧਾਰਤ ਨਹੀ ਹੁੰਦਾ ਕਿ ਉਹ ਕਿਸਦੇ ਅਧੀਨ ਵਿਹਾਰ ਕਰ ਰਿਹਾ ਹੇ । ਬਦਲੇ ਵਿਚ ਉਹ ਸਮਾਜ ਜਾਂ ਸਮਾਜਿਕ ਪ੍ਰਣਾਲੀ ਵਿਸੇਸ ਵਿਹਾਰ ਦੇ ਨਿਯਮਾਂ ਵਿਚ ਤੈਅ ਹੁੰਦਾ ਹੈ। ਵਿਹਾਰ ਦੇ ਨਿਯਮ ਲੋਕਾਂ ਦੀ ਆਮ ਸਹਿਮਤੀ ਤੇ ਅਧਾਰਿਤ ਹੁੰਦੇ ਹਨ। ਇਸੇ ਕਾਰਨ ਇਹਨਾਂ ਨੂੰ ਸੀ ਅਤੇ ਵਧੀਆਂ ਮੰਨਿਆ ਜਾਂਦਾ ਹੈ ।ਇਹ ਆਮ ਸਹਿਮਤੀ ਨੂੰ ਪਾਰਸੀਸ ਮੁੱਲ ਕਹਿੰਦੇ ਹਨ।

3) ਸਮਾਜਿਕ ਮੁੱਲ ਅਤੇ ਪ੍ਰਤੀਮਾਨ ਹਰੇਕ ਸਮਾਜ ਦੀ ਅਵਸਥਾ ਅਤੇ ਸਥਿਰਤਾ ਨੂੰ ਬਣਾ ਕੇ ਰੱਖਣ ਦੀ ਜਰੂਰਤ ਵਿੱਚੋ ਪੈਦਾ ਹੁੰਦੇ ਹਨ।ਮੁੱਲ ਅਤੇ ਪ੍ਰਤੀਮਾਨ ਹਰ ਸਮਾਜ ਵਿਚ ਅਲੱਗ ਹੁੰਦੇ ਹਨ। ਇਸਦਾ ਕਾਰਨ ਇਹ ਹੈ ਕਿ ਹਰੇਕ ਸਮਾਜ ਦੀਆਂ ਜਰੂਰਤਾਂ ਵੱਖ–ਵੱਖ ਹੁੰਦੀਆਂ ਹਨ । ਪਰ ਹਰ ਸਮਾਜ ਦੀ ਕੀਮਤੀ ਅਵਸਥਾ ਵਿਚ ਸਥਿਰਤਾ ਦੀ ਜਰੂਰਤ ਹੁੰਦੀ ਹੈ । ਇਸ ਲਈ ਹਰ ਇਕ ਸਮਾਜ ਆਪਣੀਆਂ ਕੀਮਤਾਂ ਦੀ ਘੋਸਣਾ ਕਰਾ ਹੈ, ਜੋ ਉਹਨਾਂ ਦੇ ਇਸ ਉਦੇਸ ਦੀ ਪੂਰਤੀ ਭਲੀ–ਭਾਂਤ ਕਰਦਾ ਹੈ ।

ਨੋਟ

### 3.2.1 ਆਦਰਸਿਕਤਮਕ ਪ੍ਰਤੀਮਾਨ ਜਾਂ ਸਮਾਜਿਕ ਦਰਜ਼ਾਬੰਦੀ ਦਾ ਮਾਪਦੰਡ

(Normative Pattern And Scale of Social Stratification) –

ਸਮਾਜ ਵਿਚ ਸਮਾਨ ਰੂਪ ਵਿਚ ਵਿਹਾਰ ਸਬੰਧੀ ਨਮੂਨੇ ਪਾਏ ਜਾਂਦੇ ਹਨ। ਇਹਨਾਂ ਵਿਹਾਰਾਂ ਦੇ ਨਾਲ ਵਿਅਕਤੀ ਦੁਆਰਾ ਕੀਤੀਆਂ ਗਈਆਂ ਕਿਰਿਆਵਾਂ ਦਾ ਤੁਲਣਾਤਮਿਕ ਅਧਿਐਨ ਕੀਤਾ ਜਾਂਦਾ ਹੈ। ਵਿਹਾਰ ਨਮੂੇਨਿਆਂ ਨੂੰ ਚਾਰ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ।

1) **ਅਨੁਕੂਲਤਾ (Adaptaion)** – ਇਸਦੇ ਅੰਤਰਗਤ ਵਿਸੇਸ ਰੂਪ ਵਿਚ ਇਹ ਨਮੂਨੇ ਜਾਂ ਸਾਮਿਲ ਹਨ। ਜਿਸ ਦੇ ਅਧਾਰ ਤੇ ਵਸਾਤਵਿਕ ਪਰਸਥਿਤੀਟਾ ਤੇ ਉਤਪਨ ਨਿਰਾਕਰਨ ਕੀਤਾ ਜਾਂਦਾ ਹੈ।
2) **ਨਿਸਨਾ ਪ੍ਰਾਪਤੀ (Goal Achivement)** – ਇਸਦੇ ਅੰਦਰਗਤੀ ਇਹ ਮਹੱਤਵ ਸਾਮਲ ਹੈ, ਜੋ ਸਮਾਜਿਕ ਨਿਸਾਨਿਆ ਦੀ ਪੁਸਟੀ ਦੇ ਲਈ ਸਾਵਧਾਨ ਰੱਖਦੇ ਹਨ।
3) **ਏਕੀਕਰਨ (Intergrantion)**– ਇਸਦੇ ਅੰਤਰਗਤ ਇਹ ਮੁੱਲ ਆਉਦੇ ਹਨ, ਜਿਸ ਵਿਚ ਸਮਾਜਿਕ ਵਿਵਸਥਾ ਦੇ ਅੰਗ ਵਿਚ ਏਕਤਾ ਸਥਾਪਿਤ ਰਹਿੰਦੀ ਹੈ।
4) **ਨਮੂਨੇ–ਸੰਭਾਲ(Pattern-Maintanance)** – ਇਸਦੇ ਅੰਤਰਗਤ ਉਹਨਾਂ ਮੁੱਲਾ ਦਾ ਹੁੰਦਾ ਹੈ। ਜੋ ਕਈ ਪ੍ਰਕਾਰ ਦੇ ਮਾਸਲਿਆ ਦੀ ਨਿਰੰਤਰਤਾ ਅਤੇ ਸੁੱਰਖਿਆ ਵਿਚ ਸਹਾਇਤਾ ਪ੍ਰਦਾਨ ਕਰਦੇ ਹਨ। ਉਪਰ ਸਾਰੇ ਮੁੱਲਾ ਨੂੰ ਏਕੀਕਰਨ ਨੂੰ ਪਾਰਸੀਸ ਨੇ ਆਦਾਰਸਤਿਮਕ ਨਮੂਨੇ ਕਹਿ ਕੇ ਸੰਬੋਧਨ ਕੀਤਾ ਹੈ। ਇਹ ਸਾਰੇ ਮੁੱਲਾ ਦਾ ਇਕ ਸੰਗਠਿਤ ਸਵ ਰੂਪ ਹੈ । ਇਹ ਆਦਰਸਤਮਿਕ ਨਮੂਨਾ ਹਰੇਕ ਮੈਂਬਰ ਨੂੰ ਨੈਤਿਕ ਨਮੂਨੇ ਦੇ ਦੁਆਰਾ ਸਾਵਧਾਨ ਰਖਦਾ ਹੈ। ਹਰੇਕ ਮੈਂਬਰ ਇਸ ਨਮੂਨੈ ਦੇ ਅਨੁਸਾਰ ਹੀ ਆਪਣੇ ਆਪ ਨੂੰ ਨਿਰਦੇਸਤ ਕਰਨ ਦਾ ਅਭਿਆਸ ਕਰਦਾ ਹੈ ।

**ਮੁਲ ਸਹਿਮਤੀ (Value Uniaimaty)** – ਪਾਰਸੰਸ ਨੇ ਮੁੱਲ ਅਵਸਥਾ ਦੇ ਪੈਦਾਇਸ਼ ਦੀ ਪਰਖ ਕੀਤੀ ਹੈ । ਮੁੱਲ ਕਿਸੇ ਵਿਅਕਤੀ ਦੀ ਕਿਸਮਤ ਤੋਂ ਪੈਦਾ ਨਾ ਹੋਕੇ ਸਾਂਝਾ ਵਿਸਵਾਸ ਹੈ ਅਰਥਾਤ ਸਮਾਜ ਦੇ ਸਾਰੇ ਮੈਂਬਰ ਇਹ ਮੰਨ ਕਿ ਚਲਦੇ ਹਨ ਇਹ ਭੇਵਾਂ ਮੁੱਲ ਹੀ ਸਭ ਤੋ ਉਤੱਮ ਸਕੀਮ ਹੈ । ਜਿਸ ਦੁਆਰਾ ਉਹਨਾਂ ਦੇ ਸਮਾਜ ਵਿਚ ਸਥਿਰਤਾ ਕਾਇਮ ਰੱਖੀ ਜਾ ਸਕਦੀ ਹੈ। ਇਸ ਤਰ੍ਹਾ ਮੁੱਲ ਕੇਵਲ ਸਾਂਝਾ ਵਿਸਵਾਸ ਹੀ ਨਹੀ, ਬਲਕਿ ਇਹ ਸਮਾਜ ਦੇ ਮੈਂਬਰਾਂ ਦੀ ਸਹਿਮਤੀ ਵਿੱਚੋ ਪੈਂਦਾ ਹੁੰਦੇ ਹਨ। ਇਹ ਸਹਿਮਤੀ ਭੇਟਾਂ ਇਸ ਲਈ ਉਤਪਨ ਹੁੰਦੀ ਹੈ ਕਿ ਸਮਾਜ ਵਿਚ ਮੈਬਰ ਦੈਨਿਕ ਜੀਵਨ ਵਿਚ ਅਵਸਥਾ ਅਤੇ ਸਥਿਰਤਾ ਚਾਹੁੰਦੇ ਹਨ । ਇਸ ਲਈ ਅਵਸਥਾ, ਸਥਿਰਤਾ ਅਤੇ ਸਹਿਯੋਗ ਇਹ ਮੁੱਲ ਭੇਟਾਂ ਉਤੇ ਨਿਰਭਰ ਕਰਦਾ ਹੈ।ਸਮਾਜ ਦੇ ਮੈਬਰਾਂ ਦੇ ਵਿਚ ਇਹ ਆਮ ਸਹਿਮਤੀ ਹੁੰਦੀ ਹੈ। ਕਿ ਸਾਰਿਆਂ ਦੇ ਲਈ ਕੀ ਚੰਗਾਂ ਹੈ।

**ਮੁੱਲ ਸਹਿਮਤੀ ਜਾਂ ਸਮਾਜਿਕ ਸੰਸਤਰਨ (Value Unanimity and Social Stratification)** – ਹਰੇਕ ਵਿਅਕਤੀ ਇਹ ਦੂਜੇ ਦੀਆਂ ਕਿਰਿਆਵਾਂ ਦਾ ਤੁਲਣਾਤਮਿਕ ਅਧਿਐਨ ਕਰਦਾ ਰਹਿੰਦਾ ਹੈ। ਇਸ ਪ੍ਰਕਾਰ ਤੁਲਣਾਤਮਿਕ ਮੁਲਾਂਕਣ ਸਥਿਤੀ ਦਾ ਨਿਸ਼ਚਿਤ ਹੁੰਦਾ ਹੈ। ਆਦਰਸਤਮਿਕ ਨਮੂਨੇ ਵਿਚ ਮੁਲਾਂਕਣ ਘੱਟ ਹੋਣ ਤੇ ਸਥਿਤੀ ਵੀ ਹੇਠਾਂ ਹੋ ਜਾਵੇਗੀ। ਦੂਜੇ ਵਿਅਕਤੀ ਉਸਦੇ ਰਾਗਆਤਮਿਕ ਭਾਵ ਨਹੀ ਰੱਖਣਗੇ। ਜਦੋਂ ਰਾਗਆਤਮਿਕ ਭਾਵ ਦੀ ਕਮੀ ਹੋਵੇਗੀ, ਤਾਂ ਸਾਰੇ ਉਸਦੀਆਂ ਕਿਰਿਆਵਾਂ ਵਿਚ ਹੀ ਵਾਧਾ ਕਰਨ ਦੇ ਪ੍ਰਯਤਨ ਕਰਨਗੇ । ਕੇਵਲ ਦੂਜੇ ਵਿਅਕਤੀਆਂ ਦੁਆਰਾ ਹੀ ਵਿਰੋਧ ਨਹੀ ਕੀਤਾਂ ਜਾਂਦਾ, ਜਦੋਕਿ ਇਹ ਵਿਅਕਤੀ ਆਪਣੇ ਆਪ ਵੀ ਅੰਦਰੂਨੀ ਸੰਘਰਸ ਵਿਚ ਲੜਦਾ ਰਹਿੰਦਾ ਹੈ, ਆਪ ਨੂੰ ਹੀ ਕਮਜੋਰ ਸਮਝਣ ਲੱਗ ਪੈਂਦਾ ਹੈ।

ਨੋਟਸ

ਨੈਤਿਕ ਨਮੂੰਨਿਆ ਵਿਚ ਜਦੋ ਮੈਂਬਰਾਂ ਦੀ ਸਥਿਤੀ ਵਿਚ ਪ੍ਰੀਵਰਤਨ ਦੀ ਪ੍ਰਕਿਰਿਆ ਹੁੰਦੀ ਹੈ। ਅਰਥਾਤ ਉਪਰਲੇ ਜਾਂ ਹੇਠਲੇ ਆਹੁਦੇ ਆਉਦੇ ਰਹਿੰਦੇ ਹਨ, ਇਹਨਾਂ ਨੂੰ ਪਾਰਸੀਸ ਨੇ ਸਮਾਜਿਕ ਸੰਸਤਰਨ ਦੀ ਵਾਸਤਕਿ ਵਿਵਸਥਾ ਕਿਹਾ ਹੈ।

ਨੋਟ

**ਸੰਸਤਰਨ ਦਾ ਅਧਾਰ (Bases of Social Stratification)** – ਸਮਾਜਿਕ ਵਿਵਸਥਾ ਦੀਆਂ ਸਾਰੀਆਂ ਇਕਾਈਆਂ ਨੂੰ, ਨੈਤਿਕ ਮੁਲਾਂਕਣ ਦੇ ਅਧਾਰ ਦੀ ਦ੍ਰਿਸਟੀ ਵਿਚ ਰਖਦੇ ਹੋਏ ਹੀ ਸਥਿਤੀ ਦਿੱਤੀ ਜਾਂਦੀ ਹੈ। ਕੁਝ ਅਧਾਰ ਹੇਠ ਲਿਖੇ ਹਨ।

1) **ਰਿਸਤੇਦਾਰੀ ਸਮੂਹ ਵਿਚ ਮੈਂਬਰ** (Membership in Kinship Unit) – ਰਿਸਤੇਦਾਰੀ ਸਮੂਹ ਵਿਚ ਵਿਅਕਤੀ ਨੂੰ ਕੋਈ ਨਾ ਕੋਈ ਆਹੁਦਾ ਪ੍ਰਾਪਤ ਹੁੰਦਾ ਹੈ। ਉਦਾਹਰਨ ਦੇ ਤੌਰ ਤੇ, ਮਾਤਾ ਦਾ ਪਰਿਵਾਰ ਜਾਂ ਪਿਤਾ ਦਾ ਪਰਿਵਾਰ ਲਏ ਜਾ ਸਕਦੇ ਹਨ। ਮਾਤਾ ਦੇ ਪਰਿਵਾਰ ਦੀ ਪ੍ਰਥਾ ਵਿਚ ਮਾਤਾ ਦੀ ਸਥਿਤੀ ਉਚੀ ਹੁੰਦੀ ਹੈ, ਇਸਦੇ ਉਲਟ ਪਿਤਾ ਦੇ ਪਰਿਵਾਰ ਪ੍ਰਥਾ ਵਿਚ ਪਿਤਾ ਦਾ ਆਹੁਦਾ ਉਚੱਾ ਮੰਨਿਆ ਜਾਂਦਾ ਹੈ।

2) **ਗੁਣ** (Qualities) – ਵਿਅਕਤੀਗਤ ਗੁਣਾ ਦੇ ਅਧਾਰ ਤੇ ਇਸ ਵਿਅਕਤੀ ਨੂੰ ਦੂਜਿਆ ਤੋਂ ਅਲੱਗ ਕੀਤਾ ਜਾਂਦਾ ਹੈ। ਉਮਰ, ਲਿੰਗ, ਸਕਤੀ, ਸੰਦਰਤਾ, ਵੰਸ ਅਤੇ ਬੁੱਧੀ, ਇਹ ਸਾਰੇ ਵਿਅਕਤੀਗਤ ਗੁਣ ਕਹਾਉਦੇ ਹਨ। ਸਮਾਜਿਕ ਆਹੁਦੇ ਦੇ ਨਿਰਧਾਰਨ ਵਿਚ ਇਹ ਗੁਣ ਮੁੱਖ ਹਨ।

3) **ਸਫਲਤਾਵਾਂ** (Achievements)– ਪਾਰਸੰਸ ਦੇ ਅਨੁਸਾਰ ਇਹ ਸਫਲਤਾਵਾਂ ਵਿਅਕਤੀ ਦੀ ਕਿਰਿਆ ਦੇ ਕੀਮਤੀ ਨਮੂਨੇ ਹਨ। ਜਦੋ ਕੋਈ ਕਿਰਿਆ ਕਰੀ ਜਾਵੇਗੀ ਤਾਂ ਉਸਦਾ ਕੋਈ ਨਾ ਕੋਈ ਨਤੀਜਾ ਜਾਂ ਫਲ ਵੀ ਜਰੂਰ ਹੋਵੇਗਾ । ਜਿਹੜੇ ਨਤੀਜਿਆ ਦਾ ਸਮਾਨ ਦੁਆਰਾ ਮਹੱਤਵ ਪ੍ਰਾਪਤ ਹੋ ਜਾਂਦਾ ਹੈ ਉਹਨਾਂ ਨੂੰ ਸਫਲਤਾਵਾਂ ਕਿਹਾ ਜਾਂਦਾ ਹੈ ।

4) **ਜਾਇਦਾਦ** (Possessions) – ਵਿਅਕਤੀ ਜੋ ਵੀ ਕੰਮ ਕਰਦਾ ਹੈ, ਉਦੇ ਕੁਝ ਨਤੀਜੇ ਹੁੰਦੇ ਹਨ, ਸਮਾਜ ਦੁਆਰਾ ਮਹੱਤਵ ਪ੍ਰਾਪਤ ਹੋ ਜਾਣ ਤੇ ਇਹ ਨਤੀਜੇ ਸਫਲਤਵਾਂ ਕਹਾਉਦੇ ਹਨ ।

ਕਿਸੇ ਵੀ ਸਮਾਜ ਵਿਚ ਜਿਹੜੇ ਲੋਕ ਸਮਾਜਿਕ ਮੁੱਲਾ ਦੇ ਅਨੁਸਾਰ ਵਿਹਾਰ ਕਰਦੇ ਹਨ, ਉਹਨਾ ਨੂੰ ਵਧੀਆਂ ਤੋਹਫਾ ਦਿੱਤਾ ਜਾਂਦਾ ਹੈ। ਇਸ ਦਾ ਰੂਪ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਸਮਾਜ ਦੇ ਮੁੱਲ ਕਿਸਨੂੰ ਸਰਵਸ੍ਰੇਸਟ ਠਹਿਰਾਉਂਦੇ ਹਨ। ਉਦਾਹਰਨ ਦੇ ਲਈ, ਰਾਜਪੂਤਾ ਵਿਚ ਹਿੰਮਤ ਅਤੇ ਵੀਰਤਾ ਨੂੰ ਜਿਆਦਾ ਮਹੱਤਵ ਦੇਣ ਦਾ ਰਿਵਾਜ ਰਿਹਾ ਹੈ। ਇਸ ਲਈ ਜੋ ਵੀ ਵਿਅਕਤੀ ਇਹਨਾਂ ਗੁਣਾ ਵਿਚ ਪੂਰਾ ਉਤਰਦਾ ਹੈ, ਉਸਨੂੰ ਵਧੀਆਂ ਪੁਰਸਕਾਰ ਅਤੇ ਉਚਾ ਆਹੁਦਾ ਦਿੱਤਾ ਜਾਂਦਾ ਸੀ। ਸਾਰੀਆਂ ਸਮਾਜਿਕ ਪ੍ਰਣਾਲੀਆਂ ਵਿਚ ਮੁੱਲ ਵਿਵਸਥਾ ਕੁਝ ਕੁ ਗੁਣਾਂ ਉਤੇ ਜਿਆਦਾ ਇਨਾਮ ਤੇ ਦੁਸਰੇ ਗੁਣਾ ਨੂੰ ਘੱਟ ਇਨਾਮ ਦਿੰਦੀ ਹੈ। ਜਦੋ ਕੋਈ ਵਿਅਕਤੀ ਇਹਨਾ ਸਮਾਜਿਕ ਮੁੱਲਾ ਦੀ ਉਲੰਘਣਾ ਕਰਦਾ ਹੈ, ਤਾਂ ਉਸਨੂੰ ਸਜਾ ਦਿੱਤੀ ਜਾਂਦੀ ਹੈ।

ਅਜੋਕੇ ਉਦਯੋਗਿਕ ਸਮਾਜ ਵਿਚ ਵਿਅਕਤੀ ਦੀ ਨਿੱਜੀ ਸਫਲਤਾਵਾਂ ਨੂੰ ਉੱਚਾ ਮਾਣ ਦਿੱਤਾ ਜਾਂਦਾ ਇਸ ਤਰ੍ਹਾ ਦੇ ਸਮਾਜ ਵਿਚ ਵਸਤੂਆ ਅਤੇ ਸੇਵਾਂਵਾ ਦੇ ਉਤਪਾਦਨ ਉਤੇ ਜਿਆਦਾ ਜੋਰ ਦਿੱਤਾ ਜਾਂਦਾ ਹੈ। ਜਿਹੜੇ ਲੋਕ ਇਹਨਾਂ ਵਿਚ ਪ੍ਰਵੀਨ ਹੁੰਦੇ ਹਨ, ਉਹਨਾਂ ਨੂੰ ਵਧੀਆ ਇਨਾਮ ਦਿੱਤਾ ਜਾਂਦਾ ਹੈ। ਅਜਿਹੇ ਸਮਾਜ ਵਿਚ ਇਕ ਵਿਅਕਤੀ ਵਿਚ ਜੇਕਰ ਜਰੂਰੀ ਗੁਣ ਮੌਜੂਦ ਹੋਣ, ਤਾਂ ਇਹ ਵੀ ਇਕ ਸਫਲ ਉਦਯੋਪਤੀ ਬਣ ਸਕਦਾ ਹੈ।

ਉਪਰੋਕਤ ਵਿਸੇ ਸਮਾਜ ਦੀ ਮੁੱਲ ਵਿਵਸਥਾ ਦੇ ਸੰਗ ਹੁੰਦੀ ਹੈ ਅਤੇ ਇਸ ਲਈ ਇਹ ਸਮਾਜ ਦੀ ਸਥਿਰਤਾ ਦੇ ਲਈ ਬਣਾਉਣੀ ਹੁੰਦੀ ਹੈ । ਹੁਣ ਕਿਉਕਿ ਸਮਾਜ ਦੀ ਮੁਲ ਵਿਵਸਥਾ ਅਸਮਾਨਤਾਵਾਂ ਨੂੰ ਠੀਕ ਠਹਿਰਾਉਦੀ ਹੈ, ਇਸ ਲਈ ਵਿਵਹਾਰ ਵਿਚ ਹੇਠਲੀ ਸ੍ਰੇਣੀ ਕ੍ਰਮ ਵਿਚ ਬਿਰਾਜਮਾਨ ਲੋਕਾਂ ਦੇ ਨਾਲ-ਨਾਲ ਦੂਜੇ ਲੋਕ ਇਹਨਾਂ ਨੂੰ ਸਵੀਕਾਰ ਕਰ ਲੈਂਦੇ ਹਨ। ਉਦਾਹਰਣ ਦੇ ਲਈ, ਉਦਯੋਗਿਕ ਸੰਗਠਨ ਵਿਚ ਪ੍ਰਵੀਨਤਾ ਅਤੇ ਅਨੁਭਵ ਦੇ ਆਧਾਰ ਤੇ ਕਰਮਚਾਰੀਆਂ ਵਿਚ ਭੇਦ ਪਾਏ ਜਾਂਦੇ ਹਨ। ਆਪਣੇ ਕੰਮ ਵਿਚ ਲੀਨ ਕਰਮਚਾਰੀ ਨੂੰ ਆਹੁਦੇ ਦੀ ਉਨੱਤੀ ਜਾਂ ਵੇਤਨ ਬੁੱਧੀ ਦੇ ਕੇ ਪੁਰਸਕ੍ਰਿਤ ਕਰਦੇ ਹਨ, ਜਦੋ ਕਿ ਪ੍ਰਬੰਧਿਕ ਦਾ ਪੱਧਰ ਉਸ ਵਿਚ ਹਮੇਸਾ ਉਚਾ ਰਹਿੰਦਾ ਹੈ।

### 3.2.2 ਪਾਰਸੰਸ ਦਾ ਸਿਧਾਂਤ (Theory of Parsons) –

ਫਾਲਕਾਟ ਪਾਰਸੰਸ ਦਾ ਮੱਤ ਹੈ ਕਿ ਸਮਾਜਿਕ ਦਰਜਬੰਦੀ ਦਾ ਕੁਝ ਨਿਸਚਿਤ ਅਧਿਕਾਰਾਂ ਦਾ ਮਹੱਤਵ ਹੁੰਦਾ ਹੈ, ਜਿਸਦੀ ਅਲੋਚਨਾ ਸਿਰਫ ਸੰਪੂਰਨ ਸਮਾਜ-ਵਿਵਸਥਾ ਦੇ ਹਵਾਲਿਆ ਵਿਚ ਵੀ ਕੀਤੀ ਜਾ ਸਕਦੀ ਹੈ । ਸਮਾਜਿਕ ਦਰਜ਼ਾਬੰਦੀ ਦੇ ਕੁਝ ਨਿਸਚਿਤ ਆਧਾਰ ਹੁੰਦੇ ਹਨ। ਇਹ ਅਧਾਰ ਤਿੰਨ ਹਨ :-

ਨੋਟ

(ੳ) ਗੁਣ (**Qualities**) – ਜੋ ਕਿ ਵਿਅਕਤੀਆਂ ਨੂੰ ਹਮੇਸਾ ਬਿਨ੍ਹਾ ਕਿਸੇ ਯਤਨ ਦੇ ਹੀ ਸਮਾਜ ਦੁਆਰਾ ਪੇਸ ਕੀਤੇ ਜਾਂਦੇ ਹਨ, ਜਿਵੇ ਕਿ ਵੰਸ ਪ੍ਰੰਪਰਾ ਇਕ ਬ੍ਰਹਾਮਣ ਦੀ ਸਥਿਤੀ ਜਾਤੀ ਸੰਸਤਰਣ ਵਿਚ ਸਰਵ ਉਚ ਇਸ ਕਰਕੇ ਹੈ ਕਿ ਉਸਦਾ ਜਨਮ ਅਜਿਹੇ ਪਰਿਵਾਰ (ਬ੍ਰਹਾਮਣ ਪਰਿਵਾਰ) ਵਿਚ ਹੋਇਆ ਹੈ।ਜਿਹਨਾਂ ਨੂੰ ਹਿੰਦੂ ਪਰੰਪਰਾ ਦੇ ਅਨੁਸਾਰ ਉੱਚਾ ਮੰਨਿਆ ਜਾਂਦਾ ਹੈ।

(ਅ) ਯੋਗਤਾ (**Efficiency**)– ਜਿਹਨਾਂ ਨੂੰ ਵਿਅਕਤੀ ਆਪਣੇ ਆਪ ਦੇ ਪ੍ਰਯਤਨ ਸਿਖਲਾਈ ਤੇ ਅਨੁਭਵ ਦੇ ਆਧਾਰ ਤੇ ਵਿਅਕਤੀਤਵ ਦੇ ਲਈ ਪ੍ਰਾਪਤ(**Achieve**) ਕਰਦਾ ਹੈ ਅਤੇ ਜਿਸਦੇ ਆਧਾਰ ਵਿਅਕਤੀ ਦੀਆਂ ਕਿਰਿਆ ਦਾ ਦੂਜੇ ਦੀਆਂ ਕਿਰਿਆਵਾਂ ਦੇ ਸੰਕੇਤ ਵਿਚ ਸਕਾਰਅਤਮਿਕ ਨਿਰਧਾਰਨ ਹੁੰਦਾ ਹੈ ਅਤੇ ਉਸ ਅਨੁਸਾਰ ਉਸਦੀ ਸਮਾਜਿਕ ਸਥਿਤੀ ਦਾ ਨਿਰਧਾਰਨ ਹੁੰਦਾ ਹੈ।

(ੲ) ਮਲਕੀਅਤ (**Possession**)– ਉਹਨਾਂ ਵਸਤੂਆ ਦੀ ਜੋ ਇਕ ਵਿਅਕਤੀ ਦੇ ਕੋਲ ਹਨ ਅਤੇ ਜਿਨ੍ਹਾਂ ਨੂੰ ਉਸਨੇ ਆਪਣੇ ਲਈ ਪ੍ਰਾਪਤ ਕੀਤਾ ਹੈ।ਇਹ ਮਲਕੀਅਤ ਕੇਵਲ ਭੌਤਿਕ ਵਸਤੂਆ (ਧਨ, ਸੰਪਤੀ ਆਦਿ) ਦੀ ਹੀ ਨਹੀ ਸਗੋ ਕਲਾ ਦੀ ਪ੍ਰਾਪਤੀ ਦੀ ਭੀ ਹੋ ਸਕਦੀ ਹੈ।

ਉਪਰੋਕਤ ਤਿੰਨ ਆਧਾਰਾਂ ਨੂੰ ਸਮਾਜਿਕ ਦਰਜ਼ਾਬੰਦੀ ਦੇ ਨਿਰਧਾਰਿਕ ਰੂਪ ਵਿਚ ਕਿਸ ਢੰਗ ਨਾਲ ਲਾਗੂ ਕੀਤਾ ਜਾਵੇਗਾ, ਇਹ ਉਸ ਸਮਾਜ ਦੇ ਮੰਨੇ ਹੋਏ ਉਦੇਸ਼ਾਂ, ਅਦਰਸ਼ਾਂ ਅਤੇ ਮੁੱਲਾਂ ਉਤੇ ਨਿਰਭਰ ਕਰਦਾ ਹੈ।ਉਦਾਹਰਨ ਦੇ ਤੌਰ ਤੇ ਧਰਮ ਅਧਾਰਿਤ ਸਮਾਜ ਵਿਚ ਧਰਮ ਨਾਲ ਸਬੰਧਿਤ ਵਿਵਹਾਰਕ , ਯੋਗਤਾਵਾਂ ਕੁਸ਼ਲਤਾਵਾਂ ਦਾ ਮਹੱਤਵ ਹੀ ਜਿਆਦਾ ਹੋਵੇਗਾ ।

ਪਾਰਸੰਸ ਨੇ ਇਹਨਾਂ ਕੇਂਦਰੀ ਮੁੱਲ ਨਮੂਨਿਆ ਦਾ ਇਕ ਸਮਾਨ ਵਰਗੀਕਰਨ ਅਧਿਕਾਰ ਦ੍ਰਿਸਟੀਕੋਣ ਵਿਚ ਹੇਠਾ ਚਾਰ ਸ੍ਰੇਣੀਆਂ ਵਿਚ ਕੀਤਾ ਹੈ ।

1) ਰੂਪਾਤਰ (**Adaption**)– ਇਹ ਕੀਮਤੀ ਨਮੂੰਨੇ ਜਿਸਦੀ ਲੋੜ ਸਮਾਜਿਕ ਰੂਪਾਤਰਨ ਦੇ ਲਈ ਹੁੰਦੀ ਹੈ ਸਮਾਜ ਵਿਚ ਅਜਿਹੀ ਅਨੇਕਾ ਪਰਸਥਿਤੀਆਂ ਪੈਣਾਂ ਹੰਦੀਆਂ ਹਨ ।ਜਿਹਨਾਂ ਦੇ ਨਾਲ ਰੁਪਾਂਤਰ ਕਰਨਾ ਸਮਾਜਿਕ ਵਿਵਸਥਾ ਦੇ ਅਸਿਸਤਵ ਨੂੰ ਬਣਾਕੇ ਰੱਖਣ ਦੇ ਲਈ ਜਰੂਰੀ ਹੈ ।

2) ਨਿਸਾਨਾ ਪ੍ਰਾਪਤੀ (**Goal Achievement**) – ਇਹ ਕੀਮਤੀ ਨੰਮੂਨੇ ਸਮੂਹਿਕ ਜਾਂ ਸਮਾਜਿਕ ਨਿਸਾਨਾ ਪ੍ਰਾਪਤੀ ਉਤੇ ਜਿਆਦਾ ਜੋਰ ਦਿੰਦਾ ਹੇ ਅਰਥਾਤ ਵਿਅਕਤੀਆਂ ਉਤੇ ਇਕ ਦਬਾਅ ਪਾਉਦਾਂ ਹੈ ਕਿ ਇਹ ਸਮੂਹਿਕ ਨਿਸਾਨੇ ਦੀ ਅੰਤਿਮ ਦੀ ਅੰਤਿਮ ਰੂਪ ਵਿਚ ਪ੍ਰਾਪਤੀ ਨੂੰ ਜਿਆਦਾ ਮਹੱਤਵ ਪ੍ਰਦਾਨ ਕਰੇ, ਆਪਣੇ ਆਪ ਹੀ ਨਿਸਾਨੇ ਦੀ ਪ੍ਰਾਪਤੀ ਨੂੰ ਨਹੀ।

3) ਏਕੀਕਰਨ (**Integration**) – ਇਹ ਕੀਮਤੀ ਨਮੂਨੇ ਸਮਾਜ ਵਿਚ ਏਕਤਾ ਅਤੇ ਸੰਗਠਨ ਨੂੰ ਬਣਾਕੇ ਰੱਖਣ ਦੀ ਲੋੜ ਤੇ ਜੋਰ ਦਿੰਦਾ ਹੈ, ਤਾਂ ਕਿ ਸਮਾਜ ਦੀਆਂ ਭਿੰਨ-ਭਿੰਨ ਇਕਾਇਆਂ ਹਰੇਕ ਪੱਧਰ ਤੇ ਪਰਸਪਰ ਇਸ ਤਰ੍ਹਾ ਸਹਿਯੋਗੀ ਸੰਬਧ ਬਣਾਕੇ ਰੱਖਣ ਕਿ ਸਮਾਜਿਕ ਵਿਵਸਥਾ ਵਿਚ ਏਕਤਾ ਅਤੇ ਸੰਗਠਨ ਬਣਿਆ ਰਹੇ।

4) ਨਮੂਨੇ ਦੀ ਸਥਿਰਤਾ (**Pattern Maintenance**)– ਸਮਾਜ ਦੇ ਪ੍ਰਮੁੱਖ ਅਤੇ ਮਹੱਤਵਪੂਰਨ ਸੰਸਕ੍ਰਿਤਕ ਨਮੂੰਨਿਆਂ ਦੀ ਸਥਿਰਤਾ ਨੂੰ ਬਣਾ ਕੇ ਰੱਖਣ ਲਈ ਉਚਿਤ ਕੀਮਤੀ ਨਮੂਨਿਆ ਨੂੰ ਲਾਗੂ ਕੀਤਾ ਜਾਵੇ।ਇਸਦੇ ਲਈ ਸਮਾਜ ਜਿਆਦਾ ਉਪਾਅ ਕਰਦਾ ਹੈ।ਸਮਾਜਿਕ ਦਰਜ਼ਾਬੰਦੀ ਉਹਨਾਂ ਵਿਚ ਇਕ ਹੈ।ਜਿਸਦੇ ਦੁਆਰਾ ਸਥਿਤੀਆਂ ਜਾਂ ਕੰਮਾਂ ਦਾ ਨਿਸਚਿਤ ਵਿਭਾਜਨ ਕਰ ਦਿੱਤਾ ਜਾਂਦਾ ਹੈ।ਜਿਹਦੇ ਵਿਚ ਸਮਾਜ ਦੀਆਂ ਵੱਖ-ਵੱਖ ਇਕਾਇਆ ਵਿਚ ਜਰੂਰੀ ਪ੍ਰਤੀਯੋਗਤਾ ਨਾ ਹੋਵੇ ਅਤੇ ਮਹੱਤਵਪੂਰਨ ਸਮਾਜਿਕ ਸੰਸਕ੍ਰਿਤਕ ਨਮੂੰਨਿਆ ਵਿਚ ਸਥਿਰਤਾ ਬਣੀ ਰਹੇ।

## ਸਵੈ ਮੁਲਾਂਕਣ (Self Assessment)

2) ਹੇਠ ਲਿਖੀਅ ਲਾਈਨਾ ਤੇ ਸਹੀ ਅਤੇ ਗਲਤ ਦਾ ਨਿਸਾਨ ਲਗਾਓ:-

(ੳ) ਵੇਬਰ ਨੇ ਸਮਾਜ ਨੂੰ ਸਿਰਫ ਕਿਰਿਆ ਵਿਵਸਥਾ ਮੰਨਿਆ ਹੈ। ☐

(ਅ) ਪਾਰਸੰਸ ਦੇ ਅਨੁਸਾਰ ਸਾਰੀਆਂ ਸਮਾਜਿਕ ਪ੍ਰਣਾਲੀਆਂ ਇਸ ਲਈ ਪੈਦਾ ਹੁੰਦੀਆਂ ਹਨ ਕਿ ਇਹਨਾਂ ਪ੍ਰਣਾਲੀਆਂ ਵਿਚ ਬਿਰਾਜਮਾਨ ਲੋਕ ਵਿਵਸਥਾ ਅਤੇ ਸਥਿਰਤਾ ਚਾਹੁੰਦੇ ਹਨ। ☐

ਨੋਟ

(ੲ) ਮੁੱਲ ਵਿਵਸਥਾ ਦੇ ਦੀ ਅਲੋਚਨਾ ਪਾਰਸੰਸ ਨੇ ਕੀਤੀ ਹੈ।

(ਸ) ਸਮਾਜ ਦੇ ਪ੍ਰਮੁੱਖ ਅਤੇ ਮਹੱਤਵਪੂਰਨ ਸੰਸਕ੍ਰਿਤਕ ਨਮੂਨਿਆਂ ਦੀ ਸਥਿਰਤਾ ਨੂੰ ਬਣਾਕੇ ਰੱਖਣ ਦੇ ਲਈ ਉਚਿਤ ਕੀਮਤੀ ਨੰਮੂਨੇ ਲਾਗੂ ਨਹੀ ਕਰਨੇ ਚਾਹੀਦੇ ।

## 3.3 ਸਾਰ ਅੰਸ਼ (Summary)–


- ਪ੍ਰੋ: ਡੇਵਿਸ ਅਤੇ ਮੂਰੇ ਨੂੰ ਸਮਾਜਿਕ ਦਰਜ਼ਾਬੰਦੀ ਦੇ ਸੰਬੰਧ ਵਿੱਚ ਦੋ ਗੱਲਾਂ ਦੇ ਲਈ ਪ੍ਰਸਿੱਧੀ ਮਿਲੀ ਹੈ– 1) ਸਮਾਜਿਕ ਦਰਜ਼ਾਬੰਦੀ ਅਤੇ ਸੰਪੂਰਨ ਸਮਾਜਿਕ ਵਿਵਸਥਾ ਦੇ ਵਿੱਚ ਪਾਏ ਜਾਣ ਵਾਲੇ ਸੰਬਧ ਨੂੰ ਸਪੱਸਟ ਕਰਨ 2) ਇਸ ਗੱਲ ਤੇ ਜੋਰ ਦੇਣਾ ਕਿ ਸਪੂਰਨ ਸਮਾਜਿਕ ਵਿਵਸਥਾ ਦੇ ਹਵਾਲੇ ਵਿੱਚ ਸਮਾਜਿਕ ਦਰਜ਼ਾਬੰਦੀ ਦੇ ਕੁਝ ਨਿਸਚਿਤ ਕਾਰਜਾਂ ਨੂੰ ਖੋਜਿਆ ਜਾ ਸਕਦਾ ਹੈ। ਸਮਾਜਿਕ ਦਰਜ਼ਾਬੰਦੀ ਸਾਰੇ ਸਮਾਜਾਂ ਵਿਚ ਪਾਏ ਜਾਂਦੇ ਹਨ।
- ਡੇਵਿਸ ਅਤੇ ਮੂਰ ਦਾ ਸਮਾਜਿਕ ਦਰਜ਼ਾਬੰਦੀ ਪ੍ਰਕਿਰਿਆਤਮਕ ਸਿਧਾਂਤ ਡੇਵਿਸ ਅਤੇ ਮੂਰ ਨੇ ਆਪਣੇ ਸਿਧਾਂਤ ਦੀ ਵਿਆਖਿਆ ਪ੍ਰਕਿਰਿਆਤਮਕ ਆਧਾਰ ਤੇ ਕੀਤੀ ਹੈ, ਇਸ ਲਈ ਇਸਨੂੰ 'ਸਮਾਜਿਕ ਦਰਜ਼ਾਬੰਦੀ ਦਾ ਸਿਧਾਂਤ' ਵੀ ਕਹਿੰਦੇ ਹਨ।
- ਘੱਟ ਜ਼ਰੂਰੀ ਸਥਿਤੀਆਂ ਜਿਆਦਾ ਜ਼ਰੂਰੀ ਸਥਿਤੀਆਂ ਦੇ ਨਾਲ ਸਫਲਤਾਪੂਰਵਕ ਵਿਰੋਧ ਨਹੀਂ ਕਰਦੀ। ਭਾਵੇਂ ਕੋਈ ਸਥਿਤੀ ਮਹੱਤਵਪੂਰਨ ਹੀ ਕਿਉਂ ਨਾ ਹੋਵੇ, ਜਦੋ ਇਹ ਅਸਾਨੀ ਨਾਲ ਭਰ ਜਾਂਦੀ ਹੈ ਤਾਂ ਉਸ ਲਈ ਜਿਆਦਾ ਵਿਕਾਸ ਨਹੀ ਦੇਣਾ ਪੈਂਦਾ। ਇਸਦੇ ਉਲਟ ਜਦੋਂ ਕੋਈ ਸਥਿਤੀ ਮਹੱਤਵਪੂਰਨ ਹੈ ਅਤੇ ਉਸਨੂੰ ਭਰ ਪਾਉਣਾ ਮੁਸ਼ਕਿਲ ਹੈ ਤਾਂ ਉਸ

  ਨੂੰ ਕਿਸੇ ਵੀ ਪ੍ਰਕਾਰ ਨਾਲ ਭਰਨ ਦੇ ਲਈ ਜਿਆਦਾ ਪੁਰਸਕਾਰ ਦੇਣੇ ਪੈਦੇ ਹਨ, ਵਿਵਹਾਰਕ ਮਹੱਤਵ ਜ਼ਰੂਰੀ ਹੈ, ਪ੍ਰੰਤੂ ਇਕ ਸਥਿਤੀ ਨੂੰ ਉੱਚਾ ਅਹੁਦਾ ਪ੍ਰਦਾਨ ਕਰਨ ਦਾ ਸਮੁਚਿਤ ਕਾਰਨ ਨਹੀ ਹੈ।
- ਜਦ ਕਿਸੇ ਸਥਿਤੀ ਨੂੰ ਭਰੇ ਜਾਣ ਦੀ ਕਮੀ ਹੋ ਅਤੇ ਇਹ ਸਥਿਤੀ ਪ੍ਰਕਿਰਿਆਤਮਕ ਮਹੱਤਵ ਰੱਖਦੀ ਹੈ, ਤਾਂ ਉਸਨੂੰ ਭਰਨ ਦੇ ਲਈ ਜਰੂਰੀ ਹੈ ਕਿ ਬਹਤ ਹੀ ਦਿਲ ਖਿੱਚਦੇ ਪੁਰਸਕਾਰ ਹੋਣੇ ਚਾਹੀਦੇ ਹਨ। ਦੂਜੇ ਸਬਦਾ ਵਿਚ ਸਥਿਤੀ ਦਾ ਸਮਾਜਿਕ ਪੱਧਰ ਵਿਚ ਉੱਚਾ ਹੋਣਾ ਜਰੂਰੀ ਹੈ, ਇਸਦੇ ਲਈ ਜਿਆਦਾ ਸ਼ਾਨੋ-ਸ਼ੌਕਤ, ਜ਼ਿਆਦਾ ਤਨਖਾਹ, ਪ੍ਰਾਪਤ ਅਰਾਮ ਆਦਿ ਪੁਰਸਕਾਰ ਹੋਣੇ ਜਰੂਰੀ ਹੈ।
- ਟਾਲਕੋਟ ਪਾਰਸੰਸ ਨੇ ਸਮਾਜ ਨੂੰ ਸਿਰਫ ਕਿਰਿਆ ਵਿਵਸਥਾ ਮੰਨਿਆ ਹੈ ਵਿਅਕਤੀ ਦੀਆਂ ਕਿਰਿਆਵਾਂ ਨੂੰ ਨੈਤਿਕ ਆਧਾਰ ਤੇ ਮੰਨਿਆ ਜਾਂਦਾ ਹੈ ਵਿਅਕਤੀ ਆਪ ਵੀ ਆਪਣੀ ਕਿਰਿਆਵਾਂ ਦੀ ਨਿਰਧਾਰਨ ਨੈਤਿਕ ਆਧਾਰ ਤੇ ਕਰਦਾ ਹੈ ਉਹ ਇਸ ਤਰ੍ਹਾ ਕੀਤੇ ਗਏ ਨਿਰਧਾਰਨ ਦੇ ਅਨੁਸਾਰ ਹੀ ਆਪ ਦੇ ਪ੍ਰਤੀ ਉੱਚੇ ਜਾਂ ਨੀਵੇਂ ਦੀ ਧਾਰਨਾ ਬਣਾ ਲੈਂਦਾ ਹੈ । ਇਸ ਪ੍ਰਕਾਰ ਮੈਬਰ ਉਪਰਲੀਆਂ ਜਾਂ ਹੇਠਲੀਆਂ ਸਥਿਤੀਆਂ ਵਿਚ ਵਰਗੀਕ੍ਰਿਤ ਹੋ ਜਾਂਦੇ ਹਨੇ ਅਜਿਹੀ ਪਦਵੀ ਜਿਸ ਦੇ ਦੁਆਰਾ ਸਮਾਜ ਵਿਚ ਉਪਰਲੇ ਜਾਂ ਹੇਠਲੇ ਆਹੁਦੇ ਦਾ ਵਰਗੀਕਰਨ ਕੀਤਾ ਜਾਵੇ, ਸਮਾਜਿਕ ਸੰਸਤਰਨ ਕਹਿਲਾਉਂਦੀ ਹੈ।
- ਪਾਰਸੰਸ ਨੇ ਮੁੱਲ ਅਵਸਥਾ ਦੀ ਉਤਪਤੀ ਦੀ ਵਿਵੇਚਨਾ ਕੀਤੀ ਹੈ । ਮੁੱਲ ਕਿਸੇ ਵਿਅਕਤੀ ਦੀ ਕਿਸਮਤ ਤੋਂ ਪੈਦਾ ਨਾ ਹੋਕੇ ਸਾਂਝਾ ਵਿਸਵਾਸ ਹੈ ਅਰਥਾਤ ਸਮਾਜ ਦੇ ਸਾਰੇ ਮੈਂਬਰ ਇਹ ਮੰਨ ਕਿ ਚਲਦੇ ਹਨ ਇਹ ਭੇਵਾਂ ਮੁੱਲ ਹੀ ਸਭ ਤੋ ਉਤੱਮ ਸਕੀਮ ਹੈ। ਜਿਸ ਦੁਆਰਾ ਉਹਨਾਂ ਦੇ ਸਮਾਜ ਵਿਚ ਸਥਿਰਤਾ ਕਾਇਮ ਰੱਖੀ ਜਾ ਸਕਦੀ ਹੈ। ਇਸ ਤਰ੍ਹਾ ਮੁੱਲ ਕੇਵਲ ਸਾਂਝਾ ਵਿਸਵਾਸ ਹੀ ਨਹੀ, ਬਲਕਿ ਇਹ ਸਮਾਜ ਦੇ ਮੈਂਬਰਾਂ ਦੀ ਸਹਿਮਤੀ ਵਿੱਚੋ ਪੈਂਦਾ ਹੁੰਦੇ ਹਨ। ਇਹ ਸਹਿਮਤੀ ਭੇਟਾਂ ਇਸ ਲਈ ਉਤਪਨ ਹੁੰਦੀ ਹੈ ਕਿ ਸਮਾਜ ਵਿਚ ਮੈਬਰ ਦੈਨਿਕ ਜੀਵਨ ਵਿਚ ਅਵਸਥਾ ਅਤੇ ਸਥਿਰਤਾ ਚਾਹੁੰਦੇ ਹਨ । ਇਸ ਲਈ ਅਵਸਥਾ, ਸਥਿਰਤਾ ਅਤੇ ਸਹਿਯੋਗ ਇਹ ਮੁੱਲ ਭੇਟਾਂ ਉਤੇ ਨਿਰਭਰ ਕਰਦਾ ਹੈ।ਸਮਾਜ ਦੇ ਮੈਬਰਾਂ ਦੇ ਵਿਚ ਇਹ ਆਮ ਸਹਿਮਤੀ ਹੁੰਦੀ ਹੈ। ਕਿ ਸਾਰਿਆਂ ਦੇ ਲਈ ਕੀ ਚੰਗਾ ਹੈ।
- ਕਿਸੇ ਵੀ ਸਮਾਜ ਵਿਚ ਜਿਹੜੇ ਲੋਕ ਸਮਾਜਿਕ ਮੁੱਲਾ ਦੇ ਅਨੁਸਾਰ ਵਿਹਾਰ ਕਰਦੇ ਹਨ, ਉਹਨਾ ਨੂੰ ਵਧੀਆਂ ਤੋਹਫਾ ਦਿੱਤਾ ਜਾਂਦਾ ਹੈ। ਇਨ੍ਹਾਂ ਪਰਿਤੋਸ਼ਸ਼ਿਕਾਂ ਦਾ ਰੂਪ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਸਮਾਜ ਦੇ ਮੁੱਲ ਕਿਸਨੂੰ ਸਰਵਸ਼੍ਰੇਸ਼ਟ ਠਹਿਰਾਉਂਦੇ ਹਨ।
- ਟਾਲਕਾਟ ਪਾਰਸੰਸ ਦਾ ਮੱਤ ਹੈ ਕਿ ਸਮਾਜਿਕ ਦਰਜਬੰਦੀ ਦਾ ਕੁਝ ਨਿਸ਼ਚਿਤ ਅਧਿਕਾਰਾਂ ਦਾ ਮਹੱਤਵ ਹੁੰਦਾ ਹੈ, ਜਿਸਦੀ ਵਿਵੇਚਨਾ ਸਿਰਫ ਸੰਪੂਰਨ ਸਮਾਜ-ਵਿਵਸਥਾ ਦੇ ਹਵਾਲਿਆ ਵਿਚ ਵੀ ਕੀਤੀ ਜਾ ਸਕਦੀ ਹੈ।

ਨੋਟ

## 3.4 ਸਬਦਕੋਸ਼ (Keywords)–

- ਪ੍ਰਤੀਮਾਨ : ਪਰਛਾਈ, ਪ੍ਰਤੀਮਾ, ਪ੍ਰਤੀਮੂਰਤੀ ਨਮੂਨਾ ਮਾਨਕ
- ਪਰਿਤੋਸਿਕ : ਸੰਤੋਸ਼, ਯਸ ਕਰਨ ਵਾਲਾ
- ਮਿਲਕੀਅਤ : ਮਿਲਿਕਅਤ

## 3.5 ਅਭਿਆਸ ਪ੍ਰਸਨ (Review Questions)

1. ਸਮਾਜਿਕ ਦਰਜ਼ਾਬੰਦੀ ਅਧਿਕਾਰਾਂ ਜਾਂ ਕੰਮਕਾਰੀ ਸਿਧਾਂਤ ਦੀ ਆਲੋਚਨਾ ਚਾਹੀਦੀ ਹੈ।
2. ਸਮਾਜਿਕ ਦਰਜ਼ਾਬੰਦੀ ਦੇ ਸਬੰਧ ਵਿਚ ਟਾਲਕੋਟ ਪਾਰਸੰਸ ਦਾ ਦ੍ਰਿਸਟੀਕੋਣ ਕੀ ਹੈ ?
3. ਸਮਾਜਿਕ ਦਰਜ਼ਾਬੰਦੀ ਦੇ ਸਬੰਧ ਵਿਚ ਡੇਵਿਸ ਅਤੇ ਮੂਰ ਦੇ ਸਿਧਾਂਤ ਦੀ ਆਲੋਚਨਾ ਕਰੋਂ
4. ਡੇਵਿਸ ਅਤੇ ਮੂਰੇ ਦੇ ਸਮਾਜਿਕ ਦਰਜ਼ਾਬੰਦੀ ਦੇ ਸਿਧਾਂਤ ਦੀ ਆਲੋਚਨਾ ਕਰੋ ?
5. ਮੂਲ ਸਹਿਮਤੀ ਕਿਸ ਨੂੰ ਕਹਿੰਦੇ ਹਨ ? ਸਮਾਜਿਕ ਦਰਜ਼ਾਬੰਦੀ ਵਿਚ ਇਸਦੀ ਕੀ ਭੂਮਿਕਾ ਹੈ ?
6. ਪਾਰਸੰਸ ਦੇ ਅਨੁਸਾਰ ਸਮਾਜਿਕ ਦਰਜ਼ਾਬੰਦੀ ਦੇ ਅਧਿਕਾਰਾਂ ਦੇ ਮਹਤੱਵ ਦਾ ਵਰਨਣ ਕਰੋ ?

## ਉੱਤਰ : ਸਵੈ-ਮੁਲਾਂਕਣ (Answer: Self-Assessment)

1) ੳ) ਡੇਵਿਸ ਅਤੇ ਮੂਰ    ਅ) ਸਮਾਜਿਕ ਦਰਜ਼ਾਬੰਦੀ

ੲ) ਵਰਗ ਏਕਤਾ    ਸ)

2) ੳ) [ ]    ਅ) [✓]

ੲ) [✓]    ਸ) [ ]

## 3.6 ਸੰਦਰਭ ਪੁਸਤਕਾਂ (Further readings)

ਬੁਕਸ

1. ਦੇਸਾਈ, ਏ.ਆਰ ਸੋਸਲ ਬੈਕ ਗਰਾਉਂਡ ਆਫ ਇੰਡੀਅਨ ਨੇਸਲਿਜਮਾਂ, ਪਾਪੁਲਰ ਬੁੱਕ ਡਿੱਪੂ, ਬੰਬੇ ।
2. ਦੀਪਾਂਕਰ ਗੁਪਤਾ, 2008 "ਸੋਸ਼ਲ ਸਰਟੀਫਿਕੇਸ਼ਨ" ਇਨ ਬੀਨਾ ਦਾਸ ਆਫਸਬੋਰਡ ਹੈਂਡ ਬੁੱਕ ਆਫ ਇੰਡੀਅਨ ਸੋਸਿਓਲੀਜੀ, ਆਫਸਬੋਰਡ ਯੂਨੀਵਰਸਿਟੀ ਪ੍ਰੈਸ, ਨਿਊ ਦਿੱਲੀ ।

ਨੋਟ

# ਇਕਾਈ-4 : ਸਮਾਜਿਕ ਦਰਜ਼ਾਬੰਦੀ ਦਾ ਸਿਧਾਂਤ-II (Theories of Social Stratification - II)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
4.1 ਸਮਾਜਿਕ ਦਰਜ਼ਾਬੰਦੀ ਦਾ ਸਿਧਾਂਤ (Theories of Social Stratification)
4.2 ਕਾਰਲ ਮਾਰਕਸ ਦੀਆਂ ਸਿਧਾਂਤਿਕ ਧਾਰਨਾਵਾਂ (Theoretical Formulation of Karl Marx)
4.3 ਮੈਕਸ ਵੇਬਰ ਦੀਆਂ ਸਿਧਾਂਤਿਕ ਧਾਰਨਾਵਾਂ (Theoretical Formulation of Max Weber)
4.4 ਰਚਨਾਤਮਕ-ਵਿਵਹਾਰ ਸਿਧਾਂਤ (Structural Functional Theory)
4.5 ਸਾਰ ਅੰਸ਼ (Summary)
4.6 ਸ਼ਬਦਕੋਸ਼ (Keywords)
4.7 ਅਭਿਆਸ ਪ੍ਰਸ਼ਨ (Review Questions)
4.6 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ-

- ਸਮਾਜਿਕ ਦਰਜ਼ਾਬੰਦੀ ਦੇ ਸਿਧਾਂਤ ਨੂੰ ਸਮਝਣ ਵਿੱਚ।
- ਕਾਰਲ ਮਾਰਕਸ ਅਤੇ ਮੈਸ ਵੇਬਰ ਦੀਆਂ ਸਿਧਾਂਤਿਕ ਧਾਰਨਾਵਾਂ ਦੀ ਵਿਆਖਿਆ ਕਰਨ ਵਿੱਚ।
- ਰਚਨਾਤਮਕ-ਵਿਵਹਾਰਕ ਸਿਧਾਂਤ ਦਾ ਕਰਨ ਵਿੱਚ।

## ਜਾਣਕਾਰੀ (Introduction)

ਸਮਾਜਿਕ-ਰਾਜਨੀਤਕ ਚੇਤਨਾ ਦਾ ਵਾਧਾ, ਨਾਗਰਿਕ ਸਮਾਜ ਦੇ ਮਨੁੱਖੀ ਅਧਿਕਾਰਾਂ ਨੂੰ ਪੁਕਾਰ ਦੇ ਕਾਰਣ ਸਮਾਜਿਕ ਦਰਜ਼ਾਬੰਦੀ ਦੇ ਅਧਿਐਨ ਦੇ ਲਈ ਸਮਾਨਤਾ ਅਤੇ ਅਸਮਾਨਤਾ ਦੀ ਧਾਰਨਾਵਾਂ ਅਤੇ ਨਿਟਤਾ 'ਤੇ ਮੁੜ ਵਿਚਾਰ ਕਰਨ ਦੇ ਅਤੇ ਫਿਰ ਤੋਂ ਪਰਿਭਾਸ਼ਿਤ ਕਰਨ ਦੀ ਜ਼ਰੂਰਤ ਹੈ। ਅੱਜ ਸਮਾਜਿਕ ਦਰਜ਼ਾਬੰਦੀ ਮਾਤਰ ਉਦਯੋਗੀਕਰਨ ਜਾਂ ਕਿਸਾਨੀ ਦੇ ਰੂਪ ਅੰਤਰਨ ਦੇ ਹਵਾਲੇ ਵਿੱਚ ਹੀ ਨਹੀਂ ਪਾਇਆ ਜਾਂਦਾ ਹੈ, ਯਾਤਾਯਾਤ ਅਤੇ ਸੰਚਾਰ ਦੇ ਸਾਧਨ, ਸਿੱਖਿਆ, ਗਤੀਸ਼ੀਲਤਾ ਅਤੇ ਨਵੇਂ ਆਧੁਨਿਕ ਧੰਦੇ (ਕਿੱਤੇ) ਦਰਜ਼ਾਬੰਦੀ ਨੂੰ ਨਵਾਂ ਸਰੂਪ ਦੇ ਰਹੇ ਹਨ। ਪਰ ਇਹ ਬਿੰਦੂ ਭਖਦੀ ਹੈ ਕਿ "ਸਮਾਜ ਦੇ ਸਾਧਨਾਂ ਦਾ ਸ਼ੋਸ਼ਣ ਬਟਵਾਰਾ ਕਿਵੇਂ ਕੀਤਾ ਜਾਂਦਾ ਹੈ?" ਕਿਨ੍ਹਾਂ ਲੋਕਾਂ ਦੀ ਉਪਲਬਧ ਮੌਕਿਆਂ ਤੱਕ ਪਹੁੰਚ ਆਸਾਨ ਹੈ ਅਤੇ ਕੌਣ ਲੋਕ ਸਮਾਜਿਕ ਰੁਕਾਵਟਾਂ ਦਾ ਸਾਹਮਣਾ ਰਦੇ ਹਨ ਅਤੇ ਬੰਚਿਤ ਰਹਿੰਦੇ ਹਨ? ਸਭ ਮਨੁੱਖੀ ਸਮਾਜਾਂ ਵਿੱਚ ਧਨੀ ਨਿਯੰਤਰਨਕਾਰੀ ਪਰਿਵਾਰਾਂ, ਵਿਆਤੀਆਂ ਅਤੇ ਸਮੂਹਾਂ ਅਤੇ ਸੰਪਤੀਹੀਣ ਲੋਕਾਂ ਦੇ ਵਿੱਚ ਬਟਵਾਰਾ ਹੋਇਆ ਹੈ। ਕਾਰਲ ਮਾਰਕਸ ਧਨਵਾਨ ਅਤੇ ਗਰੀਬ ਦੇ ਵਿੱਚ ਅਜਿਹੇ ਬਟਵਾਰੇ ਦੇ ਵਿਸ਼ਲੇਸ਼ਣ ਦੇ ਪ੍ਰਮੁੱਖ ਜਨਮਦਾਤਾ ਹਨ। ਜਦਕਿ ਮਾਰਕਸਵਾਦੀ ਦ੍ਰਿਸ਼ਟੀਕੋਣ ਬਹੁਤ ਵਿਆਪਕ ਅਤੇ ਵਰਗ-ਸਮਾਹਿਤ ਹੈ, ਫਿਰ ਵੀ ਦੇਵ ਸ਼੍ਰੇਣੀ ਅਤੇ ਦਰਜ਼ਾਬੰਦੀ ਦੇ ਆਧਾਰ ਦੇ ਰੂਪ ਵਿੱਚ ਆਰਥਿਕ ਸੰਬੰਧਾਂ ਨੂੰ ਪਹਿਲ ਦਿੱਤੀ ਗਈ ਹੈ।

ਇੱਥੇ ਅਨੇਕਾਂ ਹੋਰ ਵਿਆਖਿਆਵਾਂ ਦਾ ਉਲੇਖ ਕੀਤਾ ਜਾ ਸਕਦਾ ਹੈ, ਪਰ ਅਸੀਂ ਕੁੱਝ ਦਾ ਹੀ ਵਰਣਨ ਕਰਾਂਗੇ। ਮਾਰਕਸਵਾਦੀ, ਵੇਬਰ ਦਾ ਸਿਧਾਂਤ ਅਤੇ ਰਚਨਾਤਮਕ-ਵਿਵਹਾਰਵਾਦ ਦੀ ਅਸੀਂ ਵਿਸਥਾਰ ਵਿਆਖਿਆ ਕਰਾਂਗੇ।

## 4.1 ਸਮਾਜਿਕ ਦਰਜ਼ਾਬੰਦੀ ਦਾ ਸਿਧਾਂਤ (Theories of of Social Stratification)

ਸਾਰੇ ਸਮਾਜਾਂ ਵਿੱਚ ਕਿੱਤੇ 'ਤੇ ਅਧਾਰਿਤ ਜੀਵਨ ਸ਼ੈਲੀ ਨੂੰ ਇੱਕ ਮਹੱਤਵਪੂਰਨ ਘਟਨਾ ਮੰਨਿਆ ਗਿਆ ਹੈ। ਨੌਕਰੀ ਸੇਵਾ ਭਰਤੀ ਪ੍ਰਾਪਤ ਕਰਨ ਦੀ ਪ੍ਰਕਿਰਿਆ ਅਤੇ ਵਰਗ ਦੀ ਅੰਦਰੂਨੀ ਰਚਨਾ ਵਿੱਚ ਪ੍ਰਵੇਸ਼ ਦੇ ਲਈ ਵਰਗ ਦੁਆਰਾ ਜੀਵਨ ਮੌਕਿਆ ਨੂੰ ਸਥਿਰਤਾ ਪ੍ਰਾਪਤ ਹੁੰਦੀ ਹੈ। ਜਾਰਜ ਸਿੰਮਲ ਨੇ ਉੱਚ ਅਤੇ ਅਧੀਨ ਨਮੂਨੇ ਅਤੇ ਉਹਨਾਂ 'ਤੇ ਅਧਾਰਿਤ ਸਮਾਜਿਕ ਸੰਬੰਧਾਂ ਦੀ ਵਿਆਖਿਆ ਦੁਆਰਾ ਸਮਾਜ ਦੇ ਪੌੜੀ-ਦਰ-ਪੌੜੀ ਸਿਧਾਂਤਿਕ ਢਾਂਚੇ 'ਤੇ ਪ੍ਰਕਾਸ਼ ਪਾਇਆ ਹੈ। ਸਿੰਮਲ ਨੇ ਪੌੜੀ-ਦਰ-ਪੌੜੀ ਸਿਧਾਂਤ ਦੇ ਗੈਰ ਪੌੜੀ-ਦਰ-ਪੜੀ ਸਿਧਾਂਤੀ ਆਧਾਰ ਦਾ ਵੀ ਵਿਸ਼ੇਲਸ਼ਣ ਕਿਹਾ ਹੈ। ਵਪਾਰਕ, ਵਰਗ ਅਤੇ ਪ੍ਰਬਲਤਾ ਜਾਂ

ਨੋਟ

ਪੌੜੀ–ਦਰ–ਪੌੜੀ ਸਿਧਾਂਤ ਦੀਆਂ ਕਮੇਟੀਆਂ ਦੀ ਤਰ੍ਹਾਂ ਹੀ ਸਮਾਜ ਵਿੱਚ ਅਮੀਰੀ ਅਤੇ ਗਰੀਬੀ ਦਾ ਬਟਵਾਰਾ ਹੈ। ਤਿੰਨ ਅਮੀਰ ਸਮੂਹਾਂ ਦੀ ਚੁਣਾਉ ਭਰਤੀ ਜਟਿਲ ਰਾਜਨੀਤੀ ਪ੍ਰਕਿਰਿਆਵਾਂ ਦੁਆਰਾ ਨਿਰਧਾਰਿਤ ਹੁੰਦੀ ਹੈ। ਇੱਕ ਹਰ ਵਿਆਖਿਆ ਟੀ. ਵੇਵਲਨ ਦੇ ਵਿਲਾਸਿਤਾ ਵਰਗ ਦੇ ਸਿਧਾਂਤ ਵਿੱਚ ਸ਼ਾਮਿਲ ਹੈ। ਇੱਕ ਲਾਭਦਾਇਕ ਤੁਲਨਾਤਮਕ ਸਮਝ ਦੇ ਲਈ, ਵੇਵਲਨ ਨੇ ਸਘੰਰਸ਼ਕਾਰੀ ਆਰਿਥਕ ਹਿੱਤ ਦੀ ਵਿਆਖਆ ਅਤੇ ਜੀਵਨ ਪੱਧਰ ਦੇ ਨਮੂਨੇ ਦੇ ਪ੍ਰਤੀਕਾਤਮਕ ਮਹੱਤਬ ਵਿੱਚ ਅੰਦਰੂਨੀ ਸੰਬੰਧਾਂ ਤੇ ਜ਼ੋਰ ਦਿੱਤਾ ਹੈ। ਵੇਵਲਨ ਨੇ ਸਮਾਜਿਕ ਸੰਬੰਧਾਂ ਵਿੱਚ ਇੱਕਮਾਤਰ ਆਰਥਿਕ ਮਹੱਤਤਾ ਨੂੰ ਚੁਨੌਤੀ ਦਿੱਤੀ ਹੈ। ਪੈਰੇਟੀ ਨੇ ਵੀ ਉੱਤਰਦੇ ਵਪਾਰ ਮੁਖੀ ਪੂੰਜੀਪਤੀ ਅਤੇ ਰਾਜਨੀਤਿਕ ਸੰਗਠਨ ਦੇ ਸਾਧਕਾਂ ਦੇ ਵਿੱਚ ਬੇਮੇਲ ਤੇ ਜ਼ੋਰ ਦਿੱਤਾ ਹੈ।

ਮਾਰਕਸ ਦੇ ਵਰਗ ਅਤੇ ਵਰਗ ਸੰਘਰਸ਼ ਦੇ ਸਿਧਾਂਤ ਦੇ ਇਲਾਵਾ ਮੇਕਸ ਏਬਰ ਦੇ ਸਮਾਜਿਕ ਦਰਜ਼ਾਬੰਦੀ ਦੇ ਸਿਧਾਂਤ ਨੇ, ਵਰਗ, ਰੁਤਬਾ ਅਤੇ ਸ਼ਕਤੀ ਦੇ ਬਟਵਾਰੇ ਦੇ ਹਵਾਲੇ ਵਿੱਚ ਆਮ ਤੌਰ ‘ਤੇ ਸੰਸਥਾਨਿਕ ਵਰਗ ਵਿੱਚ ਮਾਨਤਾ ਪ੍ਰਾਪਤ ਕੀਤੀ ਹੈ । ਵੇਬਰ ਨੇ ਆਰਥਿਕ ਹਿੱਤ ਨੂੰ ਸਾਂਝੀ ਘਟਨਾ ਮੰਨਿਆ ਹੈ। ਅੰਤ ਵਿੱਚ ਸਮਾਜਿਕ ਦਰਜ਼ਾਬੰਦੀ ਦੀ ਰਚਨਾਤਮਕ ਵਿਵਹਾਰਿਕ ਨਿਕਟਤਾ, ਵਿਸ਼ੇਸ਼ ਕਰਕੇ ਅਮਰੀਕੀ ਸਮਾਜ ਸ਼ਾਸ਼ਤਰੀਆਂ ਵਿੱਚ ਬਹੁਤ ਜ਼ਿਆਦਾ ਪਿਆਰਾ ਅਤੇ ਤਾਰਕਿਕ ਤੌਰ ‘ਤੇ ਸਵੀਕਾਰ ਕੀਤਾ ਗਿਆ ਹੈ। ਟਾਲਕਟ ਪਾਰਸੰਸ, ਕਿੰਗਸਲੇ ਡੇਵਿਸ ਅਤੇ ਡਬਲਿਯੂ.ਈ. ਮੂਰ ਇਸ ਦੇ ਪ੍ਰਮੁੱਖ ਉਤਪਾਦਕ ਹਨ। ਇਸ ਨਿਕਟਤਾ ਦੇ ਅਨੁਸਾਰ, ਸਮਾਜਿਕ ਦਰਜ਼ਾਬੰਦੀ, ਵਿਆਪਕ, ਜ਼ਰੂਰੀ ਅਤੇ ਲਾਜ਼ਮੀ ਹੈ।

## 4 2 ਕਾਰਲ ਮਾਰਕਸ ਦੀ ਸਿਧਾਂਤਕ ਧਾਰਨਾਵਾਂ (Theoretical Formulation of Karl Marx)

ਸਮਾਜ ਵਰਗ ਅਤੇ ਦਰਜ਼ਾਬੰਦੀ ਦੇ ਅਧਿਐਨ ਦੇ ਇਤਿਹਾਸਕ ਦਵੰਦਾਤਮਕ ਨਿਕਟਤਾ ਦੇ ਕਾਰਲ ਮਾਰਕਸ ਪ੍ਰਮੁੱਖ ਜਨਮਦਾਤਾ ਹਨ । ਮਾਰਕਸਵਾਦੀ ਸਿਧਾਂਤ ਤਕਨੀਕੀ ਜਾਂ ਆਰਥਿਕ ਨਿਰਧਾਰਨ ਦੀ ਇੱਕ ਸਰਲ ਵਿਆਖਿਆ ਮਾਤਰ ਨਹੀ ਹੈ । ਮਾਰਕਸ ਨੇ ਸਮਾਜ ਦੇ ਵੱਡੇ ਸਿਧਾਂਤ ਦਾ ਅਨੁਵਾਦ ਕੀਤਾ ਹੈ। ਮਾਰਕਸ ਦੇ ਅਨੁਸਾਰ ਉਤਪਾਦਨ ਦੇ ਸੰਬੰਧਾਂ ਦੀ ਵਿਵਸਥਾ ਦੁਆਰਾ ਦਰਜ਼ਾਬੰਦੀ ਦਾ ਨਿਰਧਾਰਨ ਹੁੰਦਾ ਹੈ ਅਤੇ ਇੱਕ ਵਿਅਕਤੀ ਦੀ ਰੁਤਬੇ ਦਾ ਨਿਰਧਾਰਨ, ਉਤਪਾਦਨ ਦੇ ਸਾਧਨਾਂ ਨੂੰ ਮਾਲਕ ਅਤੇ ਨੌਕਰਾਂ ਦੇ ਹਵਾਲੇ ਵਿੱਚ, ਉਤਪਾਦਨ ਦੇ ਸਾਧਨਾਂ ਨੂੰ ਮਾਲਕ ਅਤੇ ਨੌਕਰਾਂ ਦੇ ਹਵਾਲੇ ਵਿੱਚ, ਉਤਪਾਦਨ ਵਿਵਸਥਾ ਵਿੱਚ ਵਿਅਕਤੀ ਦੇ ਅਹੁਦੇ ਸਥਾਨ ਦੁਆਰਾ ਹੁੰਦਾ ਹੈ । ਮਾਰਕਸ ਨੇ ਵਰਗ ਅਤੇ ਸਮਾਜਿਕ ਦਰਜ਼ਾਬੰਦੀ ਵਿੱਚ ਕੋਈ ਵੰਡ ਨਹੀ ਕੀਤੀ ਹੈ। ਮਾਰਕਸ ਦੇ ਲਈ, ਉਤਪਾਦਨ ਸਮਾਜਿਕ ਵਿਅਕਤੀਆਂ ਦੁਆਰਾ ਹੁੰਦਾ ਹੈ, ਅਤੇ ਇਸ ਲਈ ਸਿ ਨੂੰ ਸਮਾਜਿਕ ਹਵਾਲੇ ਵਿੱਚ ਸਮਝਿਆ ਜਾਣਾ ਚਾਹੀਦਾ ਹੈ। ਇਸ ਤਰਾਂ ਮਾਰਕਸ ਦੇ ਵਰਗ ਦੇ ਸਿਧਾਂਤ ਨੂੰ ਪ੍ਰਭਾਵੀ ਉੱਚਤਾ ਨਿਮਨਤਾ ਦੇ ਸੰਬੰਧਾਂ ਤੇ ਆਧਾਰਿਤ, ਪ੍ਰਬੱਲਤਾ ਅਤੇ ਅਧੀਨਤਾ ਦੇ ਹਵਾਲੇ ਵਿੱਚ ਸਮਾਜਿਕ ਦਰਜ਼ਾਬੰਦੀ ਦੀ ਇੱਕ ਵਿਵਸਥਾ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ। ਮਾਰਕਸ ਨੇ ਦੁਨੀਆ ਨੂੰ ਸਮਝਣਾ ਅਤੇ ਉਸ ਵਿੱਚ ਕ੍ਰਾਂਤੀ ਲਿਆਉਣ ਕੁਦਰਤੀ ਦੇ ਯਥਾਰਥਦ ਨਿਯਮਾਂ, ਸਮਾਜ ਅਤੇ ਮਨੁੱਖੀ ਵਿਚਾਰ ਨੂੰ ਸਮਝ ਕੇ ਵਿਸ਼ੇਲਸ਼ਣ ਕਰਨ ਦਾ ਜਤਨ ਕੀਤਾ ਹੈ। ਮਾਰਕਸ ਦੇ ਦਰਸ਼ਨ ਅਤੇ ਵਿਚਾਰਧਾਰਾ ਦੇ ਮੁੱਖ ਬਿੰਦੂ ਇਸ ਪ੍ਰਕਾਰ ਹਨ:

1 ਪੂੰਜੀਵਾਦ ਦਾ ਅੰਤ

2 ਸਮਾਜਵਾਦੀ ਸਮਾਜ ਦੀ ਜਿੱਤ

3 ਸਮਾਜ ਦੇ ਵਿਗਿਆਨ ਦੇ ਕਾਲਪਨਿਕ ਸਪਨੇ

4 ਮਿਹਨਤੀ ਵਿਅਕਤੀ ਇੱਕ ਕ੍ਰਾਂਤੀਕਾਰੀ ਵਰਗ ਦੀ ਅਨਿਆਂ ਅਤੇ ਸੋਸ਼ਨ ਤੇ ਮੁਕਤੀ

5 ਮਿਹਨਤੀ ਵਿਅਕਤੀ ਦਾ ਤਾਨਾਸ਼ਾਹੀ ਏਕਾਧਿਕਾਰ

6 ਮਿਹਨਤੀ ਵਰਗ ਦੀ ਵਿਚਾਰਧਾਰਾ

7 ਕ੍ਰਾਂਤੀਕਾਰੀ ਵਰਗ ਸੰਘਰਸ਼

### ਮਾਰਕਸ : ਇੱਕ ਵਿਅਕਤੀ ਦੇ ਰੂਪ ਵਿੱਚ ਅਤੇ ਉਸਦਾ ਮਨੁੱਖੀ ਲਗਾਓ

5 ਮਈ 1818 ਨੂੰ ਮਾਰਕਸ ਦਾ ਜਨਮ ਜਰਮਨੀ ਵਿੱਚ ਹੋਇਆ ਸੀ। ਮਾਰਕਸ ਦੇ ਪਿਤਾ ਵਕੀਲ ਸਨ ਅਤੇ ਮਾਰਕਸ ਨੇ ਵੀ ਕਾਨੂੰਨ ਦੀ ਸਿੱਖਿਆ ਹਾਸਿਲ ਕੀਤੀ ਹੈ। 19ਵੀਂ ਸਦੀ ਦੇ ਆਰੰਭ ਵਿੱਚ ਜਗੀਰਦਾਰੀ ਖਤਮ ਹੋ ਚੁੱਕਾ ਸੀ ਅਤੇ ਪੂੰਜੀਵਾਦ ਪੈਦਾ ਹੋ ਰਿਹਾ ਸੀ। ਨਵੀਂ ਵਿਵਸਥਾ ਦੇ ਅੰਤਰਗਤ ਕਿਸਾਨਾਂ ਅਤੇ ਕਾਰੀਗਰ ਬਰਬਾਦ ਹੋ ਰਹੇ ਸਨ। ਇਸ ਲਈ ਮਿਹਨਤੀ ਵਰਗ ਦੇ ਉੱਭਰਣ ਦੇ ਕਾਰਣ ਵਰਗ ਸੰਘਰਸ਼ ਅਤੇ ਪੂੰਜੀਪਤੀ ਸਮਰਪਿਤ ਪ੍ਰਜਾਤਾਂਤ੍ਰਿਕ ਅਤੇ ਰਾਸ਼ਟਰੀ ਮੁਕਤੀ ਅੰਦੋਲਨ ਅਸਤਿਤਵ ਵਿੱਚ ਸਨ। ਮਾਰਕਸ ਨੇ ਹੀਂਗਲ, ਵਿਸ਼ੇਸ਼ਕਰ ਖੱਬੇਪੱਖੀ ਹੀਂਗਲਵਾਦੀਆਂ ਵਿੱਚ, ਸਿੱਖਿਆ ਅਤੇ ਪ੍ਰੇਣਨਾ ਲਈ। 1841 ਵਿੱਚ ਮਾਰਕਸ ਨੇ ਡਾਕਟਰ (*ਪੀ.ਐਚਡੀ*) ਦੀ ਉਪਾਧੀ ਪ੍ਰਾਪਤ ਕੀਤੀ। ਇਸਦੇ ਬਾਅਦ ਮਾਰਕਸ ਨੇ ਰਾਜਨੀਤਕ ਪ੍ਰਤੀਕਿਰਿਆਵਾਦ ਅਤੇ ਅੰਧਕਾਰਵਾਦ ਦੇ ਵਿਰੁੱਧ ਅੰਦੋਲਨ ਸ਼ੁਰੂ ਕੀਤਾ। 1842 ਵਿੱਚ ਮਾਰਕਸ ਇੱਕ ਸਮਾਚਾਰ ਪੱਤਰ 1943 ਵਿੱਚ ਹੀ ਬੰਦ ਕਰ ਦਿੱਤਾ ਗਿਆ।

ਨੋਟ

1843 ਵਿੱਚ ਮਾਰਕਸ ਨੇ ਵਿਆਹ ਕੀਤਾ। ਇਸ ਮੋੜ ਤੇ ਮਾਰਕਸ ਨੇ ਹੀਗਲ ਦੇ ਉਚਿਤ ਦਰਸ਼ਨ (*ਫਿਲੌਸਫੀ ਆਫ ਰਈਟ*) ਦਾ ਅਲੋਚਨਾਤਮਕ ਅਧਿਐਨ ਆਰੰਭ ਕੀਤਾ। ਇਸ ਤੋਂ ਪਹਿਲਾਂ 1842 ਵਿੱਚ ਉਹ ਏਜਿਲਸ ਨਾਲ ਮਿਲੇ, ਅਤੇ 1844 ਵਿੱਚ ਮੁੜ ਉਹ ਪੈਰਿਸ ਵਿੱਚ ਮਿਲੇ। ਹੀਗਲ ਦੇ ਦਰਸ਼ਨ ਦੀ ਆਪਣੀ ਸਮਝ ਦੇ ਆਧਾਰ ਤੇ ਮਾਰਕਸ ਨੇ ਰਾਜ ਅਤੇ ਸਮਾਜ ਦੇ ਜੀਵਨ ਦੀ ਆਰਥਿਕ ਅਵਸਥਾਵਾਂ ਦੇ ਵਿੱਚ ਕੜੀਆਂ ਅਤੇ ਅੰਦਰੂਨੀ ਨਿਰਭਰਤਾ ਦੇ ਪ੍ਰਸ਼ਨ ਤੇ ਜੋਰ ਦਿੱਤਾ ਹੈ ।

ਮਾਰਕਸ ਨੇ ਫਰਾਂਸ ਵਿੱਚ ਅਤੇ ਵਿਸ਼ੇਸ਼ਕਰ ਪੈਰਿਸ ਵਿੱਚ ਬਹੁਤ ਜ਼ਿਆਦਾ ਧਨੀ ਲੋਕਾਂ ਦੇ ਨਾਲ ਸਮਾਂ ਬਿਤਾਉਣ ਅਤੇ ਇਸ ਪ੍ਰਕਾਰ ਮਾਰਕਸ ਇੰਗਲਿਸ਼ ਅਤੇ ਫਰੈਂਚ ਲੋਕਾਂ ਦੇ ਅਧਿਐਨ ਵਿੱਚ ਰੁਚੀ ਲੈਣ ਲੱਗੇ। ਇਸ ਤਰਾਂ ਦੇ ਅਨੁਭਵ ਅਤੇ ਸਮਝ ਦੇ ਫਲਸਰੂਪ ਮਾਰਕਸ ਦੇ ਅਸ਼ੀਰਵਾਦ ਨਾਲ ਭੌਤਿਕਵਾਦ ਅਤੇ ਕ੍ਰਾਂਤੀਕਾਰੀ ਪ੍ਰਭਾਵ ਤੋ ਸਾਮਵਾਦੀ ਅੰਦੋਲਨ ਦੀ ਤਰਫ ਪਰਿਵਰਤਿਤ ਹੋਇਆ। ਆਪਣੇ ਜਰਮਨ, ਇੰਗਲਿਸ਼ ਅਤੇ ਫਰੈਂਚ ਅਨੁਭਵਾਂ ਤੋ ਪ੍ਰੇਰਿਤ ਹੋ ਕੇ, ਰਾਜਨੀਤਕ ਅਰਥਵਿਵਸਥਾ ਦੇ ਹਵਾਲੇ ਵਿੱਚ ਮਾਰਕਸ ਨੇ ਨਾਗਰਿਕ ਸਿਵਲ ਸੋਸਾਇਟੀ ਦੇ ਬਾਰੇ ਸੋਚਿਆ । ਇਸ ਦੇ ਬਾਅਦ ਮਾਰਕਸ ਨੇ ਹੀਗਲ ਦੇ ਦਵੰਦਾਤਮਕਤਾ(ਮਨੁੱਖੀ ਦਿਮਾਗ ਦੀ ਦਵੰਦਾਤਮਕਤਾ) ਨੂੰ ਅਸਵੀਕਾਰ ਕੀਤਾ ਅਤੇ ਉਸਦੀ ਮੁੜ ਅਲੋਚਨਾਤਮਕ ਪਰਖ ਕੀਤੀ । ਇੱਕ ਗੈਰ ਜੰਤਰਿਕ ਰੂਪ ਵਿੱਚ, ਮਾਰਕਸ ਨੇ ਫਿਊਰਬੈਕ ਦੇ ਭੌਤਿਕਵਾਦ ਦੇ ਮਿਸ਼ਰਣ ਨਾਲ ਇਤਿਹਾਸ, ਸਮਾਜਿਕ ਸੰਬੰਧਾਂ ਅਤੇ ਰਾਜਨੀਤੀ ਦੀ ਸਮਝ ਦਾ ਵਿਕਾਸ ਕੀਤਾ । ਮਾਰਕਸ ਨੇ ਆਪਣੇ ਸਿਧਾਂਤ ਨੂੰ ਵਿਗਿਆਨਿਕ ਸਮਾਜਵਾਦ ਦਾ ਨਾਮ ਦੇਣਾ ਪਸੰਦ ਕੀਤਾ ।

**ਵਰਗ ਅਤੇ ਵਰਗ ਸੰਘਰਸ਼ ਦੀਆਂ ਧਾਰਨਾਵਾਂ**

ਮਾਰਕਸ ਨੇ ਆਪਣੇ ਵਿਚਾਰਾਂ ਦਾ ਇਜ਼ਹਾਰ ਕਮਿਊਨਿਸਟ ਮੈਨੀਫੈਸਟੋ ਕੈਪਿਟਲ (3 ਭਾਗ) ਜਰਮਨ ਆਈਡੀਓਲੋਜੀ, ਆਦਿ ਸ਼ਾਹਕਾਰਾਂ ਵਿੱਚ ਕੀਤੀ ਹੈ। ਕੈਪਿਟਲ ਦੇ ਤੀਜੇ ਗ੍ਰੰਥ ਵਿੱਚ ਮਾਰਕਸ ਲਿਖਦੇ ਹਨ "ਸਿਰਫ਼ ਮਿਹਨਤ ਸ਼ਕਤੀ ਦੇ ਮਾਲਕ, ਪੂੰਜੀ ਦੇ ਮਾਲਕ ਅਤੇ ਭੂਮੀ ਮਾਲਕ ਉਤਪਾਦਨ ਦੀ ਪੂੰਜੀਵਾਦ ਢੰਗ 'ਤੇ ਆਧੁਨਿਕ ਸਮਾਜ ਦੇ ਤਿੰਨ ਵੱਡੇ ਵਰਗ ਹਨ। ਇਸ ਤਰਾਂ ਮਾਰਕਸ ਨੇ ਮਿਹਨਤੀ ਅਤੇ ਪੂੰਜੀਪਤੀ ਦੋ ਪ੍ਰਮੁੱਖ ਵਰਗਾਂ ਦਾ ਵਰਨਣ ਕੀਤਾ ਹੈ, ਪਹਿਲਾ ਸੰਪਤੀਹੀਣ ਹੈ ਅਤੇ ਦੂਜਾ ਸੰਪਤੀਵਾਨ ਹੈ। ਆਪਣੇ ਦੋ ਵਰਗਾਂ ਨੂੰ ਸਿਧਾਂਤ ਦੇ ਸਮਰਥਨ ਵਿੱਚ ਮਾਰਕਸ ਨੇ ਇਹ ਵੀ ਕਿਹਾ ਹੈ ਕਿ ਹਰ ਜਗਾਂ ਮੱਧ ਅਤੇ ਵਿਚਕਾਰ ਦੇ ਪੱਧਰ ਇਸ ਬਟਵਾਰੇ ਦੇ ਕਾਰਣ ਲੁਪਤ ਹੋ ਜਾਣਗੇ। ਪੂੰਜੀਵਾਦੀ ਉਤਪਾਦਨ ਢੰਗ ਦੇ ਵਿਕਾਸ ਦੀ ਪ੍ਰਵਿਰਤੀ ਦੇ ਵੱਧ ਤੋ ਵੱਧ ਵਧਣ ਦੇ ਕਾਰਣ ਮਿਹਨਤ, ਤਨਖਾਹ, ਮਿਹਨਤ ਅਤੇ ਉਤਪਾਦਨ ਦੇ ਸਾਧਨ ਪੂੰਜੀ ਵਿੱਚ ਬਦਲੇ ਹੋਣਗੇ। ਪ੍ਰਦੱਤ ਸੰਪਤੀ ਭੂਮੀ, ਮਕਾਨ ਆਦਿ ਵਿੱਚ ਵੀ ਪੂੰਜੀਵਾਦ ਉਤਪਾਦਨ ਢੰਗ ਵਿੱਚ ਤਬਦੀਲ ਹੋਣ ਦੀ ਪ੍ਰਵਿਰਤੀ ਹੁੰਦੀ ਹੈ । ਹੁਣ ਪ੍ਰਸ਼ਨ ਇਹ ਹੈ :

1 ਵਰਗ ਕਿਨਾਂ ਤੱਥਾਂ ਤੋਂ ਬਣਿਆ ਹੁੰਦਾ ਹੈ ?

2 ਤਨਖਾਹ ਮਿਹਨਤ, ਪੂੰਜੀਵਤੀ ਅਤੇ ਭੂਮੀ ਮਾਲਕ ਕਿਵੇਂ ਤਿੰਨ ਵੱਡੇ ਸਮਾਜਿਕ ਵਰਗ ਬਣਦੇ ਹਨ ?

ਅਸਲੀਅਤ ਵਿੱਚ ਮਾਰਕਸ ਨੇ ਕੇਵਲ ਮਿਹਨਤੀ ਅਤੇ ਪੂੰਜੀਪਤੀ ਦੋ ਹੀ ਵਰਗਾਂ ਦਾ ਉਲੇਖ ਕੀਤਾ ਹੈ। ਦੂਸਰਾ ਅਤੇ ਤੀਸਰਾ ਵਰਗ, ਜਿਵੇਂ ਕਿ ਪਹਿਲਾਂ ਵਰਣਨ ਕੀਤਾ ਹੈ, ਅੰਤ ਇੱਕ ਦੂਜੇ ਵਿੱਚ ਸ਼ਾਮਿਲ ਹੋ ਕੇ ਇੱਕ ਹੀ ਵਰਗ ਬਣ ਜਾਂਦੇ ਹਨ, ਪਰ ਮਾਰਕਸ ਦੇ ਇੱਕ ਵਰਗ ਦੇ ਸਿਧਾਂਤ ਦੀ ਇੱਕ ਤਰਕਸੰਗਤ ਧਾਰਨਾ ਨਹੀਂ ਹੈ । ਮਾਰਕਸ ਨੇ ਵਰਗ ਅਤੇ ਵਰਗ ਸੰਘਰਸ਼ ਦੀ ਆਪਣੀ ਸਮਾਨ ਰਚਨਾ ਦੇ ਅਨੁਭਵੀ ਹਵਾਲਿਆਂ 'ਤੇ ਜ਼ਿਆਦਾ ਜ਼ੋਰ ਦਿੱਤਾ ਹੈ। ਮਾਰਕਸ ਦੇ ਵਰਗ ਅਤੇ ਦਰਜ਼ਾਬੰਦੀ ਦੇ ਸਿਧਾਂਤ ਦੇ ਮੁੱਖ ਲੱਛਣ ਇਸ ਪ੍ਰਕਾਰ ਹਨ :

1 ਆਰਥਿਕ ਹਿੱਤ ਸਾਰੇ ਬਾਕੀ ਪ੍ਰਕਾਰ ਦੇ ਸੰਬੰਧਾਂ– ਸਮਾਜਿਕ, ਸੰਸਕ੍ਰਿਤ, ਰਾਜਨੀਤਿਕ ਆਦਿ ਦਾ ਆਧਾਰ ਹੈ ।

2 ਦੋ ਵਰਗ ਹਨ – (i) ਉਤਪਾਦਨ ਦੇ ਸਾਧਨਾਂ ਦੇ ਮਾਲਕ, ਅਤੇ (ii) ਮਿਹਨਤ (ਮਿਹਨਤੀ ਵਰਗ)

3 ਇਨਾ ਦੋਨਾਂ ਵਰਗਾਂ ਦੇ ਹਿੱਤਾਂ ਵਿੱਚ ਟਕਰਾਓ ਹੁੰਦਾ ਹੈ, ਕਿਉਂਕਿ ਪੂੰਜੀਪਤੀ ਮਿਹਨਤੀ ਵਿਅਕਤੀ ਦਾ ਸੋਸ਼ਣ ਕਰਦਾ ਹੈ ਅਤੇ ਇਸ ਲਈ ਵਰਗ ਸੰਘਰਸ਼ ਪਾਇਆ ਜਾਂਦਾ ਹੈ ।

4 ਪੂੰਜ਼ੀਪਤੀ ਆਪਣੇ ਹਿੱਸੇ ਤੋ ਜ਼ਿਆਦਾ ਪ੍ਰਾਪਤ ਕਰਦਾ ਹੈ, ਜਿਸ ਨੂੰ ਮਾਰਕਸ ਨੇ ਭਰਮਾਰ ਮੁੱਲ ਦਾ ਸਿਧਾਂਤ ਕਿਹਾ ਹੈ । ਐਸੀ ਹਾਲਤ ਨਾਲ ਵਰਗ ਸੰਘਰਸ਼ ਤੇਜ਼ ਹੁੰਦਾ ਹੈ, ਜਿਸ ਨਾਲ ਅੰਤ ਵਿੱਚ ਕ੍ਰਾਂਤੀ ਆਉਦੀ ਹੈ ਅਤੇ ਸਮਜਾ ਨੂੰ ਦਰਜਾਬੰਦੀ ਵਿਵਸਥਾ ਵਿੱਚ ਬੁਨਿਆਦੀ ਪਰਿਵਰਤਨ ਹੁੰਦਾ ਹੈ ।

ਇਸ ਤਰਾਂ ਨਾਲ ਮਾਰਕਸਵਾਦੀ ਸਿਧਾਂਤ ਵਿੱਚ ਸਮਾਜਿਕ ਵਿਵਸਥਾ ਦੇ ਬੁਨਿਆਦੀ ਲਛੱਥ ਹਨ । ਉਤਪਾਦਨ ਵਿਵਸਥਾ ਦੀ ਪ੍ਰਕਿਰਿਆਵਾਂ ਤੋ ਵਰਗ ਉੱਭਰਦੇ ਹਨ । ਪੂੰਜੀਪਤੀ ਵਰਗ ਉਤਪਾਦਨ ਦੇ ਸਾਧਨਾਂ ਦਾ ਮਾਲਕ ਹੁੰਦਾ ਹੈ ਅਤੇ ਮਿਹਨਤੀ ਵਰਗ ਜਰੂਰ ਹੀ ਮਨੁੱਖੀ ਮਿਹਨਤੀ ਅਤੇ ਬਾਕੀ ਸੇਵਾਵਾਂ ਪ੍ਰਦਾਨ ਕਰਦਾ ਹੈ । ਇਸ ਪ੍ਰਕਾਰ ਆਰਥਿਕ ਸੰਬੰਧ ਦਰਜ਼ਾਬੰਦੀ ਵਿਵਸਥਾ ਦਾ ਆਧਾਰ ਹੈ ਅਤੇ ਇਸ ਵਿਵਸਥਾ ਨਾਲ ਵਰਗ ਹੁੰਦੇ ਹਨ = ਪੂੰਜੀਪਤੀ ਅਤੇ ਮਿਹਨਤੀ ਜਾਂ ਸੰਪਤੀਵਾਨ ਅਤੇ ਸੰਪਤੀਹੀਣ।

ਮਾਰਕਸ ਦੀ ਦ੍ਰਿਸ਼ਟੀ ਵਿੱਚ, ਵਰਗ 'ਸਮਾਜਿਕ' ਹੈ, ਇੱਕ ਸਮਾਜਿਕ ਅਸਲੀਅਤ ਹੈ, ਜੀਵਨ ਦਾ ਇੱਕ ਤੱਥ ਹੈ । ਵਰਗ ਵਿੱਚ ਇੱਕ ਸੰਖਿਆਵਾਰ ਜਾਂ ਇੱਕ ਸੰਗਰਿਤਜਾਂ ਇੱਕ ਨਿਰਮਾਨਿਤ ਘਟਣਾ ਨਹੀ ਹੈ । ਵਰਗ ਇੱਕ ਵਾਸਤਵਿਕ ਸਮੂਹ ਦੇ ਰੂਪ ਵਿੱਚ

ਨੋਟ

ਇੱਕ ਵਿਕਸਤਿ ਭਾਵ ਅਤੇ ਆਪਣੇ ਅਸਤਿਤਵ, ਅਹੁਦਾ ਸਥਾਨ ਅਤੇ ਉਦੇਸ਼ਾਂ ਬਾਰੇ ਚੇਤਨਾ ਹੁੰਦੀ ਹੈ ।ਵਰਗ ਦੇ ਸ਼ੀਸ਼ਿਆਂ ਨਾਲ ਇੱਕ ਵਿਅਕਤੀ ਸਮਾਜ ਦੇ ਸੰਬੰਧਾਂ ਦੀ ਸੰਪੂਰਨਤਾ ਨੂੰ ਦੇਖ ਸਕਦਾ ਹੈ ।

ਹਿੱਤਾਂ ਦੇ ਟਾਕਰੇ ਦੇ ਕਾਰਣ, ਦੋਨੋ ਵਰਗਾਂ ਵਿੱਚ ਇੱਕ ਦੂਸਰੇ ਦੇ ਨਾਲ ਸੰਘਰਸ਼ ਹੁੰਦੀ ਹੈ ।ਦੂਜੇ ਸ਼ਬਦਾਂ ਵਿੱਚ ਸੰਪੂਰਨ ਸਮਾਜ ਦੋ ਵੱਡੇ ਵਿਰੋਧੀ ਧੜਿਆਂ ਦੇ ਰੂਪ ਵਿੱਚ ਦੋ ਵਰਗਾਂ ਵਿੱਚ ਵੰਡਿਆ ਰਹਿੰਦਾ ਹੈ ।ਦੋਨੋ ਵਰਗ ਸੰਘਰਸ਼ ਕਰਦੇ ਹਨ ਅਤੇ ਆਪਣੇ=ਆਪਣੇ ਹਿੱਤਾਂ ਦੀ ਰੱਖਿਆ ਦੇ ਲਈ ਸੰਗਠਿਤ ਵੀ ਹੁੰਦੇ ਹਨ ।ਇੱਕ ਨਿਸ਼ਚਿਤ ਅੰਸ਼ ਤੱਕ ਦੋਨੋ ਵਰਗਾਂ ਵਿੱਚ ਸਹਿਯੋਗ ਵੀ ਹੁੰਦਾ ਹੈ, ਜਿਸ ਨੂੰ ਮਾਰਕਸ ਨੇ 'ਵਿਰੋਧੀਆਂ ਦੀ ਏਕਤਾ' ਦਾ ਨਾਮ ਦਿੱਤਾ ਹੈ ।ਪੂੰਜੀਪਤੀ ਅਤੇ ਮਿਹਨਤੀ ਵਿਅਕਤੀ ਵਿਚਕਾਰ ਏਸਰ ਏਕਤਾ ਦੀ ਜ਼ਰੂਰਤ ਉਤਪਾਦਨ ਵਿਵਸਥਾ ਨੂੰ ਮੁਲਾਇਮ ਕਰਨ ਲਈ ਚਾਹੀਦਾ ਹੈ, ਕਿਉਕਿ ਦੋਨਾਂ ਦੇ ਜੀਵਨ ਦਾ ਅਸਤਿਤਵ ਇਸ ਤੇ ਨਿਰਭਰ ਕਰਦਾ ਹੈ ।ਫਿਰ ਵੀ ਮਾਰਕਸ ਨੇ ਪੂੰਜੀਪਤੀ ਵਰਗ ਦੇ ਵਿਰੁੱਧ ਮਿਹਨਤੀ ਵਰਗ ਨੂੰ ਇੱਕ ਰਾਜਨੀਤਿਕ ਸੰਗਠਨ ਦੇ ਰੂਪ ਵਿੱਚ ਇੱਕਜੁੱਟ ਹੋ ਕੇ ਲੜਨ ਦਾ ਸੰਦੇਸ਼ ਦਿੱਤਾ ਹੈ ।ਮਾਰਕਸ ਦੇ ਅਨੁਸਾਰ ਸ਼ਾਸ਼ਨ ਵਰਗਾਂ ਦੇ ਵਿਚਾਰ ਇਤਿਹਾਸ ਅਤੇ ਸਮਾਜ ਦੇ ਹਰ ਯੁੱਗ 9ਕਾਲ0 ਵਿੱਚ, 'ਸ਼ਾਸਕ ਵਿਚਾਰ' ਰਹਿੰਦੇ ਹਨ ।ਮਾਰਕਸ ਦਾ ਵਿਸ਼ਵਾਸ ਹੈ ਕਿ ਰਾਜਨੀਤਿਕ ਸ਼ਕਤੀ ਦੀ ਧਾਰਨਾ, ਵਰਗ ਸੰਘਰਸ਼ ਹੈ ।ਰਾਜ ਪੂੰਜੀਪਤੀ ਵਰਗ ਦੇ ਲਈ ਕੰਮ ਕਰਦਾ ਹੈ ।ਇਸ ਪ੍ਰਕਾਰ, ਮਨੁੱਖਾਂ ਦੇ ਭੌਤਿਕ ਆਰਥਿਕ ਅਸਤਿਤਵ ਦੁਆਰਾ ਆਪਣੇ ਜੀਵਨ ਦੀ ਅਵਸਥਾ ਅਤੇ ਚੇਤਨਾ ਨਿਰਧਾਰਿਤ ਹੁੰਦੀ ਹੈ ।ਇਸ ਲਈ ਵਰਗ ਇੱਕ ਸਮਾਜਿਕ ਅਸਲੀਅਤ ਹੈ, ਜਿਸ ਦੇ ਦੁਆਰਾ ਸੰਪੂਰਨ ਸਮਾਜਿਕ ਰਚਨਾ ਨੂੰ ਦੇਖਿਆ ਜਾ ਸਕਦਾ ਹੈ ।

### 4.2.1 ਮਾਰਕਸਵਾਦੀ ਅਧਿਐਨ ਪ੍ਰਣਾਲੀ

ਮਾਰਕਸ ਨੇ ਇਤਿਹਾਸ ਦਾ ਤਿੰਨ ਕਾਲਾਂ (ਯੁੱਗਾਂ) ਪ੍ਰਾਚੀਨ, ਜਾਗੀਰਦਾਰੀ ਅਤੇ ਪੂੰਜੀਵਾਦੀ ਵਿੱਚ ਵਰਨਣ ਕੀਤਾ ਹੈ ।ਹਰ ਇੱਕ ਕਾਲ ਵਿੱਚ ਉਤਪਾਦਨ ਦੀ ਇੱਕ ਪ੍ਰਮੁੱਖ ਪ੍ਰਣਾਲੀ ਰਹੀ ਹੈ ਅਤੇ ਉਸ ਤੇ ਆਧਾਰਿਤ ਵਰਗ ਰਚਨਾ ਤੋ ਇੱਕ ਸ਼ਾਸ਼ਕ ਵਰਗ ਅਤੇ ਇੱਕ ਸ਼ਾਸ਼ਿਤ ਦਬਿਆ ਹੋਇਆ ਵਰਗ ਉੱਭਰਦੇ ਹਨ ।ਜਿਵੇ ਕਿ ਅਸੀ ਪਹਿਲਾਂ ਵਰਨਣ ਕੀਤਾ ਹੈ ਕਿ ਇਹਨਾਂ ਵਰਗਾਂ ਵਿਚਕਾਰ ਸੰਘਰਸ਼ ਦੁਆਰਾ ਮਨੁੱਖਾਂ ਦੇ ਵਿੱਚ ਸਮਾਜਿਕ ਸੰਬੰਧ ਨਿਰਧਾਰਿਤ ਹੁੰਦੇ ਹਨ ।ਸਮਾਜਿਕ ਸੰਬੰਧ ਉਨਾਂ ਸੱਭ ਸੰਬੰਧਾਂ ਦਾ ਆਧਾਰ ਬਣਦੇ ਹਨ ।ਇਹ ਸੰਬੰਧ ਉਤਪਾਦਨ ਦੇ ਸਾਧਨਾਂ 'ਤੇ ਨਿਰਧਾਰਿਤ ਕਰਦੇ ਹਨ ਅਤੇ ਫਿਰ ਸੰਪੂਰਲ ਨੈਤਿਕ ਅਤੇ ਬੌਧਿਕ ਜੀਵਨ ਨੂੰ ਕੰਟਰੋਲ ਕਰਦੇ ਹਨ ।ਕਾਨੂੰਨ ਅਤੇ ਸ਼ਾਸ਼ਨ, ਕਲਾ ਅਤੇ ਸਾਹਿਤ, ਵਿਗਿਆਨ ਅਤੇ ਦਰਸ਼ਨ, ਸੱਭ ਕਾਮੋਬੇਸ਼ ਸਿੱਧੇ ਰੂਪ ਨਾਲ ਸ਼ਾਸ਼ਕ ਵਰਗ ਦੇ ਹਿੱਤਾਂ ਦੀ ਪੁਸ਼ਟੀ ਕਰਦੇ ਹਨ ।ਇਸ ਲਈ ਇਹ ਪਹਿਲੂ ਸਮਾਜ ਦੀ ਅਧਿ ਰਚਨਾਵਾਂ ਹਨ।

ਹਰ ਵਰਗ ਆਪਣੇ ਕ੍ਰਾਂਤੀਕਾਰੀ ਉਚਾਈ ਦੇ ਕਾਲ ਵਿੱਚ ਦੋ ਤਰਾ ਨਾ 'ਪ੍ਰਗਤੀਸ਼ੀਲ' ਹੁੰਦਾ ਹੈ – 1. ਉਸਦੇ ਆਰਥਿਕ ਹਿੱਤ ਤਕਨੀਕੀ ਉੱਨਤੀ ਜਿਹੇ ਹੁੰਦੇ ਹਨ ਅਤੇ ਇਸ ਲਈ ਜ਼ਿਅਦਾ ਮਨੁੱਖੀ ਕਲਿਆਨ ਦੇ ਅਨੁਰੂਪ ਪਾਏ ਜਾਂਦੇ ਹਨ, ਅਤੇ 2. ਉਨਾਂ ਹਿੱਤਾਂ ਦੇ ਲਈ ਕੀਤੇ ਗਏ ਜਤਨ ਤੋ ਉਹ ਆਜ਼ਾਦ ਵਿਚਾਰਾਂ ਅਤੇ ਸੰਸਥਾਵਾਂ ਨਾਲ ਜੁੜ ਜਾਂਦੇ ਹਨ ਅਤੇ ਉਨਾਂ ਵਿਰੁੱਧ ਹੋ ਜਾਂਦੇ ਹਨ, ਜੋ ਤਕਨੀਕੀ ਉੱਨਤੀ ਅਤੇ ਮਨੁੱਖੀ ਕਲਿਆਨ ਨੂੰ ਪਿੱਛੇ ਧੱਕਦਾ ਹੈ।ਉੱਚਾਈ 'ਤੇ ਉੱਠਣ ਵਾਲੇ ਵਰਗ ਦੇ ਵਿਰੁੱਧ ਕ੍ਰਾਂਤੀ ਦਾ ਉਹੀ ਮਾਰਗ ਅਪਣਾਇਆ ਜਾਵੇਗਾ ।ਇਸ ਪ੍ਰਕਾਰ ਇਹ ਇੱਕ ਲਗਾਤਾਰ ਪ੍ਰਕਿਰਿਆ ਹੁੰਦੀ ਹੈ, ਜਿਸ ਦੇ ਦੁਆਰਾ ਸਮਾਜ ਦਾ ਕ੍ਰਾਂਤੀਕਾਰੀ ਮੁੜ ਗਠਨ ਹੁੰਦਾ ਹੈ।ਮਾਰਕਸਵਾਦੀ ਸਿਧਾਂਤ ਵਿੱਚ ਇਸ ਤਰਾਂ ਇੱਥ ਸਮਾਜਿਕ ਵਰਗ ਵਿਅਕਤੀਆਂ ਦਾ ਇੱਕ ਇਕੱਠ ਹੈ, ਜੋ ਉਤਪਾਦਨ ਦੇ ਸੰਗਠਨ ਵਿੱਚ ਇੱਕ ਹੀ ਤਰਾਂ ਦਾ ਕੰਮ ਕਰਦੇ ਹਨ।ਕਮਿਊਨਿਸਟ ਮੈਨੀਫੇਸਟ ਵਿੱਚ ਦਰਸ਼ਾਇਆ ਕੀਤਾ ਗਿਆ ਹੈ ਕਿ ਆਜ਼ਾਦ ਵਿਅਕਤੀ ਅਤੇ ਦਾਸ, ਉੱਚੇ ਲੋਕ ਅਤੇ ਆਮ ਵਿਅਕਤੀ ਮਾਲਕ ਅਤੇ ਨੌਕਰ, ਉਦਯੋਗ ਮਾਲਕ ਅਤੇ ਸਾਧਾਰਨ ਕਾਮੇ ਜਾਂ ਸੰਖੇਪ ਵਿੱਚ ਸੋਸ਼ਿਤ ਦੇ ਦੋ ਵਰਗ ਹਨ।

ਟੋਮ ਬੋਟੋਮੋਰ ਅਤੇ ਹੋਰ ਵਿਦਵਾਨਾਂ ਦਾ ਮੱਤ ਹੈ ਕਿ ਮਾਰਕਸਵਾਦੀ ਸਿਧਾਂਤ ਵਿੱਚ ਵਰਗ ਦੀ ਧਾਰਨਾ ਦਾ ਇੱਕ ਕੇਦਰੀ ਪ੍ਰਮੁੱਖ ਮਹੱਤਵ ਹੈ, ਜਦਕਿ ਮਾਰਕਸ ਨੇ ਇਸਨੂੰ ਪੂਰੀ ਵਿਵਸਥਾ ਦੇ ਰੂਪ ਵਿੱਚ ਪ੍ਰਤੀਪਾਦਿਤ ਨਹੀਂ ਕੀਤਾ।ਮਾਰਕਸਵਾਦੀ ਸਿਧਾਂਤ ਦੇ ਲਈ ਆਰੰਭ 'ਚ ਪੂੰਜੀਵਾਦੀ ਦੀ ਵਰਗ=ਰਗਚਨਾ ਅਤੇ ਵਰਤਮਾਨ ਸਮਾਜ ਦੇ ਇਸ ਰੂਪ ਵਿੱਚ ਵਰਗ ਸੰਘਰਸ਼ ਮੁੱਖ ਸੰਕੇਤਕ ਬਿੰਦੂ ਹਨ। ਮਾਰਕਸਵਾਦੀ ਸਿਧਾਂਤ ਵਿੱਚ ਵਰਗ ਸੰਘਰਸ਼ ਅਤੇ ਵਰਗ ਚੇਤਨਾ ਦੇ ਦੋ ਹੋਰ ਮਹੱਤਵਪੂਰਨ ਵਿਚਾਰ ਹਨ।ਕਮਿਊਨਿਸਟ ਮੈਨੀਫੇਸਟੋ ਵਿੱਚ ਕਿਹਾ ਗਿਆ ਹੈ 'ਪੂੰਜੀਵਾਦੀ ਸਮਾਜਾਂ ਵਿੱਚ ਵਰਗ ਜ਼ਿਆਦਾ ਉੱਭਰਿਆ ਹੋਇਆ ਹੈ ।ਜਰਮਨ ਆਈਡਿਓਲੋਜੀ ਵਿੱਚ ਮਾਰਕਸ ਨੇ ਕਿਹਾ ਹੈ ਕਿ 'ਵਰਗ ਖੁਦ ਹੀ ਪੂੰਜੀਪਤੀ ਦੀ ਉਪਜ ਹੈ' ਜਦਕਿ ਮਾਰਕਸ ਲੇ ਪੂੰਜੀਵਾਦ ਦਾ ਵਿਆਪਕ ਅਧਿਐਨ ਕੀਤਾ ਹੈ, ਫਿਰ ਵੀ ਸਭ ਪ੍ਰਕਾਰ ਦੇ ਸਮਾਜਾਂ ਵਿੱਚ ਇੱਕ ਪ੍ਰਮੁੱਖ ਵਰਗ ਵੰਡ ਦੇ ਅਸਤਿਤਵ ਦੀ ਮੌਜੂਦਗੀ ਦੀ ਗੱਲ ਦੱਸਣੀ ਚਾਹੁੰਦੇ ਸਨ। ਮਾਰਕਸ ਲਿਖਦੇ ਹਨ–"ਹਮੇਸ਼ਾਂ ਉਤਪਾਦਨ ਦੀ ਅਵਸਥਾ ਦੇ ਸਵਾਮੀਆਂ ਅਤੇ ਉਤਪਾਦਕਾਂ ਦੇ ਵਿੱਚ ਸਿੱਧਾ ਸੰਬੰਧ ਦੁਆਰਾ ਸੰਪੂਰਨ ਸਮਾਜਿਕ ਭਵਨ (ਇਮਾਰਤ) ਦਾ ਬਹੁਤ ਜ਼ਿਆਦਾ ਅੰਦਰੂਨੀ ਰਹੱਸ ਅਤੇ ਛਿਪੀ ਹੋਈ ਨੀਂਹ (ਆਧਾਰ) ਦਿਖਾਈ ਦਿੰਦਾ ਹੈ। ਵਰਗ ਦੀ ਜੜ (ਨੀਂਹ) ਅਤੇ ਵਰਗ ਚੇਤਨਾ ਦੇ ਆਧਾਰ ਨੂੰ ਜਾਣਨ ਦੇ ਲਈ ਮਾਰਕਸ ਅਨੁਸਾਰ 'ਆਪਣੇ ਆਪ ਵਿੱਚ ਵਰਗ' ਅਤੇ

ਨੋਟ

'ਆਪਣੇ ਆਪ ਲਈ ਵਰਗ' ਦੇ ਅੰਤਰ ਨੂੰ ਵੀ ਸਮਝਾਉਣਾ ਮਹੱਤਵਪੂਰਨ ਹੈ। ਆਪਣੇ ਵਿਖਿਆਨ ਕ੍ਰਿਤੀ- ਦੀ ਪਾਵਰਟੀ ਆਫ਼ ਫਿਲਾਸਫ਼ੀ ਵਿੱਚ ਮਾਰਕਸ ਕਹਿੰਦੇ ਹਨ ਕਿ 'ਸਭ ਤੋਂ ਪਹਿਲਾਂ ਆਰਥਿਕ ਅਵਥਾਵਾਂ ਨੇ ਲੋਕਾਂ ਨੂੰ ਮਜ਼ਦੂਰਾਂ ਵਿੱਚ ਤਬਦੀਲ ਕੀਤਾ। ਪੂੰਜੀ ਦੇ ਬੋਲਬਾਲੇ ਦੇ ਕਾਰਣ ਇਸ ਵਰਗ ਦੇ ਲਈ ਸਮਾਨ (ਬਰਾਬਰ) ਸਥਿਤੀ ਅਤੇ ਸਮਾਨ ਹਿੱਤ ਪੈਦਾ ਹੋਏ। ਇਸ ਪ੍ਰਕਾਰ, ਲੋਕਾਂ ਦਾ ਇਹ ਸਮੂਹ ਪੂੰਜੀ ਦੇ ਜ਼ਿਕਰ ਵਿੱਚ ਵਰਗ ਬਣਿਆ ਹੋਇਆ ਹੈ ਲੇਕਿਨ ਇਹ ਆਪਣੇ ਖ਼ੁਦ ਦੇ ਲਈ ਹੁਣ ਵੀ ਵਰਗ ਨਹੀਂ ਹੈ, ਸੰਘਰਸ਼ ਵਿੱਚ, ਜਿਸਦੇ ਅਸੀਂ ਥੋੜੇ ਹੀ ਚਰਨਾਂ ਦਾ ਸੰਕੇਤ ਕੀਤਾ ਹੇ, ਇਹ ਵਰਗ ਸਮੂਹ ਸੰਗਠਿਤ ਹੁੰਦਾ ਹੈ ਅਤੇ ਆਪਣੇ ਲਈ ਇੱਕ ਵਰਗ ਵਿੱਚ ਬਣਿਆ ਕਰਦਾ ਹੈ। ਜਿਨ੍ਹਾਂ ਹਿੱਤਾਂ ਦੀ ਉਹ ਰੱਖਿਆ ਕਰਦਾ ਹੈ, ਉਹ ਵਰਗ ਹਿੱਤ ਬਣ ਜਾਂਦੇ ਹਨ। ਇਸ ਤਰ੍ਹਾਂ ਮਾਰਕਸ ਨੇ 'ਆਪਣੇ ਆਪ ਵਿੱਚ ਵਰਗ' ਅਤੇ 'ਆਪਣੇ ਲਈ ਵਰਗ' ਦੇ ਵਿੱਚ ਅੰਤਰ ਕੀਤਾ ਹੈ।

### 4.2.2 ਵਰਗ ਅਤੇ ਦਰਜ਼ਾਬੰਦੀ ਦਾ ਮਾਰਕਸਵਾਦੀ ਸਿਧਾਂਤ

ਵਰਗ ਅਤੇ ਦਰਜ਼ਾਬੰਦੀ ਦੇ ਮਾਰਕਸਵਾਦੀ ਸਿਧਾਂਤ 'ਤੇ ਹੁਣ ਅਸੀਂ ਇੱਕ ਆਲੋਚਨਾਤਮਕ ਦ੍ਰਿਸ਼ਟੀ ਪਾਵਾਂਗੇ। ਮਾਰਕਸ ਦੁਆਰਾ ਕਮਿਊਨਿਸਟ ਵਰਗ ਅਤੇ ਮੈਨੀਫੇਸਟੋ ਦੇ ਉਲੇਖਤ ਅਨੇਕ ਵਰਗ ਸੰਘਰਸ਼ ਹਕੀਕਤ ਵਿੱਚ ਰੁਤਬਾ ਸਮੂਹਾਂ ਵਿਚਕਾਰ ਸੰਘਰਸ਼ ਹੈ। ਮਾਰਕਸ ਅਤੇ ਏਂਜੀਲਸ ਦੋਨੇ ਇਸ ਗੱਲ ਨਾਲ ਜਾਣੂ ਸਨ ਕਿ ਹਰ ਇੱਕ ਜਗ੍ਹਾ ਭਿੰਨ-ਭਿੰਨ ਸ਼੍ਰੇਣੀਆਂ ਦੇ ਰੂਪ ਵਿੱਚ ਇੱਕ ਜਟਿਲ ਸਮਾਜ ਵਿਵਸਥਾ ਜਾਂ ਸਮਾਜਿਕ ਸ਼੍ਰੇਣੀਆਂ ਦਾ ਬਹੁ-ਪੱਖੀ ਸ਼੍ਰੇਣੀਕਰਨ ਪਾਇਆ ਜਾਂਦਾ ਸੀ। ਮਾਰਕਸ ਦੇ ਬਾਅਦ ਦੇ ਮਾਰਕਸਵਾਦੀਆਂ ਨੇ ਮੂਲ ਵਰਗਾਂ ਦੇ ਸੰਬੰਧ ਵਿੱਚ ਸਮਾਜਿਕ ਸ਼੍ਰੇਣੀਕਰਨ ਅਤੇ ਦਰਜ਼ਾਬੰਦੀ ਦੀਆਂ ਜਟਿਲਤਾਵਾਂ ਨੂੰ ਸਮਝਿਆ।

ਮਾਰਕਸਅਤੇ ਏਂਜੀਲਸ ਦੋਨਾਂ ਨੇ ਇਹ ਅਨੁਭਵ ਕੀਤਾ ਹੈ ਕਿ ਇੰਗਲੈਂਡ ਦੇ ਮੱਧ ਅਤੇ ਸੰਕ੍ਰਮਣਕਾਰੀ ਪੱਧਰਾਂ ਦੇ ਕਾਰਣ ਵਰਗ ਦੀਆਂ ਸੀਮਾਵਾਂ ਧੁੰਦਲੀਆਂ ਹੋ ਜਾਂਦੀਆਂ ਹਨ। ਜ਼ਿਆਦਾਤਰ ਮੁੱਲ ਦੇ ਸਿਧਾਂਤ ਵਿੱਚ ਮਾਰਕਸ ਨੇ ਸਪੱਸ਼ਟ ਰੂਪ ਵਿੱਚ ਵਰਨਣ ਕੀਤਾ ਹੈ ਕਿ ਮੱਧ ਵਰਗ ਦਾ ਉੱਭਰਨਾ ਪੂੰਜੀਵਾਦ ਦੇ ਵਿਕਾਸ ਦੀ ਇੱਕ ਘੱਟਨਾ ਜਿਹਾ ਹੈ।ਮੱਧ ਵਰਗਾਂ ਦੇ ਮੈਂਬਰਾਂ ਦੇ ਨਿਰੰਤਰ ਵਾਧੇ ਦੇ ਲਈ ਪੂੰਜੀਵਾਦੀ ਵਾਧੇ ਨੂੰ ਕਾਰਣ ਮੰਨਿਆ ਸੀ। ਆਧੁਨਿਕ ਵਿਕਾਸ ਦੇ ਹਵਾਲੇ ਵਿੱਚ ਮੱਧ ਵਰਗ ਨੇ ਆਪਣੇ ਲਈ ਇੱਕ ਮਹੱਤਵਪੂਰਨ ਰਾਜਨੀਤਕ ਸਥਾਨ ਬਣਾ ਲਿਆ ਹੈ।

ਨਿਕਸੋ ਪੇਲਨਜਾਂ ਅਤੇ ਜਾਰਜ ਲੁਕਾਜ ਵਰਗੇ ਉੱਤਰ-ਮਾਰਕਸਵਾਦੀਆਂ ਨੇ ਕੁੱਝ ਰੂੜੀਵਾਦੀ ਮਾਰਕਸਵਾਦੀ ਵਿਚਾਰਾਂ ਨੂੰ ਠੁਕਰਾਇਆ ਹੈ। ਪੇਲਨਜਾਂ ਨੇ 'ਆਪਣੇ ਆਪ ਵਿੱਚ ਵਰਗ' ਅਤੇ 'ਆਪਣੇ ਆਪ ਲਈ ਵਰਗ' ਦੇ ਵਿੱਚ ਭੇਦ ਨੂੰ ਸਵੀਕਾਰ ਕੀਤਾ ਹੈ ਕਿਉਂਕਿ ਪੂਰਨ ਵਿਕਸਿਤ ਵਰਗ ਚੇਤਨਾ ਅਤੇ ਰਾਜਨੀਤਕ ਸੰਗਠਨ ਦੇ ਨਾਲ ਵਰਗ ਅਸਤਿਤਵ ਜਾਂ ਹੋਂਦ ਵਿੱਚ ਆਏ ਹਨ। ਇਸਦੇ ਉਲਟ ਲੁਕਾਜ ਦੇ ਅਨੁਸਾਰ ਵਰਗ ਵਿੱਚ ਵਰਗ ਚੇਤਨਾ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਇੱਕ ਕ੍ਰਾਂਤੀਕਾਰੀ ਦਲ ਦੁਆਰਾ ਬਾਹਰ ਤੋਂ ਨਿਭਾਈ ਜਾਂਦੀ ਹੈ। ਅੱਜ ਦੇ ਵੰਡੇ ਸੰਸਾਰ ਵਿੱਚ ਇਹ ਕਹਿਣਾ ਔਖਾ ਹੋਵੇਗਾ ਕਿ ਪ੍ਰਕਿਰਤੀ 'ਸਮਾਜਵਾਦੀ' ਜਾਂ 'ਕ੍ਰਾਂਤੀਕਾਰੀ' ਜਾਂ 'ਪੂੰਜੀਵਾਦੀ' ਹੋਵੇਗੀ ।

ਸੰਯੁਕਤ ਸੋਵੀਅਤ ਸੰਘ ਸਮਾਜਵਾਦੀ ਗਣਤੰਤਰ (ਯੂ.ਐਸ.ਐਸ.ਆਰ) ਅਤੇ ਪੂਰਬੀ ਯੂਰੋਪੀਅਨ ਦੇਸ਼ਾਂ ਦੇ ਵਿਘਟਨ ਦੇ ਕਾਰਨ ਵਰਗ ਚੇਤਨਾ ਨੇ ਨਵਾਂ ਰੂਪ ਅਤੇ ਵਿਸ਼ਾ ਸੂਚੀ ਧਾਰਨ ਕੀਤੀ ਹੈ। ਵਿਸ਼ਵੀਕਰਨ ਦੇ ਕਾਰਣ ਵੀ ਇੱਕ ਪ੍ਰਕਾਰ ਦੀ ਸਮਾਨ ਵਰਗ ਚੇਤਨਾ ਪੈਦਾ ਹੋਈ ਹੈ। ਖ਼ਾਸ ਪ੍ਰਕਾਰ ਦੇ ਵਰਗ ਹਿੱਤ ਅਤੇ ਵਰਗ ਚੇਤਨਾ ਵਿੱਚ ਕਮੀ ਦੇ ਕਾਰਨ ਵਰਗ ਅਤੇ ਵਰਗ ਸੰਘਰਸ਼ ਦਾ ਮਾਰਕਸਵਾਦੀ ਸਿਧਾਂਤ ਘੱਟ ਅਕਰਸ਼ਕ ਅਤੇ ਲਲਚਾਉਣ ਵਾਲਾ ਹੋ ਗਿਆ ਹੈ। ਕ੍ਰਾਂਤੀਕਾਰੀ ਰਾਜਨੀਤਕ ਅੰਦੋਲਨ ਇਸਤਰੀਆਂ ਦਾ ਅੰਦੋਲਨ ਅਤੇ ਭਿੰਨ-ਭਿੰਨ ਸਮਰੂਪ ਅਤੇ ਰਾਸ਼ਟਰੀ ਅੰਦੋਲਨ ਵਰਗ ਅਧਾਰਿਤ ਨਹੀਂ ਰਹੇ ਹਨ। ਸਮਾਜਿਕ ਜੀਵਨ ਵਿੱਚ ਸਮੂਹਾ ਵਿੱਚ ਗਠਜੋੜ ਅਤੇ ਨੇੜਤਾ ਦੇ ਕਾਰਣ ਮਾਰਕਸਵਾਦੀ ਸਿਧਾਂਤ ਦੇ ਦ੍ਰਿਸ਼ਟੀਕੋਣ ਵਿਚ ਵਰਗ ਚੇਤਨ ਧੁੰਦਲੀ ਹੋ ਚੁੱਕੀ ਹੈ। ਮਾਰਸਕਵਾਦੀ ਸਿਧਾਂਤ ਵਿਚ ਭਿੰਨ- ਭਿੰਨ ਪ੍ਰਕਾਰਾਂ ਦੇ ਸਮਾਜ ਦੀ ਵਰਗ ਰਚਨਾ ਵਿੱਚ ਖੇਤੀ ਸਮਾਜ ਨੂੰ ਸਥਾਨ ਅਤੇ ਉਸਦੀ ਰਾਜਨੀਤਕ ਭੂਮਿਕਾ ਨੂੰ ਉਚਿਤ ਮਹੱਤਵ ਨਹੀਂ ਦਿੱਤਾ ਗਿਆ ਸੀ। ਉਦਾਹਰਣ ਦੇ ਲਈ ਫ਼ਰਾਸ ਵਿੱਚ ਕਿਸਾਨਾਂ ਨੂੰ ਪੂਰਨ ਰੂਪ ਵਿੱਚ ਇੱਕ ਵਰਗ ਨਹੀਂ ਸਮਝਿਆ ਗਿਆ ਸੀ।

ਪੂਰਵ-ਵਰਤੀ ਸਮਾਜਵਾਦੀ ਦੇਸ਼ਾਂ ਵਿੱਚ ਖ਼ਾਸ ਸਮਾਜਿਕ ਸ਼ਕਤੀਆਂ ਦੇ ਕਾਰਣ ਵਰਗ ਸੰਘਰਸ਼ ਨਹੀਂ ਦੇ ਬਾਰਬਰ ਸਨ। ਉਦਾਹਰਣ ਦੇ ਲਈ ਹੰਗਰੀ, ਚੈਕੋਸਲਵਾਕੀਆ ਅਤੇ ਪੋਲੈਂਡ ਵਿੱਚ ਇੱਕ ਨਵੀਂ ਵਰਗ ਰਚਨਾ ਉਭਰਕੇ ਆਈ ਹੈ। ਇਨ੍ਹਾਂ ਦੇਸ਼ਾਂ ਦੇ ਰਾਸ਼ਟਰੀ ਅੰਦੋਲਨਾਂ ਵਿੱਚ ਨਾ ਕੇਵਲ ਵਰਗਾਂ ਨੇ ਹੀ ਭਾਗੀਦਾਰੀ ਕੀਤੀ, ਬਲਕਿ ਰਾਸ਼ਟਰੀ, ਸਜਾਤੀ ਜਾਂ ਧਾਰਮਿਕ ਸਮੂਹਾਂ ਅਤੇ ਇਸਤਰੀਵਾਦ, ਵਾਤਾਵਰਨਵਾਦ ਅਤੇ ਕੇਂਦਰੀ ਵਿਰੋਧੀ ਅੰਦੋਲਨ ਦੇ ਸਮਰਥੱਕਾਂ ਨੇ ਵੀ ਭਾਗੀਦਾਰੀ ਕੀਤੀ ਸੀ। ਅੱਜ ਮੁਕਾਬਲਾ ਕੇਵਲ ਪੂੰਜੀਪਤੀ ਅਤੇ ਮਿਹਨਤੀ ਵਿਅਕਤੀ ਤੱਕ ਸੀਮਤ ਨਹੀਂ ਹੈ ਪ੍ਰੰਤੂ ਭਿੰਨ- ਭਿੰਨ ਸਮਾਂਜਿਕ ਸਮੂਹਾਂ ਵਿੱਚ ਵੀ ਗੱਠਜੋੜ ਉੱਭਰੇ ਹਨ। ਇਕ ਤਰਫ਼ ਐਸੇ ਵਰਗੇ ਸਮੂਹ ਹਨ, ਜੋ ਆਰਥਿਕ ਅਤੇ ਸਮਾਜਿਕ ਜੀਵਨ 'ਤੇ ਹਾਵੀ ਹਨ ਅਤੇ ਉਸਨੂੰ ਨਿਰਦੇਸ਼ਿਤ ਕਰਦੇ ਹਨ। ਦੂਸਰੇ ਪਾਸੇ ਅਧੀਨ ਸਮੂਹ ਹਨ।

ਨੋਟ

| | |
|---|---|
| ਕੀ ਤੁਸੀ ਜਾਣਦੇ ਹੋ | ਤੀਜੀ ਦੁਨੀਆ ਦੇ ਦੇਸ਼ਾਂ ਦੇ ਕਿਸਾਨਾਂ ਨੇ ਕ੍ਰਾਂਤੀਕਾਰੀ ਅੰਦੋਲਨਾਂ ਵਿੱਚ ਮਹੱਤਵਪੂਰਨ ਭਾਗ ਲਿਆ ਹੈ। |

### 4.2.3 ਮਾਰਕਸ ਅਤੇ ਭਾਰਤੀ ਸਮਾਜ ਦਾ ਅਧਿਐਨ

ਸਾਲ 1940 ਦੇ ਦਹਾਕੇ ਵਿੱਚ ਹੁਣ ਤੱਕ ਭਾਰਤੀ ਮਾਰਕਸਵਾਦ ਦੀ ਵਿਚਾਰਧਾਰਾ ਅਤੇ ਉਸਦੀ ਵਿਵਹਾਰਿਕਤਾ 'ਤੇ ਕਿਰਿਆ ਚਿੰਤਨ ਕਰ ਰਹੇ ਹਨ। ਵਾਸਤਵ ਵਿੱਚ ਮਾਰਕਸ ਭਾਰਤ ਦੀ ਜਾਤ ਵਿਵਸਥਾ ਅਤੇ ਪੇਂਡੂ ਸਮੂਹਾਂ ਦੇ ਪਰੰਪਰਾਗਤ ਭਾਵਾਂ ਦੇ ਪ੍ਰਤੀ ਬਹੁਤ ਸੁਚੇਤ ਹਨ। 1853 ਵਿੱਚ ਮਾਰਕਸ ਨੇ ਭਾਰਤ ਦੇ ਬਾਰੇ ਵਿੱਚ ਨਿਊਯਾਰਕ ਡੇਲੀ ਟ੍ਰਿਬਿਊਨ ਵਿੱਚ ਦੋ ਲੇਖ ਲਿਖੇ। ਮਾਕਰਸ ਨੇ ਭਾਰਤ ਦੇ ਏਸ਼ੀਆਈ ਸੱਤਾਵਾਦੀ ਜਾਂ ਏਸ਼ੀਆਈ ਉਤਪਾਦਨ ਦੀ ਵਿਧੀ ਨੂੰ ਇਕ ਉਦਾਹਰਣ ਦੱਸਿਆ। ਇਸ ਤਰ੍ਹਾਂ ਦੀ ਵਿਵਸਥਾ ਦੇ ਅੰਤਰਗਤ ਮਾਰਕਸ ਨੇ ਭੂਮੀ ਨੂੰ ਨਿੱਜੀ ਸੰਪਤੀ ਨਹੀਂ ਸਮਝਿਆ, ਲੇਕਿਨ ਮਾਰਕਸ ਨੇ ਇਹ ਵੀ ਕਿਹਾ ਹੈ ਕਿ ਭੂਮੀ ਨੂੰ ਨਿੱਜੀ ਸੰਪਤੀ ਵੀ ਮੰਨਿਆਂ ਜਾਂਦਾ ਹੈ।

ਭਾਰਤ ਨੂੰ ਪੂੰਜੀਵਾਦੀ ਆਰਥਿਕ ਰਚਨਾ ਦੀ ਦ੍ਰਿਸ਼ਟੀ ਨਾਲ ਵੀ ਦੇਖਿਆ ਗਿਆ ਹੈ, ਲੇਕਿਨ ਭਾਰਤ ਨਾ ਤਾਂ ਵਗਰਹੀਨ ਅਤੇ ਨਾ ਹੀ ਸਥਿਰ (ਜੜ੍ਹ) ਹੈ। ਇੱਥੇ ਸੋਚ ਇਹ ਹੈ ਕਿ ਏਸ਼ੀਆਈ ਵਿਧੀ ਵਿੱਚ ਵਰਗ ਵਿਰੋਧਾਭਾਸ ਅਤੇ ਵਰਗ ਰਚਨਾਵਾਂ ਦੀਆਂ ਭੂਮਿਕਾ ਨੂੰ ਨਕਾਰਿਆ ਨਹੀ ਜਾਂਦਾ ਹੈ। ਕਾਰਲ ਦੇ ਵਿਟਫੋਗਲ, ਏਰਿਕ ਗਾਬਸਬਾਸ ਅਤੇ ਡੀ.ਡੀ. ਕੌਸੰਬੀ ਦਾ ਮੱਤ ਹੈ ਕਿ ਭਾਰਤ ਕਦੇ ਵੀ ਇੱਕ ਸਥਿਰ ਰਚਨਾ ਨਹੀਂ ਸੀ। ਕੋਸੰਬੀ ਦੇ ਅਨੁਸਾਰ ਭਾਰਤ ਵਿੱਚ ਜਾਤ ਅਤੇ ਵਰਗ-ਅਧਾਰਿਤ ਦਰਜ਼ਾਬੰਦੀ ਅਤੇ ਸ਼ੋਸ਼ਣ ਇਕੱਠੇ ਹੋਂਦ ਵਿੱਚ ਸਨ। ਇਸ ਪ੍ਰਕਾਰ ਦਾਸਤਾਂ ਅਤੇ ਬੰਧਨ ਦੇ ਭਿੰਨ- ਭਿੰਨ ਸਰੂਪ ਅਤੇ ਜਗੀਰੀ ਸਬੰਧ ਵੀ ਸਮਾਨ ਖੇਤਰਾਂ ਅਤੇ ਸਮਾਨ ਸਮੇਂ 'ਤੇ ਭਿੰਨ-ਭਿੰਨ ਮਿਸ਼ਰਣਾਂ ਵਿੱਚ ਪਾਏ ਗਏ ਹਨ।

ਇੱਥੇ ਦੋ ਪ੍ਰਸ਼ਨ ਕੀਤੇ ਜਾ ਸਕਦੇ ਹਨ-

1) ਭਾਰਤ ਦੀ ਵਰਗ ਰਚਨਾ ਦਾ ਵਿਸ਼ਲੇਸ਼ਣ ਕਿਵੇਂ ਕੀਤਾ ਜਾਵੇ ?

2) ਭਿੰਨ- ਭਿੰਨ ਖੇਤਰਾਂ ਵਿੱਚ ਜਾਤ ਵਰਗ ਦੀ ਕੜੀ (ਜੋੜ) ਉਸਦੇ ਭਿੰਨ -ਭਿੰਨ ਰੂਪ ਅਤੇ ਅੰਤਰ-ਕਿਰਿਆਵਾਂ ਕੀ ਹਨ ?

ਹੁਣ ਜਾਤ-ਵਰਗ ਦੀ ਕੜੀ ਭਾਰਤੀ ਸਮਾਜਿਕ ਰਚਨਾ ਦੀ ਇੱਕ ਮੰਨਣਯੋਗ ਅਸਲੀਅਤ ਹੈ। ਇਨਾਂ ਦੋਨਾਂ (ਜਾਤ ਅਤੇ ਵਰਗ ) ਬਿਨਾਂ ਇੱਕ ਦੂਸਰੇ ਨਾਲ ਜੁੜੇ ਦੋਨਾਂ ਨੂੰ ਨਾ ਦੇਖਿਆ ਜਾ ਸਕਦਾ ਹੈ ਅਤੇ ਨਾ ਹੀ ਅਧਿਐਨ ਕੀਤਾ ਜਾ ਸਕਦਾ ਹੈ। ਕੌਸੰਬੀ ਦੇ ਅਨੁਸਾਰ ਭਾਈਚਾਰੇ ਵਿੱਚ ਵੀ ਪਹਿਲੇ ਪੁੱਤਰ ਦਾ ਉੱਤਰਾਧਿਕਾਰ, ਵਿਰਾਸਤ ਸੰਪਤੀ ਦਾ ਵਟਾਂਦਰਾ, ਤਣਾਅ, ਗੁੱਟ ਅਤੇ ਵੰਡ ਦੇ ਲਈ ਪ੍ਰਮੁੱਖ ਅਧਾਰ ਹਨ। ਬੀ.ਐਸ. ਡਾਂਡੇਕਰ ਨੇ ਮਾਰਕਸਵਾਦੀ ਸਿਧਾਂਤ ਅਤੇ ਪ੍ਰਣਾਲੀ ਦੀ ਪ੍ਰਸ਼ੰਸਾ ਕਰਦੇ ਹੋਏ ਨਿਮਨ ਟਿੱਪਣੀ ਕੀਤੀ ਹੈ।

1) ਮਾਰਕਸ ਨੇ ਇਹ ਨਹੀਂ ਸੋਚਿਆ ਸੀ ਕਿ ਮਜ਼ਦੂਰ ਸੰਗਠਨ ਅਤੇ ਮਜ਼ਦੂਰਾਂ ਦੀ ਸਮੂਹਿਕ ਸੌਦੇਬਾਜ਼ੀ (ਸਮਝੌਤਾ) ਦੇ ਕਾਰਨ ਪੂੰਜਵਾਦ ਤਬਦੀਲ ਹੋਵੇਗਾ।

2) ਮਾਰਕਸ ਨੇ 'ਵਿਰੋਧੀਆਂ ਦੀ ਏਕਤਾ' ਦੇ ਨਾਲ ਦੋ ਵਿਰੋਧੀ ਵਰਗਾਂ ਦੀ ਚਰਚਾ ਕੀਤੀ ਹੈ। ਪ੍ਰੰਤੂ ਇਹ ਵਰਗ ਵੰਡੇ ਹੋਏ ਨਹੀਂ ਰਹੇ ਹਨ। ਇਨ੍ਹਾਂ ਦੋਨਾਂ ਵਰਗਾਂ ਦੇ ਵਿੱਚ ਹੋਰ ਕਈ ਵਰਗ ਮੌਜੂਦ ਹਨ। ਅੱਜ ਨਾਗਰਿਕ ਸਮਾਜ ਅਤੇ ਸਮੂਹ ਰਾਜ 'ਤੇ ਉਸਦੀ ਪ੍ਰਕਿਰਤੀ ਅਤੇ ਕੰਮ ਪ੍ਰਣਾਲੀ ਨੂੰ ਪਰਿਵਰਤਿਤ ਕਰਨ ਦੇ ਲਈ ਦਬਾਅ ਪਾ ਰਹੇ ਹਨ।

3) ਇਕ ਵਿਸ਼ਵ-ਵਿਆਪੀ ਘਟਨਾ ਦੇ ਰੂਪ ਵਿੱਚ ਮੱਧ ਵਰਗ ਦੇ ਵੱਧਦੇ ਅਕਾਰ ਦੇ ਕਾਰਣ ਵਰਗ ਵਿਰੋਧਾਭਾਸ ਇਕ ਮਹੱਤਵਪੂਰਨ ਵਾਸਤਵਿਕਤਾ ਨਹੀਂ ਹੈ।

4) ਉਦਯੋਗਿਕ ਸਮਾਜਾਂ ਵਿੱਚ ਮਿਹਨਤੀ ਵਰਗ ਦਾ ਪੂੰਜੀਕਰਨ ਹੋਇਆ ਹੈ।

ਵਿਸ਼ੇਸ਼ ਤੌਰ 'ਤੇ ਆਜ਼ਾਦੀ ਦੇ ਬਾਅਦ ਭਾਰਤੀ ਸਮਾਜ ਵਿੱਚ ਬੁਨਿਆਦੀ ਰਚਨਾਤਮਕ ਪਰਿਵਰਤਨ ਅਤੇ ਖੜ੍ਹੀ ਗਤੀਸੀਲਤਾ ਸਪਸ਼ਟ ਦਿਖਾਈ ਦਿੰਦੀ ਹੈ।

ਡਾਂਡੇਕਰ ਨੇ ਨਿਮਨ ਪੰਜ ਵਰਗਾਂ ਦਾ ਉਲੇਖ ਕੀਤਾ ਹੈ।

1) ਪੂੰਜੀਵਾਦੀ ਵਰਗ (ਕਿਸਾਨ, ਖੇਤੀ, ਮਜ਼ਦੂਰ , ਘਰੇਲੂਕਾਮੇ)

2) ਪੂੰਜੀਵਾਦੀ ਸਮਾਜ ਵਿੱਚ ਆਜ਼ਾਦ ਕਾਮੇ।

ਨੋਟ

3) ਮਿਹਨਤੀ ਵਿਅਕਤੀ-ਮਾਲਿਕ।

4) ਸਫ਼ੈਦ-ਪੋਸ਼ ਕਾਮੇ।

5) ਕਾਰਖ਼ਾਨੇ/ਉਦਯੋਗ ਵਿੱਚ ਕੰਮ ਕਰਨ ਵਾਲੇ ਮਜ਼ਦੂਰ।

ਇਸ ਬਹੁਕਾਰੀ ਵਰਗ ਰਚਨਾ ਤੋਂ ਇਲਾਵਾ, ਲੱਖਾਂ ਲੋਕ, ਛੋਟੇ ਪੱਧਰ ਅਤੇ ਬਹੁਤ ਛੋਟੇ ਉਦਯੋਗਾਂ ਅਤੇ ਪਰਿਵਾਰਿਕ ਮਲਕੀਅਤ ਵਾਲੇ ਨਿਵੇਸ਼ ਵਿੱਚ ਕੰਮ ਕਰਦੇ ਹਨ ਅਤੇ ਭਾਰਤੀ ਅਰਥ ਵਿਵਸਥਾ ਦੇ ਇਨ੍ਹਾਂ ਖੇਤਰਾਂ ਵਿੱਚ ਸੰਘਰਸ਼ ਅਤੇ ਹੜਤਾਲਾਂ ਨਹੀਂ ਪਾਈਆਂ ਜਾਂਦੀਆਂ ਹਨ।

ਭਾਰਤ ਵਿਚ ਵਿਸ਼ਵ-ਵਿਆਪੀਕਰਨ ਅਤੇ ਨਿੱਜੀਕਰਨ ਦੇ ਬਾਵਜੂਦ ਅੱਜ ਰਾਜ ਸਭ ਤੋਂ ਵੱਡੇ ਰੁਜ਼ਗਾਰ-ਦਾਤਾ ਹਨ। ਸੰਸਾਰ ਦੀ ਅਰਥਵਿਵਸਥਾ ਵਿੱਚ ਤਤਕਾਲਿਨ ਮੰਦੀ (ਵਿਸ਼ੇਸ਼ ਕਰਕੇ ਅਮਰੀਕਾ ਵਿੱਚ) ਦੇ ਕਾਰਣ ਵਪਾਰ ਵਿੱਚ ਪ੍ਰਤੀਸ਼ਤ ਅਤੇ ਚਲਾਕ ਲੋਕ ਸੁਰੱਖਿਆ ਅਤੇ ਸੁਰੱਖਿਅਤ ਤਨਖਾਹ ਦੇ ਕਾਰਣ ਸਰਕਾਰੀ ਨੌਕਰੀਆਂ ਦੇ ਵੱਲ ਝੁਕ ਰਹੇ ਹਨ। ਇਸ ਦੇ ਬਾਵਜੂਦ ਭਾਰਤ ਵਿੱਚ ਕੁਝ ਕਮਾਉਣ ਵਾਲੇ ਦਾ ਪੰਜਵਾਂ ਹਿੱਸਾ ਹੀ ਸੰਗਠਿਤ ਖੇਤਰ ਵਿੱਚ ਮਸ਼ਰੂਫ ਹਨ। ਇਸ ਤਰਾਂ ਦੀ ਪਰਸਥਿਤੀ ਵਿੱਚ ਪੂੰਜੀਪਤੀ ਅਤੇ ਮਹਿਨਤੀ ਲੋਕਾਂ ਦੇ ਸੰਦਰਭ ਵਿੱਚ ਸਮਾਜ ਦੇ ਵਿਭਾਜਨ ਵੱਲ ਦੋਨਾਂ ਦੇ ਵਿੱਚ ਨਿਹਿੱਤ ਵਰਗ ਸੰਘਰਸ ਅਨੁਚਿਤ ਘਟਨਾ ਪ੍ਰਤੀਤ ਹੁੰਦੀ ਹੈ। ਭਾਰਤ ਵਿੱਚ ਸਾਨੂੰ ਜੋ ਦਿਖਾਈ ਦਿੰਦਾਂ ਹੈ, ਉਹ ਮਾਰਕਸਵਾਦੀ ਦ੍ਰਿਸ਼ਟੀ ਤੋਂ ਬਿਲਕੁੱਲ ਭਿੰਨ ਹੈ। ਭਾਰਤੀ ਸਮਾਜ ਵਿੱਚ ਇੱਕ ਨਾਲ ਵਰਗ ਦਰਾਰ, ਸੋਸ਼ਣ ਸੁਰੱਖਿਆ ਜਾਂ ਗਲਤ ਚੇਤਨਾ ਬਿਰਾਜ਼ਮਾਨ ਹੈ। ਵਰਗ ਸ਼ੰਘਰਸ ਤੋਂ ਜ਼ਿਆਦਾ ਸਾਨੂੰ ਸ਼ੰਘਰਸ ਦਬਾਣ ਸਮੂਹ ਗੁੱਟ ਅਤੇ ਜਾਤੀ ਪ੍ਰਭਾਵ ਸਮੂਹ ਦਿਖਾਈ ਦਿੰਦੇ ਹਨ। ਉਦਾਹਰਨ ਦੇ ਲਈ (ਮਿਸਰਿਤ ਵਰਗ) ਵੀ ਸੱਜਣ ਕਿਸਾਨਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ। ਜਿਨਾਂ ਦੀ ਮਿਸ਼ਰਿਤ ਸਥਿਤੀ ਹੈ ਅਤੇ ਉਹਨਾਂ ਦੀ ਸਾਧਨਾ ਅਤੇ ਮੌਕਿਆਂ ਤੱਕ ਬਹੁ-ਅਕਾਰੀ ਲਗਾਉ ਅਤੇ ਪਹੁੰਚ ਪਾਈ ਜਾਂਦੀ ਹੈ।

### ਸਵੈ-ਮੁਲਾਕਣ (Self Assessment)

**1. ਖਾਲੀ ਸਥਾਨਾਂ ਨੂੰ ਭਰੋ (Fill in the Blanks) :**

1) ਵਪਾਰ ਵਰਗ ਅਤੇ ਸ਼ਾਸ਼ਣ ਦੀ ਜਾਂ ਦੇਵ-ਸ਼੍ਰੇਣੀ ਦੀਆਂ ਕਸੌਟੀਆਂ ਦੀ ਤਰਾਂ ਹੀ ਸਮਾਜ ਵਿੱਚ ——————— ਅਤੇ ਗੈਰ-ਰਈਸ ਦੀ ਵੰਡ ਹੈ।

2) ਲੇਬਰ ਨੇ ਆਰਥਿਕ ਹਿੱਤ ਨੂੰ ———————— ਮੰਨਿਆਂ ਹੈ।

3) —————— ਨੇ ਸਮਾਜ ਦੇ ਵਿਸ਼ਾਲ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਸੀ।

4) ਮਾਰਕਸ ਦਾ ਜਨਮ ਜਰਮਨੀ ਵਿੱਚ —————— ਹੋਇਆ ਸੀ ।

5) —————— ਵਿੱਚ ਕਿਹਾ ਗਿਆ ਹੈ ਕਿ ਮੈ ਅੱਜ ਤੱਕ ਦੇ ਸਮਾਜ ਦਾ ਇਤਿਹਾਸ ਵਰਗ ਸ਼ੰਘਰਸ ਦਾ ਇਤਿਹਾਸ ਹੈ।

6) —————————— ਮਾਰਕਸ ਨੇ ਭਾਰਤ ਦੇ ਬਾਰੇ ਵਿੱਚ ਨਿਯੂਯਾਰਕ ਡੇਲੀ ਟ੍ਰਿਬਿਊਨ ਵਿੱਚ ਦੋ ਲੇਖ ਲਿਖੇ ।

7) ਉਦੌਗਿਕ ਸਮਾਜਾਂ ਵਿੱਚ ਮਹਿਨਤੀ ਲੋਕਾਂ ਦੇ ਵਰਗ ਦਾ ———— ਹੋਇਆਂ ਹੈ।

8) ———————— ਵਿੱਚ ਇੱਕ ਸਾਥ ਵਰਗ ਦਰਾਰ, ਸੋਸ਼ਣ ਸੁਰੱਖਿਆ ਜਾਂ ਗਲਤ ਚੇਤਨਾ ਬਿਰਾਜ਼ਮਾਨ ਹੈ।

## 4.3 ਮੈਕਸ ਵੇਬਰ ਦੀ ਸਿਧਾਂਤਿਕ ਧਾਰਨਾਵਾਂ (Theoretical Formulation of Max Weber) -

ਮੈਕਸ ਵੇਬਰ 21 ਅਪ੍ਰੈਲ 1864 ਨੂੰ ਜਰਮਨੀ ਵਿੱਚ ਜਨਮੇ ਸਨ। ਕਾਰਣ ਮਾਰਕਸ ਦੀ ਤਰਾਂ ਲੇਬਰ ਵੀ ਜਰਮਨੀ ਅਤੇ ਯੂਰਪ ਵਿੱਚ ਸਮਾਜ ਵਿਗਿਆਨ ਅਤੇ ਵਿਸ਼ੇਸ ਸਮਾਜ ਸਾਸਤਰ ਸੰਸਥਾਪਕ ਸਨ। ਵੇਬਰ ਦੇ ਪਿਤਾ ਕੱਪੜਾ ਉਤਪਾਦਕ (ਨਿਰਮਾਤਾ), ਕਾਨੂੰਨੀ ਵਕੀਲ ਅਤੇ ਸੰਸਦ ਸਨ । ਵੇਬਰ ਦੀ ਮਾਤਾ ਮਨੁੱਖਵਾਦੀ ਅਤੇ ਧਾਰਮਿਕ ਵਿਚਾਰਾਂ ਵਾਲੀ ਸੱਭਿਆਚਾਰਕ ਅਤੇ ਦਾਇਆਵਾਨ ਮਹਿਲਾਂਵਾਂ ਸੀ। ਵੇਬਰ ਦੇ ਪਿਤਾ ਨੂੰ ਇਹ ਪਸੰਦ ਨਹੀ ਸੀ। ਵੇਬਰ ਦੀ ਸਿੱਖਿਆ ਕਾਨੂੰਨ ਅਤੇ ਕਾਨੂੰਨ ਦੇ ਇਤਿਹਾਸ ਵਿੱਚ ਹੋਈ। ਆਪਣੀ ਡਾਕਟ੍ਰੇਲ ਥੀਸਸ - ਏ ਕੰਟ੍ਰੀਬੁਸ਼ਣ ਟੂ ਦ ਹਿਸਟਰੀ ਔਫ ਮੇਡੀਏਬਲ ਬਿਜ਼ਨਸਆਰਗੇਨਾਈਜੇਨਜ਼ (1889) ਵਿੱਚ ਵੇਬਰ ਨੇ ਵਪਾਰਿਕ ਕੰਮਾਂ ਵਿੱਚ ਲਾਗਤ ਜ਼ੋਖਿਮ ਜਾਂ ਲਾਭ ਦਾ ਅਧਿਐਨ ਕੀਤਾ ਹੈ। ਇਸਦੇ ਬਾਅਦ ਜਰਮਨ ਬੈਂਚ ਜਾਂ ਬਾਰ ਨੇ ਵਿੱਚ ਪਰੇਖ਼ਣ ਆਰੰਭ ਕੀਤਾ । ਇਸ ਦੌਰਾਨ ਵੇਬਰ ਨੇ ਕਿਸਾਨ ਸਮਾਜ ਦੀ ਸਮਾਜਿਕ ਅਤੇ ਰਾਜਨੀਤਿਕ ਸੱਮਸਿਆਵਾਂ ਦੇ ਬਾਰੇ ਵਿੱਚ ਜਾਣਕਾਰੀ ਪ੍ਰਾਪਤ ਕੀਤੀ । ਉਹਨਾਂ ਨੇ ਬਰਲੀਨ ਵਿਸ਼ਵ ਵਿੱਦਿਆਲੇ ਵਿੱਚ ਕਾਨੂੰਨ ਦੇ ਅਧਿਆਪਕ ਦੇ ਰੂਪ ਵਿਚ ਕੰਮ ਸੁਰੂ ਕੀਤਾ। ਵੇਬਰ ਨੇ ਰੋਮਨ ਸਮਾਜ ਦੇ ਸਮਾਜਿਕ ਰਾਜਨੀਤਿਕ ਅਤੇ ਆਰਥਿਕ ਵਿਕਾਸ (ਪਰਿਵਰਤਨ) ਦਾ ਵੀ ਅਧਿਐਨ ਕੀਤਾ। ਇੱਕ ਪੂਰਨ-ਕਾਲੀਨ ਵਿਖਿਆਤ ਸਰਕਾਰੀ ਸੰਸਥਾਵਾਂ ਦੇ ਸਲਾਹਕਾਰ ਅਤੇ ਅਨੁਸਨਧਾਰਕਤਾ ਹੋਣ ਦੇ ਕਾਰਣ ਵੇਬਰ ਤੇ ਕੰਮ ਦਾ ਭਾਰੀ ਦਬਾਅ ਸੀ। 1894 ਵਿੱਚ ਵੇਬਰ ਫਰਾਈਬੁਰ ਵਿਸ਼ਵ ਵਿੱਦਿਆਲੇ ਵਿੱਚ ਪੂਰਨ ਪ੍ਰੋਫੈਸਰ ਬਣੇ ਅਤੇ 1896 ਵਿੱਚ ਹੈਡਲਬਰਗ

ਨੋਟ

ਵਿੱਚ ਇੱਕ ਹੋਰ ਨਵੇਂ ਪਦ ਨੂੰ ਸਵੀਕਾਰ ਕੀਤਾ। 33 ਸਾਲ ਦੀ ਉਮਰ ਵਿੱਚ ਵੇਬਰ ਬੀਮਾਰ ਹੋਇਆ ਅਤੇ ਉਸਦੇ ਕਾਰਣ ਨਿਯਮਿਤ ਕੰਮ ਨੂੰ ਢਾਲਣਾ ਪਿਆ। ਚਾਰ ਸਾਲ ਤੱਕ ਵੇਬਰ ਬਹੁਤ ਜਿਆਦਾ ਥਕਾਵਟ ਅਤੇ ਚਿੰਤਨ ਨਾਲ ਗ੍ਰਸਤ ਰਿਹਾ । ਇਸ ਨਿੱਜੀ ਉਫਾਨ ਦੇ ਕਾਰਣ, ਜਿਸਦੇ ਲਈ ਵੇਬਰ ਦਾ ਪਰਿਵਾਰਕ ਮਹੌਲ ਉੱਤਰਦਾਈ ਸੀ। ਵੇਬਰ ਰੋਮ ਵਿੱਚ ਰਹੇ। ਵੇਬਰ ਇੱਕ ਅਤਿਅੰਤ ਵਿਆਪਕ ਪਾਠਕ ਸੀ।ਉਹਨਾਂ ਦੀ ਰੁਚੀ ਇਤਿਹਾਸ, ਧਾਰਮਿਕ ਸੰਗਠਨਾਂ ਅਤੇ ਆਰਥਿਕ ਕਿਰਿਆਵਾਂ ਬਾਰੇ ਜਾਣਨ ਵਿੱਚ ਸੀ। 1901 ਵਿੱਚ ਵੇਬਰ ਨੇ ਆਪਣਾ ਸਿੱਖਿਅਕ ਕਾਰਜ ਦੋਬਾਰਾ ਤੋਂ ਸੁਰੂ ਕੀਤਾ, ਪ੍ਰੰਤੂ ਉਹਨਾਂ ਵਿੱਚ ਪਹਿਲਾਂ ਦੀ ਤਰਾਂ ਉਤਸ਼ਾਹ ਅਤ ਜੋਸ਼ ਨਹੀ ਸੀ। 1920 ਵਿੱਚ ਆਪਣੀ ਮੌਤ ਤੱਕ 56 ਸਾਲ ਦੀ ਉਮਰ ਵਿੱਚ ਵੇਬਰ ਨੇ ਅਨੇਕ ਅਲਪਕਾਲੀਨ ਅਤੇ ਪੂਰਨ-ਕਾਲੀਨ ਉੱਤਰਦਾਇਤਵ ਦਾ ਵਹਨ ਕੀਤਾ ਸੀ।

ਵੇਬਰ ਦੇ ਅਦਿਵਿਅਤਾ ਵਿਧਵਤਾ ਅਤੇ ਪਰਿਵਾਰਕ ਜੀਵਨ ਇਕ ਅਨੌਖੇ ਮਿਸ਼ਰਣ ਸਨ । ਕੰਮ ਤੋਂ ਹਟਣਾ ਅਤੇ ਜ਼ੋਰਦਾਰ ਭਾਗੀਦਾਰੀ ਵੇਬਰ ਦੇ ਜੀਵਨ ਦੇ ਅਭਿੰਨ ਅੰਗ ਬਣ ਗਏ ਸਨ। ਵੇਬਰ ਦਾ ਜੀਵਨ ਵਿਰੋਧਾਭਾਸ ਨਾਲ ਭਰਿਆ ਹੋਇਆ ਸੀ। ਜਿਸਦੇ ਲਈ ਅੰਸ਼ਿਕ ਰੂਪ ਵਿੱਚ ਉਸਦੇ ਪਰਿਵਾਰ ਦੀ ਉਦਾਰਵਾਦੀ ਅਤੇ ਮੱਧਵਰਗੀ ਪਿੱਠਭੂਮੀ ਸੀ ਅਤੇ ਉਸਨੇ ਵੀ ਉਸਦੇ ਪਿਤਾ ਅਤੇ ਮਾਤਾ ਦੇ ਪਰੰਪਰਾ-ਵਿਰੋਧੀ ਮੁੱਲ ਪ੍ਰਮੁੱਖ ਸਨ। ਵੇਬਰ ਨੇ ਰਾਜ ਦੀ ਸ਼ਕਤੀ ਨੂੰ ਉੱਭਰਦੇ ਅਤੇ ਉਦਾਰਵਾਦ ਦੇ ਪਤਨ ਨੂੰ ਆਧੁਨਿਕ ਸਮਾਜ ਦੇ ਨੌਰਕਸ਼ਾਹੀਕਰਨ (ਸ਼ਾਸਨਤੰਤਰ) ਵਿੱਚ ਵਿਅਕਤੀ ਦੇ ਲਈ ਹੋ ਰਹੀ ਚੁਣੌਤੀ ਦੇ ਰੂਪ ਵਿੱਚ ਵੇਖਿਆ। ਵੇਬਰ ਇਤਬਾਰੀ ਸਨ ਕਿ ਇੱਕ ਵਿਅਕਤੀ ਆਪਣੇ ਉਦੇਸ਼ਾਂ ਦੀ ਸੱਤਾ ਸ਼ਕਤੀ ਦੀ ਰਾਜਨੀਤੀ ਦੁਆਰਾ ਹੀ ਪ੍ਰਾਪਤ ਕਰ ਸਕਦਾ ਹੈ।

ਵੇਬਰ ਸਰਬ-ਵਿਆਪੀ ਵਿਦਵਾਨਾਂ ਦੀ ਪੀੜੀ ਨਾਲ ਜੁੜੇ ਹੋਏ ਸੀ। ਵੇਬਰ ਨੂੰ ਆਪਣੀ ਵਿਧਵਤਾ ਸਥਾਪਿਤ ਕਰਨ 'ਚ'ਜਰਮਨੀ ਦੀਆਂ ਬੌਧਿਕ ਪਰੰਪਰਾਵਾਂ ਅਤੇ ਸੰਚਿਤ ਵਿਸ਼ੇਸਤਾ ਇਤਿਹਾਸ ਸ਼ਾਸਤਰੀ ਵਿਸ਼ੇ, ਮਨੋਵਿਗਿਆਨ, ਧਰਮਸ਼ਾਸਤਰ, ਤੁਲਨਾਤਮਕ ਸਾਹਿਤ, ਭਾਸ਼ਾ ਗਿਆਨ ਅਤੇ ਦਰਸ਼ਨਸ਼ਾਸਤਰ ਤੋਂ ਬਹੁਤ ਵੱਡੀ ਪ੍ਰੇਰਨਾਂ ਪ੍ਰਾਪਤ ਹੋਈ ਸੀ ।ਮਾਰਕਸ ਦੇ ਉਲਟ ਵੇਬਰ ਨੇ ਇਤਿਹਾਸਿਕ, ਭੌਤਿਕਵਾਦ ਦੇ ਵਿਰੁੱਧ ਵਿਚਾਰ ਪ੍ਰਸਤੁਤ ਜਾਂ ਪੇਸ਼ ਕੀਤਾ । ਵੇਬਰ ਨੇ ਖੁਦ ਨੂੰ ਆਰਥਿਕ ਰਾਸ਼ਟਰਵਾਦੀ ਦੀ ਸੰਘਿਆ ਦਿੱਤੀ, ਪਰ ਇੱਥੇ ਅਸੀ ਵੇਬਰ ਦੀਆਂ ਬੌਧਿਕ ਪ੍ਰਵਿਰਤੀਆਂ ਦੀ ਚਰਚਾ ਕਰਾਂਗੇ। ਵੇਬਰ ਨੇ ਅਰਥਵਿਵਸਥਾ ਅਤੇ ਸਮਾਜ, ਪੂੰਜੀਵਾਦ ਧਰਮ ਸੰਗਠਨਾਂ ਅਤੇ ਸ਼ਾਸਨਤੰਤਰ ਕਾਨੂੰਨ, ਸਮਾਜ ਵਿਗਿਆਨਾਂ ਦੇ ਅਰਥਸ਼ਾਸਤਰ, ਸਕਤੀ ਅਤੇ ਅਗਵਾਈ, ਮਾਨਵ ਕਿਰਿਆ ਦੇ ਪ੍ਰਕਾਰ ਆਦਿ ਤੇ ਵਿਆਪਕ ਪ੍ਰਕਾਸ਼ਨ ਕੀਤਾ ਹੈ।

ਹਰ ਇੱਕ ਨਗਰ ਦਹਾਤਾਂ ਦੇ ਕੁੱਝ ਲੱਛਣਾਂ ਨੂੰ ਨਿਸ਼ਾਨਾ ਕਰਦਾ ਹੈ ਜਿਵੇਂ ਸੈਕਵਾਇਰ ਕਹਿੰਦਾ ਹੈ, "ਇਹਨਾਂ ਦੋਨਾਂ ਦੇ ਮੱਧ ਕੋਈ ਐਸੀ ਸਪੱਸ਼ਟ ਵੰਡ ਰੇਖਾ ਨਹੀਂ ਹੈ, ਜੋ ਇਹ ਨਿਸ਼ਚਿਤ ਕਰ ਸਕੇ ਕਿ ਨਗਰ ਦਾ ਅਮੁੱਕ ਬਿੰਦੂ 'ਤੇ ਅੰਤ ਹੁੰਦਾ ਹੈ ਅਤੇ ਪਿੰਡ ਦੇ ਅਮੁੱਕ ਬਿੰਦੂ 'ਤੇ ਆਰੰਭ ਹੁੰਦਾ ਹੈ।"

ਆਮ ਤੌਰ 'ਤੇ ਨਗਰ ਸਮੂਹਾਂ ਦਾ ਆਕਾਰ ਵੱਡਾ ਹੁੰਦਾ ਹੈ । ਉਹਨਾਂ ਵਿੱਚ ਜਨ ਸੰਖਿਆ ਦੀ ਮੋਟਾਈ ਹੁੰਦਾ ਹੈ ਅਤੇ ਭਿੰਨਤਾ ਹੁੰਦੀ ਹੈ, ਜਦ ਕਿ ਗ੍ਰਾਮੀਣ ਸਮੂਹਾਂ ਛੋਟੇ ਸਮਰੂਪ ਅਤੇ ਘੱਟ ਸੰਘਣੇ ਹੁਦੇ ਹਨ, ਤਦਕਿ ਉਹਨਾਂ ਦੇ ਮੱਧ ਕੋਈ ਕਠੋਰ ਵੰਡ ਰੇਖਾ ਖਿੱਚਣਾ ਔਖਾ ਹੈ। ਜਦਕਿ ਆਖਰੀ ਛੋਰ ਨੂੰ ਸੁਖਮਤਾ ਨਾਲ ਪਹਿਚਾਣਿਆ ਜਾ ਸਕਦਾ ਹੈ। ਸਮੱਸਿਆ ਉਸ ਸਮੇਂ ਉਤਪੰਨ ਹੁੰਦੀ ਹੈ, ਜਦ ਉਨਾਂ ਦੇ ਵਿੱਚ ਵਿਭਾਜਨ ਰੇਖਾ ਖਿੱਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਪ੍ਰਕਾਰ ਕਿੱਤੇ ਦੇ ਮਾਪਦੰਡ ਦੇ ਆਧਾਰ 'ਤੇ ਵੀ ਵਿਭੇਦ ਕਰਨਾ ਔਖਾ ਹੈ । ਵਿਅਕਤੀਆਂ ਦੀ ਕਿੰਨੀ ਸੰਖਿਆ ਖੇਤੀ ਵਿੱਚ ਸ਼ਾਮਿਲ ਹੋਣੀ ਚਾਹੀਦੀ ਤਾਂ ਕਿ ਇਹ ਦੱਸਿਆ ਜਾ ਸਕੇ ਕਿ ਸਮੁਦਾਇ ਗ੍ਰਾਮੀਣ ਹਨ ਅਤੇ ਸ਼ਹਿਰੀ । ਕੀ ਸਾਦਰ ਬਹੁਮਤ ਐਸੇ ਵਰਗੀ ਕਰਨ ਲਈ ਮੌਜੂਦ ਹੋਵੇਗਾ।

ਇਸ ਪ੍ਰਕਾਰ ਆਕਾਰ, ਭਿੰਨਤਾ, ਮੋਟਾਈ ਅਤੇ ਕਿੱਤੇ ਦੇ ਤੱਤ ਥਾਂ- ਥਾਂ 'ਤੇ ਅਤੇ ਸਮੇਂ-ਸਮੇਂ 'ਤੇ ਅੰਤਰ ਹੀ ਦਰਸਾਉਂਦੇ ਹਨ । ਗ੍ਰਾਮੀਣ ਅਤੇ ਸਮੁਦਾਇ ਦੇ ਮੱਧ ਪੂਰਣ ਅਤੇ ਨਿਰਪੱਖ ਵਿਭਾਜਨ ਵਰਤਮਾਨ ਨਹੀ ਹੁੰਦੇ, ਇਸ ਕਰਕੇ ਸਾਨੂੰ ਇਹ ਸਵੀਕਾਰ ਕਰਨਾ ਹੇਵੇਗਾ ਕਿ ਗ੍ਰਾਮੀਣ ਅਤੇ ਸ਼ਹਿਰੀ ਸਮੁਦਾਏ ਧਰੁਵੀ ਪ੍ਰਕਾਰ ਹਨ ਅਤੇ ਉਨਾਂ ਨੂੰ ਪਹਿਲਾਂ ਕਥਿਤ continuum ਜੋ ਧਰੁਵ ਦੇ ਇੱਕ ਛੋਰ ਤੋ ਦੂਸਰੇ ਤੱਕ ਫ਼ੈਲਿਆ ਹੈ, ਦੇ ਉੱਪਰ ਅਨੇਕ ਬਿੰਦੂਆਂ 'ਤੇ ਦੇਖਿਆ ਜਾ ਸਕਦਾ ਹੈ।

ਜਿਸਟ ਅਤੇ ਹਲਬਰਟ ਦੇ ਸਬਦਾਂ ਵਿੱਚ, "ਸੱਭਿਅਤਾ ਦੀ ਸ਼ੁਰੂਆਤ ਦੀ ਤਰ੍ਹਾਂ ਨਗਰ ਦੀ ਉਤਪੱਤੀ ਵੀ ਭੂਤ ਦੇ ਅੰਧਕਾਰ ਵਿੱਚ ਖੋਈ ਹੋਈ ਹੈ। ਹਰ ਇੱਕ ਮਹਾਨ ਸੱਭਿਅਤਾ ਵਿੱਚ ਲੋਕਾਂ ਨੇ ਪਿੰਡਾਂ ਤੋ ਨਗਰਾਂ ਵਿੱਚ ਪ੍ਰਵੇਸ਼ ਕੀਤਾ ਹੈ । ਪਰਾਰੰਭਿਕ ਸੱਭਿਆਤਾਵਾਂ – ਮੈਸੋਪਟਾਮੀਅਨ, ਮਿਸਰ, ਯੁਨਾਨੀ ਅਤੇ ਰੋਮਨ ਦਾ ਉਠਾਨ ਅਤੇ ਪਤਨ ਉਹਨਾਂ ਦੇ ਨਗਰਾਂ ਦੇ ਵਿਕਾਸ ਦੇ ਨਾਲ ਹੋਇਆ। ਸੱਭ ਤੋ ਪਹਿਲਾਂ ਨਗਰ ਈਸਾ ਪੂਰਵ 6000 ਅਤੇ 5000 ਦੇ ਮੱਧ ਪ੍ਰਗਟ ਹੋਏ । ਪਰੰਤੂ ਇਹ ਨਗਰ ਆਕਾਰ ਵਿੱਚ ਛੋਟੇ ਸਨ ਅਤੇ ਇਹਨਾਂ ਨੂੰ ਕਸਬਿਆਂ ਵਿੱਚ ਅਲਗ ਕਰਨਾ ਸੰਭਵ ਨਹੀ ਸੀ । ਈਸਾ ਪੂਰਵ 3000 ਤੱਕ ਸਹੀ ਅਰਥਾਂ ਵਿੱਚ ਨਗਰਾਂ ਦੀ ਅਵਸਥਿਤੀ ਹੋਈ। ਉਸ ਉਪਰੰਤ ਲਗਭਗ 2000 ਸਾਲਾਂ ਤੱਕ ਇਸ ਦਿਸ਼ਾਂ ਵਿੱਚ ਕੋਈ ਪ੍ਰਗਤੀ ਨਹੀ ਹੋਈ ਯੁਨਾਲ ਰੋਸ਼ਨ ਕਾਲ ਵਿੱਚ ਆ ਕੇ ਨਗਰਾਂ ਦਾ ਉਭਾਰ ਆਇਆ। ਇਹ ਹੈਰਾਨੀਜਨਕ ਹੈ ਕਿ ਜਿਹਨਾ ਪ੍ਰਦੇਸ਼ਾਂ ਵਿੱਚ ਨਗਰ ਜੀਵਨ ਦਾ ਆਰੰਭ ਹੋਇਆ ਸੀ, ਉੱਥੇ ਨਗਰ ਸਮਾਪਤ ਹੋ ਗਹੇ ਅਤੇ ਨਵੇ ਪ੍ਰਦੇਸ਼ਾਂ ਵਿੱਚ ਨਗਰਾਂ ਦਾ ਜਨਮ ਹੋਇਆ । ਕੁੱਝ ਸਮੇ ਬਾਅਦ ਮੇਸੋਪੋਟਾਸੀਆਂ, ਭਾਰਤ ਅਤੇ ਸਿਮਰ ਪਰਸ਼ੀਆਂ, ਯੂਨਾਨ ਅਤੇ ਰੋਮ ਦੇ ਨਗਰਾਂ ਦਾ ਪਤਨ ਹੋ ਗਿਆ । ਜਿਸ ਦਾ ਮੁੱਖ ਕਾਰਨ ਸੀ ਕਿ ਉਹ ਸਾਰੇ ਐਸੀ ਅਰਥ ਵਿਵਸਥਾ ਕਾਲ ਬੰਨੇ ਸਨ, ਜੋ ਮੁੱਖ ਤੌਰ 'ਤੇ ਖੇਤੀ ਕਾਰੀ ਸੀ । ਪੱਛਮੀ ਯਰੂਪ ਵਿੱਚ ਨਗਰਾਂ ਦੀ ਸੰਖਿਆ ਵਧਦੀ ਗਈ ਅਤੇ ਉਹਨਾਂ ਦਾ ਵਿਕਾਸ ਵਾਧੇ ਦੀ ਅਤੇ ਅਗਰਸਰ ਰਿਹਾ। 19ਵੀਂ ਸਦੀ ਵਿੱਚ ਸਹੀ ਅਰਥਾਂ ਵਿੱਚ ਸ਼ਹਿਰੀ ਕ੍ਰਾਂਤੀ ਆਈ ਅਤੇ 1800 ਤੋਂ ਸ਼ਹਿਰੀਕਰਣ ਤੇਜ਼ ਗਤੀ ਨਾਲ ਵਿਕਾਸ ਕਰ ਰਿਹਾ ਹੈ। ਨਗਰਾਂ ਦੇ ਵਿਕਾਸ ਵਿੱਚ ਨਿਮਨ ਲਿਖਿਤ ਤੱਤ ਸਹਾਇਕ ਹੁੰਦੇ ਹਨ।

1. **ਜ਼ਿਆਦਾ ਸਾਧਨ** (Surplus resources) – ਜਿੱਥੇ ਦੇ ਸਮਾਜ ਦਾ ਸਮੂਹ ਵਿੱਚ ਜੀਵਨ ਮਾਤਰ ਦੀਆਂ ਜ਼ਰੂਰਤਾਂ ਤੋ ਜ਼ਿਆਦਾ ਸਾਧਨ 'ਤੇ ਅਧਿਕਾਰ ਹੋ ਜਾਂਦਾ ਹੈ, ਉਥੇ ਨਗਰ ਦਾ ਵਿਕਾਸ ਹੁੰਦਾ ਹੈ। ਪ੍ਰਾਚੀਨ ਕਾਲ ਵਿੱਚ ਮਨੁੱਖ ਦੀ ਸ਼ਕਤੀ ਦੁਆਰਾ ਮਨੁੱਖ 'ਤੇ ਜਿੱਤ ਨਾਲ ਸਾਧਨ ਪ੍ਰਾਪਤ ਕੀਤੇ ਗਏ ਸਨ। ਦਾਸਤਾ, ਬੇਗਾਰ ਅਤੇ ਸ਼ਾਸ਼ਕ ਵਰਗ ਦੁਆਰਾ ਲਗਾਏ ਕਰਾਂ 'ਤੇ ਨਗਰੀ ਜੀਵਨ ਦੇ ਵਿਕਾਸ ਦੀ ਆਧਾਰਸ਼ਿਲਾ ਰੱਖੀ ਗਈ ਸੀ। ਆਧੁਨਿਕ ਕਾਲ ਵਿੱਚ ਮਨੁੱਖ ਲੇ ਕੁਦਰਤ 'ਤੇ ਜਿੱਤ ਪਾ ਕੇ ਆਪਣੀ ਸ਼ਕਤੀ ਦਾ ਵਿਕਾਸ ਕਰ ਲਿਆ ਹੈ। ਉਸਨੇ ਤਕਨੀਕੀ ਪ੍ਰਗਤਿਆਂ ਦੁਆਰਾ ਸਾਧਨਾਂ ਦਾ ਸ਼ੋਸ਼ਣ ਇਸ ਸੀਮਾ ਤੱਕ ਕਰ ਲਿਆ ਕਿ ਤੁਲਣਾਤਮਕ ਥੋੜੇ ਜਿਹੇ ਲੋਕ ਅਨੇਕ ਵਿਅਕਤੀਆਂ ਦੀਆਂ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਕਰ ਸਕਦੇ ਹਨ। ਕੁਦਰਤ 'ਤੇ ਮਨੁੱਖ ਦੀ ਸ਼ਕਤੀ ਦਾ ਵਿਸਥਾਰ, ਵਿਸ਼ੇਸ਼ ਕਰ ਪੱਛਮੀ ਦੇਸ਼ਾਂ ਵਿੱਚ, ਨਗਰਾਂ ਦੇ ਆਧੁਨਿਕ ਵਿਕਾਸ ਅਤੇ ਵਧਦੀ ਹੋਈ ਜਨ ਸੰਖਿਆ ਦਾ ਪਹਿਲਾ ਕਾਰਨ ਹੈ ।
2. **ਉਦਯੋਗੀਕਰਨ ਅਤੇ ਵਪਾਰੀਕਰਨ** (Indutrialization and commercialization) – ਉਦਯੋਗਿਕ ਕ੍ਰਾਂਤੀ ਨਾਲ ਸੰਬੰਧ ਉਤਪੰਨ ਦੀ ਨਵੀਆਂ ਵਿਧੀਆਂ ਦੁਆਰਾ ਸ਼ਹਿਰੀ ਵਿਕਾਸ ਛੇਤੀ ਹੋ ਗਿਆ ਹੈ। ਯੰਤਰਾਂ ਦੇ ਅਵਿਸ਼ਕਾਰ,

ਨੋਟ

ਭਾਪ ਸ਼ਕਤੀ ਦੇ ਵਿਕਾਸ ਅਤੇ ਉਦਯੌਗਿਕ ਉਧਮਾਂ ਵਿੱਚ ਆਧਾਰ ਪੂੰਜੀ ਦੇ ਨਿਵੇਸ਼ ਨੇ ਵੱਡੇ ਉਦਯੋਗਾਂ ਦੀ ਸਥਾਪਨਾ ਕੀਤੀ, ਜਿਸ ਨੇ ਕਰਮਸ਼ਾਲਾ ਦੀ ਨਵੀਨ ਉਤਪਾਦਨ ਕੇਦਰਾਂ ਵਿੱਚ ਅਚਲ ਮਿਹਨਤੀ ਸਮੂਹਾਂ ਦਾ ਕੇਦਰੀਕਰਨ ਕਰ ਦਿੱਤਾ ।ਹੋਰ ਵਿਅਕਤੀਆਂ ਦੇ ਨਾਲ ਕੰਮ ਕਰਨ ਅਤੇ ਉੱਚੇ ਵੇਤਨ ਪ੍ਰਾਪਤ ਕਰਨ ਦੀ ਇੱਛਾ ਨਾਲ ਮਨੁੱਖਾਂ ਨੇ ਗ੍ਰਾਮੀਣ ਕੰਮ ਧੰਦੇ ਛੱਡ ਕੇ ਉਦਯੌਗਿਕ ਨਗਰਾਂ ਵਿੱਚ ਧਾਰਾ ਦੇ ਸਮਾਨ ਪ੍ਰਵੇਸ਼ ਕੀਤਾ । ਇਸ ਪ੍ਰਕਾਰ ਭਾਰਤ ਦਾਇਸਪਾਤ ਜਮਸ਼ੇਦਪੁਰ ਅਤੇ ਸ਼ਿਕਾਗੋ, ਲੀਵਰਪੁਲ, ਮੇਨਚੇਸ਼ਟਰ, ਗਲਾਸਗੋ ਸੰਸਾਰ ਦੇ ਮਹਾਨ ਉਦਯੌਗਿਕ ਨਗਰ ਬਣ ਗਏ । ਯੰਤਰਿਕ ਸ਼ਕਤੀ ਦੇ ਅਵਿਸ਼ਕਾਰ ਨੇ ਨਗਰਾਂ ਨੂੰ ਨਵਾਂ ਰੂਪ ਦਿੱਤਾ ਪਹਿਲਾਂ ਲੋਕਾਂ ਸੰਕਲਨ ਨਦੀ ਘਾਟਿਆਂ ਵਿੱਚ ਜਿੱਥੇ ਭੂਨੂੰਮੀ ਉਪਜਾਉ ਅਤੇ ਸਮਤਲ ਹੁੰਦੀ ਸੀ, ਹੁੰਦਾ ਸੀ, ਪਰੰਤੂ ਅੱਜ ਇਹ ਸੰਕਲਲ ਕੋਇਲੇ ਅਤੇ ਲੋਹੇ ਦੇ ਸ਼ਰੋਤਾਂ ਦੇ ਨੇੜੇ ਪਾਇਆ ਜਾਂਦਾ ਹੈ । ਵਸਤਾਂ ਦੇ ਉਤਪਾਦਨ ਵਿੱਚ ਵਿਗਿਆਨਕ ਸਾਧਨਾਂ ਅਤੇ ਸਕਤੀ ਅਤੇ ਤਾਪ ਇੰਜਣ ਦੁਆਰਾ ਚਲਿਤ ਮਸ਼ੀਨਰੀ ਦੇ ਪ੍ਰਯੋਗ ਨਾਲ ਜਨ ਸੰਖਿਆ ਦਾ ਇੱਕ ਚੌਥਾਈ ਭਾਗ ਹੋਰ ਤਿੰਨ-ਚੌਥਾਈ ਜਨਸੰਖਿਆ ਦਰ ਸਕਦਾ ਹੈ, ਜਦ ਕਿ ਸ਼ਤਾਬਦੀ ਪੂਰਵ ਤਿੰਨ-ਚੌਥਾਈ ਜਨਸੰਖਿਆ, ਇੱਕ ਚੌਥਾਈ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਸਨ ।ਹੁਣ ਸ਼ਹਿਰਾਂ ਦੇ ਵਿਕਾਸ ਦਾ ਕਿਸਾਨੀ (ਖੇਤੀ) ਭੂਮੀ ਨਾਲ ਕੋਈ ਸੰਬੰਧ ਨਹੀ ਹੈ ।

ਇੱਥੇ ਉਦਯੋਗੀਕਰਨ ਨੇ ਸ਼ਹਿਰੀ ਵਿਕਾਸ ਨੂੰ ਜਲਦੀ ਬਣਾਇਆ ਹੈ, ਵਪਾਰ ਅਤੇ ਵਪਾਰਕ ਨੇ ਵੀ ਸ਼ਹਿਰੀ ਵਿਸਤਾਰ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕੀਤੀ ਹੈ ।ਪ੍ਰਾਚੀਨ ਸੱਭਿਅਤਾ ਵਿੱਚ ਵੀ ਨਗਰਾਂ ਦਾ ਵਿਕਾਸ ਉਹਨਾਂ ਸਥਾਨਾਂ 'ਤੇ ਹੋਇਆ, ਜਿੱਕੇ ਮਾਲ ਦਾ ਵਿਤਰਣ ਕੀਤਾ ਜਾਂਦਾ ਸੀ ਅਤੇ ਵਪਾਰਕ ਸੰਬਧੀ ਸੌਦੇ ਕੀਤੇ ਜਾਂਦੇ ਹਨ। ਇਸ ਪ੍ਰਕਾਰ, ਏਥਨਸ਼, ਸਪਾਰਟ, ਵੇਨਿਸ ਪਾਟਲੀਪੁੱਤਰ ਮਹਾਨ ਵਪਾਰਿਕ ਕੇਦਰ ਸਨ ।ਆਧੁਨਿਕ ਸਮੇ ਵਿੱਚ ਆਧੁਨਿਕ ਸੰਬੰਘੀ ਸੰਸਥਾਂਨਾਂ ਅਤੇ ਫੇਰ-ਬਦਲ ਦੀਆਂ ਪ੍ਰਣਾਲੀਆਂ ਦੇ ਉਠਾਨ ਨੇ ਨਗਰਾਂ ਦੇ ਵਿਕਾਸ ਨੂੰ ਅੱਗੇ ਵਧਾਇਆ ਹੈ ।ਅੱਜ ਕੱਲ ਵੱਡੇ ਨਗਰਾਂ ਵਿੱਚ ਵਿਆਪਿਕ ਲੈਣ ਦੇਣ ਆਹਮਣੇ ਸਾਹਮਣੇ ਹੋਣਾ ਜ਼ਰੂਰੀ ਨਹੀ ਹੈ ਪਰੰਤੂ ਕੇਵਲ ਇਹ ਤੱਕ ਕਿ ਜ਼ਿਆਦਾਤਰ ਨਿਵਾਸੀ 'ਕਾਗਜੀ' ਉੱਦਮਾਂ ਵਿੱਚ ਸ਼ਾਮਿਲ ਹਨ, ਸ਼ਹਿਰੀ ਵਿਕਾਸ ਨੂੰ ਵਧਾਉਣ ਵਿੱਚ ਮਹੱਤਵਪੂਰਨ ਤੱਤ ਹੈ।

3. **ਆਵਾਜਾਈ ਅਤੇ ਸੰਚਾਰ ਦਾ ਵਿਕਾਸ** (Development of Transport and communication) – ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਨੇ ਵਿਕਾਸ ਅਤੇ ਉਸ ਤੋਂ ਪ੍ਰਾਪਤ ਸੁਵਿਧਾਵਾਂ ਨੇ ਵੀ ਨਗਰਾਂ ਦੇ ਵਾਧੇ ਵਿੰਚ ਯੋਗਦਾਨ ਦਿੱਤਾ ਹੈ ।ਉਦਯੌਗਿਕ ਆਵਾਜਾਈ ਉੱਤੇ ਨਿਰਭਰ ਹੈ, ਤਾਂ ਕਿ ਕੱਚਾ ਅਤੇ ਨਿਰਮਿਤ ਸਮਾਨ ਇੱਕ ਸਥਾਨ ਤੋ ਦੂਸਰੇ ਸਥਾਨ 'ਤੇ ਭਾਰੀ ਮਾਤਰਾ ਵਿੱਚ ਲੈ ਜਾਇਆ ਸਕੇ ।ਉਦਯੌਗਿਕ ਨਗਰ ਵਿੱਚ ਆਵਾਜਾਈ ਅਤੇ ਸੰਚਾਰ ਦੇ ਸਾਧਨ ਜ਼ਰੂਰੀ ਵਿਕਸਿਤ ਹੁੰਦੇ ਹਨ।ਨਗਰ ਨਾ ਕੇਵਲ ਦੇਸ਼ ਦੇ ਹੋਰ ਭਾਗਾਂ ਅਤੇ ਹੋਰ ਦੇਸ਼ਾਂ ਦੇ ਨਾਲ ਸੰਬੰਧ ਹੋ ਜਾਂਦਾ ਹੈ, ਬਲਕਿ ਸਥਾਨ ਆਵਾਜਾਈ ਨੇ ਵਿਕਸਿਤ ਸੰਬੰਧਾਂ ਦੇ ਕਾਰਨ ਨਗਰ ਦੇ ਭਿੰਨ ਭਾਗ ਵੀ ਇੰਕ ਦੂਸਰੇ ਨਾਲ ਸੰਬੰਧਿਤ ਹੋ ਜਾਂਦੇ ਹਨ।ਜਿਸ ਸਮੇਂ ਕਾਰਖਾਨਾ ਪ੍ਰਣਾਲੀ ਆਰੰਭ ਹੋਈ, ਸਥਾਨਕ ਆਵਾਜਾਈ ਦੀਆਂ ਜ਼ਿਆਦਾ ਸੁਵਿਧਾਵਾਂ ਨਹੀਂ ਸਨ।ਮਜ਼ਦੂਰ ਦੀ ਫੈਕਟਰੀ ਦੇ ਕੋਲ ਵਾਸ (ਰਹਿਣਾ) ਕਰਨਾ ਪੈਂਦਾ ਸੀ, ਜਿਸ ਦੇ ਫਲਸਰੂਪ ਸੰਘਣੀਆਂ ਬਤੀਆਂ ਵਿੱਚ ਵਾਧਾ ਹੋਇਆ।ਸਥਾਨਕ ਆਵਾਜਾਈ ਵਿੱਚ ਨਗਰ ਦੀਆਂ ਸੀਮਾਵਾਂ ਦਾ ਵਿਸਤਾਰ ਕਰਦੇ ਨਗਰ ਦੀ ਜਨਸੰਖਿਆ ਵਿੱਚ ਵਾਧਾ ਕੀਤਾ। ਨਗਰ ਨੂੰ ਭਿੰਨ- ਭਿੰਨ ਖੇਤਰਾਂ-ਬਾਜ਼ਾਰ-ਖੇਤਰ, ਨਿਵਾਸ ਖੇਤਰ, ਮਜ਼ਦੂਰ ਖੇਤਰ, ਉਦੌਯਗਿਕ ਖੇਤਰ ਆਦਿ ਵਿੱਚ ਵੰਡਿਆ ਕੀਤਾ ਗਿਆ।ਆਰੰਨਿਕ ਨਗਰਾਂ ਵਿੱਚ ਸਥਾਨਕ ਆਵਾਜਾਈ ਦੇ ਸਾਧਨਾਂ ਦੇ ਭਾਵ ਦੇ ਕਾਰਨ ਇਸ ਪ੍ਰਕਾਰ ਦਾ ਕੁਦਰਤੀ ਵਿਭਾਜਨ ਨਹੀ ਸੀ ।ਆਧੁਨਿਕ ਨਗਰ ਇੱਕ ਐਸਾ ਸਮੂਹ ਹੈ , ਜੋ ਵਿਭਿੰਨ ਭਾਗਾਂ ਵਿੱਚ ਵਿਭਾਜਿਤ ਹੋ ਗਿਆ ਹੈ।

4. **ਨਗਰ ਦੀ ਆਰਥਿਕ ਆਕਰਸ਼ਣ** (Economic pull of the city) – ਨਗਰ ਪਿੰਡ ਦੀ ਤੁਲਨਾ ਵਿੰਚ ਵਿਅਕਤੀਕ ਉੱਨਤੀ ਦੇ ਜ਼ਿਅਦਾ ਮੌਕੇ ਪ੍ਰਦਾਨ ਕਰਦੇ ਹਨ।ਆਧੁਨਿਕ ਵਪਾਰ ਅਤੇ ਵਪਾਰਕ ਨੌਜਵਾਂਨਾਂ ਨੂੰ ਸ਼ਹਿਰਾਂ ਦੇ ਵੱਲ ਅਤੇ ਜਿੱਥੇ ਉਹਨਾਂ ਚੰਗੇ ਵੇਤਨ ਮਿਲਣੇ ਹਨ, ਆਕਰਸ਼ਿਤ ਕਰਦੇ ਹਨ।ਨਗਰਾਂ ਵਿੱਚ ਇਸ ਲਈ ਪ੍ਰਵਾਸ ਨਹੀ

ਨੋਟ

ਕਰਦੇ। ਕੀ ਉਹਨਾਂ ਨੂੰ ਨਗਰਾਂ ਵਿੱਚਹ ਰਹਿਣਾ ਪਸੰਦ ਹੈ, ਬਲਕਿ ਇਸ ਲਈ ਕਿ ਉਹਨਾਂ ਨੂੰ ਉੱਥੇ ਚੰਗੇ ਕੰਮ-ਧੰਦੇ ਮਿਲ ਸਕਦੇ ਹਨ। ਨਗਰ ਵਿੱਚ ਰੋਜਗਾਰ ਦੀਆਂ ਸੁਵਿਧਾਵਾਂ ਪਿੰਡ ਦੀ ਤੁਲਨਾ ਵਿੱਚ ਜ਼ਿਆਦਾ ਹੁੰਦੀ ਹੈ। ਵਪਾਰੀ ਵੀ ਨਗਰ ਵਿੱਚ ਜ਼ਿਆਦਾ ਲਾਭ ਪ੍ਰਾਪਤ ਕਰਨ ਲਈ ਪਿੰਡ ਛੱਡ ਕੇ ਆ ਜਾਂਦੇ ਹਨ। ਜੀਵਨ ਪੱਧਰ ਉੱਨਤ ਹੋ ਜਾਣ ਦੇ ਕਾਰਨ ਨਗਰਾਂ ਦੁਆਰਾ ਰਸਤ ਵਸਤਾਂ ਦੀ ਮੰਗ ਜ਼ਿਆਦਾ ਹੋ ਜਾਂਦੀ ਹੈ। ਇਸ ਵਧਦੀ ਹੋਈ ਮੰਗ ਦਾ ਅਰਥ ਹੈ ਕਿ ਨਗਰਾਂ ਵਿੱਚ ਜ਼ਿਆਦਾ ਪ੍ਰਤੀਸ਼ਤ ਵਿਅਕਤੀ ਆਪਣੀ ਰੋਜੀ ਰੋਟੀ ਪਾ ਸਕਦੇ ਹਨ। ਨਗਰ ਵਿੱਚ ਧਾਰਮਿਕ ਅਤੇ ਸਿਧਾਂਤਕ ਨੇਤਾਵਾਂ ਨੂੰ ਵਿਸ਼ੇਸ਼ ਅਤੇ ਉੱਚ ਮਾਣ ਪ੍ਰਾਪਤ ਹੁੰਦਾ ਹੈ। ਸੰਖੇਪ ਵਿੱਚ ਨਗਰ ਵਿੱਚ ਅਧਿਕ ਉਪਲਬਧ ਅਤੇ ਉੱਚਤਰ ਜੀਵਨ ਦੀਆਂ ਸੰਭਵਨਾਵਾਂ ਸ਼ਹਿਰ ਨੂੰ ਬਣਾ ਦਿੰਦੀ ਹੈ ।

5. **ਸਿੱਖਿਅਕ ਅਤੇ ਮਨੋਰਜਨਾਤਮਕ ਸੁਵਿਧਾਵਾਂ** (Educational and recreational facilitues) - ਕੁੱਝ ਸਮਾਂ ਪਹਿਲਾਂ ਤੱਕ ਸਾਰੇ ਉੱਚ ਵਿਦਿਆਲੇ ਸ਼ਹਿਰਾਂ ਵਿੱਚ ਸਥਿਤ ਸਨ । ਨਗਰ ਦੀ ਪ੍ਰਾਥਮਿਕ ਪਾਠਸ਼ਾਲਾ ਦੀ ਤੁਲਨਾ ਵਿੱਚ ਜ਼ਿਆਦਾ ਸਾਧਨ ਸੰਪੰਨ ਹੁਦੀ ਹੈ । ਜ਼ਿਆਦਾਤਰ ਟਰੇਨਿੰਗ ਸੰਸਥਾਵਾਂ, ਮਹਾਂ ਵਿਦਿਆਲੇ ਅਤੇ ਖੋਜ ਸੰਸਥਾਵਾਂ ਨਗਰਾਂ ਵਿੱਚ ਹੀ ਸਥਿਤ ਹਨ। ਜਿਆਦਾਤਰ ਵੱਡੀਆਂ ਲਾਇਬਰੇਰੀਆਂ ਵੀ ਨਗਰਾਂ ਵਿੱਚ ਹਨ। ਕਲਾ ਕੇਂਦਰ ਅਤੇ ਅਜਾਇਬ ਵੀ ਸ਼ਹਿਰਾਂ ਵਿੱਚ ਹਨ। ਪ੍ਰਸਿੱਧ ਸਿੱਖਿਆ ਸ਼ਾਸਤਰੀ ਵੀ ਆਪਣੇ ਭਾਸ਼ਣ ਨਗਰਾਂ ਵਿੱਚ ਹੀ ਦਿੰਦੇ ਹਨ । ਸੁਭਾਵਿਕਤਾ ਇਨ੍ਹਾਂ ਸਾਰੀਆਂ ਸੁਵਿਧਾਵਾਂ ਦੇ ਕਾਰਣ ਯੁਵਕ ਅਤੇ ਕੁੜੀਆਂ ਉੱਚ ਸਿੱਖਿਆ ਲਈ ਨਗਰਾਂ ਦੇ ਵੱਲ ਆਕਰਸਿੰਤ ਹੁੰਦੇ।

ਮਨੋਰੰਜਨਾਤਮਕ ਸੁਵਿਧਾਵਾਂ ਵੀ ਨਗਰਾਂ ਵਿੱਚ ਜ਼ਿਆਦਾ ਪ੍ਰਾਪਤ ਹੈ। ਮਨੋਰੰਜਨ ਲਈ ਥਿਏਟਰ ਅਤੇ ਨਾਚਘਰ ਸ਼ਹਿਰਾਂ ਵਿੱਚ ਹਨ। ਬੱਚੇ ਅਤੇ ਵੱਡੇ ਦੋਨਾਂ ਦੀਆਂ ਭਾਵਨਾਵਾਂ ਨੂੰ ਸਮਾਨ ਸ਼ਮਿਲ ਕਰਕੇ ਇਹ ਸਾਧਨ ਲੋਕਾਂ ਨੂੰ ਨਗਰ ਦੇ ਵੱਲ ਆਕਰਸ਼ਿਤ ਕਰਦੇ ਹਨ।

ਟਾਸਕ ਸ਼ਹਿਰੀ ਕ੍ਰਾਂਤੀ ਕਦੋ ਆਈ ਸੀ ?

ਸ਼ਹਿਰਾਂ ਦਾ ਵਰਗੀਕਰਣ ਕਈ ਪ੍ਰਕਾਰ ਨਾਲ ਕੀਤਾ ਜਾ ਸਕਦਾ ਹੈ। ਜਿਸਟ ਅਤੇ ਹਲਬਰਟ (Gist and Halbert) ਨੇ ਧਾਰਨਾ ਦੇ ਆਧਾਰ 'ਤੇ ਨਗਰਾਂ ਨੂੰ ਛੇ ਪ੍ਰਕਾਰਾਂ ਵਿੱਚ ਪ੍ਰਗਟ ਕੀਤਾ ਹੈ (1) ਉਤਪਾਦਕਨ-ਕੇਂਦਰ,ਜਿਵੇਂ ਕਿ ਲੋਹਾ ਅਤੇ ਇਸਪਾਤ ਲਈ ਜਮਸ਼ੇਦਪੁਰ, ਕੱਪੜਾ ਉਦਯੋਗ ਦੇ ਲਈ ਅਹਿਮਦਾਬਾਦ, ਟੋਪ ਦੇ ਲਈ ਡੈਨਬਰੀ, ਰਬੜ ਦੇ ਲਈ ਅਕਰੌਮ (Akrom), (2) ਵਪਾਰ ਅਤੇ ਵਣਜ ਕੇਂਦਰ, ਜਿਵੇਂ ਕਿ ਨਿਊਯਾਰਕ, ਹੈਮਬਰਗ, ਅਮਸਟਰਡਮ, ਦਿੱਲੀ, ਲੁਧਿਆਣਾ (3) ਰਾਜਨੀਤਿਕ ਰਾਜਧਾਨੀਆਂ, ਜਿਵੇਂ ਕਿ ਲੰਡਨ, ਵਾਸ਼ਿੰਗਟਨ, ਦਿੱਲੀ, ਚੰਡੀਗੜ੍ਹ (4) ਸੰਸਕ੍ਰਿਤਕ ਕੇਂਦਰ, ਜਿਵੇ ਐਕਸਫੋਰਬਡ, ਕੈਮਬ੍ਰਿਜ, ਸ਼ਾਂਤੀ ਨਿਕੇਤਨ, ਬਨਾਰਸ, (5) ਸੈਰ ਸਪਾਟਾ ਕੇਂਦਰ, ਜਿਵੇ ਕਿ ਮੌਂਟ ਕਾਰਲੋ, ਪਦਮ ਬੀਚ, ਮੰਸੂਰੀ, ਸ਼ਿਮਲਾ, ਸ਼੍ਰੀਨਗਰ, (6) ਬਹੁਭਾਗੀ ਨਗਰ, ਜਿਸ ਵਿੱਚ ਭਿੰਨ-ਭਿੰਨ ਗਤੀਵਿਧੀਆਂ ਹੁੰਦੀਆਂ ਹਨ ਅਤੇ ਜੋ ਕਿਸੇ ਵਿਸ਼ੇਸ਼ ਗਤੀਵਿਧੀ ਦੇ ਲਈ ਪ੍ਰਸਿੱਧ ਨਹੀਂ ਹੁੰਦੇ ।

ਈ.ਈ. ਮੁੰਟਜ (E. E. Muntz ) ਨੇ ਪ੍ਰਮੁੱਖ ਗਤੀਵਿਧੀ ਦੇ ਆਧਾਰ 'ਤੇ ਨਗਰਾਂ ਦਾ ਵਰਗੀਕਰਨ ਕੀਤਾ ਹੈ । ਇਸ ਆਧਾਰ 'ਤੇ ਨਗਰਾਂ ਦਾ ਵਰਗੀਕਰਣ ਨਿਮਨ ਲਿਖਿਤ ਹੈ :-

1. ਪ੍ਰਤੀ ਰੱਖਿਆ ਨਗਰ ਜਿਨਾ ਦਾ ਨਿਰਮਾਣ ਸੁਰੱਖਿਆ ਲਈ ਕੀਤਾ ਗਿਆ ਸੀ ਅਤੇ ਜਿਨਾਂ ਦੇ ਸਾਰੇ ਪਾਸੇ ਉੱਚੀਆਂ ਦੀਵਾਰਾਂ ਹਨ ਜਿਵੇ ਕਿ ਕਿਉਬੇਕ, ਮੈਕਸੀਕੋ ਅਤੇ ਮਨੀਲਾ।
2. ਵਪਾਰਕ ਨਗਰ, ਅਤੇ ਲੰਡਨ ਨਿਉਯਾਰਕ, ਬੰਬਈ।
3. ਉਦਯੋਗਿਕ ਨਗਰ ਅਤੇ ਜਿਵੇਂ ਕਿ ਮੈਸਾਚੁਸੇਟੱਸ, ਜਮਸ਼ੇਦਪੁਰ, ਮੈਨਚੇਸਟਰਾ।
4. ਰਾਜਨੀਤਿਕ ਨਗਰ ਜਿਵੇ ਕਿ ਨਵੀ ਦਿੱਲੀ, ਚੰਡੀਗੜ, ਵਾਸ਼ਿੰਗਟਨ ਇੱਥੇ ਗਤੀਵਿਧਿਆਂ ਕੇਦਿਰਤ ਹੁੰਦੀਆਂ ਹਨ ।

ਨੋਟ

5. ਧਾਰਮਿਕ ਕੇਦਰ ਜਿਵੇ ਕਿ ਜੇਰੁਸਲੇਮ ਅਤੇ ਵੈਟਿਕਨ ।
6. ਸੈਰ ਸਪਾਟਾ ਕੇਂਦਰ ਜਿਵੇਂ ਕਿ ਮੌਂਟ ਕਾਰਲੋ, ਸ੍ਰੀ ਨਗਰ।

ਉਪਰੋਕਤ ਦੋਵੇ ਵਰਗੀਕਰਣ ਨਗਰ ਦੇ ਵਿਭਿੰਨ ਪ੍ਰਕਾਰਾਂ ਨੂੰ ਵੰਡਣ ਦੀ ਕੋਸ਼ਿਸ਼ ਹੈ, ਪਰੰਤੂ ਅੱਜ ਕੱਲ ਨਗਰ ਕਿਸੇ ਇੱਕਲੀ ਦਾ ਨਹੀ, ਬਲਕਿ ਚਾਰ ਅਤੇ ਪੰਜ ਗਤੀਵਿਧੀਆਂ ਦਾ ਕੇਦਰ ਹੁੰਦਾ ਹੈ ।ਨਗਰ ਵਪਾਰਿਕ, ਉਤਪਾਦਨ ਰਾਜਨੀਤਿਕ ਅਤੇ ਸੈਰ ਸਪਾਟਾ ਸਾਰੇ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਕੇਦਰ ਹੋ ਸਕਦਾ ਹੈ ।ਕਿਉਕਿ ਨਗਰ ਵਿੱਚ ਅਨੇਕ ਗਤੀਵਿਧੀਆਂ ਹੁੰਦੀਆਂ ਹਨ।ਉਸਦੀ ਜਟਿਲ ਸਮੱਸਿਆ ਸਪੱਸ਼ਟ ਹੈ ।

### 5.2.1 ਨਗਰ ਸਮੂਹ ਦੀਆਂ ਵਿਸ਼ੇਸ਼ਤਾਵਾਂ

1. **ਬੇਨਾਮੀ** (Namelessness) – ਬੋਗਾਡਸ ਦੇ ਅਨੁਸਾਰ, ਸ਼ਹਿਰੀ ਸਮੂਹ ਬੇਨਾਮ ਦੇ ਲਈ ਪ੍ਰਸਿੱਧ ਹਨ। ਆਪਣੇ ਆਕਾਰ ਅਤੇ ਜਨ ਸੰਖਿਆ ਦੀ ਵਿਸ਼ਾਲਤਾ ਦੇ ਕਾਰਨ ਨਗਰ ਪ੍ਰਾਥਮਿਕ ਸਮੂਹ ਨਹੀ ਬਣਾ ਸਕਦਾ।ਨਗਰਵਾਸੀ ਇੱਕ ਦੂਸਰੇ ਦੇ ਪ੍ਰਾਥਮਿਕ ਸੰਬੰਧ ਵਿੱਚ ਨਹੀ ਆਉਦੇ ।ਉਹ ਇੱਕ ਦੂਸਰੇ ਦੇ ਨਾਮ ਨੂੰ ਜਾਣੇ ਬਿਨਾਂ ਮਿਲਦੇ ਅਤੇ ਵਾਤਾਵਰਣ ਕਰਦੇ ਹਨ।ਜਦਕਿ ਨਿਮਰਤਾ ਅਤੇ ਪਰੰਪਰਿਕ ਸੁਵਿਧਾ ਦੇ ਸਰਸਰੀ ਆਚਰਣਾਂ ਦਾ ਨਗਰ ਵਿੱਚ ਵਿਕਾਸ ਹੁੰਦਾ ਹੈ, ਤਦਕਿ ਉਹ ਬਣਾਵਟੀ ਹੁੰਦੇ ਹਨ।ਨਗਰਵਾਸੀ ਪ੍ਰਦੇਸ਼ੀਆਂ ਜਿਨਾਂ ਦੇ ਸੰਪਰਕ ਵਿੱਚ ਆਉਦਾ ਹੈ।ਮਾਨਵ ਪ੍ਰਾਣੀ ਨਾ ਸਮਝ ਕੇ ਜਿਉਂਦਾ ਯੰਤਰ ਸਮਝਦਾ ਹੈ।ਨਾਗਰਿਕ ਨਗਰ ਵਿੱਚ ਕਈ ਸਾਲ ਤੱਕ ਰਹਿਣ ਦੇ ਬਾਅਦ ਵੀ ਉਸ ਖੇਤਰ ਵਿੱਚ ਰਹਿਣ ਵਾਲੀਆਂ ਇੱਕ ਤਿਹਾਈ ਨਗਰਵਾਸੀਆਂ ਤੱਕ ਦੇ ਨਾਮ ਵੀ ਨਹੀਂ ਜਾਣੇ।ਸ਼ਹਿਰੀ ਸੰਸਾਰ ਭਿੰਨ-ਭਿੰਨ ਪਹਿਚਾਣ ਨੂੰ ਵੰਡਦਾ ਲਗਦਾ ਹੈ।ਨਗਰ ਨਾਲ ਸੰਪਰਕ ਟੁਕੜੇ ਹੁੰਦੇ ਹਨ।ਇਹ ਵਿਅਕਤੀਆਂ ਦਾ, ਸਮੁੱਚੇ ਵਿਅਕਤੀਆਂ ਦਾ ਨਹੀਂ, ਭਾਗ ਹੁੰਦਾ ਹੈ।ਲੀ (Lee) ਦਾ ਕਥਨ ਹੈ, "ਬੇਨਾਮੀ ਲੱਖਾਂ ਵਿਅਕਤੀਆਂ ਦੀ ਨਗਰ ਵਿੱਚ ਪਹਿਚਾਣ ਸਮਾਪਤ ਕਰ ਦਿੰਦੀ ਹੈ।ਅਨੇਕ ਨਗਰਵਾਸੀ ਸਮਾਜਿਕ ਰਿਕਤਾ ਵਿੱਚ ਨਿਵਾਸ ਕਰਦੇ ਹਨ।ਉਹਨਾਂ ਦੇ ਸਮਾਜਿਕ ਵਿਵਹਾਰ ਨੂੰ ਨਿਯਮਿਤ ਅਤੇ ਨਿਯੰਤ੍ਰਿਤ ਕਰਨ ਵਾਲੇ ਸੰਸਥਾਤਮਕ ਆਦਰਸ਼ ਨਿਯਮ ਪ੍ਰਭਾਵੀ ਨਹੀਂ ਹੁੰਦੇ।ਜੇਕਰ ਉਹ ਆਪਣੇ ਚਾਰੇ ਪਾਸੇ ਅਨੇਕ ਵਿਅਕਤੀਆਂ ਅਤੇ ਅਨੇਕ ਸੰਸਥਾਗਤ ਸੰਗਠਨਾਂ ਤੋ ਜਾਣੇ-ਪਹਿਚਾਣੇ ਹੁੰਦੇ ਹਨ, ਅਤੇ ਉਹ ਕਿਸੇ ਸਮੂਹ ਅਤੇ ਸਮੁਦਾਏ ਦੇ ਪ੍ਰਤੀ ਅਪਣਾਪਨ ਅਨੁਭਵ ਨਹੀਂ ਕਰਦੇ।ਸਮਾਜਿਕ ਰੂਪ ਵਿੱਚ ਉਹ ਚੋਖੇ ਮੱਧ ਗਰੀਬ ਹੁੰਦੇ ਹਨ।"
2. **ਬੇਘਰ** (Homelessness) – ਬੇਘਰ ਨਗਰ ਸਮੁਦਾਇ ਦੀ ਇੱਕ ਹੋਰ ਨਿਰਾਸ਼ਾਜਨਕ ਵਿਸ਼ੇਸਤਾ ਹੈ। ਵੱਡੇ ਨਗਰਾਂ ਵਿੱਚ ਮਕਾਨ ਦੀ ਸਮੱਸਿਆ ਜ਼ਿਆਦਾ ਗੰਭੀਰ ਹੁੰਦੀ ਹੈ ।ਅਨੇਕ ਨਿਮਨ ਜਾਤੀਆਂ ਵਿਅਕਤੀ ਆਪਣੀ ਰਾਤ ਸੜਕ ਦੀਆਂ ਪਟਰੀਆਂ 'ਤੇ ਵਤੀਰਾ ਕਰਦਾ ਹੈ।ਮੱਧ ਵਰਗੀ ਵਿਅਕਤੀ ਦੇ ਕੋਲ ਕੇਵਲ ਇੱਕ ਜਾਂ ਦੋ ਕਮਰਿਆਂ ਦਾ ਮਕਾਨ ਹੁੰਦਾ ਹੈ ਅਤੇ ਉਹ ਵੀ ਛੇਵੀ ਸੱਤਵੀ ਮੰਜਿਲ 'ਤੇ ਬੱਚੇ ਦੇ ਲਈ ਖੇਡ ਬਾਜ਼ਾਰ ਦਾ ਕੋਈ ਸਥਾਨ ਨਹੀ ਹੁੰਦਾ।ਨਗਰ ਦਾ ਵਾਤਾਵਰਣ ਸੰਤਾਨ ਨਿਰੋਧ ਨੂੰ ਵਧਾਵਾ ਦਿੰਦਾ ਹੈ ।
3. **ਵਰਗ-ਇੰਤਹਾਈ** (Class extremes) – ਵਰਗ ਸ਼ਹਿਰੀ ਸਮੁਦਾਇ ਦੀ ਵਿਸ਼ੇਸ਼ਤਾ ਹੈ ।ਸ਼ਹਿਰ ਵਿੱਚ ਜ਼ਿਆਦਾ ਅਮੀਰ ਅਤੇ ਜ਼ਿਆਦਾ ਗਰੀਬ, ਸੁੰਦਰ ਕੋਠੀਆਂ ਵਿੱਚ ਰਹਿਣ ਵਾਲੇ ਅਤੇ ਸ਼ਾਨੋ ਸ਼ੋਕਤ ਵਾਲਾ ਜੀਵਨ ਬਤੀਤ ਕਰਨ ਵਾਲੇ ਅਤੇ ਸੜਕਾਂ ਦੇ ਕਿਨਾਰੇ 'ਤੇ ਸੌਣ ਵਾਲੇ ਜਿਨਾਂ ਨੂੰ ਦੋ ਸਮੇ ਭਰਪੇਟ ਭੋਜਨ ਵੀ ਨਸੀਬ ਨਹੀ ਹੁੰਦਾ, ਦੋਨਾਂ ਪ੍ਰਕਾਰ ਦੇ ਵਿਅਕਤੀ ਮਿਲਣੇ ਹਨ ।ਸਭ ਤੋਂ ਉਤਮ ਨੈਤਿਕ ਵਿਵਹਾਰ ਅਤੇ ਨੀਵੀਂ ਧੋਖਾਧੜੀ ਦੋਨਾਂ ਨਗਰਾਂ ਵਿੱਚ ਪਾਏ ਜਾਂਦੇ ਹਨ।ਉੱਚਕੋਟੀ ਦੀ ਸਿਰਜਨਤਾਮਕਤਾ ਅਤੇ ਜ਼ਿਆਦਾ ਬੇਰੁਜਗਾਰੀ ਦੋਨੋ ਹੀ ਸ਼ਹਿਰ ਦੀਆਂ ਵਿਸ਼ੇਸ਼ਤਾਵਾਂ ਹਨ ।ਸ਼ਹਿਰ ਵਿਰੋਧੀ ਗੱਲਾਂ ਦਾ ਘਰ ਹੈ ।
4. **ਸਮਾਜਿਕ ਵਿਜਾਤੀਅਤਾ** (Social heterogeneity) – ਸ਼ਹਿਰ ਪਿੰਡ ਦੇ ਮੁਕਾਬਲੇ ਜ਼ਿਆਦਾ ਵਿਜਾਤੀ ਹੁੰਦਾ ਹੈ ਇਹ "ਪ੍ਰਜਾਤੀਆਂ, ਲੋਕਾਂ ਅਤੇ ਸੰਸਕ੍ਰਿਤੀਆਂ ਦਾ ਘੁਲਣ-ਸਥਾਨ ਰਿਹਾ ਹੈ ਅਤੇ ਨਵੀ ਜੈਵਿਕ ਅਤੇ ਸੰਸਕ੍ਰਿਤਕ ਸੰਕਰ ਜਾਤੀਆਂ ਦਾ ਅਤਿ ਅਨੁਕੂਲ ਉਤਪੱਤੀ ਸਥਾਨ ਹੈ।ਇਹ ਵਿਅਕਤੀਗਤ ਭੇਦਾਂ ਨੂੰ ਕੇਵਲ ਮਾਤਰ ਸਹਿਨ ਨਹੀਂ ਕਰਦਾ, ਬਲਕਿ ਪਰਿਤੋਸ਼ਿਤ ਕਰਦਾ ਹੈ।ਇਸ ਨੇ ਲੋਕਾਂ ਨੂੰ ਸੰਸਾਰ ਦੇ ਦੂਰਵਰਤੀ ਭਾਗਾਂ ਵਿੱਚ ਇੱਕਠਾ

ਨੋਟ

ਕੀਤਾ ਹੈ, ਕਿਉਂਕਿ ਉਹ ਇੱਕ ਦੂਸਰੇ ਤੋ ਭਿੰਨ ਹਨ, ਸੋ, ਪਰਸਪਰ-ਉਪਯੋਗੀ ਹੈ, ਇਸ ਲਈ ਵਿਚਾਰ, ਕਿੱਤਾ ਵਿਅਕਤੀਗਤ ਗੁਣ ਅਤੇ ਉਹਨਾਂ ਦਾ ਸੰਸਕ੍ਰਿਤਕ ਜੀਵਨ ਪਿੰਡ ਵਾਸੀਆਂ ਦੇ ਮੁਕਾਬਲੇ ਜ਼ਿਆਦਾ ਭਿੰਨ ਹੁੰਦਾ ਹੈ।

5. **ਸਮਾਜਿਕ ਦੂਰੀ** (Social Distance) – 'ਸਮਾਜਿਕ ਦੂਰੀ ਬੇਨਾਮੀ ਅਤੇ ਜਿੱਤ ਦੀ ਉਪਜ ਹੈ। ਨਗਰਵਾਸੀ ਏਕਾਤ ਅਨੁਭਵ ਕਰਦਾ ਹੈ। ਵਿਅਕਤੀ ਦੀਆਂ ਸੱਚੀਆਂ ਭਾਵਨਾਵਾਂ 'ਤੇ ਮੁਖੌਟਾ ਰਹਿੰਦਾ ਹੈ। ਜ਼ਿਆਦਾਤਰ ਸਮਾਜਿਕ ਸਪੰਰਕ ਗ਼ੈਰਸ਼ਖਸੀ ਅਤੇ ਅੱਧ ਹੁੰਦੇ ਹਨ। ਓਪਚਾਰਿਕ ਇਕਸਰਤਾ ਸੱਚੀ ਮਿੱਤਰਤਾ ਦਾ ਸਥਾਨ ਲੈ ਲੈਂਦੀ ਹੈ। ਨਗਰਵਾਸੀ ਗੁਆਂਢੀ ਨਾ ਹੋ ਕੇ ਕੇਵਲ ਰਾਤ-ਨਿਵਾਸੀ ਹੁੰਦੇ ਹਨ।
6. **ਊਰਜ਼ਾ ਅਤੇ ਗਤੀ** (Energy and Speed) – ਊਰਜ਼ਾ ਅਤੇ ਗਤੀ ਨਗਰ ਦੇ ਆਖਰੀ ਲੱਛਣ ਹਨ। ਅਕਾਂਕਸ਼ੀ ਵਿਅਕਤੀ ਦਿਨ-ਰਾਤ ਮਿਹਨਤ ਕਰਦੇ ਹਨ, ਜਿਸ ਵਿੱਚ ਹੋਰ ਵਿਅਕਤੀਆਂ ਨੂੰ ਵੀ ਸਮਾਨ ਗਤੀ ਨਾਲ ਮਿਹਨਤ ਕਰਨ ਦੀ ਪ੍ਰੇਰਣਾ ਮਿਲਦੀ ਹੈ। ਪ੍ਰੇਰਣਾ ਮਾਤਰਾ ਵਿੱਚ ਹੁੰਦੀ ਹੈ। ਲੋਕ ਬਹੁਤ ਜ਼ਿਆਦਾ ਗਤੀਵਿਧੀਆਂ ਵਿੱਚ ਖੁਦ ਨੂੰ ਉਲਝਾ ਲੈਂਦੇ ਹਨ ਅਤੇ ਆਪਣੀ ਸ਼ਕਤੀ ਦੇ ਬਾਹਰ ਕਾਰਜ ਕਰਦੇ ਹਨ, ਜੋ ਅੰਤ ਵਿੱਚ ਉਸਦੀਆਂ ਤੰਤੂਆਂ ਨੂੰ ਸਮਾਪਤ ਕਰ ਦਿੰਦਾ ਹੈ ਅਤੇ ਉਹਨਾਂ ਦੀ ਸ਼ਕਤੀ ਦਾ ਹ੍ਰਾਸ ਹੋ ਜਾਂਦਾ ਹੈ। ਸ਼ਹਿਰੀ ਜੀਵਨ ਗ੍ਰਾਮੀਣ ਜੀਵਨ ਦੀ ਤੁਲਨਾ ਵਿੱਚ ਜ਼ਿਆਦਾ ਮਾਨਸਿਕ ਤਣਾਅ ਪੈਦਾ ਕਰਦਾ ਹੈ। ਨਗਰਾਂ ਨੂੰ ਜਨਸੰਖਿਆ ਦਾ ਕਿਹਾ ਜਾ ਸਕਦਾ ਹੈ। ਨਗਰਾਂ ਦੀਆਂ ਤੰਗ ਅਤੇ ਗੰਦੀਆਂ ਗਲੀਆਂ ਸਿਹਤ 'ਤੇ ਹਾਨੀਕਾਰਕ ਪ੍ਰਭਾਵ ਪਾਉਂਦੀਆਂ ਹਨ। ਇਹ ਜਾਣਨਾ ਰੁਚੀਦਾਇਕ ਹੋਵੇਗਾ ਕਿ ਪਿੰਡਾਂ ਵਿੱਚ ਮੌਤ ਦੀ ਫੀਸਦੀ ਦਰ ਨਗਰਾਂ ਦੀ ਤੁਲਨਾ ਵਿੱਚ ਘੱਟ ਹੁੰਦਾ ਹੈ, ਜਦਕਿ ਗ੍ਰਾਮੀਣ ਖੇਤਰਾਂ ਵਿੱਚ ਜਨ ਸਿਹਤ 'ਤੇ ਨਗਰਾ ਦੀ ਤੁਲਨਾ ਵਿੱਚ ਘੱਟ ਧਨ ਖਰਚ ਕੀਤਾ ਜਾਂਦਾ ਹੈ ਅਤੇ ਸਿਹਤ ਸੰਬੰਧੀ ਉਹ ਸੁਵਿਧਾਵਾਂ ਪ੍ਰਾਪਤ ਨਹੀ ਹੁੰਦੀਆਂ, ਜੋ ਨਗਰਾਂ ਵਿੱਚ ਰੋਗ ਦਾ ਪ੍ਰਤੀਸ਼ਤ ਜ਼ਿਆਦਾ ਹੁੰਦਾ ਹੈ। ਸ਼ਹਿਰੀ ਸਮੁਦਾਇ ਵਿੱਚ ਪੇਂਡੂ ਸਮੁਦਾਏ ਦੀ ਤੁਲਨਾ ਵਿੱਚ ਦਿਲ ਦਾ ਰੋਗ ਅਤੇ ਮਾਨਸਿਕ ਰੋਗ ਦੇ ਮਾਮਲੇ ਜ਼ਿਅਦਾ ਸੰਖਿਆ ਵਿੱਚ ਹੁੰਦੇ ਹਨ ।

## ਸਵੈ-ਮੁਲਾਂਕਣ ( Self Assessment )

**ਖਾਲੀ ਸਥਾਨਾਂ ਨੂੰ ਭਰੋ (Fill in the blanks) –**

1) ਸਮਾਜਿਕ ਅਵਸਥਾ 'ਤੇ ਵਿਚਾਰ ਕਰਦੇ ਸਮੇ ਕਿਹਾ ਜਾ ਸਕਦਾ ਹੈ ਕਿ ਨਗਰ ਇੱਕ..............ਹੈ ।
2) ............... ਦੇ ਅਨੁਸਾਰ ਗ੍ਰਾਮੀਣ ਸਮੁਦਾਏ ਦਾ ਮੁੱਖ ਕੰਮ ਪਸ਼ੂ ਪਾਲਣ ਅਤੇ ਖੇਤੀ ਹੈ ।
3) ............... ਨਾਲ ਸ਼ਹਿਰੀਕਰਨ ਤੇਜ ਗਤੀ ਵਿਕਾਸ ਕਰ ਰਿਹਾ ਹੈ ।
4) ............... ਨੇ ਸ਼ਹਿਰੀ ਵਿਸਤਾਰ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ ।
5) ਬੋਗਾਰਡਸ ਦੇ ਅਨੁਸਾਰ, ਸ਼ਹਿਰੀ ਸਮੂਹ .............. ਦੇ ਲਈ ਪ੍ਰਸਿੱਧ ਹਨ ।
6) ਪਤੀ ਦੀ ਪੂਜਾ ਕਰਨ ਵਾਲੀ ਇਸਤਰੀ ਦੀ .............. ਨੂੰ ਬ੍ਰਹਮਾ ਨੂੰ ਛੱਡ ਕੇ ਹੋਰ ਕੋਈ ਖਤਰਾ ਨਹੀ ਰਹਿੰਦਾ।
7) ਜਾਤੀ ਅਧਾਰਿਤ ਸਮਾਜ ਵਿੱਚ .............. ਦੇ ਮਾਮਲੇ ਜ਼ਿਆਦਾ ਨਿੰਘਾ ਨਜ਼ਰ ਨਾਲ ਦੇਖੇ ਜਾਂਦੇ ਹਨ ।

## 5.3 ਸਾਰ ਅੰਸ਼ (Summary)

- ਜ਼ਾਤੀ ਅਤੇ ਲਿੰਗ ਦੇ ਵਿੱਚ ਦੇ ਸੰਬੰਧ ਦੀ ਸੰਤੋਖਜਨਕ ਸਮਝ ਅਜੇ ਵਿਕਸਿਤ ਕੀਤਾ ਜਾਣਾ ਬਾਕੀ ਹੈ। ਐਸੇ ਵਿੱਚ ਵਰਗ ਅਤੇ ਜਾਤੀ ਦੇ ਇਤਿਹਾਸਕ ਵਿਕਾਸ ਦੀ ਪੜਤਾਲ ਨਾਲ ਵਿਦਾਇਗੀ ਕਰਨਾ ਸੁਵਿਧਾਜਨਕ ਰਹੇਗਾ। ਉਸ ਤੋ ਬਾਅਦ ਅਸੀ ਇਸ ਨੂੰ ਲਿੰਗੀ-ਮਿਲਾਪ ਕਹਾਗੇ।
- ਭਾਰਤੀ ਉੱਪ ਮਹਾਂਦੀਪ ਦੇ ਪੁਰਾਣੇ-ਇਤਿਹਾਸਿਕ ਸਮਾਜਾ ਦਾ ਸਾਂਚਾ ਪੁਰਾਤਨ ਪਰਮਾਣਾ, ਜਿਵੇ ਕਿ ਔਜਾਰ, ਮਿੱਟੀ ਦੇ ਬਰਤਨ ਅਤੇ ਆਵਾਸ ਰਹੇ ਗੁਫਾ ਅਵਸੇਸ (ਜੋ ਕਦੇ-ਕਦੇ ਇਤਿਹਾਸ ਦਾ ਕੂੜਾ-ਸਥਾਨ ਦੀ ਕਹੇ ਜਾਂਦੇ ਹਨ ) ਦੇ ਆਧਾਰ ਤੇ ਖਿੱਚਿਆ ਜਾਦਾ ਹੈ।

ਨੋਟ

- ਸਮਾਜਿਕ ਗਠਨ ਅਤੇ ਉਸ ਵਿੱਚ ਸੰਭਵ ਹੋ ਸਕਣ ਵਾਲੇ ਸੱਤਾ ਸੰਬੰਧ ਨਾ ਬਰਾਬਰ ਸਨ ਅਤੇ ਲਿੰਗ ਆਧਾਰਿਤ ਭੇਦਭਾਵ ਦਾ ਅਸਤਿਤਵ ਹੀ ਨਹੀ ਰਿਹਾ ਹੋਵੇਗਾ। ਇਸ ਸੰਦਰਭ ਵਿੱਚ, ਨਰਸ਼ਾਸਤ੍ਰੀਆਂ ਦੇ ਨਾਲ-ਨਾਲ ਇਤਿਹਾਸਕਾਰ ਗਾਰਡਾ ਲਰਨਰ ਦਾ ਕੰਮ ਵੀ ਉਪਯੋਗੀ ਹੈ।
- ਸ਼ਿਕਾਰ-ਸੰਗ੍ਰਹਿ ਵਾਲੇ ਸਮਾਜ ਵਿੱਚ ਇਸਤਰੀ ਦੀ ਪ੍ਰਜਣਨ ਕਾਬਲੀਅਤ ਕਾਫੀ ਮੁੱਲਵਾਨ ਮੰਨੀ ਜਾਂਦੀ ਸੀ।ਕਾਰਣ ਸਮੂਹ ਦਾ ਅਸਤਿੱਤਵ ਇਸ ਤੇ ਨਿਰਭਰ ਸੀ ।ਕਠੋਤਿਆਸ, ਭੀਮਬੇਟਕਾ ਅਤੇ ਖਖਈ (ਸਾਰੇ ਮੱਧ ਭਾਰਤ ਵਿੱਚ ) ਤੋਂ ਪ੍ਰਾਪਤ ਪੂਰਵ-ਇਤਿਹਾਸਕ ਚਿੱਤਰਾ ਵਿੱਚ ਇਸਤਰੀ ਦੀ ਲਿੰਗੀ ਨੂੰ ਉਸਦੇ ਅਸਤਿੱਤਵ ਦਾ ਅਭਿੰਨ ਅੰਗ ਮੰਨਿਆਂ ਗਿਆ ਹੈ।
- ਰਿਗਵੈਦਿਕ ਕਾਲ ਭਾਰਤੀ ਇਤਿਹਾਸ ਵਿੱਚ ਸਭ ਤੋ ਜਿਆਦਾ ਵਿਵਾਦਗ੍ਰਸਤ ਹੈ। 19 ਵੀ ਸਦੀ ਦੇ ਹਿੰਦੂ ਰਾਸ਼ਟਰ ਵਾਦੀਆ ਨੇ ਇਸ ਅਵਦੀ ਨੂੰ ਕਾਫੀ ਮਹਿਮਾ ਮੰਡਿਤ ਕੀਤਾ।ਉਸ ਵਿਚੋ ਜਿਆਦਾ ਉੱਭਰ ਰਹੇ ਸਿੱਖਿਅਤ ਮੱਧ ਵਰਗ (ਜਿਆਦਾਤਰ ਉੱਚ ਜਾਤੀ ਤੋ ਹੀ) ਦੇ ਪੁਰਸ਼ ਸਨ। 19 ਵੀ ਸਦੀ ਵਿੱਚ ਕੁੱਝ ਪਰਸਥਿਤੀਆ ਦੀ ਵਾਹਾ ਨਾਲ ਇਹ ਰਾਸਟਰਵਾਦੀ ਵੈਦਿਕ ਯੁੱਗ ਦੇ ਮਹਿਮਾ ਮੰਡਲ ਦੇ ਵੱਲ ਨਿਰਮਲ ਹੋਏ ਸਨ ਇਕ ਤਾ ਉਹਨਾ ਨੂੰ ਬ੍ਰਿਟਿਸ਼ ਸਾਸ਼ਕਾ ਦੇ ਸਾਹਮਣੇ ਭਾਰਤੀ ਪਰੰਪਰਾ ਨੂੰ ਸਰੇਸ਼ਠ ਸਾਬਿਤ ਕਰਨਾ ਸੀ।
- 19 ਵੀ ਸਦੀ ਵਿੱਚ ਇਸਤਰੀ ਦੀ ਬੁਰੀ ਸਥਿਤੀ ਨੂੰ ਬ੍ਰਿਟਿਸ਼ਾ ਨੇ ਭਾਰਤੀ ਅਸੱਭਿਅਤਾ ਦਾ ਪ੍ਰਬਲ ਸਬੂਤ ਮੰਨਿਆ ਸੀ। ਇਸ ਦੀ ਪ੍ਰਤੀਕਿਰਿਆ ਵਿੱਚ ਰਾਸ਼ਟਰਵਾਦੀਆਂ ਨੇ ਵੈਦਿਕ ਸਮਾਜ ਨੂੰ 'ਇਸਤਰੀ ਦੀ ਸਥਿਤੀ 'ਦੇ ਸੰਦਰਵ ਵਿੱਚ ਸਵਰਨ ਯੁੱਗ ਕਹਿਣਾ ਸੁਰੂ ਕਰ ਦਿੱਤਾ। ਲੇਕਿਨ ਕਦੇ ਵੀ ਇਸ ਅਵਦੀ ਦਾ ਗੰਭੀਰ ਇਤਿਹਾਸਿਕ ਵਿਸਲੇਸਣ ਕਰਨ ਦੀ ਕੋਈ ਕੋਸ਼ਿਸ ਨਹੀ ਕੀਤੀ ਗਈ। ਹਾਲ ਹੀ ਵਿੱਚ ਇਸ ਅਵਧੀ ਦੇ ਸਮਾਜ ਅਤੇ ਉਹਨਾ ਦੀ ਅਰਧ ਵਿਵਸਥਾ ਨੂੰ ਸਮਝਣ ਦੇ ਲਈ ਤਤਕਾਲਿਨ ਸਾਹਿਤਕ ਅਤੇ (ਇਕ ਸੀਮਾ ਤੱਕ) ਪੁਰਾਤਨ ਸਬੂਤਾ ਦਾ ਵਿਸਲੇਸਣ ਕੀਤਾ ਜਾਣ ਲੱਗਾ ਹੈ।
- ਸ਼ਤਪਥ ਬ੍ਰਾਹਮਣ ਵਿੱਚ ਪੁਰਸ ਨੂੰ ਸਿੱਧਾ ਨਿਯੰਤਰਣ (ਖਾਸਕਰ ਪਤੀ) ਵਿੱਚ ਜੋ ਇਸਤਰੀ ਨਹੀ ਹੈ ਉਸਦੀ ਲਿੰਗੀ ਨੂੰ ਲੈ ਕੇ ਡਰ ਵਿਅਕਤ ਕੀਤਾ ਗਿਆ ਹੈ। ਡਰ ਇਸ ਗੱਲ ਦਾ ਕੀ 'ਪਤਨੀ ਗੈਰ ਮਰਦ ਵੱਲ ਜਾ ਸਕਦੀ ਹੈ' ਨਾਲ ਹੀ ਰਾਜਾ ਦੁਆਰਾ ਵਿਆਹ ਸਬੰਧ ਦੇ ਅੰਦਰ (ਯੌਨ ਸਬੰਧ ਦੇ ਵਿਵਸਥਿਤ ਬਣੇ ਰਹਿਣ ਦੀ ਜਿੰਮੇਵਾਰੀ ਲੈਣ ਦੀ ਗੱਲ ਕੀਤੀ ਗਈ ਹੈ। ਦੇਵਰਾਜ ਵਰੁਯ ਵਿਆਹ ਤੋਂ ਪਹਿਲੇ ਸਬੰਧ ਬਣਾਉਣ ਵਾਲੀ ਇਸਤਰੀ ਨੂੰ ਬੰਦੀ ਬਣਾਉਦੇ ਹਨ। ਇਸ ਗੱਲ ਦਾ ਜਿਕਰ ਹੋਇਆ ਹੈ।
- ਛੇਵੀ ਸਦੀ ਈਸਾ ਪੂਰਵ ਤੱਕ ਆਉਦੇ-ਆਉਦੇ ਗੰਗਾ ਦੀ ਘਾਟੀ ਵਿੱਚ ਕਈ ਸਤਰਾ ਤੇ, ਚਾਹੇ ਉਹ ਖੇਤੀ ਹੋਵੇ, ਵਪਾਰ ਹੋਵੇ, ਸ਼ਹਿਰੀਕਰਨ ਹੋਵੇ, ਜਾਂ ਰਾਜ ਦਾ ਸਵਰੂਪ ਹੋਵੇ, ਵੱਡੇ ਬਦਲਾਅ ਦੇਖਣ ਨੂੰ ਮਿਲਦੇ ਹਨ। 600 ਈਸਾ ਪੂਰਵ ਤੋ 300 ਈਸਾ ਪੂਰਵ ਦੇ ਵਿੱਚ ਦੀ ਅਵਧੀ ਨੂੰ ਜੋ ਪ੍ਰਮਾਣ ਬੁੱਧ ਅਤੇ ਜੈਨ ਗ੍ਰੰਥਾ ਵਿੱਚ ਮਿਲਦੇ ਹਨ ਉਹ ਉਪਰੋਕਤ ਸਦਲਾਅ ਦੀ ਵਜ੍ਹਾ ਨਾਲ ਵਰਗ , ਜਾਤੀ ਅਤੇ ਲਿੰਗ ਅਧਾਰਿਤ ਦਰਜਾਬੰਦੀ ਤੇ ਹੋਏ ਪ੍ਰਭਾਵਾ ਦੇ ਵਿਸਤਾਰਤ ਸਮੇਟੇ ਹੋਏ ਹੋਣ ਦੀ ਵਜ੍ਹਾ ਕਰਕੇ ਕਾਫੀ ਮਹੱਤਵਪੂਰਨ ਹੈ।
- ਇਥੇ ਜੋ ਗੱਲ ਧਿਆਨ ਦੇਣ ਲਾਇਕ ਹੈ ਉਹ ਇਹ ਹੈ ਕਿ ਸਮਾਜ ਵਿੱਚ ਕੇਵਲ ਦੋ ਵਰਗ ਸਨ, ਉੱਚਾ ਅਤੇ ਨੀਵਾ। ਬ੍ਰਾਹਮਣਵਾਦੀ ਵਿਵਸਥਾ ਦੀ ਤਰ੍ਹਾ ਜਟਿਲ ਵਿਭਾਜਨ ਨਹੀ ਸੀ।ਬੁੱਧ ਦੇ ਇੱਕ ਬਿਆਨ ਵਿੱਚ ਦਰਜਾਬੰਦੀ ਦੀ ਵਿਵਸਥਾ ਵਿੱਚ ਖੇਤਰੀ ਵਿਵਿਧਤਾ ਦੀ ਹਕੀਕਤ ਦਹ ਪਤਾ ਲੱਗਦਾ ਹੈ। ਪੇਸ਼ੇ ਦੀ ਸੂਚੀ ਤੋਂ ਪਤਾ ਲੱਗਦਾ ਹੈ ਕਿ ਕੋਈ ਵੀ ਪੇਸ਼ਾ ਖਾਨਦਾਨੀ ਨਹੀ ਸੀ। ਲੇਖਨ, ਹਿਸਾਬ-ਕਿਤਾਬ, ਸੱਤਾ ਵਰਗੇ ਕਈ ਪੇਸ਼ੇ ਸਨ ਜੋ ਚੁਣਾਵ ਲਈ ਖੁੱਲੇ ਹੋਏ ਸਨ।
- ਤਾਂ ਜਿੱਥੋਂ ਤੱਕ ਵਰਗ ਅਤੇ ਜਾਤੀ ਦਾ ਪ੍ਰਸ਼ਨ ਹੈ, ਵੈਦ ਗ੍ਰੰਥਾ ਵਿੱਚ ਚਰਿੱਤਰ ਕਰਜਾਬੰਦੀ ਵਾਸਤਵਿਕ ਉਤਪਾਦਨ ਸਬੰਧਾ ਦੇ ਨਜ਼ਦੀਕ ਠਹਿਰਦੇ ਹਨ। ਇਸਦੇ ਨਾਲ ਹੀ,ਇਹ ਜਾਹਿਰ ਕਰਦੇ ਹਨ ਕਿ ਜਨਮਜਾਤ ਸਰੇਸ਼ਠਤਾ ਦੀ ਵਜ੍ਹਾਂ ਨਾਲ ਕੁੱਝ ਵਰਣ ਨਿਆਇਕ ਵਿਸ਼ੇਸ਼ ਅਧਿਕਾਰ ਦੇ ਹੱਕਦਾਰ ਹਨ, ਇਸ ਧਾਰਨਾ ਨੂੱ ਸਪੱਸ਼ਟ ਚੁਣੱਤੀ ਮਿਲ ਰਹੀ ਸੀ।

ਨੋਟ

- ਕਈ ਇਤਿਹਾਸਕਾਰ ਬ੍ਰਾਹਮਣਵਾਦ ਅਤੇ ਬ੍ਰਾਹਮਣਵਾਦੀ ਸਮਾਜਿਕ ਸਬੰਧਾਂ ਦਾ ਵਿਕਾਸਕਾਲ ਗੁਪਤਾ ਦੇ ਉਤਥਾਨ (300 ਈ: ਦੇ ਆਸਪਾਸ) ਤੋਂ ਲੈ ਕੇ ਬਾਅਦ ਤੱਕ ਕੁੱਝ ਸਦੀਆਂ ਵਿੱਚ ਦੇਖਦੇ ਹਨ। ਪਹਿਲੀ ਸਦੀ ਤੱਕ ਆਉਂਦੇ-ਆਉਂਦੇ ਜਾਤ ਵਿਵਸਥਾ ਵਿੱਚ ਅ-ਸਪਰਸ਼ਤਾ ਦਾ ਦਾਖਲਾ ਹੋ ਚੁੱਕਿਆ ਸੀ (ਜਿਸ ਨਾਲ ਚੀਨੀ ਯਾਤਰੀ ਫਾਰਹਾਗਿਆਨ ਨੇ ਵੀ ਦਰਜ਼ ਕੀਤਾ ਹੈ) ਅਤੇ ਉਹ ਫੈਲਦੀ ਜਾਤੀ ਵਿਵਸਥਾ ਦਾ ਹਿੱਸਾ ਬਣ ਚੁੱਕੀ ਸੀ।
- ਸ਼ਹਿਰੀ ਅਤੇ ਸ਼ਹਿਰੀ ਸਮੁਦਾਏ ਦੇ ਅਧਿਐਨ ਵਿੱਚ ਸੱਭ ਤੋਂ ਪਹਿਲਾਂ ਮੁਸ਼ਕਿਲ ਸ਼ਬਦ ਸ਼ਹਿਰੀ ਦੀ ਪਰਿਭਾਸ਼ਾ ਸੰਬੰਧੀ ਹੈ। ਇਸ ਮੁਸ਼ਕਿਲ ਦਾ ਕਾਰਨ ਇਹ ਕਿ ਸਮੁਦਾਇ ਸ਼ਬਦ ਨੂੰ ਦਸ਼ਾ ਇੱਕ ਭੌਤਿਕ, ਦੂਸਰੀ, ਸਮਾਜਿਕ ਨੂੰ ਨਿਯਤ ਕਰਦਾ ਹੈ। ਭੌਤਿਕ ਦਸ਼ਾ, ਜ਼ਰੂਰੀ ਨਹੀਂ, ਸਮਾਜਿਕ ਦਸ਼ਾ ਨੂੰ ਜਨਮ ਦੇਵੇ। ਸਧਾਰਨ ਤੌਰ 'ਤੇ ਸ਼ਹਿਰੀ ਖੇਤਰ ਨਾਲ ਸਾਡਾ ਮਤਲਬ ਧਨੀ ਜਨਸੰਖਿਆ ਵਾਲੇ ਖੇਤਰ ਨਾਲ ਹੁੰਦਾ ਹੈ।
- ਸਮਾਜਿਕ ਅਵਸਥਾ 'ਤੇ ਵਿਚਾਰ ਕਰਦੇ ਸਮੇ ਕਿਹਾ ਜਾ ਸਕਦਾ ਹੈ ਕਿ ਨਗਰ ਇੱਕ ਜੀਵਨ ਪ੍ਰਣਾਲੀ ਹੈ। ਸ਼ਬਦ 'urban' ਜੀਵਨ ਦੀ ਇਸ ਪ੍ਰਣਾਲੀ ਨੂੰ ਸੂਚਿਤ ਕਰਦਾ ਹੈ । ਇਹ ਫੈਸ਼ੇਨਬੇਲ ਜੀਵਨ, ਵਸਤਾਂ ਅਤੇ ਵਿਅਕਤੀਆਂ ਦੀ ਵਿਸਤ੍ਰਿਤ ਜਾਣਕਾਰੀ ਅਤੇ ਬਾਣੀ ਦੇ ਰਾਜਨੀਤਕ ਢੰਗ ਨੂੰ ਇੰਗਤ ਕਰਦਾ ਹੈ
- ਸੋਰੋਕੀਨ ਅਤੇ ਜਿਮਰਸੈਨ (Sorokin and Zimerman) ਨੇ ਕੰਮ ਨੂੰ ਇਸ ਵੰਡ ਦਾ ਮਾਪਦੰਡ ਬਣਇਆ। ਉਹਨਾਂ ਦੇ ਅਨੁਸਾਰ ਗ੍ਰਾਮੀਣ ਸਮੁਦਾਏ ਦਾ ਮੁੱਖ ਕਿੱਤਾ ਪਸ਼ੂ ਪਾਲਣ ਅਤੇ ਖੇਤੀ ਹੈ ਜਦਕਿ ਸ਼ਹਿਰੀ ਜਨਤਾ ਭਿੰਨ-ਭਿੰਨ ਪ੍ਰਕਾਰ ਦੇ ਕਿੱਤਿਆਂ ਵਿੱਚ ਸ਼ਾਮਿਲ ਹੁੰਦੀ ਹੈ। ਇਨ੍ਹਾਂ ਲੇਖਕਾਂ ਨੇ ਵੰਡ ਦੇ ਹੋਰ ਆਧਾਰਾਂ ਦਾ ਵੀ ਵਰਣਨ ਕੀਤਾ ਜਦਕਿ ਆਕਾਰ, ਘਣਤਾ, ਭਿੰਨਤਾ, ਸਮਾਜਿਕ ਵੰਡ ਅਤੇ ਦਰਜ਼ਾਬੰਦੀ, ਗਤੀਸ਼ੀਲਤਾ, ਵਾਤਾਵਰਨ ਅਤੇ ਅੰਤਰ ਕਿਰਿਆ ਦੀਆਂ ਵਿਧੀਆਂ, ਪਰ ਉਹਨਾਂ ਦੇ ਅਨੁਸਾਰ ਇਹ ਵਿਸ਼ੇਸਤਾਵਾਂ ਕਾਰਣਾਤਮਕ ਰੂਪ ਨਾਲ ਸੰਬੰਧਿਤ ਹਨ।
- ਇਸ ਪ੍ਰਕਾਰ ਆਕਾਰ, ਭਿੰਨਤਾ, ਮੋਟਾਈ ਅਤੇ ਕਿੱਤੇ ਦੇ ਤੱਤ ਥਾਂ- ਥਾਂ 'ਤੇ ਅਤੇ ਸਮੇਂ-ਸਮੇਂ 'ਤੇ ਅੰਤਰ ਹੀ ਦਰਸਾਉਂਦੇ ਹਨ । ਗ੍ਰਾਮੀਣ ਅਤੇ ਸਮੁਦਾਇ ਦੇ ਮੱਧ ਪੂਰਣ ਅਤੇ ਨਿਰਪੱਖ ਵਿਭਾਜਨ ਵਰਤਮਾਨ ਨਹੀ ਹੁੰਦੇ, ਇਸ ਕਰਕੇ ਸਾਨੂੰ ਇਹ ਸਵੀਕਾਰ ਕਰਨਾ ਹੇਵੇਗਾ ਕਿ ਗ੍ਰਾਮੀਣ ਅਤੇ ਸ਼ਹਿਰੀ ਸਮੁਦਾਏ ਧਰੁਵੀ ਪ੍ਰਕਾਰ ਹਨ ਅਤੇ ਉਨਾਂ ਨੂੰ ਪਹਿਲਾਂ ਕਥਿਤ continuum ਜੋ ਧਰੁਵ ਦੇ ਇੱਕ ਛੋਰ ਤੋ ਦੂਸਰੇ ਤੱਕ ਫ਼ੈਲਿਆ ਹੈ, ਦੇ ਉੱਪਰ ਅਨੇਕ ਬਿੰਦੂਆਂ 'ਤੇ ਦੇਖਿਆ ਜਾ ਸਕਦਾ ਹੈ।

## 5.4 ਸ਼ਬਦਕੋਸ਼ (Keywords)

- ਸੰਸ਼ਲਿਸ਼ਟ : ਲਿਪਤ ਜੁੜਿਆ ਹੋਇਆ ।
- ਵਿਸ਼ਮੰਗੀ : ਵਿਸ਼ਮ ਅੰਗ।
- ਬਰਅਕਸ : ਉਲਟ ।

## 5.5 ਅਭਿਆਸ ਪ੍ਰਸ਼ਨ (Review Questions)

1) ਜਾਤੀ, ਵਰਗ ਅਤੇ ਲਿੰਗ ਦੀ ਦਰਜ਼ਾਬੰਦੀ ਦੀ ਵਿਸਤ੍ਰਿਤ ਵਿਆਖਿਆ ਕਰੋ ।

2) ਸਮਾਜਿਕ ਪਰਿਵਰਤਨ ਅਤੇ ਜਾਤੀ ਵਿਵਸਥਾ ਦੇ ਪ੍ਰਸਾਰ ਦਾ ਵਿਵੇਚਨ ਕਰੋ ।

ਨੋਟ

3) ਸ਼ਹਿਰੀ ਅਤੇ ਉਦਯੋਗਿਕ ਵਿਵਸਥਾ ਵਿੱਚ ਦਰਜ਼ਾਬੰਦੀ ਦੀ ਭੂਮਿਕਾ ਸਪੱਸ਼ਟ ਕਰੋ ।

4) ਨਿਮਨਲਿਖਿਤ ‘ਤੇ ਟਿੱਪਣੀ ਕਰੋ

(1) ਧਰਮਸ਼ਾਸ਼ਤਰ ।

(2) ਸ਼ਹਿਰੀ ਸਮੁਦਾਏ ਦੀਆਂ ਵਿਸ਼ੇਸ਼ਤਾਵਾਂ ।

**ਉੱਤਰ : ਸਵੈ ਮੁੱਲਾਂਕਣ (Self-Assessment)**

1. (1) 1 (2) 3 (3) 3

(4) 3 (5) 1 (6) 3

2. (1) ਜੀਵਨ ਪ੍ਰਣਾਲੀ (2) ਸੋਰੋਕਿਨ ਅਤੇ ਜਿਮਰਮੇਨੇ (3) 1800

(4) ਵਪਾਰ ਅਤੇ ਵਪਾਰਕ (5) ਬੇਨਾਮੀ

## 5.6 ਸੰਦਰਭ ਪੁਸਤਕਾਂ (Further Readings)

ਬੁਕਸ

1. ਦੇਸਾਈ, ਏ. ਆਰ. ਸ਼ੋਸਲ ਬੈਕਗਰਾਉਂਡ ਆਫ ਇੰਡਿਅਨ ਨੈਸ਼ਨਲਿਜ਼ਮ, ਪਾਪੁਲਰ ਬੁੱਕ ਡਿੱਪੂ, ਬੰਬੇ।

2. ਦੀਪਾਂਕਰ ਗੁਪਤਾ, 2008 “ਸ਼ੋਸ਼ਲ ਸਟ੍ਰੇਟੀਫਿਕੇਸ਼ਨ, ਇੰਨ ਵੀਨਾ ਦਾਸ ਔਕਸਫੋਰਡ ਹੈਡ ਬੁੱਕ ਆਫ਼ ਇੰਡੀਅਨ ਸ਼ੋਸ਼ਿਓਲੋਜੀਕਲ, ਔਕਸਫੋਰਡ ਯੂਨੀਵਰਸਿਟੀ ਪ੍ਰੈਸ, ਨਵੀਂ ਦਿੱਲੀ।

ਨੋਟ

# ਇਕਾਈ–6: ਜਾਤ (Caste)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

6.1 ਜਾਤ ਦੀ ਧਾਰਨਾ ਅਤੇ ਵਿਸ਼ੇਸ਼ਤਾਵਾਂ (Concepts and Features of Caste System)

6.2 ਜਾਤ ਵਿਵਸਥਾ ਦਰਜ਼ਾਬੰਦੀ ਦੀ ਵਿਵਸਥਾ ਦੇ ਰੂਪ ਵਿੱਚ (Caste System as a System of Stratrification)

6.3 ਸਾਰ ਅੰਸ਼ (Summary)

6.4 ਸ਼ਬਦਕੋਸ਼ (Keywords)

6.5 ਅਭਿਆਸ ਪ੍ਰਸ਼ਨ (Review Questions)

6.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਜਾਤ ਦੀ ਧਾਰਨਾ ਅਤੇ ਵਿਸ਼ੇਸ਼ਤਾਵਾਂ ਨੂੰ ਸਫ਼ਲਤਾ ਪੂਰਨ ਸਮਝਣ ਵਿੱਚ।
- ਜਾਤ ਵਿਵਸਥਾ ਦਰਜ਼ਾਬੰਦੀ ਦੀ ਵਿਵਸਥਾ ਦੇ ਰੂਪ ਵਿੱਚ ਵਿਆਖਿਆ ਕਰਨ ਵਿੱਚ।

## ਜਾਣਕਾਰੀ (Introduction)

ਭਾਰਤ ਵਿੱਚ ਸਮਾਜਿਕ ਦਰਜ਼ਾਬੰਦੀ ਦਾ ਇੱਕ ਖ਼ਾਸ ਰੂਪ ਪਾਇਆ ਜਾਂਦਾ ਹੈ, ਜਿਸਨੂੰ ਜਾਤ–ਵਿਵਸਥਾ ਕਿਹਾ ਜਾਂਦਾ ਹੈ। ਜਦਕਿ ਸੰਸਾਰ ਦੇ ਅਨੇਕ ਭਾਗਾਂ, ਜਿਵੇਂ ਕਿ ਮਸਾਈ (ਓਸਸਓ), ਪੌਲੀਨੇਸ਼ੀਅਨ,ਬਰਮਾਂ ਅਤੇ ਅਮਰੀਕਾ ਵਿੱਚ ਜਾਤ ਵਿਵਸਥਾ ਦੇ ਪ੍ਰਮਾਣ ਮਿਲਦੇ ਹਨ ਅਤੇ ਭਾਰਤ ਜਾਤ ਵਿਵਸਥਾ ਦਾ ਸਭ ਤੋਂ ਪੂਰਨ ਉਦਹਾਰਣ ਹੈ। ਇੱਥੇ ਸਾਨੂੰ ਇੱਕ ਐਸਾ ਸਮਾਜਿਕ ਸੰਗਠਨ ਮਿਲਦਾ ਹੈ, ਜੋ ਅਨੇਕਾਂ ਪੱਧਰਾਂ ਤੋਂ ਬਣੇ ਆਪਣੇ ਕਿਸੇ ਮੰਦਰ ਦੀ ਤਰ੍ਹਾਂ ਵਿਸ਼ਰਦ, ਪਰ ਕਿਤੇ ਜ਼ਿਆਦਾ ਜਟਿਲ ਹੈ।

## 6.1 ਜਾਤ ਦੀਆਂ ਧਾਰਨਾਵਾਂ ਅਤੇ ਵਿਸ਼ੇਸ਼ਤਾਵਾਂ (Concepts and Features of Caste System)

ਅੰਗਰੇਜ਼ੀ ਭਾਸ਼ਾ ਦਾ ਸ਼ਬਦ 'Caste' ਸਪੈਨਿਸ਼ ਸ਼ਬਦ 'Casta' ਤੋਂ ਲਿਆ ਗਿਆ ਹੈ। 'ਕਾਸਟਾ' ਸ਼ਬਦ ਦਾ ਅਰਥ ਹੈ 'ਨਸਲ, ਜਾਤ ਜਾਂ ਖਾਨਦਾਨੀ ਤੱਥਾਂ ਜਾਂ ਗੁਣਾਂ ਦਾ ਇਕੱਠ'। ਪੁਰਤਗਾਲੀਆਂ ਨੇ ਇਸ ਸ਼ਭਦ ਦਾ ਪ੍ਰਯੋਗ ਭਾਰਤ ਦੇ ਲਈ ਉਨ੍ਹਾਂ ਲੋਕਾਂ ਦੇ ਲਈ ਕੀਤਾ, ਜਿਨ੍ਹਾਂ ਨੂੰ 'ਜਾਤ' ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਅੰਗਰੇਜ਼ੀ ਸ਼ਬਦ 'Caste' ਮੌਲਿਕ ਸ਼ਬਦ ਦਾ ਹੀ ਫੇਰਬਦਲ ਹੈ। ਭਿੰਨ–ਬਿੰਨ ਪਰਿਭਾਸ਼ਾ 'ਜਾਤ' ਸ਼ਬਦਾ ਦੀਆਂ ਭਿੰਨ–ਭਿੰਨ ਪਰਿਭਾਸ਼ਾਵਾਂ ਹੇਠ ਲਿਖਿਆਂ ਹਨ–

1. "ਜਾਤ ਪਰਿਵਾਰਾਂ ਦਾ ਇਕੱਠ ਅਤੇ ਸਮੂਹ ਹੈ ਜੋ ਇੱਕ ਹੀ ਪੂਰਵਜ, ਜੋ ਕਾਲਪਨਿਕ ਮਨੁੱਖ ਜਾਂ ਦੇਵਤਾ ਹੋਵੇ, ਤੋਂ ਵੰਸ਼–ਪਰੰਪਰਾ ਦੱਸਦੇ ਹੋਣ ਅਤੇ ਇੱਕ ਹੀ ਵਪਾਰ ਕਰਦੇ ਹੋਣ ਅਤੇ ਉਨ੍ਹਾਂ ਲੋਕਾਂ ਦੇ ਮੱਤ ਵਿੱਚ ਜਾਂ ਇਸਦੇ ਯੋਗ ਹੋਣ, ਇੱਕ ਹੀ ਭਾਰੀਚਾਰੇ ਦਾ ਮੈਂਬਰ ਮੰਨਿਆ ਜਾਂਦਾ ਹੋਵੇ।" ਰਿਜਲੇ
2. "ਜਾਤ ਇੱਕ ਨਾ–ਮੰਨਿਆ ਵਰਗ ਸਮਾਜਿਕ ਹੈ, ਜਿਸ ਵਿੱਚ ਮਨੁੱਖਾਂ ਦਾ ਜਨਮ ਹੁੰਦਾ ਹੈ ਅਤੇ ਜਿਸਨੂੰ ਉਹ ਬੜੀ ਮੁਸ਼ਕਿਲ ਨਾਲ ਹੀ ਛੱਡ ਸਕਦੇ ਹਨ।" ਲੁੰਡਵਰਗ

3. "ਜਾਤ ਇੱਕ ਅੰਤਰ-ਵਿਵਾਹੀ ਸਮੂਹ ਜਾਂ ਸਮੂਹਾਂ ਦਾ ਇਕੱਠ ਹੈਮ ਜਿਸਦਾ ਇੱਕ ਸਧਾਰਨ ਨਾਮ ਹੁੰਦਾ ਹੈ, ਜਿਸਦੀ ਮੈਂਬਰਸ਼ਿੱਪ ਪਿਤਾ-ਪੁਰਖੀ ਹੁੰਦੀ ਹੈ ਅਤੇ ਜੋ ਆਪਣੇ ਮੈਂਬਰਾਂ 'ਤੇ ਸਮਾਜਿਕ ਤੌਰ 'ਤੇ ਇਕੱਠ ਦੇ ਸੰਬੰਧ ਵਿੱਚ ਰੋਕ ਲਗਾਉਂਦੀ ਹੈ। ਜੋ ਇੱਕ ਪਰੰਪਰਾਗਤ ਇੱਕੋ ਹੀ ਪੇਸ਼ੇ ਨੂੰ ਕਰਦੀ ਹੈ ਜਾਂ ਇੱਕ ਆਮ ਇੱਕੋ ਬਰਾਦਰੀ ਨੂੰ ਬਣਾਉਣ ਵਾਲੀ ਸਮਝੀ ਜਾਂਦੀ ਹੈ।" **ਬਲੰਟ**
4. "ਜਦ ਵਰਗ ਪੂਰੇ ਤੌਰ 'ਤੇ ਖਾਨਦਾਨ 'ਤੇ ਆਧਾਰਿਤ ਹੁੰਦੀ ਹੈ, ਤਾਂ ਅਸੀਂ ਉਸਨੂੰ ਜਾਤ ਕਹਿੰਦੇ ਹਾਂ।" **ਕੂਲੇ**
5. "ਜਦ ਰੁਤਬਾ ਪੂਰੀ ਤਰ੍ਹਾਂ ਪਹਿਲਾਂ ਤੋਂ ਹੀ ਤੈਅ ਹੋਵੇ, ਤਾਂ ਕਿ ਮਨੁੱਖ ਬਿਨਾਂ ਤਬਦੀਲੀ ਦੀ ਆਸ਼ਾ ਦੇ ਆਪਣੀ ਕਿਸਮਤ ਲੈ ਕੇ ਉਜਾਗਰ ਹੁੰਦੇ ਹਨ, ਉਦੋਂ ਵਰਗ ਜਾਤ ਦਾ ਰੂਪ ਧਾਰਨ ਕਰ ਲੈਂਦੀ ਹੈ।" **ਮੈਕਾਇਵਰ**
6. "ਜਾਤ ਦੋ ਵਿਸ਼ੇਸ਼ਤਾਵਾਂ ਰੱਖਣ ਵਾਲਾ ਸਮੂਹ ਹੈ (ੳ) ਮੈਂਬਰਸ਼ਿੱਪ ਉਨ੍ਹਾਂ ਤੱਕ ਹੀ ਸੀਮਤ ਹੁੰਦੀ ਹੈ, (ਅ) ਮੈਂਬਰਾਂ ਨੂੰ ਇੱਕ ਨਾ-ਤੋੜਣ ਵਾਲੇ ਸਮਾਜਿਕ ਨਿਯਮ ਦੁਆਰਾ ਸਮੂਹ ਦੇ ਬਾਹਰ ਵਿਆਹ ਕਰਾਉਣ ਤੋਂ ਰੋਕ ਦਿੱਤਾ ਜਾਂਦਾ ਹੈ।"[7] **ਕੇਤਕਰ**
7. "ਜਾਤ ਵਿਅਕਤੀਆਂ ਦਾ ਇੱਕ ਅਜਿਹਾ ਸਮੂਹ ਹੈ, ਜਿਨ੍ਹਾਂ ਦੀਆਂ ਜਿੰਮੇਵਾਰੀਆਂ ਅਤੇ ਖ਼ਾਸ ਅਧਿਕਾਰਾਂ ਦਾ ਹਿੱਸਾ ਜਨਮ ਤੋਂ ਤੈਅ ਹੁੰਦਾ ਹੈ, ਜੋ ਕਿ ਜਾਦੂ ਜਾਂ ਧਰਮ ਦੋਨਾਂ ਤੋਂ ਲਾਇਕ ਅਤੇ ਮੰਨਣਯੋਗ ਹੁੰਦਾ ਹੈ।" **ਮਾਟਰਿਨਡੇਲ ਅਤੇ ਮੋਨੋਕੇਸੀ**
8. "ਜਾਤ ਇੱਕ ਅੰਤਰ-ਵਿਵਾਹੀ ਸਮੂਹ ਜਾਂ ਸਮੂਹਾਂ ਦਾ ਇਕੱਠ ਹੈ, ਜਿਸਦਾ ਇੱਕ ਸਧਾਰਨ ਨਾਮ ਹੁੰਦਾ ਹੈ, ਜਿਸਦਾ ਪਰੰਪਰਾਗਤ ਕਿੱਤਾ ਹੁੰਦਾ ਹੈ, ਜੋ ਆਪਣੇ ਆਪ ਨੂੰ ਇੱਕ ਹੀ ਮੂਲ ਤੋਂ ਉਪਜੇ ਮੰਨਦੇ ਹਨ ਅਤੇ ਜਿਨ੍ਹਾਂ ਨੂੰ ਆਮ ਤੌਰ 'ਤੇ ਇੱਕ ਹੀ ਬਰਾਦਰੀ ਦਾ ਅੰਗ ਸਮਝਿਆ ਜਾਂਦਾ ਹੈ।" **ਈ.ਏ. ਗੇਟ**
9. "ਜਾਤ ਦਰਜ਼ਾਬੰਦੀ ਦੀ ਅਜਿਹੀ ਵਿਵਸਥਾ ਹੈ, ਜਿਸ ਵਿੱਚ ਰੁਤਬੇ ਦੀ ਪੌੜੀ 'ਤੇ ਉੱਪਰ ਜਾਂ ਥੱਲੇ ਵੱਲ ਗਤੀਸ਼ੀਲਤਾ, ਘੱਟੋ-ਘੱਟ ਅਦਰਸ਼ਾਤਮਕ ਰੂਪ ਵਿੱਚ ਨਹੀਂ ਪਾਈ ਜਾਂਦੀ।" **ਗਰੀਨ**
10. "ਜਾਤ ਸਮਾਜਿਕ ਵਰਗ ਰਚਨਾ ਦਾ ਉਹ ਕਠੋਰ ਰੂਪ ਹੈ, ਜਿਸ ਵਿੱਚ ਵਿਅਕਤੀਆਂ ਦਾ ਅਹੁਦਾ, ਰੁਤਬਾ-ਤਰਤੀਬ ਵਿੱਚ, ਜਨਮ ਅਤੇ ਵੰਸ਼-ਪਰੰਪਰਾ ਦੁਆਰਾ ਨਿਰਧਾਰਿਤ ਹੁੰਦਾ ਹੈ।" **ਏਂਡਰਸਨ**

ਇਸ ਪ੍ਰਕਾਰ, ਵਿਚਾਰਕਾਂ ਨੇ ਜਾਤ ਦੀ ਪਰਿਭਾਸ਼ਾ ਵੱਖਰੇ ਢੰਗਾਂ ਨਾਲ ਕੀਤੀ ਹੈ। ਪਰ ਜਿਵੇਂ ਘੁਰੇ (Ghurey) ਨੇ ਲਿਖਿਆ, "ਇਨ੍ਹਾਂ ਵਿਦਵਾਨਾਂ ਦੀ ਮਿਹਨਤ ਦੇ ਬਾਵਜੂਦ ਵੀ ਜਾਤ ਦੀ ਕੋਈ ਵਾਸਤਵਿਕ ਪਰਿਭਾਸ਼ਾ ਉਪਲਬਧ ਨਹੀਂ ਹੈ।"[12] ਜਾਤ ਦੇ ਅਰਥ ਨੂੰ ਸਮਝਣ ਦਾ ਉੱਤਮ ਢੰਗ ਜਾਤ-ਵਿਵਸਥਾ ਦੇ ਵੱਖ-ਵੱਖ ਤੱਥਾਂ ਨੂੰ ਜਾਣ ਲੈਣਾ ਹੈ।

ਮੇਗਸਥੱਨੀਜ, ਈਸਾ ਪੂਰਬ ਤੀਸਰੀ ਸਦੀ ਦੇ ਚੀਨੀ ਯਾਤਰੀ ਨੇ ਜਾਤ ਵਿਵਸਥਾ ਦੇ ਦੋ ਲੱਛਣ ਦੱਸੇ ਸਨ। ਉਹ ਲਿਖਦਾ ਹੈ, "ਇਸਨੂੰ ਦੂਜੀ ਜਾਤ ਦੇ ਵਿਅਕਤੀ ਨਾਲ ਵਿਆਹ ਕਰਾਉਣ ਦੀ ਇਜ਼ਾਜਤ ਨਹੀਂ ਹੁੰਦੀ, ਨਾ ਕਿ ਇੱਕ ਕਿੱਤੇ ਜਾਂ ਵਪਾਰ ਨੂੰ ਛੱਡਕੇ ਦੂਜਾ ਕਿੱਤਾ ਜਾਂ ਵਪਾਰ ਅਤੇ ਨਾ ਹੀ ਇੱਕ ਵਿਅਕਤੀ ਨੂੰ ਇੱਕ ਤੋਂ ਜ਼ਿਆਦਾ ਕਿੱਤੇ ਕਰਨ ਦੀ ਇਜ਼ਾਜਤ ਹੁੰਦੀ ਹੈ, ਸਿਰਫ਼ ਦਾਰਸ਼ਨਿਕ ਜਾਤ ਦੇ ਮੈਂਬਰਾਂ ਨੂੰ ਛੱਡ ਕੇ, ਜਿਨ੍ਹਾਂ ਨੂੰ ਉਨ੍ਹਾਂ ਦੀ ਸ਼ਾਨੋਂ-ਸ਼ੌਕਤ ਦੇ ਕਾਰਣ ਇਸ ਤਰ੍ਹਾਂ ਦੀ ਇਜ਼ਾਜਤ ਦੇ ਦਿੱਤੀ ਜਾਂਦੀ ਹੈ।"13 ਇਸ ਤਰ੍ਹਾਂ, ਮੇਗਸਥੱਨੀਜ ਅਨੁਸਾਰ ਜਾਤ ਵਿਵਸਥਾ ਦੇ ਦੋ ਤੱਤ ਹਨ- (ੳ) ਅੰਤਰਵਿਵਾਹ ਦੀ ਮਨਾਹੀ, ਅਤੇ (ਅ) ਕਿੱਤੇ ਨੂੰ ਨਹੀਂ ਬਦਲਿਆ ਜਾ ਸਕਦਾ। ਮੇਗਸਥੱਨੀਜ ਦੇ ਵਚਾਰ ਜਦਕਿ ਜਾਤ ਵਿਵਸਥਾ ਦੇ ਦੋ ਪ੍ਰਮੁੱਖ ਲੱਛਣਾਂ ਦੀ ਤਰਫ਼ ਸਾਡਾ ਧਿਆਨ ਖਿਚਦੇ ਹਨ ਅਤੇ ਇਹ ਇਸ ਜਾਤ ਵਿਵਸਥਾ ਦਾ ਸੰਪੂਰਨ ਚਿੱਤਰ ਪੇਸ਼ ਨਹੀਂ ਕਰਦਾ। ਜਾਤ ਵਿਵਸਥਾ ਦਾ ਸੰਪੂਰਨ ਵਿਚਾਰ ਪ੍ਰਾਪਤ ਕਰਨ ਲਈ ਇਸਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ ਜਾ ਸਕਦਾ ਹੈ-

1. **ਸਮਾਜ ਦੀ ਖੰਡਨਾਤਮਕ ਵੰਡ** (**Segmental division of society**) :- ਜਾਤ ਵਿਵਸਥਾ ਦੇ ਅਧੀਨ ਸਮਾਜ ਦੀਆਂ ਅਨੇਕ ਜਾਤਾਂ ਵਿੱਚ ਵੱਖਰੇਵਾਂਪਨ ਹੁੰਦਾ ਹੈ। ਹਰ ਇੱਕ ਜਾਤ ਦਾ ਆਪਣਾ ਜੀਵਨ ਹੁੰਦਾ ਹੈ, ਜਿਸਦੀ ਮੈਂਬਰਸ਼ਿੱਪ ਜਨਮ ਦੇ ਆਧਾਰ 'ਤੇ ਨਿਰਧਾਰਿਤ ਹੁੰਦੀ ਹੈ। ਵਿਅਕਤੀ ਦਾ ਰੁਤਬਾ ਉਸਦੇ ਧਨ ਉੱਪਰ ਨਹੀਂ, ਬਲਕਿ ਉਸਦੀ ਜਾਤ ਪਰੰਪਰਾਗਤ ਮਹੱਤਵ 'ਤੇ ਨਿਰਭਰ ਕਰਦਾ ਹੈ, ਜਿਸ ਵਿੱਚ ਉਸਨੂੰ ਜਨਮ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜਾਤ ਖਾਨਦਾਨੀ ਹੁੰਦੀ ਹੈ। ਧਨ,

ਨੋਟ

ਪਛਤਾਵਾ ਅਤੇ ਪ੍ਰਾਰਥਨਾ ਦੀ ਕੋਈ ਮਾਇਆ ਉਸਦੀ ਜਾਤ ਸਥਿਤੀ ਨੂੰ ਬਦਲ ਨਹੀਂ ਸਕਦੀ। ਰੁਤਬੇ ਦਾ ਨਿਰਧਾਰਨ ਕਿੱਤੇ ਤੋਂ ਨਹੀਂ, ਬਲਕਿ ਜਨਮ ਤੋਂ ਹੁੰਦੀ ਹੈ। **ਮੈਕਾਈਵਰ** (MacIver) ਨੇ ਲਿਖਿਆ ਹੈ, "ਪੂਰਬ ਸੱਭਿਅਤਾ ਵਿੱਚ ਵਰਗ ਅਤੇ ਰੁਤਬੇ ਦਾ ਮੁੱਖ ਨਾਇਕ ਤੱਥ ਜਨਮ ਹੁੰਦਾ ਹੈ, ਪੱਛਮੀ ਸੱਭਿਅਤਾ ਵਿੱਚ ਧਨ ਦੇ ਰੂਪ ਵਿੱਚ ਬਰਾਬਰ ਜਾਂ ਜ਼ਿਆਦਾ ਮਹੱਤਵ ਹੈ ਅਤੇ ਧਨ ਜਾਤ ਦੇ ਮੁਕਾਬਲੇ ਘੱਟ ਨਾ-ਮੰਨਣ ਵਾਲਾ ਤੱਥ ਹੈ।"[14] ਜਾਤ ਦੇ ਵੱਖ-ਵੱਖ ਮੈਨਬਰ ਦੇ ਸਲੂਕ ਨੂਮ ਨਿਯਮ ਅਨੁਸਾਰ ਅਤੇ ਨਿਯੰਤ੍ਰਣ ਕਰਨ ਲਈ ਜਾਤ ਸਭਾ ਹੁੰਦੀਆਂ ਹਨ। ਇਹ ਸਭਾ ਸਾਰੀ ਜਾਤ 'ਤੇ ਰਾਜ ਕਰਦੀ ਹੈ ਅਤੇ ਸਭ ਤੋਂ ਸ਼ਕਤੀਸ਼ਾਲੀ ਸੰਗਠਨ ਹੁੰਦੀ ਹੈ, ਜੋ ਸਾਰਿਆਂ ਮੈਂਬਰਾਂ ਨੂੰ ਉਨ੍ਹਾਂ ਦੇ ਉਚਿਤ ਸਥਾਨ 'ਤੇ ਰੱਖਦੀ ਹੈ। ਜਾਤ ਦੀ ਸ਼ਾਸਕ ਸੰਸਥਾ ਨੂੰ ਪੰਚਾਇਤ ਕਿਹਾ ਜਾਂਦਾ ਹੈ, ਜਿਸਦਾ ਸ਼ਬਦਿਕ ਅਰਥ ਹੈ ਪੰਜ ਮੈਂਬਰਾਂ ਦੀ ਸੰਸਥਾ, ਪਰ ਅਸਲੀਅਤ ਵਿੱਚ ਇਸ ਸੰਸਥਾ ਵਿੱਚ ਜ਼ਿਆਦਾ ਵਿਅਕਤੀ ਵੀ ਨਿਮਾਣ ਦੇ ਸਮੇਂ ਇਕੱਠੇ ਹੋ ਸਕਦੇ ਹਨ। ਇਹ ਜਾਤ ਪਾਬੰਦੀਆਂ ਦੇ ਵਿਰੁੱਧ ਦੋਸ਼ਾਂ ਦਾ ਫ਼ੈਸਲਾ ਕਰਦੀ ਸੀ। ਇਨ੍ਹਾਂ ਪਾਬੰਦੀਆਂ ਵਿੱਚ ਜ਼ਿਆਦਾਤਰ ਇਹੋ ਜਿਹੀਆਂ ਗੱਲਾਂ ਹੁੰਦੀਆਂ ਸਨ, ਜੋ ਦੂਜੀ ਜਾਤ ਦੇ ਮੈਂਬਰਾਂ ਨਾਲ, ਖਾਣ-ਪੀਣ, ਹੁੱਕਾ ਪੀਣ ਅਤੇ ਯੌਨ ਸੰਬੰਧੀ ਗੱਲਾਂ, ਜਿਨ੍ਹਾਂ ਵਿੱਚ ਜਾਤ ਦੇ ਬਾਹਰ ਵਿਆਹ ਮਨ੍ਹਾ ਸੀ, ਮਾਮਲਿਆਂ ਦਾ ਫ਼ੈਸਲਾ ਕਰਦੀ ਸੀ। ਪੰਚਾਇਤ ਇੰਨੀ ਸ਼ਕਤੀਸ਼ਾਲੀ ਹੁੰਦੀ ਸੀ ਕਿ ਉਹ ਅੰਗਰੇਜ਼ੀ ਸ਼ਾਸ਼ਨਕਾਲ ਦੌਰਾਨ ਸਰਕਾਰੀ ਅਦਾਲਤਾਂ ਦੁਆਰਾ ਮੁਕੱਦਮਿਆਂ ਦੇ ਕੀਤੇ ਫ਼ੈਸਲੇ ਦਾ ਮੁੜ ਤੋਂ ਫ਼ੈਸਲਾ ਕਰਿਆ ਕਰਦੀ ਸੀ। ਇਸਦੇ ਦੁਆਰਾ ਦਿੱਤੇ ਗਏ ਮੁੱਖ ਸਜਾਵਾਂ (ੳ) ਜੁਰਮਾਨਾ, (ਅ) ਆਪਣੇ ਸਹਿ-ਜਾਤੀਆਂ ਨੂੰ ਪ੍ਰੀਤੀਭੋਜ, (ੲ) ਸਰੀਰਕ ਸਜਾ, (ਸ) ਧਾਰਮਿਕ ਪਵਿਤਰਤਾ ਜਾਣੀ ਗੰਗਾ ਇਸਨਾਨ ਆਦਿ, ਅਤੇ (ਹ) ਜਾਤ ਬਹਿਸ਼ਕਾਰ ਆਦਿ ਹੁੰਦੀਆਂ ਸਨ।

ਜਦਕਿ ਆਧੁਨਿਕ ਸਮੇਂ ਵਿੱਚ ਅਦਾਲਤਾਂ ਦੇ ਵਿਸਥਾਰ ਅਤੇ ਜਾਤ ਪੰਚਾਇਤ ਦੀ ਜਗ੍ਹਾ 'ਤੇ ਗਰਾਮ ਪੰਚਾਇਤ ਦੀ ਸਥਾਪਨਾ ਨਾਲ ਜਾਤ ਪੰਚਾਇਤ ਦੀ ਸੱਤਾ ਕੁੱਝ ਘੱਟ ਗਈ ਹੈ, ਅਤੇ ਹੁਣ ਜਾਤ ਆਪਣੇ ਮੈਂਬਰਾਂ ਦੇ ਸਲੂਕ ਦਾ ਨਿਯੰਤਰ ਅਤੇ ਪ੍ਰਭਾਵਿਤ ਕਰਦੀ ਹੈ।

ਨੋਟਸ ਜਾਤ ਖ਼ੁਦ ਆਪਣੀ ਸ਼ਾਸਕ ਹੁੰਦੀ ਹੈ। ਇਸਦਾ ਆਪਣਾ ਛੋਟਾ ਅਤੇ ਪੂਰਨ ਸਮਾਜਿਕ ਸੰਸਾਰ ਹੁੰਦਾ ਹੈ। ਇਹ ਅਰਧ-ਪ੍ਰਭੂ ਸੰਸਥਾ, ਅੰਤਰ-ਮੁਖੀ ਅਤੇ ਦੂਜੀਆਂ ਜਾਤਾਂ ਦੇ ਸੁੰਨਸਾਨ ਪ੍ਰੰਤੂ ਵਿਸ਼ਾਲ ਅਤੇ ਵਿਆਪਕ ਸਮਾਜ ਦਾ ਭਾਗ ਹੁੰਦੀ ਹੈ।

2. **ਸਮਾਜਿਕ ਅਤੇ ਧਾਰਮਿਕ ਪੌੜੀ-ਦਰ-ਪੌੜੀ ਸਿਧਾਂਤ (Social and Religious Hierarchy)** – ਜਾਤ ਵਿਵਸਥਾ ਦਾ ਦੂਸਰਾ ਮਹੱਤਵਪੂਰਨ ਲੱਛਣ ਇਹ ਹੈ ਕਿ ਇਸ ਵਿੱਚ ਸਮਾਜਿਕ ਮਹਾਨਤਾ ਦਾ ਇੱਕ ਨਿਸ਼ਚਿਤ ਕ੍ਰਮ ਹੁੰਦਾ ਹੈ। ਹਰ ਇੱਕ ਜਾਤ ਦਾ ਇੱਕ ਪਰੰਪਰਾਗਤ ਨਾਮ ਯਾਨੀ ਵੈਸ਼, ਬ੍ਰਾਹਮਣ ਆਦਿ ਹੁੰਦੇ ਹਨ, ਜੋ ਇਸਨੂੰ ਦੂਜੀਆਂ ਜਾਤਾਂ ਤੋਂ ਵੱਖ ਕਰਦਾ ਹੈ। ਸੰਪੂਰਨ ਸਮਾਜ ਵੱਖ-ਵੱਖ ਜਾਤਾਂ ਵਿੱਚ ਵੰਡਿਆ ਹੁੰਦਾ ਹੈ, ਜਿਸ ਵਿੱਚ ਉੱਚ ਅਤੇ ਨਿਮਨ ਦਾ ਵਿਚਾਰ ਹੁੰਦਾ ਹੈ। ਇਸ ਤਰ੍ਹਾਂ ਭਾਰਤ ਦੇ ਸਮਾਜਿਕ ਪੌੜੀ-ਦਰ-ਪੌੜੀ ਸਿਧਾਂਤ ਦੇ ਸਿਖਰ 'ਤੇ ਬ੍ਰਾਹਮਣਾਂ ਦਾ ਸਥਾਨ ਹੁੰਦਾ ਹੈ। ਮਨੂੰ ਦੇ ਅਨੁਸਾਰ, "ਬ੍ਰਾਹਮਣ ਸਾਰੀ ਸ਼੍ਰਿਸ਼ਟੀ ਦਾ ਰਾਜਾ ਹੈ, ਕਿਉਂਕਿ ਉਸਦੀ ਉਤਪਤੀ ਬ੍ਰਹਮਾ ਦੇ ਸਭ ਤੋਂ ਪਵਿਤਰ ਅੰਗ 'ਮੁੱਖ' ਤੋਂ ਹੋਈ ਹੈ। ਬ੍ਰਾਹਮਣ ਦੇ ਰੂਪ ਵਿੱਚ ਜਨਮ ਨਾਲ ਹੀ ਕੋਈ ਵੀ ਵਿਅਕਤੀ ਸਨਾਤਨ ਨਿਯਮ ਦਾ ਸਾਕਾਰ ਰੂਪ ਸਮਝਿਆ ਜਾਂਦਾ ਹੈ। ਬ੍ਰਾਹਮਣਾਂ ਨੂੰ ਭੋਜਨ ਕਰਾਉਣਾ ਧਾਰਮਿਕ ਧਨ ਪ੍ਰਾਪਤ ਕਰਨ ਦਾ ਇੱਕ ਪ੍ਰਚੱਲਿਤ ਢੰਗ ਹੈ। ਬ੍ਰਾਹਮਣ ਦਾ ਸ਼੍ਰਿਸ਼ਟੀ ਦੀ ਹਰ ਇੱਕ ਵਸਤੂ 'ਤੇ ਅਧਿਕਾਰ ਹੈ। ਸਾਰਾ ਸੰਸਾਰ ਉਸਦੀ ਸੰਪਤੀ ਹੈ ਅਤੇ ਦੂਸਰੇ ਲੋਕ ਉਸਦੀ ਕ੍ਰਿਪਾ 'ਤੇ ਜਿਉਂਦੇ ਹਨ।" ਇਸ ਸੰਬੰਧ ਵਿੱਚ ਵਿਸ਼ਨੂੰ ਮਨੁ ਤੋਂ ਵੀ ਅੱਗੇ ਹੈ। ਉਹ ਲਿਖਦਾ ਹੈ, "ਦੇਵ ਤਾਂ ਅਣਦਿੱਖ ਦੇਵਤਾ ਹਨ, ਬ੍ਰਾਹਮਣਾਂ ਦੇ ਸਹਾਰੇ ਸੰਸਾਰ ਖੜ੍ਹਾ ਹੈ, ਬ੍ਰਾਹਮਣਾਂ ਦੀ ਕ੍ਰਿਪਾ ਨਾਲ ਹੀ ਦੇਵ ਸਵਰਗ ਵਿੱਚ ਬੇਫ਼ਿਕਰ ਹੋ ਕੇ ਆਰਾਮ ਕਰਦੇ ਹਨ, ਬ੍ਰਾਹਮਣ ਦਾ ਕੋਈ ਸ਼ਬਰ ਕਦੇ ਗਲਤ ਸਿੱਧ ਨਹੀਂ ਹੁੰਦਾ। ਬ੍ਰਾਹਮਣ ਖੁਸ਼ ਹੋ ਕੇ ਜੋ ਕੁੱਝ ਕਹਿ ਦੇਵੇ, ਦੇਵ ਉਸਦਾ ਸਮਰੱਥਣ ਕਰਨਗੇ, ਜਦੋਂ ਦਿੱਖ ਦੇਵ ਖੁਸ਼ ਹਨ ਤਾਂ ਅਣਦਿੱਖ ਦੇਵ ਵੀ ਨਿਸ਼ਚਿਤ ਰੂਪ ਨਾਲ ਖੁਸ਼ ਹੋਣਗੇ।"

ਬ੍ਰਾਹਮਣਾਂ ਦੀ ਉੱਚ ਸਥਿਤੀ ਦੇ ਮੁਕਾਬਲੇ ਸ਼ੂਦਰਾਂ ਦੀ ਸਥਿਤੀ ਪੂਰਨ ਰੂਪ ਵਿੱਚ ਹੀਣ ਹੈ। ਉਹ ਵਿਸ਼ਵ-ਵਿਆਪੀ ਮਾਰਗ, ਖੂਹਾਂ, ਵਿਦਿਆਲਿਆਂ, ਮੰਦਰਾਂ ਆਦਿ ਦਾ ਪ੍ਰਯੋਗ ਨਹੀਂ ਕਰ ਸਕਦੇ ਸੀ। ਦਾਸਤਾ ਸ਼ੂਦਰਾਂ ਦੀ ਸਥਾਈ ਸਥਿਤੀ ਸੀ। ਪਹਿਲੀ ਤਿੰਨ ਜਾਤਾਂ

ਨੋਟ

ਦੇ ਮੈਂਬਰਾਂ ਨੂੰ ਸ਼ੂਦਰ ਨਾਲ ਯਾਤਰਾ ਨਹੀਂ ਕਰਨੀ ਚਾਹੀਦੀ। ਉਨ੍ਹਾਂ ਦੇ ਛੂਹਣ ਨਾਲ ਹੀ ਬਿਸਤਰਾ ਜਾਂ ਆਸਣ ਦੂਸ਼ਿਤ ਹੋ ਜਾਂਦਾ ਹੈ। ਕੁੱਝ ਅਪਰਾਧਾਂ ਲਈ ਸ਼ੂਦਰਾਂ ਨੂੰ ਕਠੋਰ ਸਜ਼ਾ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਕੋਟਲੀਆ ਦੇ ਅਨੁਸਾਰ, "ਜੇ ਕੋਈ ਸ਼ੂਦਰ ਬ੍ਰਾਹਮਣ ਇਸਤਰੀ ਦੀ ਪਵਿਤਰਤਾ ਨੂੰ ਭੰਗ ਕਰਦਾ ਹੈ ਤਾਂ ਉਸਨੂੰ ਜਿੰਦਾ ਜਲਾ ਦਿੱਤਾ ਜਾਵੇਗਾ। ਜੇ ਉਹ ਕਿਸੇ ਬ੍ਰਹਾਮਣ ਨੂੰ ਗਾਲ ਕੱਢਦਾ ਹੈ ਜਾਂ ਉਸ 'ਤੇ ਹਮਲਾ ਕਰਦਾ ਹੈ ਤਾਂ ਉਸਦੇ ਦੋਸ਼ੀ ਅੰਗ ਨੂੰ ਕੱਟ ਦਿੱਤਾ ਜਾਵੇਗਾ।

3. **ਭੋਜਨ ਅਤੇ ਸਮਾਜਿਕ ਸਮਾਗਮ 'ਤੇ ਰੋਕ** (Restrictionon feeding and social intercouurse) – ਜਾਤ ਵਿਵਸਥਾ ਦਾ ਇੱਕ ਹੋਰ ਤੱਤ ਇਹ ਵੀ ਹੈ ਕਿ ਉੱਚ ਜਾਤਾਂ ਆਪਣੀ ਰਸਮੀ ਪਵਿਤਰਤਾ ਦੀ ਸੁਰੱਖਿਆ ਲਈ ਅਨੇਕ ਮੁਸ਼ਕਿਲ ਰੋਕਾਂ ਲਾ ਦਿੰਦੀ ਹੈ। ਹਰ ਇੱਕ ਜਾਤ ਆਪਣੀ ਉਪ–ਸੰਸਕ੍ਰਿਤੀ ਦਾ ਵਿਕਾਸ ਕਰ ਲੈਂਦੀ ਹੈ। ਇਸ ਤਰ੍ਹਾਂ ਭੋਜਨ ਅਤੇ ਸਮਾਜਿਕ ਸਮਾਗਮ 'ਤੇ ਅਨੇਕ ਰੋਕਾਂ ਹੁੰਦੀਆਂ ਹਨ। ਕਿਸ ਜਾਤ ਦੇ ਮੈਂਬਰਾਂ ਤੋਂ ਕਿਸ ਪ੍ਰਕਾਰ ਦਾ ਭੋਜਨ ਮਨਜ਼ੂਰ ਕੀਤਾ ਜਾ ਸਕਦਾ ਹੈ, ਇਸ ਤਰ੍ਹਾਂ ਵਿਸ਼ੇ 'ਤੇ ਵਿਸਥਾਰ ਵਿੱਚ ਨਿਯਮ ਨਿਰਧਾਰਿਤ ਕਰ ਦਿੱਤੇ ਜਾਂਦੇ ਹਨ। ਉਦਹਾਰਣ ਦੇ ਤੌਰ 'ਤੇ ਬ੍ਰਾਹਮਣ ਕਿਸੇ ਵੀ ਜਾਤ ਤੋਂ ਘਿਉ ਵਿੱਚ ਬਣਿਆ ਭੋਜਨ ਤਾਂ ਮਨਜ਼ੂਰ ਕਰ ਸਕਦੇ ਹਨ, ਪਰ ਉਹ ਕਿਸੇ ਹੋਰ ਜਾਤ ਤੋਂ 'ਕੱਚਾ' ਭੋਜਨ ਮਨਜ਼ੂਰ ਨਹੀਂ ਕਰ ਸਕਦਾ।

ਉੱਚੀਆਂ ਜਾਤਾਂ ਦੁਆਰਾ ਅਦਾ ਕੀਤਾ 'ਦੂਸ਼ਣ' ਦਾ ਸਿਧਾਂਤ ਸਮਾਜਿਕ ਸਮਾਗਮ 'ਤੇ ਅਨੇਕਾਂ ਪ੍ਰਕਾਰ ਦੀਆਂ ਰੋਕਾਂ ਲਗਾ ਦਿੰਦਾ ਹੈ। ਇਸ ਤਰ੍ਹਾਂ ਦੂਰੀ ਦੇ ਬਾਰੇ ਵਿੱਚ ਰੋਕ ਹੈ। ਕੇਰਲ ਵਿੱਚ ਨਾਇਕ ਨੂੰ ਨੰਬੂਦਰੀ ਬ੍ਰਾਹਮਣ ਨੇੜੇ ਆਉਣ ਦੀ ਇਜ਼ਾਜਤ ਤਾਂ ਹੈ, ਪਰ ਉਹ ਉਸਨੂੰ ਛੂਹ ਨਹੀਂ ਸਕਦਾ, ਤਿਯਾਨ (Tiyan) ਲਈ ਇਹ ਹੁਕਮ ਸੀ ਕਿ ਉਹ ਬ੍ਰਾਹਮਣ ਤੋਂ ਛੱਤੀ ਕਦਮ ਦੂਰ ਰਹੇ, ਪੁਲਯਾਨ (Pulayan) ਛਿਆਂਨਵੇਂ ਕਦਮ ਦੂਰ ਰਹਿੰਦਾ ਸੀ। ਪੁਲਯਾਨ ਨੂੰ ਹਿੰਦੂ ਜਾਤ ਦੇ ਨੇੜੇ ਨਹੀਂ ਆਉਣਾ ਚਾਹੀਦਾ। ਜੇ ਨੀਵੀਂ ਜਾਤ ਦੇ ਲੋਕ ਖੂਹ ਤੋਂ ਪਾਣੀ ਪੀ ਲੈਂਦੇ ਤਾਂ ਖੂਹ ਵੀ ਦੂਸ਼ਿਤ ਹੋ ਜਾਣਗੇ। ਜਾਤ ਦੇ ਨਿਯਮ ਇੰਨੇ ਕਠੋਰ ਸਨ ਕਿ ਬ੍ਰਾਜਮਣ ਸ਼ੂਰਦਾਂ ਦੇ ਗੁਸਲਖਾਨੇ ਵਿੱਚ ਇਸਨਾਨ ਵੀ ਨਹੀਂ ਕਰ ਸਕਦਾ ਸੀ। "ਬ੍ਰਾਹਮਣ ਵੈਦ ਸ਼ੂਦਰ ਰੋਗੀ ਦੀ ਨਬਜ਼ ਦਖਿਦੇ ਸਮੇਂ ਉਸਦਾ ਹੱਥ ਨਹੀਂ ਛੂੰਹਦਾ ਸੀ, ਬਲਕਿ ਉਸਦੀ ਬਾਂਹ 'ਤੇ ਰੇਸ਼ਮੀ ਕੱਪੜਾ ਬੰਨ੍ਹ ਕੇ ਉਸਦੀ ਨਬਜ਼ ਦੇਖਦਾ ਸੀ, ਤਾਂਕਿ ਉਹ ਉਸਦੇ ਚੰਮ ਨੂੰ ਛੂਹ ਕੇ ਦੂਸ਼ਤ ਨਾ ਹੋ ਜਾਵੇ।" [16]

4. **ਸਮਜਾਤੀ–ਵਿਆਹ** (Endogamy)– ਵਿਅਕਤੀ ਜਿਸ ਜਾਤ ਵਿਚ ਜਨਮ ਲੈਂਦਾ ਸੀ, ਉਹ ਜੀਵਨਭਰ ਉਸੇ ਜਾਤ ਵਿੱਚ ਰਹਿੰਦਾ ਸੀ। ਹਰ ਇੱਕ ਜਾਤ ਉਹ–ਜਾਤਾਂ ਵਿੱਚ ਵੰਡੀ ਹੁੰਦੀ ਸੀ ਅਤੇ ਹਰ ਇੱਕ ਉਪ–ਜਾਤ ਦਾ ਇਹ ਵਿਧਾਨ ਸੀ ਕਿ ਉਹ ਆਪਣੇ ਮੈਂਬਰਾਂ ਨੂੰ ਆਪਣੀ ਉਪ–ਜਾਤ ਵਿੱਚ ਹੀ ਵਿਆਹ ਦੀ ਇਜ਼ਾਜਤ ਦੇਵੇ। ਇਸ ਤਰ੍ਹਾਂ ਹਰ ਇੱਕ ਉਪ–ਜਾਤ ਸਮਜਾਤੀ ਵਿਆਹ ਸਮੂਹ ਹੁੰਦਾ ਸੀ। "ਸਮਜਾਤੀ ਵਿਆਹ ਜਾਤ ਵਿਵਸਥਾ ਦਾ ਸਾਰ ਹੈ।" ਸਮਜਾਤੀ ਵਿਆਹ ਦੇ ਕੇਵਲ ਕੁੱਝ ਕੁ ਨਿਯਮਾਂ ਵਿੱਚ ਹੀ ਛੋਟ ਹੈ, ਜੋ ਅਨੁਲੋਮ (hypergamy) ਦੀ ਪ੍ਰਥਾ ਦੇ ਕਾਰਣ ਹੈ। ਪਰ ਪ੍ਰਤੀਲੋਮ (hypergamy) ਵਿਆਹ ਸਹਿਣ ਨਹੀਂ ਕੀਤੇ ਜਾਂਦੇ ਸਨ। ਅਨੁਲੋਮ ਵਿਆਹ ਤੋਂ ਇਲਾਵਾ ਹਰ ਇੱਕ ਵਿਅਕਤੀ ਨੂੰ ਆਪਣੀ ਹੀ ਉਪ–ਜਾਤੀ ਵਿੱਚ ਵਿਆਹ ਕਰਾਉਣਾ ਪੈਂਦਾ ਹੈ। ਇਹ ਨਿਯਮ ਦਾ ਉਲੰਘਨ ਕਰਨ ਵਾਲੇ ਵਿਅਕਤੀ ਨੂੰ ਜਾਤ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ।

5. **ਵਪਾਰ ਦੇ ਚੁਣਾਉ 'ਤੇ ਰੋਕ** (Land of Unrestriced Choice of occupation) – ਵਿਸ਼ੇਸ਼ ਜਾਤ ਦੇ ਮੈਂਬਰਾਂ 'ਤੇ ਉਸ ਜਾਤ ਦੇ ਵਪਾਰ ਨੂੰ ਅਪਣਾਉਣ ਦੀ ਆਸ਼ਾ ਕੀਤੀ ਜਾਂਦੀ ਹੈ। ਉਹ ਕੋਈ ਦੂਜਾ ਵਪਾਰ ਨਹੀਂ ਕਰ ਸਕਦੇ ਸਨ। ਪੁਸ਼ਤੈਨੀ ਵਪਾਰ ਤਿਆਗਣਾ ਠੀਕ ਨਹੀਂ ਸਮਝਿਆ ਜਾਂਦਾ ਸੀ। ਕੋਈ ਜਾਤ ਆਪਣੇ ਮੈਂਬਰਾਂ ਨੂੰ ਇਹ ਇਜ਼ਾਜਤ ਨਹੀਂ ਦਿੰਦੀ ਸੀ ਕਿ ਉਹ ਸ਼ਰਾਬ ਕੱਢਣ ਜਾਂ ਸਫ਼ਾਈ ਕਰਨ ਦਾ ਅਪਵਿਤਰ ਕੰਮ ਅਪਣਾਉਣ। ਇਹੋ ਜਿਹੀ ਰੋਕ ਨਾ ਕੇਵਲ ਆਪਣੀ ਜਾਤ ਪੱਖੋਂ ਸੀ, ਪਰ ਦੂਸਰੀ ਜਾਤ ਦੇ ਲੋਕ ਵੀ ਇਸਨੂੰ ਠੀਕ ਨਹੀਂ ਸਮਝਦੇ ਸਨ ਕਿ ਹੋਰ ਜਾਤ ਦੇ ਲੋਕ ਉਨ੍ਹਾਂ ਦੇ ਕਿੱਤੇ ਨੂੰ ਅਪਣਾਉਣ। ਜੋ ਵਿਅਕਤੀ ਬ੍ਰਾਹਮਣ ਦੇ ਘਰ ਪੈਦਾ ਨਹੀਂ ਹੋਇਆ, ਉਸਨੂੰ ਪੰਡਿਤ ਦਾ ਕੰਮ ਕਰਨ ਦੀ ਇਜ਼ਾਜਤ ਨਹੀਂ ਸੀ। ਪਰ ਦਸਤਾਵੇਜਾਂ ਤੋਂ ਪਤਾ ਚਲਦਾ ਹੈ ਕਿ ਬ੍ਰਾਹਮਣ ਹਰ ਪ੍ਰਕਾਰ ਦੇ ਕੰਮ ਕਰਿਆ ਕਰਦੇ ਸਨ। ਮਰਾਠਾ ਅੰਦੋਲਨ ਦੇ ਦੌਰਾਨ ਅਤੇ ਉਸ ਤੋਂ ਪਿੱਛੋਂ ਉਹ ਸੈਨਿਕ ਬਣੇ। ਅਕਬਰ ਦੇ ਸ਼ਾਸ਼ਨਕਾਲ ਵਿੱਚ ਉਹ ਵਪਾਰੀ ਅਤੇ ਖੇਤੀ ਮਜ਼ਦੂਰ ਬਣੇ। ਅੱਜ ਕੱਲ੍ਹ ਵੀ ਚਾਹੇ ਬ੍ਰਾਹਮਣ ਵੱਖ–ਵੱਖ ਪ੍ਰਕਾਰ ਦੇ ਵਪਾਰ ਕਰਦੇ ਹਨ, ਜਦਕਿ ਜਾਜਕਾਈ ਕੇਵਲ ਬ੍ਰਾਹਮਣ ਦਾ ਹੀ ਕਿੱਤਾ ਹੈ। ਇਸ ਤਰ੍ਹਾਂ ਅੱਜਕੱਲ੍ਹ ਕਸ਼ਤ੍ਰਿਐ ਅਤੇ ਵੈਸ਼ ਆਪਣੇ ਮੂਲ ਕਿੱਤੇ ਤੋਂ ਇਲਾਵਾ ਭਾਵੇਂ ਹੋਰ ਕੋਈ ਕਿੱਤਾ ਕਰਦੇ ਹਨ, ਪਰ ਉਹ ਜ਼ਿਆਦਾਤਰ ਆਪਣੇ ਮੂਲ ਕਿੱਤੇ ਨਾਲ ਹੀ ਜੁੜੇ ਹਨ।

ਨੋਟ

ਥੋੜੀਆਂ ਬਹੁਤ ਛੋਟਾਂ ਨੂੰ ਛੱਡ ਕੇ ਹਰ ਇੱਕ ਕਿੱਤਾ ਹਰ ਇੱਕ ਵਿਅਕਤੀ ਲਈ ਖੁੱਲ੍ਹਾ ਹੈ। ਬੇਨਸ (Baines) ਨੇ ਲਿਖਾ ਹੈ, "ਜਾਤ ਦਾ ਕਿੱਤਾ ਪਰੰਪਰਾਗਤ ਹੈ, ਪਰ ਇਸਦਾ ਅਰਥ ਨਹੀਂ ਕਿ ਉਸ ਜਾਤ ਦੇ ਸਾਰੇ ਮੈਂਬਰ ਆਪਣੀ ਰੋਜ਼ੀ-ਰੋਟੀ ਉਸੇ ਕਿੱਤੇ ਤੋਂ ਹੀ ਕਮਾਉਂਦਾ ਹੈ।"[18]

6. **ਸਿਵਲ ਅਤੇ ਧਾਰਮਿਕ ਅਪਾਹਜਪੁਣਾ** (Civil and Religious disablities) – ਸਧਾਰਨ ਤੌਰ 'ਤੇ ਅਸ਼ੁੱਧ ਜਾਤਾਂ ਨੂੰ ਨਗਰ ਦੀ ਸੀਮਾ 'ਤੇ ਰੱਖਿਆ ਜਾਂਦਾ ਹੈ। ਦੱਖਣ ਭਾਰਤ ਵਿੱਚ ਨਗਰ ਅਤੇ ਗਰਾਮ ਦੇ ਕੁੱਝ ਕੁ ਭਾਗਾਂ ਵਿੱਚ ਛੋਟੀਆਂ ਜਾਤਾਂ ਦੇ ਲੋਕ ਰਹਿ ਸਕਦੇ ਹਨ। ਇਹ ਉਲੇਖ ਹੈ ਕਿ ਮਰਾਠਾ ਅਤੇ ਪੇਸ਼ਵਾਵਾਂ ਦੇ ਸ਼ਾਸ਼ਨਕਾਲ ਵਿੱਚ ਪੂਨਾ ਨਗਰ ਦੇ ਅੰਦਰ ਤਿੰਨ ਵਜੇ ਦੁਪਹਿਰ ਤੋਂ ਸਵੇਰੇ ਨੌਂ ਵਜੇ ਤੱਕ ਮਹਾਰ ਅਤੇ ਮੰਗ ਜਾਤਾਂ ਦੇ ਮੈਂਬਰਾਂ ਨੂੰ ਆਉਣ ਦੀ ਇਜ਼ਾਜਤ ਨਹੀਂ ਸੀ, ਕਿਉਂਕਿ ਇਸ ਸਮੇਂ ਦੌਰਾਨ ਉਨ੍ਹਾਂ ਦੀ ਪਰਛਾਈ ਐਨੀ ਲੰਬੀ ਹੁੰਦੀ ਸੀ ਕਿ ਦੂਰ ਬੈਠਾ ਉੱਚ ਜਾਤ ਦਾ ਵਿਅਕਤੀ ਵੀ ਅਪਵਿਤਰ ਹੋ ਸਕਦਾ ਸੀ। ਸਾਰੇ ਭਾਰਤ ਵਿੱਚ ਸ਼ੂਦਰ ਜਾਤ ਦੇ ਲੋਕਾਂ ਨੂੰ ਉਨ੍ਹਾਂ ਦੇ ਖੂਹਾਂ ਤੋਂ ਪਾਣੀ ਭਰਨ ਦੀ ਇਜ਼ਾਜਤ ਨਹੀਂ ਸੀ, ਜਿਥੋਂ ਉੱਚ ਜਾਤ ਦੇ ਲੋਕ ਪਾਣੀ ਭਰਦੇ ਸਨ। ਪਬਲਿਕ ਸਕੂਲਾਂ ਵਿੱਚ ਚਮਾਰ ਅਤੇ ਮਹਾਰ ਜਾਤ ਦੇ ਬੱਚਿਆਂ ਨੂੰ ਦਾਖਲਾ ਨਹੀਂ ਮਿਲਦਾ ਸੀ। ਸ਼ੂਦਰ ਲੋਕ ਵੇਦ-ਪੁਰਾਨ ਦਾ ਅਧਿਐਨ ਨਹੀਂ ਕਰ ਸਕਦੇ ਸਨ। ਸਵਾਮੀ ਮਾਧਵਰਾਓ ਦੇ ਕਾਲ ਵਿੱਚ ਪੇਸ਼ਵਾ ਸਰਕਾਰ ਨੇ ਇਹ ਨਿਯਮ ਬਣਾਇਆ ਸੀ ਕਿ, ਕਿਉਂਕਿ ਮਹਾਰ ਅਤਿ ਸੁੰਦਰ ਹਨ, ਇਸ ਲਈ ਬ੍ਰਾਹਮਣ ਉਨ੍ਹਾਂ ਦੇ ਵਿਆਹ ਸੰਸਕਾਰ ਨਾ ਕਰਵਾਉਣ। ਸ਼ੂਦਰ ਮੰਦਰਾਂ ਵਿੱਚ ਨਹੀਂ ਜਾ ਸਕਦੇ ਸਨ। ਬ੍ਰਾਹਮਣ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ ਸੀ। ਕੈਦ ਦੀ ਸਥਿਤੀ ਵਿੱਚ ਉਨ੍ਹਾਂ ਨਾਲ ਦੂਜਿਆਂ ਨਾਲੋਂ ਚੰਗਾ ਵਰਤਾਉ ਕੀਤਾ ਜਾਂਦਾ ਸੀ।

### 6.1.1 ਵਰਗ ਅਤੇ ਜਾਤ ਵਿੱਚ ਅੰਤਰ

ਉੱਪਰ ਅਸੀਂ ਜਾਤ ਵਿਵਸਥਾ ਦੇ ਲੱਛਣਾਂ ਦਾ ਵਰਣਨ ਕੀਤਾ ਹੈ, ਜੋ ਉਧਾਰਨ ਤੌਰ 'ਤੇ ਵਰਗ ਦੀ ਧਾਰਨਾ ਵਿੱਚ ਨਹੀਂ ਪਾਏ ਜਾਂਦੇ। ਜਾਤ ਅਤੇ ਵਰਗ ਦੇ ਵਿੱਚ ਅੰਤਰ ਨੂੰ ਸਪੱਸ਼ਟ ਕਰਦੇ ਹੋਏ **ਮੈਕਾਇਵਰ** (MacIver) ਨੇ ਲਿਖਿਆ ਹੈ, "ਜਦਕਿ ਪੂਰਵੀ ਸੱਭਿਅਤਾਵਾਂ ਦੇ ਵਰਗ ਅਤੇ ਰੁਤਵੇ ਦਾ ਮੁੱਖ ਨਿਰਧਾਰਕ ਵਿਅਕਤੀ ਸੀ, ਪੱਛਮੀ ਸੱਭਿਅਤਾ ਵਿੱਚ ਧਨ ਸਮਾਨ ਅਤੇ ਜ਼ਿਆਦਾ ਮਹੱਤਵਪੂਰਨ ਵਰਗ ਨਿਰਧਾਰਕ ਤੱਤ ਹੈ। ਧਨ ਜਨਮ ਆਸ਼ਾ ਘੱਟ ਮੰਨਣਯੋਗ ਨਿਰਧਾਰਕ ਹੈ, ਇਹ ਜ਼ਿਆਦਾ ਵੱਡਾ ਹੈ, ਇਸ ਕਰਕੇ ਇਸਦੇ ਦਾਅਵਿਆਂ ਨੂੰ ਜ਼ਿਆਦਾ ਆਸਾਨੀ ਨਾਲ ਚੁਣੌਤੀ ਦਿੱਤੀ ਜਾਂਦੀ ਹੈ। ਇਹ 'ਮਾਤਰਾ' ਦਾ ਵਿਸ਼ਾ ਹੈ। ਇਸ ਵਿੱਚ 'ਪ੍ਰਕਾਰ' ਦੇ ਅੰਤਰ ਪੈਦਾ ਨਹੀਂ ਹੁੰਦੇ। ਇਹ ਅੰਤਰ ਖੰਡਣਯੋਗ, ਸਥਾਨ ਅੰਤ੍ਰਣਯੋਗ ਅਤੇ ਹਾਸਲ ਕਰਨ ਯੋਗ ਹੁੰਦਾ ਹੈ। ਇਸ ਵਿੱਚ ਭੇਦ ਦੀ ਅਜਿਹੀ ਸਥਾਈ ਰੇਖਾ ਨਹੀਂ ਹੁੰਦੀ ਜਿਹੋ ਜਿਹੀ ਜਨਮ ਤੱਥ ਖਿੱਚ ਦਿੰਦਾ ਹੈ।"[19] ਵਰਗ ਅਤੇ ਜਾਤ ਦਾ ਅੰਤਰ ਸਪੱਸ਼ਟ ਕਰਦੇ ਹੋਏ **ਆਗਵਰਨ ਅਤੇ ਨਿਮਕਾਫ਼** ਨੇ ਲਿਖਿਆ ਹੈ, "ਕੁੱਝ ਸਮਾਜਾਂ ਵਿੱਚ ਵਿਅਕਤੀਆਂ ਲਈ ਸਮਾਜਿਕ ਲੜੀ ਵਿੱਚ ਉੱਪਰ ਜਾਂ ਵੀਚੇ ਜਾਣਾ ਇੱਕੋ ਜਿਹਾ ਨਹੀਂ ਹੈ। ਜਿੱਥੇ ਇਹ ਸੰਭਵ ਹੈ, ਉਹ ਸਮਾਜ 'ਖੁੱਲ੍ਹੇ' (Open) ਵਰਗਾਂ ਦੇ ਸਮਾਜ ਹੁੰਦੇ ਹਨ। ਦੂਸਰੇ ਸਮਾਜਾਂ ਵਿੱਚ ਅਜਿਹਾ ਉਤਰਾਅ-ਚੜ੍ਹਾਅ ਘੱਟ ਹੁੰਦਾ ਹੈ, ਵਿਅਕਤੀ ਸਾਰੀ ਉਮਰ ਉਸੇ ਹੀ ਵਰਗ ਵਿੱਚ ਰਹਿੰਦਾ ਹੈ ਜਿਸ ਵਿੱਚ ਉਸਦਾ ਜਨਮ ਹੁੰਦਾ ਹੈ। ਅਜਿਹੇ ਵਰਗ 'ਬੰਦ' (Closed) ਵਰਗ ਹੁੰਦੇ ਹਨ ਅਤੇ ਜੇਕਰ ਇਨ੍ਹਾਂ ਵਿਚ ਜ਼ਿਆਦਾ ਵੰਡ ਕੀਤੀ ਜਾਏ ਤਾਂ ਜਾਤ ਵਿਵਸਥਾ ਦਾ ਨਿਰਮਾਣ ਹੋ ਜਾਂਦਾ ਹੈ।"[20] ਜਦ ਵਰਗ ਜੱਦੀ ਬਣ ਜਾਂਦਾ ਹੈ, ਤਾਂ ਉਸਨੂੰ ਕੂਲੇ ਦੇ ਅਨੁਸਾਰ, ਜਾਤ ਕਹਿੰਦੇ ਹਨ।

ਵਰਗ ਅਤੇ ਜਾਤ ਦੇ ਪ੍ਰਮੁੱਖ ਅੰਤਰ ਹੇਠ ਲਿਖੇ ਹਨ-

1. **ਖੁੱਲ੍ਹੇ ਬਨਾਮ ਬੰਦ** (Open vs. Closed) ਵਰਗ ਜਾਤ ਦੇ ਮੁਕਾਬਲੇ ਜ਼ਿਆਦਾ ਖੁਲ੍ਹਾ ਹੁੰਦਾ ਹੈ। ਹਿਲਰ(Hiller) ਨੇ ਲਿਖਿਆ ਹੈ, "ਵਰਗ ਵਿਵਸਥਾ ਖੁੱਲ੍ਹੀ ਵਿਵਸਥਾ ਹੁੰਦੀ ਹੈ। ਜੇਕਰ ਦਰਜ਼ਾਬੰਦੀ ਵਿੱਚ ਸਿੱਧੀ ਗਤੀਸ਼ੀਲਤਾ (Verticle mobility) ਬੰਦ ਹੁੰਦੀ ਹੈ ਤਾਂ ਇਹ ਵਰਗ ਵਿਵਸਥਾ ਨਾ ਰਹਿ ਕੇ ਜਾਤ ਵਿਵਸਥਾ ਬਣ ਜਾਂਦੀ ਹੈ।"[21] ਕਿਉਂਕਿ ਵਰਗ ਖੁੱਲ੍ਹਾ ਅਤੇ ਲਚੀਲਾ ਹੁੰਦਾ ਹੈ ਸਮਾਜਿਕ ਗਤੀਸ਼ੀਲਤਾ ਸਰਲ ਹੁੰਦੀ ਹੈ। ਮਨੁੱਖ ਆਪਣੇ ਉੱਦਮ ਅਤੇ ਮਿਹਨਤ ਨਾਲ ਆਪਣਾ ਵਰਗ ਬਦਲ ਸਕਦਾ ਹੈ ਅਤੇ ਉੱਚ ਸਮਾਜਿਕ ਰੁਤਬਾ ਹਾਸਿਲ ਕਰ ਸਕਦਾ ਹੈ। ਜੇਕਰ ਕੋਈ ਮਨੁੱਖ ਮਜ਼ਦੂਰ ਵਰਗ ਵਿੱਚ ਜਨਮ ਲੈਂਦਾ ਹੈ ਤਾਂ ਉਸ ਲਈ ਜੀਵਨ ਭਰ ਉਸ ਵਰਗ ਵਿੱਚ ਰਹਿਣਾ ਅਤੇ ਉਸ ਵਿੱਚ ਮਰਨਾ ਜ਼ਰੂਰੀ ਨਹੀਂ। ਉਹ ਜੀਵਨ ਵਿੱਚ ਸਫ਼ਲਤਾ ਅਤੇ ਧਨ ਲਈ

ਨੋਟ

ਯਤਨ ਕਰ ਸਕਦਾ ਹੈ ਅਤੇ ਸੰਪਤੀ ਨਾਲ ਆਪਣਾ ਰੁਤਵਾ ਬਦਲ ਸਕਦਾ ਹੈ। ਜਾਤ ਵਿਵਸਥਾ ਵਿੱਚ ਜਾਤ-ਰੁਤਬਾ ਬਦਲਣਾ ਨਾ-ਮੁਮਕਿਨ ਹੈ। ਇੱਕ ਵਾਰ ਮਨੁੱਖ ਦਾ ਜਨਮ ਜਿਸ ਜਾਤ ਵਿੱਚ ਹੋ ਜਾਂਦਾ ਹੈ, ਉਹ ਜੀਵਨ ਭਰ ਉਸੇ ਵਿੱਚ ਰਹਿੰਦਾ ਹੈ ਅਤੇ ਉਸਦੇ ਬੱਚਿਆਂ ਦਾ ਵੀ ਉਹੀ ਭਾਗ ਹੁੰਦਾ ਹੈ। ਇਸ ਤਰ੍ਹਾਂ ਜਾਤ ਇੱਕ ਬੰਦ ਵਰਗ ਵਿਅਕਤੀ ਦਾ ਸਮਾਜਿਕ ਅਹੁਦਾ ਉਸਦੀ ਜਾਤ ਦੇ ਅਹੁਦੇ ਤੋਂ ਨਿਰਧਾਰਿਤ ਹੁੰਦਾ ਹੈ, ਉਸਦੀ ਆਪਣੀ ਉਪਲਬਧੀ ਦਾ ਇਸ ਅਹੁਦੇ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਦੂਜੀ ਤਰਫ਼, ਵਰਗ ਦੀ ਮੈਂਬਰਸ਼ਿੱਪ ਖਾਨਦਾਨੀ ਆਧਾਰ 'ਤੇ ਨਹੀਂ ਹੁੰਦੀ, ਪਰ ਵਿਅਕਤੀ ਦੀ ਸੰਸਾਰਿਕ ਉਪਲਬਧੀਆਂ 'ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਵਰਗ ਵਿਵਸਥਾ ਖੁੱਲ੍ਹੀ ਅਤੇ ਲਚੀਲੀ ਵਿਵਸਥਾ ਹੁੰਦੀ ਹੈ, ਜਦਕਿ ਜਾਤ ਵਿਸਸਥਾ ਬੰਦ ਅਤੇ ਸਖ਼ਤ ਹੁੰਦੀ ਹੈ।

2. **ਦੈਵਿਕ ਬਨਮ ਗੈਰ-ਧਾਰਮਿਕ** (Divine vs. Secular)- ਦੂਜੀ ਜਾਤ ਵਿਵਸਥਾ ਨੂੰ ਦੈਵਿਕ ਵਿਧਾਨ ਸਮਝਿਆ ਜਾਂਦਾ ਹੈ। ਮੈਕਾਇਵਰ ਨੇ ਲਿਖਿਆ ਹੈ, "ਜੇਕਰ ਸਖ਼ਤ ਧਾਰਮਿਕ ਜ਼ੋਰ ਨਾ ਹੁੰਦੇ ਤਾਂ ਜਾਤ ਦੀ ਨਿਸ਼ਚਿਤ ਸੀਮਾ ਦਾ ਨਿਰਵਾਹ ਨਹੀਂ ਕੀਤਾ ਜਾ ਸਕਦਾ ਸੀ।

ਜਾਤ ਨੂੰ ਆਪਣੀ ਅਨੋਖੀ ਉਤਪਤੀ ਦੀ ਵਿਆਖਿਆ ਦੇ ਨਾਲ ਧਾਰਮਿਕ ਵਿਸ਼ਵਾਸ ਜਾਤ-ਵਿਸ਼ਵਾਸ ਦੀ ਸਥਿਤੀ ਦੇ ਨਾਲ ਅਟਲ ਹੈ। ਜਿੱਤ ਦੇ ਫਲਸਰੂਪ ਗੁਲਾਮੀ ਅਤੇ ਅਧੀਨਗੀ ਨਾਲ ਹਿੰਦੂ ਜਾਤ ਰਚਨਾ ਦੀ ਸ਼ੁਰੂਆਤ ਹੋਈ ਹੋਵੇਗੀ ਅਤੇ ਸ਼ਾਇਦ ਸਮਜਾਤੀ ਵਿਆਹ ਸਮੂਹ ਨੂੰ ਦੂਜੇ ਸਮੂਹ ਦੇ ਅਧੀਨ ਕਰਨ ਦੇ ਦੁਆਰਾ ਜਾਤ ਦੀ ਸ਼ਕਤੀ, ਸ਼ਾਨੋਂ-ਸ਼ੌਕਤ ਅਤੇ ਮਾਣ-ਸਨਮਾਨ ਦੁਆਰਾ ਸਮੂਹਾਂ ਦੇ ਸਮਾਜਿਕ ਵੰਡ ਦੇ ਨਾਲ ਜਾਤ ਪ੍ਰਥਾ ਪੈਦਾ ਹੋਈ ਹੋਵੇਗੀ। ਹਕੀਕਤ ਵਿੱਚ ਇਹ ਸਮੂਹ ਸਪੱਸ਼ਟ ਸਮਾਜਿਕ ਚਿੰਨਾਂ ਤੋਂ ਅਲੱਗ ਨਹੀਂ ਕੀਤੇ ਗਏ ਹਨ, ਪਰ ਉਨ੍ਹਾਂ ਦੀ ਵੰਡ ਪਰਮਾਨਿਕ ਸਥਿਤੀ ਦੇ ਬੁੱਧੀਕਰਨ ਤੋਂ ਹੋਇਆ ਹੈ ਅਤੇ ਧਾਰਮਿਕ ਮੈਂਬਰਾਂ ਤੋਂ ਉਹ 'ਅਮਰ' ਬਣ ਗਏ ਹਨ।"[22] ਹਰ ਇੱਕ ਵਿਅਕਤੀ ਦਾ ਇਹ ਧਾਰਮਿਕ ਫ਼ਰਜ਼ ਹੈ ਕਿ ਉਹ ਆਪਣੇ ਧਰਮ ਮੁਤਾਬਿਕ ਆਪਣੇ ਜਾਤ ਸੰਬੰਧੀ ਕੰਮਾਂ ਨੂੰ ਪੂਰਾ ਕਰੇ। ਭਗਵਤ ਗੀਤਾ ਵਿੱਚ ਰੱਬ ਨੇ ਚਾਰਾਂ ਜਾਤਾਂ ਦੇ ਕੰਮਾਂ ਅਤੇ ਫ਼ਰਜ਼ ਨਿਰਧਾਰਿਤ ਕਰ ਦਿੱਤੇ ਹਨ। ਵਿਅਕਤੀ ਨੂੰ ਆਪਣੀ ਜਾਤ ਦੇ ਫ਼ਰਜ਼ ਨੂੰ ਪੂਰਾ ਕਰਨਾ ਚਾਹੀਦਾ ਹੈ, ਨਹੀਂ ਤਾਂ ਉਸਦਾ ਅਗਲਾ ਜਨਮ ਨੀਵੀਂ ਜਾਤ ਵਿੱਚ ਹੋਵੇਗਾ ਅਤੇ ਉਸ ਨੂੰ ਮੌਕਸ਼ ਨਹੀਂ ਮਿਲੇਗੀ।

ਨੀਵੀਂ ਜਾਤ ਦੇ ਲੋਕ ਜੇਕਰ ਆਪਣਾ ਫ਼ਰਜ਼ ਪੂਰਾ ਕਰਦੇ ਹਨ ਤਾਂ ਉਨ੍ਹਾਂ ਦਾ ਅਗਲਾ ਜਨਮ ਉੱਚ ਜਾਤ ਵਿੱਚ ਹੋਵੇਗਾ। ਜੇਕਰ ਧਰਮ ਨੇ ਜਾਤ ਵਿਵਸਥਾ ਨੂੰ ਪਵਿਤਰ ਅਤੇ ਨਾ-ਟੁੱਟਣ ਵਾਲਾ ਨਾ ਬਣਾ ਦਿੱਤਾ ਹੁੰਦਾ ਤਾਂ ਭਾਰਤ ਵਿੱਚ ਇਹ ਐਨੀਆਂ ਸਦੀਆਂ ਤੱਕ ਜਿਉਂਦੀ ਨਾ ਰਹਿੰਦੀ। ਦੂਜੀ ਤਰਫ਼ ਸਮਾਜ ਦੇ ਵਰਗ ਦਰਜ਼ਾਬੰਦੀ ਵਿੱਚ ਦੈਵਿਕ ਉਤਪਤੀ ਦਾ ਕੋਈ ਪ੍ਰਸ਼ਨ ਨਹੀਂ ਹੈ। ਵਰਗਾਂ ਦੀ ਉਤਪਤੀ ਗੈਰ-ਧਾਰਮਿਕ ਹੈ। ਉਨ੍ਹਾਂ ਦਾ ਆਧਾਰ ਧਾਰਮਿਕ ਵਿਸ਼ਵਾਸ ਨਹੀਂ ਹੈ।

3. **ਸਮ-ਜਾਤੀ ਵਿਆਹ (Endogamy)** - ਤੀਜੀ, ਜਾਤ ਵਿਵਸਥਾ ਵਿੱਚ ਵਿਆਹ-ਸਾਥੀਆਂ ਦਾ ਚੁਣਾਉ ਜਾਤ ਦੇ ਅੰਦਰ ਹੀ ਹੁੰਦਾ ਹੈ। ਮੈਂਬਰਾਂ ਨੂੰ ਆਪਣੀ ਜਾਤ ਦੇ ਅੰਦਰ ਹੀ ਵਿਆਹ ਕਰਵਾਉਣਾ ਹੁੰਦਾ ਹੈ। ਜਾਤ ਦੇ ਬਾਹਰ ਵਿਆਹ ਕਰਵਾਉਣ ਵਾਲੇ ਵਿਅਕਤੀ ਨੂੰ ਜਾਤ ਤੋਂ ਬਾਹਰ ਕੱਢ ਦਿੱਤਾ ਜਾਂਦਾ। ਵਰਗ ਵਿਵਸਥਾ ਵਿੱਚੋਂ ਅਜਿਹਾ ਕੋਈ ਪ੍ਰਬੰਧ ਨਹੀਂ ਹੁੰਦਾ। ਅਮੀਰ ਵਿਅਕਤੀ ਗਰੀਬ ਕੁੜੀ ਨਾਲ, ਜਾਤ ਤੋਂ ਬਾਹਰ ਕੱਢੇ ਬਿਨਾਂ ਵਿਆਹ ਕਰਵਾ ਸਕਦਾ ਹੈ। ਪੜ੍ਹੀ-ਲਿਖੀ ਕੁੜੀ ਅਣਪੜ੍ਹ ਵਿਅਕਤੀ ਨਾਲ ਪੜ੍ਹੇ-ਲਿਖਿਆਂ ਦੇ ਵਰਗ ਤੋਂ ਬਾਹਰ ਕੱਢੇ ਜਾਣ ਬਿਨਾਂ ਵਿਆਹ ਕਰ ਸਕਦੀ ਹੈ।

4. **ਵਰਗ ਚੇਤਨਾ (Class consciousness)** - ਚੌਥਾ, ਵਰਗ ਦਾ ਨਿਰਮਾਣ ਕਰਨ ਲਈ ਵਰਗ ਚੇਤਨਾ ਜ਼ਰੂਰੀ ਤੱਥ ਹੈ, ਪਰ ਜਾਤ ਦੇ ਮੈਂਬਰਾਂ ਵਿੱਚ ਅਜਿਹੀ ਕੋਈ ਆਪਣੀ ਨੈਤਿਕ ਚੇਤਨਾ ਦੀ ਜ਼ਰੂਰਤ ਨਹੀਂ ਹੈ।

5. **ਸ਼ਾਨੋਂ-ਸ਼ੋਕਤ (Prestige)** - ਪੌਜਵਾਂ, ਵੱਖ-ਵੱਖ ਜਾਤਾਂ ਦੀ ਸੰਬੰਧਿਤ ਸਮਾਜਿਕ ਇੱਜ਼ਤ ਪੂਰਨਤਾ ਨਿਰਧਾਰਿਤ ਹੈ, ਪਰ ਵਰਗ ਵਿਵਸਥਾ ਵਿੱਚ ਇੱਜ਼ਤ ਦਾ ਕੋਈ ਸਖ਼ਤ ਨਿਰਧਾਰਿਤ ਕ੍ਰਮ ਨਹੀਂ ਹੁੰਦਾ।

ਹਾਲ ਹੀ ਵਿੱਚ ਮਹਾਂਸਭਾ ਨੇ ਮੰਡਲ ਝਗੜੇ ਵਿੱਚ ਆਪਣਾ ਫ਼ੈਸਲਾ ਦਿੰਦੇ ਹੋਏ ਜਾਤ ਨੂੰ ਪਿਛੜੇ ਵਰਗ ਦਾ ਨਿਰਧਾਰਕ ਘੋਸ਼ਿਤ ਕੀਤਾ ਹੈ ਅਤੇ ਪਹਿਲਾਂ ਹੀ ਦੱਸੀਆਂ ਹੋਈਆਂ ਅਗਾਉਂ ਜਾਤੀਆਂ ਦੇ ਵਿਅਕਤੀ ਚਾਹੇ ਪੜ੍ਹਾਈ ਜਾਂ ਆਰਥਿਕ ਰੂਪ ਵਿੱਚ ਕਿੰਨੇ ਹੀ ਪੱਛੜੇ ਹੋਏ ਹੋਣ, ਨੂੰ ਪੱਛੜੇ ਵਰਗਾਂ ਦੀ ਪਰਿਭਾਸ਼ਾ ਵਿੱਚ ਸ਼ਾਮਿਲ ਨਹੀਂ ਕੀਤਾ ਹੈ। ਇਸ ਤਰ੍ਹਾਂ ਅਦਾਲਤ ਦੇ ਫ਼ੈਸਲੇ ਅਨੁਸਾਰ ਜਾਤ ਅਤੇ ਵਰਗ ਬਰਾਬਰ ਹੋ ਗਏ ਹਨ।

ਨੋਟ

### 6.1.2 ਜਾਤ ਵਿਵਸਥਾ ਦਾ ਜਨਮ

ਜਾਤ ਵਿਵਸਥਾ ਦੇ ਜਨਮ ਦੀ ਸਹੀ ਖੋਜ ਨਹੀਂ ਕੀਤੀ ਜਾ ਸਕਦੀ। ਇਸ ਵਿਵਸਥਾ ਦਾ ਜਨਮ ਭਾਰਤ ਵਿੱਚ ਹੋਇਆ, ਅਜਿਹਾ ਕਿਹਾ ਜਾਂਦਾ ਹੈ। ਭਾਰਤ-ਆਰੀਆ ਸੱਭਿਅਤਾ ਦੇ ਦਸਤਾਵੇਜਾਂ ਦੇ ਉਲੇਖਾਂ ਵਿੱਚ ਇਸਦਾ ਉਲੇਖ ਸਭ ਤੋਂ ਪਹਿਲਾਂ ਮਿਲਦਾ ਹੈ ਅਤੇ ਤੱਥਾਂ ਦਾ ਲਗਾਤਾਰ ਇਤਿਹਾਸ ਵੀ ਮਿਲਦਾ ਹੈ। ਜਿਨ੍ਹਾਂ ਤੋਂ ਜਾਤ ਵਿਵਸਥਾ ਦਾ ਨਿਰਮਾਣ ਹੋਇਆ। ਜਿਨ੍ਹਾਂ ਲੋਕਾਂ ਨੂੰ ਭਾਰਤ-ਆਰੀਆ ਕਿਹਾ ਜਾਂਦਾ ਹੈ, ਉਹ ਭਾਸ਼ਾ ਦੇ ਦ੍ਰਿਸ਼ਟੀਕੋਣ ਤੋਂ ਇੱਕ ਵੱਡੇ ਭਾਰਤ ਯੂਰਪੀਅਨ ਅਤੇ ਭਾਰਤ-ਜਰਮਨ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਵਿੱਚ ਐਂਗਲੋ-ਸੈਕਸਨ, ਕੈਲਟ (Celts), ਰੋਮਨ, ਸਪੈਨਿਸ਼, ਪੁਰਤਗਾਲੀ ਅਤੇ ਈਰਾਨੀ ਆਦਿ ਸ਼ਾਮਿਲ ਹਨ। ਇਨ੍ਹਾਂ ਲੋਕਾਂ ਦਾ ਇੱਕ ਵਰਗ, ਜੋ 2500 ਬੀ.ਸੀ. ਵਿੱਚ ਭਾਰਤ ਪਹੁੰਚਿਆ, ਭਾਰਤ-ਆਰਿਆ ਕਹਾਇਆ।

1. **ਜਾਤ ਸਿਧਾਂਤ (Racial Theory)** – ਡਾ.ਮਜੂਮਦਾਰ ਦੇ ਅਨੁਸਾਰ ਜਾਤ ਪ੍ਰਥਾ ਦਾ ਜਨਮ ਭਾਰਤ ਵਿੱਚ ਆਰੀਆ ਦੇ ਆਉਣ ਤੋਂ ਪਿੱਛੋਂ ਹੋਇਆ। ਆਪਣੀ ਸੁੰਨਸਾਨ ਹੋਂਦ ਬਣਾਈ ਰੱਖਣ ਲਈ ਭਾਰਤ-ਆਰੀਆ ਦੇ ਕੁੱਝ ਕੁ ਵਿਅਕਤੀਆਂ ਦੇ ਸਮੂਹਾਂ ਦੇ ਲਈ 'ਜਾਤ' ਸ਼ਬਦ ਦਾ ਪ੍ਰਯੋਗ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ 'ਗੁਲਾਮ ਜਾਤ' ਸ਼ਬਦ ਨੂੰ ਗੁਲਾਮ ਲੋਕਾਂ ਦੇ ਲਈ ਵਰਤਿਆ। ਰਿੱਗਵੇਦ ਵਿੱਚ ਆਇਆ ਅਤੇ ਦਾਸ ਦੇ ਅੰਤਰ ਨੂੰ ਸਪੱਸ਼ਟ ਰੂਪ ਵਿੱਚ ਦੱਸਿਆ ਗਿਆ ਹੈ। ਕੇਵਲ ਰੰਗ ਵਿੱਚ ਹੀ ਨਹੀਂ, ਬਲਕਿ ਬੋਲਚਾਲ, ਧਾਰਮਿਕ ਅਤੇ ਸਰੀਰਕ ਲੱਛਣਾਂ ਵਿੱਚ ਵੀ ਅੰਤਰ ਸੀ। ਰਿੱਗਵੇਦ ਵਿੱਚ ਤਿੰਨ ਵਰਗਾਂ ਬ੍ਰਾਹਮਣ, ਕਸ਼ਤ੍ਰਿਐ ਅਤੇ ਵੈਸ਼ ਦਾ ਅਕਸਰ ਵਰਣਨ ਆਉਂਦਾ ਹੈ। ਚੌਥੇ ਵਰਗ 'ਸ਼ੂਦਰ' ਦਾ ਵਰਣਨ ਕੇਵਲ ਇੱਕ ਵਾਰ ਮਿਲਦਾ ਹੈ। ਪਹਿਲੇ ਦੋ ਵਰਗ, ਮਤਲਬ ਬ੍ਰਾਹਮਣ ਅਤੇ ਕਸ਼ਤ੍ਰਿਐ ਕਾਵਿ-ਪਰੋਹਿਤ ਅਤੇ ਯੋਧੇ ਦੇ ਦੋ ਕਿੱਤਿਆਂ ਦਾ ਸਿਲਸਿਲੇਵਾਰ ਪ੍ਰਤੀਨਿਧ ਕਰਦੇ ਸਨ। ਵੈਸ਼ ਵਰਗ ਵਿੱਚ ਸਾਰੇ ਆਮ ਲੋਕ ਹਨ। ਸ਼ੂਦਰ ਵਰਗ ਵਿੱਚ ਘਰੇਲੂ ਨੌਕਰ, ਜਿਨ੍ਹਾਂ ਦੀ ਸਥਿਤੀ ਗੁਲਾਮਾਂ ਵਰਗੀ ਸੀ, ਸ਼ਾਮਿਲ ਸਨ। ਇਨ੍ਹਾਂ ਚਾਰਾਂ ਦੇ ਲਗਾਤਾਰ ਸੰਬੰਧਾਂ ਬਾਰੇ ਰਿੱਗਵੇਦ ਵਿੱਚ ਕੋਈ ਖ਼ਾ ਵਰਣਨ ਨਹੀਂ ਹੈ, ਜਦਕਿ ਬ੍ਰਾਹਮਣ ਨੂੰ ਨਿਸ਼ਚਿਤ ਰੂਪ ਵਿੱਚ ਕਸ਼ਤ੍ਰਿਐ ਤੋਂ ਉਚਿਤ ਦੱਸਿਆ ਹੈ।

2. **ਰਾਜਨੀਤਕ ਸਿਧਾਂਤ (Political Theory)** – ਇਸ ਸਿਧਾਂਤ ਦੇ ਅਨੁਸਾਰ ਜਾਤ ਵਿਵਸਥਾ ਬ੍ਰਾਹਮਣਾਂ ਦੁਆਰਾ ਆਪਣੇ ਆਪ ਨੂੰ ਸਮਾਜਿਕ ਪੌੜੀ-ਦਰ-ਪੌੜੀ ਸਿਧਾਂਤ ਵਿੱਚ ਸਭ ਤੋਂ ਉੱਪਰ ਰੱਖਣ ਲਈ ਖੋਜਕਾਰੀ ਚਤੁਰ ਜੁਗਤ ਹੈ। ਡਾ, ਘੁਰਏ (Ghurey) ਨੇ ਲਿਖਿਆ ਹੈ, "ਜਾਤ ਭਾਰਤ ਕੰਮ ਸੰਸਕ੍ਰਿਤੀ ਦਾ ਬ੍ਰਾਹਮਣ ਬੱਚਾ, ਜਿਸਦਾ ਪਾਲਣ ਗੰਗਾ ਦੇ ਮੈਦਾਨ ਵਿੱਚ ਹੋਇਆ, ਜੋ ਉਥੋਂ ਦੇ ਭਾਰਤ ਦੇ ਦੂਜੇ ਭਾਗਾਂ ਵਿੱਚ ਬਦਲਿਆ ਗਿਆ।"[23] ਉੱਤਰ ਵੈਦ ਯੁੱਗਾਂ' ਦੇ ਬ੍ਰਾਹਮਣ ਸਾਹਿਤ ਵਿੱਚ ਕੁੱਝ ਸੰਕਰ ਅਤੇ ਬਹਿਸ਼ਕ੍ਰਿਤ ਜਾਤਾਂ ਦਾ ਉਲੇਖ ਹੈ। ਚਾਰ ਵਰਨਾਂ ਵਿੱਚ ਆਰੀਆ ਅਤੇ ਸ਼ੂਦਰ ਦੇ ਅੰਤਰ ਦਾ ਦੁਬਾਰਾ ਜਨਮੇ ਅਤੇ ਸ਼ੂਦਰ ਦੇ ਨਾਮ ਨਾਲ ਵਰਣਨ ਕੀਤਾ ਗਿਆ ਹੈ। ਪਹਿਲੀਆਂ ਤਿੰਨ ਵਰਨਾਂ ਨੂੰ ਦੁਬਾਰਾ ਜਨਮੇ ਕਿਹਾ ਗਿਆ ਹੈ, ਕਿਉਂਕਿ ਉਨ੍ਹਾਂ ਦਾ ਧਾਰਮਿਕ ਧਾਗਾ ਸੰਸਕਾਰ ਹੁੰਦਾ ਹੈ, ਜਿਹੜਾ ਪੁਨਰਜਨਮ ਨਾਲ ਜੁੜਿਆ ਹੋਇਆ ਹੈ। ਸ਼ੂਦਰਾਂ ਨੂੰ 'ਇੱਕ ਜਾਤ' ਕਿਹਾ ਜਾਂਦਾ ਹੈ। ਇਸ ਤੋਂ ਬਾਅਦ 'ਜਾਤ' ਸ਼ਬਦ ਦਾ ਪ੍ਰਯੋਗ 'ਵਰਨ' ਦੇ ਭਿੰਨ-ਭਿੰਨ ਉਪਭਾਗਾਂ ਦੇ ਲਈ ਕੀਤਾ ਗਿਆ। ਪਰ ਇਸ ਅੰਤਰ ਨੂੰ ਕਠੋਰਤਾ ਨਾਲ ਪਾਲਣ ਨਹੀਂ ਕੀਤਾ ਗਿਆ। ਕਦੀ-ਕਦੀ 'ਜਾਤ' ਦਾ ਪ੍ਰਯੋਗ ਸ਼੍ਰੇਣੀ ਲਈ ਵੀ ਹੋਇਆ। ਬ੍ਰਾਹਮਣ ਯੁੱਗ ਵਿੱਚ ਬ੍ਰਾਹਮਣਾਂ ਦੀ ਸਥਿਤੀ ਵਿੱਚ ਕਈ ਗੁਣਾ ਵਾਧਾ ਹੋਇਆ। ਨੀਵੇਂ ਤਿੰਨ ਵਰਗਾਂ ਨੂੰ ਬ੍ਰਾਹਮਣਾਂ ਦੀ ਸਿੱਖਿਆ ਦੇ ਅਨੁਸਾਰ ਜੀਵਨ ਬਿਤਾਉਣ ਦਾ ਹੁਕਮ ਦਿੱਤਾ ਗਿਆ। ਰਾਜੇ ਨੂੰ ਵੀ ਆਪਣਾ ਆਚਰਣ ਉਨ੍ਹਾਂ ਦੀ ਸੰਖਿਆ ਦੇ ਅਨੁਸਾਰ ਨੀਯਤ ਕਰਨ ਲਈ ਕਿਹਾ ਗਿਆ। ਬ੍ਰਾਹਮਣ ਦੀ ਸਭ ਤੋਂ ਉਤਮਤਾ ਨੇ ਉਨ੍ਹਾਂ ਨੂੰ ਕਾਨੂੰਨ- ਨਿਰਮਾਤਾਵਾਂ ਤੋਂ ਜ਼ਿਆਦਾ ਸਮਾਜਿਕ ਵਿਸ਼ੇਸ਼ ਅਧਿਕਾਰ ਹਾਮਿਲ ਕਰਵਾ ਦਿੱਤਾ। ਇਹ ਕਥਨ ਕਿ 'ਸ਼ੂਦਰ' ਨੂੰ ਈਸ਼ਵਰ ਨੇ ਵੀ ਸਭ ਗਲਾਮ ਬਣਨ ਲਈ ਪੈਦਾ ਕੀਤਾ, ਬਾਰ-ਬਾਰ ਦੁਹਰਾਇਆ ਗਿਆ ਸੀ, ਉਨ੍ਹਾਂ ਨੂੰ 'ਸ਼ੂਦਰਾ' (ਪੈਰਾਂ ਤੋਂ ਪੈਦਾ ਹੋਇਆ) ਕਿਹਾ ਗਿਆ।

ਜਿਵੇਂ-ਜਿਵੇਂ ਭਾਰਤ ਵਿੱਚ ਪੰਡਿਤ ਵਰਗ ਦਾ ਪ੍ਰਭਾਵ ਵੱਧਦਾ ਗਿਆ, ਰੀਤੀ ਅਤੇ ਆਚਰਣ ਦੇ ਕਠੋਰ ਨਿਯਮਾਂ ਦਾ ਨਿਰਮਾਣ ਹੋਇਆ, ਜਿਨ੍ਹਾਂ ਨੂੰ ਧਾਰਮਿਕ ਪੁਸਤਕਾਂ ਵਿੱਚ ਸ਼ਾਮਿਲ ਕੀਤਾ ਗਿਆ। ਬ੍ਰਾਹਮਣਾਂ ਨੇ ਆਪਣੇ ਵਰਗਾਂ ਨੂੰ ਬੰਦ ਕਰ ਲਿਆ ਅਤੇ ਦੂਜੇ ਵਰਗਾਂ 'ਤੇ ਆਪਣੀ ਉੱਚਤਾ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ। ਇਹ ਠੀਕ ਹੈ ਕਿ ਸ਼ੁਰੂ ਵਿੱਚ ਕਠੋਰ ਰੋਕਾਂ ਨਹੀਂ ਸਨ, ਪਰ ਹੌਲੀ-ਹੌਲੀ ਅਲੱਗ ਹੋਣ ਦੀ ਧਾਰਨਾ ਕਠੋਰ ਬਣਦੀ ਗਈ। ਰੀਤੀਆਂ ਦੀ ਪਵਿਤਰਤਾ ਨੇ ਵਕਤ ਦੇ ਅਰਸੇ ਵਿੱਚ ਵੱਡਾ ਰੂਪ ਧਾਰਨ ਕਰ

ਨੋਟ

ਲਿਆ। ਪਵਿਤਰ ਅਤੇ ਅਪਵਿਤਰ ਚੀਜ਼ਾਂ ਦੇ ਵਿੱਚ ਅੰਤਰ ਕੀਤਾ ਜਾਣ ਲੱਗਿਆ। ਖਾਣ-ਪੀਣ ਦੀਆਂ ਚੀਜ਼ਾਂ 'ਤੇ ਰੋਕ ਲਾਈ ਗਈ। ਜਦ ਬ੍ਰਾਹਮਣਾਂ ਨੇ ਆਪਣੇ ਵਰਗ ਨੂੰ ਬੰਦ ਕਰ ਲਿਆ ਤਾਂ ਸੰਭਵ ਤੌਰ 'ਤੇ ਦੂਜੇ ਵਰਗਾਂ ਨੇ ਵੀ ਉਨ੍ਹਾਂ ਦਾ ਸਮਰਥਨ ਕੀਤਾ।

3. **ਕਿੱਤਾ ਸਿਧਾਂਤ (Occupational Theory)** ਇਸ ਸਿਧਾਂਤ ਦੇ ਅਨੁਸਾਰ ਜਾਤ ਪ੍ਰਥਾ ਦੀ ਸ਼ੁਰੂਆਤ ਲੋਕਾਂ ਦੇ ਵੱਖ-ਵੱਖ ਸਮੂਹਾਂ ਦੁਆਰਾ ਕੀਤੀ ਗਏ ਸਮਾਜਿਕ ਕੰਮ ਦੇ ਰੂਪ ਅਤੇ ਗੁਣ ਵਿੱਚ ਖੋਜਿਆ ਜਾਂਦਾ ਹੈ। ਚੰਗੇ ਅਤੇ ਸਨਮਾਨਿਤ ਸਮਝੇ ਜਾਣ ਵਾਲੇ ਕਿੱਤਿਆਂ ਨੂੰ ਕਰਨ ਵਾਲੇ ਵਿਅਕਤੀ, ਉਨ੍ਹਾਂ ਵਿਅਕਤੀਆਂ ਦੇ ਮੁਕਾਬਲੇ ਜੋ ਗੰਦੇ ਕਿੱਤੇ ਕਰਦੇ ਸੀ, ਉੱਚ ਸਮਝੇ ਗਏ। **ਨੈਸਫੀਲਡ**(Nesfield) ਦੇ ਅਨੁਸਾਰ, "ਕੇਵਲ ਕਿੱਤਾ ਹੀ ਭਾਰਤ ਵਿੱਚ ਜਾਤ ਰਚਨਾ ਦਾ ਕਾਰਨ ਹੈ। ਵਿਵਹਾਰਕ ਵੰਡ ਨੇ ਕਿੱਤਾ ਵੰਡ ਨੂੰ ਜਨਮ ਦਿੱਤਾ ਅਤੇ ਵੱਖ-ਵੱਖ ਉਜਾਤੀਆਂ, ਜਿਵੇਂ ਕਿ ਲੁਹਾਰ, ਸੁਨਿਆਰ, ਚਮਾਰ, ਬੜੀ, ਪੱਟਾ, ਤੇਲੀ, ਨਾਈ, ਧੋਬੀ, ਕਹਾਰ, ਗਡਰੀਆ, ਮਾਲੀ ਆਦਿ, ਦਾ ਜਨਮ ਹੋਇਆ।"

4. **ਪਰੰਪਰਾਗਤ ਸਿਧਾਂਤ (Traditional Theory)** – ਇਸ ਸਿਧਾਂਤ ਦੇ ਅਨੁਸਾਰ ਜਾਤ ਵਿਵਸਥਾ ਦੀ ਸ਼ੁਰੂਆਤ ਦੇਵ ਹੈ। ਵੇਦ ਸਾਹਿਤ ਵਿੱਚ ਕੁੱਝ ਅਜਿਹੇ ਉਲੇਖ ਮਿਲਦੇ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਜਾਤਾਂ ਬ੍ਰਾਹਮਣ, ਸਭ ਤੋਂ ਵੱਡਾ ਨਿਰਮਾਤਾ, ਦੁਆਰਾ ਸਿਰਜੀ ਗਈ ਤਾਂਕਿ ਲੋਕ ਸਮਾਜ ਦੇ ਅਸਤਿਤਵ ਲਈ ਸਮਾਜਿਕ ਕੰਮਾਂ ਨੂੰ ਤਾਲਮੇਲ ਨਾਲ ਪੂਰਾ ਕਰਦੇ ਰਹਿਣ। ਡਾ. ਮਜ਼ੂਮਦਾਰ ਦੇ ਅਨੁਸਾਰ, " ਜੇਕਰ ਅਸੀਂ ਵਰਗਾਂ ਨੂੰ ਦੈਵੀ ਉਤਪਤੀ ਦੇ ਸਿਧਾਂਤ ਨੂੰ ਸਮਾਜ ਦੀ ਵਿਵਹਾਰਕ ਵੰਡ ਦੀ ਵਿਆਖਿਆ ਮੰਨੀਏ ਤਾਂ ਇਹ ਸਿਧਾਂਤ ਵਿਵਹਾਰਕ ਮਹੱਾਵ ਪ੍ਰਾਪਤ ਕਰ ਲੈਂਦਾ ਹੈ।"

5. **ਗਿਲਡ ਸਿਧਾਂਤ (Guild Theory)** – ਡੇਂਜਿਲ ਇਬਿਤਸਨ ਦੇ ਅਨੁਸਾਰ, ਜਾਤਾਂ ਗਿਲਡਾਂ ਦਾ ਬਦਲਿਆ ਹੋਇਆ ਰੂਪ ਹੈ। ਇਸਦੇ ਵਿਚਾਰ ਵਿੱਚ ਜਾਤ ਵਿਵਸਥਾ ਤਿੰਨ ਤੱਥਾਂ ਦੇ ਪ੍ਰਭਾਵ ਦੀ ਉਪਜ ਹੈ। ਇਹ ਤੱਥ ਹਨ- (1) ਜਨਜਾਤੀਆਂ, (2) ਗਿਲਡ, ਅਤੇ (3) ਧਰਮ। ਜਨਜਾਤੀਆਂ ਨੇ ਕੁੱਝ ਕੁ ਨਿਸ਼ਚਿਤ ਕਿੱਤਿਆਂ ਨੂੰ ਅਪਣਾਇਆ ਅਤੇ ਗਿਲਡਾਂ ਦਾ ਰੂਪ ਧਾਰਨ ਕੀਤਾ। ਪ੍ਰਾਚੀਨ ਭਾਰਤ ਵਿੱਚ ਪੰਡਤਾਂ ਨੂੰ ਵੱਡਾ ਸਨਮਾਨ ਪ੍ਰਾਪਤ ਸੀ। ਉਹ ਖਾਨਦਾਨੀ ਅਤੇ ਸਮਜਾਤੀ ਵਿਆਹ ਸਮੂਹ ਸਨ। ਹੋਰ ਗਿਲਡਾਂ ਨੇ ਵੀ ਸਮਾਨ ਰੀਤੀਆਂ ਨੂੰ ਅਪਣਾਇਆ, ਜੋ ਵਰਤੀ ਅਰਸੇ ਵਿੱਚ ਜਾਤਾਂ ਬਣ ਗਈਆਂ।

6. **ਧਾਰਮਿਕ ਸਿਧਾਂਤ (Religious Theory)**- ਹੋਕਾਰਟ(**Hocart**) ਅਤੇ ਸੇਨਾਰਟ (**Senart**) ਇਸ ਸਿਧਾਂਤ ਦੇ ਪ੍ਰਮੁੱਖ ਪੈਰੋਕਾਰ ਸਨ। ਹੋਕਾਰਟ ਦੇ ਅਨੁਸਾਰ, ਸਮਾਜਿਕ ਦਰਜ਼ਾਬੰਦੀ ਦੀ ਉਤਪਤੀ ਧਾਰਮਿਕ ਨਿਯਮਾਂ ਅਤੇ ਰੀਤੀ-ਰਿਵਾਜਾਂ ਦੇ ਕਾਰਣ ਹੋਈ। ਪ੍ਰਾਚੀਨ ਭਾਂਰਤ ਵਿੱਚ ਧਰਮ ਦਾ ਮਹੱਤਵਪੂਰਨ ਸਥਾਨ ਸੀ। ਰਾਜਾ ਨੂੰ ਰੱਬ ਦਾ ਪ੍ਰਤੀਬਿੰਬ ਸਮਝਿਆ ਜਾਂਦਾ ਸੀ। ਪੰਡਿਤ ਰਾਜਾ ਵੱਖ-ਵੱਖ ਕਿੱਤਿਆਂ ਦੇ ਸਮੂਹਾਂ ਨੂੰ ਵੱਖ-ਵੱਖ ਅਹੁਦਾ ਦਿੰਦੇ ਸਨ। ਸੇਨਾਰਟ ਨੇ ਕਰੜੇ ਭੋਜਣ-ਸੰਸਾਰਿਕ ਸੰਬੰਧੀ ਰੋਕਾਂ ਦੇ ਆਧਾਰ 'ਤੇ ਜਾਤ ਵਿਵਸਥਾ ਦੀ ਉਤਪਤੀ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਉਸਦਾ ਵਿਚਾਰ ਹੈ ਕਿ ਅਲੱਗ-ਅਲੱਗ ਪਰਿਵਾਰਿਕ ਫ਼ਰਜ਼ ਦੇ ਕਾਰਣ ਸੰਸਾਰਿਕ ਭੋਜਣ ਦੇ ਬਾਰੇ ਵਿੱਚ ਕੁੱਝ ਰੋਕਾਂ ਦਾ ਜਨਮ ਹੋਇਆ। ਕਿਸੇ ਵਿਸ਼ੇਸ਼ ਦੇਵਤਾ ਦੇ ਸ਼ਿਸ਼ ਖ਼ੁਦ ਨੂੰ ਬਰਾਬਰ ਪੂਰਜ਼ ਦੀ ਸੰਤਾਨ ਮੰਨਦੇ ਸਨ, ਅਤੇ ਆਪਣੇ ਦੇਵਤਾ ਨੂੰ, ਵਿਸ਼ੇਸ਼ ਪਰਕਾਰ ਦਾ ਭੋਜਨ ਸ਼ਰਧਾਂਜਲੀ ਦੇ ਰੂਪ ਵਿੱਚ ਭੇਂਟ ਕਰਦੇ ਸਨ। ਸਮਾਨ ਦੇਵਤਾ ਵਿੱਚ ਵਿਸ਼ਵਾਸ ਕਰਨ ਵਾਲੇ ਲੋਕ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਤੋਂ ਅਲੱਗ ਸਮਝਦੇ ਸੀ, ਜੋ ਕਿਸੇ ਹੋਰ ਦੇਵਤਾ ਦੇ ਉਪਾਸਕ ਸਨ।

7. **ਵਿਕਾਸਵਾਦੀ ਸਿਧਾਂਤ (Evolutionary Theory)**- ਇਸ ਸਿਧਾਂਤ ਦੇ ਅਨੁਸਾਰ ਜਾਤ-ਵਿਵਸਥਾ ਦਾ ਜਨਮ ਅਚਾਨਕ ਕਿਸੇ ਨਿਸ਼ਚਿਤ ਤਰੀਖ ਨੂੰ ਨਹੀਂ ਹੋਇਆ। ਇਹ ਸਮਾਜਿਕ ਵਿਕਾਸ ਦੀ ਲੰਬੀ ਕਿਰਿਆ ਦਾ ਸਮਾਜਿਕ ਨਤੀਜਾ ਹੈ। ਵਰਤਮਾਨ ਜਾਤ ਵਿਵਸਥਾ ਦੇ ਵਿਕਾਸ ਵਿੱਚ ਅਨੇਕ ਤੱਥਾਂ ਦਾ ਯੋਗਦਾਨ ਹੈ। ਇਨ੍ਹਾਂ ਤੱਥਾਂ ਵਿੱਚ ਪ੍ਰਮੁੱਖ ਹੇਠ ਲਿਖੇ ਹਨ-

1. ਖਾਨਦਾਨੀ ਕਿੱਤਾ,
2. ਬ੍ਰਾਹਮਣ ਦੀ ਆਪਣੇ ਆਪ ਨੂੰ ਪਵਿਤਰ ਕਰਨ ਦੀ ਇੱਛਾ,
3. ਰਾਜ ਦੇ ਕਠੋਰ ਇਕਾਈ ਨਿਯੰਤ੍ਰਣ ਦਾ ਭਾਵ,
4. ਕਾਨੂੰਨ ਅਤੇ ਪ੍ਰਥਾ ਦੇ ਖੇਤਰ ਵਿੱਚ ਸਮਾਨ ਨਿਯਮਾਂ ਨੂੰ ਲਾਗੂ ਕਰਨ ਦੀ ਸ਼ਾਸ਼ਕਾਂ ਦੀ ਇੱਛਾ ਅਤੇ ਵੱਖ-ਵੱਖ ਸਮੂਹਾਂ ਦੇ ਵੱਖ-ਵੱਖ ਰੀਤੀ ਰਿਵਾਜ਼ਾਂ ਨੂੰ ਮਾਨਤਾ ਦੇਣ ਦੀ ਤਿਆਰੀ,

ਨੋਟ

5. ਪੁਨਰਜਨਮ ਅਤੇ ਕਰਮ ਦੇ ਸਿਧਾਂਤ ਵਿੱਚ ਵਿਸ਼ਵਾਸ,
6. ਨਿਵੇਕਲਾ ਪਰਿਵਾਰ, ਪੁਰਖਾਂ ਦੀ ਪੂਜਾ ਅਤੇ ਸੰਸਾਰਿਕ ਭੋਜਣ-ਸੰਬੰਧੀ ਵਿਚਾਰ,
7. ਵਿਰੋਧੀ ਸੰਸਕ੍ਰਿਤਿਕ ਵਿਸ਼ੇਸ਼ ਕਰਕੇ ਪਿਤਾ ਪੁਰਖੀ ਅਤੇ ਮਾਤਾਪੁਰਖੀ ਪ੍ਰਣਾਲੀਆਂ ਦਾ ਸੰਘਰਸ਼,
8. ਪਰਜਾਤੀਆਂ ਦਾ ਸੰਘਰਸ਼,
9. ਵੱਖ-ਵੱਖ ਜੇਤੂਆਂ, ਵਿਸ਼ੇਸ਼ ਕਰਕੇ ਅੰਗਰਜ਼ਾਂ ਦੁਆਰਾ ਅਨੁਸਰਿਤ ਵਿਚਾਰਪੂਰਨ ਅਤਰਥਿਕ ਅਤੇ ਪ੍ਰਸ਼ਾਸ਼ਨਿਕ ਨੀਤੀਆਂ,
10. ਭਾਰਤ-ਦੀਪ ਦਾ ਭੁਗੋਲਿਕ ਵਖਰੇਵਾਂ,
11. ਹਿੰਦੂ ਸਮਾਜ ਦਾ ਗਤੀਹੀਣ ਰੂਪ,
12. ਵਿਦੇਸ਼ੀ ਹਮਲਾ,
13. ਗ੍ਰਾਮੀਨ ਸਮਾਜ ਰਚਨਾ,

ਉੱਪਰ ਲਿਖੇ ਸਾਰੇ ਤੱਥਾਂ ਨੇ ਸਮੇਂ ਸਮੇਂ 'ਤੇ ਘਟੀਆ ਆਧਾਰਾਂ 'ਤੇ ਛੋਟੇ-ਛੋਟੇ ਸਮੂਹਾਂ ਦੇ ਨਿਰਮਾਣ ਨੂੰ ਉਤਸ਼ਾਹਿਤ ਕੀਤਾ। ਹੋਲੀ-ਹੌਲੀ ਇਨ੍ਹਾਂ ਸਮੂਹਾਂ ਵਿੱਚ ਏਕਤਾ ਅਤੇ ਸਮੂਹਿਕ ਭਾਵਨਾ ਦਾ ਵਿਕਾਸ ਹੁੰਦਾ ਗਿਆ। ਫੇਰ ਵੀ ਇਹ ਧਿਆਨ ਰਹੇ ਕਿ ਜਾਤ ਵਿਵਸਥਾ 'ਤੇ ਭਾਰਤ ਦਾ ਹੀ ਏਕਾਧਿਕਾਰ ਨਹੀਂ ਹੈ। ਇਹ ਸੰਸਾਰ ਦੇ ਅਨੇਕਾਂ ਭਾਗਾਂ ਵਿੱਚ ਸੀ ਅਤੇ ਅੱਜ ਵੀ ਹੈ। ਮੱਧ ਯੁੱਗੀ ਯੂਰਪ ਦੀ ਸਾਮੰਤੀ ਵਿਵਸਥਾਂ, ਜਾਤ ਵਿਵਸਥਾ ਦਾ ਹੀ ਅੰਗ ਸੀ। ਕੁੱਝ ਕੁ ਪ੍ਰਜਾਤੀ ਸਮੂਹ ਅਤੇ ਯਹੂਦੀਆਂ ਅਤੇ ਹੱਬਸ਼ੀਆਂ ਨੂੰ ਅਮਰੀਕਾ ਸਮੇਤ ਅੱਜ ਵੀ ਅਨੇਕ ਸੱਭਿਅਕ ਦੇਸ਼ਾਂ ਵਿੱਚ ਨੀਵੀਂ ਜਾਤ ਦਾ ਸਮਝਿਆ ਜਾਂਦਾ ਹੈ। ਹਿੰਦੂ ਜਾਤ ਵਿਵਸਥਾ ਅਨੋਖੀ ਗੱਲ ਇਹ ਹੈ ਕਿ ਇਸ ਵਿੱਚ ਕੁੱਝ ਕੁ ਸਮੂਹਾਂ ਨੂੰ ਨਿਛੋਹ ਅਤੇ ਗਰਿ ਸਮਝਿਆ ਜਾਂਦਾ ਹੈ।

### 6.1.3 ਭਾਰਤੀ ਜਾਤ ਵਿਵਸਥਾ ਦੇ ਗੁਣ ਅਤੇ ਦਸ਼ਾ –

ਸਮੇਂ ਸਮੇਂ 'ਤੇ ਭਾਰਤੀ ਜਾਤ ਵਿਵਸਥਾ ਦੀ ਵੱਖ ਵੱਖ ਲੋਕਾਂ ਦੁਆਰਾ ਆਲੋਚਨਾ ਕੀਤੀ ਗਈ ਹੇ। ਸਮਾਜ ਵਿੱਚ ਜਿੰਨੀਆਂ ਬੁਰਾਈਆਂ ਹਨ, ਉਨ੍ਹਾਂ ਸਭ ਲਈ ਜਾਤ ਵਿਵਸਥਾ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਪਰ ਇੱਕ ਮਾਤਰ ਇਹੀ ਤੱਤ ਕਿ ਐਨੇ ਹਮਲਿਆਂ ਦੇ ਬਾਵਜੂਦ ਵੀ ਇਹ ਪਹਿਲਾਂ ਦੀ ਤਰ੍ਹਾਂ ਅੱਜ ਵੀ ਚੱਲ ਰਹੀ ਹੈ, ਇਸ ਗੱਲ ਦਾ ਪ੍ਰਮਾਣ ਇਹ ਹੈ ਕਿ ਇਹ ਵਿਵਸਥਾ ਐਨੀ ਬੁਰੀ ਨਹੀਂ ਹੈ, ਜਿੰਨੀ ਸਮਝੀ ਜਾਂਦੀ ਹੈ। ਬ੍ਰਾਹਮਣਾਂ ਨੇ 2000 ਸਾਲ ਤੱਕ ਆਪਣੇ ਬਲ ਨੂੰ ਸਿਖਰ 'ਤੇ ਰੱਖਿਆ, ਇਹ ਉਨ੍ਹਾਂ ਦੀ ਯੋਗਤਾ ਨੂੰ ਪ੍ਰਮਾਣਿਤ ਕਰਦਾ ਹੈ–

1. **ਟਰੇਡ ਯੂਨੀਅਨ ਅਤੇ ਅਨਾਥ ਆਸ਼ਰਮ (trade union And orphanage)** – ਜਾਤ ਵਿਵਸਥਾ ਹਰ ਇੱਕ ਵਿਅਕਤੀ ਨੂੰ ਸਥਿਰ ਸਮਾਜਿਕ ਮਹੌਲ ਦਿੰਦੀ ਹੈ। ਹਟਨ () ਦੇ ਸ਼ਬਦਾਂ ਵਿੱਚ, "ਵਿਅਕਤੀ ਨੂੰ ਸਮਿਤੀਆਂ ਦਾ ਸਥਾਈ ਕਾਇਆ ਮਿਲ ਜਾਂਦੀ ਹੈ, ਜੋ ਉਸਦੇ ਸਾਰੇ ਵਿਉਹਾਰ ਅਤੇ ਸੰਪਰਕਾਂ ਨੂੰ ਨਿਯੰਤ੍ਰਿਤ ਕਰਦੇ ਹਨ। ਉਨ੍ਹਾਂ ਦੇ ਜਾਤ ਵਿਆਹ-ਸਾਥੀ ਦੇ ਚੁਣਾਉ ਵਿੱਚ ਦਿਸ਼ਾ ਦਿੰਦੀ ਹੈ, ਉਸਦੇ ਟਰੇਡ ਯੂਨੀਅਨ ਦੇ ਰੂਪ ਵਿੱਚ ਕੰਮ ਕਰਦੀ ਹੈ। ਇਹ ਉਸ ਲਈ ਕਲੱਬ ਅਤੇ ਅਨਾਥ ਆਸ਼ਰਮ ਹਨ, ਸਿਹਤ ਬੀਮਾ ਹੈ ਅਤੇ ਜ਼ਰੂਰਤ ਪੈਣ 'ਤੇ ਅੰਤਮ ਸੰਸਕਾਰ ਤੱਕ ਦਾ ਪ੍ਰਬੰਧ ਕਰਦੀ ਹੈ।

2. **ਸਹਿਯੋਗ ਦੀ ਭਾਵਨਾ (spirit of co-operation)** –ਜਾਤ ਵਿਵਸਥਾ ਇੱਕ ਹੀ ਜਾਤ ਦੇ ਮੈਂਬਰਾਂ ਵਿੱਚ ਸਦਭਾਵਨਾ ਅਤੇ ਸਹਿਯੋਗ ਦੀ ਭਾਵਨਾ ਦਾ ਵਿਕਾਸ ਕਰਦੀ ਹੈ। ਗਰੀਬ ਅਤੇ ਜ਼ਰੂਰਤਮੰਦਾਂ ਦੀ ਸਹਾਇਤਾ ਕਰਦੀ ਹੈ, ਜਿਸ ਨਾਲ ਰਾਜ ਸਹਾਇਤਾ ਦੀ ਜ਼ਰੂਰਤ ਨਹੀਂ ਪੈਂਦੀ। ਇਹ ਈਰਖਾ ਅਤੇ ਸੁੱਖ ਨੂੰ ਘਟਾ ਦਿੰਦੀ ਹੈ।

3. **ਆਰਥਿਕ ਕਿੱਤਿਆਂ ਦਾ ਨਿਰਧਾਰਨ (Defines economic pursuit)** – ਇਹ ਵਿਅਕਤੀ ਦੇ ਆਰਥਿਕ ਕਿੱਤੇ ਦਾ ਨਿਰਧਾਰਨ ਕਰਦੀ ਹੈ। ਹਰ ਇੱਕ ਜਾਤ ਦਾ ਇੱਕ ਵਿਸ਼ੇਸ਼ ਕਿੱਤਾ ਹੁੰਦਾ ਹੈ, ਜਿਸ ਨਾਲ ਨਾ ਕੇਵਲ ਬੱਚੇ ਦਾ ਭਵਿੱਖ ਹੀ ਨਿਸ਼ਚਿਤ ਹੁੰਦਾ ਹੈ, ਬਲਕਿ ਉਸਨੂੰ ਸ਼ਾਗਿਰਦ (apprentice) ਹੋਣ ਦਾ ਵੀ ਸਹੀ ਮੌਕਾ ਮਿਲਦਾ ਹੈ। ਕਿਉਂਕਿ ਜਾਤ ਨਾਲ ਕਿੱਤੇ ਦੀ ਪਛਾਣ ਹੁੰਦੀ ਹੈ, ਜਿਸ ਵਿੱਚ ਫੇਰ ਬਦਲ ਵੱਲ ਘੱਟ ਧਿਆਨ ਦਿੱਤਾ ਜਾਂਦਾ ਹੈ ਅਤੇ ਕਾਰੀਗਰੀ ਵਿੱਚ ਫ਼ਖਰ ਮਹਿਸੂਸ ਹੁੰਦਾ ਹੈ। ਪ੍ਰਾਚੀਨ ਭਾਰਤ ਦੇ ਕਾਰੀਗਰਾਂ ਦੀਆਂ ਕਈ ਪੁਸ਼ਤਾਂ ਹੁੰਦੀਆਂ ਸਨ, ਜੋ ਆਪਣੇ ਕੰਮ ਵਿੱਚ ਨਿਪੁੰਨ ਸਨ। ਇਸ ਤਰ੍ਹਾਂ ਕਿਸਾਨ ਵੀ ਆਪਣੇ ਕੰਮ ਵਿੱਚ ਨਿਪੁੰਨ ਹੁੰਦੇ ਸਨ।

ਨੋਟ

4. **ਨਸਲੀ ਸ਼ੁੱਧਤਾ (Racial purity)** – ਅੰਤਰਜਾਤੀ ਵਿਆਹਾਂ 'ਤੇ ਰੋਕ ਲਗਾਉਣ ਨਾਲ ਉੱਚ ਜਾਤਾਂ ਦੀ ਨਸਲੀ ਸ਼ੁੱਧਤਾ ਸੁਰੱਖਿਆ ਬਣਾਈ ਰੱਖਦੀਆਂ ਹਨ। ਇਸਨੇ ਸੰਸਰਿਕ ਸ਼ੁੱਧਤਾ 'ਤੇ ਜ਼ੋਰ ਦੇ ਕੇ ਸਫ਼ਾਈ ਦੀ ਆਦਤਾਂ ਦਾ ਵਿਕਾਸ ਕੀਤਾ ਹੈ।

5. **ਮਾਨਸਿਕ ਨਿਰਮਾਣ ਨੂੰ ਪ੍ਰਭਾਵਿਤ ਕਰਦੀ ਹੈ (Influences intellectual make-up)** – ਇਹ ਵਿਅਕਤੀ ਦੀ ਬੁੱਧੀ ਦੀ ਸ਼ਮਤਾ ਨੂੰ ਪ੍ਰਭਾਵਿਤ ਕਰਦੀ ਹੈ। ਕਿਉਂਕਿ ਜਾਤ ਵਿਅਕਤੀਆਂ ਨੂੰ ਭੋਜਣ, ਸੰਸਕਾਰ ਅਤੇ ਵਿਆਹ ਸੰਬੰਧੀ ਜਾਤੀਗਤ ਨਿਯਮਾਂ ਦੇ ਪਾਲਣ ਦਾ ਹੁਕਮ ਦਿੰਦੀ ਹੈ, ਇਸ ਲਈ ਰਾਜਨੀਤਕ ਅਤੇ ਸਮਾਜਿਕ ਵਿਸ਼ਿਆ 'ਤੇ ਉਸਦੇ ਵਿਚਾਰ ਉਸਦੀ ਜਾਤ ਪ੍ਰਥਾ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਇਸ ਨਾਲ ਸਮੂਹਾਂ ਵਿੱਚ ਬਰਾਬਰ ਦੀ ਭਾਵਨਾ ਦਾ ਵੀ ਵਿਕਾਸ ਹੁੰਦਾ ਹੈ।

6. **ਦੇਸ਼ ਦਾ ਏਕਤਾਕਰਨ (Integration of Country)** – ਵਰਗ ਸੰਘਰਸ਼ ਦੇ ਵਾਧੇ ਦੇ ਲਈ ਕੀਤੇ ਬਿਨਾਂ ਇਹ ਵਰਗ ਚੇਤਨ ਦਾ ਵਿਕਾਸ ਕਰਦੀ ਹੈ। ਇਸ ਨੇ ਵਰਗ ਸੰਘਰਸ਼ ਅਤੇ ਗੁੱਟਾਂ ਨੂੰ ਜਨਮ ਦਿੱਤੇ ਬਿਨਾਂ ਹਿੰਦੂ ਸਮਾਜ ਦੇ ਦਸ ਸੰਗਠਨਾਂ ਨੂੰ ਜਨਮ ਦਿੱਤਾ ਹੈ। ਵੱਖ ਵੱਖ ਸੰਸਕ੍ਰਿਤੀ ਪੱਧਰਾਂ ਦੇ ਲੋਕਾਂ ਨੂੰ ਇੱਕ ਹੀ ਸਮਾਜ ਨੂੰ ਸੰਗਠਨ ਕਰਨ ਦੀ ਇਹ ਸਭ ਤੋਂ ਉੱਚ ਜੁਗਤ ਸੀ। ਇਸ ਨੇ ਦੇਸ਼ ਨੂੰ ਸੰਘਰਸ਼ਿਤ ਨਸਲ ਸਮੂਹਾਂ ਵਿੱਚ ਵੰਡੇ ਜਾਣ ਤੋਂ ਬਚਾਇਆ। ਇਸ ਨੇ ਭਾਰਤੀ ਸਮਾਜ ਨੂੰ ਇਸ ਵਿਸ਼ਾਲ ਅਤੇ ਬਹੁ-ਰੰਗੀ ਸਮੂਹ ਵਿੱਚ ਏਕੀਕਰਨ ਕੀਤਾ ਅਤੇ ਦੇਸ਼ ਨੂੰ ਸੁਰੱਖਿਆ ਅਤੇ ਲਗਾਤਾਰ ਨਿਸ਼ਚਿਤ ਆਧਾਰ ਦਿੱਤਾ। ਜਿਸ ਵਿੱਚ ਸਮਾਜ ਦੀ ਸਥਿਰ ਅਤੇ ਵਿਵਸਥਿਤ ਰਚਨਾ ਸੰਭਵ ਹੋ ਸਕੇ।

7. **ਵੱਖ-ਵੱਖ ਕਾਰਜ਼ਾਂ ਦੀ ਵਿਵਸਥਾ (Provides for various functions)** – ਇਹ ਸਮਾਜਿਕ ਜੀਵਨ ਲਈ ਵੱਖ ਵੱਖ ਜ਼ਰੂਰੀ ਕਾਰਜ਼ਾਂ "ਪੜ੍ਹਾਈ ਤੋਂ ਲੈਕੇ ਸਫ਼ਾਈ ਤੱਕ, ਸ਼ਾਸ਼ਨ ਤੋਂ ਲੈ ਕੇ ਘਰੇਲੂ ਸੇਵਾ ਤੱਕ ਦਾ ਪ੍ਰਬੰਧ ਕਰਦੀ ਹੈ ਅਤੇ ਇਹ ਵਿਵਸਥਾ ਧਾਰਮਿਕ ਵਿਕਾਸ ਕਰਮ ਸਿਧਾਂਤ ਵਿੱਚ ਵਿਸ਼ਵਾਸ ਦੀ ਪੁਸ਼ਟੀ ਲੈ ਕੇ ਕਰਦੀ ਹੈ, ਜਿਸ ਨਾਲ ਕਾਰਜ਼ਾਂ ਦੇ ਅਜੀਬ ਵੰਡ ਨੂੰ ਵੀ ਸੰਸਾਰ ਦਾ ਦੈਵੀ ਵਿਧਾਨ ਸਮਝ ਕੇ ਸਵੀਕਾਰ ਕਰ ਲਿਆ ਜਾਂਦਾ ਹੈ।" ਇਹ ਯੂਰਪੀਅਨ ਵਰਗ ਵਿਵਸਥਾ ਦੀ ਉਮੀਦ ਜ਼ਿਆਦਾ ਉੱਤਮ-ਮਿਹਨਤ-ਵੰਡ ਦੀ ਵਿਵਸਥਾ ਕਰਦੀ ਹੈ।

8. **ਸੰਸਕ੍ਰਿਤਿਕ ਫ਼ੈਲਾਓ (Cultural diffusion)** ਜਾਤ ਵਿਵਸਥਾ ਸਮੂਹ ਦੇ ਅੰਦਰ ਸੰਸਕ੍ਰਿਤਿਕ ਫ਼ੈਲਾਓ ਵਿੱਚ ਸਹਾਇਤਾ ਕਰਦੀ ਹੈ। ਜਾਤ ਪ੍ਰਥਾ, ਵਿਸ਼ਵਾਸ, ਹੁਨਰ, ਵਿਉਹਾਰ ਅਤੇ ਕਿੱਤਾ ਰਹੱਸਮਈ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਸਥਾਨ ਅੰਤਰਨ ਹੋ ਜਾਂਦੇ ਹਨ। ਇਸ ਤਰ੍ਹਾਂ ਸੰਸਕ੍ਰਿਤੀ ਇੱਕ ਯੁੱਗ ਵਿੱਚ ਪਹੁੰਚ ਜਾਂਦੀ ਹੈ।

9. **ਸਮਾਜਿਕ ਅਤੇ ਰਾਜਨੀਤਕ ਜੀਵਨ ਦੀ ਅਲਹਿਦਗੀ (Seperation of social from political life)** ਇਸ ਨੇ ਸਮਾਜਿਕ ਜੀਵਨ ਨੂੰ ਰਾਜਨੀਤਕ ਜੀਵਨ ਤੋਂ ਅਲੱਗ ਰੱਖ ਕੇ ਆਪਣੀ ਆਜ਼ਾਦੀ ਨੂੰ ਰਾਜਨੀਤਕ ਪ੍ਰਭਾਵ ਤੋਂ ਮੁਕਤ ਰੱਖਿਆ ਹੈ। **ਐਸ. ਸੀ. ਹਿੱਲ (H.S.Hill)** ਦਾ ਕਹਿਣਾ ਹੈ, "ਹਿੰਦੂਆਂ ਦਾ ਸਮਾਜਿਕ ਜੀਵਨ ਰਾਜਨੀਤਕ ਅਵਸਥਾਵਾਂ ਨਾਲ ਪੂਰਾ ਤੌਰ 'ਤੇ ਨਿਛੋਹ ਰਿਹਾ ਹੈ।" ਇਹ ਇੱਕ ਮਹਾਨ ਮੰਦਰ ਦਾ ਕੰਮ ਵੀ ਕਰਦੀ ਹੈ ਅਤੇ ਜਾਤ ਦੇਵਤਾ ਦੀ ਪੂਜਾ ਦੁਆਰਾ ਆਪਣੀ ਧਾਰਮਿਕ ਅਵਸਥਾ ਨੂੰ ਬਣਾਈ ਰੱਖਿਆ ਹੈ।

ਪਰ ਇਸ ਵਿਵਸਥਾ ਨੇ ਕੁੱਝ ਦੋਸ਼ਾਂ ਨੂੰ ਵੀ ਜਨਮ ਦਿੱਤਾ ਹੈ-

1. **ਮਿਹਨਤ ਦੀ ਗਤੀਸ਼ੀਲਤਾ 'ਤੇ ਰੋਕ (Denies mobilty of labour)** – ਕਿਉਂਕਿ ਵਿਅਕਤੀ ਨੂੰ ਆਪਣੇ ਜਾਤ ਕਿੱਤੇ ਨੂੰ ਹੀ ਕਰਨਾ ਪੈਂਦਾ ਹੈ, ਜਿਸਨੂੰ ਉਹ ਆਪਣੀ ਇੱਛਾ ਜਾਂ ਇੱਛਾ ਬਿਨਾਂ ਬਦਲ ਨਹੀਂ ਸਕਦਾ, ਤਾਂ ਕਿ ਇਸ ਨੇ ਮਿਹਨਤ ਦੀ ਗਤੀਸ਼ੀਲਤਾ ਨੂੰ ਰੋਕਿਆ ਹੈ। ਇਸ ਨਾਲ ਗਤੀਹੀਣਤਾ ਪੈਦਾ ਹੋਈ ਹੈ।

2. **ਨਿਛੋਹ (Untouchability)** – ਇਸ ਨੇ ਛੂਆ-ਛੂਤ ਨੂੰ ਜਨਮ ਦਿੱਤਾ ਹੈ। ਮਹਾਤਮਾ ਗਾਂਧੀ ਦੇ ਅਨੁਸਾਰ, "ਨਿਛੋਹ ਜਾਤ ਵਿਵਸਥਾ ਦੀ ਸਭ ਤੋਂ ਜ਼ਿਆਦਾ ਘ੍ਰਿਣਾਯੋਗ ਲਹਿਜ਼ਾ ਹੈ।" ਇਸ ਤੋਂ ਇਲਾਵਾ ਇਸਨੇ ਹੋਰ ਦੋਸ਼ਾਂ ਅਤੇ ਬਾਲ-ਵਿਆਹ, ਦਹੇਜ ਪ੍ਰਥਾ, ਪਰਦਾ-ਪ੍ਰਣਾਲੀ ਅਤੇ ਜਾਤੀਵਾਦ ਨੂੰ ਜਨਮ ਦਿੱਤਾ ਹੈ।

3. **ਏਕਤਾ ਵਿੱਚ ਰੁਕਾਵਟ (Solidarity retarded)** – ਇਸ ਨੇ ਇੱਕ ਜਾਤ ਨੂੰ ਦੂਜੀ ਜਾਤ ਵਿੱਚ ਅਲੱਗ ਕਰਕੇ ਅਤੇ ਉਨ੍ਹਾਂ ਵਿੱਚ ਕਿਸੇ ਵੀ ਸਮਜਿਕ ਸਮਾਗਮ ਨੂੰ ਰੋਕ ਕੇ ਹਿੰਦੂ ਸਮਾਜ ਵਿੱਚ ਸਦਭਾਵਨਾ ਅਤੇ ਏਕਤਾ ਦੇ ਵਿਕਾਸ ਨੂੰ ਰੋਕਿਆ ਹੈ। ਉਸਨੇ ਹਿੰਦੂ ਸਮਾਜ ਦਾ ਵਿਘਟਨ ਕੀਤਾ ਅਤੇ ਉਸਨੂੰ ਨਿਰਬਲ ਬਣਾ ਦਿੱਤਾ।

ਨੋਟ

4. **ਕਿੱਤੇ ਵਿੱਚ ਗਲਤ ਵਿਅਕਤੀ (Wrong man in occupation)** – ਵਿਅਕਤੀ ਨੂੰ ਕਈ ਵਾਰ ਗਲਤ ਕੰਮ-ਕਿੱਤੇ ਨੂੰ ਅਪਣਾਉਣਾ ਪੈਂਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿ ਪੰਡਿਤ ਦਾ ਪੁੱਤਰ ਵੀ ਪੰਡਿਤ ਬਣਨਾ ਪਸੰਦ ਕਰੇ ਜਾਂ ਉਸ ਵਿੱਚ ਸਫ਼ਲ ਪੰਡਿਤ ਬਣਨ ਦੀ ਯੋਗਤਾ ਹੋਵੇ। ਜਾਤ ਵਿਵਸਥਾ ਦੇ ਅੰਦਰ ਉਹ ਕੋਈ ਹੋਰ ਕਿੱਤਾ ਨਹੀਂ ਅਪਣਾ ਸਕਦਾ, ਭਲੇ ਹੀ ਉਸ ਵਿੱਚ ਉਚੇਚੀ ਯੋਗਤਾਵ ਅਤੇ ਰੂਚੀ ਹੋਵੇ। ਇਹ ਲੋਕਾਂ ਦੀ ਸਮਰੱਥਾ ਅਤੇ ਕਾਬਲੀਅਤ ਦਾ ਪੂਰਾ ਉਪਯੋਗ ਨਹੀਂ ਕਰਦੀ, ਜਿਸ ਨਾਲ ਇਹ ਜ਼ਿਆਦਾ ਪੈਦਾਵਾਰ ਵਿੱਚ ਰੁਕਾਵਟ ਸਿੱਧ ਹੁੰਦੀ ਹੈ।

5. **ਰਾਸ਼ਟਰੀ ਏਕਤਾ ਵਿੱਚ ਰੁਕਾਵਟ(Obstacles in national unity)** –ਜਾਤ ਵਿਵਸਥਾ ਦੇਹ ਵਿੱਚ ਰਾਸ਼ਟਰੀ ਏਕਤਾ ਦੇ ਵਿਕਾਸ ਵਿੱਚ ਬੜੀ ਭਾਰੀ ਰੁਕਾਵਟ ਸਿੱਧ ਹੋਈ ਹੈ। ਨੀਵੀਂਆਂ ਜਾਤਾਂ ਆਪਣੇ ਪ੍ਰਤੀ ਸਮਾਜਿਕ ਵਿਉਹਾਰ 'ਤੇ ਅਸੰਤੋਖ ਮਹਿਸੂਸ ਕਰਦੀਆਂ ਹਨ। ਘਰਾਏ ਨੇ ਲਿਖਿਆ ਹੈ, "ਜਾਤ-ਭਗਤੀ ਦੀ ਭਾਵਨਾ ਨੇ ਦੂਜੀ ਜਾਤੀਆਂ ਪ੍ਰਤੀ ਨਫ਼ਰਤ ਪੈਦਾ ਕੀਤੀ, ਇਸ ਨਾਲ ਇੱਕ ਬਿਮਾਰ ਵਾਤਾਵਰਨ ਪੈਦਾ ਹੋਇਆ ਜੋ ਰਾਸ਼ਟਰੀ ਚੇਤਨਾ ਦੇ ਵਿਕਾਸ ਦੇ ਲਈ ਅਨੁਕੂਲ ਨਹੀਂ ਸੀ।" ਈ. ਸ਼ਿਮਟ ਦਾ ਵੀ ਵਿਚਾਰ ਹੈ ਕਿ ਜਾਤ ਵਿਵਸਥਾ ਦਾ ਸਭ ਤੋਂ ਜ਼ਿਆਦਾ ਦੁਖਦਾਈ ਨਤੀਜਾ ਇਹ ਹੈ ਕਿ ਇਸ ਨੇ ਰਾਸ਼ਟਰੀ ਚੇਤਨਾ ਦੇ ਵਿਕਾਸ ਨੂੰ ਰੋਕਿਆ ਹੈ।

6. **ਸਮਾਜਿਕ ਤਰੱਕੀ ਵਿੱਚ ਰੁਕਾਵਟ (Obstacles to social progress)** – ਇਹ ਰਾਸ਼ਟਰ ਦੀ ਸਮਾਜਿਕ ਅਤੇ ਅਤਰਥਿਕ ਓਰੱਕੀ ਵਿੱਚ ਵੱਡੀ ਰੁਕਾਵਟ ਰਹੀ ਹੈ। ਕਿਉਂਕਿ ਲੋਕ ਕਰਮ ਦੇ ਸਿਧਾਂਤ ਵਿੱਚ ਵਿਸ਼ਵਾਸ ਕਰਦੇ ਹਨ, ਇਸ ਕਰਕੇ ਉਹ ਪਰੰਪਰਾਵਾਦੀ ਹੋ ਜਾਂਦੇ ਹਨ, ਅਤੇ ਕਿਉਂਕਿ ਉਨ੍ਹਾਂ ਦੀ ਆਰਥਿਕ ਸਥਿਤੀ ਤੈਅ ਹੁੰਦੀ ਹੈ, ਇਸ ਨਾਲ ਉਨ੍ਹਾਂ ਵਿੱਚ ਗਤੀਸ਼ੀਲਤਾ ਆ ਜਾਂਦੀ ਹੈ ਅਤੇ ਉਨ੍ਹਾਂ ਦਾ ਕਾਰੋਬਾਰ ਅਤੇ ਉੱਦਮ ਖ਼ਤਮ ਹੋ ਜਾਂਦਾ ਹੈ।

7. **ਗੈਰ-ਜਮਹੂਰੀ (Undemocratic)** ਅੰਤ ਵਿੱਚ, ਜਾਤ ਵਿਵਸਥਾ ਗੈਰ-ਜਮਹੂਰੀ ਹੈ, ਕਿਉਂਕਿ ਇਸ ਵਿੱਚ ਸਭ ਨੂੰ ਜਾਤ, ਰੰਗ ਅਤੇ ਵਿਸ਼ਵਾਸ ਦਾ ਭੇਦ-ਭਾਵ ਤੋਂ ਬਿਨਾਂ ਬਰਾਬਰ ਅਧਿਕਾਰ ਨਹੀਂ ਦਿੱਤੇ ਜਾਂਦੇ। ਨੀਵੀਂ ਜਾਤ ਦੇ ਲੋਕਾਂ ਦੇ ਰਾਹ ਵਿੱਚ ਖ਼ਾਸ ਸਮਾਜਿਕ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਮਾਨਸਿਕ ਅਤੇ ਸਰੀਰਕ ਵਿਕਾਸ ਦੀ ਆਜ਼ਾਦੀ ਪ੍ਰਾਪਤ ਨਹੀਂ ਹੁੰਦੀ ਹੈ ਅਤੇ ਉਚੇਚਾ ਮੌਕਾ ਵੀ ਨਹੀਂ ਦਿੱਤਾ ਜਾਂਦਾ।

8. **ਜਾਤੀਵਾਦ ਨੂੰ ਵੜਾਵਾ (Promotes Casteism)** – ਜਾਤ ਵਿਵਸਥਾ ਨੇ ਜਾਤੀਵਾਦ ਨੂੰ ਜਨਮ ਦਿੱਤਾ ਹੈ। ਕਿਸੇ ਜਾ ਦੇ ਮੈਂਬਰਾਂ ਵਿੱਚ ਜਾਤੀਵਾਦ ਭਾਵਨਾਵਾਂ ਹੁੰਦੀਆਂ ਹਨ ਅਤੇ ਉਹ ਇਨਸਾਫ, ਮੇਲਜੋਲ ਅਤੇ ਨਿਆਂ ਦੇ ਸਵਸਥ ਸਮਾਜਿਕ ਸ਼ਾਨੋਂ-ਸ਼ੌਕਤ ਨੂੰ ਭੁੱਲ ਕੇ ਆਪਣੀ ਜਾਤ ਪ੍ਰਤੀ ਅੰਨ੍ਹੀ ਭਗਤੀ ਦਰਸਾਉਂਦੇ ਹਨ। ਸ਼ਬਦ 'ਬ੍ਰਾਹਮਣਵਾਦ' 'ਕਸ਼ਤ੍ਰਿਐਵਾਦ' ਜਾਤੀਵਾਦ ਨਾਲ ਜੁੜਿਆ ਹੈ। ਜਾਤੀਵਾਦ ਦੇ ਪ੍ਰਭਾਵਹੀਣ ਇੱਕ ਜਾਤ ਦੇ ਮੈਂਬਰ ਹੋਰ ਜਾਤ ਦੇ ਮੈਂਬਰਾਂ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਵੀ ਨਹੀਂ ਝਿਜਕਦੇ। ਜਾਤੀਵਾਦ ਭਾਈਚਾਰੇ ਦੇ ਸਥਾਨ 'ਤੇ ਸੰਪੂਰਨਤਾ ਵੜਾਵਾ ਦਿੰਦਾ ਹੈ। ਰਾਜਨੀਤਕ ਜਾਤੀਵਾਦ ਦੀ ਭਾਵਨਾ ਰਾਸ਼ਟਰੀ ਹਿੱਤਾਂ ਦਾ ਬਲੀਦਾਨ ਕਰਦੇ ਹੋਏ ਆਪਣੇ ਲਾਭ ਲਈ ਸ਼ੋਸ਼ਣ ਕਰਦੇ ਹਨ।

ਜਾਤ ਵਿਵਸਥਾ ਦੇ ਗੁਣਾਂ ਅਤੇ ਦੋਸ਼ਾਂ ਦੀ ਤੁਲਨਾਤਮਕ ਵਿਆਖਿਆ ਤੋਂ ਬਾਅਦ ਇਹ ਸਪੱਸ਼ਟ ਹੈ ਕਿ ਇਸਦੇ ਦੋਸ਼ ਜ਼ਿਆਦਾ ਹਨ, ਗੁਣ ਘੱਟ। ਜਾਤ ਵਿਵਸਥਾ ਸਥਿਰ ਅਤੇ ਸੁਸਤ ਸਮਾਜ ਨੂੰ ਜਨਮ ਦਿੰਦੀ ਹੈ, ਕਿਉਂਕਿ ਰੁਤਬੇ ਦਾ ਨਿਰਧਾਰਨ ਜਨਮ ਦੇ ਆਧਾਰ 'ਤੇ ਹੁੰਦਾ ਹੈ, ਜਿਸਨੂੰ ਵਿਅਕਤੀ ਆਪਣੇ ਕਾਰਜ਼ਾਂ ਨਾਲ ਨਹੀਂ ਬਦਲ ਸਕਦਾ ਹੈ ਅਤੇ ਨਾ ਹੀ ਪੈਦਾ ਕਰ ਸਕਦਾ ਹੈ, ਨਾ ਹੀ ਉੱਨਤ ਕਰ ਸਕਦਾ ਹੈ, ਇਸ ਕਰਕੇ ਖ਼ਾਸ ਯਤਨਾਂ ਨੂੰ ਕੋਈ ਹੌਂਸਲਾ ਨਹੀਂ ਮਿਲਦਾ। ਬਹੁਤ ਘੱਟ ਲੋਕ ਉਨ੍ਹਾਂ ਤੋਂ ਉਮੀਦ ਦੇ ਅਨੁਸਾਰ ਕੰਮ ਨੂੰ ਪੂਰਾ ਕਰਨਗੇ ਅਤੇ ਕੁੱਝ ਤਾਂ ਬਿਲਕੁਲ ਵੀ ਨਹੀਂ ਕਰਨਗੇ। ਰਈਸ ਚਾਹੇ ਕੰਮ ਕਰੇ ਜਾਂ ਖੇਡੇ, ਰਈਸ ਹੀ ਰਹੇਗਾ। ਭਲੇ ਹੀ ਹਰੀਜਨ ਵਿਅਕਤੀ ਕਿੰਨੀ ਵੀ ਮਿਹਨਤ ਕਰੇ, ਉਹ ਗੁਲਾਮੀ ਤੋਂ ਬਚ ਨਹੀਂ ਸਕਦਾ। ਇਹ ਭਾਰਤ ਜਾਤ ਵਿਵਸਥਾ ਦਾ ਬੰਦ ਰੂਪ ਹੀ ਹੈ, ਜਿਸਦੇ ਕਾਰਣ ਭਾਰਤ ਲੋਕਾਂ ਵਿੱਚ ਜੁੰਮੇਵਾਰੀ ਦਾ ਭਾਵ ਹੈ ਅਤੇ ਸਮਾਜ ਸਾਰੇ ਰੂਪ ਵਿੱਚ ਜੁੜਿਆ ਅਤੇ ਉਦਹਾਰਣ ਹੈ। **ਜੇਮਸ ਬਰਾਈਸ** (James Bryce) ਨੇ ਕਿਹਾ ਹੈ, "ਸਮਾਜਿਕ ਰਚਨਾ ਮਹੱਤਵਪੂਰਨ ਤੱਥ ਹੈ। ਜਿੱਥੇ ਲੋਕ ਭਾਸ਼ਾ, ਨਸਲ ਜਾਂ ਕਿੱਤੇ 'ਤੇ ਆਧਾਰਿਤ ਜਾਤ ਭੇਦਾਂ ਦੇ ਕਾਰਣ ਵੰਡੇ ਜਾਂਦੇ ਹਨ, ਉਥੇ ਪਰੰਪਰਾਗਤ ਅਵਿਸ਼ਵਾਸ ਅਤੇ ਵੈਰ ਪੇਦਾ ਹੋ ਜਾਂਦਾ ਹੈ, ਜਿਸ ਨਾਲ ਉਨ੍ਹਾਂ ਲਈ ਇਕੱਠੇ ਮਿਲਕੇ ਕੰਮ ਕਰਨ ਜਾਂ ਹਰ ਇੱਕ ਵਰਗ ਦੁਆਰਾ ਦੂਜੇ ਵਰਗ ਦੇ ਅਧਿਕਾਰੀਆਂ ਨੂੰ ਬਰਾਬਰ ਸਮਝਣਾ ਔਖਾ ਹੋ

ਨੋਟ

ਜਾਂਦਾ ਹੈ।"[25] ਜਦ ਤੱਕ ਜਾਤ ਪਬੰਦੀ ਨੂੰ ਖ਼ਤਮ ਨਹੀਂ ਕਰ ਦਿੱਤਾ ਜਾਂਦਾ, ਤਾਂਕਿ ਨੀਵੇਂ ਰੁਤਬੇ ਦੇ ਵਿਅਕਤੀ ਨੂੰ ਵਿਅਕਤੀਗਤ ਲਾਭ ਸੰਭਵ ਹੋ ਸਕੇ, ਅਜਿਹੇ ਯਤਨ ਨਹੀਂ ਹੋਣਗੇ ਅਤੇ ਸਮਾਜ ਨੂੰ ਸੰਭਾਵਿਕ ਹਾਨੀ ਹੋਵੇਗੀ।

### 6.1.4 ਜਾਤੀਆਂ ਨੂੰ ਪਰਸਪਰ

ਜਾਤ ਵਿਵਸਥਾ, ਜਿਵੇਂ ਕਿ ਅਸੀਂ ਉੱਪਰ ਦੇਖਿਆ ਹੈ, ਭਾਰਤੀ ਸਮਾਜ ਦੀ ਇੱਕ ਅਨੋਖੀ ਵਿਸ਼ੇਸ਼ਤਾ ਹੈ। ਗ੍ਰਾਮੀਨ ਖੇਤਰਾਂ ਵਿੱਚ ਨਗਰਾਂ ਦੀ ਤੁਲਨਾ ਇਸ ਦਾ ਜ਼ਿਆਦਾ ਚਲਣ ਹੈ। ਜ਼ਿਆਦਾ ਸਮਾਜਿਕ ਵਿਉਹਾਰ ਦੇ ਨਿਯਮਾਂ ਨੂੰ ਨਿਸ਼ਚਿਤ ਕਰਦੀ ਹੈ, ਜਿਨ੍ਹਾਂ ਦੀ ਉਲੰਘਣਾਂ ਨਹੀਂ ਕੀਤੀ ਜਾ ਸਕਦੀ। ਜਾਤ ਵਿਵਸਥਾ ਦੇ ਅੰਤਰਗਤ ਹਰ ਇੱਕ ਜਾਤ ਦੇ ਮੈਂਬਰਾਂ 'ਤੇ ਆਪਣਾ ਪ੍ਰਭਾਵ ਬਣਾਈ ਰੱਖਣ ਲਈ ਅਤੇ ਉਨ੍ਹਾਂ ਦੇ ਵਿਉਹਾਰ ਨੂੰ ਨਿਯੰਤ੍ਰਣ ਕਰਨ ਦਾ ਯਤਨ ਕਰਦੀ ਹੈ। ਇੱਕ ਜਾਤੀ ਦੀਆਂ ਪ੍ਰਥਾਵਾਂ, ਰੀਤੀਆਂ ਅਤੇ ਵਿਉਹਾਰ ਦੇ ਨਿਯਮ ਦੂਜੀ ਜਾਤੀ ਤੋਂ ਅਲੱਗ ਹੁੰਦੇ ਹਨ। ਜਦ ਕਿ ਵੱਖ ਵੱਖ ਜਾਤੀਆਂ ਸਮਾਜਿਕ ਪੱਧਰ 'ਤੇ ਇੱਕ-ਦੂਜੇ ਤੋਂ ਅਲੱਗ ਰਹਿੰਦੀ ਹੈ, ਕਿਉਂਕਿ ਅਨੇਕ ਸਮਾਜਿਕ ਮੌਕੇ ਅਜਿਹੇ ਆਉਂਦੇ ਹਨ, ਜਦ ਇੱਕ ਜਾਤ ਨੂੰ ਦੂਜੀ ਜਾਤ ਦੀ ਮਦਦ ਦੀ ਲੋੜ ਪੈਂਦੀ ਹੈ। ਜਾਤੀਆਂ ਦੀ ਐਸੀ ਨਿਰਭਰਤਾ ਨੂੰ ਸ਼੍ਰੀ ਨਿਵਾਸ ਨੇ ਸਿੱਧੀ ਏਕਤਾ ਕਿਹਾ ਹੈ। ਇਸ ਨੂੰ 'ਜਜਮਾਨੀ' ਵਿਵਸਥਾ ਕਿਹਾ ਗਿਆ ਹੈ, ਜਿਸ ਵਿੱਚ ਹਰੇਕ ਸਮੂਹ ਦੂਜੀ ਜਾਤਾਂ ਦੇ ਲਈ ਕੁੱਝ ਪੱਧਰੀ ਸੇਵਾਵਾਂ ਦਿੰਦੀ ਹੈ। ਅਜਿਹੀਆਂ ਮਹੱਤਵਪੂਰਨ ਜਾਤੀਆਂ, ਜੋ ਬਾਕੀ ਜਾਤਾਂ ਨੂੰ ਸੇਵਾਵਾਂ ਦਿੰਦੀਆਂ ਹਨ, ਹੇਠ ਲਿਖਿਤ ਹਨ-

1. **ਬ੍ਰਾਹਮਣ** (Brahamans) - ਬ੍ਰਾਹਮਣ ਜਾਤ ਦਾ ਮੁੱਖ ਫ਼ਰਜ਼ ਵੱਖ ਵੱਖ ਧਾਰਮਿਕ ਅਤੇ ਸੰਸਾਰਿਕ ਰੀਤੀਆਂ ਨੂੰ ਕਰਨਾ ਹੈ। ਬੱਚੇ ਦੇ ਜਨਮ 'ਤੇ ਬ੍ਰਾਹਮਣ ਨੂੰ ਜਨਮ ਦਾ ਸਮੇਂ ਲਿਖਣ ਅਤੇ ਜਨਮ ਪੱਤਰੀ ਤਿਆਰ ਕਰਨ ਲਈ ਬੁਲਾਇਆ ਜਾਂਦਾ ਹੈ। ਉਹ 'ਚੌਥੇ' ਅਤੇ 'ਬਾਹਰਵੇਂ' ਦੀ ਤਰੀਕ ਅਤੇ ਸਮਾਂ ਵੀ ਤੈਅ ਕਰਦਾ ਹੈ। ਉਹ 'ਮੁੰਡਨ' ਸੰਸਕਾਰ ਦਾ ਦਿਨ ਅਤੇ ਸਮਾਂ ਵੀ ਕੱਢਦਾ ਹੈ। ਵਿਆਹ ਦੇ ਸਮੇਂ ਉਹ ਵਿਆਹ ਦੀਆਂ ਰੀਤੀਆ ਤਾਂ ਕਰਦਾ ਹੈ ਅਤੇ ਮੰਤਰ ਦਾ ਉਚਾਰਣ ਕਰਦਾ ਹੈ। ਮੌਤ ਦੇ ਸਮੇਂ ਉਹ ਅੰਤਿਮ ਸੰਸਕਾਰ ਕਰਵਾਉਣ ਦੇ ਲਈ ਬੁਲਾਇਆ ਜਾਂਦਾ ਹੈ। ਜੇਕਰ ਉਸਨੂੰ ਕੋਈ ਅਪ-ਸ਼ਗੁਨ ਦਿਖਾਈ ਦੇਵੇ ਤਾਂ ਉਹ ਉਸ ਤੋਂ ਬਚਣ ਦੀ ਵਿੱਧੀ ਵੀ ਦੱਸਦਾ ਹੈ। ਆਪਣੀਆਂ ਸੇਵਾਵਾਂ ਦੇ ਬਦਲੇ ਬ੍ਰਾਹਮਣ ਨੂੰ ਨਕਦ ਅਤੇ ਵਸਤੂ ਆਦਿ ਦੇ ਰੂਪ ਵਿੱਚ ਅਦਾਇਗੀ ਮਿਲਦੀ ਹੈ। ਸਧਾਰਨ ਤੌਰ 'ਤੇ ਜਿਮੀਂਦਾਰ ਲੋਕ ਨਕਦ ਨਹੀਂ ਦਿੰਦੇ ਪਰ ਵਾਢੀ ਸਮੇਂ ਫ਼ਸਲ ਦਾ ਉਹ ਹਿੱਸਾ ਦਿੰਦੇ ਹਨ। ਬ੍ਰਾਹਮਣ ਅੱਜ ਵੀ ਉੱਪਰ ਲਿਖੀਆਂ ਸੇਵਾਵਾਂ ਸਾਰੀਆਂ ਜਾਤਾਂ ਲਈ ਕਰਦੇ ਹਨ।
2. **ਘੁਮਿਆਰ** (Kumhars) - ਘੁਮਿਆਰ ਮਿੱਟੀ ਦੇ ਭਾਂਡੇ ਬਣਾਉਂਦਾ ਹੈ। ਦਿਹਾਤੀ ਇਲਾਕਿਆਂ ਵਿੱਚ ਲੋਕ ਅਨਾਜ ਦਾ ਭੰਡਾਰ ਰੱਖਣ ਲਈ ਅਤੇ ਹੋਰ ਘਰੇਲੂ ਕੰਮਾਂ ਲਈ ਭਾਂਡਿਆਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਭਾਂਡਿਆਂ ਦੀ ਪੂਰਤੀ ਘੁਮਿਆਰਾਂ ਦੁਆਰਾ ਕੀਤੀ ਜਾਂਦੀ ਹੈ। ਉਹ ਜਨਮ, ਵਿਆਹ ਅਤੇ ਮੌਤ ਸਮੇਂ ਭੋਜ ਆਦਿ ਦੇ ਲਈ 'ਘੜਾ' ਵੀ ਦਿੰਦੇ ਹਨ। ਆਪਣੇ ਦੁਆਰਾ ਦਿੱਤੇ ਗਏ ਭਾਂਡਿਆਂ ਬਦਲੇ ਉਨ੍ਹਾਂ ਨੂੰ ਨਕਦ ਧਨ ਜਾਂ ਅਨਾਜ ਮਿਲਦਾ ਹੈ। ਕਦੇ-ਕਦੇ ਉਨ੍ਹਾਂ ਨੂੰ ਕੱਪੜੇ ਵੀ ਮਿਲ ਜਾਂਦੇ ਹਨ।
3. **ਨਾਈ** (Nai) - ਨਾਈ ਅਨੇਕ ਸਮਾਜਿਕ ਧਾਰਮਿਕ ਉਤਸਵਾਂ ਦੇ ਲਈ ਮਹੱਤਵਪੂਰਨ ਸੇਵਕ ਹੈ। ਜਨਮ, ਵਿਆਹ ਅਤੇ ਮੌਤ ਦੇ ਸਮੇਂ ਉਹ ਪਰਿਵਾਰ ਦੇ ਮੈਂਬਰ ਦੇ ਵਾਲ ਕੱਟਦਾ ਹੈ। ਉਹ ਸਕੇ-ਸੰਬੰਧੀਆਂ ਦੇ ਵਿਆਹ ਜਾਂ ਮੌਤ ਸੰਦੇਸ਼ ਵੀ ਲੈ ਜਾਂਦਾ ਹੈ। ਕਦੇ-ਕਦੇ ਉਹ ਵਿਆਹ ਦੀ ਗੱਲ-ਬਾਤ ਕਰਾਉਣ ਵਿੱਚ ਵਿਚੋਲੇ ਦੀ ਭੂਮਿਕਾ ਵੀ ਨਿਭਾਉਂਦਾ ਹੈ, ਆਪਣੀ ਸੇਵਾ ਦੇ ਇਨਾਮ ਦੇ ਰੂਪ ਵਿੱਚ ਉਸਨੂੰ ਕੱਪੜੇ ਅਤੇ ਫ਼ਸਲਾਂ ਦਾ ਹਿੱਸਾ ਮਿਲਦਾ ਹੈ।
4. **ਧੋਬੀ** (Dhobi) - ਧੋਬੀ ਆਪਣੇ ਜਜਮਾਨ ਦੇ ਕੱਪੜੇ ਧੋਂਦਾ ਹੈ। ਆਪਣੂ ਸੇਵਾ ਦੇ ਬਦਲੇ ਉਸਨੂੰ ਕੁੱਝ ਅਨਾਜ ਮਿਲਦਾ ਹੈ। ਵਿਆਹ ਜਾਂ ਜਨਮ ਵਿਸ਼ੇਸ਼ ਮੌਕਿਆਂ 'ਤੇ ਉਸਨੂੰ ਕੱਪੜੇ ਜਾਂ ਭਾਂਡੇ ਵੀ ਮਿਲਦੇ ਹਨ।
5. **ਬੜਈ ਅਤੇ ਲੁਹਾਰ** (Barhi and Lohar) - ਬੜਈ ਅਤੇ ਲੁਹਾਰ ਕਿਸਾਨਾਂ ਦੇ ਪਰੰਪਰਾਗਤ ਕਿਸਾਨੀ ਯੰਤਰ ਦੀ ਮੁਰੰਮਤ ਅਤੇ ਉਨ੍ਹਾਂ ਦਾ ਨਿਰਮਾਣ ਕਰਦੇ ਹਨ। ਉਹ ਦਰਵਾਜ਼ੇ ਅਤੇ ਖਿੜਕੀਆਂ ਆਦਿ ਬਣਾਉਣ ਦਾ ਕੰਮ ਵੀ ਕਰਦੇ ਹਨ। ਉਹ ਵੱਖ ਵੱਖ ਸੇਵਾਵਾਂ ਦੇ ਬਦਲੇ ਤੈਅ ਅਦਾਇਗੀ ਲੈਂਦੇ ਹਨ। ਇਨ੍ਹਾਂ ਜਾਤੀਆਂ ਦੀ ਸੇਵਾਵਾਂ ਦੀ ਸਾਰੀਆਂ ਜਾਤਾਂ ਨੂੰ

ਨੋਟ

ਲੋੜ ਪੈਂਦੀ ਹੈ।

6. **ਦਰਜ਼ੀ** (Darzi) – ਦਰਜ਼ੀ ਨਵੇਂ ਕੱਪੜੇ ਬਣਾਉਂਦਾ ਹੈ ਅਤੇ ਪੁਰਾਣੇ ਕੱਪੜੇ ਠੀਕ ਵੀ ਕਰਦਾ ਹੈ। ਉਸਦੀਆਂ ਸੇਵਾਵਾਂ ਦੀ ਸਾਰੀਆਂ ਜਾਤਾਂ ਨੂੰ ਲੋੜ ਹੁੰਦੀ ਹੈ। ਸਧਾਰਨ ਤੌਰ 'ਤੇ, ਦਰਜ਼ੀ ਪੁਰਾਣੇ ਕੱਪੜਿਆਂ ਨੂੰ ਬਿਨਾਂ ਪੈਸੇ ਤੋਂ ਠੀਕ ਕਰਦਾ ਹੈ। ਪਰ ਨਵੇਂ ਕੱਪੜੇ ਸਿਉਣ ਲਈ ਉਹ ਤੈਅ ਮੁੱਲ ਲੈਂਦਾ ਹੈ। ਕੁੱਝ ਪਰਿਵਾਰਾਂ ਵਿੱਚ ਉਸਨੂੰ ਵਾਢੀ ਸਮੇਂ ਫ਼ਸਲਾਂ ਦਾ ਹਿੱਸਾ ਵੀ ਮਿਲਦਾ ਹੈ।
7. **ਚਮਾਰ** (Chamar) – ਚਮਾਰ ਸਧਾਰਨ ਤੌਰ 'ਤੇ ਜੁੱਤੇ ਬਣਾਉਣ ਦਾ ਜਾਂ ਮੁਰੰਮਤ ਕਰਨ ਦਾ ਕੰਮ ਕਰਦੇ ਹਨ। ਬਾਕੀ ਮੌਕਿਆਂ 'ਤੇ ਵੀ ਉਨ੍ਹਾਂ ਦੀਆਂ ਸੇਵਾਵਾਂ ਦੀ ਜ਼ਰੂਰਤ ਪੈਂਦੀ ਹੈ। ਉਹ ਨੀਵੇਂ ਕੰਮ ਅਤੇ ਪਛੂ-ਘਰਾਂ ਨੂੰ ਸਾਫ਼ ਕਰਨਾ ਅਤੇ ਪਛੂਆਂ ਦੀ ਦੇਖ-ਭਾਲ ਦਾ ਕੰਮ ਕਰਦੇ ਹਨ, ਉਹ ਪਛੂਆਂ ਦੀ ਲਾਸ਼ ਉਠਾਉਂਦੇ ਹਨ। ਉਹ ਖੇਤ-ਮਜ਼ਦੂਰੀ ਦਾ ਵੀ ਕੰਮ ਕਰਦੇ ਹਨ। ਉਨ੍ਹਾਂ ਨੂੰ ਭੋਜਣ, ਅਨਾਜ ਜਾਂ ਨਕਦ ਦੇ ਰੂਪ ਵਿੱਚ ਭੁਗਤਾਨ ਮਿਲਦਾ ਹੈ। ਪਛੂਆਂ ਦੀ ਲਾਸ਼ ਉਠਾਉਣ ਦੇ ਬਦਲੇ ਉਨ੍ਹਾਂ ਨੂੰ ਪਛੂਆਂ ਦੀ ਖੱਲ ਭੁਗਤਾਨ ਵਿੱਚ ਮਿਲਦੀ ਹੈ।
8. **ਗਡਰੀਆ** (Gadaria) – ਗਡਰੀਆ ਗਾਂ, ਮੱਝ, ਬੱਕਰੀ ਆਦਿ ਪਛੂਆਂ ਨੂੰ ਪਾਲਦੇ ਹਨ। ਉਹ ਦੁੱਧ ਵੇਚਦੇ ਹਨ ਅਤੇ ਨਕਦ ਭੁਗਤਾਨ ਲੈਂਦੇ ਹਨ। ਵਾਢੀ ਪਿੱਛੋਂ ਉਹ ਪਛੂਆਂ ਨੂੰ ਖੇਤਾਂ ਵਿੱਚ ਲੈ ਜਾਂਦੇ ਹਨ, ਤਾਂਕਿ ਭੂਮੀ ਉਪਜਾਉ ਹੋ ਸਕੇ। ਗਡਰੀਆ ਖੇਤ ਵੀ ਜੋਤਦੇ ਹਨ।
9. **ਭੰਗੀ** (Bhangi) – ਭੰਗੀ ਅਤੇ ਜਮਾਦਾਰ ਸਫ਼ਾਈ ਦਾ ਕੰਮ ਕਰਦੇ ਹਨ। ਪਿੰਡਾਂ ਵਿੱਚ ਫ਼ਲੱਸ਼ ਜਾਂ ਸਦਾ ਸਾਫ਼ ਰਹਿਣ ਵਾਲਾ ਸ਼ੌਚਾਲਿਆ ਨਹੀਂ ਹੁੰਦੇ। ਭੰਗੀ ਘਰਾਂ ਤੋਂ ਗੰਦਗੀ ਚੱਕ ਕੇ ਪਿੰਡ ਤੋਂ ਦੂਰ ਸੁੱਟ ਦਿੰਦੇ ਹਨ। ਸੰਸਰਿਕ ਮੌਕਿਆ 'ਤੇ ਉਨ੍ਹਾਂ ਦੀ ਸੇਵਾ ਵਿਸ਼ੇਸ਼ ਮਹੱਤਵਪੂਰਨ ਹੁੰਦੀ ਹੈ, ਜਿਸ ਲਈ ਉਨ੍ਹਾਂ ਨੂੰ ਨਕਦ ਅਤੇ ਵਸਤੂ ਦੋਨਾਂ ਰੂਪ ਵਿੱਚ ਭੁਗਤਾਨ ਦਿੱਤਾ ਜਾਂਦਾ ਹੈ। ਉਹ ਖੇਤ-ਮਜ਼ਦੂਰੀ ਦਾ ਕੰਮ ਵੀ ਕਰਦੇ ਹਨ, ਜਿਸ ਲਈ ਉਨ੍ਹਾਂ ਨੂੰ ਵਾਢੀ ਸਮੇਂ ਫ਼ਸਲ ਦਾ ਭਾਗ ਮਿਲਦਾ ਹੈ। ਉਨ੍ਹਾਂ ਨੂੰ ਆਪਣੇ ਜਜਮਾਨਾਂ ਤੋਂ ਆਪਣੇ ਪਹਿਣਨ ਲਈ ਕੱਪੜੇ ਵੀ ਮਿਲਦੇ ਹਨ।
10. **ਬਾਨੀਆ** (Bania)– ਬਾਨੀਆ ਸਧਾਰਨ ਤੌਰ 'ਤੇ ਗ੍ਰਾਮੀਨਾਂ ਨੂੰ ਰੋਜ਼ ਦੀ ਜ਼ਰੂਰਤ ਦੀਆਂ ਵਸਤੂਆਂ ਨਕਦ ਜਾਂ ਉਧਾਰ ਵੇਚਦਾ ਹੈ। ਉਹ ਕਿਸਾਨਾਂ ਅਤੇ ਹੋਰ ਜਾਤਾਂ ਨੂੰ ਕਰਜ਼ਾ ਵੀ ਦਿੰਦਾ ਹੈ। ਵਿਆਜ ਆਮ ਤੌਰ ਮਿਸ਼ਰਤ ਧਨ ਹੁੰਦਾ ਹੈ। ਅਜਿਹਾ ਕਰਜ਼ਾ ਬੈਲ, ਕਿਸਾਨੀ ਯੰਤਰ ਖਰੀਦਣ ਅਤੇ ਵਿਵਹਾਰਕ ਕੰਮਾਂ ਦੀ ਪੂਰਤੀ ਲਈ ਦਿੱਤੇ ਜਾਂਦੇ ਹਨ। ਕਿਸਾਨ ਆਪਣੀ ਭੂਮੀ ਨੂੰ ਗਹਿਣੇ ਵੀ ਰੱਖ ਦਿੰਦੇ ਹਨ।

ਜਜਮਾਨੀ ਵਿਵਸਥਾ ਦੇ ਉਪਯੁਕਤ ਸੰਖੇਪ ਵਰਣਨ ਤੋਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਾ ਪਤਾ ਲਗਦਾ ਹੈ :–

1. **ਜਜਮਾਨੀ ਸੰਬੰਧ ਸਥਾਈ ਹੁੰਦੇ ਹਨ** (Jajmani relations are permanent) – ਜਜਮਾਨੀ ਅਧਿਕਾਰ ਸਥਾਈ ਹੁੰਦੇ ਹਨ। ਜਜਮਾਨ ਆਪਣੇ 'ਸੇਵਕ' ਨੂੰ ਇੱਛਾ ਅਨੁਸਾਰ ਹਟਾ ਨਹੀਂ ਸਕਦਾ। ਉਸਦੀ ਮੁਸ਼ਕਿਲ ਉਸਨੂੰ ਹਟਾਉਣ ਵਿੱਚ ਨਹੀਂ ਹੋਵੇਗੀ, ਪਰ ਉਸਦਾ ਵਟਾਂਦਰਾ ਖੋਜਣ ਵਿੱਚ ਹੋਵੇਗੀ।
2. **ਜਜਮਾਨੀ ਵਿਵਸਥਾ ਪੁਸ਼ਤੈਨੀ ਹੈ** (Jajmani system is heredity) – ਜਜਮਾਨੀ ਅਧਿਕਾਰ ਸੰਪਤੀ ਅਧਿਕਾਰ ਹੈ, ਤਾਂਕਿ ਉੱਰਤਅਧਿਕਾਰਤਾ ਦੇ ਨਿਯਮ ਦੇ ਅਨੁਸਾਰ ਹੀ ਇਹ ਸਥਾਨ ਅੰਤਰਣ ਹੁੰਦੇ ਹਨ।

3. **ਅਦਲਾ-ਬਦਲੀ ਵਿਵਸਥਾ** (Barter system) – ਸੇਵਾਵਾਂ ਦੀ ਅਦਲਾ-ਬਦਲੀ ਧਨ ਪ੍ਰਣਾਲੀ ਨਹੀਂ, ਪਰ ਸੇਵਕ ਪਰਿਵਾਰ ਨੂੰ ਸੇਵਾ ਦੇ ਵਟਾਂਦਰੇ ਵਿੱਚ ਵਸਤੂਆਂ ਮਿਲਦੀਆਂ ਹਨ, ਜਦਕਿ ਕੁੱਝ ਕੁ ਮਾਮਲਿਆਂ ਵਿੱਚ ਧਨ ਵੀ ਮਿਲ ਜਾਂਦਾ ਹੈ। ਲਫ਼ਜ਼ੀ ਜਜਮਾਨ ਅਤੇ ਸੇਵਕ ਦਾ ਮੱਧ ਸੰਬੰਧ ਮਾਲਿਕ ਅਤੇ ਨੌਕਰ ਦਾ ਨਹੀਂ ਹੁੰਦਾ। ਜਜਮਾਨ ਆਪਣੇ ਸੇਵਕ ਦੀ ਸਾਰੀਆਂ ਜ਼ਰੂਰਤਾਂ ਦੀ ਦੇਖ-ਰੇਖ ਕਰਦਾ ਹੈ ਅਤੇ ਜਦ ਵੀ ਜ਼ਰੂਰਤ ਹੁੰਦੀ ਹੈ, ਉਸਦੀ ਸਹਾਇਤਾ ਕਰਦਾ ਹੈ।

ਜਜਮਾਨੀ ਵਿਵਸਥਾ ਲਾਭਦਾਇਕ ਹੈ, ਕਿਉਂਕਿ

1. ਇਹ ਕਿੱਤੇ ਦੀ ਸੁਰੱਖਿਆ ਦਿੰਦੀ ਹੈ, ਕਿੱਤੇ ਪੁਸ਼ਤੈਨੀ ਹੁੰਦੇ ਹਨ।
2. ਇਹ ਆਰਥਿਕ ਸੁਰੱਖਿਆ ਦਿੰਦੀ ਹੈ, ਕਿਉਂਕਿ ਜਜਮਾਨ ਆਪਣੇ ਸੇਵਕ ਪਰਿਵਾਰ ਦੀ ਸਾਰੀਆਂ ਜ਼ਰੂਰਤਾਂ

ਨੋਟ

ਦੀ ਪੂਰਤੀ ਕਰਦਾ ਹੈ।

3. ਇਹ ਜਜਮਾਨ ਅਤੇ ਸੇਵਕ ਦੇ ਸੰਬੰਧਾਂ ਨੂੰ ਮਜ਼ਬੂਤ ਬਣਾਉਂਦਾ ਹੈ, ਜੋ ਆਰਥਿਕ ਦੀ ਤੁਲਨਾ ਵਿਅਕਤੀਗਤ ਜ਼ਿਆਦਾ ਹੁੰਦੇ ਹਨ।

ਪਰ ਜਜਮਾਨੀ ਵਿਵਸਥਾ ਨੇ, ਜੋ ਕਿਸੇ ਸਮੇਂ ਭਾਰਤੀ ਸਮਾਜ ਵਿੱਚ ਲਾਭਦਾਇਕ ਸੀ, ਹੌਲੀ-ਹੌਲੀ ਨੀਵੀਆਂ ਜਾਤਾਂ ਦੇ ਸ਼ੋਸ਼ਨ ਦਾ ਰੂਪ ਧਾਰਨ ਕਰ ਲਿਆ ਹੈ। ਉੱਚ ਜਾਤਾਂ ਨੀਵੀਆਂ ਜਾਤਾਂ ਦੇ ਲੋਕਾਂ ਦਾ ਸ਼ੋਸ਼ਨ ਕਰਦੀਆਂ ਹਨ, ਜੋ ਆਪਣੇ ਆਪ ਨੂੰ ਆਪਣੇ ਮਾਂ-ਪਿਉ ਦੀ ਧਨ ਸ਼ਕਤੀ ਦੇ ਸਾਹਮਣੇ ਬੇਵੱਸ ਮਹਿਸੂਸ ਕਰਦੀਆਂ ਹਨ। ਨਗਰੀਕਰਨ ਦੇ ਪ੍ਰਭਾਵ ਅਤੇ ਯਾਤਾਯਾਤ ਦੇ ਤੇਜ਼ ਸਾਧਨਾਂ ਦੇ ਵਿਕਾਸ ਦੇ ਕਾਰਣ ਜਜਮਾਨੀ ਵਿਵਸਥਾ ਗਲ ਰਹੀ ਹੈ, ਕਿਉਂਕਿ ਇਸ ਤੱਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਜਾਤਾਂ ਦੀ ਵਿਵਹਾਰਕ ਪਰਸਪਰ ਪਿੰਡਾਂ ਵਿੱਚ ਭਾਰਤੀ ਜਾਤ ਵਿਵਸਥਾ ਦੀ ਇੱਕ ਮੁੱਖ ਵਿਸ਼ੇਸਤਾ ਹੈ।

### 6.1.5 ਭਾਰਤੀ ਜਾਤ ਵਿਵਸਥਾ ਦੀਆਂ ਆਧੁਨਿਕ ਪ੍ਰਵਿਰਤੀਆਂ

ਜਾਤ ਵਿਵਸਥਾ ਦੀਆਂ ਵਿਸ਼ੇਸ਼ਤਾਵਾਂ ਦਾ ਉਲੇਖ ਕਰਦੇ ਸਮੇਂ ਅਸੀਂ ਕਿਹਾ ਸੀ ਕਿ ਜਾਤ ਵਿਵਸਥਾ ਕਠੋਰ ਵਿਵਸਥਾ ਹੈ। ਪਰ ਸੰਪੂਰਨ ਜਾਤ ਵਿਵਸਥਾ ਨੂੰ ਬਣਾਈ ਰੱਖਣਾ ਸੰਭਵ ਨਹੀਂ ਹੈ। ਭਾਰਤ ਵਿੱਚ ਇਹ ਵਿਵਸਥਾ ਕਦੇ ਵੀ ਪੂਰਨ ਨਹੀਂ ਰਹੀ। ਮਾਸਲਮਾਨਾਂ ਅਤੇ ਅੰਗਰੇਜ਼ਾਂ ਤੋਂ ਬਹੁਤ ਸਮੇਂ ਪਹਿਲਾਂ ਭਾਰਤ ਵਿੱਚ ਅਜਿਹੇ ਤੱਥ ਸਨ, ਜਿਨ੍ਹਾਂ ਨੇ ਇਸ ਵਿਵਸਥਾ ਦੇ ਵਿਰੁਧ ਕੰਮ ਕੀਤਾ। ਇਹ ਨਾ ਕੇਵਲ ਅੰਦਰੂਨੀ ਰੂਪ ਵਿੱਚ ਅਸਥਿਰ, ਪਰ ਸਮਾਜਿਕ ਜ਼ਰੂਰਤਾਂ ਦੇ ਅਣਉਪਯੁਕਤ ਹੁੰਦਾ ਹੈ। ਕਾਰਜ ਰੂਪ ਵਿੱਚ ਪਰਿਣਿਤ ਹੋਣ ਦੇ ਲਈ ਇਸ ਆਦਰਸ਼ ਨੂੰ ਸਥਿਰ ਸਮਾਜਿਕ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ, ਪਰ ਕੋਈ ਵੀ ਸਮਾਜ ਪੂਰਨ ਰੂਪ ਵਿੱਚ ਸਥਿਰ ਨਹੀਂ ਹੁੰਦਾ। ਜਿਨ੍ਹਾਂ ਬਾਹਰੀ ਅਵਸਥਾਵਾਂ ਵਿੱਚ ਸਮਾਜ ਰਹਿੰਦਾ ਹੈ, ਅਤੇ ਜਿਨ੍ਹਾਂ ਦੇ ਪ੍ਰਤੀ ਇਸਨੂੰ ਖ਼ੁਦ ਨੂੰ ਜਿਉਂਦਾ ਰੱਖਣ ਦੇ ਲਈ ਸ਼ਤਮਿਲ ਕਰਨਾ ਹੁੰਦਾ ਹੈ, ਲਗਾਤਾਰ ਯਤਨਸ਼ੀਲ ਹੈ। ਸਮਾਜਿਕ ਤਬਦੀਲੀ ਨੂੰ ਸਮਾਜਿਕ ਅਨੁਕੂਲਨ ਦੀ ਜ਼ਰੂਰਤ ਹੈ। ਸਮਾਜਿਕ ਵਿਵਸਥਾ ਨੂੰ ਤਬਦੀਲ ਦਸ਼ਾਵਾਂ ਤੋਂ ਜ਼ਰੂਰ ਹੀ ਸ਼ਾਮਿਲ ਕਰਨਾ ਹੁੰਦਾ ਹੈ। ਇਸ ਤਰ੍ਹਾਂ ਦੇ ਸ਼ਾਮਲੀਆ ਤੋਂ ਜ਼ਰੂਰ ਸਮਾਜਿਕ ਗਤੀਸ਼ੀਲਤਾ ਦੀ ਕੁੱਝ ਮਾਤਰਾ ਪੈਦਾ ਹੁੰਦੀ ਹੈ, ਜਿਸਦੇ ਨਤੀਜੇ ਦੇ ਰੂਪ ਵਿੱਚ ਰੁਤਬੇ ਦੇ ਸੰਪੂਰਨ ਸਥਿਰੀਕਰਨ ਨਿਯਮ ਦਾ ਉਲੰਘਣ ਹੁੰਦਾ ਹੈ।

ਪ੍ਰਾਚਨਿ ਭਾਰਤ ਵਿੱਚ, ਸੰਪੂਰਨ ਨਾ-ਮਾਨਤਾ ਕਦੇ ਵੀ ਨਹੀਂ ਰਹੀ। ਇੱਥੇ-ਉਥੇ ਕੁੱਝ ਨੀਵੀਆਂ ਦਿਖਾਈ ਦਿੰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਵਿਸ਼ਵਾਮਿਤਰ ਜੋ ਸ਼ੂਦਰਾਂ ਦਾ ਪ੍ਰੋਹਿਤ ਅਤੇ ਵਿਸ਼ੇਸ਼ ਪ੍ਰਤੀਬੰਦੀ ਸੀ। ਆਧੁਨਿਕ ਸਮੇਂ ਵਿੱਚ ਜਾਤ ਵਿਵਸਥਾ ਦੇ ਇਸ ਕਠੋਰ ਤੱਥ ਵਿੱਚ ਅਨੇਕਾਂ ਤਬਦੀਲੀਆਂ ਆ ਗਈਆਂ ਹਨ। ਇਨ੍ਹਾਂ ਤਬਦੀਲੀਆਂ ਨੂੰ ਦੇਖਕੇ ਇਹ ਨਿਸ਼ਚਿਤ ਰੂਪ ਕਿਹਾ ਜਾ ਸਕਦਾ ਹੈ ਕਿ ਪੁਰਾਣੇ ਬੰਧਨ ਹੌਲੀ-ਹੌਲੀ ਢਿਲੇ ਹੋ ਰਹੇ ਹਨ। ਵੱਖ-ਵੱਖ ਤੱਥ ਜਿਨ੍ਹਾ ਦੇ ਕਾਰਣ ਜਾਤ ਵਿਵਸਥਾ ਵਿੱਚ ਤਬਦੀਲੀ ਆਈ ਹੈ, ਹੇਠ ਲਿਖੇ ਹਨ-

1. **ਸੁਧਾਰ ਅੰਦੋਲਨ** (Reformist movement) – ਜਾਤ ਵਿਵਸਥਾ ਦੀ ਜੜ੍ਹ 'ਤੇ ਹਮਲਾ ਕਰਨ ਵਾਲਾ ਪਹਿਲਾ ਮਹੱਤਵਪੂਰਨ ਤੱਥ ਸਿੱਖਿਆ ਦਾ ਪ੍ਰਚਾਰ ਹੈ। ਅੰਗਰੇਜ਼ ਆਪਣੇ ਨਾਲ ਭਾਰਤ ਵਿੱਚ ਜਾਤੀਹੀਣ ਸੰਸਕ੍ਰਿਤੀ ਅਤੇ ਮਨੁੱਖੀ ਆਜ਼ਾਦੀ ਸੰਬੰਧੀ ਵਿਚਾਰਾਂ ਨਾਲ ਪੂਰਾ ਸਾਹਿਤ ਲਿਆਏ। ਜਿਨ੍ਹਾਂ ਭਾਰਤੀਆਂ ਨੇ ਅੰਗਰੇਜ਼ੀ ਸਾਹਿਤ ਦਾ ਅਧਿਐਨ ਕੀਤਾ, ਉਨ੍ਹਾਂ 'ਤੇ ਅੰਗਰੇਜ਼ ਲੇਖਕਾਂ ਦੇ ਵਿਚਾਰਾਂ ਦਾ ਪ੍ਰਭਾਵ ਪਿਆ। **ਸੁਵਾਮੀ ਵਿਵੇਕਾਨੰਦ** ਨੇ ਕਿਹਾ, "ਜਾਤ ਵਿਵਸਥਾ ਧਰਮ ਅਤੇ ਵੇਦਾਂ ਦੇ ਉਲਟ ਹੈ। ਸਾਡੇ ਸਾਰੇ ਉਪਦੇਸ਼ਕਾਂ ਨੇ ਇਸਨੂੰ ਖ਼ਤਮ ਕਰਨ ਦੇ ਯਤਨ ਕੀਤੇ ਹਨ। ਬੁਧੀਮਤਾ ਤੋਂ ਲੈਕੇ ਹਰ ਇੱਕ ਮੱਤ ਨੇ ਜਾਤ ਦੇ ਵਿਰੁੱਧ ਆਵਾਜ਼ ਉਠਾਈ ਹੈ। ਪਰ ਹਰ ਵਾਰ ਇਸਨੇ ਆਪਣੀ ਪਕੜ ਨੂੰ ਹੋਰ ਮਜ਼ਬੂਤ ਬਣਾ ਲਿਆ ਹੈ।" ਸੁਧਾਰਕ ਅਤੇ ਰਾਜਾ ਰਾਮ ਮੋਹਨ ਰਾਏ ਅਤੇ ਦਵਿੰਦਰ ਨਾਥ ਟੈਗੋਰ ਨੇ ਭਾਈਚਾਰੇ ਦੇ ਟੀਚੇ ਨੂੰ ਲੈਕੇ ਅੰਦੋਲਨ ਸ਼ੁਰੂ ਕੀਤਾ। ਬ੍ਰਹਮਾ ਸਮਾਜ ਦਾ ਆਦਰਸ਼ ਐਸੇ ਸਮਾਜ ਦੀ ਕਲਪਨਾ ਸੀ। ਜਿਸ ਵਿੱਚ ਜਾਤ ਦੇ ਆਧਾਰ 'ਤੇ ਮਨੁੱਖਾਂ ਦੀ ਵੰਡ ਨਹੀਂ ਹੋਵੇਗੀ। ਸੁਵਾਮੀ ਦਿਯਾਨੰਦ ਨੇ ਆਧੁਨਿਕ ਜਾਤ-ਪਾਤ ਦੀ ਵੰਡ ਨੂੰ ਖੰਡਿਤ ਕਰਕੇ ਪ੍ਰਾਚੀਨ ਚਾਰ ਵਰਨਾਂ ਦੀ ਸਥਾਪਨਾ ਦਾ ਅੰਦੋਲਨ ਚਲਾਉਣ ਲਈ 'ਆਰਿਆ ਸਮਾਜ' ਨਾਮ ਦੀ ਸੰਸਥਾ ਸਥਾਪਿਤ ਕੀਤੀ, ਜਿਸਦਾ ਮਕਸਦ ਵੈਦਿਕ ਸਮਾਜ ਦੀ ਪੁਰਾਣੀ ਪਰਿਤਰਤਾ ਨੂੰ ਜਗਾਉਣਾ ਸੀ। ਆਰੀਆ ਸਮਾਜ ਦਾ ਮੁੱਖ ਕੇਂਦਰ ਪੰਜਾਬ ਸੀ। ਪੂਨੇ ਵਿੱਚ, ਜੋਤੀਰਾਓ ਫੋਕਲੇ ਮਾਲੀ ਜਾਤ ਦੇ ਸਧਾਰਨ ਅਤੇ ਪੜ੍ਹੇ-ਲਿਖੇ ਵਿਅਕਤੀ ਨੇ 1873 ਵਿੱਚ ਜਾਤ ਦੇ ਭੇਦਭਾਵ ਬਿਨਾਂ ਮਨੁੱਖਾਂ ਦੇ ਮੁੱਲ ਨੂੰ ਜਤਾਉਣ ਲਈ ਸੱਤਿਆਸ਼ੋਧਕ ਸਮਾਜ ਦੀ ਸਥਾਪਨਾ ਕੀਤੀ। ਉਸਨੇ ਉਥੋਂ ਦੇ ਨਿਕਾਈਆਂ, ਸਰਕਾਰੀ ਸੇਵਾਵਾਂ ਅਤੇ ਸੰਸਥਾਨਾਂ ਵਿੱਚ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਦੀ ਮੰਗ ਕੀਤੀ ਅਤੇ ਪੂਨੇ ਵਿੱਚ

ਨੋਟ

ਉਦੋਂ ਦੇ ਅਛੂਤ ਲੋਕਾਂ ਲਈ ਸਕੂਲ ਦੀ ਸਥਾਪਨਾ ਕੀਤੀ। ਸ਼੍ਰੀ ਕੇਸ਼ਵ ਚੰਦਰਸੇਨ ਨੇ ਅੰਤਰ ਜਾਤੀ ਵਿਆਹ ਰਾਹੀਂ ਜਾਤ ਵਿਵਸਥਾ ਦੇ ਵਿਰੁੱਧ ਅੰਦੋਲਨ ਚਲਾਇਆ। ਥਿਉਸੀਫਿਕਲ ਅੰਦੋਲਨ ਨੇ ਵੀ ਜਾਤ ਪ੍ਰਥਾ ਦੇ ਅਣਮੁੱਲਣ ਲਈ ਕੰਮ ਕੀਤਾ। ਵਿਸ਼ੇਸ਼ ਤੌਰ 'ਤੇ 1873 ਤੋਂ ਜਦ ਏਨੀ ਬੀਸੇਂਟ ਇਸ ਸਮਾਜ ਦੀ ਅਧਿਅਕਸ਼ ਬਣੀ। ਹੋਰ ਸੁਧਾਰ ਅੰਦੋਲਨ ਰਾਸ਼ਟਰੀ ਅੰਦੋਲਨ ਸੀ, ਜਿਸਨੇ ਮਹਾਤਮਾ ਗਾਂਧੀ ਦੇ ਪ੍ਰਤੀਨਿਧਤਾ ਵਿੱਚ ਜਨ-ਅੰਦੋਲਨ ਸ਼ੁਰੂ ਕੀਤਾ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਅਛੂਤੋਦਾਰ ਨੂੰ ਰਾਸ਼ਟਰੀ ਸਮੱਸਿਆ ਦਾ ਰੂਪ ਦਿੱਤਾ। ਉਨ੍ਹਾਂ ਦਾ ਨਾਮ ਇਸ ਸੰਬੰਧ ਵਿੱਚ ਹਮੇਸ਼ਾਂ ਯਾਦ ਰਹੇਗਾ।

2. **ਬ੍ਰਿਟਿਸ਼ ਸ਼ਾਸ਼ਨਕਾਲ ਵਿੱਚ ਵਿਧਾਨ** (Legislation during British Rule) – ਭਾਰਤੀ ਸੁਧਾਰਕਾਂ ਦੇ ਯਤਨਾਂ ਦੇ ਇਲਾਵਾ, ਅੰਗਰੇਜ਼ੀ ਸ਼ਾਸ਼ਕਾਂ ਨੇ ਦੇਸ਼ ਭਰ ਵਿੱਚ ਬਲ ਸਥਾਪਿਤ ਕਰ ਲੈਣ ਤੋਂ ਬਾਅਦ ਪੱਛਮੀ ਸੱਭਿਅਤਾ ਨੂੰ ਭਾਰਤ 'ਤੇ ਥੋਪਣ ਦਾ ਯਤਨ ਕੀਤਾ ਅਤੇ ਅਜਿਹਾ ਕਰਨ ਵਿੱਚ ਉਨ੍ਹਾਂ ਦਾ ਇਸ ਦੇਸ਼ ਦੀ ਵਰਤਮਾਨ ਜਾਤ ਵਿਵਸਥਾ ਨਾਲ ਸੰਘਰਸ਼ ਹੋਇਆ। ਬ੍ਰਿਟਿਸ਼ ਅਦਾਲਤਾਂ ਅਤੇ ਬਰਾਬਰ ਸਜਾ ਸਹਿਤਾ ਦੀ ਸਥਾਪਨਾ ਨਾਲ ਜਾਤ ਪੰਚਾਇਤਾਂ ਦੇ ਖੇਤਰ ਅਧਿਕਾਰ ਤੋਂ ਅਨੇਕਾਂ ਮਾਮਲੇ ਖੋਹੇ ਗਏ। ਇਸ ਤੋਂ ਬਾਅਦ ਬ੍ਰਿਟਿਸ਼ ਸ਼ਾਸ਼ਕਾਂ ਨੇ ਦਵਿਾਨੀ ਮਾਮਲਿਆਂ ਵੱਲ ਧਿਆਨ ਦਿੱਤਾ। 1856 ਵਿੱਚ ਵਿਧਵਾ ਮੁੜ ਵਿਆਹ ਦਾ ਬਿਲ ਪਾਸ ਹੋਇਆ, ਜਿਸ ਵਿੱਚ ਹੇਠਲੀਆਂ ਜਾਤਾਂ ਦੇ ਰੀਤੀ-ਰਿਵਾਜਾਂ ਦੇ ਉਲਟ ਨਿਯਮ ਸੀ। 1876 ਵਿੱਚ ਬੰਬਈ ਦੀ ਉੱਚ ਅਦਾਲਤ ਨੇ ਘੋਸ਼ਿਤ ਕੀਤਾ ਕਿ ਕਾਨੂੰਨ ਦੀ ਅਦਾਲਤਾਂ ਕਿਸੇ ਵਿਆਹ ਨੂੰ ਨਜ਼ਾਇਜ਼ ਘੋਸ਼ਿਤ ਕਰਨ ਅਤੇ ਕਿਸੇ ਵਿਅਕਤੀ ਨੂੰ ਮੁੜ ਵਿਆਹ ਕਰਵਾਉਣ ਦੀ ਇਜ਼ਾਜ਼ਤ ਦੇਣ ਦੇ ਬਾਰੇ ਵਿੱਚ ਜਾਤ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿੰਦੀ। ਇਸ ਤੋਂ ਬਾਅਦ ਵੱਖ ਵੱਖ ਅਦਾਲਤਾਂ ਨੇ ਫ਼ੈਸਲਾ ਦਿੱਤਾ ਕਿ ਲੋਕ ਕਿਸੇ ਵੀ ਪੰਡਿਤ ਦੀ ਸੇਵਾ ਪ੍ਰਾਪਤ ਕਰ ਸਕਦੇ ਹਨ, ਉਨ੍ਹਾਂ ਲਈ ਖਾਨਦਾਨੀ ਪੰਡਿਤ ਦੀਆਂ ਸੇਵਾਵਾਂ ਪ੍ਰਾਪਤ ਕਰਨ ਦੀ ਰੋਕ ਨਹੀਂ ਹੈ। ਵੱਖ ਵੱਖ ਜਾਤਾਂ ਨੂੰ ਇਕੱਠੇ ਰੱਖਣ ਵਾਲਾ ਤੱਥ, ਸਮਾਨ ਪ੍ਰੋਹਿਤ, ਖ਼ਤਮ ਹੋ ਗਿਆ। 1850 ਦੇ ਜਾਤ ਅਸਮਰਥਤਾ ਅਣਮੁੱਲਣ ਨਿਯਮ ਨੇ ਜਾਤ ਦੀ ਏਕਤਾ 'ਤੇ ਹੋਰ ਹਮਲੇ ਕੀਤੇ। ਇਸ ਨਿਯਮ ਨੇ ਧਰਮ ਪਰਿਵਰਤਨ ਦੀ, ਸੰਪਤੀ ਦੇ ਅਧਿਕਾਰ ਨੂੰ ਪ੍ਰਭਾਵਿਤ ਕੀਤੇ ਬਿਨਾਂ ਇਜ਼ਾਜ਼ਤ ਦੇ ਦਿੱਤੀ। ਇਸ ਤੋਂ ਬਾਅਦ 1872 ਵਿੱਚ ਵਿਸ਼ੇਸ਼ ਵਿਆਹ ਨਿਯਮ (Special Marriage, Act) ਲਾਗੂ ਹੋਇਆ, ਜਿਸਨੇ ਕਿਸੇ ਵੀ ਜਾਤ ਜਾਂ ਧਰਮ ਦੇ ਵਿਅਕਤੀ ਨੂੰ ਕਿਸੇ ਹੋਰ ਜਾਤ ਜਾਂ ਧਰਮ ਵਿਆਹ ਦੀ ਇਜ਼ਾਜ਼ਤ ਦਿੱਤੀ, ਬਸ਼ਰਤੇ ਕਿ ਅਜਿਹੇ ਵਿਆਹ ਦਾ ਪੰਜੀਕਰਨ ਕਰਵਾਇਆ ਜਾਏ, ਜਿਸ ਵਿੱਚ ਘੋਸ਼ਨਾ ਕਰਨੀ ਹੋਵੇਗੀ ਕਿ ਉਹ ਕਿਸੇ ਧਰਮ ਨੂੰ ਨਹੀਂ ਮੰਨਦੇ। ਇਸ ਧਾਰਾ ਨੂੰ 1923 ਦੇ ਸੰਛੋਦਨ ਨਿਯਮ ਦੁਆਰਾ ਬਦਲ ਦਿੱਤਾ ਗਿਆ। ਇਹ ਨਿਯਮ ਹੁਣ ਕੇਵਲ ਹਿੰਦੂਆਂ, ਜਿਸ ਵਿੱਚ ਜੈਨ, ਸਿੱਖ ਅਤੇ ਬ੍ਰਾਹਮਣ ਸ਼ਾਮਿਲ ਹਨ, 'ਤੇ ਲਾਗੂ ਹੁੰਦਾ ਹੈ। ਬ੍ਰਿਟਿਸ਼ ਸ਼ਾਸ਼ਕਾਂ ਨੇ ਅਛੂਤ ਲੋਕਾਂ ਦੀ ਨਾਗਰਿਕ ਅਯੋਗਤਾਵਾਂ ਦੂਰ ਕਰਨ ਲਈ ਇੱਕ ਹੋਰ ਕਦਮ ਚੁੱਕਿਆ। ਉਨ੍ਹਾਂ ਨੇ ਅਛੂਤ ਨੂੰ ਸਿੱਖਿਆ ਸੰਬੰਧੀ ਅਧਿਕਾਰ ਨੂੰ ਅਤੇ ਸਾਰੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸੁਭਿਧਾਵਾਂ ਪ੍ਰਾਪਤ ਕਰਨ ਦੇ ਅਧਿਕਾਰ ਨੂੰ ਮਾਨਤਾ ਦੇ ਦਿੱਤੀ। 1925 ਵਿੱਚ ਮਦਰਾਸ ਵਿੱਚ ਸਾਰੇ ਸਰਬਜਨਕ ਖੂਹਾਂ ਅਤੇ ਪਬਲਿਕ ਸਕੂਲਾਂ ਨੂੰ ਸਾਰੀਆਂ ਜਾਤਾਂ ਦੇ ਲਈ ਖੋਲ੍ਹ ਦਿੱਤਾ ਗਿਆ। ਪਿਛੜੀ ਜਾਤਾਂ ਦੇ ਬੱਚਿਆਂ ਦੇ ਫੀਸ ਵਿੱਚ ਛੋਟ ਅਤੇ ਸਰਕਾਰੀ ਵਜੀਫ਼ੇ ਦਿੱਤੇ ਗਏ। ਮਾਂਟੈਗਿਊ ਚੈਮਸਫੋਰਡ ਸੁਧਾਰ ਦੇ ਅਧੀਨ ਪਿਛੜੀਆਂ ਜਾਤਾਂ ਨੂੰ ਵਿਸ਼ੇਸ਼ ਪ੍ਰਤੀਨਿਧ ਦਿੱਤਾ ਗਿਆ।

ਇਸ ਤਰ੍ਹਾਂ ਬ੍ਰਿਟਿਸ਼ ਸਰਕਾਰ ਨੇ ਸਮੇਂ-ਸਮੇਂ 'ਤੇ ਵੱਖ-ਵੱਖ ਕਾਨੂੰਨ ਪਾਸ ਕੀਤੇ। ਜਿਨ੍ਹਾਂ ਨੇ ਕੁੱਝ ਹੱਦ ਤੱਕ ਨੀਵੀਆਂ ਜਾਤਾਂ ਦੀ ਯੋਗਤਾ ਨੂੰ ਦੂਰ ਕੀਤਾ। ਪਰ ਇਨ੍ਹਾਂ ਕਾਨੂੰਨਾਂ ਅਤੇ ਬ੍ਰਿਟਿਸ਼ ਸਰਕਾਰ ਦੁਆਰਾ ਕੀਤੀਆਂ ਗਈਆਂ ਹੋਰ ਕਾਰਵਾਈਆਂ ਨੇ ਜਾਤ ਦੀ ਸਮੱਸਿਆ ਦੇ ਹੱਲ ਵਿੱਚ ਕੋਈ ਜ਼ਿਆਦਾ ਯੋਗਦਾਨ ਨਹੀਂ ਪਾਇਆ। ਬ੍ਰਿਟਿਸ਼ ਸਰਕਾਰ ਦੀਆਂ ਜ਼ਿਆਦਾਤਰ ਗਤੀਵਿਧੀਆਂ ਪ੍ਰਸ਼ਾਸਨ ਦੇ ਹਿੱਤ ਨੂੰ ਮੁੱਖ ਰੱਖ ਕੇ ਕੀਤੀਆਂ ਗਈਆਂ, ਨਾ ਕਿ ਜਾਤ ਪ੍ਰਥਾ ਦੀ ਕਠੋਰਤਾ ਨੂੰ ਦੂਰ ਕਰਨ ਦੇ ਉਦੇਸ਼ ਨਾਲ। ਬ੍ਰਿਟਿਸ਼ ਸ਼ਾਸ਼ਕਾਂ ਨੇ ਜਾਤ ਪ੍ਰਥਾ ਦੀ ਸਮੱਸਿਆ 'ਤੇ ਕੋਈ ਜ਼ਿਆਦਾ ਧਿਆਨ ਨਹੀਂ ਦਿੱਤਾ, ਨਾ ਹੀ ਉਨ੍ਹਾਂ ਨੇ ਜਾਤ ਨੂੰ ਅਹਾਨੀਕਾਰ ਬਣਾਉਣ ਲਈ ਕੋਈ ਸਾਹਸੀ ਕਦਮ ਚੁੱਕਣ ਦੀ ਇੱਛਾ ਜਤਾਈ। ਉਨ੍ਹਾਂ ਦੁਆਰਾ ਨਿਰਮਿਤ ਕਾਨੂੰਨ ਬੇਮਾਅਨੇ ਅਤੇ ਅੱਧਮੰਨੇ ਸਨ, ਜਿਨ੍ਹਾਂ ਨੂੰ ਬ੍ਰਿਟਿਸ਼ ਸ਼ਾਸ਼ਨ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਸੀ।

3. **ਉਦਯੋਗਿਕ ਕ੍ਰਾਂਤੀ ਦਾ ਪ੍ਰਭਾਵ** (Impact of industrial revolution) – ਉਦਯੋਗਿਕ ਕ੍ਰਾਂਤੀ ਵੀ ਹਿੰਦੂ ਸਮਾਜਿਕ ਰਚਨਾ ਨੂੰ ਬਦਲਣ ਵਿੱਚ ਇੱਕ ਮਹੱਤਵਪੂਰਨ ਤੱਤ ਰਿਹਾ ਹੈ। ਭਾਰਤੀ ਜਾਤ ਵਿਵਸਥਾ ਕਾਫ਼ੀ ਸੀਮਾ ਤੱਕ ਗ੍ਰਾਮੀਨ ਉਦਯੋਗਾਂ ਅਤੇ

ਨੋਟ

ਹਸਤਕਲਾਵਾਂ ਨਾਲ ਸੰਬੰਧਿਤ ਹੈ। ਗ੍ਰਾਮੀਨ ਹਸਤਕਲਾਵਾਂ ਅਤੇ ਪੁਸ਼ਤੈਨੀ ਕਿੱਤਿਆਂ ਦੇ ਪਤਨ ਨੇ, ਜੋ ਉਦਯੋਗੀਕਰਨ ਦਾ ਨਤੀਜਾ ਹੈ। ਅਨੇਕ ਪ੍ਰਕਾਰ ਦੀਆਂ ਸਮਾਜਿਕ ਰਚਨਾਵਾਂ ਨੂੰ ਪ੍ਰਭਾਵਿਤ ਕੀਤਾ ਹੈ। ਪੁਰਾਣੇ ਕਿੱਤਿਆਂ ਦੇ ਖ਼ਤਮ ਹੋ ਜਾਣ 'ਤੇ ਨਵੇਂ ਕਿੱਤਿਆਂ ਦਾ ਜਨਮ ਹੋਇਆ, ਜਿਨ੍ਹਾਂ ਵਿੱਚ ਬ੍ਰਾਹਮਣ ਅਤੇ ਸ਼ੂਦਰ ਆਜ਼ਾਦੀ ਨਾਲ ਮਿਲਜੁਲ ਕੇ ਕੰਮ ਕਰਦੇ ਹਨ। ਪੁਰਾਣੇ ਸਮੇਂ ਦੀ ਤੁਲਨਾ ਕਿੱਤੇ ਦੇ ਚੁਣਾਉ ਵਿੱਚ ਅੱਜ ਜ਼ਿਆਦਾ ਆਜ਼ਾਦੀ ਹੈ। ਵਰਤਮਾਨ ਸਮੇਂ ਵਿੱਚ ਬ੍ਰਾਹਮਣ ਜਾਤ ਦੇ ਲੋਕ ਲਗਭਗ ਹਰ ਇੱਕ ਕਿੱਤਾ, ਭੰਗੀ ਦੇ ਕਿੱਤੇ ਨੂੰ ਛੱਡ ਕੇ, ਵਿੱਚ ਲੱਗੇ ਹੋਏ ਹਨ। ਵੱਖ-ਵੱਖ ਸ਼ਿਲਪ ਜਾਤਾਂ ਦੇ ਅਨੇਕ ਮੈਂਬਰ ਦੁਕਾਨਦਾਰ, ਬੈਂਕ-ਕਲਰਕ ਅਤੇ ਅਧਿਆਪਕ ਹਨ। ਜਾਤ ਦੁਆਰਾ ਕਿੱਤੇ ਦੇ ਚੁਣਾਉ 'ਤੇ ਲਗਾਈਆਂ ਰੋਕਾਂ ਹੁਣ ਖ਼ਤਮ ਹੋ ਗਈਆਂ ਹਨ। ਉਦਯੋਗੀਕਰਨ ਜਨਤਾ ਨੇ ਨਗਰੀਕਰਨ ਨੂੰ ਜਨਮ ਦਿੱਤਾ ਹੈ। ਗ੍ਰਾਮੀਨ ਲੋਕ ਜੋ ਜਾਤ-ਪਾਤ ਦਾ ਜ਼ਿਆਦਾ ਧਿਆਨ ਰੱਖਦੇ ਹਨ, ਸ਼ਹਿਰਾਂ ਦੀ ਤਰਫ਼ ਭੱਜੇ ਜਾ ਰਹੇ ਹਨ। ਸ਼ਹਿਰ ਵਿੱਚ ਲੋਕਾਂ ਨੂੰ ਆਪਣੇ ਰੂੜੀਵਾਦੀ ਵਿਚਾਰਾਂ ਨੂੰ ਤਿਆਗਣਾ ਪੈਂਦਾ ਹੈ ਅਤੇ ਦੂਜੀ ਜਾਤ ਦੇ ਲੋਕਾਂ ਦੁਆਰਾ ਤਿਆਰ ਭੋਜਣ ਖਾਣਾ ਪੈਂਦਾ ਹੈ। ਸੰਚਾਰ ਦੇ ਸਾਧਨਾ ਨਾਲ ਵਿਅਕਤੀਗਤ ਸੰਪਰਕ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਜਾਤਾਂ ਨੂੰ ਅਲੱਗ ਕਰਨ ਵਾਲੇ ਵਿਚਾਰਾਂ 'ਤੇ ਪ੍ਰਭਾਵ ਪਿਆ ਹੈ। ਜਾਤ ਪੰਚਇਤਾਂ ਦੀ ਥਾਂ ਮਿਹਨਤੀ-ਸੰਘ, ਕਾਨੂੰਨੀ ਅਦਾਲਤਾਂ ਅਤੇ ਅਜਿਹੇ ਹੋਰ ਨੇ ਲੈ ਲਈ ਹੈ। ਮਿਹਨਤੀ ਸੰਘ ਵਿੱਚ ਹਰ ਇੱਕ ਮਿਹਨਤੀ, ਚਾਹੇ ਉਹ ਕਿਸੇ ਜਾਤ ਦਾ ਹੋਵੇ, ਮੈਂਬਰ ਹੁੰਦਾ ਹੈ। ਕਾਰਖਾਨਿਆਂ ਵਿੱਚ ਜਾਤ ਪ੍ਰਤੀਬੰਧਾਂ ਨੂੰ ਕਿਰਿਆ ਬਨਿਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਨੀਵੀਂ ਸ਼੍ਰੇਣੀ ਦੇ ਲੋਕ ਉੱਚ ਸ਼੍ਰੇਣੀ ਦੇ ਲੋਕਾਂ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਕੰਮ ਕਰਦੇ ਹਨ।

ਜਾਤ ਸਮੀਤੀਆਂ ਦੀ ਜਗ੍ਹਾ ਕਿੱਤਾ ਸਮੀਤੀਆਂ ਨੇ ਲੈ ਲਈ ਹੈ। ਅਧਿਆਪਕ ਸੰਘ, ਸਿਵਲ ਸੇਵਾ ਸਮੂਹ ਅਤੇ ਅਨੇਕ ਵਪਾਰਕ ਅਤੇ ਸੇਵਾ ਸਮੀਤੀਆਂ ਉੱਭਰ ਕੇ ਸਾਹਮਣੇ ਆਈਆਂ ਹਨ। ਜਿੱਥੇ ਵੱਖ ਵੱਖ ਜਾਤਾਂ ਦੇ ਲੋਕ ਆਜ਼ਾਦੀ ਨਾਲ ਮਿਲਦੇ ਜੁਲਦੇ ਹਨ। ਭੋਜਣ ਕਰਦੇ ਹਨਅਤੇ ਆਪਣੇ ਆਮ ਲੱਛਣਾਂ ਦੀ ਪੂਰਤੀ ਲਈ ਰਾਜਨੀਤਕ ਤਿਆਰ ਕਰਦੇ ਹਨ।

4. **ਭਾਰਤੀ ਸੰਵਿਧਾਨ ਦੁਆਰਾ ਹਮਲਾ** (Attack by Indian Constitute) – ਜਾਤ ਵਿਵਸਥਾ 'ਤੇ ਸਭ ਤੋਂ ਲੜੀਵਾਰ ਅਤੇ ਪ੍ਰਭਾਵਸ਼ਾਲੀ ਹਮਲਾ ਭਾਰਤੀ ਸੰਵਿਧਾਨ ਦੁਆਰਾ ਕੀਤਾ ਗਿਆ। ਇਸਦੀ ਪ੍ਰਸਤਾਵਨਾ ਵਿੱਚ ਘੋਸ਼ਨਾ ਕੀਤੀ ਗਈ ਕਿ ਭਾਰਤ ਦੇ ਲੋਕਾਂ ਨੇ ਆਪਣੇ ਆਪ ਨੂੰ ਪ੍ਰਜਾਤੰਤਰ, ਧਰਮ-ਨਿਰਪੇਕਸ਼, ਸਮਾਜਵਾਦੀ, ਬਾਦਸ਼ਾਹੀ ਰਾਜ ਵਿੱਚ ਸੰਗਠਤ ਕਰ ਲਿਆ ਹੈ ਅਤੇ ਸੰਵਿਧਾਨ ਦਾ ਟੀਚਾ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਇਨਸਾਫ਼, ਵਿਚਾਰਾਂ ਅਤੇ ਵਿਸ਼ਵਾਸ ਅਤੇ ਉਪਸਨਾ ਦੀ ਆਜ਼ਾਦੀ, ਰੁਤਬਾ ਅਤੇ ਮੌਕਿਆਂ ਦੀ ਸਮਾਨਤਾ ਦੇਣਾ ਅਤੇ ਵਿਅਕਤੀ ਦੇ ਮਾਨ ਨੂੰ ਕਰਦੇ ਹੋਏ ਸਾਰੇ ਲੋਕਾਂ ਵਿੱਚ ਭਾਰਤ ਭਾਵ ਨੂੰ ਪੈਦਾ ਕਰਨਾ ਹੈ। ਇਸ ਤਰ੍ਹਾਂ ਨਾ ਕੇਵਲ ਮੌਕਾ, ਪਰ ਰੁਤਬੇ ਦੀ ਬਰਾਬਰਤਾ ਦਾ ਵੀ ਦਿਲਾਸਾ ਦਿੱਤਾ ਗਿਆ ਹੈ। ਰੁਤਬੇ ਦੀ ਬਰਾਬਰਤਾ ਕੇਵਲ ਵਰਗੀਹੀਣ ਸਮਾਜ, ਜਾਤੀਹੀਚ ਵਿੱਚ ਵੀ ਨਹੀਂ, ਵਿੱਚ ਹੀ ਜਿਉਂਦੀ ਰਹਿ ਸਕਦੀ ਹੈ।

ਬਰਾਬਰਤਾ ਦੇ ਅਧਿਕਾਰ ਦੀ ਗਰੰਟੀ ਦਿੰਦੇ ਹੋਏ ਭਾਰਤੀ ਸੰਵਿਧਾਨ ਦੀ ਧਾਰਾ 15 ਵਿੱਚ ਲਿਖਿਆ ਹੈ–

1. ਰਾਜ ਕਿਸੇ ਵੀ ਨਾਗਰਿਕ ਦੇ ਵਿਰੁਧ ਧਰਮ, ਖਾਨਦਾਨ, ਜਾਤ, ਲਿੰਗ, ਜਨਮ ਸਥਾਨ ਜਾਂ ਇਨ੍ਹਾਂ ਵਿਚੋਂ ਕਿਸੇ ਦੇ ਆਧਾਰ 'ਤੇ ਭੇਦ ਭਾਵ ਨਹੀਂ ਕਰੇਗਾ।
2. ਕੋਈ ਵੀ ਨਾਗਰਿਕ ਧਰਮ, ਖਾਨਦਾਨ, ਜਾਤੀ ਲਿੰਗ, ਜਨਮ ਸਥਾਨ ਜਾਂ ਇਨ੍ਹਾਂ ਵਿਚੋਂ ਕਿਸੇ ਦੇ ਆਧਾਰ 'ਤੇ ਹੇਠਲੀਆਂ ਗੱਲਾਂ ਲਈ ਅਯੋਗ ਜਾਂ ਰੋਕਿਆ ਨਹੀਂ ਜਾਵੇਗਾ–
    1. ਦੁਕਾਨਾਂ, ਸਰਬਜਨਕ ਭੋਜਣਘਰ ਅਤੇ ਸਰਬਜਨਕ ਮੰਨੋਰੰਜਨ ਸਥਾਨਾਂ 'ਤੇ ਜਾਣ ਲਈ।
    2. ਖੂਹਾਂ, ਕਲੱਬਾਂ, ਨਹਾਉਣ ਦੇ ਘਾਟਾਂ ਅਤੇ ਸੈਰ ਦੇ ਸਥਾਨਾਂ, ਜਿਸਦੀ ਭੰਨਵਾਂ ਜਾਂ ਪੂਰਨ ਰਾਜ ਦੇ ਖਜਾਨੇ ਵਿਚੋਂ ਦੇਖ-ਰੇਖ ਕੀਤੀ ਜਾਂਦੀ ਹੈ ਜਾਂ ਸਰਵਜਨਕ ਪ੍ਰਯੋਗ ਲਈ ਖੋਲੇ ਗਏ ਹਨ।

ਧਾਰਾ 16 ਦੇ ਅਨੁਸਾਰ ਰਾਜ ਦੇ ਅਧੀਨ ਕਿਸੇ ਵੀ ਦਫ਼ਤਰ ਵਿੱਚ ਰੁਜ਼ਗਾਰ ਜਾਂ ਨਿਯੁਕਤੀ ਦੇ ਮਾਮਲੇ ਵਿੱਚ ਸਾਰੇ ਨਾਗਰਿਕਾਂ, ਧਰਮਾਂ, ਜਾਤ, ਖਾਨਦਾਨ, ਲਿੰਗ, ਨਿਵਾਸ ਸਥਾਨ ਜਾਂ ਇਨ੍ਹਾਂ ਵਿਚੋਂ ਦਾ ਵੀ ਭੇਦ ਭਾਵ ਕੀਤੇ ਬਿਨਾਂ ਬਰਾਬਰ ਮੌਕੇ ਮਿਲਣ। ਧਾਰਾ 17 ਨੇ ਅਛੂਤਾਂ ਨੂੰ ਅਣਮੁੱਲ ਕਰਦੇ ਹੋਏ ਇਸਨੂੰ ਅਪਰਾਧ ਘੋਸ਼ਿਤ ਕੀਤਾ ਹੈ। ਧਾਰਾ 19 ਦੇ ਅਨੁਸਾਰ ਅਦਾ ਆਜ਼ਾਦੀ ਦੇ ਅਧਿਕਾਰ ਵਿੱਚ ਕਿਸੇ ਰੋਕ ਤੋਂ ਬਿਨਾਂ ਕਿਸੇ ਵੀ ਜਾਇਜ਼ ਕਿੱਤੇ ਨੂੰ ਕਰਨ ਦੀ ਆਜ਼ਾਦੀ ਹੈ।

ਇਸ ਤਰ੍ਹਾਂ ਸੰਵਿਧਾਨ ਦੇ ਜਾਤ ਅਤੇ ਇਸ ਦੇ ਨਿਰਧਰਕ ਰੀਤੀ-ਰਿਵਾਜ਼ਾਂ ਨੂੰ ਅਣਮੁੱਲ ਕਰ ਦਿੱਤਾ ਹੈ। ਸੰਵਿਧਾਨ ਦਾ ਇਹ ਪਵਿਤਰ ਵਾਧਾ ਹੈ ਕਿ ਵਿਧਾਨ ਮੰਡਲ ਇਹ ਅਜਿਹੇ ਸਮਾਜ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕਰੇਗਾ, ਜਿਸ ਵਿੱਚ ਰੁਤਬੇ ਦੀ ਨਾਬਰਾਬਰੀ ਨਹੀਂ ਹੋਵੇਗੀ।

ਉਪਰਲੀਆਂ ਬੰਦੋਬਸਤ ਤੋਂ ਇਲਾਵਾ, ਸੰਵਿਧਾਨ ਨੀਵੀਂ ਜਾਤਾਂ ਦੀ ਸਮਾਜਿਕ ਦਸ਼ਾ ਸੁਧਾਰਨ ਲਈ ਹੋਰ ਕਈ ਵਿਵਸਥਾਵਾਂ ਕੀਤੀ ਹਨ। ਅਨੁਛੇਦ 46 ਵਿੱਚ ਲਿਖਿਤ ਹੈ ਕਿ, "ਰਾਜ ਕੰਮਜ਼ੋਰ ਵਰਗਾਂ ਵਿਸ਼ੇਸ਼ ਤੌਰ 'ਤੇ ਅਨੁਸੁਚਿਤ ਜਾਤਾਂ ਅਤੇ ਅਨੁਸੁਚਿਤ ਜਨਜਾਤੀਆਂ ਦੇ ਵਿਅਕਤੀਆਂ ਦੀ ਸਿੱਖਿਆ ਅਤੇ ਆਰਥਿਕ ਹਿੱਤਾਂ ਦੇ ਵਾਧੇ ਲਈ ਵਿਸ਼ੇਸ਼ ਉਪਾਅ ਕਰੇਗਾ ਅਤੇ ਉਨ੍ਹਾਂ ਨੂੰ ਸਮਾਜਿਕ ਅਨਿਆਂ ਅਤੇ ਸ਼ੋਸ਼ਣ ਦੇ ਸਾਰੇ ਗਰੁਪਾਂ ਤੋਂ ਸੁਰੱਖਿਆ ਦੇਵੇਗਾ।"

ਅਨੁਛੇਦ 330 ਦੇ ਅਨੁਸਾਰ ਅਨੁਸੁਚਿਤ ਜਾਤਾਂ/ਜਨਜਾਤੀਆਂ ਲਈ ਲੋਕਸਭਾ ਵਿੱਚ ਸਥਾਨ ਰਾਖਵੇਂ ਰੱਖੇ ਗਏ ਹਨ। ਅਨੁਛੇਦ 332 ਦੇ ਅਨੁਸਾਰ ਹਰ ਇੱਕ ਰਾਜ ਵਿਧਾਨ ਸਭਾਂ ਵਿੱਚ ਵੀ ਉਨ੍ਹਾਂ ਲਈ ਸਥਾਨ ਰਾਖਵੇਂ ਹਨ। ਅਜਿਹਾ ਰਾਖਵਾਂਕਰਨ ਰਾਜ ਵਿੱਚ ਉਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ ਵਿੱਚ ਹੋਵੇਗਾ। ਅਨੁਛੇਦ 338 ਵਿੱਚ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਕਲਿਆਣ ਲਈ ਇੱਕ ਵਿਸ਼ੇਸ਼ ਅਧਿਕਾਰ ਦੀ ਨਿਯੁਕਤੀ ਦਾ ਇੰਤਜ਼ਾਮ ਹੈ। ਅਨੁਯੇਦ 16 ਅਤੇ ਇੱਕ 335 ਦੇ ਅਨੁਸਾਰ ਸਰਵਜਨਕ ਸੇਵਾਵਾਂ ਵਿੱਚ ਅਨੁਸੁਚਿਤ ਜਾਤਾਂ ਅਤੇ ਅਨੁਸੁਚਿਤ ਜਨਜਾਤੀਆਂ ਦੇ ਲਈ ਰਾਖਵਾਂਕਰਨ ਦੀ ਵਿਵਸਥਾ ਕੀਤੀ ਗਈ ਹੈ।

ਸਰਕਾਰ ਨੇ ਅਨੁਸੁਚਿਤ ਜਾਤਾਂ ਅਤੇ ਅਨੁਸੁਚਿਤ ਜਨਜਾਤੀਆਂ ਦੇ ਵਿਕਾਸ ਲਈ ਅਨੇਕ ਕੰਮ ਵੀ ਆਰੰਭ ਕੀਤੇ ਹਨ। ਇਨ੍ਹਾਂ ਕੰਮਾਂ ਵਿੱਚ ਮੁੱਖ ਹਨ-ਮੈਟ੍ਰਿਕ ਪਿੱਛੋਂ ਵਿਦਿਆਰਥਿਕ ਸੋਚ ਜਿਸ ਨਾਲ ਇਨ੍ਹਾਂ ਜਾਤਾਂ ਦੇ ਵਿਦਿਆਰਥੀ ਉੱਚ ਸਿੱਖਿਆ ਲੈ ਸਕਣ, ਪੁਸਤਕ, ਬੈਂਕ ਯੋਜਨਾ, ਮੈਡੀਕਲ ਅਤੇ ਇੰਜਨੀਅਰਿੰਗ ਮਹਾਂਵਿਦਿਆਲਿਆ ਵਿੱਚ ਪੜ੍ਹਾਈ ਕਰ ਸਕਣ ਵਾਲੇ ਅਨੁਸੁਚਿਤ ਜਾਤਾਂ/ਜਨਜਾਤੀਆਂ ਦੇ ਵਿਦਿਆਰਥੀਆ ਦੇ ਲਈ, ਅਨੁਸੁਚਿਤ ਜਾਤਾਂ ਦੇ ਲਈ, ਕੁੜੀਆਂ ਦਾ ਹੋਸਟਲ, ਵੱਖ-ਵੱਖ ਪ੍ਰਤੀਯੋਗਿਕ ਪ੍ਰਿਖਿਆਵਾਂ ਜਿਸ ਵਿੱਚ ਸੰਘ ਲੋਕ ਸੇਵਾ ਆਯੋਗ ਦੁਆਰਾ ਸੰਚਾਲਿਤ ਪ੍ਰਿਖਿਆਵਾਂ ਵੀ ਸ਼ਾਮਿਲ ਹਨ, ਦੇ ਲਈ ਇਨ੍ਹਾਂ ਜਾਤਾਂ ਦੇ ਉਮੀਦਵਾਰਾਂ ਨੂੰ ਵਿਸ਼ੇਸ਼ ਕੋਚਿੰਗ ਦੇਣਾ। ਰਾਜ ਵਿੱਚ ਅਨੁਸੁਚਿਤ ਜਾਤਾਂ ਦੇ ਵਿਅਕਤੀਆਂ ਨੂੰ ਵੱਖ-ਵੱਖ ਕਿੱਤਿਆਂ ਵਿੱਚ ਆਰਥਿਕ ਸਹਾਇਤਾ ਦੇਣ ਲਈ ਅਨੁਸੁਚਿਤ ਜਾਤ ਵਿਕਾਸ ਨਿਯਮਾਂ ਦੀ ਸਥਾਪਨਾ ਕੀਤੀ ਗਈ ਹੈ। ਅਜਿਹੀ ਸਵੈਇਛਕ ਸੰਸਥਾਵਾਂ ਜੋ ਅਨੁਸੁਚਿਤ ਜਾਤਾਂ/ਜਨਜਾਤੀਆਂ ਦੇ ਕਲਿਆਣ ਕੰਮਾਂ ਵਿੱਚ ਸ਼ਾਲਿਨ ਹਨ, ਨੂੰ ਸੌ ਫੀਸਦੀ ਸਹਾਇਤਾ ਦਿੱਤੀ ਗਈ ਹੈ।

ਇਸ ਤਰ੍ਹਾਂ, ਭਾਰਤੀ ਸੰਵਿਧਾਨ ਅਤੇ ਸਵਿਧਾਨਿਕ ਪ੍ਰਬੰਧਕਾਂ ਦੇ ਅਨੁਸਰਨ ਵਿੱਚ ਆਰੰਭ ਕੀਤੇ ਗਏ ਵੱਖ ਵੱਖ ਕੰਮਾਂ ਦੁਆਰਾ ਜਾਤ ਵਿਵਸਥਾ ਨੂੰ ਖ਼ਤਮ ਕਰਨ ਅਤੇ ਅਨੁਸੁਚਿਤ ਜਾਤਾਂ ਅਤੇ ਅਨੁਸੁਚਿਤ ਜਨਜਾਤੀਆਂ ਦੀ ਸਮਾਜਿਕ ਅਤੇ ਆਰਥਿਕ ਦਸ਼ਾ ਨੂੰ ਉੱਨਤ ਕਰਨ ਦਾ ਯਤਮ ਕੀਤਾ ਗਿਆ ਹੈ।

**ਭਾਰਤ ਵਿੱਚ ਜਾਤ ਵਿਵਸਥਾ ਦਾ ਭਵਿੱਖ** (future of caste system in India) – ਭਾਰਤ ਵਿੱਚ ਜਾਤ ਵਿਵਸਥਾ ਦੇ ਦੋਸ਼ਾਂ ਨੂੰ ਦੂਰ ਕਰਨ ਲਈ ਹੁਣ ਤੱਕ ਕੀਤੇ ਗਏ ਉਪਾਵਾਂ ਦੇ ਸੰਖੇਪ ਤੋਂ ਇਹ ਸਪੱਸ਼ਟ ਹੈ ਕਿ, ਜਦ ਕਿ ਜਾਤ ਵਿਵਸਥਾ ਦਾ ਪ੍ਰਭਾਵ ਹੌਲੀ ਹੌਲੀ ਘੱਟ ਰਿਹਾ ਹੈ, ਕਿਉਂਕਿ ਇਹ ਪੂਰਬ ਦੀ ਤਰ੍ਹਾਂ ਜਿਉਂਦਾ ਹੈ ਅਤੇ ਲੋਕਾਂ ਦੇ ਵਿਚਾਰਾਂ ਅਤੇ ਰੁਚੀਆਂ ਵਿੱਚ ਕੋਈ ਖ਼ਾਸ ਬਦਲਾਓ ਨਹੀਂ ਆਇਆ ਹੈ। ਜਾਤ ਦਾ ਸਮਜਾਤੀ ਵਿਆਹੀ ਰੂਪ ਲਗਭਗ ਉਸੇ ਤਰ੍ਹਾਂ ਚੱਲ ਰਿਹਾ ਹੈ, ਕੇਵਲ ਇੰਨਾ ਫ਼ਰਕ ਆਇਆ ਹੈ ਕਿ ਜਿੱਥੇ ਪਹਿਲਾਂ ਜਾਤ ਦੇ ਬਾਹਰ ਵਿਆਹ ਕਰਵਾਉਣਾ ਸੋਚਿਆ ਵੀ ਨਹੀਂ ਜਾ ਸਕਦਾ ਸੀ, ਹੁਣ ਕੁੱਝ ਪ੍ਰੇਮ ਵਿਆਹ ਦੇ ਇਛੁਕ ਨੌਜਵਾਨ ਮੁੰਡੇ ਅਤੇ ਕੁੜੀਆਂ ਜਾਤ ਦੇ ਬੰਧਨ ਨੂੰ ਤੋੜਨ ਲਈ ਤਿਆਰ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਵਿਆਹ ਵਿੱਚ ਕੁੜੀ ਮੁੰਡੇ ਤੋਂ ਨੀਵੀਂ ਜਾਤ ਦੀ ਹੁੰਦੀ ਹੈ। ਪਰ ਪੁਰਾਣੀ ਪੀੜ੍ਹੀ ਹੁਣ ਵੀ ਵੀ ਜਾਤ ਅਰਥਾਂ ਵਿੱਚ ਹੀ ਸੋਚਦੀ ਹੈ। ਵਿਅਕਤੀ ਨੂੰ ਅਜੇ ਵੀ ਸੰਕਟ, ਅਤੇ ਵਿਆਹ ਅਤੇ ਮੌਤ ਦੇ ਸਮੇਂ ਆਪਣੀ ਜਾਤ ਤੇ ਮੁੱਖ ਤੌਰ 'ਤੇ ਰਹਿਣਾ ਪੈਂਦਾ ਹੈ। ਨਾਗਰਿਕ ਜੀਵਨ ਵਿੱਚ ਅਨੇਕ ਨੇਤਾਵਾਂ ਦਾ ਸੰਬੰਧ ਕੇਵਲ ਆਪਣੀ ਜਾਤ ਦੇ ਉਦਾਰ ਨਾਲ ਹੁੰਦਾ ਹੈ। ਭਾਰਤ ਵਿੱਚ ਚੋਣਾਂ ਜਾਤੀਵਾਦ ਦੇ ਆਧਾਰ 'ਤੇ ਲੜੀਆਂ ਜਾਂਦੀਆਂ ਹਨ। ਮਤਦਾਤਾ ਨੂੰ ਆਪਣੀ ਜਾਤ ਦੇ ਉਮੀਦਵਾਰ ਨੂੰ ਵੋਟ ਦੇਣ ਲਈ ਕਿਹਾ ਜਾਂਦਾ ਹੈ, ਤਾਂਕਿ ਵੋਟਾਂ ਤੋਂ ਬਾਅਦ ਵੀ

ਨੋਟ

ਜਿਤਿਆ ਨੇਤਾ ਨੂੰ ਸਥਿਰ ਰੱਖਦੇ ਹਨ। ਰਾਜਨੀਤਕ ਦਲ ਵੀ ਕਿਸੇ ਵਿਸ਼ੇਸ਼ ਚੋਣਾਂ ਤੋਂ ਹਮੇਸ਼ਾਂ ਉਮੀਦਵਾਰ ਖੜ੍ਹਾ ਕਰਦੇ ਹਨ, ਜਿਸਦੀ ਜਾਤ ਦੀ ਗਿਣਤੀ ਉਸ ਖੇਤਰ ਵਿੱਚ ਜ਼ਿਆਦਾ ਹੋਵੇ। ਸਰਾਕਾਰੀ ਸੇਵਾਵਾਂ ਅਤੇ ਵਿਧਾਨ ਮੰਡਲਾਂ ਵਿੱਚ ਅਨੁਸੂਚਿਤ ਅਤੇ ਪਛੜੀਆਂ ਹੋਈਆਂ ਜਾਤਾਂ ਲਈ ਰਾਖਵਾਂਕਰਨ ਕੀਤਾ ਗਿਆ ਹੈ। ਉਨ੍ਹਾਂ ਨੂੰ ਸਿੱਖਿਆ ਲਈ ਵਿਸ਼ੇਸ਼ ਸੁਵਿਧਾਵਾਂ ਦਿੱਤੀਆਂ ਗਈਆਂ ਹਨ। ਜਾਤ ਪਤ੍ਰਿਕਾਵਾਂ ਵੀ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਮੰਡਲ ਵਿਵਾਦ ਵਿੱਚ ਸਰਬਉੱਚ ਅਦਾਲਤ ਦੇ ਫ਼ੈਸਲੇ ਨੇ ਜਾਤੀਵਾਦ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਇਸ ਫ਼ੈਸਲੇ ਨਾਲ ਜਾਤੀਵਾਦ ਦਾ ਵਿਸ਼ਾ ਜ਼ਿਆਦਾ ਫ਼ੈਲ ਜਾਵੇਗਾ। ਇਸ ਤਰ੍ਹਾਂ ਭਾਰਤੀਆਂ ਨੇ ਜਾਤ ਵਿਵਸਥਾ ਨੂੰ ਨਿਰ-ਉਤਸਾਹਿਤ ਕਰਨ ਦੀ ਥਾਂ 'ਤੇ ਉਸਨੂੰ ਵਧਾਵਾ ਦਿੱਤਾ ਹੈ। ਘੁਰਏ ਨੇ ਠੀਕ ਹੀ ਕਿਹਾ ਹੈ ਕਿ ਭਾਰਤ ਜਾਤ ਵਿਵਸਥਾ ਦੇ ਨੇੜਲੇ ਭਵਿੱਖ ਵਿੱਚ ਖਤਮ ਹੋਣ ਦਾ ਕੋਈ ਡਰ ਨਹੀਂ ਹੈ। ਉਸਦੇ ਅਨੁਸਾਰ, "ਪੁਰਾਣੀ ਵਿਵਸਥਾ ਅਤੇ ਸਮਕਾਲੀ ਵਿਵਸਥਾ ਵਿੱਚ ਕੇਵਲ ਇੰਨਾ ਅੰਤਰ ਹੈ ਕਿ ਜਿੱਥੇ ਪੁਰਾਣੇ ਸੰਗਠਨ ਵਿੱਚ ਜਾਤ ਵਿਵਸਥਾ ਦੇ ਉਪਯੁਕਤ ਅਤੇ ਸਬਰ-ਭੂਮਿਕ ਰੂਪ ਪ੍ਰਚੱਲਿਤ ਸਨ, ਅਤੇ ਸਮਾਜ ਦਾ ਇੱਕ ਵਰਗ ਆਧੁਨਿਕ ਪੜ੍ਹੇ-ਲਿਖੇ ਲੋਕਾਂ ਜਿਨ੍ਹਾਂ ਦੀ ਸੰਖਿਆ ਥੋੜੀ ਪਰ ਮਹੱਤਵਪੂਰਨ ਹੈ, ਜਾਤ ਰੋਕਾਂ ਤੋਂ ਉੱਪਰ ਉੱਠ ਗਿਆ ਹੈ।"[28] ਜਾਤਾਂ ਵਿੱਚ ਪਰੰਪਰਾਗਤ ਅਵਿਸ਼ਵਾਸ ਅਤੇ ਬਹੁਮੁੱਖੀਪਨ ਦੀ ਮਨੋਵਿਰਤੀਆਂ ਅੱਜ ਵੀ ਜਿਉਂਦੀਆਂ ਹਨ। ਕੇਵਲ ਕਾਨੂੰਨਾਂ ਨਾਲ ਪੰਜ ਹਜ਼ਾਰ ਸਾਲ ਪੁਰਾਣੀ ਸਮਾਜਿਕ ਸੰਸਥਾ ਦਾ ਅਣਮੁੱਲ ਨਹੀਂ ਕੀਤਾ ਜਾ ਸਕਦਾ। ਜ਼ਰੂਰਤ ਹੈ ਜਨਮਤ ਨੂੰ ਸਿਖਿਅਤ ਕਰਨ ਅਤੇ ਜਾਤ ਭਗਤੀਵਾਦ ਦੀ ਪ੍ਰਭਾਵਸ਼ਾਲੀ ਢੰਗ ਨਾਲ ਨਿੰਦਾ ਕਰਨ ਦੀ। ਜਿੱਥੇ ਕਾਨੂੰਨੀ ਵਿਵਸਥਾ ਦੁਆਰਾ ਕਾਲ ਅਛੂਤਤਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਥੇ ਦੂਜੇ ਪਾਸੇ, ਰਾਜਨੀਤਕ ਲਾਭ ਉਠਾਉਣ ਲਈ ਜਾਤੀਵਾਦ ਨੂੰ ਸਮਰਥਨ ਦਿੱਤਾ ਜਾਂਦਾ ਹੈ। ਆਜ਼ਾਦੀ ਦੇ 41 ਸਾਲ ਬਾਅਦ ਵੀ ਅਸੀਂ ਅਜੇ ਸਮੱਸਿਆਵਾਂ ਦਾ ਹੱਲ ਲੱਭ ਰਹੇ ਹਾਂ ਅਤੇ ਨੀਵੀਆਂ ਜਾਤਾਂ ਨੂੰ ਰਾਸ਼ਟਰ ਦੀ ਮੁੱਖ ਧਾਰਾ ਵਿੱਚ ਲੀਣ ਕਰਨ ਦੀ ਥਾਂ 'ਤੇ ਉਨ੍ਹਾਂ ਨੂੰ ਵੱਖ ਵੱਖ ਤਰ੍ਹਾਂ ਦੇ ਸਮਰਥਨ ਅਤੇ ਰਾਖਵਾਂਕਰਨ ਦੇਕੇ ਜਾਤੀਵਾਦ ਨੂੰ ਵਧਾਵਾ ਦੇ ਰਹੇ ਹਾਂ। ਇਨ੍ਹਾਂ ਜਾਤਾਂ ਵਿੱਚ ਉੱਚ ਸ਼੍ਰੇਣੀਆਂ ਦੇ ਵਿਆਕਤੀ ਅਤੇ ਅਧਿਕਾਰੀ, ਵਿਧਾਇਕ, ਮੰਤਰੀ, ਆਮਦਨ ਕਰ ਦਾਤਾ ਵੀ ਆਪਣੀਆਂ ਵਿਸ਼ੇਸ਼ ਸੁਭਿਧਾਵਾਂ ਨੂੰ ਛੱਡਣ ਲਈ ਤਿਆਰ ਨਹੀਂ ਹਨ। ਜਿਵੇਂ ਕਿ 'ਚਰਣਓਮੇ ਲਓਰ' ਦੇ ਵਿਸ਼ੇ 'ਤੇ ਪ੍ਰਸ਼ਾਦ ਸਮਿਤੀ ਦੁਆਰਾ ਕੀਤੀਆਂ ਗਈਆਂ ਸ਼ਿਫ਼ਾਰਸ਼ਾਂ ਤੋਂ ਪੈਦਾ ਹੋਏ ਵਿਰੋਧ ਤੋਂ ਪ੍ਰਗਟ ਹੈ। ਤਦ ਵੀ ਆਸ਼ਾ ਕੀਤੀ ਜਾ ਸਕਦੀ ਹੈ ਕਿ ਵਿਸਤਰੀਕਰਨ ਵਿਵਸਥਾ ਅੱਜ ਵੀ ਭਾਰਤੀ ਸਮਾਜ ਦੀਆਂ ਜੜ੍ਹਾਂ ਵਿੱਚ ਦ੍ਰਿੜਤਾ ਨਾਲ ਜੰਮੀ ਹੋਈ ਹੈ। ਨੌਂਜਵਾਨਾਂ ਦਾ ਉਤਸ਼ਾਹ ਲਾਜ਼ਮੀ ਹੀ ਜਾਤ ਦੇ ਦਿਖਾਵਟੀ ਬੰਧਨਾਂ ਨੂੰ ਨਿਸ਼ਚਿਤ ਰੂਪ ਵਿੱਚ ਤੋੜਣ ਵਿੱਚ ਸਫ਼ਲ ਹੋਣਗੇ। ਸਿਖਿਆ ਦੇ ਪ੍ਰਸਾਰ ਅਤੇ ਆਰਥਿਕ ਸਥਿਤੀ ਦੇ ਉੱਨਤ ਹੋਣ ਨਾਲ ਭਾਰਤੀ ਲੋਕ ਸਮੇਂ ਦੀ ਪੁਕਾਰ ਨੂੰ ਸਮਝ ਕੇ ਜਾਤ ਵਿਵਸਥਾ ਨੂੰ ਉਖਾੜ ਸਕਣਗੇ।

### 6.1.6 ਸਮਾਜਿਕ ਗਤੀਸ਼ੀਲਤਾ

ਦਰਜ਼ਾਬੰਦੀ ਸਾਰੇ ਸਮਾਜਾਂ ਦੀ ਖ਼ਾਸੀਅਤ ਹੈ। ਇਹ ਵਰਗਾਂ ਅਤੇ ਵਿਅਕਤੀਆਂ ਨੂੰ ਸਮਾਜਿਕ ਮੂਲ ਮਾਣ ਦੇ ਅਨੁਸਾਰ ਉਨ੍ਹਾਂ ਦੁਆਰਾ ਮੰਗ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਉੱਚ ਅਤੇ ਵਿਸ਼ੇਸ਼ਤਾਵਾਂ ਵਿੱਚ ਕੋਈ ਬਦਲਾਓ ਵੱਖ ਵੱਖ ਵਰਗਾਂ ਦੇ ਰੁਤਬੇ ਵੀ ਬਦਲ ਦਿੰਦਾ ਹੈ। ਇਸ ਤਰ੍ਹਾਂ ਵੱਖ ਵੱਖ ਸਮਾਜਾਂ ਜਾਂ ਉਸੇ ਸਮਾਜ ਵਿੱਚ ਵੱਖ ਵੱਖ ਸਮੇਂ 'ਤੇ ਵੱਖ ਵੱਖ ਕਿੱਤਿਆਂ ਨੂੰ ਮਾਣ-ਸਨਮਾਨ ਦੀ ਵੱਖ ਵੱਖ ਮਾਤਰਾ ਪ੍ਰਾਪਤ ਹੁੰਦੀ ਹੈ। ਭਾਰਤ ਵਿੱਚ ਕਿਸੇ ਸਮੇਂ ਪੰਡਿਤ ਵਰਗ ਦੇ ਮੈਂਬਰਾਂ ਨੂੰ ਹੋਰ ਵਰਗਾਂ ਦੇ ਮੈਂਬਰਾਂ ਦੀ ਤੁਲਨਾ ਵਿੱਚ ਜ਼ਿਆਦਾ ਉੱਚਾ ਸਮਝਿਆ ਜਾਂਦਾ ਹੈ। ਪਰ ਅੱਜ ਅਜਿਹਾ ਨਹੀਂ ਹੁੰਦਾ, ਡਾਕਟਰ ਅਤੇ ਇੰਜਨੀਅਰ ਨੂੰ ਹੁਣ ਜ਼ਿਆਦਾ ਸਨਮਾਨ ਮਿਲਦਾ ਹੈ। ਇਸੇ ਤਰ੍ਹਾਂ ਜੇਕਰ ਕੋਈ ਵਿਅਕਤੀ ਸਧਾਰਨ ਦੁਕਾਨਦਾਰ ਤੋਂ ਮੰਤਰੀ ਬਣ ਜਾਂਦਾ ਹੈ ਤਾਂ ਉਸਦਾ ਰੁਤਬਾ ਵੀ ਓਂਚਾ ਹੋ ਜਾਂਦਾ ਹੈ। ਦੂਜੇ ਪਾਸੇ, ਜੇਕਰ ਮੰਤਰੀ ਆਪਣਾ ਮੰਤਰੀਪਦ ਗੁਆ ਦਿੰਦਾ ਹੈ ਅਤੇ ਪੁਰਾਣੀ ਦੁਕਾਨ 'ਤੇ ਮੁੜ ਆਉਂਦਾ ਹੈ ਤਾਂ ਮੰਤਰੀ ਦੇ ਰੂਪ ਵਿੱਚ ਉਸਦਾ ਜੋ ਰੁਤਬਾ ਸੀ, ਉਹ ਖ਼ਤਮ ਹੋ ਜਾਂਦਾ ਹੈ। ਇਸ ਤਰ੍ਹਾਂ ਸਮਾਜ ਵਿੱਚ ਲੋਖਾਂ ਨੂੰ ਰੁਤਬੇ ਦੇ ਮਾਣ ਵਿੱਚ ਉੱਪਰ-ਹੇਠਾਂ ਜਾਂਦੇ ਦੇਖਿਆ ਜਾ ਸਕਦਾ ਹੈ। ਇਸ ਗਤੀ ਨੂੰ ਸਮਾਜਿਕ ਗਤੀਸ਼ੀਲਤਾ ਕਿਹਾ ਜਾਂਦਾ ਹੈ। ਗਤੀਸ਼ੀਲਤਾ (Moblity) ਸਥਾਨਅੰਤਰਨ (Migration) ਮਿਤਰ ਹਨ, ਕਿਉਂਕਿ ਸਥਾਨਅੰਤਰਨ ਦਾ ਅਰਥ ਹੈ ਭੂਗੋਲਿਕ ਸਥਾਨ ਵਿੱਚ ਗਤੀ।

ਗਤੀਸ਼ੀਲਤਾ ਦੀ ਖਿਤਿਜ (Horizontal)ਅਤੇ ਖੜੋਤ (Vertical) ਵਿੱਚ ਵਰਗੀਕ੍ਰਿਤ ਕਿਹਾ ਜਾਂਦਾ ਹੈ। ਖਿਤਿਜ ਗਤੀਸ਼ੀਲਤਾ ਦਾ ਅਰਥ ਨਿਵਾਸ ਸਥਾਨ ਅਤੇ ਕਿੱਤਾ ਬਦਲਣ ਤੋਂ ਹੈ, ਜਿਸ ਵਿੱਚ ਰੁਤਬੇ ਦਾ ਬਦਲਾਉ ਨਹੀਂ ਹੁੰਦਾ। ਉਦਾਹਰਣ ਦੇ ਤੌਰ 'ਤੇ,

ਨੋਟ

ਇੱਕ ਅਧਿਆਪਕ ਇੱਕ ਸਕੂਲ ਵਿੱਚ ਚਲਾ ਜਾਂਦਾ ਹੈ, ਜਾਂ ਕਾਰਖਾਨੇ ਵਿੱਚ ਕਲਿਆਣ ਅਧਿਕਾਰੀ ਬਣ ਜਾਂਦਾ ਹੈ। ਖੜੋਤ ਗਤੀਸ਼ੀਲਤਾ ਜੀਵਨ ਦੇ ਤਿੰਨ ਖੇਤਰਾਂ, ਮੱਤਲਬ ਵਰਗ, ਵਪਾਰ ਅਤੇ ਸੱਤਾ ਜਾਂ ਕਿਸੇ ਇੱਕ ਖੇਤਰ ਵਿੱਚ ਗਤੀ ਨਾਲ ਸੰਬੰਧਿਤ ਹੈ। ਉੱਪਰ ਜਾਂ ਨੀਚੇ ਵਿਅਕਤੀ ਦੀ ਗਤੀਸ਼ੀਲਤਾ ਇਸ ਤੱਥ ਦਾ ਮਾਪ ਹੈ ਕਿ ਉਸ ਦੀ ਅਦਾਇਗੀ ਰੁਤਬੇ ਅਤੇ ਪ੍ਰਾਪਤ ਸਥਿਤੀ ਵਿੱਚ ਹੀ ਸੰਬੰਧ ਹੈ।

**ਸਮਾਜਿਕ ਗਤੀਸ਼ੀਲਤਾ ਅਟੱਲ ਹੈ** (Social mobilty in inevitable) – ਪਰਿਵਰਤਨਸ਼ੀਲ ਵਰਗ ਅਤੇ ਜਾਤ ਵਿਵਸਥਾ ਅਸੰਭਵ ਹੈ। ਸਮਾਜਿਕ ਪਰਿਵਰਤਨ ਪ੍ਰਕਿਰਤਿਕ ਕਿਰਿਆ ਹੈ ਅਤੇ ਜਿਸ ਪਲ ਸਮਾਜਿਕ ਪਰਿਵਰਤਨ ਹੁੰਦਾ ਹੈ, ਉਸੇ ਪਲ ਸਮਾਜਿਕ ਗਤੀਸ਼ੀਲਤਾ ਵੀ ਹੁੰਦੀ ਹੈ। ਸੰਭਾਵਿਕ ਤੌਰ 'ਤੇ ਕੋਈ ਵੀ ਸਮਾਜ ਸਮਾਜਿਕ ਗਤੀਸ਼ੀਲਤਾ ਦਾ ਪੂਰਨ ਤੌਰ 'ਤੇ ਨਿਛੇਧ ਨਹੀਂ ਕਰਦਾ ਅਤੇ ਨਾ ਹੀ ਕੋਈ ਸਮਾਜ ਰੁਕਿਆ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਅਸੀਂ ਚਾਹੀਏ ਕਿ ਹਰ ਇੱਕ ਜਾਤ ਪੀੜੀ ਦਰ ਪੀੜੀ ਉਸੇ ਰੁਤਬੇ ਨੂੰ ਪ੍ਰਾਪਤ ਕਰ ਰੱਖੇ ਤਾਂ ਹਰ ਇੱਕ ਜਾਤ ਵਿੱਚ ਜਨਸੰਖਿਆ ਪ੍ਰਤੀਸਥਾਪਨ ਦੀ ਦਰ ਬਰਾਬਰ ਹੋਣੀ ਜ਼ਰੂਰੀ ਹੈ। ਪਰ ਜਿਵੇਂ ਕਿ ਕੁਦਰਤ ਦਾ ਨਿਯਮ ਹੈ, ਕੁੱਝ ਜਾਤਾਂ ਦੀ ਜਨਸੰਖਿਆ ਵਿੱਚ ਵਾਧਾ ਹੁੰਦਾ ਹੈ ਤਾਂ ਹੋਰਾਂ ਵਿੱਚ ਘਾਟਾ ਹੁੰਦਾ ਹੈ। ਉਨ੍ਹਾਂ ਜਾਤਾਂ ਲਈ ਜਿਨ੍ਹਾਂ ਦੀ ਜਨਸੰਖਿਆ ਵਿੱਚ ਵਾਧਾ ਹੁੰਦਾ ਹੈ, ਕੁੱਝ ਕੁ ਨਵੇਂ ਕਿੱਤਿਆਂ ਨੂੰ ਖੋਜਣਾ ਹੋਵੇਗਾ, ਜਦਕਿ ਘਟਣ ਵਾਲੀਆਂ ਜਾਤਾਂ ਦੇ ਧੰਦਿਆਂ ਨੂੰ ਕਰਨ ਲਈ ਹੋਰਾਂ ਜਾਤਾਂ ਨਾਲ ਪ੍ਰਤੀਸਥਾਪਨ ਕਰਨੀ ਹੋਵੇਗੀ। ਇਸ ਤਰ੍ਹਾਂ, ਜਨਸੰਖਿਆ ਦੇ ਅੰਤਰ ਵੱਖ ਵੱਖ ਜਾਤਾਂ ਦੀ ਜਨਸੰਖਿਆ ਦਾ ਘਟਣਾ ਜਾਂ ਵੱਧਣਾ ਸਮਾਜਿਕ ਰੋਕ ਨੂੰ ਅਸੰਭਵ ਬਣਾ ਦਿੰਦਾ ਹੈ।

ਇਸ ਤਰ੍ਹਾਂ, ਭੂਗੋਲਿਕ ਅਨੁਕੂਲ ਸਮਾਜਿਕ ਅਨੁਕੂਲ ਨੂੰ ਜ਼ਰੂਰੀ ਬਣਾ ਦਿੰਦਾ ਹੈ। ਸਮਾਜ ਦੀ ਭੂਗੋਲਿਕ ਸਥਾਪਨਾ ਵਿੱਚ ਲਗਾਤਾਰ ਤਬਦੀਲੀ ਹੁੰਦੀ ਰਹਿੰਦੀ ਹੈ। ਜਿਵੇਂ ਜਿਵੇਂ ਜਨਸੰਖਿਆ ਵਧਦੀ ਹੈ, ਜ਼ਿਆਦਾ ਅਵਾਸ ਸਥਾਨ ਦਾ ਪ੍ਰਬੰਧ ਕਰਨ ਲਈ ਜੰਗਲਾਂ ਅਤੇ ਖੇਤਾਂ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ। ਨਵੇਂ ਸੰਕਟ ਅਤੇ ਰੋਗ ਜਨਮ ਲੈਂਦੇ ਰਹਿੰਦੇ ਹਨ। ਨਵੇਂ ਆਰਥਿਕ ਅਤੇ ਰਾਜਨੀਤਕ ਵਿਕਾਸ ਹੁੰਦੇ ਹਨ। ਸੰਭਵ ਤੌਰ 'ਤੇ ਸਮਾਜਿਕ ਵਿਵਸਥਾ ਨੂੰ ਭੌਤਿਕ ਅਵਸਥਾਵਾਂ ਵਿੱਚ ਬਦਲਾਓ ਦੇ ਨਾਲ ਆਪਣੇ ਆਪ ਨੂੰ ਸ਼ਾਮਿਲ ਕਰਨਾ ਹੋਵੇਗਾ। ਅਜਿਹੇ ਸਮਾਉਣ ਵਿੱਚ ਅਟੱਲ ਰੂਪ ਵਿੱਚ ਸਮਾਜਿਕ ਗਤੀਸ਼ੀਲਤਾ ਦੀ ਕੁੱਝ ਮਾਤਰਾ ਹੁੰਦੀ ਹੈ।

ਇਸ ਤੋਂ ਇਲਾਵਾ, ਹਰ ਇੱਕ ਸਮਾਜ ਵਿਅਕਤੀਗਤ ਆਰਜ਼ੂ ਦੇ ਲਈ ਕੁੱਝ ਮੌਕੇ ਦਿੰਦਾ ਹੈ। ਜਦ ਕਿ ਅਜਿਹਾ ਨਾ ਹੋਵੇ ਤਾਂ ਕੋਈ ਪ੍ਰਗਤੀ ਨਹੀਂ ਹੁੰਦੀ। ਹਰ ਇੱਕ ਵਿਵਸਥਾ ਵਿੱਚ ਵੱਖ ਵੱਖ ਉਪਲਬਧੀਆਂ ਲਈ ਵੱਖ ਵੱਖ ਇਨਾਮ ਹੁੰਦੇ ਹਨ, ਅਤੇ ਮਨੁੱਖ ਸਭ ਤੋਂ ਜ਼ਿਆਦਾ ਇਨਾਮ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਵਿਸ਼ਵਾਸ ਕਿ ਵਿਅਕਤੀ ਆਪਣੀਆਂ ਜ਼ਾਇਜ਼ ਕੋਸ਼ਿਸ਼ਾਂ ਨਾਲ ਉੱਨਤੀ ਕਰ ਸਕਦਾ ਹੈ, ਸਮਾਜਿਕ ਪ੍ਰਗਤੀ ਦਾ ਆਧਾਰ ਹੈ। ਸਮਾਜਿਕ ਮਾਣ, ਮੂਲਾਂ ਦੇ ਮਾਣ ਨਾਲ ਸੰਬੰਧਿਤ ਅਤੇ ਉਸਦੇ ਉੱਪਰ ਆਧਾਰਿਤ ਹਨ। ਕੋਈ ਸਮੂਹ ਜੋ ਆਪਣੇ ਮਿਆਰਾਂ ਨੂੰ ਉੱਨਤ ਕਰਦਾ ਹੈ, ਆਪਣੇ ਸਮਾਜਿਕ ਰੁਤਬੇ ਨੂੰ ਵੀ ਉੱਨਤ ਕਰ ਲਵੇਗਾ ਅਤੇ ਅਟੱਲ ਰੂਪ ਵਿੱਚ ਕੁੱਝ ਸਮੂਹ ਆਪਣੇ ਆਪ ਨੂੰ ਉੱਨਤ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਤਰ੍ਹਾਂ ਵੱਖ ਵੱਖ ਵਿਸ਼ੇਸ਼ਤਾਵਾਂ ਲਈ ਮੂਲਾਂ ਦੀ ਵਿਵਸਥਾ ਆਪਣੇ ਆਪ ਹੀ ਲੋਕਾਂ ਨੂੰ ਸਮਾਜਿਕ ਰੁਤਬੇ ਦੇ ਮਾਣ ਵਿੱਚ ਉੱਪਰ ਜਾਣ ਲਈ ਪ੍ਰੇਰਿਤ ਕਰਦੀ ਹੈ।

ਉਨ੍ਹਾਂ ਤੱਥਾਂ ਵਿੱਚ ਜੋ ਕਿਸੇ ਸਮਾਜ ਵਿੱਚ ਗਤੀਸ਼ੀਲਤਾ ਦੀ ਕੁੱਝ ਮਾਤਰਾ ਨੂੰ ਅਟੱਲ ਬਣਾਉਂਦੇ ਹਨ, ਹੈਨਰੀ ਐਮ. ਜਾਨਸਨ ਨੇ ਹੇਠ ਲਿਖਿਤ ਨੂੰ ਮਹੱਤਵਪੂਰਨ ਦੱਸਿਆ ਹੈ–

1. ਸਮਾਜਿਕ ਪ੍ਰਤਿਸ਼ਠਾ ਸਵੀਕ੍ਰਿਤ ਮੂਲ–ਵਿਵਸਥਾ 'ਤੇ ਨਿਰਭਰ ਹੁੰਦੀ ਹੈ। ਜੇਕਰ ਉਪਲਬਧੀਆਂ ਕੁੱਝ ਕੁ ਗੁਣਾਂ ਨੂੰ ਸਮਾਜਿਕ ਰੂਪ ਵਿੱਚ ਮੁੱਲਵਾਨ ਸਮਝਿਆ ਜਾਂਦਾ ਹੈ, ਤਾਂ ਕੁੱਝ ਲੋਕ ਉਨ੍ਹਾਂ ਨੂੰ ਪ੍ਰਾਪਤ ਕਰਨ ਦਾ ਯਤਨ ਕਰਨਗੇ।
2. ਬੁੱਧੀ ਅਤੇ ਹੋਰ ਪ੍ਰਕਾਰ ਦੀਆਂ ਕਾਬਲੀਅਤ ਕੇਵਲ ਉੱਚ ਸ਼੍ਰੇਣੀਆਂ ਦੀ ਬਪੌਤੀ ਨਹੀਂ ਹਨ। ਕਿਸਾਨਾਂ ਅਤੇ ਮਿਹਨਤੀਆਂ ਦੇ ਬੱਚਿਆਂ ਲਈ ਸਮਾਜ ਵਿੱਚ ਸਭ ਤੋਂ ਉੱਚੇ ਅਹੁਦਿਆਂ ਤੱਕ ਪਹੁੰਚਣਾ ਸਾਧਾਰਣ ਨਹੀਂ ਹੈ।
3. ਵੱਖ ਵੱਖ ਤਰ੍ਹਾਂ ਦੇ ਹੁਨਰ ਦੀ ਮੰਗ ਵਿੱਚ ਗਤੀ ਦੀਆਂ ਵੱਖ ਵੱਖ ਦਰਾਂ 'ਤੇ ਬਦਲਾਓ ਸਦਾ ਹੁੰਦੇ ਰਹਿੰਦੇ ਹਨ।
4. ਹਰ ਇੱਕ ਵਰਗ ਦੀ ਜਨਮ ਦਰ ਉਸ ਵਰਗ ਦੇ ਸਾਰੇ ਅਹੁਦਿਆਂ ਨੂੰ ਪੂਰਨ ਰੂਪ ਨਾਲ ਨਹੀਂ ਭਰ ਪਾਉਂਦੀ ।
5. ਉੱਚ ਵਰਗਾਂ ਵਿੱਚ ਜਨਮ ਕਦੇ ਕਦੇ ਅਨੇਕ ਵਿਅਕਤੀਆਂ ਵਿੱਚ ਆਤਮਤ੍ਰਿਪਤੀ ਦੀ ਭਾਵਨਾ ਵਿਕਸਿਤ ਕਰ ਦਿੰਦੀ ਹੈ।

ਨੋਟ

ਇਸ ਪ੍ਰਕਾਰ ਅਸੀਂ ਨਤੀਜਾ ਕੱਢ ਸਕਦੇ ਹਾਂ ਕਿ ਸਮਾਜ ਵਿੱਚ ਮੌਕੇ ਦੀ ਅਸਮਾਨਤਾ ਦੇ ਰੁਕਾਵਟ ਤੱਥਾਂ ਦੇ ਬਾਵਜੂਦ ਹਰ ਇੱਕ ਸਮਾਜ ਵਿੱਚ ਕਾਫ਼ੀ ਗਤੀਸ਼ੀਲਤਾ ਹੁੰਦੀ ਰਹਿੰਦੀ ਹੈ। ਸਮਾਜ ਸ਼ਾਸ਼ਤਰੀ ਸਮਾਜਿਕ ਗਤੀਸ਼ੀਲਤਾ ਦਾ ਅਧਿਐਨ ਕਿਸੇ ਸਮਾਜਿਕ ਰਚਨਾ ਦੀ ਸਕੀ ਉਨਮੁਕਤਾ ਦਾ ਪਤਾ ਲਗਾਉਣ ਲਈ ਕਰਦੇ ਹਨ।

ਟਾਸਕ ਸਮਾਜਿਕ ਗਤੀਸ਼ੀਲਤਾ 'ਤੇ ਟਿੱਪਣੀ ਲਿਖੋ।

**ਗਤੀਸ਼ੀਲਤਾ ਦੀ ਮਾਤਰਾ (Amount of Mobility)**

ਸਮਾਜਿਕ ਗਤੀਸ਼ੀਲਤਾ ਵਾਬਰੋਲਾ ਅਤੇ ਗਿਰਾਵਟ ਹੋ ਸਕਦੀ ਹੈ। ਗਿਰਾਵਟੀ ਗਤੀਸ਼ੀਲਤਾ ਹਰ ਇੱਕ ਸਮਾਜ ਵਿੱਚ ਸਵੀਕਾਰ ਕੀਤੀ ਜਾਂਦੀ ਹੈ। ਜੇਕਰ ਉੱਚ ਵਰਗਾਂ ਦੇ ਮੈਂਬਰ ਉਸ ਵਰਗ ਤੋਂ ਆਸ਼ਾਈ ਮਿਆਰਾਂ ਦੀ ਪਾਲਣਾ ਨਹੀਂ ਕਰਦੇ, ਤਾਂ ਉਹ ਵਰਗ ਰੁਤਬੇ ਵਿੱਚ ਨੀਚੇ ਗਿਰ ਜਾਵੇਗਾ। ਭਾਰਤ ਵਿੱਚ ਕਿਸੇ ਵਿਅਕਤੀ ਨੂੰ ਆਪਣੀ ਜਾਤ ਤੋਂ ਨੀਵੀਂ ਜਾਤ ਵਿੱਚ ਵਿਆਹ ਕਰਾਉਣ 'ਤੇ ਜਾਤ 'ਚੋਂ ਕੱਢਿਆ ਜਾ ਸਕਦਾ ਹੈ। ਜਿੱਥੋਂ ਤੱਕ ਵਾਬਰੋਲੇ ਦਾ ਪ੍ਰਸ਼ਨ ਹੈ, ਸਮਾਜ ਵਿੱਚ ਇਸਦਾ ਪੂਰਨ ਮਨਾਹੀ ਨਹੀਂ ਹੁੰਦੀ। ਪਰ ਉਸਦੀ ਸੁਗਮਤਾ ਅਤੇ ਮਾਤਰਾ ਕੁਝ ਕੁ ਤੱਥਾਂ 'ਤੇ ਨਿਰਭਰ ਜੈ। ਇਹ ਤੱਥ ਹੇਠ ਲਿਖੇ ਹਨ–

1. **ਸਮਾਜਿਕ ਬਦਲਾਓ** (Social Changes) :– ਸਧਾਰਨ ਤੌਰ 'ਤੇ ਗਤੀਸ਼ੀਲਤਾ ਦੇ ਸਹਾਇਕ ਅਤੇ ਰੁਕਾਵਟੀ ਤੱਥ ਸਮਾਜਿਕ ਬਦਲਾਓ ਦੇ ਮਾਤਰ ਹਨ। ਤੇਜ਼ ਸਮਾਜਿਕ ਬਦਲਾਓ ਦੀਆਂ ਸਥਿਤੀਆਂ ਅਤੇ ਉਦਯੋਗਿਕ ਕ੍ਰਾਂਤੀ ਜਾਂ ਪ੍ਰਦੇਸ਼ੀ ਵਿਸਥਾਰ ਸਮਜਿਕ ਗਤੀਸ਼ੀਲਤਾ ਦਾ ਮੌਕਾ ਦਿੰਦੀਆਂ ਹਨ, ਜਦਕਿ ਤਕਨੀਕੀ ਅਤੇ ਪ੍ਰਦੇਸ਼ੀ ਬਦਲਾਓ ਵਿਅਕਤੀ ਨੂੰ ਅਟੱਲ ਰੁਤਬੇ ਤੋਂ ਉੱਚਾ ਉੱਠਣ ਦਾ ਮੌਕਾ ਘੱਟ ਦਿੰਦੀ ਹੈ। ਇਹ ਧਿਆਨ ਰਹੇ ਕਿ ਰਾਜਨੀਤਕ, ਆਰਥਿਕ, ਧਾਰਮਿਕ ਜਾਂ ਹੋਰ ਕ੍ਰਾਂਤੀਕਾਰੀ ਤੇਜ਼ ਸਮਾਜਿਕ ਗਤੀਸ਼ੀਲਤਾ ਨੂੰ ਜਨਮ ਦੇ ਸਕਦੀਆਂ ਹਨ, ਜਿਸ ਵਿੱਚ ਉੱਚ ਸ਼੍ਰੇਣੀ ਦੇ ਲੋਕ ਸਮਾਜਿਕ ਮਾਣ ਦੇ ਨੀਵੇਂ ਪੱਧਰ 'ਤੇ ਅਤੇ ਨੀਵੇਂ ਪੱਧਰ ਦੇ ਲੋਕ ਉੱਚ ਸ਼੍ਰੇਣੀਆਂ ਵਿੱਚ ਪਹੁੰਚ ਜਾਂਦੇ ਹਨ।

2. **ਸੰਚਾਰ** (Communication) :– ਕੋਈ ਅਜਿਹੀ ਵਿਵਸਥਾ ਜੋਵਰਗਾਂ ਦੇ ਮੱਧ ਨੂੰ ਸੰਚਾਰ ਨੂੰ ਸੀਮਤ ਕਰਦੀ ਹੈ, ਜਾਂ ਜੀਵਨ ਅਵਸਥਾਵਾਂ ਦੇ ਗਿਆਨ ਨੂੰ ਆਪਣੇ ਵਰਗ ਤੱਕ ਹੀ ਸੀਮਤ ਰੱਖਦੀ ਹੈ, ਸਮਾਜਿਕ ਗਤੀਸ਼ੀਲਤਾ ਨੂੰ ਨਿਰ-ਉਤਸ਼ਾਹਿਤ ਕਰਦੀ ਹੈ। ਇਸਦੇ ਉਲਟ, ਅਜਿਹੀ ਵਿਵਸਥਾ ਜਿਸ ਵਿੱਚ ਸਾਰੇ ਵਰਗਾਂ ਦੇ ਮੈਂਬਰ ਦੂਜੇ ਵਰਗਾਂ ਦੀ ਜੀਵਨ ਅਵਸਥਾਵਾਂ ਤੋਂ ਪਰਿਚਿਤ ਹੁੰਦੇ ਹਨ, ਗਤੀਸ਼ੀਲਤਾ ਨੂੰ ਸੁਖਮ ਬਣਾਉਂਦੀ ਹੈ। ਬੇਸ਼ੱਕ, ਗਤੀਸ਼ੀਲਤਾ ਦੀ ਸੀਮਾ ਦਾ ਨਿਰਧਾਰਨ ਉਨ੍ਹਾਂ ਮੌਕਿਆਂ ਅਤੇ ਜ਼ਰੂਰਤਾਂ ਤੋਂ, ਜੋ ਭਿੰਨ ਭਿੰਨਵਰਗਾਂ ਵਿੱਚ ਬਿਰਾਜਮਾਣ ਹਨ, ਅਤੇ ਉਨ੍ਹਾਂ ਪਰੰਪਰਾਵਾਂ ਤੋਂ ਜੋ ਦੂਸਰੇ ਵਰਗ ਦੇ ਮੈਂਬਰਾਂ ਦੇ ਪ੍ਰਵੇਸ਼ਾਂ 'ਤੇ ਰੋਕ ਲਗਾਉਂਦੀ ਹੈ।

3. **ਮਿਹਨਤ ਦੀ ਵੰਡ** (Division of Labour) – ਅੰਤ ਵਿੱਚ, ਸਮਾਜਿਕ ਗਤੀਸ਼ੀਲਤਾ 'ਤੇ ਕਿਸੇ ਸਮਾਜ ਵਿੱਚ ਬਿਰਾਜਮਾਣ ਮਿਹਨਤ ਦੀ ਵੰਡ ਦੀ ਮਾਤਰਾ ਦਾ ਵੀ ਪ੍ਰਭਾਵ ਹੁੰਦਾ ਹੈ। ਜੇਕਰ ਮਿਹਨਤ ਦੀ ਵੰਡ ਬਹੁਤ ਜ਼ਿਆਦਾ ਵਿਕਸਿਤ ਅਵਸਥਾ ਵਿੱਚ ਹੈ ਅਤੇ ਵਿਸ਼ੇਸ਼ੀਕਰਨ ਅਤੇ ਕੁਸ਼ਲ ਸਿੱਖਿਆ ਦੀ ਮਾਤਰਾ ਬਹੁਤ ਉੱਨਤ ਹੈ ਤਾਂ ਇੱਕ ਵਰਗ ਦੇ ਮੈਂਬਰਾਂ ਲਈ ਦੂਜੇ ਵਰਗ ਵਿੱਚ ਦਾਖਲਾ ਔਖਾ ਹੁੰਦਾ ਹੈ। ਇਸੇ ਤਰ੍ਹਾਂ, ਅਜਿਹੀ ਪੂਰਨ ਪਰਿਭਾਸ਼ਿਤ ਜਾਤੀਆਂ, ਕੁੱਝ ਕੁ ਪਰੰਪਰਾਗਤ ਕਾਰਜ ਸਪੁਰਦ ਕੀਤੇ ਗਏ ਹਨ। ਇਹ ਤੱਥ ਦੇ ਬਾਵਜੂਦ ਵੀ ਹੋਰ ਦਸ਼ਾਵਾਂ ਸਮਾਜਿਕ ਗਤੀ ਦੇ ਅਨੁਕੂਲ ਹਨ, ਸਮਾਜਿਕ ਗਤੀਸ਼ੀਲਤਾ ਦਾ ਰੋਕ ਕਰ ਸਕਦੀਆਂ ਹਨ।

ਇੱਥੇ ਇਸ ਤੱਥ 'ਤੇ ਜ਼ੋਰ ਦੇਣਾ ਜ਼ਰੂਰੀ ਹੈ ਕਿ ਆਰਥਿਕ ਪ੍ਰਗਤੀ ਕਿਸੇ ਦੇਸ਼ ਵਿੱਚ ਗਤੀਸ਼ੀਲਤਾ ਦੀ ਦਰ ਨੂੰ ਨਿਰਧਾਰਿਤ ਕਰਨ ਵਿੱਚ ਮਹੱਤਵਪੂਰਨ ਤੱਥ ਹੈ।ਆਰਥਿਕ ਪ੍ਰਗਤੀ ਅੁਦਯੋਗੀਕਰਨ ਨਾਲ ਸੰਬੰਧਿਤ ਹੈ ਅਤੇ ਉਦਯੋਗੀਕਰਨ ਗਤੀਸ਼ੀਲਤਾ ਨੂੰ ਉੱਚੀ ਦਰ ਤੋਂ।

ਨੋਟ

ਇਸ ਵਿਸ਼ੇ 'ਤੇ ਇੱਕ ਸਮਾਜ ਸ਼ਾਸ਼ਤਰੀ ਓਸੋਵਾਸਕੀ (Ossowaski) ਦਾ ਕਥਨ ਮਹੱਤਵਪੂਰਨ ਹੈ, "ਸਮਾਜਵਾਦੀ ਵਿਵਸਥਾ ਵਿੱਚ ਪੂੰਜੀਵਾਦੀ ਵਿਵਸਥਾ ਦੇ ਮੁਕਾਬਲੇ ਆਰਥਿਕ ਵਿਕਾਸ ਦੀ ਜ਼ਿਆਦਾ ਜ਼ਰੂਰਤ ਹੈ। ਇਸ ਕਰਕੇ, ਸਮਾਜਵਾਦੀ ਰਾਜਾਂ ਨੇ ਨੇਤਾਵਾਂ ਦਾ ਇੱਕ ਮੌਜੂਦਾ ਟੀਚਾ ਉਦਯੋਗੀਕਰਨ, ਨਗਰੀਕਰਨ, ਸੰਚਾਰ ਦੇ ਸਾਧਨਾਂ ਦੇ ਵਿਕਾਸ ਅਤੇ ਜਨਸੰਖਿਆ ਵਿੱਚ ਜ਼ਿਆਦਾ ਉੱਨਤ ਪੂੰਜੀਵਾਦੀ ਦੇਸ਼ਾਂ ਦੇ ਪੱਧਰ ਨੂੰ ਪ੍ਰਾਪਤ ਕਰਨਾ ਸੀ। ਇਨ੍ਹਾਂ ਸਾਰੀਆਂ ਪ੍ਰਕਿਰਿਆਵਾਂ ਵਿੱਚ ਸਮਾਜਵਾਦੀ ਅਤੇ ਹੋਰ ਦੇਸ਼ਾਂ ਵਿੱਚ ਵੀ ਸਮਾਜਿਕ ਗਤੀਸ਼ੀਲਤਾ ਵਿੱਚ ਵਾਧਾ ਦ੍ਰਿੜ ਹੈ।"

ਅਸੀਂ ਇਸ ਗੱਲ 'ਤੇ ਮੁੜ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਸਾਰੇ ਦੇਸ਼ਾਂ ਵਿੱਚ ਸਮਾਜਿਕ ਗਤੀਸ਼ੀਲਤਾ ਦੀ ਦਰ ਬਰਾਬਰ ਨਹੀਂ ਹੁੰਦੀ। ਇਹ ਵੱਖ ਵੱਖ ਦੇਸ਼ਾਂ ਵਿੱਚ ਵੱਖ ਵੱਖ ਹੁੰਦੀਆਂ ਹਨ। ਉਦਯੋਗੀਕ੍ਰਿਤ ਦੇਸ਼ਾ ਵਿੱਚ ਵੀ ਇਹ ਬਰਾਬਰ ਨਹੀਂ ਹੁੰਦੀ। ਭਾਰਤ ਵਿੱਚ ਸਮਾਜਿਕ ਗਤੀਸ਼ੀਲਤਾ ਦੀ ਦਰ ਜਾਤ ਵਿਵਸਥਾ ਅਤੇ ਕਿਸਾਨੀ-ਸੰਸਕ੍ਰਿਤੀ ਦੇ ਕਾਰਣ ਸੰਭਵ ਤੌਰ 'ਤੇ ਘੱਟ ਹੈ। ਜਦਕਿ ਆਧੁਨਿਕ ਤਬਦੀਲੀਆਂ ਦੇ ਪ੍ਰਭਾਵ ਹੇਠ ਨੀਵੇਂ ਸਮਾਜਿਕ ਮਾਣ ਦੇ ਲੋਕ ਉੱਪਰ ਉੱਠ ਰਹੇ ਹਨ, ਕਿਉਂਕਿ ਦਰ ਹੌਲੀ ਹੈ।

## ਸਵੈ-ਮੁਲਾਂਕਣ (Self Assessment)

1. ਸਹੀ ਉੱਤਰ ਚੁਣੋ(Choose the Correct Answer) –

1. "ਜਦ ਵਰਗ ਪੂਰਨ ਤੌਰ 'ਤੇ ਅਨੁਵੰਸ਼ਿਕਤਾ 'ਤੇ ਆਧਾਰਿਤ ਹੁੰਦਾ ਹੈ ਤਾਂ ਅਸੀਂ ਉਸਨੂੰ ਜਾਤ ਕਹਿੰਦੇ ਹਾਂ।" ਇਹ ਕਿਸਨੇ ਕਿਹਾ ਹੈ–
   (ੳ)ਬਲੰਟ (ਅ) ਕੂਲੇ (ੲ) ਮੈਕਾਇਬਰ (ਸ) ਇਨ੍ਹਾਂ ਵਿਚੋਂ ਕੋਈ ਨਹੀਂ
2. ਰੁਤਬੇ ਦਾ ਨਿਰਮਾਣ ਕਿਸਤੋਂ ਹੁੰਦਾ ਹੈ
   (ੳ) ਜਨਮ (ਅ) ਕਿੱਤੇ (ੲ) ਅਨੁਵੰਸ਼ਿਕੀ (ਸ) ਇਨ੍ਹਾਂ ਵਿਚੋਂ ਕੋਈ ਨਹੀਂ
3. ਕਿਸਦੇ ਅਨੁਸਾਰ "ਬ੍ਰਾਹਮਣ ਸਾਰੀ ਸ਼੍ਰਿਸ਼ਟੀ ਦਾ ਰਾਜਾ ਹੈ, ਕਿਉਂਕਿ ਉਸਦੀ ਉਤਪਤੀ ਬ੍ਰਹਮਾ ਦੇ ਸਭ ਤੋਂ ਪਵਿਤਰ ਅੰਗ ਮੁੱਖ ਤੋਂ ਹੋਈ ਹੈ"–
   (ੳ) ਮਨੂੰ (ਅ) ਘੁਰਏ (ੲ) ਕੇਤਕਰ (ਸ) ਇਨ੍ਹਾਂ ਵਿਚੋਂ ਕੋਈ ਨਹੀਂ
4. ਈਸ਼ਵਰ ਨੇ ਵਾਰਾਂ ਜਾਤਾਂ (ਬ੍ਰਾਮਣ, ਕਸ਼ਤਰੀ, ਵੈਸ਼, ਸ਼ੂਦਰ) ਦੇ ਕੰਮਾਂ ਅਤੇ ਫ਼ਰਜ਼ਾਂ ਨੂੰ ਕਿਸ ਵਿੱਚ ਨਿਰਧਾਰਿਤ ਕੀਤਾ ਹੈ।
   (ੳ) ਉਪਨਿਸ਼ਦ ਵਿੱਚ (ਅ) ਪੁਰਾਨ ਵਿੱਚ
   (ੲ) ਭਗਵਤ ਗਤਿਾ ਵਿੱਚ (ਸ) ਇਨ੍ਹਾਂ ਵਿਚੋਂ ਕੋਈ ਨਹੀਂ
5. ਕਿਸ ਸਿਧਾਂਤ ਦੇ ਅਨੁਸਾਰ ਜਾਤ ਵਿਵਸਥਾ ਦਾ ਸ਼ੁਰੂਆਂਤ ਦੈਵ ਹੈ–
   (ੳ) ਰਾਜਨੀਤਕ ਸਿਧਾਂਤ (ਅ) ਪਰੰਪਰਾਗਤ ਸਿਧਾਂਤ
   (ੲ) ਗਿਲਡ ਸਿਧਾਂਤ (ਸ) ਇਨ੍ਹਾਂ ਵਿਚੋਂ ਕੋਈ ਨਹੀਂ
6. ਸਮਾਜਿਕ ਪਰਿਵਰਤਨ ਨੂੰ ਜ਼ਰੂਰਤ ਹੈ–
   (ੳ) ਸਮਾਜਿਕ ਅਨੁਕੂਲਣ ਦੀ (ਅ) ਸਮਾਜਿਕ ਪ੍ਰਤੀਕੂਲਣ ਦੀ
   (ੲ) ਸਮਾਜਿਕ ਬਦਲਾਓ ਦੀ (ਸ) ਇਨ੍ਹਾਂ ਵਿਚੋਂ ਕੋਈ ਨਹੀਂ
7. ਆਰੀਆ ਸਮਾਜ ਦੀ ਸਥਾਪਨਾ ਕਿਸਨੇ ਕੀਤੀ–
   (ੳ) ਰਾਜਾ ਰਾਮ ਮੋਹਨ ਰਾਏ (ਅ) ਸੁਵਾਮੀ ਦਿਯਾਨੰਦ ਸਰਸਵਤੀ
   (ੲ) ਦਵਿੰਦਰ ਨਾਥ ਟੈਗੋਰ (ਸ) ਇਨ੍ਹਾਂ ਵਿਚੋਂ ਕੋਈ ਨਹੀਂ
8. ਵਿਧਵਾ ਮੁੜ ਵਿਆਹ ਨਿਯਮ ਕਦ ਪਾਸ ਹੋਇਆ–
   (ੳ) 1852 ਵਿੱਚ (ਅ) 1854 ਵਿੱਚ
   (ੲ) 1856 ਵਿੱਚ (ਸ) ਇਨ੍ਹਾਂ ਵਿਚੋਂ ਕੋਈ ਨਹੀਂ

ਨੋਟ

9. ਗਤੀਸ਼ੀਲਤਾ ਦਾ ਵਰਗੀਕ੍ਰਿਤ ਕੀਤਾ ਗਿਆ ਹੈ

(ੳ) ਖਿਤਿਜ (ਅ) ਖੜ੍ਹੋਤ

(ੲ) (ੳ) ਅਤੇ (ਅ) ਦੋਨੋਂ (ਸ) ਇਨ੍ਹਾਂ ਵਿਚੋਂ ਕੋਈ ਨਹੀਂ

## 6.2 ਜਾਤ ਵਿਵਸਥਾ ਦਰਜ਼ਾਬੰਦੀ ਦੀ ਵਿਵਸਥਾ ਦੇ ਰੂਪ ਵਿੱਚ (Caste System as a System of Stratrification)

ਜਾਤ ਨੂੰ ਸਮਾਜਿਕ ਸੰਬੰਧਾਂ ਦੀ ਇੱਕ ਵਿਆਪਕ ਵਿਵਸਥਾ ਦੇ ਰੂਪ ਵਿੱਚ ਸਮਝਿਆ ਗਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕੁੱਝ ਵਿਦਵਾਨਾਂ ਨੇ ਜਾਤ ਨੂੰ ਹਿੰਦੂ ਸਮਾਜ ਦੇ ਬਰਾਬਰ ਹੀ ਮੰਨਿਆ ਹੈ। ਭਾਰਤੀ ਸਮਾਜਿਕ ਵਿਗਿਆਨ ਅਨੁਸੰਧਾਨ ਪਰਿਸ਼ਦ ਦੁਆਰਾ ਪੇਸ਼ ਇੱਕ ਲੇਖ ਵਿੱਚ ਸੁਰਜੀਤ ਸਿਨਹਾ ਨੇ ਜਾਤ ਦੇ ਹੋਏ ਅਧਿਐਨਾਂ ਵਿੱਚ ਜਿਨ੍ਹਾਂ ਮੁੱਦਿਆਂ 'ਤੇ ਜ਼ੋਰ ਦਿੱਤਾ ਹੈ, ਉਹ ਇਸ ਤਰ੍ਹਾਂ ਹੈ- ਗ੍ਰਾਮੀਨ ਅਧਿਐਨ, ਜਾਤ ਅਤੇ ਰਾਜਨੀਤੀ, ਜਾਤ, ਵਰਗ ਅਤੇ ਸਮਾਜਿਕ ਆਰਥਿਕ ਵਿਕਾਸ, ਜਾਤ ਅਤੇ ਪੱਟਦਾਰੀ, ਜਾਤ, ਵਰਗ ਅਤੇ ਸਮਾਜਿਕ ਨਾ-ਬਰਾਬਰਤਾ, ਜਾਤ ਸ਼੍ਰੇਣੀਕਰਨ ਦਾ ਖ਼ਾਸ ਅਧਿਐਨ, ਜਾਤ ਵਿਵਸਥਾ ਵਿੱਚ ਗਤੀਸ਼ੀਲਤਾ, ਜਾਤ ਦੀ ਸਮਾਜਿਕ ਰਚਨਾ, ਜਾਤ ਅਤੇ ਵਿਵਸਥਾ, ਜਾਤ ਅਤੇ ਪਰਿਵਰਤਿਤ ਵਿਧੀ ਅਵਸਥਾ, ਜਾਤ ਦੀ ਜਨਗਣਨਾ, ਨਗਰ ਪ੍ਰਵੇਸ਼ ਵਿੱਚ ਜਾਤ, ਭਾਰਤ ਅਤੇ ਪਾਕਿਸਤਾਨ ਵਿੱਚ ਗੈਰ-ਹਿੰਦੂਆਂ ਵਿੱਚ ਜਾਤ, ਭਿੰਨ ਸੱਭਿਅਤਾਵਾਂ ਵਿੱਚ ਜਾਤ ਦਾ ਅਧਿਐਨ, ਜਾਤ ਅਤੇ ਭਾਰਤੀ ਸੱਭਿਅਤਾ, ਜਨਜਾਤੀ-ਜਾਤ ਨਿਰੰਤਰਤਾ, ਜਾਤ, ਵਿਅਕਤੀਤਵ ਰਚਨਾ, ਜਾਤ ਅਤੇ ਸਮਾਜਿਕ ਬੋਲੀ। ਸਿਨਹਾਨੇ ਜਾਤ ਵਿਵਸਥਾ ਵਿੱਚ ਨਿਮਨ ਪ੍ਰਵਿਰਤੀਆਂ ਦਾ ਉਲੇਖ ਕੀਤਾ ਹੈ।

1. ਜਾਤ ਪ੍ਰਥਾ ਦੀ ਉਤਪਤੀ ਦੇ ਬਾਰੇ ਵਿੱਚ ਕਾਲਪਨਿਕ ਸਿਧਾਂਤਾਂ ਦਾ ਵਰਣਨ ਬੰਦ ਹੋ ਗਿਆ ਹੈ। ਅਸਲ ਗੱਲ ਤਾਂ ਇਹ ਹੈ ਕਿ ਅੱਜ ਅਸੀਂ ਉਤਪਤੀ ਦੀ ਚਰਚਾ ਨਹੀਂ ਕਰਦੇ ਹਾਂ, ਬਲਕਿ ਭਾਰਤੀ ਸਮਾਜ ਵਿੱਚ ਜਾਤ ਦੇ ਉਤਪਤੀ ਦੇ ਪੱਧਰਾਂ ਦੀ ਵਿਆਖਿਆ ਕਦੇ ਹਾਂ।
2. ਜਾਤ 'ਤੇ ਜ਼ਿਆਦਾ ਕਾਰਜ ਮਾਨਵਸ਼ਾਸ਼ਤਰ ਅਤੇ ਸਮਾਜ ਸ਼ਾਸ਼ਤਰ ਦੀ ਵਿਧੀ ਦੁਆਰਾ ਬਹੁ ਜਾਤ ਪਿੰਡਾਂ ਦਾ ਅਧਿਐਨ ਦਾ ਆਧਾਰ ਮੰਨ ਕੇ ਕੀਤਾ ਗਿਆ ਹੈ।
3. ਇਨ੍ਹਾਂ ਅਧਿਐਨਾਂ ਵਿੱਚ ਨਵੇਂ ਰੁਤਬਿਆਂ ਅਤੇ ਪਰਿਵਰਤਨਾਂ ਦੀਆਂ ਸ਼ਕਤੀਆਂ ਦੇ ਨਾਲ ਜਾਤ ਦੀ ਅਨੁਕੂਲਤਾ ਨੂੰ ਸਮਝਣ 'ਤੇ ਜ਼ੋਰ ਦਿੱਤਾ ਗਿਆ ਹੈ।
4. ਅੰਤਰਰਾਜੀ ਰੁਤਬੇ ਦੀ ਸ਼੍ਰੇਣੀਕਰਨ ਦਾ ਅਧਿਐਨ ਤੱਥਾਂ ਦੇ ਵਿਸ਼ਲੇਸ਼ਣ ਦੁਆਰਾ ਕੀਤਾ ਜਾਂਦਾ ਹੈ।
5. ਜਾਤ ਵਿਵਸਥਾ ਵਿੱਚ ਰਚਨਾਤਮਕ (ਅਣ- ਸਧਾਰਨ ਗਠਨਾਤਮਕ), ਸਥਿਤੀਕ (ਖਿਤਿਜ) ਸਮਾਜਿਕ ਗਤੀਸ਼ੀਲਤਾ ਅਤੇ ਪਰਿਵਰਤਨਾਂ ਦੇ ਅਧਿਐਨ ਵੀ ਕੀਤੇ ਗਏ ਹਨ।
6. ਪਵਿਤਰਤਾ ਅਤੇ ਅਪਵਿਤਰਤਾ ਦੇ ਪ੍ਰਤੀਕੂਲਤਾ 'ਤੇ ਆਧਾਰ 'ਤੇ ਪੌੜੀ-ਦਰ-ਪੌੜੀ ਸਿਧਾਂਤ ਦੀ ਧਾਰਨਾ 'ਤੇ ਕਾਫ਼ੀ ਜ਼ੋਰ ਦਿੱਤਾ ਗਿਆ ਹੈ। ਡਰੂਮੋ ਦੇ ਮਤ ਅਨੁਸਾਰ, ਪ੍ਰਤੀਕੂਲਤਾ ਦਾ ਮਤਲਬ ਇਹ ਹੈ ਕਿ ਜਾਤ ਵਿਵਸਥਾ ਵਿੱਚ ਹਰ ਇੱਕ ਵਸਤੂ ਨੂੰ ਪਵਿਤਰ ਅਤੇ ਅਪਵਿਤਰ ਦੇ ਸੰਦਰਭ ਦੇ ਨਜ਼ਰੀਏ ਵਿੱਚ ਦੇਖਿਆ ਜਾ ਸਕਦਾ ਹੈ। ਪਵਿਤਰ ਅਪਵਿਤਰ ਨੂੰ ਘੇਰੇ ਵਿੱਚ ਰੱਖਦਾ ਹੈ। ਦੂਸਰੇ ਸ਼ਬਦਾਂ ਵਿੱਚ ਪਵਿਤਰ ਉੱਚ ਅਤੇ ਸਭ ਤੋਂ ਉੱਤਮ ਅਤੇ ਅਪਵਿਤਰ ਨੀਵਾਂ ਅਤੇ ਅਧੀਨ ਹੈ। ਇਸ ਤਰ੍ਹਾਂ ਉਹ ਇੱਕ ਦੂਜੇ ਦੇ ਵਿਰੋਧੀ ਹਨ। ਪਰ ਪਵਿਤਰ ਅਪਵਿਤਰ ਵਿੱਚ ਬਿਰਾਜਮਾਣ ਹੈ ਕਿਉਂਕਿ ਉਹ ਇੱਕ ਹੀ ਮੂਲ ਵਿਵਸਥਾ ਦੇ ਅੰਗ ਹਨ।
7. ਭਾਰਤ ਦੇ ਅੰਤਰਖੇਤਰੀ ਅਤੇ ਭਾਰਤੀ ਸੱਭਿਅਤਾ ਦੇ ਪਰੇ ਹੋਰ ਵਿਵਸਥਾਵਾਂ ਨਾਲ ਜਾਤ ਦੀ ਤੁਲਨਾ ਕੀਤੀ ਗਈ ਹੈ। ਇਨ੍ਹਾਂ ਮੁੱਦਿਆਂ ਤੋਂ ਇਲਾਵਾ ਅਤੇ ਵਰਗ ਧਰੁਵਤਾ, ਸਮਾਜਿਕ ਦਰਜ਼ਾਬੰਦੀ ਦੇ ਅਧਿਐਨ ਲਈ ਜਾਤ, ਵਰਗ, ਸ਼ਕਤੀ, ਨਿਕਟਤਾ ਅਤੇ ਜਾਤ ਨੂੰ ਇੱਕ ਸੰਸਕ੍ਰਿਤ ਪਹਿਲੂ ਜਾਂ ਰਚਨਾਤਮਕ ਸਰੂਪ ਦੇ ਰੂਪ ਵਿੱਚ ਅਧਿਐਨ ਕਰਨ ਦੀ ਜ਼ਰੂਰਤ ਹੈ। ਅਸਲੀਅਤ ਵਿੱਚ ਜਾਤ ਵਿਵਸਥਾ ਦੀ ਵਿਚਾਰਧਾਰਾ ਜਾਂ ਸਿਧਾਂਤ, ਜਾਤ ਸਮੂਹਾਂ ਦੀ ਰਚਨਾ ਅਤੇ ਜਾਤ ਰਚਨਾ ਨੂੰ

ਨੋਟ

ਪ੍ਰਭਾਵਿਤ ਕਰਨ ਵਾਲੀ ਪ੍ਰਤੀਕਿਰਿਆਵਾਂ ਦੀ ਜਾਂਚ ਕਰਨ ਦੀ ਜ਼ਰੂਰਤ ਹੈ।

### 6.2.1 ਜਾਤ, ਵਰਨ ਅਤੇ ਵਰਗ

ਵਰਨ ਇੱਕ ਅਖਿਲ ਭਾਰਤੀ ਰਚਨਾ ਹੈ ਜਿਸਦੇ ਅੰਤਰਗਤ ਵਿੱਚ ਹਿੰਦੂ ਸਮਾਜ ਚਾਰ ਕੋਟੀਆ, ਭਾਵ ਬ੍ਰਾਹਮਣ, ਕਸ਼ਤਰੀ, ਵੈਸ਼, ਸ਼ੂਦਰ ਵਿੱਚ ਵੰਡਿਆ ਹੈ। ਜਾਤ ਦੀ ਇੱਕ ਅਖਿਲ ਭਾਰਤੀ ਘਟਨਾ ਹੈ, ਪਰ ਵਿਸ਼ੇਸ਼ ਜਾਤਾਂ ਸਥਾਨਕ ਜਾਂ ਉਪ ਖੇਤਰੀ ਇਲਾਕਿਆਂ ਦੇ ਰੂਪ ਵਿੱਚ ਪਾਈਆਂ ਜਾਂਦੀਆਂ ਹਨ। ਕਿਸੇ ਇੱਕ ਪਿੰਡ ਜਾਂ ਖੇਤਰ ਦੇ ਬਹੁਤੇ ਪਿੰਡਾਂ ਵਿੱਚ ਅਨੇਕ ਜਾਤ ਸਮੂਹ ਪਾਏ ਜਾਂਦੇ ਹਨ। ਇਹ ਜਾਤ ਹੀ ਇੱਕ ਪ੍ਰਭਾਵਕਾਰੀ ਮਤਲਬ ਕਿਰਿਆਤਮਕ ਇਕਾਈ ਇੱਕ ਸਥਾਨਕ ਤੱਥ, ਸ਼ਕਤੀ ਜਾਂ ਇੱਕ ਪਿੰਡ ਵਿੱਚ ਗੁਟਾਂ ਦੇ ਨਿਰਮਾਣ ਦੇ ਆਧਾਰ ਦੇ ਰੂਪ ਵਿੱਚ ਪਾਈ ਜਾਂਦੀ ਹੈ। ਇਹ ਜਾਤਾਂ ਜੋ ਪਿੰਡ ਜਾਂ ਕਸਬਿਆਂ ਵਿੱਚ ਰਹਿੰਦੀਆਂ ਹਨ, ਸਮਾਜਿਕ ਅਤੇ ਵਿਆਹਿਕ ਸੰਬੰਧਾਂ ਵਿੱਚ ਸਹਿ ਭੋਗੀ ਅਤੇ ਵਿਆਹਿਕ ਨਿਯਮਾਂ ਦਾ ਪਾਲਣ ਕਰਦੀਆਂ ਹਨ।

ਕੀ ਤੁਸੀਂ ਜਾਣਦੇ ਹੋ — ਸਾਰੇ ਸਮਾਜਿਕ ਸੰਬੰਧਾ ਦਾ ਸ਼ੁਰੂਆਤ ਜਾਤ ਦੀ ਵਿਚਾਰਧਾਰਾ ਨਾਲ ਹੁੰਦਾ ਹੈ।

ਦੂਜੇ ਸ਼ਬਦਾਂ ਵਿੱਚ ਦੇਵ ਸ਼੍ਰੇਣੀ ਅਪਵਿਤਰਤਾ-ਪਵਿਤਰਤਾ ਅਤੇ ਸਮਾਵੇਸ਼ ਵਰਣਨ ਦੀ ਧਾਰਾਵਾਂ ਦੁਆਰਾ ਹੀ ਸਮਾਜਿਕ ਸੰਬੰਧਾਂ ਦੀ ਪਰਕਿਰਤੀ ਨਿਰਨਿਤ ਹੁੰਦੀ ਹੈ। ਜਾਤ ਆਦਰਸ਼ਾਤਮਕ ਵਿਵਸਥਾ ਅਤੇ ਅਸਲੀ ਸਕਾਜ ਸੰਬੰਧਾਂ ਦੀ ਵਿਵਸਥਾ ਦੋਨੋਂ ਹੈ।

ਅੰਤ ਵਿੱਚ ਪ੍ਰਸ਼ਨ ਹੈ ਜਾਤ ਤੋਂ ਸਾਡਾ ਕੀ ਮਤਲਬ ਹੈ ? ਇਸ ਪ੍ਰਸ਼ਨ ਦਾ ਉੱਤਰ ਦੇ ਪਾਉਣਾ ਸੌਖਾ ਨਹੀਂ ਹੈ। ਇੱਕ ਜਾਤ ਦੇ ਮੈਂਬਰ ਇੱਕ ਦੂਜੇ ਦੇ ਨਾਲ ਪ੍ਰਤੀਯੋਗਤਾ ਕਰਦੇ ਹਨ, ਅਤੇ ਉਹ ਇੱਕ ਦੂਜੇ ਦਾ ਸਹਿਯੋਗ ਵੀ ਕਰਦੇ ਹਨ। ਅੱਜ ਮਤਲਬ ਜਾਤ ਵਰਗ ਆਧਾਰਿਤ ਵੰਡ ਬਹੁਤ ਸਪੱਸ਼ਟ ਦਿਖਾਈ ਦਿੰਦੀ ਹੈ। ਇੱਕ ਪਿੰਡ ਵਿੱਚ ਕਿਸੇ ਇੱਕ ਜਾਤ ਦੇ ਮੈਂਬਰਾਂ ਵਿੱਚ ਆਰਥਿਕ ਝਗੜਿਆਂ ਨੂੰ ਭਾਰਤ ਦੀ ਵਰਗ ਰਚਨਾ ਦਾ ਪ੍ਰਮੁੱਖ ਬਹੁ-ਸ਼ਾਖਾਵਾਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਇਹ ਅਲੱਗ ਗੱਲ ਹੈ ਕਿ ਵਿਆਹ ਦੇ ਨਿਯਮਾਂ ਦਾ ਪਾਲਣ ਕਰਦੇ ਸਮੇਂ ਵੱਖ ਵੱਖ ਜਾਤਾਂ ਦੇ ਮੈਂਬਰ ਵਿਆਹ ਗਠਬੰਧੰਨਾਂ ਵਿੱਚ ਵਰਗ ਜਾਂ ਰੁਤਬੇ ਨੂੰ ਜ਼ਿਆਦਾ ਮਹੱਤਬ ਦਿੰਦੇ ਹਨ।

### 6.2.2. ਜਾਤ ਇੱਕ ਵਿਚਾਰਧਾਰਾ ਦੇ ਰੂਪ ਵਿੱਚ

ਲੂਈ ਡਰੂਮੋ ਜਾਤ ਪ੍ਰਥਾ 'ਤੇ ਆਧਾਰਿਤ ਨਾ-ਬਰਾਬਰਤਾ ਇੱਕ ਵਿਸ਼ੇਸ਼ ਪ੍ਰਕਾਰ ਦੀ ਨਾ-ਬਰਾਬਰਤਾ ਮੰਨਦੇ ਹਨ। ਲੋਕਾਂ ਦੇ ਵਾਤਵਿਕ ਅਤੇ ਪਰਖ ਦੇ ਆਧਾਰ 'ਤੇ ਵਿਉਹਾਰ ਨੂੰ ਜਾਣਨ ਲਈ, "ਵਿਚਾਰ ਅਤੇ ਮੂਲ" ਆਧਾਰਕ ਹਨ। ਡਰੂਮੋ ਦੇ ਅਨੁਸਾਰ, ਜਾਤ ਦੇਵ ਸ਼੍ਰੇਣੀ ਦੇ ਲਈ ਪਵਿਤਰ ਅਤੇ ਅਪਵਿਤਰ ਦਾ ਵਿਚਾਰ ਪ੍ਰਮੁੱਖ ਹੈ। ਦੇਵ ਸ਼੍ਰੇਣੀ ਇੱਕ "ਸਰਬ-ਭੌਮਿਕ ਜ਼ਰੂਰਤ" ਹੈ। ਡਰੂਮੋ ਦਾ ਮੱਤ ਹੈ ਕਿ ਭਾਰਤੀ ਸਮਾਜ ਸਥਿਰ ਰਿਹਾ ਹੈ। ਸਮਾਜ ਦੇ ਅੰਦਰ ਪਰਿਵਰਤਨ ਹੋਇਆ ਹੈ, ਪਰ ਸਮਾਜ ਦਾ ਪਰਿਵਰਾਨ ਅਣ-ਉਪਸਥਿਤ ਰਿਹਾ ਹੈ। ਇੱਕ ਖ਼ਾਸ ਗ੍ਰਾਮੀਨ ਜਾਂ ਨਗਰ ਦੇ ਸੰਦਰਭ ਵਿੱਚ ਜਾਤ ਨੂੰ ਇੱਕ ਅਨੁਭਵਿਕ ਵਾਤਵਿਕਤਾ ਦੇ ਰੂਪ ਵਿੱਚ ਲੱਭਿਆ ਜਾ ਸਕਦਾ ਹੈ। ਇਨ੍ਹਾਂ ਹਵਾਲਿਆਂ ਵਿੱਚ ਜਾਤ ਇੱਕ ਵਿਸ਼ੇਸ਼ ਰੁਤਬਾ ਸਮੂਹ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ। ਪਰ ਵੱਡੇ ਪੱਧਰ 'ਤੇ ਜਾਤ ਏਕਾਤਮਕਤਾ ਦਾ ਇੱਕ ਸਾਧਨ ਹੈ। ਵੱਡੇ ਪੱਧਰ 'ਤੇ ਜਾਤ ਅਣਉਪਚਾਰਿਕ ਅਤੇ ਦੈਨਿਕ ਸੰਬੰਧਾਂ ਦੀ ਇੱਕ ਵਿਵਹਾਰਕ ਵਾਸਤਵਿਕਤਾ ਨਹੀਂ ਹੈ। ਉਦਾਹਰਣ ਦੇ ਲਈ, ਇੱਕ ਤਾਮਿਲ ਬ੍ਰਾਹਮਣ ਅਤੇ ਉੱਤਰ ਪ੍ਰਦੇਸ਼ ਦੇ ਇੱਕ ਕਾਨਿਯਾਕੁਬਜ ਬ੍ਰਾਹਮਣ ਦੇ ਵਿੱਚ ਇਸ ਵੱਡੇ ਪੱਧਰ 'ਤੇ ਜਾਤ ਵਿਆਹ ਦਾ ਆਧਾਰ ਨਹੀਂ ਹੁੰਦਾ ਹੈ। ਪਰ ਫਿਰ ਵੀ ਇੱਕ ਤਾਮਿਲ ਅਤੇ ਇੱਕ ਕਾਨਿਯਾਕੁਬਜ ਬ੍ਰਾਹਮਣ ਵਿੱਚ ਇੱਕ ਹੀ ਸਮਾਜਿਕ ਖਾਨਦਾਨ ਦੇ ਹੋਣ ਦੀ ਭਾਵਨਾ ਪਾਈ ਜਾ ਸਕਦੀ ਹੈ ਅਤੇ ਵੰਸ਼ ਹਿੱਤ ਲਈ, ਵਿਸ਼ੇਸ਼ ਤੌਰ 'ਤੇ ਸੰਕਟ ਦੀ ਸਥਿਤੀ ਵਿੱਚ ਉਹ ਸਹਿਯੋਗ ਵੀ ਕਰ ਸਕਦੇ ਹਨ।

ਦੂਜਾ ਪ੍ਰਸ਼ਨ ਹੈ: ਕੀ ਜਾਤ ਇੱਕ ਹਿੱਤ ਸਮੂਹ ਹੈ ? ਜ਼ਰੂਰ ਹੀ ਜਾਤ ਮਨੋਵਿਗਿਆਨਿਕ ਅਤੇ ਸਮਾਜਿਕ ਸੰਦਰਭ ਵਿੱਚ ਇੱਕ "ਸੰਸਾਧਨ" ਹੈ। ਪਰ ਜਾਤ ਦੀ ਸੰਸਾਧਨਤਾ ਜਾਤ ਦੀ ਸ਼੍ਰੇਣੀ 'ਤੇ ਨਿਰਭਰ ਕਰਦੀ ਹੈ, ਅਤੇ ਜਾਤ ਦੇ ਮੈਂਬਰਾਂ ਆਰਥਿਕ, ਸਮਾਜਿਕ

ਨੋਟ

ਅਤੇ ਰਾਜਨੀਤਕ ਹਿਤਾਂ ਨੂੰ ਭਿੰਨ ਪੱਧਰਾਂ 'ਤੇ ਪ੍ਰਗਟ ਕਰਦੇ ਹਨ।

### 6.2.3 ਭਾਰਤੀ ਸਮਾਜ ਦਾ ਜਾਤ ਮਾਡਲ

ਜਿਵੇਂ ਕਿ ਅਸੀਂ ਪਹਿਲਾਂ ਸੰਕੇਤ ਦੇ ਚੁੱਕੇ ਹਾਂ ਕਿ ਲੂਈ ਡਰੂਮੋ ਭਾਰਤੀ ਸਮਾਜ ਨੂੰ ਇਕ "ਜਾਤ ਸਮਾਜ" ਦੇ ਰੂਪ ਵਿੱਚ ਮੰਨਦੇ ਹਨ। ਇਸ ਤਰ੍ਹਾਂ "ਜਾਤ" ਤਾਰਕਿਕ ਆਧਾਰ 'ਤੇ "ਵਰਗ" ਵਿਵਸਥਾ ਦੇ ਉਲਟ ਹੈ। ਆਂਦਰੇ ਬੇਤਈ ਨੇ ਭਾਰਤੀ ਸਮਾਜ ਦੇ ਜਾਤ ਮਾਡਲ ਦੀ ਨਿਮਨ ਮੁੱਖ ਵਿਸ਼ੇਸ਼ਤਾਵਾਂ ਦੱਸੀਆਂ ਹਨ-

1. ਇਹ ਮਾਡਲ ਸਮਾਜ ਦੇ ਕੁੱਝ ਹਿੱਸਿਆਂ ਦੇ ਵਿਚਾਰਾਂ ਜਾਂ ਉਨ੍ਹਾਂ ਦੁਆਰਾ ਪ੍ਰਗਟ ਵਿਚਾਰਾਂ 'ਤੇ ਪ੍ਰਮੁੱਖ ਤੌਰ 'ਤੇ ਆਧਾਰਿਤ ਹੈ, ਨਾ ਕਿ ਲੋਕਾਂ ਦੇ ਪਾਰਖੂ ਵਿਊਹਾਰ 'ਤੇ। "ਆਦਰਸ਼" ਅਤੇ "ਅਸਲੀਅਤ" ਦੇ ਵਿੱਚ ਹਮੇਸ਼ਾਂ ਅੰਤਰ ਪਤਇਆ ਜਾਂਦਾ ਹੈ।
2. ਧਰਮ ਗ੍ਰੰਥਾਂ ਵਿੱਚ ਵਰਣਿਤ ਜਾਤ ਨੂੰ ਇਸ ਮਾਡਲ ਵਿੱਚ ਇੱਕ ਪ੍ਰਕਾਰ ਦੀ ਪਹਿਲ ਅਤੇ ਸਬਰ ਵਿਆਪੀ ਮਹੱਤਵ ਦਿੱਤਾ ਗਿਆ ਹੈ, ਪਰ ਸੱਚ ਤਾਂ ਇਹ ਹੈ ਕਿ ਜਾਤ ਬਹੁਤ ਬਦਲ ਚੁੱਕੀ ਹੈ ਅਤੇ ਬਦਲੀਆਂ ਪ੍ਰਸਥਿਤੀਆਂ ਵਿੱਚ ਜਾਤ ਨੇ ਨਵੇਂ ਆਯਾਮ ਅਤੇ ਭੂਮਿਕਾਵਾਂ ਅਪਣਾ ਲਈਆਂ ਹਨ।
3. ਪੂਰੀ ਜਾਤ ਵਿਵਸਥਾ ਕੁੱਝ ਨਿਸ਼ਚਿਤ ਸਿਧਾਂਤਾਂ ਜਾਂ "ਖੇਲ ਦੇ ਨਿਯਮਾਂ" ਤੋਂ ਹੁੰਦੀ ਹੈ।
4. ਅਜਿਹਾ ਸਮਝਿਆ ਜਾਂਦਾ ਹੈ ਕਿ ਵੱਖ ਵੱਖ ਜਾਤਾਂ ਮਾਣ ਅਰਥ ਵਿਵਹਾਰ ਪੂਰਾ ਕਰਦੀਆਂ ਹਨ ਅਤੇ ਉਨ੍ਹਾਂ ਦੇ ਲਗਾਤਾਰ ਸੰਬੰਧ "ਵਿਰੋਧਾਤਮਕ" ਹੈ। ਇੱਥੇ ਮਤਲਬ ਜਜਮਾਨੀ ਪ੍ਰਦਾਨਤਾ ਤੋਂ ਹੈ, ਜਿਸਦੇ ਅੰਦਰ ਖਾਨਦਾਨੀ ਆਧਾਰ 'ਤੇ ਵੱਖ ਵੱਖ ਜਾਤਾਂ ਦੇ ਮੈਂਬਰਾਂ ਨੂੰ ਨਿਸ਼ਚਿਤ ਵਿਵਹਾਰ ਪੂਰੇ ਕਰਨ ਦਾ ਜਿੰਮਾ ਦਿੱਤਾ ਜਾਂਦਾ ਹੈ।

ਬੇਤਈ ਦਾ ਮੱਤ ਹੈ ਕਿ ਇਹ ਮਸਡਲ ਇੱਕ ਵਿਆਪਕ ਯੋਜਨਾ ਦੇ ਰੂਪ ਵਿੱਚ ਕਿਸੇ ਸਮਾਜ ਦੇ ਵਿਸ਼ੇਸ਼ ਗੁਣਾਂ ਦਾ ਬੋਧ ਕਰਨ ਵਿੱਚ ਸਹਾਇਕ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਮਾਡਲ ਆਪਣੇ ਵਿਸ਼ੇਸ਼ ਰੂਪ ਵਿੱਚ ਆਰਥਿਕ ਅਤੇ ਰਾਜਨੀਤਕ ਜੀਵਨ ਦੀ ਮੁੱਖ ਵਿਸ਼ੇਸ਼ਤਾਵਾਂ ਦੀ ਵਿਆਖਿਆ ਨਹੀਂ ਕਰਦਾ ਹੈ। ਅੰਤ ਵਿੱਚ ਇਹ ਮਾਡਲ ਵਿਚਾਰਾਂ ਅਤੇ ਮੂਲਾਂ ਨਾਲ ਹੀ ਜੁੜਿਆ ਹੋਇਆ ਹੈ। ਇਸ ਦੀ ਉਦਯੋਗਿਤਾ ਧਾਰਮਿਕ ਅਵਸਥਾਵਾਂ ਦੀ ਵਿਆਖਿਆ ਕਰਨ ਵਿੱਚ ਜ਼ਿਆਦਾ ਹੈ। ਭਾਰਤੀ ਸਮਾਜ ਦੇ "ਜਾਤ ਮਾਡਲ" ਦੀ ਮਦਦ ਦੁਆਰਾ "ਹਿੱਤਾਂ", ਰਾਜਨੀਤਕ, ਆਰਥਿਕ ਸਮੱਸਿਆਵਾਂ ਅਤੇ ਅੰਤਰ ਸਮੂਹ ਸੰਬੰਧ ਦਾ ਅਧਿਐਨ ਅਧੂਰਾ ਹੀ ਰਹਿੰਦਾ ਹੈ। ਇਸ ਮਾਡਲ ਨੂੰ ਅਪਣਾਉਣ ਨਾਲ ਇੱਕ ਸੰਸਕ੍ਰਿਤਿਕ ਵਿਵਸਥਾ ਦੇ ਰੂਪ ਵਿੱਚ ਜਾਤ ਦਾ ਅਧਿਐਨ ਵੀ ਸੀਮਤ ਹੋ ਜਾਂਦਾ ਹੈ।

ਜਦ ਜਾਤ ਨੂੰ ਇੱਕ ਸੰਸਕ੍ਰਿਤਿਕ ਜਾਂ ਵਿਚਾਰਿਕ ਵਿਵਸਥਾ ਮੰਨਦੇ ਹਨ, ਤਦ ਜਾਤ ਦੇ ਰਚਨਾਤਮਕ ਪਹਿਲੂ 'ਤੇ ਉਚਿਤ ਧਿਆਨ ਨਹੀਂ ਦਿੱਤਾ ਜਾਂਦਾ ਹੈ। ਨੀਵੀਆਂ ਅਤੇ ਉਚੀਆਂ ਜਾਤਾਂ, ਭੂਮੀ ਮਾਲਕ, ਭੂਮੀਹੀਣ ਜਾਤਾਂ, ਜਜਮਾਨ ਅਤੇ ਸੇਵਕ ਜਾਤਾਂ ਦੇ ਵਿੱਚ ਸੰਬੰਧਾਂ ਨੂੰ ਸਮਝਣ ਲਈ ਜਾਤ ਦਾ ਰਚਨਾਤਮਕ ਦ੍ਰਿਸ਼ਟੀਕੋਣ ਕਰਨਾ ਹੋਵੇਗਾ। ਰਚਨਾਤਮਕ ਸਰੂਪ ਦੇ ਅੰਦਰ, ਉਦਾਹਰਣ ਦੇ ਤੌਰ 'ਤੇ ਬੋਲਬਾਲਾ ਅਤੇ ਅਧੀਨਗੀ, ਜ਼ਿਆਦਾ ਬੱਚਤ ਅਤੇ ਸ਼ੋਸ਼ਣ, ਵਿਸ਼ੇਸ਼ ਅਧਿਕਾਰ ਅਤੇ ਰੋਕਾਂ, ਸੰਦਰਭ ਮੁੱਦੇ ਹੁੰਦੇ ਹਨ। ਸੰਸਕ੍ਰਿਤਿਕ ਸਰੂਪ ਵਿੱਚ ਵਿਚਾਰਾਂ ਅਤੇ ਮੂਲਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ, ਮਤਲਬ ਅਪਵਿਤਰਤਾ-ਪਵਿਤਰਤਾ, ਵਿਆਹ ਦੇ ਨਿਯਮ ਅਤੇ ਸੰਬੰਧਾਂ ਦੇ ਨਿਯਮ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ।

### 6.2.4 ਜਾਤ ਦੇ ਸੰਸਕ੍ਰਿਤਿਕ ਅਤੇ ਰਚਨਾਤਮਕ ਪਹਿਲੂ

ਬੇਸ਼ੱਕ ਜਾਤ ਪ੍ਰਥਾ ਦੀ ਬਹੁ-ਆਯਾਮੀ ਅਤੇ ਜਟਿਲਤਾ ਦੇ ਕਾਰਣ ਜਾਤ ਦੀ ਇੱਕ ਪਰਿਭਾਸ਼ਾ ਦੇਣ ਵਿੱਚ ਅਨੇਕ ਔਕੜਾਂ ਆਉਂਦੀਆਂ ਹਨ। ਅਸੀਂ ਇਸ ਗੱਲ ਦਾ ਪਹਿਲਾਂ ਹੀ ਉਲੇਖ ਕੀਤਾ ਹੈ ਕਿ ਜਾਤ ਦੇ ਬਾਰੇ ਵਿੱਚ ਦੋ ਪ੍ਰਮੁੱਖ ਮੱਤ ਹਨ- (1) ਜਾਤ ਦਾ ਰਚਨਾਤਮਕ ਪਹਿਲੂ ਇਸ ਦਰਜ਼ਾਬੰਦੀ ਦਾ ਇੱਕ ਆਮ ਸਿਧਾਂਤ ਸਵੀਕਾਰ ਕਰਨ ਤੋਂ ਸਮਝ ਸਕਦੇ ਹਾਂ, ਅਤੇ (2) ਜਾਤ ਦੀ ਸੰਸਕ੍ਰਿਤਿਕ ਵਿਵਸਥਾ ਨੂੰ ਇਸ ਅਪਵਿਤਰਤਾ-ਪਵਿਤਰਤਾ ਅਤੇ ਦੇਵ ਸ਼੍ਰੇਣੀ ਦੀਆਂ ਧਾਰਨਾਵਾਂ, ਵਿਪਾਜਨ ਅਤੇ ਸਮਸ਼ਿਟਾ ਦੇ ਸੰਦਰਭ ਵਿੱਚ ਸਮਝੇ ਜਾਂਦੇ ਹਨ। ਰਚਨਾਤਮਕ ਦ੍ਰਿਸ਼ਟੀਕੋਣ ਦਾ ਅਰਥ ਹੈ ਕਿ ਦਰਜ਼ਾਬੰਦੀ ਇੱਕ ਵਿਸ਼ਵ-ਵਿਆਪਕ ਹੈ। ਇਸ ਲਈ ਜਾਤ ਇਸ ਯਥਾਰਥ ਦਾ ਇੱਕ ਪਹਿਲੂ ਹੈ। ਸੰਸਕ੍ਰਿਤਕ ਦ੍ਰਿਸ਼ਟੀਕੋਣ ਦੇ ਅਨੁਸਾਰ, ਜਾਤ ਇੱਕ ਉੱਤਮ ਘਟਨਾ ਹੈ ਅਤੇ ਇਹ ਖ਼ਾਸਕਰ ਭਾਰਤ ਵਿੱਚ ਹੀ ਪਾਈ ਜਾਂਦੀ ਹੈ।

ਕੁੱਝ ਵਿਦਵਾਨ ਜਾਤ ਨੂੰ ਸਮਾਜਿਕ ਦਰਜ਼ਾਬੰਦੀ ਦੀ ਇੱਕ "ਬੰਦ ਵਿਵਸਥਾ" ਸਮਝਦੇ ਹਨ। ਪਰ ਬਾਕੀ ਵਿਦਵਾਨ ਜਾਤ ਨੂੰ "ਬੰਦ

ਨੋਟ

ਵਿਵਸਥਾ" ਸਮਝਦੇ ਹਨ। ਪਰ ਹੋਰ ਵਿਦਵਾਨ ਜਾਤ ਨੂੰ "ਬੰਦ" ਅਤੇ "ਖੁਲ੍ਹਾ" ਦੋਨੋਂ ਮੰਨਦੇ ਹਨ। ਬੰਦ ਵਿਵਸਥਾ ਦੇ ਰੂਪ ਵਿੱਚ ਜਾਤ ਦਾ ਸੁਭਾਅ "ਸਾਵਯਈ" ਹੈ, ਮੱਤਲਬ ਵੱਖ-ਵੱਖ ਜਾਤਾਂ ਸਮਾਜਿਕ ਦਰਜ਼ਾਬੰਦੀ ਅਤੇ ਆਰਥਿਕ ਲੋੜਾਂ ਨੂੰ ਪੂਰਾ ਕਰਨ ਲਈ ਇੱਕ-ਦੂਜੇ 'ਤੇ ਨਿਰਭਰ ਰਹਿੰਦਿਆਂ ਹਨ। "ਖੁਲ੍ਹੀ" ਵਿਵਸਥਾ ਦੇ ਰੂਪ ਵਿੱਚ ਜਾਤ ਦਾ ਸੁਭਾਅ ਖੰਡਤ ਹੈ, ਮੱਤਲਬ ਵੱਖ-ਵੱਖ ਜਾਤਾਂ ਇੱਕ ਦੂਜੇ ਤੋਂ ਕੁੱਝ ਅਜਾਦ ਰਹਿੰਦੀਆਂ ਹਨ ਕਿਉਂਕਿ ਭਾਰਤ ਵਿੱਚ "ਵੰਡੀਆਂ ਹੋਈਆਂ ਰਚਨਾਵਾਂ" ਦਾ ਆਗਮਨ ਹੋਇਆ। ਉਨ੍ਹਾਂ ਵਿਸ਼ਲੇਸ਼ਨਾਤਮਕ ਅੰਤਰਾਂ ਦੇ ਕਾਰਣ ਵੀ ਜਾਤ ਦੀ ਇੱਕ ਬਰਾਬਰ ਪਰਿਭਾਸ਼ਾ ਬਣਉਣ ਵਿੱਚ ਰੁਕਾਵਟ ਆਉਂਦੀ ਹੈ। ਇਨ੍ਹਾਂ ਮੱਤਾਂ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਜਾਤ ਕੁੱਝ ਮਾਅਨਿਆਂ ਵਿੱਚ ਦਰਜ਼ਾਬੰਦੀ ਦੀ ਹੋਰ ਵਿਵਸਥਾਵਾਂ ਦੇ ਬਰਾਬਰ ਹੈ, ਜਦਕਿ ਕੁੱਝ ਹੋਰ ਸੰਦਰਭਾਂ ਵਿੱਚ ਜਾਤ ਬਿਲਕੁਲ ਅਨੋਖੀ ਵਿਵਸਥਾ ਹੈ।

ਅਸਲੀਅਤ ਵਿੱਚ, ਜਾਤ ਇਹ ਬਹੁਤ ਲਚੀਲੀ ਵਿਵਸਥਾ ਨਹੀਂ ਹੈ, ਪਰ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਪ੍ਰਾਚੀਨ ਲਾਕ ਤੋਂ ਅੱਜ ਤੱਕ "ਜਾਤ ਗਤੀਸ਼ੀਲਤਾ ਅੰਦੋਲਨ" ਹੁੰਦੇ ਰਹੇ ਹਨ। ਐਮ.ਐਨ. ਸ਼੍ਰੀਨਿਵਾਸ ਦੇ ਅਨੁਸਾਰ, ਦਰਜ਼ਾਬੰਦੀ ਦੀ ਪ੍ਰਕਿਰਿਆ ਦੁਆਰਾ ਨੀਵੀਆਂ ਜਾਤਾਂ ਦੇ ਲੋਕ ਆਪਣੇ ਰੁਤਬੇ ਵਿੱਚ ਸੁਧਾਰ ਕਰਨ ਦੀ ਦ੍ਰਿਸ਼ਟੀ ਨਾਲ ਉੱਚ ਜਾਤਾਂ ਦੀਆਂ ਜੀਵਨ ਸ਼ੈਲ਼ੀਆਂ, ਧਾਰਮਿਕ ਕੰਮਾਂ-ਕਾਰਾਂ ਅਤੇ ਵਿਉਹਾਰਾਂ ਦਾ ਨਕਲ ਕਰਦੇ ਹਨ। ਜਾਤ ਵਿਵਸਥਾ ਵਿੱਚ ਗਤੀਸ਼ੀਲਤਾ ਦੀ ਅਜਿਹੀ ਪ੍ਰਕਿਰਿਆ ਨਾਲ ਖਿਤਿਜ ਬਟਵਾਰੇ ਆਏ ਹਨ ਜਾਂ ਸ਼੍ਰੀਨਿਵਾਸ ਦੇ ਸ਼ਬਦਾਂ ਵਿੱਚ "ਸਥਿਰ" ਪਰਿਵਰਤਨ ਹੋਏ ਹਨ। ਸਥਿਰ ਪਰਿਵਰਤਨ ਤੋਂ ਜਾਤ ਬਦਲੀ ਨਹੀਂ ਜਾਂਦੀ ਹੈ, ਜਾਤ ਵਿੱਚ ਪਰਿਵਰਤਨ ਆਉਂਦੇ ਹਨ। "ਰਚਨਾਤਮਕ" ਪਰਿਵਰਤਨ ਦਾ ਅਰਥ ਸਮਾਜਿਕ ਰਚਨਾ ਦੀ ਵਿਸ਼ਵ ਪੱਧਰ ਵਿਵਸਥਾ ਵਿੱਚ ਪਰਿਵਤਰਨ ਤੋਂ ਹੈ। ਇਹ ਪਰਿਵਰਤਨ ਅੰਤ ਵਿੱਚ ਵਿਵਸਥਾ ਦਾ ਪਰਿਵਰਤਨ ਹੁੰਦਾ ਹੈ। ਰਚਨਾਤਮਕ ਪਰਿਵਰਤਨ ਵੱਡੇ ਅਤੇ ਛੋਟੇ ਦੋਨਾਂ ਪੱਧਰਾਂ 'ਤੇ ਹੁੰਦਾ ਹੈ, ਪਰ ਸਮਾਜਿਕ ਵਿਵਸਥਾ ਦਾ "ਸਰੂਪ" ਵਿੱਚ ਜ਼ਿਆਦਾ ਅਤੇ ਉਸਦੇ "ਸਾਰ" ਵਿੱਚ ਘੱਟ ਹੁੰਦਾ ਹੈ।

ਇੱਕ ਨੂੰ ਜਾਤ ਵਿਵਸਥਾ ਦੇ "ਸਰੂਪ" ਦੁਆਰਾ ਨਿਦੇਸ਼ਿਤ ਹੋਕੇ ਰਹਿਣਾ ਪੈਂਦਾ ਹੈ। ਜਾਤ ਉਨ੍ਹਾਂ ਪਹਿਲੂਆਂ ਵਿੱਚ ਆਜ਼ਾਦ ਰਹਿ ਸਕਦੀ ਹੈ, ਜੋ ਕਿ ਬਦਲੇ ਜਾ ਚੁੱਕੇ ਹਨ। ਇੱਕ ਜਾਤ, ਜਾਤ-ਵਿਵਸਥਾਨਾਲ ਬੰਨ੍ਹੀ ਹੋਈ ਹੋਣ ਦੇ ਬਾਵਜੂਦ ਵੀ ਆਪਣੇ ਰੀਤੀ-ਰਿਵਾਜ਼ਾਂ, ਸੰਸਕਾਰਿਕ ਕੰਮਾਂ ਅਤੇ ਦੂਜੀਆਂ ਜਾਤਾਂ ਤੋਂ ਆਪਣੇ ਹਿੱਤਾਂ ਦੀ ਸੁਰੱਖਿਆ ਕਰਨ ਵਿੱਚ ਆਜ਼ਾਦ ਹਨ। ਅਸਲੀਅਤ ਤਾਂ ਇਹ ਹੈ ਕਿ ਜਾਤ ਨੇ ਆਪਣੇ ਆਪ ਨੂੰ ਪ੍ਰਤੀਰੋਧ ਅਤੇ ਪ੍ਰਤੀਕੂਲ ਹਾਲਾਤਾਂ ਵਿੱਚ ਢਾਲ ਲਿਆ ਹੈ, ਅਤੇ ਪਰੰਪਰਾਗਤ ਵਿਵਹਾਰਾਂ ਅਤੇ ਮਿਆਰਾਂ ਦੇ ਸਥਾਨ 'ਤੇ ਨਵੇਂ ਉਪਾਅ ਲੱਗ ਲਏ ਹਨ। ਅ1ਜ ਵੀ ਇਕ ਪਿੰਡ ਵਿੱਚ ਰਹਿਣ ਵਾਲੀਆਂ ਵੱਖ ਵੱਖ ਜਾਤਾਂ ਸਮਾਜਿਕ ਮੌਕਿਆਂ ਅਤੇ ਕਿਸਾਨੀ ਕੰਮਾਂ ਵਿੱਚ ਇੱਕ ਨਿਸ਼ਚਿਤ ਪ੍ਰਕਾਰ ਦੇ ਪਰੰਪਰਿਕ ਸਹਿਯੋਗ ਦੀ ਆਸ਼ਾ ਰੱਖਦੀਆਂ ਹਨ।

ਇਹ ਕਹਿਣਾ ਵੀ ਭਰਮ ਹੈ ਕਿ ਜਾਤਾਂ ਲਾਜ਼ਮੀ ਜੀ ਇੱਕ-ਦੂਜੇ ਨਾਲ ਸਹਿਯੋਗ ਕਰਦੀਆਂ ਹਨ। ਵਿਰੋਧ ਅਤੇ ਦੇਵ ਸ਼੍ਰੇਣੀ ਦੋਨੋਂ ਹੀ ਨਿਯਮ ਪ੍ਰਤੀ ਗਿਆਨੀ ਕੋਟੀਆਂ ਹਨ। ਅਸਲੀਅਤ ਵਿੱਚ ਵੱਖ ਵੱਖ ਜਾਤਾਂ ਦੇ ਵਿੱਚ ਅਵਹਲੇਣਾ ਅਤੇ ਸੰਘਰਸ਼ ਜਾਂ ਹਿੱਤਾਂ ਦਾ ਟਕਰਾਓ ਆਮ ਗੱਲ ਹੈ। ਇਹ ਮੱਤ ਹੈ ਕਿ ਜਾਤ ਦਾ ਟੀਚਾ ਸਹਿਯੋਗ ਤੋਂ ਹੈ ਅਤੇ ਪ੍ਰਤੀਯੋਗਿਤਾ (ਜਾਂ ਸੰਘਰਸ਼) ਵਰਗਾਂ ਨਾਲ ਜੁੜੀ ਹੋਈ ਹੈ ਸਹਿਜ ਅਤੇ ਨਕਲ ਹੈ। ਜਦਕਿ ਸੱਚ ਤਾਂ ਇਹ ਹੈ ਕਿ ਉੱਚ ਜਾਤਾਂ ਆਪਣੇ ਬਲ ਨੂੰ ਬਣਾਈ ਰੱਖਣ ਦੇ ਲਈ ਨੀਵੀਆਂ ਜਾਤਾਂ ਪ੍ਰਭੂ ਜਾਤ ਤੋਂ ਸਮਰਥਨ ਪ੍ਰਾਪਤ ਕਰਨ ਲਈ ਇੱਕ ਦੂਜੇ ਨਾਲ ਪ੍ਰਤੀਯੋਗਤਾ ਕਰਦੀਆਂ ਰਹਿੰਦੀਆਂ ਹਨ। ਇੱਕ ਪ੍ਰਭੂ ਜਾਤ ਸੰਖਿਆਤਮਕ ਬਹੁਤਾਤ ਭੂਮੀ ਮਾਲਕ, ਉੱਚ ਸੰਸਕਾਰਿਕ ਰੁਤਬਾ, ਸਮਾਜਿਕ ਅਤੇ ਰਾਜਨੀਤਕ ਸੰਪਰਕਾਂ ਦੇ ਆਧਾਰ 'ਤੇ ਪਰਿਭਾਸ਼ਿਤ ਕੀਤੀਆਂ ਜਾ ਸਕਦੀਆਂ ਹਨ। ਇੱਕ ਨਿਸ਼ਚਿਤ ਸਮੇਂ 'ਤੇ ਇੱਕ ਖ਼ਾਸ ਜਾਤ ਦਾ ਬੋਲਬਾਲ ਇੱਕ ਜਾਂ ਇਨ੍ਹਾਂ ਗੁਣਾਂ ਦੇ ਮਿਸ਼੍ਰਣ ਦੇ ਆਧਾਰ 'ਤੇ ਨਿਰਧਾਰਿਤ ਕੀਤਾ ਜਾ ਸਕਦਾ ਹੈ।

ਜਿਸ ਪ੍ਰਤੀਯੋਗਤਾ ਦਾ ਅਸੀਂ ਉਲੇਖ ਕੀਤਾ ਹੈ ਉਹ ਕੋਈ ਨਵੀਂ ਗੱਲ ਨਹੀਂ ਹੈ। ਪ੍ਰਾਚੀਨ ਅਤੇ ਮੱਧ ਕਾਲ ਭਾਰਤ ਵਿੱਚ ਬ੍ਰਾਹਮਣਾਂ ਅਤੇ ਕਸ਼ਰਿਆਂ ਦੇ ਵਿੱਚ ਇੱਕ ਖੇਤਰ 'ਤੇ ਅਧਿਕਾਰ ਪ੍ਰਾਪਤ ਕਰਨ ਲਈ ਝਗੜੇ ਲਗਾਤਾਰ ਹੁੰਦੇ ਰਹਿੰਦੇ ਸਨ। ਅੰਤਰਜਾਤੀ ਸ਼ੰਘਰਸ਼ਾਂ ਤੋਂ ਇਲਾਵਾ, ਨੀਵੀਆਂ ਜਾਤਾਂ ਉੱਚ ਜਾਤਾਂ ਦੇ ਵਿਰੁਧ ਬਰਾਬਰ ਵਿਧਰੋਹ ਕਰਦੀਆਂ ਰਹੀਆਂ ਹਨ, ਅਤੇ ਇਹ ਤੱਥ ਜਾਤ ਦੇ ਇਤਿਹਾਸਿਕ ਦਾ ਅੰਗ ਬਣ ਚੁਕਾ ਹੈ।

ਨੋਟ

### 6.2.5 ਹਿੰਦੂਆਂ ਤੋਂ ਇਲਾਵਾ ਹੋਰ ਸਮੂਹਾਂ ਵਿੱਚ ਜਾਤ

ਅਸੀਂ ਇਸ ਗੱਲ ਦਾ ਉਲੇਖ ਕਰ ਚੁੱਕੇ ਹਾਂ ਕਿ ਜਾਤ ਪੂਰਨ ਤੌਰ 'ਤੇ ਇੱਕ ਹਿੰਦੂ ਸੰਸਥਾ ਹੈ, ਪਰ ਕੁੱਝ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਮੁਸਲਮਾਨਾਂ, ਸਿੱਖਾਂ ਅਤੇ ਇਸਾਈਆਂ ਵਿੱਚ ਵੀ ਜਾਤਾਂ ਪਾਈਆਂ ਜਾਂਦੀਆਂ ਹਨ। ਆਜ਼ਾਦੀ ਤੋਂ ਪਹਿਲਾਂ ਜਨਗੰਣਨਾ ਤੋਂ ਪਤਾ ਚੱਲਦਾ ਹੈ ਕਿ ਭਾਰਤ ਵਿੱਚ ਜਾਤ ਜਿਵੇਂ ਕਿ ਅੰਤਰ ਵਿਆਹ ਪੱਧਰ ਹਿੰਦੂਆਂ ਤੋਂ ਬਿਨਾਂ ਬਾਕੀ ਜਾਤਾਂ ਵਿੱਚ ਵੀ ਪਾਏ ਜਾਂਦੇ ਸਨ। ਕਲਕੱਤਾ ਅਤੇ ਉੱਤਰ ਪ੍ਰਦੇਸ਼ ਦੇ ਮੁਸਲਮਾਨਾਂ, ਸਿੱਖ, ਜੈਨ ਅਤੇ ਯਹੂਦੀ ਸਮੂਹਾਂ ਵਿੱਚ ਜਾਤ ਵਿਵਸਥਾ ਦੀ ਤਰ੍ਹਾਂ ਸਮਾਜਿਕ ਅਤੇ ਆਰਥਿਕ ਸੰਬੰਧ ਪ੍ਰਤੀਮਾਣ ਹੁੰਦੇ ਹਨ। ਇਨ੍ਹਾਂ ਸਮੂਹਾਂ ਵਿੱਚ ਖਾਨਦਾਨੀ ਕਿੱਤਾ ਸਮੂਹ ਅੰਤਰ ਵਿਆਹੀ ਸ਼੍ਰੇਣੀਵਾਦ ਉਪ ਸਮੂਹਾਂ ਦੇ ਰੂਪ ਵਿੱਚ ਪਾਏ ਜਾਂਦੇ ਹਨ। ਅਨੇਕ ਨੀਵੀਆਂ ਜਾਤਾਂ ਦੇ ਹਿੰਦੂਆਂ ਨੇ ਇਸ ਆਸ਼ਾ ਨਾਲ ਇਸਲਾਮ ਧ੍ਰਮ ਅਪਣਾ ਲਿਆ ਕਿ ਉਹ ਆਪਣੇ ਰੁਤਬੇ ਨੂੰ ਸੁਧਾਰ ਸਕਣਗੇ ਕਿਉਂਕਿ ਇਸਲਾਮ ਧਰਮ ਵਿੱਚ ਜਾਤ ਦੀ ਤਰ੍ਹਾਂ ਭੇਦ ਭਾਂਵ ਨਹੀਂ ਪਾਏ ਜਾਂਦੇ ਸਨ। ਪਰ ਇਹ ਲੋਕ ਆਪਣੇ ਜਾਤ ਰੁਤਬੇ ਵਿੱਚ ਪਰਿਵਰਤਨ ਲਿਆਉਣ ਵਿੱਚ ਸਫ਼ਲ ਨਹੀਂ ਹੋਏ। ਭਾਰਤ ਵਿੱਚ ਮੁਸਲਮਾਨ ਜਾਤ ਪ੍ਰਥਾ ਦੇ ਲਗਭਗ ਬਰਾਬਰ ਹੀ ਸਮੂਹਾਂ ਵਿੱਚ ਹਨ। ਜਦਕਿ ਇਸਲਾਮ ਵਿੱਚ ਅਪਵਿਤਰਤਾ ਅਤੇ ਛੂਆ-ਛੂਤ ਦੀਆਂ ਧਾਰਨਾਵਾਂ ਦੇ ਲਈ ਕੋਈ ਸਥਾਨ ਨਹੀਂ ਹੈ, ਫਿਰ ਵੀ ਇਹ ਮੁਸਲਮਾਨਾਂ ਵਿੱਚ ਪਾਈ ਜਾਂਦੀ ਹੈ।

ਭਾਰਤ ਵਿੱਚ ਮੁਸਲਮਾਨ ਖਾਨਦਾਨੀ ਅਤੇ ਗੈਰ-ਖਾਨਦਾਨੀ ਸਮੂਹਾਂ ਵਿੱਚ ਵੰਡੇ ਹੋਏ ਹਨ। ਖਾਨਦਾਨੀ ਉੱਚੀ ਵੰਸ਼ ਦੇ ਹਨ ਅਤੇ ਜ਼ਿਆਦਾਤਰ ਸ਼ਹਿਰਾਂ ਵਿੱਚ ਰਹਿੰਦੇ ਹਨ, ਜਦਕਿ ਗੈਰ-ਖਾਨਦਾਨੀ ਹਿੰਦੂ ਧਰਮ ਛੱਡਕੇ ਮੁਸਲਮਾਨਾਂ ਬਣੇ ਹੋਏ ਲੋਕ ਹਨ ਅਤੇ ਜ਼ਿਆਦਾਤਰ ਪਿੰਡਾਂ ਵਿੱਚ ਰਹਿਮਦੇ ਹਨ ਮੁਸਲਮਾਨਾਂ ਵਿੱਚ ਭੰਗੀ, ਕਮੀਨ, ਨਾਈ ਅਤੇ ਜਿਮੀਂਦਾਰ ਆਦਿ 'ਤੇ ਆਧਾਰਿਤ ਬਟਵਾਰਾ ਵੀ ਹੈ ਅਤੇ ਇਨ੍ਹਾਂ ਬਟਵਾਰਿਆਂ ਦੇ ਨਾਲ ਸੰਸਾਰਿਕ ਮੁੱਲ ਵੀ ਜੁੜੇ ਹੋਏ ਹਨ। ਸਿੱਖਾਂ ਅਤੇ ਹੋਰ ਸਮੂਹਾਂ ਵਿੱਚ ਜਾਤਾਂ ਵੀ ਪਾਈਆਂ ਜਾਂਦੀਆਂ ਹਨ ਜਿਨ੍ਹਾਂ ਦੇ ਨਾਲ ਕੁੱਝ ਅੰਸ਼ਾਂ ਤੱਕ ਅਪਵਿਤਰਤਾ ਅਤੇ ਛੂਆ-ਛੂਤ ਵੀ ਜੁੜੀ ਹੋਈ ਹੈ।

ਇੱਥੋਂ ਤੱਕ ਕਿ ਸ਼੍ਰੀਲੰਕਾ ਵਿੱਚ ਵੀ ਜਾਤ ਸਮੂਹ ਪਾਏ ਜਾਂਦੇ ਹਨ। ਇੱਥੋਂ ਦੇ ਸਿੰਹਲੀ ਲੋਕ ਬੁੱਧ ਧਰਮ ਨੂੰ ਮੰਨਦੇ ਰਹੇ ਹਨ। ਬਰਮਾ, ਜਪਾਨ ਅਤੇ ਹੋਰ ਕੁੱਝ ਦੇਸ਼ਾਂ ਵਿੱਚ ਵੀ ਇਸ ਪ੍ਰਕਾਰ ਦੀਆਂ ਉਦਹਾਰਣਾਂ ਮਿਲਦੀਆਂ ਹਨ। ਅਮਰੀਕਾ ਦੇ ਕਾਲੇ ਲੋਕਾਂ ਦੀ ਤੁਲਨਾ ਭਾਰਤ ਦੇ ਅਛੂਤਾਂ ਨਾਲ ਕੀਤੀ ਗਈ ਹੈ। ਜਿਸ ਤਰ੍ਹਾਂ ਜਾਤ ਇੱਕ ਵਿਚਾਰਧਾਰਾ ਬਣਕੇ ਪੂਰੇ ਹਿੰਦੂ ਸਮਾਜ ਵਿੱਚ ਦਾਖਿਲ ਹੋ ਗਈ ਹੈ, ਉਸ ਰੂਪ ਵਿੱਚ ਹੋਰ ਕਿੱਧਰੇ ਨਹੀਂ ਪਾਈ ਜਾਂਦੀ ਹੈ ਤੇ ਇਸ ਲਈ ਸੰਸਕ੍ਰਿਤਿਕ ਦ੍ਰਿਸ਼ਟੀ ਨਾਲ ਸਭ ਤੋਂ ਸ਼੍ਰੇਸ਼ਟ ਅਤੇ ਸਭ ਤੋਂ ਅਲੱਗ ਵਿਵਸਥਾ ਹੈ।

### ਕੀ ਜਾਤਾਂ ਵਰਗ ਤੋਂ ਉਲਟ ਹਨ ?

ਪੱਛਮੀ ਜਾਤ ਵਿਦਵਾਨਾਂ ਅਤੇ ਵਿਸ਼ੇਸ਼ ਕਰਕੇ ਬ੍ਰਿਟਿਸ਼ ਪ੍ਰਸ਼ਾਸ਼ਕਾਂ ਅਤੇ ਜਾਤੀ ਮਾਹਿਰਾਂ ਅਨੁਸਾਰ ਜਾਤ ਅਤੇ ਵਰਗ ਇੱਕ ਦੂਜੇ ਦੇ ਬਿਲਕੁਲ ਉਲਟ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਾਤ ਅਤੇ ਵਰਗ ਵੱਖ ਵੱਖ ਪ੍ਰਕਾਰ ਦੀ ਸਮਾਜਿਕ ਦਰਜ਼ਾਬੰਦੀ ਹੋ। ਵਰਗ ਵਿਵਸਥਾ ਵਿੱਚ ਵਿਆਕਤੀ ਸ਼੍ਰੇਣੀਵਾਰ ਇਕਾਈਆਂ ਹੁੰਦੀਆਂ ਹਨ ਅਤੇ ਜਾਤ ਵਿੱਚ ਸਮੂਹ ਹੁੰਦੇ ਹਨ। ਇਸ ਮੱਤ ਦੇ ਅਨੁਸਾਰ ਜਾਤ ਤੋਂ ਵਰਗ ਵੱਲ, ਦੇਵ ਸ਼੍ਰੇਣੀ ਤੋਂ ਦਰਜ਼ਾਬੰਦੀ ਵੱਲ, ਬੰਦ ਤੋਂ ਖੁੱਲ੍ਹੀ ਅਵਸਥਾ ਵੱਲ ਪਰਿਵਰਤਨ ਹੋ ਰਿਹਾ ਹੈ। ਜਾਤ ਅਤੇ ਵਰਗ ਵਿੱਚ ਇਸ ਤਰ੍ਹਾਂ ਦੀ ਵੰਡ ਯੰਤ੍ਰਿਕ ਕਿਸਮ ਦਾ ਹੈ। ਕੁੱਝ ਵਿਸ਼ੇਸ਼ ਗੁਣਾਂ ਦੇ ਆਧਾਰ 'ਤੇ ਰੁਤਬਿਆਂ ਦੇ ਵਸਤੂਨਿਸ਼ਠ ਨਿਰਧਾਰਣ ਨੂੰ ਵਰਗ ਸਮਾਝਿਆ ਜਾਂਦਾ ਹੈ ਜੋ ਕਿ ਇੱਕ ਸੰਕ੍ਰੀਏ ਦ੍ਰਿਸ਼ਟੀਕੋਣ ਹੈ। ਵਰਗ ਨੂੰ "ਤਰਲਤਾ" ਅਤੇ ਜਾਤ ਨੂੰ "ਕਠੋਰਤਾ" ਦੀ ਉਦਾਹਰਣ ਮੰਨਣ ਨਾਲ ਇਨ੍ਹਾਂ ਦੋਨਾਂ ਦਰਜ਼ਾਬੰਦੀ ਦਆਿਂ ਵਿਵਸਥਾਵਾਂ ਦਾ ਇੱਕ ਪੱਖੀ ਅਤੇ ਗਲਤ ਵਰਣਨ ਮਿਲਦਾ ਹੈ। ਇਸ ਪ੍ਰਕਾਰ ਬਟਵਾਰੇ ਨੂੰ ਸਵੀਕਾਰ ਕਰਨ ਦਾ ਸਪੱਸ਼ਟ ਅਰਥ ਇਹ ਹੈ ਕਿ ਜਾਤ ਨੂੰ ਰੁਤਬਾ ਕਠੋਰਤਾ ਅਤੇ ਸਥਿਰਤਾ, ਸਭਾਵੀ ਇੱਕ ਪ੍ਰਾਨਤਾ ਅਤੇ ਵਿਵਹਾਰਕ ਆਤਮ-ਨਿਰਭਰਤਾ, ਦੇਵ ਸ਼੍ਰੇਣੀ ਅਤੇ ਪਵਿਤਰਤਾ ਦੀਆਂ ਧਾਰਨਾਵਾਂ ਦੇ ਜ਼ਿਕਰ ਵਿੱਚ ਉਸਦੀ ਪਰਿਭਾਸ਼ਾ ਦਿੱਤੀ ਜਾਂਦੀ ਹੈ। ਇਸਦੇ ਉਲਟ ਵਿਅਕਤੀਵਾਦ ਦੀ ਵਿਚਾਰਧਾਰਾ, ਪ੍ਰਤੀਯੋਗਤਾ ਅਤੇ ਇੱਕਸਾਰਤਾ ਦੇ ਲੱਛਣਾਂ ਦੁਆਰਾ ਵਰਗ ਦੀ ਪਰਿਭਾਸ਼ਾ ਦਿੱਤੀ ਜਾਂਦੀ ਹੈ। ਜਾਤ ਅਤੇ ਵਰਗ ਦੀਆਂ ਅਜਿਹੀਆਂ ਰਚਨਾਵਾਂ ਪੂਰੇ ਤੌਰ 'ਤੇ ਗਲਤ ਹਨ।

ਜਾਤ ਸਮਾਜਿਕ ਦਰਜ਼ਾਬੰਦੀ ਦੀ ਇੱਕ ਵਿਵਸਥਾ ਦੇ ਰੂਪ ਵਿੱਚ ਕਠੋਰਤਾ ਅਤੇ ਤਰਲਤਾ, ਸਹਿਯੋਗ ਅਤੇ ਪ੍ਰਤੀਯੋਗਤਾ, ਸਾਕਲਵਾਦ ਅਤੇ ਵਿਅਕਤੀਵਾਦ, ਨਾ-ਬਰਾਬਰੀ ਅਤੇ ਬਰਾਬਰੀ ਦਾ ਰੂਪ ਹੈ। ਇਨ੍ਹਾਂ ਧਰੀਵੀ ਵਿਸ਼ੇਸ਼ਤਾਵਾਂ ਦੀ ਉਤਪਤੀ ਗੈਰ-ਜਾਤ ਪੱਛਮੀ

ਨੋਟ

ਸਮਾਜ ਦੀ ਉੱਤਮ ਧਾਰਨਾ ਤੋਂ ਹੋਈ ਹੈ। ਜਾਤ ਅਤੇ ਵਰਗ ਵਿੱਚਕਾਰ ਦੀ ਵੰਡ "ਵਿਸ਼ਲੇਸ਼ਣਾਤਮਕ" ਹੈ ਨਾ ਕਿ "ਇਤਿਸਾਹਕ" ਅਤੇ ਅਨੁਭਵਣਾਤਮਕ ਵਿਸ਼ੇ-ਸੂਚੀ 'ਤੇ ਆਧਾਰਿਤ ਹੈ।

ਸੋ, ਇਹ ਬਟਵਾਰਾ ਕਰਨਾ ਕਿ ਜਾਤ ਇੱਕ "ਵਾਸਤਵਿਕ"ਘਟਨਾ ਹੈ ਅਤੇ ਵਰਗ ਇੱਕ ਪਦਵੀ, ਇੱਕ ਗੁਣੀ ਰਚਨਾ ਹੈ, ਤਰਕਸੰਗਤ ਪ੍ਰਤੀਤ ਨਹੀਂ ਹੁੰਦਾ ਹੈ। ਜਾਤ ਅਤੇ ਵਰਗ ਦੋਨੋ ਵਾਸਤਵਿਕ ਅਤੇ ਅਨੁਭਵਿਕ ਹਨ। ਦੋਨੋਂ ਭਾਵ ਕਿਰਿਆਤਮਕ ਅਤੇ ਮਹੰਤਮਈ ਹਨ ਅਤੇ ਇੱਕ ਦੂਜੇ ਵਿੱਚ ਸ਼ਾਮਿਲ ਹਨ। ਹੋਰ ਗਲਤ ਧਾਰਨਾ ਇੱਹ ਹੈ ਕਿ "ਵਰਗ" ਦਾ ਅਰਥ ਭਾਰਤੀ ਸਮਾਜ ਦੇ ਲਈ ਕੇਵਲ ਮਾਰਸਵਾਦੀ ਹੀ ਹੈ। ਜਜਮਾਨ ਅਤੇ ਕਮੀਨ, ਭੂਮੀ ਮਾਲਕ ਅਤੇ ਕਿਸਾਨ ਤੇ ਉੱਛ ਜਾਤੀ ਗਰੀਬ ਲੋਕਾਂ ਦੇ ਵਿੱਚ "ਏਕਤਾ" ਅਤੇ "ਤਾਲਮੇਲ" ਦੇ ਤੱਥਾਂ ਨੂੰ ਸਵੀਕਾਰ ਕਰਨਾ ਹੋਵੇਗਾ। ਇਹ ਗੱਲ ਸਹੀ ਹੈ ਕਿ ਇਨ੍ਹਾਂ ਸੰਗਤਾਂ ਨਾਲ ਸ਼ਕਤੀਸ਼ਾਲੀ ਅਤੇ ਕਮਜ਼ੋਰ ਵਰਗਾਂ ਦੇ ਵਿੱਚ ਵਿਰੋਧ ਅਤੇ ਉਸ ਤੋਂ ਉਤਪਨ ਹੋਣ ਵਾਲੇ ਸੰਘਰਧਸ਼ਾਂ ਦੇ ਬਾਰੇ ਵਿੱਚ ਜਾਣਕਾਰੀ ਪ੍ਰਾਪਤ ਹੁੰਦੀ ਹੈ। ਭਾਰਤੀ ਸੰਦਰਭ ਵਿੱਚ ਸ਼ਕਤੀ ਇੱਕ ਸਿਰਫ਼ ਸ਼ੁਨਅ-ਤੁਲਕ ਵਾਸਤਵਿਕਤਾ ਨਹੀਂ ਹੈ। ਕੇਵਲ ਉਹ ਹੀ ਲੋਕ ਨਹੀਂ ਹਨ ਜੋ ਚੋਟੀ 'ਤੇ ਹਨ ਅਤੇ ਧਰਤੀ 'ਤੇ ਹਨ। ਭਾਰਤੀ ਸਮਾਜ ਇੱਕ ਬਹੁ-ਪੱਧਰੀ ਅਤੇ ਪ੍ਰਾਚੀਨ ਸਮਾਜਿਕ ਰਚਨਾ ਹੈ। ਸੋ, ਜਾਤ ਵਿੱਚ ਅੰਤਿਮ ਅਤੇ ਪੂਰਨ ਵਿਵਸਥਾ ਨਹੀਂ ਹੈ। ਇਸ ਵਿੱਚ ਗਤੀ ਅਤੇ ਨਫ਼ਰਤ ਭਰੀ ਹੋਈ ਹੈ। ਜਾਤ ਦੀ ਸ਼ਾਨੋਂ-ਸ਼ੌਕਤਾ ਦੇ ਉਲੰਘਣ ਨਾਲ ਜਾਤ ਸਮਾਜਿਕ ਦਰਜ਼ਾਬੰਦੀ ਦੇ ਇੱਕ ਸਿਧਾਂਤ ਦੇ ਰੂਪ ਨਹੀਂ ਹਟਾਉਂਦਾ ਹੈ।

ਕਿਉਂਕਿ ਜਾਤ ਵਿੱਚ ਵਰਗ ਸ਼ਾਮਿਲ ਹੈ ਅਤੇ ਵਰਗ ਵਿੱਚ ਜਾਤ ਸ਼ਾਮਿਲ ਹੈ, ਇਸ ਲਈ ਨਾ ਤਾਂ ਕੇਵਲ "ਜਾਤ ਦ੍ਰਿਸ਼ਟੀਕੋਣ" ਅਤੇ ਨਾ "ਵਰਗ ਦ੍ਰਿਸ਼ਟੀਕੋਣ" ਹੀ ਭਾਰਤ ਦੀ ਸੰਪੂਰਨ ਵਾਸਤਵਿਕਤਾ ਨੂੰ ਸਮਝਣ ਵਿੱਚ ਯੋਗ ਹਨ। ਸੱਚ ਤਾਂ ਇਹ ਹੈ ਕਿ ਆਜ਼ਾਦੀ ਤੋਂ ਪਹਿਲਾਂ ਜਾਤ, ਵਰਗ ਅਤੇ ਸ਼ਕਤੀ ਦੇ ਵਿੱਚ ਪੂਰਨ ਇਕਸਾਰ ਕਦੀ ਨਹੀਂ ਰਿਹਾ। ਗਤੀਸ਼ੀਲਤਾ ਅਤੇ ਪ੍ਰਵਾਸ ਸਧਾਰਨ ਕਿਰਿਆਵਾਂ ਸਨ ਅਤੇ ਖ਼ਾਸ ਕਰਕੇ ਸੱਤਾ ਪ੍ਰਾਪਤ ਕਰਨ ਲਈ ਕੀਤੇ ਗਏ ਯੁੱਧ ਦੇ ਨਤੀਜੇ ਅਜਿਹੀਆਂ ਗਤੀਵਿਧੀਆਂ ਹੋਇਆ ਕਰਦੀਆਂ ਸਨ। ਨੀਵੀਆਂ ਜਾਤਾਂ 'ਤੇ ਜ਼ੁਲਮ ਅਤੇ ਅੱਤਿਆਚਾਰ ਦੇ ਵਿਧਰੋਹ ਵੀ ਹੋਏ ਸਨ। ਪਿਛਲੇ ਸਾਲਾਂ ਵਿੱਚ ਭੂਮੀ ਸੁਧਾਰ ਸਿਆਣਾ ਮਤਦਾਤਾ ਅਤੇ ਕੁੱਝ ਸਵਿਧਾਨਿਕ ਸਮੱਗਰੀ ਦੇ ਦੁਆਰਾ "ਰੁਤਬਿਆਂ ਦੇ ਸੰਕਲਣ" ਵਿੱਚ ਇਹ ਸੰਗਤਾਂ ਆਈਆਂ ਹਨ।

ਸਾਥੋਂ ਪਹਿਲਿਆਂ ਪੁਸ਼ਤਾਂ ਵਿੱਚ ਪ੍ਰਚੀਨ ਯੁੱਗ ਵਿੱਚ ਬ੍ਰਿਟਿਸ਼ ਕਾਲ ਤੱਕ ਵਰਗ ਸੰਬੰਧਾਂ ਦਾ ਵਰਣਨ ਕੀਤਾ ਹੈ। ਭੌਤਿਕ ਅਤੇ ਸੰਸਕ੍ਰਿਤਿਕ ਪਰੰਪਰਾਵਾਂ ਸੰਬੰਧਿਤ ਰੂਪ ਵਿੱਚ ਬਿਰਾਜਮਾਨ ਸਨ। ਵਰਗ ਰੂਪ ਅੰਰਤਣ ਨਵੇਂ ਰਾਜਾਂ, ਸਥਾਈ ਕਿਸਾਨ, ਵਪਾਰ, ਨਗਰਾਂ, ਬੈਂਕਾਂ ਅਤੇ ਕਿੱਤਾ ਸੰਘਾਂ ਦੇ ਰੂਪ ਵਿੱਚ ਇੱਕ ਮਹੱਤਵਪੂਰਨ ਤੱਥ ਸਨ। ਏ.ਆਰ. ਏਸਾਈ ਦਾ ਜਾਂਚ ਹੈ ਕ ਜਾਤ ਵਿੱਚ ਵਰਗ ਦਾ ਅਰਧ-ਵਿਕਸਿਤ ਪਰ ਸੰਭਾਵੀ ਵਿਸਫੋਟਕ ਰੂਪ ਦ੍ਰਿੜ ਹੈ। ਦੇਸਾਈ ਦੇ ਅਨੁਸਾਰ, ਭਾਰਤੀ ਰਾਜ ਆਪਣੇ ਸਾਰ ਅਤੇ ਵਾਸਤਵਿਕਤਾ ਵਿੱਚ "ਪੂੰਜੀਵਾਦੀ" ਹੈ ਕਿਉਂਕਿ ਰਾਜ ਦੇ ਕੋਲ ਆਰਥਿਕ ਸ਼ਕਤੀ ਹੈ ਅਤੇ ਜਨਤਾ ਨੂੰ ਆਰਥਿਕ ਸ਼ਕਤੀ ਪ੍ਰਦਾਨ ਕਰਨ ਜਾਂ ਮਨ੍ਹਾ ਕਰਨ ਦੇ ਲਈ ਰਾਜ, ਰਾਜਨੀਤਕ ਸ਼ਕਤੀ ਦਾ ਉਪਯੋਗ ਕਰਦਾ ਹੈ।

ਸੋ, ਵਰਗ ਅਤੇ ਦੋਨਾਂ ਭਾਰਤ ਦੀ ਸਮਾਜਿਕ ਰਚਨਾ ਦੇ ਵਾਸਤਵਿਕ ਆਯਾਮ ਹਨ, ਅਤੇ ਇਹ ਦੋਨੇ ਇੱਕ ਦੂਜੇ ਤੋਂ ਅਲੱਗ ਨਹੀਂ ਕਿਹਾ ਜਾ ਸਕਦਾ। ਵਰਗ ਕੇਵਲ ਇੱਕ ਧਾਰਨਾਤਮਕ ਨਿਖੇੜਾ, ਕੁੱਝ ਵਿਸ਼ੇਸ਼ਤਾਵਾਂ ਜਾਂ ਲੱਛਣਾਤਮਕ ਸੂਚਕਾਂ 'ਤੇ ਆਧਾਰਿਤ ਜਾਣਕਾਰੀ ਨਹੀਂ ਹੈ, ਇਹ ਇੱਕ ਮੂਰਤ ਵਾਸਤਵਿਕਤਾ ਹੈ। ਭੂਮੀ ਮਾਲਕਾਂ, ਭੂਮੀਹੀਣ ਮਜ਼ਦੂਰਾਂ, ਵਪਾਰੀਆਂ ਅਤੇ ਸ਼ਾਹੂਕਾਰਾਂ ਦੇ ਵਰਗ ਵੀ ਭਾਰਤੀ ਸਮਾਜ ਦੇ ਰਚਨਾਤਮਕ ਅੰਗ ਹਨ। ਉਨ੍ਹਾਂ ਵਿੱਚ ਭਾਵ ਕਿਰਿਆਤਮਕ ਸੰਬੰਧ, ਉਨ੍ਹਾਂ ਦੇ ਜੀਵਨ ਦੇ ਹਾਲਤਾਂ ਨਾਲ ਜੁੜੇ ਹੋਏ ਹਨ।

ਕੈਤਲੀਨ ਗੈਫ਼ ਨੇ ਸਮਾਜਿਕ ਰਚਨਾ ਦੇ ਰੂਪ ਵਿੱਚ ਉਤਪਾਦਨ ਬਹੁਲਕ ਦੇ ਵਿਸ਼ਲੇਸ਼ਣ ਵਿੱਚ ਜਾਤ ਅਤੇ ਵਰਗ ਦੇ ਅੰਤਰ ਸੰਬੰਧਾਂ 'ਤੇ ਪ੍ਰਕਾਸ਼ ਪਾਇਆ ਹੈ, ਜਿਸ ਵਿੱਚ ਜਾਤ, ਰਾਜ, ਪਰਿਵਾਰ ਅਤੇ ਵਿਆਹ ਦੇ ਅੰਤ ਸੰਬੰਧ ਉਤਪਾਦਨ ਦੀਆਂ ਸ਼ਕਤੀਆਂ ਅਤੇ ਉਤਪਾਦਨ ਸੰਬੰਧਾਂ ਦੇ ਨਾਲ ਪਾਏ ਜਾਂਦੇ ਹਨ। ਗੈਫ਼ ਦਾ ਮੰਨਣਾ ਹੈ ਕਿ ਵਰਗ ਸੰਬੰਧਾਂ ਨੂੰ ਭਾਰਤ ਵਿੱਚ ਜਾਤ ਅਤੇ ਮੇਲ-ਜੋਲ ਦੇ ਅਧਿਐਨ ਵਿੱਚ ਕਾਰਜ ਖੇਤਰ ਮਾਨਤਾ ਦੇ ਰੂਪ ਵਿੱਚ ਸਵੀਕਾਰ ਕਰਦੇ ਹਨ, ਅਤੇ ਵਿਦਵਾਨਾਂ ਨੇ ਵਰਨ ਅਤੇ ਜਜਮਾਨੀ ਪ੍ਰਥਾ ਨੂੰ ਵਰਗ ਸੰਬੰਧਾਂ ਅਤੇ ਉਤਪਾਦਨ ਦੇ ਤਰੀਕਿਆਂ ਦੇ ਰੂਪ ਵਿੱਚ ਸਮਾਝਿਆ ਹੈ।

ਨੋਟ

ਜਾਤ ਅਤੇ ਵਰਗ ਬਹੁਤ ਹੱਦ ਤੱਕ ਇੱਕ ਹੀ ਰਚਨਾਤਮਕ ਜ਼ਰੂਰਤ ਦਾ ਪਰਤੀਨਿਧ ਕਰਦੇ ਹਨ। ਜਾਤ ਅਤੇ ਵਰਗ ਅਭਿਬੰਧ ਦੇ ਬਾਰੇ ਵਿੱਚ ਜੋਗਿੰਦਰ ਸਿੰਘ ਦੀ ਟਿੱਪਣੀ ਦਾ ਉਲੇਖ ਕਰਨਾ ਉਚਿਤ ਹੋਵੇਗਾ। "ਇਹ ਸਥਿਤੀ ਤਬਦੀਲ ਦੇ "ਸੰਮਪ੍ਰਸ਼ਵੀ" ਰੂਪ ਦੇ ਜਿਹੀ ਹੈ ਜਿਓ ਵਿੱਚ ਜਾਤ ਅਤੇ ਮੇਲ-ਜੋਲ ਨਾਲ ਜੁੜੇ ਪਰੰਪਰਿਕ ਮਨੋਭਵਾਂ ਵਿੱਚ ਅਨੁਕੂਲੀ ਰੂਪ ਅੰਰਤਨ ਹੁੰਦਾ ਹੈ, ਪਰ ਵਰਗਾਂ ਜਾਂ ਸਮੂਹਿਕ ਸਮੂਹਾਂ ਵਿੱਚ ਪੂਰਨ ਰੂਪ ਨਾਲ "ਵਿਵਤ੍ਰਿਤ" ਹੋਏ ਬਿਨਾਂ ਅਜਿਹਾ ਹੁੰਦਾ ਹੈ। ਵਰਗ ਜਾਤਾਂ ਦੇ ਢਾਂਚੇ ਵਿੱਚ ਕੰਮ ਕਰਦੇ ਹਨ।" ਜਾਤ ਸ਼ੰਘਰਸ਼ ਨੂੰ ਅਸੀਂ ਵਰਗ ਸੰਘਰਸ਼ ਹੀ ਕਹਾਂਗੇ ਕਿਉਂਕਿ ਸਮਾਜਿਕ ਸਥਿਤੀ ਦੀ ਦ੍ਰਿਸ਼ਟੀ ਤੋਂ ਉੱਚੀਆਂ ਅਤੇ ਨੀਵੀਆਂ ਜਾਤਾਂ ਉੱਚੇ ਅਤੇ ਨੀਵੇਂ ਵਰਗ ਦੇ ਸਮਾਨ ਅੰਰਤ ਹੈ। ਜਾਤ ਵਰਗਾਂ ਦੀ ਤਰ੍ਹਾਂ ਕੰਮ ਕਰਦੀ ਹੈ ਕਿਉਂਕਿ ਉਹ ਹਿੱਤਬੰਧ ਗੁੱਟਾਂ ਦੀ ਤਰ੍ਹਾਂ ਕੰਮ ਕਰਦੀ ਹੈ। ਜਾਤ ਪੰਚਾਈਤਾਂ ਅਤਣੇ ਮੈਂਬਰਾਂ ਦੇ ਲਈ ਅਨੇਕ ਆਰਥਿਕ ਅਤੇ ਰਾਜਨੀਤਕ ਕੰਮ ਕਰਦੀ ਹੈ। ਜੋਨ ਮੇਂਚਰ ਦੇ ਮੱਤ ਅਨੁਸਾਰ, "ਜਾਤ ਨੀਵੀਆਂ ਜਾਤਾਂ ਦਾ ਸ਼ੋਸ਼ਣ ਕਰਨ ਦੀ ਇੱਕ ਪ੍ਰਭਾਵਸ਼ਾਲੀ ਵਿਵਸਥਾ ਹੈ।" ਉੱਚੀਆਂ ਜਾਤਾਂ ਨੇ ਨੀਵੀਆਂ ਜਾਤਾਂ (ਵਰਗਾਂ) ਵਿੱਚ ਜਾਤ ਚੇਤਨਾ ਦਾ ਆਗਮਨ ਨਹੀਂ ਹੋਣ ਦਿੱਤਾ ਕਿਉਂਕਿ ਉੱਚੀਆਂ ਜਾਤਾਂ ਨੂੰ ਆਪਣੇ ਸਥਾਪਿਤ ਰੁਤਬੇ ਦੇ ਲਈ ਵਰਗ ਚੇਤਨਾ ਵਿੱਚ ਖ਼ਤਰਾ ਵਿਖਾਈ ਦਿੰਦਾ ਸੀ।

## ਜਾਤ ਅਤੇ ਵਰਗ ਸੰਬੰਧਾਂ ਵਿੱਚ ਤਬਦੀਲੀ

ਭਾਰਤ ਦੀ ਵਰਗ ਰਚਨਾ ਦਾ ਵਿਸ਼ਲੇਸ਼ਣ ਕਿਵੇਂ ਕੀਤਾ ਜਾ ਸਕਦਾ ਹੈ? ਉਦਾਹਰਣ ਦੇ ਲਈ, ਰੂੜੀਵਾਦੀ ਮਾਰਕਸਵਾਦੀ ਭਾਰਤੀ ਕਿਸਾਨ ਖੇਤਰ ਦੇ ਕੇਵਲ ਦੋ ਹੀ ਵਰਗ: (1) ਭੂਮੀ ਮਾਲਕਾਂ ਦਾ ਵਰਗ, ਅਤੇ (2) ਮਿਹਨਤੀ ਕਿਸਾਨਾਂ ਦਾ ਵਰਗ ਮੰਨਦੇ ਹਨ। ਦੂਜਾ ਮੱਤ ਇਹ ਹੈ ਕਿ ਵਰਾਮਾਨ ਵਿੱਚ ਕਿਸਾਨਾਂ ਵਿੱਚ ਮਿਹਨਤੀ, ਗਰੀਬ ਕਿਸਾਨਾਂ, ਮੱਧ ਕਿਸਾਨਾਂ, ਧਨੀ ਕਿਸਾਨਾਂ ਅਤੇ ਭੂਮੀ ਮਾਲਕਾਂ ਦੇ ਰੂਪ ਵਿੱਚ ਵਰਗ ਵਖਰੇਵਾਂ ਪਾਇਆ ਜਾਂਦਾ ਹੈ ਅਤੇ ਅਜਿਹਾ ਪਹਿਲਾਂ ਵੀ ਪਾਇਆ ਜਾਂਦਾ ਸੀ। ਮਾਰਸਵਾਦੀ ਇਨ੍ਹਾਂ ਵਰਗਾਂ ਦੇ ਵਿਚ ਦੇ ਸੰਬੰਧਾਂ ਨੂੰ "ਪੂੰਜੀਵਾਦੀ" ਪ੍ਰਕਿਰਤੀ ਦਾ ਮੰਨਦੇ ਹਨ।ਇਸ ਲਈ "ਧਨਾਡ" ਅਤੇ "ਨਿਰਧਨ" ਦੇ ਵਿੱਚ ਅੰਤਰ ਕਰਦੇ ਹਨ। ਏ. ਆਰ. ਦੇਸਾਈ ਦਾ ਮੱਤ ਹੈ ਕਿ ਭਾਰਤ ਵਿੱਚ ਰਾਜ ਨੇ ਵਿਕਾਸਕਾਰੀ ਉਪਾਅ ਦੇ ਰੂਪ ਵਿੱਚ ਪੂੰਜੀਵਾਦੀ ਸਮਾਜ ਦੇ ਸੰਪਤੀ, ਸ਼ਾਨੋਂ-ਸ਼ੌਕਤ ਨੂੰ ਹਾਸਿਲ ਕਰ ਲਿਆ ਹੈ। ਰੂੜੀਵਾਦੀ ਮਾਰਕਸਵਾਦ ਵਿੱਚ ਦ੍ਰਿੜ ਆਰਥਿਕ ਨਿਰਧਾਰਨਵਾਦ ਦਾ ਵਿਰੋਧ ਦੇਸੀ ਧਾਰਨਾਵਾਂ ਦੇ ਉਪਯੋਗ ਦੁਆਰਾ ਕੀਤਾ ਜਾਂਦਾ ਹੈ।

ਅਰਥ-ਸ਼ਾਸ਼ਤਰੀ ਬੀ.ਐਮ. ਡਾਂਡੇਕਰ ਨੇ ਭਾਰਤੀ ਸਮਾਜ ਵਿੱਚ ਵਰਗ ਅਤੇ ਵਰਗ ਸੰਘਰਸ਼ ਦੀ ਪ੍ਰਕਿਰਤੀ ਦੀ ਜਾਂਚ ਕਰਦੇ ਹੋਏ ਪੰਜ ਪ੍ਰਮੁਖ ਵਰਗਾਂ ਦਾ ਵਰਣਨ ਕੀਤਾ ਹੈ। ਇਹ ਵਰਗ ਹਨ- (1) ਪੂਰਵ ਪੂੰਜੀਵਾਦ (ਕਿਸਾਨੀ, ਮਿਹਨਤ ਕਿਸਾਨ ਅਤੇ ਘਰੇਲੂ ਉਦਯੋਗ), (2) ਪੂੰਜੀਵਾਦੀ ਸਮਾਜ ਵਿੱਚ ਆਜ਼ਾਦ ਉਦਮੀ, (3) ਨਿਯੋਜਕ, (4) ਸਫ਼ੈਦ ਕੱਪੜਾ ਕਰਮਚਾਰੀ, (5) ਨੀਲਾ ਕੱਪੜਾ ਕਰਮਚਾਰੀ। ਪ੍ਰਮੁੱਖ ਵਰਗਾਂ ਨੂੰ ਇਸ ਪ੍ਰਕਾਰ ਵੀ ਮੰਨਿਆ ਜਾ ਸਕਦਾ ਹੈ-(1) ਕਿਸਾਨੀ ਵਰਗ (2) ਉਦਯੋਗ ਵਰਗ (3) ਕਿੱਤਾ ਮੁਖੀ ਵਰਗ , (4) ਵਪਾਰਕ ਵਰਗ।

### ਸਵੈ-ਮੁਲਾਂਕਣ (Self Assessment)

2. ਖਾਲੀ ਥਾਂ ਭਰੋ **(Fill in the Blanks)**-

1. ............... ਇੱਕ ਅਖਿਲ ਭਾਰੀ ਰਚਨਾ ਹੈ।
2. ............... ਆਦਰਸ਼ਾਤਮਕ ਵਿਵਸਥਾ ਅਤੇ ਅਸਲੀ ਸਮਾਜਿਕ ਸੰਬੰਧਾਂ ਦੀ ਵਿਵਸਥਾ ਦੋਨੋਂ ਹੈ।
3. ............... ਦੇ ਅਨੁਸਾਰ, ਜਾਤ ਪੌੜੀ-ਦਰ-ਪੌੜੀ ਸਿਧਾਂਤ ਦੇ ਲਈ ਪਵਿਤਰ ਅਤੇ ਅਪਵਿਤਰ ਦਾ ਵਿਚਾਰ ਪ੍ਰਮੁੱਖ ਹੈ।
4. ............... ਦੇ ਅਨੁਸਾਰ, ਜਾਤ ਇੱਕ ਖ਼ਾਸ ਘਟਨਾ ਹੈ ਅਤੇ ਇਹ ਵਿਸ਼ੇਸ਼ ਕਰਕੇ ਭਾਰਤ ਵਿੱਚ ਪਾਈ ਜਾਂਦੀ ਹੈ।
5. ............... ਵਿੱਚ ਮੁਸਲਮਾਨ ਖਾਨਦਾਨੀ ਅਤੇ ਗੈਰ-ਖਾਨਦਾਨੀ ਸਮੂਹਾਂ ਵਿੱਚ ਵੰਡੇ ਹੁੰਦੇ ਹਨ।
6. ਜਾਤ ਅਤੇ ਵਰਗ ਬਹੁਤ ਹੱਦ ਤੱਕ ਇੱਕ ਹੀ ਰਚਨਾਤਮਕ ਜ਼ਰੂਰਤ ਦਾ ............... ਕਰਦੇ ਹਨ।

ਨੋਟ

## 6.3 ਸਾਰ ਅੰਸ਼ (Summary)

- ਅੰਗਰੇਜ਼ੀ ਭਾਸ਼ਾ ਦਾ ਸ਼ਬਦ 'Caste' ਸਪੈਨਿਸ਼ ਸ਼ਬਦ 'Casta' ਤੋਂ ਲਿਆ ਗਿਆ ਹੈ। 'ਕਾਸਟਾ' ਸ਼ਬਦ ਦਾ ਅਰਥ ਹੈ 'ਨਸਲ, ਜਾਤ ਜਾਂ ਖਾਨਦਾਨੀ ਤੱਥਾਂ ਜਾਂ ਗੁਣਾਂ ਦਾ ਇਕੱਠ'। ਪੁਰਤਗਾਲੀਆਂ ਨੇ ਇਸ ਸ਼ਭਦ ਦਾ ਪ੍ਰਯੋਗ ਭਾਰਤ ਦੇ ਲਈ ਉਨ੍ਹਾਂ ਲੋਕਾਂ ਦੇ ਲਈ ਕੀਤਾ, ਜਿਨ੍ਹਾਂ ਨੂੰ 'ਜਾਤ' ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਅੰਗਰੇਜ਼ੀ ਸ਼ਬਦ 'Caste' ਮੌਲਿਕ ਸ਼ਬਦ ਦਾ ਹੀ ਫੇਰਬਦਲ ਹੈ।
- ਮੇਗਸਥੱਨੀਜ, ਈਸਾ ਪੂਰਬ ਤੀਸਰੀ ਸਦੀ ਦੇ ਚੀਨੀ ਯਾਤਰੀ ਨੇ ਜਾਤ ਵਿਵਸਥਾ ਦੇ ਦੋ ਲੱਛਣ ਦੱਸੇ ਸਨ। ਉਹ ਲਿਖਦਾ ਹੈ, "ਇਸਨੂੰ ਦੂਜੀ ਜਾਤ ਦੇ ਵਿਅਕਤੀ ਨਾਲ ਵਿਆਹ ਕਰਾਉਣ ਦੀ ਇਜ਼ਾਜਤ ਨਹੀਂ ਹੁੰਦੀ, ਨਾ ਕਿ ਇੱਕ ਕਿੱਤੇ ਜਾਂ ਵਪਾਰ ਨੂੰ ਛੱਡਕੇ ਦੂਜਾ ਕਿੱਤਾ ਜਾਂ ਵਪਾਰ ਅਤੇ ਨਾ ਹੀ ਇੱਕ ਵਿਅਕਤੀ ਨੂੰ ਇੱਕ ਤੋਂ ਜ਼ਿਆਦਾ ਕਿੱਤੇ ਕਰਨ ਦੀ ਇਜ਼ਾਜਤ ਦੇ ਦਿੱਤੀ ਜਾਂਦੀ ਹੈ।
- ਪਰੰਪਰਾਗਤ ਮਹੱਤਵ 'ਤੇ ਨਿਰਭਰ ਕਰਦਾ ਹੈ, ਜਿਸ ਵਿੱਚ ਉਸਨੂੰ ਜਨਮ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜਾਤ ਖਾਨਦਾਨੀ ਹੁੰਦੀ ਹੈ। ਧਨ, ਪਛਤਾਵਾ ਅਤੇ ਪ੍ਰਾਰਥਨਾ ਦੀ ਕੋਈ ਮਾਇਆ ਉਸਦੀ ਜਾਤ ਸਥਿਤੀ ਨੂੰ ਬਦਲ ਨਹੀਂ ਸਕਦੀ। ਰੁਤਬੇ ਦਾ ਨਿਰਧਾਰਨ ਕਿੱਤੇ ਤੋਂ ਨਹੀਂ, ਬਲਕਿ ਜਨਮ ਤੋਂ ਹੁੰਦੀ ਹੈ।
- ਜਾਤ ਅਤੇ ਵਰਗ ਦੇ ਵਿੱਚ ਅੰਤਰ ਨੂੰ ਸਪੱਸ਼ਟ ਕਰਦੇ ਹੋਏ ਮੈਕਾਇਵਰ () ਨੇ ਲਿਖਿਆ ਹੈ, "ਜਦਕਿ ਪੂਰਵੀ ਸੱਭਿਅਤਾਵਾਂ ਦੇ ਵਰਗ ਅਤੇ ਰੁਤਵੇ ਦਾ ਮੁੱਖ ਨਿਰਧਾਰਕ ਵਿਅਕਤੀ ਸੀ, ਪੱਛਮੀ ਸੱਭਿਅਤਾ ਵਿੱਚ ਧਨ ਸਮਾਨ ਅਤੇ ਜ਼ਿਆਦਾ ਮਹੱਤਵਪੂਰਨ ਵਰਗ ਨਿਰਧਾਰਕ ਤੱਤ ਹੈ। ਧਨ ਜਨਮ ਆਸ਼ਾ ਘੱਟ ਮੰਨਣਯੋਗ ਨਿਰਧਾਰਕ ਹੈ, ਇਹ ਜ਼ਿਆਦਾ ਵੱਡਾ ਹੈ, ਇਸ ਕਰਕੇ ਇਸਦੇ ਦਾਅਵਿਆਂ ਨੂੰ ਜ਼ਿਆਦਾ ਆਸਾਨੀ ਨਾਲ ਚੁਣੌਤੀ ਦਿੱਤੀ ਜਾਂਦੀ ਹੈ। ਇਹ 'ਮਾਤਰਾ' ਦਾ ਵਿਸ਼ਾ ਹੈ। ਇਸ ਵਿੱਚ 'ਪ੍ਰਕਾਰ' ਦੇ ਅੰਤਰ ਪੈਦਾ ਨਹੀਂ ਹੁੰਦੇ। ਇਹ ਅੰਤਰ ਖੰਡਣਯੋਗ, ਸਥਾਨ ਅੰਤ੍ਰਣਯੋਗ ਅਤੇ ਹਾਸਲ ਕਰਨ ਯੋਗ ਹੁੰਦਾ ਹੈ। ਇਸ ਵਿੱਚ ਭੇਦ ਦੀ ਅਜਿਹੀ ਸਥਾਈ ਰੇਖਾ ਨਹੀਂ ਹੁੰਦੀ ਜਿਹੋ ਜਿਹੀ ਜਨਮ ਤੱਥ ਖਿੱਚ ਦਿੰਦਾ ਹੈ।
- ਜਾਤ ਵਿਵਸਥਾ ਦੇ ਜਨਮ ਦੀ ਸਹੀ ਖੋਜ ਨਹੀਂ ਕੀਤੀ ਜਾ ਸਕਦੀ। ਇਸ ਵਿਵਸਥਾ ਦਾ ਜਨਮ ਭਾਰਤ ਵਿੱਚ ਹੋਇਆ, ਅਜਿਹਾ ਕਿਹਾ ਜਾਂਦਾ ਹੈ। ਭਾਰਤ-ਆਰੀਆ ਸੱਭਿਅਤਾ ਦੇ ਦਸਤਾਵੇਜਾਂ ਦੇ ਉਲੇਖਾਂ ਵਿੱਚ ਇਸਦਾ ਉਲੇਖ ਸਭ ਤੋਂ ਪਹਿਲਾਂ ਮਿਲਦਾ ਹੈ ਅਤੇ ਤੱਥਾਂ ਦਾ ਲਗਾਤਾਰ ਇਤਿਹਾਸ ਵੀ ਮਿਲਦਾ ਹੈ। ਜਿਨ੍ਹਾਂ ਤੋਂ ਜਾਤ ਵਿਵਸਥਾ ਦਾ ਨਿਰਮਾਣ ਹੋਇਆ। ਜਿਨ੍ਹਾਂ ਲੋਕਾਂ ਨੂੰ ਭਾਰਤ-ਆਰੀਆ ਕਿਹਾ ਜਾਂਦਾ ਹੈ, ਉਹ ਭਾਸ਼ਾ ਦੇ ਦ੍ਰਿਸ਼ਟੀਕੋਣ ਤੋਂ ਇੱਕ ਵੱਡੇ ਭਾਰਤ ਯੂਰਪੀਅਨ ਅਤੇ ਭਾਰਤ-ਜਰਮਨ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਵਿੱਚ ਐਂਗਲੋ-ਸੈਕਸਨ, ਕੈਲਟ, ਰੋਮਨ, ਸਪੈਨਿਸ਼, ਪੁਰਤਗਾਲੀ ਅਤੇ ਈਰਾਨੀ ਆਦਿ ਸ਼ਾਮਿਲ ਹਨ।
- ਸਮੇਂ ਸਮੇਂ 'ਤੇ ਭਾਰਤੀ ਜਾਤ ਵਿਵਸਥਾ ਦੀ ਵੱਖ ਵੱਖ ਲੋਕਾਂ ਦੁਆਰਾ ਆਲੋਚਨਾ ਕੀਤੀ ਗਈ ਹੇ। ਸਮਾਜ ਵਿੱਚ ਜਿੰਨੀਆਂ ਬੁਰਾਈਆਂ ਹਨ, ਉਨ੍ਹਾਂ ਸਭ ਲਈ ਜਾਤ ਵਿਵਸਥਾ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਪਰ ਇੱਕ ਮਾਤਰ ਇਹੀ ਤੱਤ ਕਿ ਐਨੇ ਹਮਲਿਆਂ ਦੇ ਬਾਵਜੂਦ ਵਾਂ ਇਹ ਪਹਿਲਾਂ ਦੀ ਤਰ੍ਹਾਂ ਅੱਜ ਵੀ ਚੱਲ ਰਹੀ ਹੈ, ਇਸ ਗੱਲ ਦਾ ਪ੍ਰਮਾਣ ਇਹ ਹੈ ਕਿ ਇਹ ਵਿਵਸਥਾ ਐਨੀ ਬੁਰੀ ਨਹੀਂ ਹੈ, ਜਿੰਨੀ ਸਮਝੀ ਜਾਂਦੀ ਹੈ। ਬ੍ਰਾਹਮਣਾਂ ਨੇ 2000 ਸਾਲ ਤੱਕ ਆਪਣੇ ਬਲ ਨੂੰ ਸਿਖਰ 'ਤੇ ਰੱਖਿਆ, ਇਹ ਉਨ੍ਹਾਂ ਦੀ ਯੋਗਤਾ ਨੂੰ ਪ੍ਰਮਾਣਿਤ ਕਰਦਾ ਹੈ।
- ਸਮਾਜਿਕ ਰਚਨਾ ਮਹੱਤਵਪੂਰਨ ਤੱਥ ਹੈ। ਜਿੱਥੇ ਲੋਕ ਭਾਸ਼ਾ, ਨਸਲ ਜਾਂ ਕਿੱਤੇ 'ਤੇ ਆਧਾਰਿਤ ਜਾਤ ਭੇਦਾਂ ਦੇ ਕਾਰਣ ਵੰਡੇ ਜਾਂਦੇ ਹਨ, ਉਥੇ ਪਰੰਪਰਾਗਤ ਅਵਿਸ਼ਵਾਸ ਅਤੇ ਵੈਰ ਪੇਦਾ ਹੋ ਜਾਂਦਾ ਹੈ, ਜਿਸ ਨਾਲ ਉਨ੍ਹਾਂ ਲਈ ਇਕੱਠੇ ਮਿਲਕੇ ਕੰਮ ਕਰਨ ਜਾਂ ਹਰ ਇੱਕ ਵਰਗ ਦੁਆਰਾ ਦੂਜੇ ਵਰਗ ਦੇ ਅਧਿਕਾਰੀਆਂ ਨੂੰ ਬਰਾਬਰ ਸਮਝਣਾ ਔਖਾ ਹੋ ਜਾਂਦਾ ਹੈ।"25 ਜਦ ਤੱਕ ਜਾਤ ਪਬੰਦੀ ਨੂੰ ਖ਼ਤਮ ਨਹੀਂ ਕਰ ਦਿੱਤਾ ਜਾਂਦਾ, ਤਾਂਕਿ ਨੀਵੇਂ ਰੁਤਬੇ ਦੇ ਵਿਅਕਤੀ ਨੂੰ ਵਿਅਕਤੀਗਤ ਲਾਭ ਸੰਭਵ ਹੋ ਸਕੇ, ਅਜਿਹੇ ਯਤਨ ਨਹੀਂ ਹੋਣਗੇ ਅਤੇ ਸਮਾਜ ਨੂੰ ਸੰਭਾਵਿਕ ਹਾਨੀ ਹੋਵੇਗੀ।
- ਜਜਮਾਨੀ ਵਿਵਸਥਾ ਨੇ, ਜੋ ਕਿਸੇ ਸਮੇਂ ਭਾਰਤੀ ਸਮਾਜ ਵਿੱਚ ਲਾਭਦਾਇਕ ਸੀ, ਹੌਲੀ-ਹੌਲੀ ਨੀਵੀਆਂ ਜਾਤਾਂ ਦੇ ਸ਼ੋਸ਼ਨ ਦਾ ਰੂਪ ਧਾਰਨ ਕਰ ਲਿਆ ਹੈ। ਉੱਚ ਜਾਤਾਂ ਨੀਵੀਆਂ ਜਾਤਾਂ ਦੇ ਲੋਕਾਂ ਦਾ ਸ਼ੋਸ਼ਨ ਕਰਦੀਆਂ ਹਨ, ਜੋ ਆਪਣੇ ਆਪ ਨੂੰ ਆਪਣੇ ਮਾਂ-ਪਿਉ ਦੀ ਧਨ ਸ਼ਕਤੀ ਦੇ ਸਾਹਮਣੇ ਬੇਵੱਸ ਮਹਿਸੂਸ ਕਰਦੀਆਂ ਹਨ। ਨਗਰੀਕਰਨ ਦੇ ਪ੍ਰਭਾਵ ਅਤੇ ਯਾਤਾਯਾਤ ਦੇ ਤੇਜ਼ ਸਾਧਨਾਂ ਦੇ ਵਿਕਾਸ ਦੇ ਕਾਰਣ ਜਜਮਾਨੀ ਵਿਵਸਥਾ ਗਲ ਰਹੀ ਹੈ, ਕਿਉਂਕਿ ਇਸ ਤੱਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਜਾਤਾਂ ਦੀ ਵਿਵਹਾਰਕ ਪਰਸਪਰ ਪਿੰਡਾਂ ਵਿੱਚ ਭਾਰਤੀ ਜਾਤ ਵਿਵਸਥਾ ਦੀ ਇੱਕ ਮੁੱਖ ਵਿਸ਼ੇਸਤਾ ਹੈ।
- ਪ੍ਰਾਚਨਿ ਭਾਰਤ ਵਿੱਚ, ਸੰਪੂਰਨ ਨਾ-ਮਾਨਤਾ ਕਦੇ ਵੀ ਨਹੀਂ ਰਹੀ। ਇੱਥੇ-ਉਥੇ ਕੁੱਝ ਨੀਵੀਆਂ ਦਿਖਾਈ ਦਿੰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਵਿਸ਼ਵਾਮਿਤਰ ਜੋ ਸ਼ੂਦਰਾਂ ਦਾ ਪ੍ਰੋਹਿਤ ਅਤੇ ਵਿਸ਼ੇਸ਼ ਪ੍ਰਤੀਬੰਦੀ ਸੀ। ਆਧੁਨਿਕ ਸਮੇਂ ਵਿੱਚ ਜਾਤ ਵਿਵਸਥਾ ਦੇ ਇਸ ਕਠੋਰ ਤੱਥ ਵਿੱਚ ਅਨੇਕਾਂ ਤਬਦੀਲੀਆਂ ਆ ਗਈਆਂ ਹਨ।

ਨੋਟ

- ਆਰਥਿਕ ਪ੍ਰਗਤੀ ਕਿਸੇ ਦੇਸ਼ ਵਿੱਚ ਗਤੀਸ਼ੀਲਤਾ ਦੀ ਦਰ ਨੂੰ ਨਿਰਧਾਰਿਤ ਕਰਨ ਵਿੱਚ ਮਹੱਤਵਪੂਰਨ ਤੱਥ ਹੈ। ਆਰਥਿਕ ਪ੍ਰਗਤੀ ਅੁਦਯੋਗੀਕਰਨ ਨਾਲ ਸੰਬੰਧਿਤ ਹੈ ਅਤੇ ਉਦਯੋਗੀਕਰਨ ਗਤੀਸ਼ੀਲਤਾ ਨੂੰ ਉੱਚੀ ਦਰ ਤੋਂ। ਇਸ ਵਿਸ਼ੇ 'ਤੇ ਇੱਕ ਸਮਾਜ ਸ਼ਾਸ਼ਤਰੀ ਓਸੋਵਾਸਕੀ ਦਾ ਕਥਨ ਮਹੱਤਵਪੂਰਨ ਹੈ, "ਸਮਾਜਵਾਦੀ ਵਿਵਸਥਾ ਵਿੱਚ ਪੂੰਜੀਵਾਦੀ ਵਿਵਸਥਾ ਦੇ ਮੁਕਾਬਲੇ ਆਰਥਿਕ ਵਿਕਾਸ ਦੀ ਜ਼ਿਆਦਾ ਜ਼ਰੂਰਤ ਹੈ। ਇਸ ਕਰਕੇ, ਸਮਾਜਵਾਦੀ ਰਾਜਾਂ ਨੇ ਨੇਤਾਵਾਂ ਦਾ ਇੱਕ ਮੌਜੂਦਾ ਟੀਚਾ ਉਦਯੋਗੀਕਰਨ, ਨਗਰੀਕਰਨ, ਸੰਚਾਰ ਦੇ ਸਾਧਨਾਂ ਦੇ ਵਿਕਾਸ ਅਤੇ ਜਨਸੰਖਿਆ ਵਿੱਚ ਜ਼ਿਆਦਾ ਉੱਨਤ ਪੂੰਜੀਵਾਦੀ ਦੇਸ਼ਾਂ ਦੇ ਪੱਧਰ ਨੂੰ ਪ੍ਰਾਪਤ ਕਰਨਾ ਸੀ। ਇਨ੍ਹਾਂ ਸਾਰੀਆਂ ਪ੍ਰਕਿਰਿਆਵਾਂ ਵਿੱਚ ਸਮਾਜਵਾਦੀ ਅਤੇ ਹੋਰ ਦੇਸ਼ਾਂ ਵਿੱਚ ਵੀ ਸਮਾਜਿਕ ਗਤੀਸ਼ੀਲਤਾ ਵਿੱਚ ਵਾਧਾ ਦ੍ਰਿੜ ਹੈ।"
- ਜਾਤ ਨੂੰ ਸਮਾਜਿਕ ਸੰਬੰਧਾਂ ਦੀ ਇੱਕ ਵਿਆਪਕ ਵਿਵਸਥਾ ਦੇ ਰੂਪ ਵਿੱਚ ਸਮਝਿਆ ਗਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕੁੱਝ ਵਿਦਵਾਨਾਂ ਨੇ ਜਾਤ ਨੂੰ ਹਿੰਦੂ ਸਮਾਜ ਦੇ ਬਰਾਬਰ ਹੀ ਮੰਨਿਆ ਹੈ। ਭਾਰਤੀ ਸਮਾਜਿਕ ਵਿਗਿਆਨ ਅਨੁਸੰਧਾਨ ਪਰਿਸ਼ਦ ਦੁਆਰਾ ਪੇਸ਼ ਇੱਕ ਲੇਖ ਵਿੱਚ ਸੁਰਜੀਤ ਸਿਨਹਾ ਨੇ ਜਾਤ ਦੇ ਹੋਏ ਅਧਿਐਨਾਂ ਵਿੱਚ ਜਿਨ੍ਹਾਂ ਮੁੱਦਿਆਂ 'ਤੇ ਜ਼ੋਰ ਦਿੱਤਾ ਹੈ, ਉਹ ਇਸ ਤਰ੍ਹਾਂ ਹੈ- ਗ੍ਰਾਮੀਨ ਅਧਿਐਨ, ਜਾਤ ਅਤੇ ਰਾਜਨੀਤੀ, ਜਾਤ, ਵਰਗ ਅਤੇ ਸਮਾਜਿਕ ਆਰਥਿਕ ਵਿਕਾਸ, ਜਾਤ ਅਤੇ ਪੱਟਦਾਰੀ, ਜਾਤ, ਵਰਗ ਅਤੇ ਸਮਾਜਿਕ ਨਾ-ਬਰਾਬਰਤਾ, ਜਾਤ ਸ਼੍ਰੇਣੀਕਰਨ ਦਾ ਖ਼ਾਸ ਅਧਿਐਨ, ਜਾਤ ਵਿਵਸਥਾ ਵਿੱਚ ਗਤੀਸ਼ੀਲਤਾ, ਜਾਤ ਦੀ ਸਮਾਜਿਕ ਰਚਨਾ, ਜਾਤ ਅਤੇ ਵਿਵਸਥਾ, ਜਾਤ ਅਤੇ ਪਰਿਵਰਤਿਤ ਵਿਧੀ ਅਵਸਥਾ, ਜਾਤ ਦੀ ਜਨਗਣਨਾ, ਨਗਰ ਪ੍ਰਵੇਸ਼ ਵਿੱਚ ਜਾਤ, ਭਾਰਤ ਅਤੇ ਪਾਕਿਸਤਾਨ ਵਿੱਚ ਗੈਰ-ਹਿੰਦੂਆਂ ਵਿੱਚ ਜਾਤ, ਭਿੰਨ ਸੱਭਿਅਤਾਵਾਂ ਵਿੱਚ ਜਾਤ ਦਾ ਅਧਿਐਨ, ਜਾਤ ਅਤੇ ਭਾਰਤੀ ਸੱਭਿਅਤਾ, ਜਨਜਾਤੀ-ਜਾਤ ਨਿਰੰਤਰਤਾ, ਜਾਤ, ਵਿਅਕਤੀਤਵ ਰਚਨਾ, ਜਾਤ ਅਤੇ ਸਮਾਜਿਕ ਬੋਲੀ।
- ਵਰਨ ਇੱਕ ਅਖਿਲ ਭਾਰਤੀ ਰਚਨਾ ਹੈ ਜਿਸਦੇ ਅੰਤਰਗਤ ਵਿੱਚ ਹਿੰਦੂ ਸਮਾਜ ਚਾਰ ਕੋਟੀਆ, ਭਾਵ ਬ੍ਰਾਹਮਣ, ਕਸ਼ਤਰੀ, ਵੈਸ਼, ਸ਼ੂਦਰ ਵਿੱਚ ਵੰਡਿਆ ਹੈ। ਜਾਤ ਦੀ ਇੱਕ ਅਖਿਲ ਭਾਰਤੀ ਘਟਨਾ ਹੈ, ਪਰ ਵਿਸ਼ੇਸ਼ ਜਾਤਾਂ ਸਥਾਨਕ ਜਾਂ ਉਪ ਖੇਤਰੀ ਇਲਾਕਿਆਂ ਦੇ ਰੂਪ ਵਿੱਚ ਪਾਈਆਂ ਜਾਂਦੀਆਂ ਹਨ। ਕਿਸੇ ਇੱਕ ਪਿੰਡ ਜਾਂ ਖੇਤਰ ਦੇ ਬਹੁਤੇ ਪਿੰਡਾਂ ਵਿੱਚ ਅਨੇਕ ਜਾਤ ਸਮੂਹ ਪਾਏ ਜਾਂਦੇ ਹਨ।
- ਭਾਰਤੀ ਸਮਾਜ ਸਥਿਰ ਰਿਹਾ ਹੈ। ਸਮਾਜ ਦੇ ਅੰਦਰ ਪਰਿਵਰਤਨ ਹੋਇਆ ਹੈ, ਪਰ ਸਮਾਜ ਦਾ ਪਰਿਵਰਾਨ ਅਣ-ਉਪਸਥਿਤ ਰਿਹਾ ਹੈ। ਇੱਕ ਖ਼ਾਸ ਗ੍ਰਾਮੀਨ ਜਾਂ ਨਗਰ ਦੇ ਸੰਦਰਭ ਵਿੱਚ ਜਾਤ ਨੂੰ ਇੱਕ ਅਨੁਭਵਿਕ ਵਾਤਵਿਕਤਾ ਦੇ ਰੂਪ ਵਿੱਚ ਲੱਭਿਆ ਜਾ ਸਕਦਾ ਹੈ। ਇਨ੍ਹਾਂ ਹਵਾਲਿਆਂ ਵਿੱਚ ਜਾਤ ਇੱਕ ਵਿਸ਼ੇਸ਼ ਰੁਤਬਾ ਸਮੂਹ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ।
- ਲੂਈ ਡਰੂਮੋ ਭਾਰਤੀ ਸਮਾਜ ਨੂੰ ਇਕ "ਜਾਤ ਸਮਾਜ" ਦੇ ਰੂਪ ਵਿੱਚ ਮੰਨਦੇ ਹਨ। ਇਸ ਤਰ੍ਹਾਂ "ਜਾਤ" ਤਾਰਕਿਕ ਆਧਾਰ 'ਤੇ "ਵਰਗ" ਵਿਵਸਥਾ ਦੇ ਉਲਟ ਹੈ।
- ਜਦ ਜਾਤ ਨੂੰ ਇੱਕ ਸੰਸਕ੍ਰਿਤਿਕ ਜਾਂ ਵਿਚਾਰਿਕ ਵਿਵਸਥਾ ਮੰਨਦੇ ਹਨ, ਤਦ ਜਾਤ ਦੇ ਰਚਨਾਤਮਕ ਪਹਿਲੂ 'ਤੇ ਉਚਿਤ ਧਿਆਨ ਨਹੀਂ ਦਿੱਤਾ ਜਾਂਦਾ ਹੈ। ਨੀਵੀਆਂ ਅਤੇ ਉਚੀਆਂ ਜਾਤਾਂ, ਭੂਮੀ ਮਾਲਕ, ਭੂਮੀਹੀਣ ਜਾਤਾਂ, ਜਜਮਾਨ ਅਤੇ ਸੇਵਕ ਜਾਤਾਂ ਦੇ ਵਿੱਚ ਸੰਬੰਧਾਂ ਨੂੰ ਸਮਝਣ ਲਈ ਜਾਤ ਦਾ ਰਚਨਾਤਮਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨਾ ਹੋਵੇਗਾ।
- ਭਾਰਤ ਵਿੱਚ ਮੁਸਲਮਾਨ ਖਾਨਦਾਨੀ ਅਤੇ ਗੈਰ-ਖਾਨਦਾਨੀ ਸਮੂਹਾਂ ਵਿੱਚ ਵੰਡੇ ਹੋਏ ਹਨ। ਖਾਨਦਾਨੀ ਉੱਚੀ ਵੰਸ਼ ਦੇ ਹਨ ਅਤੇ ਜ਼ਿਆਦਾਤਰ ਸ਼ਹਿਰਾਂ ਵਿੱਚ ਰਹਿੰਦੇ ਹਨ, ਜਦਕਿ ਗੈਰ-ਖਾਨਦਾਨੀ ਹਿੰਦੂ ਧਰਮ ਛੱਡਕੇ ਮੁਸਲਮਾਨਾਂ ਬਣੇ ਹੋਏ ਲੋਕ ਹਨ ਅਤੇ ਜ਼ਿਆਦਾਤਰ ਪਿੰਡਾਂ ਵਿੱਚ ਰਹਿੰਦੇ ਹਨ।
- ਜਾਤ ਅਤੇ ਵਰਗ ਬਹੁਤ ਹੱਦ ਤੱਕ ਇੱਕ ਹੀ ਰਚਨਾਤਮਕ ਜ਼ਰੂਰਤ ਦਾ ਪਰਤੀਨਿਧ ਕਰਦੇ ਹਨ। ਜਾਤ ਅਤੇ ਵਰਗ ਅਭਿਬੰਧ ਦੇ ਬਾਰੇ ਵਿੱਚ ਜੋਗਿੰਦਰ ਸਿੰਘ ਦੀ ਟਿੱਪਣੀ ਦਾ ਉਲੇਖ ਕਰਨਾ ਉਚਿਤ ਹੋਵੇਗਾ। "ਇਹ ਸਥਿਤੀ ਤਬਦੀਲ ਦੇ "ਸੰਮਪ੍ਰਸ਼ਵੀ" ਰੂਪ ਦੇ ਜਿਹੀ ਹੈ ਜਿਓ ਵਿੱਚ ਜਾਤ ਅਤੇ ਮੇਲ-ਜੋਲ ਨਾਲ ਜੁੜੇ ਪਰੰਪਰਿਕ ਮਨੋਭਾਵਾਂ ਵਿੱਚ ਅਨੁਕੂਲੀ ਰੂਪ ਅੰਰਤਨ ਹੁੰਦਾ ਹੈ, ਪਰ ਵਰਗਾਂ ਜਾਂ ਸਮੂਹਿਕ ਸਮੂਹਾਂ ਵਿੱਚ ਪੂਰਨ ਰੂਪ ਨਾਲ "ਵਿਵਤ੍ਰਿਤ" ਹੋਏ ਬਿਨਾਂ ਅਜਿਹਾ ਹੁੰਦਾ ਹੈ।

## 6.4 ਸ਼ਬਦਕੋਸ਼ (Keywords)

- ਫ਼ੈਲਾਓ : ਚਾਰੋ ਤਰਫ਼ ਫ਼ੈਲਣਾ।
- ਸਮਾਗਮ : ਸੰਗਮ ਹੋਣਾ, ਮਿਲਣਾ, ਕਈ ਲੋਕਾਂ ਦਾ ਇੱਕ ਥਾਂ 'ਤੇ ਮੇਲ-ਜੋਲ

ਨੋਟ

## 6.5 ਅਭਿਆਸ ਪ੍ਰਸ਼ਨ (Review Questions)

1. ਜਾਤ ਦੀ ਪਰਿਭਾਸ਼ਾ ਦਿਓ। ਇਸਦਾ ਵਰਗ ਨਾਲ ਅੰਤਰ ਦੱਸੋ।
2. ਵਰਗ ਦੀ ਪਰਿਭਾਸ਼ਾ ਕਰੋ। ਇਹ ਆਰਥਿਕ ਅੰਤਰ 'ਤੇ ਸੀਮਾ ਤੱਕ ਆਧਾਰਿਤ ਹੈ ?
3. ਜਾਤ ਵਿਵਸਥਾ ਦੀ ਪ੍ਰਮੁੱਖ ਵਿਸ਼ੇਸ਼ਤਾਵਾਂ ਕੀ ਹਨ ? ਜਾਤ ਵਿਵਸਥਾ ਦੀ ਉਤਪਤਪੀ-ਵਿਸ਼ੇ ਸਿਧਾਂਤਾ ਦਾ ਵਰਣਨ ਕਰੋ।
4. ਜਾਤ ਵਿਵਸਥਾ ਦੇ ਗੁਣਾਂ ਦਾ ਵਰਣਨ ਕਰੋ। ਕੀ ਜਾਤ ਸਮਾਜਿਕ ਦਰਜ਼ਾਬੰਦੀ ਦਾ ਜ਼ਿਆਦਾ ਕਠੋਰ ਰੂਪ ਹੈ ?
5. ਭਾਰਤੀ ਜਾਤ ਵਿਵਸਥਾ ਵਿੱਚ ਕੀ-ਕੀ ਪਰਿਵਰਤਨ ਹੋ ਰਹੇ ਹਨ ? ਭਾਰਤ ਵਿੱਚ ਜਾਤ ਵਿਵਸਥਾ ਦਾ ਭਵਿੱਖ ਕੀ ਹੈ ?
6. ਜਾਤ ਵਿਵਸਥਾ ਦਰਜ਼ਾਬੰਦੀ ਵਿਵਸਥਾ ਦੇ ਰੂਪ ਵਿੱਚ ਕਿਸ ਪ੍ਰਾਰ ਕੰਮ ਕਰਦੀ ਹੈ ?
7. ਭਾਤਰੀ ਸਮਾਜ ਦੇ ਜਾਤ ਮਾਡਲ ਦੀ ਵਿਆਖਿਆ ਕਰੋ।
8. ਕੀ ਜਾਤ ਵਰਗਾਂ ਦੇ ਉਲਟ ਹੁੰਦੀ ਹੈ ? ਪ੍ਰਕਾਸ਼ ਪਾਓ।

## ਉੱਤਰ : ਸਵੈ-ਮੁਲਾਂਕਣ (Answer: Self-Assessment)

1. (1) ਅ (2) ਅ (3) ੳ
   (4) ਅ (5) ਅ (6) ੳ
   (7) ਅ (8) ੲ (9) ੲ
2. (1) ਵਰਗ (2) ਜਾਤ
   (3) ਡਰੂਮੋਂ (4) ਸੰਸਕ੍ਰਿਤਿਕ ਦ੍ਰਿਸ਼ਟੀਕੋਣ
   (5) ਭਾਰਤ ਵਿੱਚ (6) ਸਮਾਜਿਕ ਰਚਨਾ
   (7) ਪ੍ਰਤੀਨਿਧ

## 6.6 ਸੰਦਰਭ ਪੁਸਤਕਾਂ (Further Readings)

ਬੁਕਸ

1. ਜੀ.ਐਸ. ਘੁਰਏ : ਕਾਸਟ ਕਲਾਸ ਐਂਡ ਆਕੂਪੇਸ਼ਨ, ਪਾਪੂਲਰ ਬੁੱਕ ਡਿੱਪੋ, ਬੰਬੇ।
2. ਦੀਪਾਂਕਰ ਗੁਪਤਾ : 2009, "ਸ਼ੋਸ਼ਲ ਸਟ੍ਰੇਟੀਫਿਕੇਸ਼ਨ", ਇੰਨ ਬੀਨਾ ਦਾਸ ਹੈਡਬੁੱਕ ਆਫ਼ ਇੰਡਿਅਨ ਸੋਸ਼ੋਲੋਜੀ, ਆਕਸਫੋਰਡ ਯੂਨੀਵਰਸਿਟੀ ਪ੍ਰੇਸ, ਦਿੱਲੀ।
3. ਸੋਰੋਕਿਨ ਪੀ.ਏ, 1964, ਸੋਸ਼ਲ ਐਂਡ ਕੱਵਰਲ ਮੋਬੀਲਿਗੇ, ਦ ਕ੍ਰੀ ਪ੍ਰੇਸ ਆਫ਼ ਸਲੇਨਕੋ, ਲੰਡੰਨ।

ਨੋਟ

# ਇਕਾਈ −7: ਵਰਗ
# (Class)

ਵਿਸ਼ੇ ਵਸਤੂ **(Contents)**


ਉਦੇਸ਼ (Objectives)

ਜਾਣਕਾਰੀ (Introduction)

7.1 ਸਮਾਜਿਕ ਦਰਜ਼ਾਬੰਦੀ ਵਿਵਸਥਾ ਦੇ ਰੂਪ ਵਿੱਚ ਵਰਗ ਦੀ ਧਾਰਨਾ (Concepts and as a System of Stratification)

7.2 ਵਰਗ ਅਤੇ ਗਤੀਸ਼ੀਲਤਾ ਤੇ ਵਪਾਰ ਅਤੇ ਗਤੀਸ਼ੀਲਤਾ (Class and Mobility, Occupation and Mobility)

7.3 ਸਾਰ ਅੰਸ਼ (Summary)

7.4 ਸ਼ਬਦਕੋਸ਼ (Keywords)

7.5 ਅਭਿਆਸ ਪ੍ਰਸ਼ਨ (Review Questions)

7.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ−

- ਸਮਾਜਿਕ ਦਰਜ਼ਾਬੰਦੀ ਵਿਵਸਥਾ ਦੇ ਰੂਪ ਵਿੱਚ ਵਰਗ ਦੀ ਧਾਰਨਾ ਦੀ ਵਿਆਖਿਆ ਕਰਨ ਵਿੱਚ।
- ਵਰਗ ਅਤੇ ਗਤੀਸ਼ੀਲਤਾ ਤੇ ਵਪਾਰ ਅਤੇ ਗਤੀਸ਼ੀਲਤਾ ਨੂੰ ਸਮਝਣ ਵਿੱਚ।

## ਜਾਣਕਾਰੀ (Introduction)

ਵਰਗ ਦੀ ਬਣਾਵਟ ਨੂੰ ਸਪੱਸ਼ਟ ਅਹੁਦਿਆਂ ਵਿੱਚ ਸਮਝਣਾ ਬੜਾ ਔਖਾ ਹੈ। ਆਮ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਵਰਗ ਉਹ ਸਮੂਹ ਹੈ, ਜਿਸਦੀ ਸਧਾਰਣ ਕੰਮ ਅਤੇ ਬਜ਼ਾਰ ਦੀਆਂ ਸਥਿਤੀਆਂ ਵਿੱਚ ਬਰਾਬਰੀ ਦੀ ਭਾਗੀਦਾਰੀ ਹੁੰਦੀ ਹੈ। ਸਕਿਸੇ ਵੀ ਇੱਕ ਉਦਯੋਗਿਕ ਸਮਾਜ ਵਿੱਚ ਵਰਗ ਵਿਵਸਥਾ ਪਾਈ ਜਾਂਦੀ ਹੈ। ਇਸ ਵਰਗ ਦੀ ਵਿਆਖਿਆ ਮੁਸ਼ਕਿਲ ਇਸ ਲਈ ਹੈ ਕਿ ਆਮ ਮਨੁੱਖੀ ਵਰਗ ਦਾ ਮਤਲਬ ਕਾਰਖਾਨੇ ਅਤੇ ਬਜ਼ਾਰ ਵਿੱਚ ਕੰਮ ਕਰਨ ਵਾਲੇ ਲੋਕ ਹਨ, ਦੂਸਰੇ ਪਾਸੇ ਸਫ਼ੈਦਪੋਸ਼ ਲੋਕ ਹਨ ਅਤੇ ਸਭ ਤੋਂ ਉੱਪਰ ਉੱਚ ਜਾਂ ਪ੍ਰਸਿੱਧ ਲੋਕ ਹਨ। ਮਾਰਕਸਵਾਦੀ ਦਾ ਅਰਥ ਸੰਪਤੀ ਸੰਬੰਧਾਂ ਦੇ ਆਧਾਰ 'ਤੇ ਕਰਦੇ ਹਨ। ਉਸਦੇ ਅਨੁਸਾਰ ਪੂੰਜੀਪਤੀ−ਉਦਯੋਗਿਕ ਵਿਵਸਥਾ ਵਿੱਚ ਅਕਸਰ ਦੋ ਵਰਗ ਪਾਏ ਜਾਂਦੇ ਹਨ−(1) ਪੂੰਜੀਪਤੀ ਵਰਗ, ਅਤੇ (2) ਮਿਹਨਤੀ ਵਰਗ। ਉਤਪਾਦਨ ਦੇ ਸਾਧਨਾਂ 'ਤੇ ਪੂੰਜੀਪਤੀ ਵਰਗ ਦੀ ਮਲਕੀਅਤ ਹੁੰਦੀ ਹੈ। ਮਿਹਨਤੀ ਵਰਗ ਆਪਣੀ ਮਿਹਨਤ ਨੂੰ ਪੂੰਜੀਵਾਦੀ ਸਮਾਜ ਵਿੱਚ ਵੇਚਕੇ ਆਪਣੀ ਰੋਜ਼ੀ−ਰੋਟੀ ਹਾਸਿਲ ਕਰਦਾ ਹੈ। ਮਾਰਕਸ ਨੇ ਇਸ ਵਰਗ ਨੂੰ ਮਿਹਨਤੀ ਵਰਗ ਵੀ ਕਿਹਾ ਹੈ।

## 7.1 ਸਮਾਜਿਕ ਦਰਜ਼ਾਬੰਦੀ ਵਿਵਸਥਾ ਦੇ ਰੂਪ ਵਿੱਚ ਵਰਗ ਦੀ ਧਾਰਨਾ (Concepts and as a Sysytem of Stratification)

ਭਾਰਤ ਵਿੱਚ ਵਰਗ ਦੀ ਰਚਨਾ ਵਿੱਚ ਬੜੀ ਰੁਚੀ ਲਈ ਜਾਂਦੀ ਹੈ। ਪਰੰਪਰਾਗਤ ਹਿੰਦੂ ਸਮਾਜ ਵਿੱਚ ਦਰਜ਼ਾਬੰਦੀ ਦਾ ਆਧਾਰ ਜਾਤ ਵਿਵਸਥਾ ਸੀ। ਬਾਅਦ ਵਿੱਚ ਅੱਗੇ ਚੱਲਕੇ ਜਦੋਂ ਭਾਰਤੀ ਸਮਾਜ ਉਦਯੋਗ ਸਮਾਜ ਬਣਨ ਲੱਗਿਆ ਤਦ ਇੱਥੋਂ ਦੇ ਪਰੰਪਰਾਗਤ ਦਰਜ਼ਾਬੰਦੀ ਵਿੱਚ ਇੱਕ ਹੋਰ ਆਯਾਮ ਜੁੜ ਗਿਆ। ਹੁਣ ਅਸੀਂ ਵਰਗ ਦੀ ਰਚਨਾ ਨੂੰ ਜਾਤ ਦੇ ਹਵਾਲੇ ਵਿੱਚ ਦੇਖਦੇ ਹਾਂ। ਜਾਤ ਦਾ

ਨੋਟ

ਆਧਾਰ ਜਨਮ, ਪਵਿਤਰਤਾ ਅਤੇ ਅਪਵਿਤਰਤਾ ਦੀ ਧਾਰਨਾ ਅਤੇ ਧਰਮ-ਵਿਧੀ ਹੈ, ਜਦਕਿ ਵਰਗ ਦਾ ਆਧਾਰ ਆਰਥਿਕ ਹੈ। ਜਾਤ, ਧਰਮ ਦੁਆਰਾ ਪਰਮਾਨਿਤ ਰਚਨਾ ਹੈ ਜਦੋਂ ਕਿ ਵਰਗ ਬਿਨਾਂ ਕਿਸੀ ਧਾਰਮਿਕ ਅਤੇ ਕਾਨੂੰਨ ਪਰਵਾਨਗੀ ਦੇ ਇੱਕ ਠੋਸ ਯਥਾਰਥਕ ਰਚਨਾ ਹੈ। ਵਰਗਾਂ ਵਿੱਚ ਸਮਾਜਿਕ ਰੁਤਬੇ ਦਾ ਨਿਰਧਾਰਨ ਧਨ, ਸੰਪਤੀ, ਨਿਜੀ ਉਪਲਬਧ ਅਤੇ ਵਿਅਕਤੀਗਤ ਸਮਰੱਥਾ ਦੇ ਨਾਲ ਹੁੰਦਾ ਹੈ। ਜਾਤ ਦਾ ਮੌਲਿਕ ਆਧਾਰ ਪਰੰਪਰਿਕ ਸਹਿਯੋਗ ਅਤੇ ਸਮੂਹਿਕਤਾ ਹੈ, ਜਦਕਿ ਵਰਗ ਮੁਕਾਬਲਾ ਅਤੇ ਜਾਤ 'ਤੇ ਆਧਾਰਿਤ ਹੈ।

ਸਮਾਜਸ਼ਾਸ਼ਤਰ ਵਿੱਚ ਵਰਗ ਵਿਵਸਥਾ ਨੂੰ ਹਾਸਿਲ ਰੁਤਬੇ ਦੇ ਨਾਲ ਜੋੜਿਆ ਜਾਂਦਾ ਹੈ। ਵਰਗ ਅੱਜ ਦੀ ਪੂੰਜੀਵਾਦੀ ਉਦਯੋਗਿਕ ਵਿਵਸਥਾ ਦੇ ਮੁੱਖ ਸਮੂਹ ਹਨ। ਭਾਰਤ ਵਿੱਚ ਇਸਦੀ ਸਮਝ ਨਵੀਂ ਹੈ ਅਤੇ ਇਹ ਸਮਝਿਆ ਜਾਂਦਾ ਹੈ ਕਿ ਉਤਪਾਦਨ ਦੀ ਪ੍ਰਕਿਰਿਆ ਵਿੱਚ ਇੱਕ ਜਿਹੀ ਕਿਰਪਾ ਕਰਨ ਵਾਲੇ, ਧਨ ਅਤੇ ਸੰਪਤੀ ਦੀ ਦ੍ਰਿਸ਼ਟੀ ਨਾਲ ਇੱਕ ਪੱਧਰ ਵਾਲੇ ਅਤੇ ਸਮਾਨ ਜੀਵਨਨ ਸ਼ੈਲੀ ਦੇ ਲੋਕ ਇੱਕ ਵਰਗ ਨਾਲ ਸੰਬੰਧਿਤ ਮੰਨੇ ਜਾਂਦੇ ਹਨ। ਵਰਗ ਦੇ ਲੋਕਾਂ ਦੇ ਬਰਾਬਰ ਆਰਥਿਕ ਹਿੱਤ ਅਤੇ ਉਨ੍ਹਾਂ ਵਿੱਚ ਵਰਗ ਚੇਤਨਾ ਪਾਈ ਜਾਂਦੀ ਹੈ। ਕੁੱਝ ਸਮਾਜਸ਼ਾਸ਼ਤਰੀਆਂ ਦਾ ਇਨ੍ਹਾਂ ਰਚਨਾਵਾਂ ਦੀਆਂ ਕਸੌਟੀਆਂ ਦਾ ਠੋਸ ਉਦੇਸ਼ ਅਤੇ ਵਿਗਿਆਨਿਕ ਆਧਾਰ ਨਹੀਂ ਹੈ। ਸਮਾਜ ਸ਼ਾਸ਼ਤਰੀਆਂ ਨੇ ਪਰਿਵਾਰ, ਧਨ-ਸੰਪਤੀ, ਜੀਵਨ ਸ਼ੈਲੀ, ਸ਼ਾਨੋਂ-ਸ਼ੌਕਤ, ਨਗਰ ਦੇ ਉੱਘੇ ਇਲਾਕਿਆਂ ਨਿਵਾਸ, ਮਕਾਨਾਂ ਦੀ ਬਣਤਰ, ਬੱਚਿਆਂ ਦੇ ਸਕੂਲ, ਕਮੇਟੀ ਅਤੇ ਕਲੱਬਾਂ ਦੇ ਮੈਬਰਾਂ ਦੇ ਆਧਾਰ 'ਤੇ ਵਰਗ ਦੀਆਂ ਵਿਸ਼ੇਸ਼ਤਾਵਾਂ 'ਤੇ ਵਿਚਾਰ ਕੀਤਾ ਹੈ।

ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਭਾਰਤ ਦੀਆਂ ਜਾਤਾਂ ਵਰਗ ਬਣ ਰਹੀਆਂ ਹਨ। ਕੁੱਝ ਸਮਾਜਸ਼ਾਸ਼ਤਰੀਆਂ ਨੇ ਇਹ ਵੀ ਕਿਹਾ ਹੈ ਕਿ ਜਾਤ ਇੱਕ ਬੰਦ ਵਰਗ ਹੈ ਅਤੇ ਵਰਗ ਇੱਕ ਖੁੱਲ੍ਹੀ ਜਾਤ ਹੈ। ਜਾਤ ਨੂੰ ਇਸ ਤਰ੍ਹਾਂ ਦੇਖਣ ਦਾ ਨਜ਼ਰੀਆ ਬਹੁਤ ਸੀਮਿਤ ਹੈ। ਹਕੀਕਤ ਇਹ ਹੈ ਕਿ ਹਰ ਇੱਕ ਜਾਤ ਵਿੱਚ ਵਰਗ ਹੁੰਦੇ ਹਨ ਅਤੇ ਇਨ੍ਹਾਂ ਵਰਗਾਂ ਦਾ ਸੰਬੰਧ ਆਮ ਵਰਗਾਂ ਨਾਲ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਬ੍ਰਾਹਮਣ ਇੱਕ ਜਾਤ ਹੈ, ਪਰ ਇਸ ਜਾਤ ਵਿੱਚ ਗਰੀਬ ਬ੍ਰਾਹਮਣ ਵੀ ਹਨ ਅਤੇ ਅਮੀਰ ਵੀ। ਇਸ ਤਰ੍ਹਾਂ ਨਾਲ ਦੇਖੀਏ ਤਾਂ ਜਾਤ ਇੱਕ ਜੱਦੀ ਸਮੂਹ ਹੋ ਕੇ ਵੀ ਵਰਗਾਂ ਵਿੱਚ ਵੰਡਿਆ ਹੋਇਆ ਹੈ। ਇੱਧਰ ਯੂਰਪੀ ਅਤੇ ਅਮਰੀਕਾ ਦੇ ਦੇਸ਼ਾਂ ਵਿੱਚ ਵਰਗ ਆਰਥਿਕ ਹੋਕੇ **ਸਭਿਆਚਾਰਕ** (Ethnic) ਵੀ ਹੁੰਦੇ ਹਨ। ਇਸਾਈ ਧਰਮ ਸਮਰੱਥਕ ਲੋਕ ਇੱਕ **ਜਾਤੀ** (Ethnicity) ਹੈ। ਇਸਾਈ ਧਰਮ ਸਮਰੱਥਕ ਲੋਕ ਗਰੀਬ ਵੀ ਹੋ ਸਕਦੇ ਹਨ ਅਤੇ ਅਮੀਰ ਵੀ। ਸਾਡੇ ਇੱਥੇ ਜਿਵੇਂ ਜਾਤੀ ਵਿਵਸਥਾ ਹੈ ਉਸੇ ਤਰ੍ਹਾਂ ਇਨ੍ਹਾਂ ਦੇਸ਼ਾਂ ਵਿੱਚ ਜਾਤੀ ਯਾਨੀ ਧਰਮ, ਭਾਸ਼ਾ ਅਤੇ ਰਾਸ਼ਟਰੀਅਤਾ ਹੁੰਦੀ ਹੈ। ਸਾਡੇ ਇੱਥੇ ਜਿਵੇਂ ਜਾਤ ਦੀ ਐਥਨੀਸਿਟੀ ਵਿੱਚ ਵਰਗ ਹੁੰਦੇ ਹਨ, ਉਵੇਂ ਹੀ ਉਥੇ ਐਥਨੀਸਿਟੀ ਦੇ ਕਈ ਵਰਗ ਹੁੰਦੇ ਹਨ। ਜਦੋਂ ਅਸੀਂ ਵਰਗ ਦੀ ਵਿਆਖਿਆ ਖੁਲ੍ਹ ਕੇ ਕਰਦੇ ਹਾਂ ਤਾਂ ਉਦੋਂ ਮੈਕਸ ਵੇਬਰ ਨੂੰ ਆਪਣਾ ਆਧਾਰ ਬਣਾਉਨਦੇ ਹਾਂ। ਉਨ੍ਹਾਂ ਦਾ ਕਹਿਣਾ ਹੈ ਕਿ ਵਰਗ ਦਾ ਨਿਰਧਾਰਣ **ਸ਼ਕਤੀ** (Power) ਦੇ ਆਧਾਰ 'ਤੇ ਕਤਿਾ ਜਾਂਦਾ ਹੈ। ਵੇਬਰ ਕਹਿਮਦੇ ਨੇ ਕਿ ਵਰਗ ਦਰਅਸਲ ਇੱਕ **ਹੈਸੀਅਤ ਸਮੂਹ** (Status Group) ਹੈ ਜਿਸਦੇ ਕੋਲ ਸ਼ਕਤੀ ਹੁੰਦੀ ਹੈ। ਐਂਥਨੀ ਗਿੰਡੇਜ਼ ਨੇ ਵਰਗ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ–

ਵਰਗ ਇੱਕ ਵੱਡੇ ਪੱਧਰ 'ਤੇ ਸਮੂਹ ਹੈ ਜਸਦੀ ਆਰਥਿਕ ਸਾਧਨਾਂ ਵਿੱਚ ਬਰਾਬਰ ਹਿੱਸੇਦਾਰੀ ਹੁੰਦੀ ਹੈ। ਉਹ ਲੋਕ ਦ੍ਰਿੜਤੀ ਨਾਲ ਵਿਸ਼ੇਸ਼ ਪ੍ਰਕਾਰ ਦੀ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕਰਦੇ ਹਨ। ਵਰਗ ਵੰਡ ਦੇ ਦੋ ਆਧਾਰ ਹਨ– (1) ਧਨ ਦੀ ਮਕਤੀਅਤ ਅਤੇ (2) ਇਸਦੇ ਨਾਲ ਜੁੜਿਆ ਹੋਇਆ ਵਪਾਰ।

**ਵੇਬਰ** ਦੁਆਰਾ ਦਿੱਤੀ ਗਈ ਵਰਗ ਦੀ ਪਰਿਭਾਸ਼ਾ ਇੱਕ ਇਖਤਿਆਰ ਪਰਿਭਾਸ਼ਾ ਸਮਝਿਆ ਜਾਂਦਾ ਹੈ। ਉਹ ਵਰਗ ਨੂੰ ਬਜ਼ਾਰ ਦੇ ਜ਼ਿਕਰ ਵਿੱਚ ਦੇਖਦੇ ਹਾਂ–ਵਰਗ ਵਿਅਕਤੀਆਂ ਦਾ ਇੱਕ ਸਮੂਹ ਹੈ। ਇਸਦੇ ਮੈਨਬਰ ਬਜ਼ਾਰ ਅਰਥ ਵਿਵਸਥਾ ਵਿੱਚ ਵੱਧ-ਤੋਂ-ਵੱਧ ਲਾਭ ਲੇਣ ਦੇ ਲਈ ਮੁਕਾਬਲਾ ਕਰਦੇ ਹਨ। ਬਜ਼ਾਰ ਉਹ ਹੈ, ਜਿੱਥੇ ਵਸਤਾਂ ਦਾ ਬਟਵਾਰਾ ਹੁੰਦਾ ਹੈ। ਕਿਸੇ ਵੀ ਵਿਅਕਤੀ ਦੀ ਵਪਾਰਕ ਯੋਗਤਾ ਦਾ ਇਨਾਮ ਬਜ਼ਾਰੀ ਭਾਵ ਨਾਲ ਹੀ ਹੁਮਦਾ ਹੈ।

ਮਾਰਕਸਵਾਦੀਆਂ ਨੇ ਵਰਗ ਨੂੰ ਉਤਪਾਦਨ ਦੇ ਸਾਧਨਾਂ 'ਤੇ ਮਲਕੀਅਤ ਨੂੰ ਲੈਕੇ ਨਿਸ਼ਚਿਤ ਕਤਿਾ ਹੈ। **ਮਾਰਕਸ** ਕਹਿੰਦੇ ਹਨ–

*ਜਦੋਂ ਲੱਖਾਂ ਪਰਿਵਾਰ ਅਜਿਹੀ ਆਰਥਿਕ ਦਸ਼ਾ ਵਿੱਚ ਗੁਜ਼ਾਰਾ ਕਰਦੇ ਹਨ ਤਾਂ ਉਨ੍ਹਾਂ ਦੀ ਜਵਿਨ-ਸ਼ੈਲੀ, ਉਨ੍ਹਾਂ ਦੇ ਹਿੱਤਾਂ ਅਤੇ ਉਨ੍ਹਾਂ ਦੀ ਸੰਸਕ੍ਰਿਤੀ ਦੇ ਹੋਰ ਵਰਗਾਂ ਦੇ ਉਲਟ ਕਰ ਦਿੰਦੀ ਹੈ ਅਤੇ ਉਨ੍ਹਾਂ ਨੂੰ ਵਿਧਰੋਮਈ ਵਿਰੋਧੀ ਡੇਰੇ ਵਿੱਚ ਲੈ ਆਉਂਦੀ ਹੈ, ਵਰਗ ਅਖਵਾਉਂਦੀ ਹੈ।*

ਨੋਟ

ਨੋਟਸ ਵਰਗ ਇੱਕ ਆਰਥਿਕ ਰਚਨਾ ਹੈ, ਜਿਸਦਾ ਆਧਾਰ ਧਨ, ਸ਼ਾਨੋਂ-ਸ਼ੌਕਤ ਅਤੇ ਸ਼ਕਤੀ (Wealth, Prestige and Power) ਹੁੰਦੀ ਹੈ।

ਵਰਗ ਦੀ ਧਾਰਨਾ ਭਾਰਤੀ ਪਰੰਪਰਾ ਵਿੱਚ ਨਵੀਂ ਹੈ ਅਤੇ ਇਸੇ ਕਾਰਣ ਇਸਦਾ ਜੋ ਸ਼ਾਸ਼ਤਰੀ ਅਰਥ ਵਿਦੇਸ਼ਾਂ ਵਿੱਚ ਲਿਆ ਜਾਂਦਾ ਹੈ, ਉਸਦਾ ਸਾਨੂੰ ਖੁਲਾਸਾ ਕਰਨਾ ਚਾਹੀਦਾ ਹੈ।ਮੁੱਖ ਗੱਲ ਇਹ ਹੈ ਕਿ ਵਰਗ ਖੁੱਲ੍ਹੇ ਹੰਦੇ ਹਨ।ਅੱਜ ਦਾ ਮਜ਼ਦੂਰੀ ਕਰਨ ਵਾਲਾ ਵਿਆਕਤੀ ਕੱਲ੍ਹ ਅਚਾਨਕ ਉੱਧਮੀ ਹੋਕੇ ਉੱਚ ਵਰਗ ਵਿੱਚ ਪਹੁੰਚ ਸਕਦਾ ਹੈ। ਵਰਗ ਦੇ ਦਰਵਾਜ਼ੇ ਖੁੱਲ੍ਹੇ ਹੁੰਦੇ ਹਨ। ਕੋਈ ਵੀ ਉਸ ਵਿੱਚ ਪ੍ਰਵੇਸ਼ ਕਰ ਸਕਦਾ ਹੈ ਅਤੇ ਇਸ ਵਿੱਚੋਂ ਬਾਹਰ ਨਿਕਲ ਸਕਦਾ ਹੈ। ਪਿੰਡਾਂ ਵਿੱਚ ਜਦੋਂ ਹਰੀ ਕ੍ਰਾਂਤੀ ਆਈ ਤਾਂ ਦੇਖਦੇ ਹੀ ਦੇਖਦੇ ਕਈ ਕਿਸਾਨਾਂ ਦਾ ਉਤਪਾਦਨ ਵੱਧ ਗਿਆ। ਉਨ੍ਹਾਂ ਦੀਆਂ ਫ਼ਸਲਾਂ ਨਗਦ ਫ਼ਸਲਾਂ ਹੋ ਗਈਆਂ ਅਤੇ ਉਹ ਵੱਡੇ ਕਿਸਾਨ ਬਣ ਗਏ। ਇਸਦਾ ਮਤਲਬ ਇਹ ਹੋਇਆ ਕਿ ਵਰਗ ਵਿਅਕਤੀਆਂ ਦੀਆਂ ਉਪਲਬਧੀਆਂ 'ਤੇ ਨਿਰਭਰ ਹੈ। ਇੱਕ ਹੋਰ ਵਿਸ਼ੇਸ਼ ਵਰਗ ਸਮਾਜ ਵਿੱਚ ਵੇਖਣ ਨੂੰ ਮਿਲਦਾ ਹੈ। ਇੱਕ ਹੀ ਵਰਗ ਦੇ ਲੋਕ ਵਰਗ ਚੇਤਨਾ ਰੱਖਦੇ ਹਨ। ਜਦੋਂ ਕਿਸਾਨ ਅੰਦੋਲਨ ਹੁੰਦਾ ਹੈ ਉਦੋਂ ਛੋਟਾ-ਵੱਡਾ ਸਾਰੇ ਕਿਸਾਨ ਇੱਕ ਹੋ ਕੇ ਰੈਲੀ ਵਿੱਚ ਸ਼ਾਮਲ ਹੋ ਜਾਂਦੇ ਹਨ। ਮਜ਼ਦੂਰਾਂ ਵਿੱਚ ਵੀ ਵਰਗ ਚੇਤਨਾ ਦੇਕਣ ਨੂੰ ਮਿਲਦੀ ਹੈ। ਇੱਕ ਹੀ ਵਰਗ ਦੇ ਲੋਕਾਂ ਦੀ ਜੀਵਨ ਸ਼ੈਲੀ ਵੀ ਸਮਾਨ ਹੁੰਦੀ ਹੈ। ਖਾਣ-ਪਾਣ, ਪਹਿਨਾਵਾ ਇੱਕ ਹੀ ਕਿਸਮ ਦੇ ਹੁੰਦੇ ਹਨ।

## 7.2 ਵਰਗ ਅਤੇ ਗਤੀਸ਼ੀਲਤਾ ਤੇ ਵਪਾਰ ਅਤੇ ਗਤੀਸ਼ੀਲਤਾ (Class and Mobility, Occupation And Mobility)

ਭਾਰਤੀ ਸਮਾਜ ਦੀ ਵਰਗ ਰਚਨਾ ਦਾ ਕੋਈ ਵੀ ਵਿਸ਼ਲੇਸ਼ਣ ਖ਼ਤਰੇ ਤੋਂ ਖ਼ਾਲੀ ਨਹੀਂ ਹੈ। ਦੀਪਾਂਕਰ ਗੁਪਤਾ ਕਹਿੰਦਾ ਹੈ ਕਿ ਸਾਡੇ ਇੱਥੇ ਵਰਗ ਦਾ ਬਹੁਤ ਵੱਡਾ ਆਧਾਰ ਉਪਭੋਗ (Consumption) ਹੈ।ਅਹਿਜਾ ਸਮਝਿਆ ਜਾਂਦਾ ਹੈ ਕਿ ਜਿੰਨਾ ਉੱਚਾ ਵਰਗ ਹੋਵੇਗਾ। ਓਨਾ ਹੀ ਉਸਦਾ ਉਭੋਗ ਦਾ ਪੱਧਰ ਹੋਵੇਗਾ। ਉਦਾਹਰਣ ਦੇ ਲਈ ਭਾਰਤ ਵਿੱਚ ਲਗਭਗ ਅੱਧੇ ਕਰੋੜ ਲੋਕਾਂ ਦੇ ਕੋਲ ਟੈਲੀਵੀਜ਼ਨ ਹੈ, ਲਗਭਗ ਦੋ ਕਰੋੜ ਲੋਕਾਂ ਦੇ ਕੋਲ ਹੱਥ ਕੜੀ ਹੈ। ਇਸ ਦੇਸ਼ ਵਿੱਚ ਲਗਭਗ ਤਿੰਨ ਕਰੋੜ ਲੋਕਾਂ ਦੇ ਕੋਲ ਆਪਣੀ ਖ਼ੁਦ ਦੀ ਮੋਟਰ ਗੱਡੀਆਂ ਹਨ। ਇਹ ਵਸਤੂਆਂ ਉਪਭੋਗ ਦੀਆਂ ਹਨ ਅਤੇ ਇਨ੍ਹਾਂ ਦੇ ਆਧਾਰ 'ਤੇ ਉੱਚ, ਮੱਧਮ ਅਤੇ ਨੀਵੇਂ ਵਰਗਾਂ ਦਾ ਨਿਰਧਾਰਨ ਹੁੰਦਾ ਹੈ। ਸਾਡੇ ਇੱਥੇ ਵਰਗਾਂ ਦੇ ਸ਼ੁੱਧ ਰੂਪ ਨਾਲ ਆਰਥਿਕ ਪੱਧਰ ਤੋਂ ਦੇਖਿਆ ਜਾਂਦਾ ਹੈ। ਇਹ ਦੇਖਣ ਦਾ ਯਤਨ ਕਦੇ ਨਹੀਂ ਕੀਤਾ ਜਾਂਦਾ ਕਿ ਵਰਗਾਂ ਨੂੰ ਲੋਕਤੰਤਰ ਦੇ ਸਿਧਾਂਤਾਂ ਵਿੱਚ ਕਿੰਨਾ ਵਿਸ਼ਵਾਸ ਹੈ। ਇਸ ਤੋਂ ਇਹ ਦੇਖਿਆ ਜਾਂਦਾ ਹੈ ਕਿ ਕਿਸ ਵਰਗ 'ਤੇ ਕਿੰਨੇ ਜ਼ਿਆਦਾ ਲੋਕ ਨਿਰਭਰ ਕਰਦੇ ਹਨ। ਸਾਡੇ ਇੱਥੇ ਆਮ ਆਦਮੀ ਗਰੀਬ ਹੈ ਅਤੇ ਜੋ ਗਰੀਬਾਂ ਨੂੰ ਆਸਰਾ ਦਿੰਦਾ ਹੈ, ਉਹ ਵਰਗ ਵਿੱਚ ਆਪਣਾ ਸਥਾਨ ਉੱਚਾ ਬਣਾ ਲੈਂਦਾ ਹੈ। ਆਰਥਿਕ ਆਧਾਰਾਂ ਦੇ ਅੰਤਰਗਤ ਸਾਡੇ ਇੱਥੇ ਵਰਗ ਦਾ ਨਿਰਧਾਰਨ ਸਮਾਜਿਕ ਆਧਾਰ 'ਤੇ ਵੀ ਕੀਤਾ ਜਾਂਦਾ ਹੈ। ਇਹ ਦੇਖਿਆ ਜਾਂਦਾ ਹੈ ਕਿ ਕਿਸ ਵਰਗ ਦਾ ਆਦਮੀ ਕਿੰਨੇ ਨਿਯਮ-ਉਪਨਿਯਮਾਂ ਨੂੰ ਤੋੜਦਾ ਹੈ ਕਿ ਆਪਣੇ-ਆਪ ਨੂੰ ਕਾਨੂੰਨ ਤੋਂ ਉੱਪਰ ਸਮਝਦਾ ਹੈ। ਜਿੰਨੀਆਂ ਜ਼ਿਆਦਾ ਉਹ ਅਜਿਹੀਆਂ ਘਟਨਾਵਾਂ ਨੂੰ ਕਰੇਗਾ ਓਨਾ ਜ਼ਿਆਦਾ ਵਰਗ ਵਿਵਸਥਾ ਵਿੱਚ ਉੱਚਾ ਸਥਾਨ ਹਾਸਿਲ ਕਰ ਲਏਗਾ। ਵਰਗ ਵਿੱਚ ਉੱਚਾ ਉੱਠਣ ਦੇ ਲਈ ਇਹ ਹੀ ਦੇਖਿਆ ਜਾਂਦਾ ਹੈ ਕਿ ਵਿਅਕਤੀ ਪੱਛਮੀ ਸੜਿਅਤਾ ਨੂੰ ਕਿੰਨਾ ਅਪਣਾ ਲੈਂਦਾ ਹੈ। ਦੀਪਾਂਕਰ ਗੁਪਤਾ ਕਹਿੰਦਾ ਹੈ ਕਿ ਸਾਡੇ ਇੱਥੇ ਦਾ ਵਰਗ ਪੱਛਮੀ ਜਹਿਰ ਦੇ ਨਸ਼ੇ ਵਿੱਚ ਡੁੱਬੇ ਰਹਿੰਦੇ ਹਨ ਪੱਛਮ ਵਿੱਚ ਜੋ ਵਿਸ਼ਵ-ਵਿਆਪੀ ਨਿਯਮ ਹੁੰਦੇ ਹਨ, ਉਨ੍ਹਾਂ ਵਿੱਚ ਇਹ ਭਾਰਤੀ ਵਰਗਾਂ ਦਾ ਕੋਈ ਵਿਸ਼ਵਾਸ ਨਹੀਂ ਹੁੰਦਾ। ਇਨ੍ਹਾਂ ਸਭ ਕਾਰਣਾਂ ਤੋਂ ਸਾਨੂ ਭਾਰਤੀ ਵਰਗ ਵਿਵਸਥਾ ਨੂੰ ਸਮਝਣਾ ਬਹੁਤ ਔਖਾ ਹੋ ਜਾਂਦਾ ਹੈ।

ਜਦ ਭਾਰਤੀ ਵਰਗ ਵਿਵਸਥਾ ਦੀ ਦਰਜ਼ਬੰਦੀ ਦੇ ਰੂਪ ਵਿੱਚ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਤਦ ਸਾਨੂੰ ਵਰਗਾਂ ਦੇ ਇਤਿਹਾਸਿਕ ਹਵਾਲੇ ਨੂੰ ਵੀ ਦੇਖਣਾ ਚਾਹੀਦਾ ਹੈ। ਜੋਗਿੰਦਰ ਸਿੰਘ ਕਹਿੰਦੇ ਹਨ ਕਿ ਪਰੰਪਰਾਗਤ ਭਾਰਤੀ ਸਮਾਜ ਵਿੱਚ ਵਰਗ ਦਾ ਸੰਬੰਧ ਉਤਪਾਦਨ ਪ੍ਰਣਾਲੀ, ਸੰਪਤੀ ਦੇ ਮਾਲਕ, ਸ਼ਹਿਰਾਂ ਦੇ ਵਿਸਥਾਰ, ਬਜ਼ਾਰ, ਬੈਂਕ ਵਿਵਸਥਾ ਦਾ ਫ਼ੈਲਾਅ ਅਤੇ ਰਾਜਨੀਤਕ ਸ਼ਕਤੀ ਦੇ

ਨੋਟ

ਕੇਂਦਰ ਨਾਲ ਜੁੜਿਆ ਹੋਇਆ ਹੈ। ਇਸ ਯੁੱਗ ਵਿੱਚ ਰਾਜਾ, ਸਾਮੰਤ, ਪੁਰੋਹਿਤ, ਵਪਾਰੀ, ਕਾਰਗਿਰ, ਕਿਸਾਨ ਅਤੇ ਮਜ਼ਦੂਰ ਵੀ ਵਰਗ ਬਣਾਉਂਦੇ ਸਨ। ਇਸ ਵਰਗ ਵਿਵਸਥਾ ਵਿੱਚ ਕੇਵਲ ਅਮੀਰ ਵਰਗ ਹੀ ਨਹੀਂ ਸਨ ਬਲਕਿ ਵਪਾਰੀ ਵੀ ਸਨ। ਜਪਾਨ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਅਤੇ ਇੱਥੋਂ ਤੱਕ ਕਿ ਯੂਰਪ ਦੇ ਮਹਾਂਦੀਪ ਵਿੱਚ ਵੀ ਵਪਾਰੀਆਂ ਦੀ ਸਮਾਜਿਕ ਦਰਜ਼ਾਬੰਦੀ ਨੂੰ ਨੀਵਾਂ ਸਥਾਨ ਪ੍ਰਾਪਤ ਸੀ। ਪੀ.ਸੀ. ਜੋਸ਼ੀ ਕਹਿੰਦੇ ਹਨ ਕਿ ਸਾਡੇ ਇੱਥੇ ਸਮਾਜਿਕ ਵਿਵਸਥਾ ਵਿੱਚ ਵਪਾਰੀ ਦਾ ਸਥਾਨ ਬਹੁਤ ਉੱਚਾ ਸੀ। ਹਰ ਨਗਰ ਵਿੱਚ ਇੱਕ ਜਾਂ ਦੋ ਨਗਰ ਸੇਠ ਹੋਇਆ ਕਰਦੇ ਸਨ। ਗੱਲ ਇਹ ਹੈ ਕਿ ਵਪਾਰੀਆਂ ਦੇ ਵਰਗ ਦਾ ਤਾਲਮੇਲ ਉਨ੍ਹਾਂ ਦੀ ਜਾਤ ਮੈਂਬਰਸ਼ਿਪ ਨਾਲ ਹੁੰਦੀ ਹੈ। ਕੁੱਝ ਅਨੋਖੀ ਗੱਲ ਸਾਡੇ ਇੱਥੇ ਇਹ ਹੈ ਕਿ ਵਿਵਸਥਾ ਖੁੱਲ੍ਹੀ ਹੋ ਕੇ ਵੀ ਜਾਤ ਵਿਵਸਥਾ ਵਿੱਚ ਕੰਮ ਕਰਦੀ ਹੈ।

ਸਾਡੇ ਦੇਸ਼ ਵਿੱਚ ਵਰਗ ਰਚਨਾ ਦਾ ਵਿਸ਼ਲੇਸ਼ਣ ਕਰਨਾ ਬਹੁਤ ਔਖਾ ਹੈ। ਜਾਤ ਅਤੇ ਵਰਗ ਇਸ ਤਰ੍ਹਾਂ ਘੁਲ-ਮਿਲ ਗਏ ਹਨ ਕਿ ਵੱਖ ਕਰਨਾ ਮੁਸ਼ਕਿਲ ਹੈ। ਰੂੜੀਵਾਦੀ-ਮਾਰਕਸਵਾਦੀ ਵਿਚਾਰਧਾਰਾ ਵਾਲੇ ਭਾਰਤ ਵਿੱਚ ਖੇਤੀ ਦੇ ਖੇਤਰ ਵਿੱਚ ਕੇਵਲ ਦੋ ਵਰਗ ਮੰਨਦੇ ਹਨ- (1) ਭੂਮੀ-ਮਾਲਕਾਂ ਦਾ ਵਰਗ ਅਤੇ (2) ਕਿਸਾਨ ਮਜ਼ਦੂਰਾਂ ਦਾ ਵਰਗ। ਗੈਰ ਮਾਰਕਸਵਾਦੀ ਵਿਚਾਰਧਾਰਾ ਕਿਸਾਨਾਂ ਅਤੇ ਭੂਮੀ-ਮਾਲਕਾਂ ਦੇ ਰੂਪ ਵਿੱਚ ਵਰਗੀਕਰਣ ਕਰਦੇ ਹਨ। ਮਾਰਕਸਵਾਦੀ ਦੇ ਵਿੱਚ ਦੇ ਸੰਬੰਧਾਂ ਨੂੰ ਪੂੰਜੀਵਾਦੀ ਪ੍ਰਕਿਰਤੀ ਨੂੰ ਸੰਬੰਧ ਮੰਨਦੇ ਹਨ ਅਤੇ ਇਸ ਲਈ 'ਅਮੀਰ' ਅਤੇ 'ਗਰੀਬ' ਦੇ ਵਿੱਚ ਅੰਤਰ ਕਰਦੇ ਹਨ। ਏ.ਆਰ. ਦੇਸਾਈ ਦਾ ਮੱਤ ਹੈ ਕਿ "ਭਾਰਤ ਵਿੱਚ ਰਾਜ ਨੇ ਵਿਕਾਸਕਾਰੀ ਉਪਾਅ ਦੇ ਰੂਪ ਵਿੱਚ ਪੂੰਜੀਵਾਦੀ ਸਮਾਜ ਦੇ ਸੰਪਤੀ ਸ਼ਾਨੋਂ-ਸ਼ੌਕਤ ਨੂੰ ਗ੍ਰਹਿਣ ਕਰ ਲਿਆ ਹੈ। ਰੂੜੀਵਾਦੀ-ਮਾਰਕਸਵਾਦ ਦੇ ਵਿੱਚਕਾਰ ਆਰਥਿਕ ਨਿਰਧਾਰਨਵਾਦ ਦਾ ਰੂਪ ਦਾ ਵਿਰੋਧ ਦੇਸੀ ਧਾਰਨਾਵਾਂ ਦੇ ਪ੍ਰਯੋਗ ਦੁਆਰਾ ਕੀਤਾ ਜਾਂਦਾ ਹੈ।"

ਬੀ.ਐਸ.ਡਾਂਡੇਕਰ (V.M.Dandekar) ਨੇ ਜੋ ਭਾਰਤੀ ਅਰਥ-ਸ਼ਾਸ਼ਤਰੀਆਂ ਵਿੱਚ ਜਾਣੇ-ਪਹਿਚਾਣੇ ਹਨ, ਭਾਰਤੀ ਸਮਾਜ ਵਿੱਚ ਵਰਗ ਅਤੇ ਵਰਗ ਸੰਘਰਸ਼ ਦੀ ਪ੍ਰਕਿਰਤੀ ਦੀ ਜਾਂਚ ਕੀਤੀ ਹੈ। ਉਨ੍ਹਾਂ ਨੇ ਭਾਰਤੀ ਵਰਗਾਂ ਨੂੰ ਪੰਜ ਪ੍ਰਕਾਰ ਵਿੱਚ ਰੱਖਿਆ ਹੈ।

1. ਪੂਰਵ ਪੂੰਜੀਵਾਦੀ ਵਰਗ ਰਚਨਾ (ਕਿਸਾਨ, ਖੇਤੀ-ਮਜ਼ਦੂਰ ਅਤੇ ਘਰੇਲੂ ਉਦਯੋਗ)
2. ਪੂੰਜੀਵਾਦੀ ਸਮਾਜ ਆਜ਼ਾਦ ਉੱਧਮੀ
3. ਨਿਯੋਜਕ
4. ਸਫ਼ੈਦ-ਪੋਸ਼ ਕਰਮਚਾਰੀ, ਅਤੇ
5. ਬਲਿਯੂ ਕਾਲਰ ਕਾਮੇ।

ਇਨ੍ਹਾਂ ਸਭ ਵਰਗਾਂ ਸ਼੍ਰੇਣੀਆਂ ਨੂੰ ਇਸ ਤਰ੍ਹਾਂ ਵੀ ਮੰਨਿਆ ਜਾ ਸਕਦਾ ਹੈ- (1) ਕਿਸਾਨ ਵਰਗ (2) ਉਦਯੋਗਿਕ ਵਰਗ (3) ਕਿੱਤਾ ਵਰਗ ਅਤੇ ਵਪਾਰ ਵਰਗ। **ਡਾਂਡੇਕਰ ਨੇ ਵਰਗਾਂ ਦੇ ਵਰਗੀਕਰਣ ਵਿੱਚ ਮਾਰਕਸਵਾਦੀ ਨਿਕਟਤਾ ਨੂੰ ਜ਼ਿਆਦਾ ਉਪਯੋਗੀ ਨਹੀਂ ਸਮਝਿਆ ਹੈ। ਸਾਡੇ ਇੱਥੇ ਬਾਹਰੀ ਦੇਸ਼ਾਂ ਦੀ ਤੁਲਨਾ ਵਿੱਚ ਉਪਯੋਗ/ਧੰਦਿਆਂ ਦਾ ਜ਼ਿਆਦਾ ਵਿਕਾਸ ਨਹੀਂ ਹੋਇਆ ਹੈ।** ਮਜ਼ਦੂਰ ਸੰਘ ਅਤੇ ਮਜ਼ਦੂਰਾਂ ਦੁਆਰਾ ਸਮੂਹਿਕ ਸੌਦੇਬਾਜ਼ੀ ਦੀ ਭੂਮਿਕਾ ਦਾ ਮੁਲਾਂਕਨ ਵੀ ਸਹੀ ਨਹੀਂ ਕੀਤਾ ਗਿਆ ਹੈ। ਵਰਗ ਸੰਘਰਸ਼ ਦੇ ਨਾਲ-ਨਾਲ ਵਰਗ ਤਾਲਮੇਲ ਵੀ ਜੀਵਨ ਦਾ ਇੱਕ ਤੱਥ ਹੈ। ਕੇ.ਐਲ. ਸ਼ਰਮਾ ਕਹਿੰਦੇ ਹਨ, ਧਨੀ ਅਤੇ ਗਰੀਬ ਵਰਗਾਂ ਵਿੱਚ ਅਨੇਕ ਵਰਗ ਪਾਏ ਜਾਂਦੇ ਹਨ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨਾ ਵੀ ਓਨਾ ਹੀ ਜ਼ਰੂਰੀ ਹੈ। ਭਾਰਤੀ ਸਮਾਜ ਵਿੱਚ ਬ੍ਰਿਟਿਸ਼ ਕਾਲ ਵਿੱਚ ਨਵੇਂ ਨੂੰ ਵਿਧਰੋਹ ਅਤੇ ਇਨ੍ਹਾਂ ਤੋਂ ਜ਼ਿਆਦਾ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਦੇ ਆਧਾਰ 'ਤੇ ਇਕ ਸਧਾਰਨ ਉੱਚ-ਵਰਗ ਸਿਧਾਂਤ ਨੂੰ ਸਵੀਕਾਰ ਕਰਨਾ ਔਖਾ ਹੋਵੇਗਾ। ਇਹ ਸਹੀ ਹੈ ਕਿ ਵਰਗ ਸੰਪਤੀਹੀਣ ਹੈ ਪਰ ਇਸ ਵਰਗ ਦੇ ਜੀਵਨ ਵਿੱਚ ਬਜੁਰੁਆਕਰਨ ਦੇ ਮੌਕੇ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਆਮਦਨ ਭੋਗੀ ਇੱਕ ਕੋਟੀ ਦੇ ਰੂਪ ਵਿੱਚ ਅਸਪੱਸ਼ਟ ਹੈ ਕਿਉਂਕਿ ਇਸ ਵਿੱਚ 200 ਰੁਪਏ ਤੋਂ 2000 ਰੁਪਏ ਕਮਾਉਣ ਵਾਲੇ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਪ੍ਰਕਾਰ ਬਜੁਰੁਆ ਲੋਕਾਂ ਦੀ ਤਰ੍ਹਾਂ ਮਿਹਨਤੀ ਲੱਕ ਵੀ ਇੱਕ ਅਨੋਖਾ ਰੂਪ ਇਕਾਈ ਹਨ। ਬਹੁਤ ਸਾਰੇ ਮਜ਼ਦੂਰ ਸੰਗਠਨ ਵੀ ਨਹੀਂ ਹਨ।

ਜੋਗਿੰਦਰ ਸਿੰਘ ਦਾ ਕਹਿਣਾ ਹੈ ਕਿ ਭਾਰਤ ਵਿੱਚ ਵਰਗ ਤੱਥ ਸੁਭਾਵੀ ਦ੍ਰਿਸ਼ਟੀ ਤੋਂ ਜਾਤ ਦਰਜ਼ਾਬੰਦੀ ਨਾਲ ਜੁੜੇ ਹੋਏ ਹਨ। ਇੱਥੇ ਇਹ ਪ੍ਰਸ਼ਨ ਉੱਠਦਾ ਹੈ ਕਿ ਭਾਰਤ ਵਿੱਚ ਜੋ ਵਰਗ ਦੀ ਰਚਨਾ ਉਹ ਵਿਸ਼ਵ-ਵਿਆਪੀ ਜਿਵੇਂ ਕਿ ਯੂਰਪ ਤੇ ਅਮਰੀਕਾ ਵਿੱਚ ਜਿਹੋ ਜਿਹੀ ਮਿਲਦੀ ਹੈ ਉਹੋ ਜਿਹੀ ਹੈ ਜਾਂ ਜਾਤ ਵਿਵਸਥਾ ਦੇ ਨਾਲ ਮਿਲਕੇ ਵਿਸ਼ੇਸ਼ ਰੂਪ ਵਿੱਚ ਆ ਗਈ ਹੈ। ਸਿਧਾਂਤਕ ਰੂਪ ਨਾਲ ਇਸ

ਨੋਟ

ਸੰਬੰਧ ਵਿੱਚ ਮਾਰਕਸਵਾਦੀ ਸਮਾਜ-ਸ਼ਾਸ਼ਤਰੀ ਇਹ ਕਹਿੰਦੇ ਹਨ ਕਿ ਵਰਗ ਤਾਂ ਹੈ ਹੀ ਹਨ ਚਾਹੇ ਉਹ ਯੂਰਪ ਵਿੱਚ ਹੋਵੇ ਜਾਂ ਭਾਰਤ ਵਿੱਚ ਇਸ ਸੰਬੰਧ ਵਿੱਚ ਜੋਗਿੰਦਰ ਸਿੰਘ ਦਾ ਕਥਨ ਮਹੱਤਵਪੂਰਨ ਹੈ–

*"ਵਰਗ ਦਾ ਤੱਤ ਇਹ ਮੰਨਿਆ ਜਾਂਦਾ ਹੈ ਕਿ ਸੰਸਕ੍ਰਿਤਿਕ ਭਿੰਨਤਾਵਾਂ ਦੇ ਹੁੰਦੇ ਹੋਏ ਵੀ ਇਤਿਹਾਸਿਕ ਰੂਪ ਨਾਲ ਸਭ ਸਮਾਜਾਂ ਵਿੱਚ ਬਰਾਬਰ ਹੈ।"*

ਜੋਗਿੰਦਰ ਸਿੰਘ ਇਸ ਧਾਰਨਾ ਨਾਲ ਸਹਿਮਤ ਹੁੰਦੇ ਹੋਏ ਵੀ ਇਹ ਸਵੀਕਾਰ ਕਰਦੇ ਹਨ ਕਿ ਭਾਰਤ ਵਿੱਚ ਕਿਤੇ-ਕਿਤੇ ਜਾਤਾਂ ਦੇ ਨਾਲ ਮਿਲਕੇ ਵਰਗ ਦਾ ਸਰੂਪ ਬਦਲ ਵੀ ਜਾਂਦਾ ਹੈ। ਇਸ ਧਾਰਨਾ ਦਾ ਵਿਸ਼ਲੇਸ਼ਣ ਅਸੀਂ ਪੇਂਡੂ ਭਾਰਤ ਵਿੱਚ ਵਰਗ ਦੇ ਜੋ ਤੱਥ ਹਨ ਉਨ੍ਹਾਂ ਨੂੰ ਲੈ ਕੇ ਕਰਾਂਗੇ।

1. **ਬ੍ਰਿਟਿਸ਼ਕਾਲ ਵਿੱਚ ਵਰਗ : ਭੂਮੀ-ਪਤੀ (Classes in British Period : Landlords)**

ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਪੇਂਡੂ ਭਾਰਤ ਵਿੱਚ ਭੂਮੀ ਦੇ ਮਾਲਕ ਨੂੰ ਲੈਕੇ ਕੋਈ ਵਰਗ ਨਹੀਂ ਸੀ। ਭੂਮੀ ਦਾ ਤਾਂ ਜਿਵੇਂ ਏ.ਆਰ. ਦੇਸਾਈ ਕਹਿੰਦੇ ਹਨ, ਸੰਪੂਰਨ ਪਿੰਡ ਦਾ ਸੀ, ਜੋ ਚਾਹੇ ਜਿੰਨੀ ਭੂਮੀ ਨੂੰ ਜਿੱਤ ਲਵੇ, ਰਾਜ ਦੀ ਕੋਈ ਰੋਕ ਨਹੀਂ ਸੀ। ਇਸ ਕਾਰਣ ਹੈਨਰੀ ਮੈਨ ਨੇ ਕਿਹਾ ਸੀ ਕਿ ਭਾਰਤ ਦਾ ਹਰ ਇੱਕ ਪਿੰਡ ਇੱਕ ਗਣਤੰਤਰ (Republic) ਹੈ। ਇਸਦੇ ਬਾਅਦ ਬ੍ਰਿਟਿਸ਼ ਸਰਕਾਰ ਨੇ ਭੂਮੀ ਬੰਦੋਬਸਤ ਕੀਤਾ। ਸਰਕਾਰ ਨੇ ਭੂਮੀ ਨੂੰ ਜੋਤਣ ਦਾ ਸੰਪੂਰਨ ਠੇਕਾ ਕੁੱਝ ਐਸੇ ਲੋਕਾਂ ਨੂੰ ਦੇ ਦਿੱਤਾ ਜੋ ਜਿਮੀਂਦਾਰ ਬਣ ਗਏ। ਜਿਮੀਂਦਾਰ ਦਾ ਇਹ ਕੰਮ ਸੀ ਕਿ ਉਹ ਅੰਗਰੇਜ਼ ਸਰਕਾਰ ਨੂੰ ਨਿਸ਼ਚਿਤ ਕਰ ਚੁਕਾ ਦੇਣ। ਨਵੇਂ ਪ੍ਰਕਾਰ ਦੇ ਭੂਮੀ-ਮਾਲਕ ਸਾਰੇ ਵਿਵਹਾਰਿਕ ਉਦੇਸ਼ਾਂ ਦੇ ਲਈ ਭੂਮੀਪਤੀਆਂ ਦੇ ਬਰਾਬਰ ਸਨ। ਇਸ ਵਿਵਸਥਾ ਦੇ ਫਲਸਰੂਪ, ਇੱਕ ਹੀ ਦਿਨ ਵਿੱਚ ਆਪਣੀ ਹੀ ਭੂਮੀ ਦੇ ਕਿਸਾਨ ਖਾਤੇਦਾਰ ਬਣ ਗਏ। ਜਿਮੀਂਦਾਰ ਵਿਵਸਥਾ ਦਾ ਇਹ ਸ਼ੁਰੂਆਤ 1793 ਈ: ਵਿੱਚ ਲਾਰਡ ਕਾਰਨਵਲਿਸ ਨੇ ਬੰਗਾਲ, ਬਿਹਾਰ, ਉੜੀਸਾ ਅਤੇ ਮਦਰਾਸ ਦੇ ਕੁੱਝ ਜਿਲ੍ਹਿਆਂ ਵਿੱਚ ਕੀਤੀ ਸੀ। ਬਾਅਦ ਵਿੱਚ ਇਸਦਾ ਵਿਸਥਾਰ ਮੁੰਬਈ, ਪੰਜਾਬ, ਸਿੰਧੂ ਆਦਿ ਦੇ ਭਾਗਾਂ ਵਿੱਚ ਵੀ ਲਾਗੂ ਕਰ ਦਿੱਤਾ ਗਿਆ। ਇਸ ਵਿਵਸਥਾ ਦੇ ਫਲਸਰੂਪ ਭਾਰਤ ਵਿੱਚ ਪਹਿਲੀ ਵਾਰ ਜਿਮੀਂਦਾਰਾਂ ਦਾ ਇੱਕ ਵਰਗ ਪੈਦਾ ਕੀਤਾ, ਜੋ ਹਲਵਾਹਕ ਦਾ ਸ਼ੋਸ਼ਣ ਕਰਦਾ ਸੀ।

| | |
|---|---|
| ਕੀ ਤੁਸੀਂ ਜਾਣਦੇ ਹੋ | ਭੂਮੀ ਦਾ ਮਾਲਕ ਪਿੰਡਾਂ ਤੋਂ ਹਟ ਕੇ ਸਰਕਾਰ ਦਾ ਹੋ ਗਿਆ ਅਤੇ ਸਰਕਾਰ ਨੇ ਇਹ ਮਾਲਕੀਅਤ ਜਿਮੀਂਦਾਰਾਂ ਦੇ ਹਵਾਲੇ ਕਰ ਦਿੱਤੀ। ਇਸ ਬੰਦੋਬਸਤ ਦੇ ਬਾਅਦ ਭੂਮੀ ਦੇ ਇਹ ਜਿਮੀਂਦਾਰ ਖਾਨਦਾਨੀ ਮਾਲਕ ਹੋ ਗਏ। |

ਦੇਸੀ ਰਿਆਸਤਾਂ ਵਿੱਚ ਜਿਮੀਂਦਾਰੀ ਵਿਵਸਥਾ ਨਹੀਂ ਸੀ। ਇੱਥੇ ਜਗੀਰਦਾਰੀ ਵਿਵਸਥਾ ਸੀ। ਠਾਕੁਰ ਜਾਂ ਨਿਸ਼ਚਿਤ ਯੋਧੇ ਪਿੰਡਾਂ ਨੂੰ ਜਗੀਰਦਾਰਾਂ ਨੂੰ ਦਿੰਦਾ ਸੀ। ਇਹ ਜਗੀਰਦਾਰ ਕਿਸਾਨਾਂ ਤੋਂ ਲਗਾਨ (ਕਰ) ਲੈਂਦੇ ਸਨ। ਇਸ ਤਰ੍ਹਾਂ ਰਿਆਸਤਾਂ ਵਿੱਚ ਜੋ ਨਵਾਂ ਵਰਗ ਪੈਦਾ ਹੋਇਆ ਉਹ ਜਗੀਰਦਾਰੀ ਦਾ ਸੀ। ਜਿਮੀਂਦਾਰ ਅਤੇ ਜਗੀਰਦਾਰ ਉੱਚ ਵਰਗ ਦੇ ਸਨ ਅਤੇ ਹਲਵਾਹਕ ਭਾਵ ਕਿਸਾਨ ਨੀਵੇਂ ਵਰਗ ਦੇ ਸਨ। ਇੱਥੇ ਵਰਗ ਵਿਵਸਥਾ ਨੇ ਇੱਕ ਸਥਾਈ ਵਿਸ਼ੇਸ਼ਤਾ ਹਾਸਿਲ ਕਰ ਲਈ। ਇੱਥੇ ਯੂਰਪ ਵਿੱਚ ਵਰਗ ਆਦਮੀ ਦੀ ਹਾਸਿਲ ਯੋਗਤਾ 'ਤੇ ਸੀ, ਉਥੇ ਜਿਮੀਂਦਾਰਾਂ ਅਤੇ ਜਗੀਰਦਾਰਾਂ ਦਾ ਇੱਕ ਨਵਾਂ ਵਰਗ ਪੈਦਾ ਹੋਇਆ। ਇਸ ਅੰਤਰ ਦੇ ਹੁੰਦੇ ਹੋਏ ਵੀ ਇਹ ਨਿਸ਼ਚਿਤ ਹੈ ਕਿ ਪਿੰਡਾਂ ਵਿੱਚ ਪਹਿਲੀ ਵਾਰ ਜਿਮੀਂਦਾਰਾਂ ਅਤੇ ਜਗੀਰਦਾਰਾਂ ਦਾ ਇੱਕ ਨਵਾਂ ਵਰਗ ਪੈਦਾ ਹੋਇਆ। ਇਸ ਵਰਗ ਨੂੰ ਦੋਹਰੇ ਰੂਪ ਵਿੱਚ ਇਸ ਤਰ੍ਹਾਂ ਰੱਖ ਸਕਦੇ ਹਾਂ– ਇੱਕ ਪਾਸੇ ਭੂਮੀਪਤੀ ਸਨ ਅਤੇ ਦੂਜੇ ਪਾਸੇ ਮੁਨਸ਼ੀ।

ਨੋਟ

2. ਆਜ਼ਾਦ ਭਾਰਤ ਵਿੱਚ ਨਵੇਂ ਵਰਗ: ਕਿਸਾਨ ਕਿੱਤਾਕਾਰ, ਖੇਤੀ ਮਜ਼ਦੂਰ ਅਤੇ ਕਾਰੀਗਰ **(New Classes in Independent India : Peasants Businessmen, Cultivators and Artisans)**

ਆਜ਼ਾਦੀ ਪ੍ਰਾਪਤੀ ਤੋਂ ਬਾਅਦ ਪੇਂਡੂ ਵਰਗ ਵਿਵਸਥਾ ਵਿੱਚ ਕਾਂਤੀਕਾਰੀ ਤਬਦੀਲੀ ਆਈ। ਕਾਂਤੀਕਾਰੀ ਇਸ ਲਈ ਕਿ ਕਾਂਗਰਸ ਜਦ ਆਜ਼ਾਦੀ ਦੀ ਲੜਾਈ ਲੜ੍ਹ ਰਹੀ ਸੀ ਤਦ ਇਸ ਨੇ ਆਪਣੇ ਸਲਾਨਾ ਸੰਮੇਲਣ ਵਿੱਚ ਬਾਰ-ਬਾਰ ਇਹ ਦੁਹਰਾਇਆ ਸੀ ਕਿ ਜਦ ਭਾਰਤ ਆਜ਼ਾਦ ਹੋ ਜਾਏਗਾ, ਤਦ ਭੂਮੀ ਸੁਧਾਰ ਦੇ ਖੇਤਰ ਵਿੱਚ ਬਹੁਤ ਵੱਡਾ ਬਦਲਾਉ ਕੀਤਾ ਜਾਏਗਾ। ਭਾਰਤ ਦਾ ਕਿਸਨ ਜਿਮੀਂਦਾਰਾਂ ਅਤੇ ਜਗੀਰਦਾਰਾਂ ਦੇ ਸ਼ੋਸ਼ਣ ਨਾਲ ਤਬਾਹ ਹੋ ਗਿਆ ਸੀ। ਹਿੰਦੀ ਅਤੇ ਇਲਾਕਾਈ ਸਾਹਿਤਾਂ ਜਿਵੇਂਕਿ ਬੰਗਲਾ, ਮਰਾਠੀ ਅਤੇ ਤੇਲਗੂ ਵਿੱਚ ਬਰਾਬਰ ਇਹ ਕਿਹਾ ਜਾਂਦਾ ਸੀ ਕਿ ਭੂਮੀ ਬੰਦੋਬਸਤ ਵਿੱਚ ਆਮ ਕਿਸਾਨ ਪਰੇਸ਼ਾਨ ਸੀ। ਪ੍ਰੇਮ ਚੰਦ ਨੇ ਤਾਂ ਹਿੰਦੀ ਵਿੱਚ ਕੁੱਝ ਅਜਿਹੇ ਉਪਨਿਆਸ ਲਿਖੇ ਹਨ-ਰੰਗਭੂਮੀ ਅਤੇ ਗੌਦਾਨ ਜੋ ਬੜੀ ਬਰੀਕੀ ਦੇ ਨਾਲ ਜਿਮੀਂਦਾਰੀ ਵਿਵਸਥਾ ਦੇ ਵਿਸ਼ਾਨਕਾਰੀ ਨਤੀਜੇ ਦਾ ਉਲੇਖ ਕਰਦੇ ਹਨ। ਇਸ ਕਾਰਣ ਆਜ਼ਾਦੀ ਪ੍ਰਾਪਤੀ ਦੇ ਬਾਅਦ ਇਹ ਪੂਰਾ ਯਤਨ ਕੀਤਾ ਗਿਆ ਕਿ ਭੂਮੀ ਸੁਧਾਂਰ ਅੰਦੋਲਨ ਨੂੰ ਨਵੀਂ ਗਤੀ ਦਿੱਤੀ ਜਾਵੇ। **ਇਸ ਗਤੀ ਨੇ ਜਿੱਥੇ ਇੱਕ ਪਾਸੇ ਵਿਚੋਲਿਆਂ ਨੂੰ ਹਟਾ ਦਿੱਤਾ। ਉਥੇ ਹੀ ਦੂਜੇ ਪਾਸੇ ਨਵੇਂ ਵਰਗਾਂ ਨੂੰ ਜਨਮ ਦਿੱਤਾ। ਸਾਡਾ ਤਰਕ ਇਹ ਹੈ ਕਿ ਪਿੰਡਾਂ ਵਿੱਚ ਜਿੱਥੇ ਪਿਛਲੇ ਵਰਗ ਸਮਾਪਤ ਹੋ ਗਏ ਉਥੇ ਨਵੇਂ ਵਰਗਾਂ ਦਾ ਉਦੈ ਹੋਇਆ।**

ਭੂਮੀ ਸੁਧਾਰਾਂ ਦੇ ਪਹਿਲੇ ਚਰਨ ਦਾ ਉਦੇਸ਼ ਜਿਮੀਂਦਾਰਾਂ ਵਰਗੇ ਵਿਚੋਲਿਆਂ ਨੂੰ ਹਟਾਉਣਾ ਸੀ। ਜਿਮੀਂਦਾਰ ਪ੍ਰਥਾ 1950 ਵਿੱਚ ਸਮਾਪਤ ਕਰ ਦਿੱਤੀ ਗਈ ਅਤੇ ਸਭ ਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਭੂਮੀ ਸੁਧਾਰ ਲਾਗੂ ਕੀਤੇ ਗਏ। **ਇਸਦਾ ਉਦੇਸ਼ ਕਿਸਾਨਾਂ ਦੇ ਨਾਲ ਰਾਜ ਦਾ ਸਿੱਧਾ ਸੰਬੰਧ ਸਥਾਪਿਤ ਕਰਨਾ ਸੀ। ਹੁਣ ਕਿਸਾਨ ਆਪਣਾ ਭੂਮੀ ਕਰ ਜਿਮੀਂਦਾਰ ਨੂੰ ਨਾ ਦੇ ਕੇ ਸਿੱਧਾ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕਰਵਾਉਂਦਾ ਸੀ। ਅੰਤ ਵਾਸਤਵਿਕ ਅਧਿਕਾਰ ਦੇਣਾ ਇਸ ਸੁਧਾਰ ਦਾ ਉਦੇਸ਼ ਸੀ।**

ਵਿਚੋਲਿਆਂ ਦੇ ਸਮਾਪਤ ਹੋਣ 'ਤੇ ਨਵੇਂ ਵਰਗ ਦਾ ਗਠਨ ਹੋਇਆ। ਹੋਇਆ ਇਹ ਕਿ ਭੂਮੀ ਸੁਧਾਰਾਂ ਤੋਂ ਪਹਿਲਾਂ ਜੋ ਮੁਨਸ਼ੀ ਜ਼ਮੀਨਾਂ 'ਤੇ ਖੇਤੀ ਕਰ ਰਹੇ ਸਨ ਅਤੇ ਜਿਨ੍ਹਾਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕਰ ਦਿੱਤਾ ਗਿਆ ਸੀ ਉਨ੍ਹਾਂ ਵਿਚੋਂ ਜ਼ਿਆਦਾ ਭੂਮੀਹੀਣ ਖੇਤੀ ਮਜ਼ਦੂਰ ਬਣ ਗਏ। ਨਤੀਜਾ ਕਿਸਾਨਾਂ ਦਾ ਭੀਖਮੰਗੇ ਹੋਏ। ਪਰ ਇਸ ਤੋਂ ਇਲਾਵਾ ਕਿਸਾਨਾਂ ਦੀ ਇੱਕ ਐਸੀ ਖੁਸ਼ਹਾਲ ਸ਼੍ਰੇਣੀ ਵੀ ਸੀ ਜੋ ਭੂਮੀ ਦੀ ਜ਼ਿਆਦਾ ਸੀਮਾ ਨਿਰਧਾਰਿਤ (**Land Ceilling**) ਹੋਣ ਦੇ ਕਾਰਣ ਹੋਈ ਜ਼ਿਆਦਾ ਜ਼ਮੀਨ ਨੂੰ ਸਰਕਾਰ ਦੁਆਰਾ ਨਿਰਧਾਰਿਤ ਪ੍ਰਾਪਤ ਰੂਪ ਨਾਲ ਘੱਟ ਦਰਾਂ 'ਤੇ ਜਿਮੀਂਦਾਰਾਂ ਤੋਂ ਖਰੀਦ ਸਕਣ। ਅਰਥਸ਼ਾਸ਼ਤਰੀ ਖੁਸਰੋ (1975) ਦਾ ਕਹਿਣਾ ਹੈ ਕਿ ਭੂਮੀ ਸੁਧਾਰ ਅੰਦੋਲਨ ਨੇ ਪਿੰਡਾਂ ਵਿੱਚ ਕਿਸਾਨਾਂ ਦਾ ਇੱਕ ਅਜਿਹਾ ਨਵਾਂ ਵਰਗ ਬਣਇਆ ਜਿਸ ਨਾਲ ਖੇਤੀ ਨੂੰ ਇੱਕ ਨਵੇਂ ਉੱਧਮੀ ਰੂਪ ਵਿੱਚ ਚੁਣਿਆ।

ਪਿੰਡਾਂ ਵਿੱਚ ਵਰਗ ਦਰਜ਼ਾਬੰਦੀ ਨੂੰ ਜ਼ਿਆਦਾ ਸ਼ਕਤੀਸ਼ਾਲੀ ਬਣਾਉਣ ਵਿੱਚ ਕੁੱਝ ਹੋਰ ਵੀ ਕਾਰਣ ਰਹੇ ਹਨ। ਹੋਇਆ ਇਹ ਕਿ ਪੁਰਾਣੇ ਜਿਮੀਂਦਾਰ ਅਤੇ ਜਗੀਰਦਾਰ ਅਤੇ ਪੁਰਾਣੇ ਖਾਤੇਦਾਰ ਹੁਣ ਭਾਰਤੀ ਖੇਤੀ ਵਿੱਚ ਪੂੰਜੀਵਾਦੀ ਖੇਤੀ ਦੇ ਆਗੂ ਬਣ ਗਏ। ਇਨ੍ਹਾਂ ਪੁਰਾਣੇ ਵੱਡੇ ਕਿਸਾਨਾਂ ਨੇ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਹਰੀ ਕ੍ਰਾਂਤੀ ਪ੍ਰੋਗਰਾਮ ਦਾ ਜ਼ਿਆਦਾ ਲਾਭ ਉਠਾਇਆ। ਇਹ ਕਿਸਾਨ ਇੱਕ ਨਵਾਂ ਵਰਗ ਬਣਾਉਂਦੇ ਹਨ। ਇਨ੍ਹਾਂ ਨੂੰ ਪ੍ਰਗਤੀਸ਼ੀਲ ਕਿਸਾਨ ਜਾਂ ਜੈਂਟਲਮੈਨ ਫ਼ਾਰਮਰ- ਸਾਊ ਕਿਸਾਨ ਕਿਹਾ ਜਾਂਦਾ ਹੈ। ਇਹ ਕਿਸਾਨ ਪੜ੍ਹੇ-ਲਿਖੇ ਹੁੰਦੇ ਹਨ ਅਤੇ ਖੇਤੀ ਵਿਗਿਆਨ ਵਿੱਚ ਉਨ੍ਹਾਂ ਕੋਲ ਸਿੱਖਿਆ ਵੀ ਹੁੰਦੀ ਹੈ। ਇਨ੍ਹਾਂ ਕਿਸਾਨਾਂ ਨੇ ਖੇਤੀ ਨੂੰ ਇੱਕ ਵਪਾਰ ਦੇ ਰੂਪ ਵਿੱਚ ਅਪਣਾਇਆ। ਇਹ ਲੋਕ ਆਪਣਾ ਧਨ ਖੇਤੀ ਦੀਆਂ ਫ਼ਸਲਾਂ ਵਿੱਚ ਲਗਾਉਂਦੇ ਹਨ। ਜਿਨ੍ਹਾਂ ਦੀ ਕੀਮਤ ਜ਼ਿਆਦਾ ਹੁੰਦੀ ਹੈ। ਇਸ ਤਰ੍ਹਾਂ ਇਹ ਲੋਕ ਨਕਦ ਫ਼ਸਲਾਂ ਲੈਣ ਵਾਲੇ ਕਿਸਾਨ ਬਣ ਗਏ। ਇਹੀ ਲੋਕ ਉੱਨਤ ਕਿਸਮ ਦੇ ਬੀਜ ਅਤੇ ਰਸਈਨਿਕ ਖਾਦ ਨੂੰ ਕੰਮ ਵਿੱਚ ਲੈਂਦੇ ਹਨ।

ਇਹ ਨਿਸ਼ਚਿਤ ਹੈ ਕਿ ਪੇਂਡੂ ਭਾਰਤ ਵਿੱਚ ਅੱਜ ਜੋ ਵੀ ਵਰਗ ਵਿਵਸਥਾ ਸਾਨੂੰ ਦੇਖਣ ਨੂੰ ਮਿਲਦੀ ਹੈ ਉਹ ਭੂਮੀ ਸੁਧਾਰ ਪ੍ਰੋਗਰਾਮ ਦੇ ਫਲਸਰੂਪ ਆਈ ਹੈ। ਪਿੰਡਾਂ ਵਿੱਚ ਵਰਗਾਂ ਦੇ ਬਣਨ ਦੇ ਪਿੱਛੇ ਕੰਮ ਕਰਨ ਵਾਲੇ ਭੂਮੀ ਸੁਧਾਰਾਂ ਦੇ ਇਲਾਵਾ ਹੋਰ ਵੀ ਕਈ ਕਾਰਣ ਹਨ।

ਨੋਟ

ਖਦਾਨਾਂ ਦੀ ਉਪਜ ਵਿੱਚ ਵਾਧੇ ਦੇ ਲਈ ਹਰ ਇੱਕ ਰਾਜ ਵਿੱਚ ਖੇਤੀ ਵਿਸ਼ਵ ਵਿਦਿਆਲੇ ਬਣੇ ਹਨ। ਫ਼ਸਲਾਂ ਦੀਆਂ ਐਸੀਆਂ ਨਸਲਾਂ ਪੈਦਾ ਕੀਤੀਆਂ ਗਈਆਂ ਹਨ ਜੋ ਉਤਪਾਦਨ ਨੂੰ ਵਧਾਉਂਦੀਆਂ ਹਨ। ਖੇਤੀ ਵਿੱਚ ਮਸ਼ੀਨੀਕਰਣ ਆਇਆ। ਖੇਤੀ ਵਿੱਚ ਰਾਜਨੀਤੀ ਵੀ ਹੈ। ਇਹ ਸਭ ਜਾਣਦੇ ਹਨ ਕਿ ਮਹਾਂਰਾਸ਼ਟਰ ਰਾਜ ਅਤੇ ਪੱਛਮੀ ਉੱਤਰ ਪ੍ਰਦੇਸ਼ ਦਾ ਚੁਣਾਉ ਗੰਨੇ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੀ ਸਭਾ ਸਥਾਨ 'ਤੇ ਲੜ੍ਹੇ ਜਾਂਦੇ ਹਨ। ਹੁਣ ਖੇਤੀ ਕੇਵਲ ਉਤਪਾਦਨ ਦੀ ਪ੍ਰਕਿਰਿਆ ਨਹੀਂ ਰਹੀ, ਉਸ ਵਿੱਚ ਪੂੰਜੀ ਦਾ ਇਤੇਮਾਲ ਵੀ ਹੁੰਦਾ ਹੈਅਤੇ ਰਾਜਨੀਤੀ ਵੀ ਹੁੰਦੀ ਹੈ। ਇਨ੍ਹਾਂ ਸਭ ਪ੍ਰਕਿਰਿਆਵਾਂ ਨੇ ਕਿਸਾਨਾਂ ਦੇ ਨਿਮਨ ਵਰਗ ਪੈਦਾ ਕਰ ਦਿੱਤੇ ਹਨ– (1) ਕਿਸਾਨ ਵਪਾਰ ਜਾਂ ਧਨੀ ਕਿਸਾਨ, ਮੱਧ ਵਰਗੀ ਕਿਸਾਨ ਅਤੇ ਗਰੀਬ ਕਿਸਾਨ, (2) ਖੇਤੀ ਮਜ਼ਦੂਰ, ਅਤੇ (3) ਕਾਰੀਗਰ।

ਇਨ੍ਹਾਂ ਵਰਗਾਂ ਦਾ ਅਸੀਂ ਸਿਲਸਿਲੇਵਾਰ ਵਰਣਨ ਕਰਾਂਗੇ–

**(i) ਕਿਸਾਨ ਪਤਾਰੀ ਜਾਂ ਧਨੀ ਕਿਸਾਨ, ਮੱਧ ਵਰਗੀ ਕਿਸਾਨ ਅਤੇ ਗਰੀਬ ਕਿਸਾਨ**

**(Big Peasants, Middle Peasants & Poor Peasants)** –

ਕਿਸਾਨ ਦਾ ਉਹ ਵਰਗ ਜਿਸਦੇ ਕੋਲ ਲੋੜ ਅਨੁਸਾਰ ਖੇਤ (Land Holdings) ਹਨ। ਇਹ ਕਿਸਾਨ ਨਰਮ ਕਿਸਾਨ ਹੈ ਅਤੇ ਖ਼ੁਦ ਖੇਤੀ ਨਹੀਂ ਕਰਦੇ। ਇਹ ਕਿਸਾਨ ਖੇਤ ਵਿੱਚ ਮੌਜੂਦ ਵੀ ਨਹੀਂ ਹੁੰਦੇ। ਇਨ੍ਹਾਂ ਕਿਸਾਨਾਂ ਨੂੰ ਪੂੰਜੀਵਾਦੀ ਕਿਸਾਨ ਕਿਹਾ ਜਾਂਦਾ ਹੈ। ਇਨ੍ਹਾਂ ਦੀ ਜਮੀਨ 'ਤੇ ਛੋਟੇ ਕਿਸਾਨ ਕੰਮ ਕਰਦੇ ਹਨ, ਖੇਤੀ ਮਜ਼ਦੂਰ ਕੰਮ ਕਰਦੇ ਹਨ। ਇਨ੍ਹਾਂ ਨੂੰ ਕੂਲਕ ਕਿਸਾਨ ਵੀ ਕਹਿੰਦੇ ਹਨ। ਪਿੰਡ ਦਾ ਇਹ ਸਭ ਤੋਂ ਉੱਚਾ ਵਰਗ ਹੈ। ਇਹ ਵਰਗ ਸ਼ਕਤੀਸ਼ਾਲੀ ਇਸ ਲਈ ਹੈ ਵੀ ਹੋ ਜਾਂਦਾ ਹੈ ਕਿ ਇਸਦੇ ਰਾਜਨੀਤੀ ਵਿੱਚ ਤਿੱਖੀ ਭਾਗੀਦਾਰੀ ਹੁੰਦੀ ਹੈ। ਖੇਤੀ ਦਾ ਕੰਮ ਤਾਂ ਇਨ੍ਹਾਂ ਨੂੰ ਅਮਦਨ ਕਰ ਤੋਂ ਮੁਕਤ ਹੋਣ ਵਿੱਚ ਵੀ ਸਹਾਇਤਾ ਕਰਵਾਉਂਦਾ ਹੈ।

ਮੱਧ ਵਰਗੀ ਕਿਸਾਨ ਦੇ ਕੋਲ ਮੱਧ ਦੇ ਖੇਤ ਹੁੰਦੇ ਹਨ। ਇਹ ਆਪਣੇ ਖੇਤਾਂ ਵਿੱਚ ਹੀ ਕੰਮ ਕਰਦੇ ਹਨ। ਇਨ੍ਹਾਂ ਨੂੰ ਬਾਹਰੋਂ ਖੇਤੀ ਮਜ਼ਦੂਰ ਨਹੀਂ ਰੱਖਣੇ ਪੈਂਦੇ। ਇਨ੍ਹਾਂ ਦਾ ਖੇਤੀ ਉਤਪਾਦਨ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਮਜ਼ਦੂਰੀ ਨਾਲ ਹੀ ਹੋ ਜਾਂਦਾ ਹੈ।

ਗਰੀਬ ਕਿਸਾਨ ਆਮ ਕਿਸਾਨ ਹੁੰਦਾ ਹੈ ਜਿਨ੍ਹਾਂ ਕੋਲ ਇੰਨੀ ਭੂਮੀ ਨਹੀਂ ਹੁੰਦੀ ਹੈ ਕਿ ਉਹ ਆਪਣੀ ਰੋਜ਼ੀ–ਰੋਟੀ ਚਲਾ ਸਕਣ ਅਤੇ ਇਸ ਲਈ ਉਹ ਬਟਾਏਦਾਰੀ ਨਾਲ ਖੇਤੀ ਕਰਦੇ ਹਨ ਅਤੇ ਸਮਾਂ ਆਉਣ 'ਤੇ ਆਪਣੀ ਆਮਦਨ ਨੂੰ ਵਧਾਉਣ ਦੇ ਲਈ ਦੂਜਿਆਂ ਦੇ ਖੇਤਾਂ ਵਿੱਚ ਕੰਮ ਕਰਦੇ ਹਨ। ਕਿਸਾਨ ਜਨਸੰਖਿਆ ਦਾ ਇੱਕ ਬਹੁਤ ਵੱਡਾ ਭਾਗ ਗਰੀਬ ਕਿਸਾਨਾਂ ਦਾ ਹੈ। ਇਹ ਰੁਚੀ ਵਾਲੀ ਗੱਲ ਹੈ ਕਿ ਖੇਤੀ ਭੂਮੀ ਦਾ ਬਹੁਤ ਵੱਡਾ ਭਾਗ ਜ਼ਿਆਦਾ ਅਮੀਰ ਕਿਸਾਨਾਂ ਦੇ ਹੱਥਾਂ ਵਿੱਚ ਹੈ। ਇਸਦਾ ਮਤਲਬ ਇਹ ਹੋਇਆ ਕਿ ਕਿਸਾਨ ਵਰਗ ਵਿਵਸਥਾ ਵਿੱਚ ਬਹੁਤ ਥੋੜੇ ਲੋਕ ਉੱਚ ਵਰਗ ਵਿੱਚ ਹਨ ਜਦਕਿ ਬਹੁਤ ਜ਼ਿਆਦਾ ਲੋਕ ਨੀਵੇਂ ਵਰਗ ਵਿੱਚ ਹਨ।

**(ii) ਖੇਤੀ ਮਜ਼ਦੂਰ (Cultivators)** –

ਖੇਤੀ ਮਜ਼ਦੂਰ ਬਹੁਤ ਸੀਮਤ ਜਮੀਨ ਦੇ ਮਾਲਕ ਹੁੰਦੇ ਹਨ। ਦੇਖਿਆ ਜਾਵੇ ਤਾਂ ਖੇਤੀ ਮਜ਼ਦੂਰ ਪਹਿਲਾਂ ਵੀ ਤਿੰਨ ਪ੍ਰਕਾਰ ਦੇ ਸਨ ਅਤੇ ਅੱਜ ਵੀ ਇਹੀ ਪ੍ਰਕਾਰ ਉਪਲਬਧ ਹਨ। ਕੁੱਝ ਦੇ ਕੋਲ ਜਮੀਨ ਦੇ ਛੋਟੇ ਟੁਕੜੇ ਦੀ ਮਲਕੀਅਤ ਸੀ ਅਤੇ ਇਸਦੇ ਨਾਲ ਉਹ ਆਪਣੀ ਮਿਹਨਤ ਵੇਚ ਕੇ ਰੋਜ਼ੀ–ਰੋਟੀ ਦੀ ਪੂਰਤੀ ਕਰਦੇ ਸਨ। ਦੂਸਰੇ ਖੇਤੀ ਮਜ਼ਦੂਰ ਉਹ ਸਨ ਜੋ ਕੇਵਲ ਮਜ਼ਦੂਰੀ ਵੇਚਕੇ ਜੀਵਨ ਜਿਉਂਦੇ ਸਨ। ਮਜ਼ਦੂਰੀ ਦੇ ਬਦਲੇ ਵਿੱਚ ਖੇਤੀ ਮਜ਼ਦੂਰਾਂ ਨੂੰ ਤਨਖਾਹ ਮਿਲਦੀ ਸੀ ਜੋ ਬਹੁਤ ਘੱਟ ਹੁੰਦੀ ਸੀ। ਇਨ੍ਹਾਂ ਖੇਤੀ ਮਜ਼ਦੂਰਾਂ ਕੋਲ ਆਪਣੀ ਭੂਮੀ ਨਹੀਂ ਹੁੰਦੀ ਸੀ। ਤੀਜੇ ਪ੍ਰਕਾਰ ਦੇ ਖੇਤੀ ਮਜ਼ਦੂਰ ਉਹ ਸਨ ਜੋ ਖੇਤੀ 'ਤੇ ਨਕਦ ਮਜ਼ਦੂਰੀ ਦੇ ਨਾਲ ਵਸਤੂਆਂ ਦੇ ਰੂਪ ਵਿੱਚ ਵੀ ਮਜ਼ਦੂਰੀ ਮਿਲਦੀ ਸੀ।

ਦੇਸ਼ ਦੇ ਅਨੇਕਾਂ ਭਾਗਾਂ ਵਿੱਚ ਦੂਜੀ ਪ੍ਰਕਾਰ ਦੇ ਮਜ਼ਦੂਰ ਪਾਏ ਜਾਂਦੇ ਸਨ। ਇਨ੍ਹਾਂ ਦੀ ਸਥਿਤੀ ਲਗਭਗਬੰਦੀ ਜਾਂ ਅਰਧ–ਬੰਦੀ ਮਜ਼ਦੂਰ ਦੀ ਹੁੰਦੀ ਸੀ। ਗੁਜ਼ਰਾਤ ਵਿਚ ਸੁਖ਼ਮ ਅਤੇ ਹਾਲੀ, ਤਾਮਿਲਨਾਡੂ ਵਿੱਚ ਪਡਿਆਲ ਦੂਜੇ ਪ੍ਰਕਾਰ ਦੇ ਮਜ਼ਦੂਰਾਂ ਦੇ ਹਵਾਲੇ ਹਨ। ਸੁਤੰਤਰਤਾ ਮਿਲਣ ਤੋਂ ਬਾਅਦ ਖੇਤੀ ਮਜ਼ਦੂਰ ਦੀ ਸਥਿਤੀ ਵਿਚ ਸੁਧਾਰ ਆਏ ਹਨ। 1972 ਵਿੱਚ ਕਾਨੂੰਨੀ ਰੂਪ ਨਾਲ ਬੰਦੀ ਮਜ਼ਦੂਰੀ ਸਮਾਪਤ ਕਰ ਦਿੱਤੀ ਗਈ ਹੈ। ਭੂਮੀ ਸੁਧਾਰ ਪ੍ਰੋਗਰਾਮਾਂ ਦੇ ਕਾਰਣ ਖੇਤੀ ਮਜ਼ਦੂਰ ਦੀ ਸੰਖਿਆ ਵਿੱਚ ਲੋੜ ਅਨੁਸਾਰ ਵਾਧਾ ਹੋਇਆ ਹੈ। ਇਹ ਕਿਹਾ ਜਾਂਦਾ ਹੈ ਕਿ ਪੱਛਮੀ ਬੰਗਾਲ ਰਾਜ ਵਿੱਚ ਭੂਮੀ ਸੁਧਾਰ ਦੇ ਕਦਮ ਕਾਫ਼ੀ ਤੇਜ਼ੀ ਨਾਲ ਉੱਠੇ ਹਨ। ਇੱਥੇ ਆਮ ਕਿਸਾਨ ਦੀ ਸਲਾਨਾ ਆਮਦਨ ਵਿੱਚ ਵੀ ਵਾਧਾ ਹੋਇਆ ਹੈ। ਲੇਕਿਨ ਹਾਲੇ ਹੋਰ ਰਾਜ ਖੇਤੀ ਮਜ਼ਦੂਰ ਦੇ ਵਰਗ ਦੇ ਲਈ ਕੋਈ ਵਿਸ਼ੇਸ਼ ਕੰਮ ਨਹੀਂ ਕਰ ਪਾਏ ਹਨ।

ਨੋਟ

**(iii) ਕਾਰੀਗਰ (Artisans)** –

ਜਦ ਅਸੀਂ ਪੇਂਡੂ ਵਰਗ ਵਿਵਸਥਾ 'ਤੇ ਵਿਸ਼ਲੇਸ਼ਣ ਕਰਦੇ ਹਾਂ ਤਦ ਸਾਨੂੰ ਕਾਰੀਗਰਾਂ ਅਤੇ ਮਿਸਤਰੀਆਂ ਦਾ ਉਲੇਖ ਜ਼ਰੂਰ ਕਰਨਾ ਚਾਹੀਦਾ ਹੈ। ਇਹ ਵਰਗ ਵਿਵਸਥਾ ਇੱਕ ਸਮਾਨ ਭਾਗ ਹੈ। ਕਾਰੀਗਰ ਪ੍ਰਾਚੀਨ ਸਮੇਂ ਤੋਂ ਹੋਂਦ ਵਿੱਚ ਸਨ ਅਤੇ ਭਾਰਤੀ ਪਿੰਡਾਂ ਦੀ ਆਤਮ-ਨਿਰਭਰ ਤਸਵੀਰ ਵਿੱਚ ਯੋਗਦਾਨ ਦਿੰਦੇ ਹਨ। ਲੋਹਾਰ, ਘੁਮਿਆਰ ਆਦਿ ਪੇਂਡੂ ਕਾਰੀਗਰ ਹਨ। ਇਹ ਜ਼ਰੂਰੀ ਹੈ ਕਿ ਕਾਰੀਗਰ ਇਨ੍ਹਾਂ ਵਰਗਾਂ ਦਾ ਪਰੰਪਰਾਗਤ ਪੇਸ਼ਾ ਹੈ ਪਰ ਇਨ੍ਹਾਂ ਕੋਲ ਥੋੜੀ ਬਹੁਤ ਖੇਤੀ ਯੋਗ ਭੂਮੀ ਜ਼ਰੂਰ ਹੁੰਦੀ ਹੈ ਜੇਕਰ ਘੁਮਿਆਰ ਭਾਂਡੇ ਬਣਾਉਂਦਾ ਹੈ ਤਾਂ ਉਸਦੇ ਕੋਲ ਇੱਕ ਦੋ ਖੇਤ ਜ਼ਰੂਰ ਹੁੰਦੇ ਹਨ। ਇਸ ਤਰ੍ਹਾਂ ਪਿੰਡਾਂ ਵਿੱਚ ਕਾਰੀਗਿਰੀ ਦੇ ਨਾਲ-ਨਾਲ ਖੇਤੀ ਵੀ ਜ਼ਰੂਰ ਹੁੰਦੀ ਹੈ।

ਅੱਜ ਪੇਂਡੂ ਕਾਰੀਗਿਰੀ ਧੰਦਾ ਸੀਮਾਬੱਧ ਹੋ ਗਿਆ ਹੈ। ਇਨ੍ਹਾਂ ਦੇ ਕੰਮਾਂ ਵਿੱਚ ਵਿਚੋਲੀਏ ਆ ਗਏ ਹਨ ਅਤੇ ਲਾਭ ਦਾ ਬਹੁਤ ਵੱਡਾ ਭਾਗ ਇਹ ਵਿਚੋਲੀਏ ਲੈ ਜਾਂਦੇ ਹਨ। ਮੱਧ ਪ੍ਰਦੇਸ਼ ਦੇ ਚੰਦੇਰੀ ਦੀਆਂ ਸਾੜੀਆਂ ਸਾਰੇ ਦੇਸ਼ ਵਿੱਚ ਪ੍ਰਸਿੱਧ ਹਨ। ਲੇਕਿਨ ਇਥੋਂ ਦੇ ਕਾਰੀਗਰਾਂ ਦੀ ਆਰਥਿਕ ਸਥਿਤੀ ਵਿੱਚ ਕੋਈ ਸੁਧਾਰ ਨਹੀਂ ਹੋਇਆ ਹੈ। ਲਾਭ ਦਾ ਬਹੁਤ ਵੱਡਾਂ ਹਿੱਸਾ ਵਿਚੋਲੀਏ ਲੈ ਜਾਂਦੇ ਹਨ।

ਬ੍ਰਿਟਿਸ਼ ਕਾਲ ਵਿੱਚ ਭਾਰਤ ਵਿੱਚ ਖੇਤੀ ਜਿਮੀਂਦਾਰਾਂ ਅਤੇ ਜਗੀਰਦਾਂ ਦੇ ਹੱਥਾਂ ਵਿੱਚ ਸੀ। ਇਸ ਲਈ ਪੇਂਡੂ ਖੇਤਰ ਵਿੱਚ ਵਰਗ ਵਿਵਸਥਾ ਦਾ ਆਰੰਭ ਇਨ੍ਹਾਂ ਸਮੂਹਾਂ ਦੁਆਰਾ ਹੋਇਆ ਸੀ। ਇਧਰ ਅੰਗਰੇਜ਼ਾਂ ਦੇ ਬਸਤੀਵਾਦ ਨੇ ਦੇਸ਼ ਵਿੱਚ ਇੱਕ ਉਦਯੋਗਿਕ ਸਮਾਜ ਦੀ ਸਥਾਪਨਾ ਵੀ ਕਰ ਦਿੱਤੀ। 18ਵੀਂ ਸਦੀ ਵਿੱਚ ਜੋ ਉਦਯੋਗਿਕ ਕ੍ਰਾਂਤੀ ਯੂਰਪ ਵਿੱਚ ਆਈ ਸੀ, ਅੰਗਰੇਜ਼ੀ ਬਸਤੀਵਾਦ ਦੇ ਫਲਸਰੂਪ ਇਹ ਕ੍ਰਾਂਤੀ ਸਾਡੇ ਦੇਸ਼ ਵਿੱਚ ਵੀ ਆਈ। ਇੱਥੇ ਕਾਰਖਾਨੇ ਲੱਗੇ, ਉਦਯੋਗ-ਧੰਦੇ ਚੱਲੇ, ਛਪਾਈ ਮਸ਼ੀਨ ਆਈ ਅਤੇ ਸੰਚਾਰ ਸਾਧਨਾਂ ਦਾ ਸ਼ੁੱਭ ਆਰੰਭ ਹੋਇਆ। ਇਹ ਲੱਗਿਆ ਕਿ ਇਸ ਦੇਸ਼ ਵਿੱਚ ਵੀ ਉਦਯੋਗਿਕ ਸਮਾਜ ਆ ਗਿਆ ਹੈ। ਜਿੱਥੇ ਇੱਕ ਪਾਸੇ ਪੇਂਡੂ ਸਮਾਜ ਵਿੱਚ ਨਵੇਂ ਵਰਗ ਉੱਭਰ ਰਹੇ ਸਨ। ਉਥੇ ਵੱਡੇ-ਵੱਡੇ ਸ਼ਹਿਰਾਂ ਵਿੱਚ, ਜਿੱਥੇ ਉਦਯੋਗ ਧੰਦੇ ਚੱਲ ਰਹੇ ਸਨ, ਨਵੇਂ ਵਰਗ ਉੱਭਰ ਕੇ ਸਾਹਮਣੇ ਆਏ। ਵਰਗ ਉਦਯੋਗ ਸਮਾਜ ਪੈਦਾ ਹੋਇਆ।

| | |
|---|---|
| ਟਾਸਕ | ਵਰਗ ਰਚਨਾ ਤੋਂ ਤੁਸੀਂ ਕੀ ਸਮਾਝਦੇ ਹੋ ? |

ਭਾਰਤੀ ਸਮਾਜ ਵਿੱਚ ਅੰਗਰੇਜ਼ੀ ਬਸਤੀਵਾਦ ਦੇ ਫਲਸਰੂਪ ਅਤੇ ਸਥਾਈ ਨਿਵੇਸ਼ ਦੇ ਕਾਰਣ ਜੋ ਨਵੇਂ ਵਰਗ ਆਏ ਉਹ ਇਸ ਤਰ੍ਹਾਂ ਹਨ-

1. ਵਪਾਰੀ ਅਤੇ ਉਦਯੋਗਿਕ ਵਰਗ,
2. ਕਿੱਤਾ ਵਰਗ
3. ਛੋਟੇ ਵਪਾਰੀ ਅਤੇ ਦੁਕਾਨਦਾਰ, ਤੇ
4. ਮਜ਼ਦੂਰ ਵਰਗ

ਹੁਣ ਅਸੀਂ ਇਨ੍ਹਾਂ ਉਯੋਗਿਕ ਅਤੇ ਸ਼ਹਿਰੀ ਵਰਗਾਂ ਦਾ ਸਿਲਸਿਲੇਵਾਰ ਵਿਆਖਿਆ ਕਰਾਂਗੇ-

**1. ਵਪਾਰੀ ਅਤੇ ਉਦਯੋਗਿਕ ਵਰਗ (Business and Industrial Class)**

ਅੰਗਰੇਜ਼ ਜਦੋਂ ਸੰਨ 1600 ਵਿੱਚ ਭਾਰਤ ਆਏ, ਉਨ੍ਹਾਂ ਦਾ ਪ੍ਰਵੇਸ਼ ਇੱਕ ਕਾਰੋਬਾਰਾ ਕਰਨ ਵਾਲੀ ਕੰਪਨੀ ਦੇ ਰੂਪ ਵਿੱਚ ਸੀ। ਉਦੋਂ ਇਨ੍ਹਾਂ ਦਾ ਨਾਮ ਈਸਟ-ਇੰਡੀਆ ਕੰਪਨੀ ਸੀ। ਗੱਲ ਇਹ ਸੀ ਕਿ ਉਦਯੋਗਿਕ ਕ੍ਰਾਂਤੀ ਦੇ ਕਾਰਣ ਇੰਗਲੈਂਡ ਵਿੱਚ ਕਾਰਖਾਨਿਆਂ ਦਾ ਉਤਪਾਦਨ ਬਹੁਤ ਜ਼ਿਆਦਾ ਹੋ ਗਿਆ ਸੀ। ਉਥੋਂ ਦੇ ਵਪਾਰੀ ਚਹੁੰਦੇ ਸਨ ਕਿ ਜੇਕਰ ਏਸ਼ੀਆ ਵਿੱਚ ਨਵਾਂ ਬਜ਼ਾਰ ਖੁੱਲ੍ਹ ਜਾਵੇ ਤਾਂ ਉਨ੍ਹਾਂ ਦੀ ਵਿਕਰੀ ਨੂੰ ਨਵਾਂ ਮੌਕੇ ਮਿਲਣਗੇ। ਕੱਚਾ ਮਾਲ ਆਯਾਤ ਵਿੱਚ ਵੀ ਉਨ੍ਹਾਂ ਨੂੰ ਲਾਭ ਹੋਵੇਗਾ। ਇਹ ਤਾਂ ਇੱਕ ਸੰਯੋਗ ਸੀ ਕਿ ਵਪਾਰ ਕਰਨ ਵਾਲੇ ਅੰਗਰੇਜ਼ ਇੱਥੇ ਸ਼ਾਸਕ ਬਣ ਗਏ। ਬਜ਼ਾਰ ਦੀ ਇਸੇ ਤਲਾਸ਼ ਵਿੱਚ ਫ਼ਰਾਂਸ ਦੀਆਂ ਕੰਪਨੀਆ ਵੀ ਇਸ ਦੇਸ਼ ਵਿੱਚ ਆਈਆਂ। ਇਸ ਨਵੇਂ ਬਜ਼ਾਰ ਵਿੱਚ ਆਯਾਤ-ਨਿਰਯਾਤ ਦੇ ਵਪਾਰ ਨੂੰ ਅੱਗੇ ਵਧਾਇਆ।

ਹੁਣ ਦੇਸ਼ ਵਿੱਚ ਵਪਾਰੀਆਂ ਦਾ ਮੱਧ ਵਰਗ ਹੋਂਦ ਵਿੱਚ ਆਇਆ। ਰੇਲ ਦੀ ਸਥਾਪਨਾ ਦੇ ਨਾਲ ਇਸ ਧਨੀ ਵਪਾਰ ਮੱਧ ਵਰਗ ਦੀ ਜਮ੍ਹਾਂ ਹੋਈ ਬੱਚਤ ਨੇ ਹੋਰ ਬਹੁਤ ਜ਼ਿਆਦਾ ਤੇਜ਼ੀ ਨਾਲ, ਬਣਿਆ ਹੋਇਆ ਮਾਲ ਅਤੇ ਆਧੁਨਿਕ ਉਦਯੋਗਾਂ ਵਿੱਚ ਨਿਵੇਸ਼ ਦੇ ਤੌਰ 'ਤੇ ਲੱਗਣ ਵਾਲੀ ਪੂੰਜੀ ਦਾ ਰੂਪ ਧਾਰਨ ਕਰ ਲਿਆ। "ਅੰਗਰੇਜ਼ਾਂ ਦੀ ਤਰ੍ਹਾਂ ਜਿਨ੍ਹਾਂ ਨੇ ਭਾਰਤ ਵਿੱਚ ਉਦਯੋਗ ਦੀ ਸਥਾਪਨਾ ਵਿੱਚ ਅਗਵਾਈ ਕੀਤੀ, ਭਾਰਤੀਆਂ ਨੇ ਵੀ, ਚਾਹ ਬਾਗਾਂ, ਸੂਤੀ ਕੱਪੜੇ ਅਤੇ ਜੁਤਿਆਂ ਦੇ ਕਾਰਖਾਨਿਆਂ ਵਿੱਚ ਆਪਣਾ ਪੈਸਾ ਲਗਾਇਆ। ਇਸ ਪਰਕਾਰ ਭਾਰਤੀ ਸਮਾਜ ਦੀ ਰਚਨਾ ਵਿੱਚ ਮਿਲ ਮਾਲਕ, ਖਦਾਨ ਮਾਲਲ ਵਰਗੇ ਨਵੇਂ ਸਮੂਹ ਹੋਂਦ ਵਿੱਚ ਆਏ।" ਇਨ੍ਹਾਂ ਹੋਂਦ ਤੋਂ ਬਾਅਦ ਇਨ੍ਹਾਂ ਵਪਾਰੀਆਂ ਨੇ ਉਦਯੋਗਿਕ ਗਤੀਵਿਧੀਆਂ ਦੇ ਖੇਤਰ ਵਿੱਚ ਬਟਵਾਰਾ ਕੀਤਾ। ਆਰਥਿਕ ਅਤੇ ਸਮਾਜਿਕ ਰੂਪ ਨਾਲ ਇਹ ਵਰਗ ਭਾਰਤ ਦਾ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਵਰਗ ਬਣ ਗਿਆ।

ਇਹ ਸਹੀ ਹੈ ਕਿ ਅੰਗਰੇਜ਼ਾਂ ਨੇ ਜਿੰਨਾ ਨਿਵੇਸ਼ ਉਦਯੋਗ ਵਿੱਚ ਕੀਤਾ, ਉਸਦੀ ਤੁਲਨਾ ਭਾਰਤੀ ਪੂੰਜੀਪਤੀਆਂ ਜਿਵੇਂ ਟਾਟਾ, ਗੋਦਰੇਜ਼ ਅਤੇ ਬਿਰਲਾ ਦਾ ਨਿਵੇਸ਼ ਬਹੁਤ ਘੱਟ ਸੀ। ਇਸਦਾ ਕਰਨ ਇਹ ਸੀ ਕਿ ਅੰਗਰੇਜ਼ ਨਹੀਂ ਚਾਹੁੰਦੇ ਸਨ ਕਿ ਭਾਰਤੀ ਵਪਾਰੀ ਆਯਾਤ ਅਤੇ ਨਿਰਯਾਤ ਦੇ ਖੇਤਰ ਵਿੱਚ ਅੱਗੇ ਆਉਣ। ਅੰਗਰੇਜ਼ਾਂ ਦੇ ਨਾਲ ਹਿੱਤਾਂ ਦੇ ਟਕਰਾਓ ਦੇ ਫਲਸਰੂਪ ਭਾਰਤੀ ਵਪਾਰੀ ਅੰਤ ਉਦਯੋਗਿਕ ਵਰਗ ਨੇ ਆਜ਼ਾਦ ਸੰਗਠਨ ਬਣਾਏ। ਇਸ ਵਰਗ ਨੇ ਉਸ ਕਿੱਤਾ ਵਰਗ ਨੂੰ ਸਮਰਥਨ ਦੇ ਕੇ ਸੁਤੰਤਰ ਸਮਾਗਮਾਂ ਵਿੱਚ ਭਾਗ ਲਿਆ, ਜੋ ਕਿ ਭਾਰਤੀ ਰਾਸ਼ਟਰੀ ਅੰਦੋਲਨ ਦੇ ਆਧਾਰ ਸਨ। ਸਾਡੇ ਦੇਸ਼ ਵਿੱਚ ਸਾਰੇ ਜਾਣਦੇ ਹਨ ਕਿ ਬਿਰਲਾ ਅਤੇ ਬਜਾਜ ਘਰਾਣਿਆਂ ਨੇ ਆਜ਼ਾਦੀ ਦੀ ਲੜਾਈ ਵਿੱਚ ਗਾਂਧੀ ਜੀ ਦੀ ਬਹੁਤ ਆਰਥਿਕ ਸਹਾਇਤਾ ਕੀਤੀ ਸੀ।

ਆਜ਼ਾਦੀ ਪ੍ਰਾਪਤ ਤੋਂ ਬਾਅਦ ਦੇਸ਼ ਵਿੱਚ ਉਦਯੋਗੀਕਰਣ ਉੱਪਰ ਜ਼ੋਰ ਦਿੱਤਾ। ਨਹਿਰੂ ਜੀ ਨੂੰ ਇਹ ਵਿਸ਼ਵਾਸ ਸੀ ਕਿ ਜਦ ਤੱਕ ਦੇਸ਼ ਉਦਯੋਗਿਕ ਰੂਪ ਨਾਲ ਅੱਗੇ ਨਹੀਂ ਵਧੇਗਾ, ਦੇਸ਼ ਦਾ ਆਧੁਨੀਕਰਣ ਨਹੀਂ ਹੋ ਸਕਦਾ। ਪਰ ਉਸ ਸਮੇਂ ਗਾਂਧੀ ਜੀ ਦੀ ਵਿਚਾਰਧਾਰਾ ਸ਼ਕਤੀਸ਼ਾਲੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਦੇਸ਼ ਵਿੱਚ ਪੇਂਡੂ ਸਵਰਾਜ ਆਉਣਾ ਚਾਹੀਦਾ ਹੈ। ਇਸਦਾ ਮਤਲਬ ਹੋਇਆ ਸਵਦੇਸੀ ਅਤੇ ਖ਼ੁਦ ਹੀ ਦੇਸ਼ ਨੂੰ ਅੱਗੇ ਵਧਾਉਣ ਦੇ ਸਾਧਨ ਸਨ। ਗਾਂਧੀ ਜੀ ਨੇ ਚਰਖੇ, ਖੱਡੀ ਅਤੇ ਕੁਟੀਆ ਉਦਯੋਗਾਂ 'ਤੇ ਜ਼ੋਰ ਦਿੱਤਾ। ਇਨ੍ਹਾਂ ਦੋਨਾਂ ਦੀਆਂ ਵਿਚਾਰਧਾਰਾ ਵਿੱਚ ਨਹਿਰੂ ਜੀ ਨੇ ਸਮਝੌਤਾ ਕਤਿਾ। ਉਨ੍ਹਾਂ ਨੇ ਮਿਸ਼ਰਤ ਅਰਥ ਵਿਵਸਥਾ (Mixed Economy) ਨੂੰ ਉਤਸ਼ਾਹਿਤ ਕੀਤਾ। ਮਿਸ਼ਰਤ ਅਰਥ ਵਿਵਸਥਾ ਦਾ ਅਰਥ ਹੈ-ਅਰਤ ਵਿਵਸਥਾ ਨੂੰ ਰਾਜਸੀ (Public) ਅਤੇ ਨਿੱਜੀ (Private) ਖੇਤਰਾਂ ਵਿੱਚ ਵੰਡ ਦਿੱਤਾ ਜਾਏ। ਫਲਸਰੂਪ ਖੇਤੀ, ਉਦਯੋਗ ਅਤੇ ਵਪਾਰ ਵਰਗੇ ਮੁੱਖ ਖੇਤਰਾਂ ਨੂੰ ਨਿੱਜੀ ਖੇਤਰ ਦੇ ਵਿਅਕਤੀਆਂ ਦੇ ਲਈ ਛੱਡ ਦਿੱਤਾ ਗਿਆ। ਰਾਜ, ਬੁਨਿਆਦੀ ਰਚਨਾ ਦੇ ਵਿਕਾਸ 'ਤੇ ਭਾਰੀ ਅਤੇ ਮਹੱਤਵਪੂਰਨ ਉਦਯੋਗਾਂ ਦੀ ਸਥਾਪਨਾ ਦਾ ਫ਼ਰਜ਼ ਖ਼ੁਦ ਉਠਾਇਆ। ਇਸ ਪ੍ਰਕਾਰ ਦੀ ਅਰਥ ਵਿਵਸਥਾ ਦੇ ਕਾਰਣ ਪੂੰਜੀਪਤੀਆਂ ਦੇ ਮਲਕੀਅਤ ਵਾਲੇ ਉਨ੍ਹਾਂ ਦੁਆਰਾ ਨਿਯੰਤ੍ਰਿਤ ਉਦਯੋਗ ਦੀ ਸੰਖਿਆ ਵਿੱਚ ਅਸਧਾਰਨ ਵਾਧਾ ਹੋਇਆ। ਇਸ ਸਰਕਾਰੀ ਨੀਤੀ ਦੇ ਕਾਰਣ ਵਪਾਰੀਆਂ ਦਾ ਇੱਕ ਨਵਾਂ ਵਰਗ ਆਇਆ। ਦੇਖਿਆ ਜਾਏ ਤਾਂ ਸੁਤੰਤਰਤਾ ਪ੍ਰਾਪਤੀ ਦੇ ਬਾਅਦ ਦੇ ਕਾਲ 'ਤੇ ਵਪਾਰੀ ਅਤੇ ਵਿਗਿਆਨਿਕ ਵਰਗ ਆਕਾਰ ਅਤੇ ਸੰਖਿਆ ਦੋਨਾਂ ਵਿੱਚ ਵਧਿਆ। ਇਹ ਉਦਯੋਗ ਕੱਪੜਾ ਉਦਯੋਗ, ਜੁੱਤੇ, ਬਾਗ ਜਿਹੇ ਪਰੰਪਰਿਕ ਖੇਤਰਾਂ ਤੱਕ ਸੀਮਤ ਨਹੀਂ ਰਹੇ। ਹੋਇਆ ਇਹ ਕਿ ਸਟੀਲ ਉਦਯੋਗ ਵਿੱਚ ਭਾਰੀ ਵਿਸਥਾਰ ਹੋਇਆ। ਵਪਾਰੀ ਅਤੇ ਉਦਯੋਗਿਕ ਵਰਗ ਅੱਜ ਪ੍ਰਤੀਯੋਗਤਾ ਦੀ ਇੱਕ ਲੰਮੀ ਚੂਹਾ ਦੌੜ ਵਿੱਚੋਂ ਹੈ। ਦੇਖਿਆ ਇਹ ਜਾ ਰਿਹਾ ਹੈ ਕਿ ਦੇਸ਼ ਦੀ ਬਹੁਤ ਵੱਡੀ ਸੰਪਤੀ ਦਾ ਭਾਗ ਕੁੱਝ ਵਪਾਰਿਕ ਘਰਾਣਿਆਂ ਵਿੱਚ ਆ ਕੇ ਸਿਮਟ ਗਿਆ ਹੈ। ਸੇਲਿਗ ਹੇਰੀਸਨ ਨੇ ਤਾਂ ਇੰਡੀਅਨ ਮੋਸਟ ਡੇਂਜਰਸ ਡਿਕੇਡਸ (India's Most Dangerous Decades) ਵਿੱਚ ਕਿਹਾ ਹੈ ਕਿ ਦੇਸ਼ ਦੀ ਅਰਥ ਵਿਵਸਥਾ ਦੇ ਲਈ ਇਹ ਬਹੁਤ ਖ਼ਤਰਨਾਕ ਗੱਲ ਹੈ। ਦੇਸ਼ ਦੀ ਸੰਪਤੀ ਦਾ ਬਹੁਤ ਵੱਡਾ ਭਾਗ ਬਿਰਲਾ, ਡਾਲਮੀਆ, ਬਜਾਜ, ਸਿੰਘਾਨੀਆ, ਅੰਬਾਨੀ ਆਦਿ ਦੇ ਹੱਥਾਂ ਵਿੱਚ ਆ ਕੇ ਘੱਟ ਗਿਆ ਹੈ। ਹੇਰੀਸਨ ਦੀ ਇਸ ਚੇਤਾਵਨੀ ਨੇ ਨਹਿਰੂ ਜੀ ਨੂੰ ਵੀ ਪਰੇਸ਼ਾਨ ਕਰ ਦਿੱਤਾ ਸੀ।

2. ਵਪਾਰੀ ਵਰਗ **(Business Class)**

ਉਦਯੋਗਿਕ ਸਮਾਜ ਦੀ ਦੂਸਰੀ ਉਪਜ ਵਪਾਰੀ ਵਰਗ ਹੈ। ਅੰਗਰੇਜ਼ ਆਪਣੇ ਸ਼ਾਸਨ ਨੂੰ ਭਾਰਤ ਵਿੱਚ ਮਜ਼ਬੂਤ ਕਰਨਾ ਚਾਹੁੰਦੇ ਸਨ। ਉਹ ਆਪਣੀਆਂ ਜੜ੍ਹਾਂ ਗਹਿਰੀਆਂ ਕਰਨਾ ਚਾਹੁੰਦੇ ਸਨ। ਇਸਦੇ ਲਈ ਉਨ੍ਹਾਂ ਨੂੰ ਅਜਿਹੇ ਕੁਸ਼ਲ ਭਾਰਤੀਆਂ ਦੀ ਜ਼ਰੂਰਤ ਸੀ ਜੋ ਤਕਨੀਕੀ, ਡਾਕਟਰ, ਅਰਥ ਵਿਵਸਥਾ, ਪ੍ਰਸ਼ਾਸਨ ਆਦਿ ਵਿੱਚ ਕਾਰਗਰ ਰੂਪ ਵਿੱਚ ਕੰਮ ਕਰ ਸਕਣ। ਇਸ ਜ਼ਰੂਰਤ ਨੇ ਮੇਕਾਲੇ ਨੂੰ

ਨੋਟ

ਅੰਗਰੇਜ਼ੀ ਸਿੱਖਿਆ ਇਸ ਦੇਸ਼ ਵਿੱਚ ਲਾਗੂ ਕਰਨ ਲਈ ਪ੍ਰੇਰਿਤ ਕੀਤਾ। ਇਨ੍ਹਾਂ ਯਤਨਾਂ ਦੇ ਫਲਸਰੂਪ ਭਾਰਤ ਵਿੱਚ ਵਪਾਰੀਆਂ ਦੇ ਰੂਪ ਵਿੱਚ ਇੱਕ ਨਵਾਂ ਵਰਗ ਉੱਭਰ ਕੇ ਆਇਆ। ਇਸ ਵਪਾਰੀ ਵਰਗ ਵਿੱਚ ਆਧੁਨਿਕ ਵਕੀਲ, ਡਾਕਟਰ, ਅਧਿਆਪਕ, ਆਧੁਨਿਕ ਵਿਗਿਆਨਿਕ ਅਤੇ ਹੋਰ ਉਦਯੋਗਾਂ ਵਿੱਚ ਮੁਲਾਜ਼ਮੀ ਪ੍ਰਬੰਧ ਤੇ ਹੋਰ ਸਰਕਾਰੀ ਪ੍ਰਸ਼ਾਸਨਤੰਤਰ ਵਿੱਚ ਮੁਲਾਜ਼ਮੀ ਅਧਿਕਾਰੀ, ਇੰਜਨੀਅਰ, ਤਕਨੀਸ਼ੀਅਨ ਅਤੇ ਹੋਰ ਖੇਤੀ ਵਿਗਿਆਨੀ ਅਤੇ ਪੱਤਰਕਾਰ ਆਦਿ ਆਉਂਦੇ ਹਨ। ਰਾਸ਼ਟਰੀ ਅੰਦੋਲਨ ਵਿੱਚ ਇਸ ਵਰਗ ਦੀ ਭੂਮਿਕਾ ਨਿਰਣਾਇਕ ਸੀ। ਵੇਰਵੇ ਸਹਿਤ, ਇਹ ਲੋਕ ਆਗੂਆਂ ਅਤੇ ਨਵੇਂ ਆਯਾਮ ਤੇ ਗਤੀ ਸਥਾਪਿਤ ਕਰਨ ਵਾਲੇ ਸੀ। ਦੇਸ਼ ਵਿੱਚ ਪ੍ਰਗਤੀਸ਼ੀਲ ਸਮਾਜਿਕ ਅਤੇ ਧਤਰਮਿਕ ਸੁਧਾਰ ਅੰਦੋਲਨ ਦੇ ਪਿੱਛੇ ਇੰਨੇ ਲੋਕਾਂ ਦੀ ਸ਼ਕਤੀ ਸੀ।

ਜਦ ਭਾਰਤ ਵਿੱਚ ਪੰਜ ਸਾਲਾ ਯੋਜਨਾ ਦੇ ਮਾਧਿਅਮ ਨਾਲ ਉਦਯੋਗੀਕਰਣ ਅਤੇ ਸ਼ਹਿਰੀਕਰਣ ਨੂੰ ਹੌਂਸਲਾ ਦਿੱਤਾ ਤਾਂ ਦੇਸ਼ ਵਿੱਚ ਕਈ ਨਵੇਂ ਰੁਜ਼ਗਾਰ ਦੇ ਮੌਕੇ ਆਏ। ਇਸ ਦੇ ਨਾਲ ਸਰਕਾਰ ਨੇ ਪੂਰੇ ਦੇਸ਼ ਵਿੱਚ ਜਟਿਲ ਪ੍ਰਸ਼ਾਸ਼ਨਿਕ ਢਾਂਚੇ ਨਾਲ ਬਣੀ ਵਿਸ਼ਾਲ ਸੰਸਥਾਤਮਿਕ ਰਚਨਾ ਸਿਰਜੀ ਗਈ। ਇਨ੍ਹਾਂ ਨਾਲ ਬਹੁਤ ਵਾਡੇ ਪੈਮਾਨੇ 'ਤੇ ਰੁਜ਼ਗਾਰ ਦਿੱਤਾ ਹੈ। ਇਹ ਨਿੱਜੀ ਜਾਂ ਸਰਕਾਰੀ ਖੇਤਰਾਂ ਵਿੱਚ ਰੁਜ਼ਗਾਰ ਦੇ ਲਈ ਸਿੱਖਿਆ, ਟ੍ਰੇਨਿੰਗ, ਵਿਸ਼ੇਸ਼ ਯੋਗਤਾ ਆਦਿ ਵਰਗੀਆਂ ਯੋਗਤਾਵਾਂ ਨਿਰਧਾਰਿਤ ਕੀਤੀਆਂ ਗਈਆਂ। ਪ੍ਰਸ਼ਾਸ਼ਨਿਕ ਅਧਿਕਾਰੀ, ਪ੍ਰਬਮਧਕ ਅਧਿਕਾਰੀ, ਤਕਨੀਕੀ ਪ੍ਰਬੰਧਕ, ਡਾਕਟਰ, ਵਕੀਲ, ਅਧਿਆਪਕ ਆਦਿ ਕੁੱਝ ਸ਼੍ਰੇਣੀਆਂ ਹਨ ਜਿਨ੍ਹਾਂ ਕੋਲ ਅਜਿਹੀ ਕਾਬਲੀਅਤ ਹੈ।

"ਇਹ ਸਭ ਹਾਲਾਤ ਆਜ਼ਾਦੀ ਦੇ ਬਾਅਦ ਸੰਖਿਆ ਅਤੇ ਆਕਾਰ ਵਿੱਚ ਵਧੇ ਹਨ। ਇਸ ਵਿਵਸਥਾ ਵਿੱਚ ਸਭ ਤੋਂ ਉੱਚੇ ਸਥਾਨਾਂ 'ਤੇ ਕੁੱਝ ਜ਼ਿਆਦਾ ਤਨਖਾਹ ਪ੍ਰਾਪਤ ਅਧਿਕਾਰੀ ਹਨ। ਦੂਜੇ ਪਾਸੇ, ਇਨ੍ਹਾਂ ਵਿੱਚੋਂ ਜ਼ਿਆਦਾ ਦੀ ਤਨਖਾਹ ਗੈਰ-ਮਿਹਨਤੀ ਕੰਮ ਕਰਨ ਵਾਲਿਆਂ ਤੋਂ ਕੁੱਝ ਹੀ ਜ਼ਿਆਦਾ ਹੁੰਦੀ ਹੈ। ਇਨ੍ਹਾਂ ਦੇ ਕੰਮ ਦੀ ਸਥਿਤੀ ਅਤੇ ਅਹੁਦਾ ਉੱਨਤੀ ਦੇ ਮੌਕਿਆਂ ਵਿੱਚ ਵੀ ਲੋੜ ਅਨੁਸਾਰ ਅੰਤਰ ਹੁੰਦਾ ਹੈ। ਇਹ ਲੋਕ ਆਪਣੀ ਜੀਵਨਸ਼ੈਲੀ ਵਿੱਚ ਵੀ ਭਿੰਨ ਹੁੰਦੇ ਹਨ।

### 3. ਛੋਟੇ ਵਪਾਰੀ, ਦੁਕਾਨਦਾਰ ਅਤੇ ਆਂਗਠਿਤ ਮਜ਼ਦੂਰ

**(Small Traders, Shopkeepers and Unorganized Labour)**

ਮਹਾਂਨਗਰ, ਸ਼ਹਿਰ ਅਤੇ ਕਸਬੇ ਵਧਦੇ ਹੋਏ ਉਦਯੋਗਿਕ ਸਮਾਜ ਦਿਆਂ ਸੀਮਾਵਾਂ ਨੂੰ ਦੱਸਦੇ ਹਨ। ਵੱਡੇ ਸ਼ਹਿਰਾਂ ਵਿੱਚ ਵਪਾਰੀ ਅਤੇ ਉਦਯੋਗਿਕ ਵਰਗ ਸਮਾਜਿਕ ਰਚਨਾ ਨੂੰ ਨਵਾਂ ਚਰਿਤਰ ਦਿੰਦੇ ਹਨ। ਇਨ੍ਹਾਂ ਵੱਡੇ ਨਗਰਾਂ ਦੀਆਂ ਸੜਕਾਂ 'ਤੇ ਅਣਗਿਣਤ ਕਾਰਾਂ ਅਤੇ ਮੋਟਰਾਂ ਦੇ ਧੂੰਏ ਨੂੰ ਕਦੇ ਵੀ ਦੇਖਿਆ ਜਾ ਸਕਦਾ ਹੈ। ਸ਼ਾਮ ਹੁੰਦੇ-ਹੁੰਦੇ ਤਾਂ ਇਹ ਪ੍ਰਦੂਸ਼ਣ ਸਿਹਤ ਦੇ ਲਈ ਖ਼ਤਰਾ ਪੈਦਾ ਕਰ ਦਿੰਦਾ ਹੈ। ਕਿਸੇ ਵੀ ਸੜਕ 'ਤੇ ਤਾਂ ਰਸਤਾ 'ਜਾਮ' ਮਿਲੇਗਾ। ਇਹ ਸ਼ਹਿਰ ਝੋਂਪੜ-ਪੱਟੀਆਂ ਅਤੇ ਗੰਦੀਆਂ ਬਸਤੀਆਂ ਨਾਲ ਭਰੇ ਪਏ ਹਨ। ਦੂਜੇ ਪਾਸੇ ਸੁੰਦਰ ਅਤੇ ਆਲੀਸ਼ਾਨ ਮਕਾਨ ਸਾਰੇ ਪਾਸੇ ਦੇਖਣ ਨੂੰ ਮਿਲਦੇ ਹਨ। ਅਜਿਹੀ ਵਸੇਵੇ ਜਿੱਥੇ ਵਪਾਰੀ ਅਤੇ ਉਦਯੋਗਿਕ ਵਰਗ ਅਤੇ ਇਸ ਤਰ੍ਹਾਂ ਵਪਾਰੀ ਵਰਗ ਆਪਣੀ ਹਕੂਮਤ ਬਣਾਈ ਰੱਖਦੇ ਹਨ। ਇਹੀ ਇਸ ਵੱਡੀ ਵਸੋਂ ਵਿੱਚ ਛੋਟੇ ਵਪਾਰ, ਦੁਕਾਨਦਾਰ ਅਤੇ ਆਂਗਠਿਤ ਮਜ਼ਦੂਰ ਵੀ ਹੁੰਦੇ ਹਨ। ਜਿੱਥੇ ਸ਼ਹਿਰਾਂ ਦਾ ਵਿਕਾਸ ਹੋਇਆ ਹੈ, ਉਥੇ ਇਨ੍ਹਾਂ ਵਰਗਾਂ ਦਾ ਵਿਕਾਸ ਵੀ ਹੋਇਆ ਹੈ। ਛੋਟੇ ਵਪਾਰੀ ਅਤੇ ਦੁਕਾਨਦਾਰ ਇੱਕ ਐਸੀ ਕੜੀ ਹਨ ਜੋ ਉਤਪਾਦਕਾਂ ਅਤੇ ਥੋਕ ਵਿਕਰੇਤਾਵਾਂ ਨੂੰ ਜੋੜਦਾ ਹੈ।

ਆਜ਼ਾਦੀ ਪ੍ਰਾਪਤੀ ਦੇ ਬਾਅਦ ਛੋਟੇ ਵਪਤਰੀਆਂ, ਦੁਕਾਨਦਾਰਾਂ ਅਤੇ ਆਂਗਠਿਤ ਮਜ਼ਦੂਰ ਵਰਗਾਂ ਵਿੱਚ ਵਾਧਾ ਹੋਇਆ। ਸ਼ਹਿਰੀਕਰਣ ਦੀ ਪ੍ਰਕਿਰਿਆ ਵਿੱਚ ਸ਼ਹਿਰਾਂ ਦੇ ਅਨੋਖੇ ਵਾਧੇ ਨੇ ਇਸ ਵਰਗ ਨੂੰ ਉਤਸ਼ਾਹਿਤ ਕੀਤਾ ਹੈ। ਉਦਾਹਰਣ ਦੇ ਲਈ, ਦਿੱਲੀ ਸ਼ਹਿਰ ਨੂੰ ਲੈ ਲਉ, ਜਿੱਥੇ ਹਰ ਰੋਜ਼ ਕੋਈ 10 ਲੱਖ ਲੋਕ ਆਉਂਦੇ ਹਨ। ਇੱਥੋਂ ਦਾ ਸਦਰ ਬਜ਼ਾਰ ਸਭ ਤੋਂ ਵੱਡਾ ਬਜ਼ਾਰ ਹੈ। ਇਹ ਸ਼ਹਿਰ ਪ੍ਰਸ਼ਾਸਨ ਦਾ ਕੇਂਦਰ ਵੀ ਹੈ, ਸਿੱਖਿਆ ਕੇਂਦਰ ਵੀ ਹੈ ਅਤੇ ਐਸੇ ਅਣਗਿਣਤ ਘਰ-ਬਾਰ ਹਨ ਜਿੱਥੇ ਹਜ਼ਾਰਾਂ ਲੋਕਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਸ਼ਹਿਰੀਕਰਣ, ਰੁਜ਼ਗਾਰ ਅਤੇ ਨਵੀਆਂ ਸਰਗਰਮੀਆਂ ਦੀ ਭਿੰਨਤਾ ਪੇਸ਼ ਕਰਦੇ ਹਨ। ਵੱਧਦੀ ਸ਼ਹਿਰੀ ਜੰਨਸੰਖਿਆ ਅਨੇਕ ਪ੍ਰਕਾਰ ਦੀਆਂ ਜ਼ਰੂਰਤਾਂ ਅਤੇ ਸੇਵਾਵਾਂ ਦੀ ਮੰਗ ਪੈਦਾ ਕਰਦੀ ਹੈ। "ਛੋਟੇ ਵਪਾਰੀ ਅਤੇ ਦੁਕਾਨਦਾਰ, ਸ਼ਹਿਰੀ ਜੰਨਸੰਖਿਆ ਦੀਆਂ ਇਨ੍ਹਾਂ ਜ਼ਰੂਰਤਾਂ ਦੀ ਪੂਰਤੀ ਕਰਦੇ ਹਨ।"

ਸ਼ਹਿਰਾਂ ਵਿੱਚ ਆਂਗਠਿਤ ਮਜ਼ਦੂਰ ਵੀ ਹੁੰਦੇ ਹਨ। ਸੰਗਠਿਤ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਘੱਟ ਹੁੰਦੇ ਹਨ ਕਿਉਂਕਿ ਇਸਦੇ ਲਈ ਵਿਦਿਅਕ ਅਤੇ ਵਪਾਰਕ ਹੁਨਰ ਦੀ ਜ਼ਰੂਰਤ ਹੁੰਦੀ ਹੈ। ਜ਼ਿਆਦਾਤਰ ਪੇਂਡੂ ਨਿਵਾਸੀਆਂ ਵਿੱਚ ਇਹ ਯੋਗਤਾਵਾਂ ਨਹੀਂ ਇਸ ਕਰਕੇ ਉਨ੍ਹਾਂ

ਨੋਟ

ਲਈ ਸੰਗਠਿਤ ਖੇਤਰ ਬੰਦ ਰਹਿੰਦਾ ਹੈ। ਅਜਿਹੀ ਅਵਸਥਾ ਵਿੱਚ ਪੇਂਡੂ ਲੋਕ ਆਂਗਠਿਤ ਖੇਤਰ ਦਾ ਸਹਾਰਾ ਲੈਂਦੇ ਹਨ। ਇਹ ਲੋਕ ਛੋਟੇ ਉਦਯੋਗ, ਕਾਰੀਗਰੀ ਜਾਂ ਮਿਹਨਤਕਸ਼ ਕਿੱਤੇ ਵਿੱਚ ਕੰਮ ਕਰਦੇ ਹਨ। ਇਨ੍ਹਾਂ ਦੀ ਤਨਖਾਹ ਘੱਟ ਹੁੰਦੀ ਹੈ। ਇਨ੍ਹਾਂ ਨੂੰ ਉਹ ਲਾਭ ਵੀ ਨਹੀਂ ਮਿਲਦਾ ਜਿਵੇਂ ਨਿਵਾਸ, ਡਾਕਟਰ ਤਨਖਾਹੀ ਛੁੱਟੀ ਜੋ ਸੰਗਠਿਤ ਖੇਤਰ ਦੇ ਕੰਮ ਕਰਨ ਵਾਲਿਆਂ ਨੂੰ ਮਿਲਦਾ ਹੈ।

ਆਂਗਠਿਤ ਮਜ਼ਦੂਰ, ਇੱਕ ਬਿਖਰੀ ਹੋਈ ਸ਼੍ਰੇਣੀ ਹੈ। ਇਸਦੇ ਆਂਗਠਿਤ ਦੁਕਾਨਦਾਰ, ਵਪਾਰੀ, ਰੇੜ੍ਹੀ ਵਾਲੇ ਮਜ਼ਦੂਰ ਹੁੰਦੇ ਹਨ। ਦੂਜੇ ਪਾਸੇ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਥੋੜ੍ਹੀ ਮਿਹਨਤ ਜਾਂ ਘੱਟ ਮਿਹਨਤ ਵਾਲੇ ਹੁੰਦੇ ਹਨ। ਭਾਰਤ ਦੇ ਸ਼ਹਿਰੀ ਸਮੂਹਾਂ ਵਿੱਚ ਇਹ ਵਰਗ ਸਭ ਤੋਂ ਘੱਟ ਸੰਗਠਿਤ ਹੁੰਦਾ ਹੈ।

4. **ਮਜ਼ਦੂਰ ਵਰਗ (Labour Class)**

ਉਦਯੋਗਿਕ ਸਮਾਜਾਂ ਵਿੱਚ ਵਰਗ ਦੀ ਰਚਨਾ ਹੁੰਦੀ ਹੈ ਉਹ ਪੇਂਡੂ ਸਮਾਜ ਵਿੱਚ ਵੱਖ ਹੁੰਦੀ ਹੈ। ਉਥੇ ਵਰਗ ਦੀ ਰਚਨਾ ਖੇਤੀ ਆਧਾਰਿਤ ਹੁੰਦੀ ਹੈ ਅਤੇ ਉਦਯੋਗਿਕ ਸਮਾਜ ਵਿੱਚ ਇਹ ਰਚਨਾ ਉਦਯੋਗ ਆਧਾਰਿਤ ਹੁੰਦੀ ਹੈ। ਜਿੱਥੇ ਉਦਯੋਗ ਹੁੰਦੇ ਹਨ, ਉਥੇ ਵਪਾਰ ਵੀ ਹੁੰਦਾ ਹੈ ਅੰਤ ਸ਼ਹਿਰਾਂ ਦਾ ਇੱਕ ਬਹੁਤ ਵੱਡਾ ਦਰਜ਼ਾ ਮਜ਼ਦੂਰਾਂ ਦਾ ਹੁੰਦਾ ਹੈ। ਇਸ ਵਰਗ ਦਾ ਉਦੈ ਅੰਗਰੇਜ਼ੀ ਸ਼ਾਸਨਕਾਲ ਵਿੱਚ ਹੋਇਆ। ਉਸ ਸਮੇਂ ਵਿੱਚ ਇਹ ਵਰਗ ਰੇਲ ਉਦਯੋਗ, ਚਾਹ ਬਾਗ ਆਦਿ ਵਿੱਚ ਕੰਮ ਕਰਦਾ ਸੀ। ਜਿਵੇਂ-ਜਿਵੇਂ ਭਾਰਤ ਵਿੱਚ ਬਾਗ, ਕਾਰਖਾਨੇ, ਖਾਣ ਉਦਯੋਗ, ਆਵਾਜਾਈ, ਰੇਲ ਅਤੇ ਹੋਰ ਉਦਯੋਗਿਕ ਖੇਤਰ ਵਿਕਸਿਤ ਹੋਏ, ਉਵੇਂ-ਉਵੇਂ ਇਹ ਵਰਗ ਵੀ ਵਧਿਆ। ਦੇਖਿਆ ਜਾਏ ਤਾਂ ਸ਼ਹਿਰਾਂ ਦਾ ਮਜ਼ਦੂਰ ਵਰਗ ਗਰੀਬ ਕਿਸਾਨਾਂ ਦਾ ਹੈ ਜੋ ਪਿੰਡ ਛੱਡ ਕੇ ਸ਼ਹਿਰ ਵਿੱਚ ਆ ਗਏ ਹਨ। ਪਰੇਸ਼ਾਨੀ ਕਾਰੀਗਰਾਂ ਦੀ ਹੈ ਜੋ ਪੇਂਡੂ ਕਾਰੀਗਰੀ ਨੂੰ ਛੱਡ ਕੇ ਸ਼ਹਿਰ ਵਿੱਚ ਆ ਗਏ ਹਨ। ਬਹੁਤ ਥੋੜੇ ਵਿੱਚ ਕਹਿਣਾ ਚਾਹੀਦਾ, ਸ਼ਹਿਰੀ ਮਜ਼ਦੂਰ ਵਰਗ ਦਾ ਆਧਾਰ ਪਿੰਡ ਹੈ। ਸਾਰਕਾਰ ਨੇ ਮਜ਼ਦੂਰਾਂ ਦੀ ਸਥਿਤੀ ਨੂੰ ਸੁਧਾਰਨ ਦੇ ਲਈ ਕਈ ਨਿਯਮ ਬਣਾਏ ਹਨ। ਇਨ੍ਹਾਂ ਨਿਯਮਾਂ ਵਿੱਚ ਕਾਰੀਗਿਰੀ ਮੁਆਵਜਾ ਐਕਟ (Workman's Compensation Act), ਉਦਯੋਗ ਐਕਟ (Factories Act), ਖਾਨ ਐਕਟ (Miner's Act), ਵਰਗੇ ਪਾਸ ਕਤਿ ਗਏ ਹਨ। ਇਹ ਸਭ ਹੁੰਦੇ ਹੋਏ ਵੀ ਉਦਯੋਗਿਕ ਖੇਤਰ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਇਹ ਨਿਯਮ ਉਚਿਤ ਰੂਪ ਨਾਲ ਮਜ਼ਦੂਰਾਂ ਨੂੰ ਸੁਰੱਖਿਆ ਨਹੀਂ ਦੇ ਪਾਉਂਦੇ। ਖ਼ੁਦ ਮਜ਼ਦੂਰਾਂ ਨੇ ਵੀ ਆਪਣੇ ਸੰਗਠਨ ਬਣਾਏ ਹਨ। ਉਨ੍ਹਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸੰਗਠਨ ਸੁਭਾਵੀ ਰੂਪ ਨਾਲ ਕਿਸੇ ਨਾ ਕਿਸੇ ਰਾਜਨੀਤਕ ਦਲ ਦੇ ਨਾਲ ਜ਼ਰੂਰ ਜੁੜੀ ਹੋਈ ਹੈ।

## 7.2.1 ਭਾਰਤ ਵਿੱਚ ਮੱਧ ਵਰਗ ਦੇ ਨਿਕਾਸ ਦੀਆਂ ਪ੍ਰਸਥਿਤੀਆਂ

ਭਾਰਤ ਵਿੱਚ ਮੱਧ ਵਰਗ ਇਤਿਹਾਸ ਦੀ ਉਪਜ ਹੈ। ਇਸ ਦੇਸ਼ ਵਿੱਚ ਜਦ ਉਦਯੋਗ-ਧੰਦੇ ਬਹੁਤ ਥੋੜੇ ਸਨ ਅਤੇ ਇਸਦੀ ਪ੍ਰਵਿਰਤੀ ਇੱਕ ਖੇਤੀ ਪ੍ਰਧਾਨ ਦੇਸ਼ ਦੀ ਸੀ ਤਦ ਇੱਥੇ ਮੱਧ ਵਰਗ ਨਹੀਂ ਸੀ। ਪਿੰਡਾਂ ਵਿੱਚ ਪਰੰਪਰਾਗਤ ਅਮੀਰ ਵਰਗ ਸੀ, ਜੋ ਖਾਨਦਾਨੀ ਸੀ ਜਿਮੀਂਦਾਰ, ਜਗੀਰਦਾਰ ਅਤੇ ਦੂਜੀਆਂ ਜਾਤਾਂ ਦੇ ਲੋਕ ਸਮਾਜਿਕ ਵਿਵਸਥਾ ਵਿੱਚ ਉੱਚ ਸਥਾਨ ਰੱਖਦੇ ਸਨ। ਇਸ ਵਰਗ ਨੂੰ ਛੱਡ ਕੇ ਬਾਕੀ ਸਭ ਜਨਤਾ ਸੀ। ਇਸ ਅਮੀਰ ਵਰਗ ਵਿੱਚ ਇੱਕ ਨਸ਼ਾ ਸੀ। ਜੋ ਇਸਨੂੰ ਦੂਜੇ ਵਰਗਾਂ ਤੋਂ ਅਲੱਗ ਕਰ ਦਿੰਦਾ ਸੀ। ਹਿੰਦੀ ਦੇ ਕਹਾਣੀਕਾਰ ਪ੍ਰੇਮਚੰਦ ਨੇ ਇੱਕ ਕਹਾਣੀ ਲਿਖੀ ਸੀ ਜਿਸਦਾ ਸਿਰਲੇਖ ਨਸ਼ਾ ਸੀ। ਇਸ ਕਹਾਣੀ ਦਾ ਨਾਇਕ ਈਸ਼ਵਰੀ ਹੈ ਜੋ ਜਿਮੀਂਦਾਰ ਮਿੱਤਰ ਦੇ ਘਰ ਇੱਕ ਪ੍ਰਾਹੁਣੇ ਦੀ ਤਰ੍ਹਾਂ ਗਰਮੀਆਂ ਦੀਆਂ ਛੋਟੀਆਂ ਬਿਤਾਉਣ ਜਾਂਦਾ ਹੈ। ਸ਼ਾਮ ਦੇ ਹਨੇਰੇ ਵਿੱਚ ਉਹ ਆਪਣੇ ਕਮਰੇ ਵਿੱਚ ਬੈਠਾ ਹੈ। ਕੋਲ ਹੀ ਲਾਲਟੈਨ ਅਤੇ ਮਾਚਿਸ ਪਈ ਹੈ ਅਤੇ ਉਹ ਆਪ ਲਾਲਟੈਨ ਜਲਾਉਂਦਾ ਨਹੀਂ ਹੈ। ਉਸਨੂੰ ਹਨੇਰਾ ਪਸੰਦ ਹੈ। ਉਹ ਕਹਿੰਦਾ ਹੈ ਕਿ ਲਾਲਟੈਨ ਜਲਾਉਣ ਦਾ ਕੰਮ ਉਸਦਾ ਨਹੀਂ ਹੈ। ਇਹ ਜਿਮੀਂਦਾਰ ਦਾ ਨੌਕਰ ਹੀ ਜਲਾਏਗਾ। ਇਹ ਜਿਮੀਂਦਾਰੀ ਦਾ ਨਸ਼ਾ ਹੈ। ਪਰੰਪਰਾਗਤ ਮੱਧ ਵਰਗ ਇਸ ਦੇਸ਼ ਵਿੱਚ ਵਪਾਰੀਕਰਣ ਅਤੇ ਉਦਯੋਗੀਕਰਣ ਦੇ ਬਾਅਦ ਆਇਆ।

ਜੋਗਿੰਦਰ ਸਿੰਘ ਨੇ ਆਪਣੀ ਕਿਤਾਬ ਸ਼ੋਸ਼ਲ ਚੇਂਜ ਇੰਨ ਇੰਡੀਆ : ਕਰਾਈਸਿਸ ਐਂਡ ਰੇਜੀਲੇਂਸ , 1993 (Social Change in India: Crises and Resilience, 1993) ਵਿੱਚ ਕਿਹਾ ਹੈ ਕਿ ਭਾਰਤ ਵਿੱਚ ਮੱਧ ਵਰਗ ਦਾ ਨਿਕਾਸ ਵਪਾਰੀਕਰਣ ਦਾ ਵੱਧਾ ਅਤੇ ਉਦਯੋਗਿਕ ਵਿਕਾਸ ਨਾਲ ਆਇਆ ਹੈ। ਅੰਗਰੇਜ਼ਾਂ ਨੇ ਸਾਡੇ ਇੱਥੇ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਇਸਦੇ ਕਾਰਣ ਵਿਦੇਸ਼ੀ ਅਤੇ ਸਥਾਈ ਅਮੀਰਾਂ ਨੇ ਪੂੰਜੀ ਦਾ ਨਿਵੇਸ਼ ਉਦਯੋਗ ਅਤੇ ਤਕਨੀਕੀ ਦੋਨਾਂ ਵਿੱਚ ਕੀਤਾ। ਇਸਦਾ ਨਤੀਜਾ ਇਹ ਹੋਇਆ ਕਿ ਇੱਥੇ ਉੱਧਮਸ਼ੀਲਤਾ (Entrepreneurship) ਦਾ ਤੇਜ਼ੀ ਨਾਲ ਵਿਕਾਸ ਹੋਇਆ। ਨਤੀਜਾ ਇਹ ਹੋਇਆ ਕਿ ਸ਼ਹਿਰਾਂ ਵਿੱਚ ਮੱਧ ਵਰਗ ਦਾ ਨਿਕਾਸ ਹੋਇਆ ਅਤੇ ਇੱਧਰ ਪਿੰਡਾਂ ਵਿੱਚ ਵੀ ਇਸ ਤਰ੍ਹਾਂ ਦ ਇੱਕ ਨਵਾਂ ਵਰਗ ਪੈਦਾ ਹੋ ਗਿਆ। ਹੁਣ ਜ਼ਿਆਦਾ ਮਾਤਰਾ

ਨੋਟ

ਵਿੱਚ ਸਰਕਾਰੀ ਕਰਮਚਾਰੀ ਪਿੰਡਾਂ ਵਿੱਚ ਪ੍ਰਵੇਸ਼ ਕਰਨ ਲੱਗੇ। ਇਸ ਤੋਂ ਪਹਿਲਾਂ ਜੇਕਰ ਪਿੰਡਾਂ ਵਿੱਚ ਕੋਈ ਸਾਰਕਾਰੀ ਕਰਮਚਾਰੀ ਸੀ ਤਾਂ ਉਹ ਸੀ, ਪੁਲਿਸ ਦਾ ਸਿਪਾਹੀ ਸੀ ਜਾਂ ਜੰਗਲ ਦਾ ਗਾਰਡ ਸੀ। ਮੱਧ ਵਰਗ ਦੇ ਨਾਮ 'ਤੇ ਇਹ ਗਿਣੇ-ਚੁਣੇ ਤਿੰਨ ਚਾਰ ਲੋਕ ਸਨ। ਪਰ ਜਦ 1950 ਦੇ ਬਾਅਦ ਬਰਾਦਰੀ ਵਿਕਾਸ ਖੰਡ ਆਰੰਭ ਕੀਤਾ ਗਿਆ ਤਦ ਇੱਕ ਪੂਰੇ ਦਾ ਪੂਰਾ ਸਰਕਾਰੀ ਵਿਵਸਥਾ ਪਿੰਡਾਂ ਵਿੱਚ ਪੈਦਾ ਹੋ ਗਈ। ਗਰਾਮ ਸੇਵਕ ਤੋਂ ਲੈਕੇ ਵਿਕਾਸ ਅਧਿਕਾਰੀ ਤੱਕ ਗ੍ਰਾਮੀਣ ਵਿਕਾਸ ਦੇ ਅਹੁਦੇਦਾਰ ਬਣਕੇ ਆ ਗਏ ਅਤੇ ਇੱਧਰ ਦੂਸਰੇ ਪਾਸੇ ਕਿਸਾਨੀ ਵਿੱਚ ਪੰਜ ਸਾਲਾ ਯੋਜਨਾਵਾਂ ਦੇ ਕਾਰਣ ਉਤਪਾਦਨ ਵੱਧ ਗਿਆ। ਉਤਪਾਦਨ ਹੁਣ ਬਜ਼ਾਰ ਵਿੱਚ ਆਉਣ ਲੱਗਾ। ਮਤਲਬ ਕਿ ਉਤਪਾਦਨ ਹੁਣ ਕਿਸਾਨ ਖ਼ੁਦ ਦੇ ਉਪਯੋਗ ਦਾ ਨਾ ਹੋਕੇ ਬਜ਼ਾਰ ਵਿੱਚ ਵਿਕਰੀ ਦੇ ਲਈ ਆਉਣ ਲੱਗਾ। ਹਰੀ ਕ੍ਰਾਂਤੀ ਆਈ ਅਤੇ ਕਿਸਾਨੀ ਵਿੱਚ ਪੂੰਜੀਵਾਦੀ ਦੀ ਸ਼ੁਰੂਆਤ ਹੋਈ। ਇਨ੍ਹਾਂ ਸਭ ਕਾਰਣਾਂ ਨੇ ਪਿੰਡਾਂ ਵਿੱਚ ਵੀ ਮੱਧ ਵਰਗ ਨੂੰ ਪੈਦਾ ਕੀਤਾ। ਇੱਥੇ ਅਸੀਂ ਸਿਲਸਿਲੇ ਵਿੱਚ ਭਾਰਤ ਵਿੱਚ ਮੱਧ ਵਰਗ ਦੇ ਨਿਕਾਸ ਦਾ ਉਲੇਖ ਕਰਾਂਗੇ:

1. ਵਪਾਰਿਕ ਅਤੇ ਅਦਯੋਗਿਕ ਉਧਮਸ਼ੀਲਤਾ

**(Business and Industrial Entrepreneurship) -**

ਪੰਜ ਸਾਲਾ ਯੋਜਨਾਵਾਂ ਦੇ ਫਲਸਰੂਪ ਭਾਰਤ ਵਿੱਚ ਵਪਾਰਿਕ ਵਰਗ ਦਾ ਪੈਦਾ ਹੋਇਆ। ਇਹ ਬਰਗ ਉਤਪਾਦਕਾਂ ਦਾ ਜੋ ਵੀ ਪਦਾਰਥ ਹੁੰਦਾ ਹੈ ਉਸਨੂੰ ਬਜ਼ਾਰ ਵਿੱਚ ਪਹੁੰਚਾਉਂਦੇ ਹਨ। ਆਰੰਭ ਵਿੱਚ ਇਹ ਵਪਾਰੀ ਵਰਗ ਪਰੰਪਰਾਗਤ ਵਰਗ ਸੀ। ਵਪਾਰੀ ਵਰਗ ਦਾ ਸਮਾਜਿਕ ਪਿਛੋਕੜ ਬਹੁਤ ਸੀਮਿਤ ਸੀ। ਕੁੱਝ ਜਾਤੀਆਂ ਨੂੰ ਬਾਣੀਆ ਕਹਿੰਦੇ ਹਨ। ਰਾਜਸਥਾਨ ਤੋਂ ਬਾਹਰ ਸਾਰਾ ਦੇਸ਼ ਇਨ੍ਹਾਂ ਜਾਤੀਆਂ ਨੂੰ ਮਾਰਵਾੜੀ ਕਹਿੰਦਾ ਹੈ। ਅਗਰਵਾਲ, ਮਹੇਸ਼ਵਰੀ, ਖੰਡੇਵਾਲ, ਪੋਰਵਾਲ ਆਦਿ ਵਪਾਰੀ ਜਾਤੀਆਂ ਹਨ। ਹੁਣ ਇਸ ਨਵੇਂ ਦੌਰ ਵਿੱਚ ਵਪਾਰੀਆਂ ਦਾ ਪਿਛੋਕੜ ਬਹੁਤ ਫ਼ੈਲਿਆ ਹੈ। ਹੁਣ ਗੈਰ-ਵਪਾਰੀ ਜਾਤੀਆਂ ਵੀ ਖੁੱਲ੍ਹ ਕੇ ਵਪਾਰ ਵਿੱਚ ਆ ਗਈਆਂ। ਬਜ਼ਾਰ ਬਾਣੀਆਂ ਦਾ ਹੀ ਨਹੀਂ ਰਿਹਾ, ਸਾਰੀਆਂ ਜਾਤਾਂ ਦੇ ਕਈ ਵੀ ਖੁੱਲ੍ਹਾ ਹੈ। ਨਤੀਜਾ ਇਹ ਹੋਇਆ ਕਿ ਵਰਗਾਂ ਨੇ ਵਪਾਰ (Mercantile) ਨੂੰ ਆਪਣਾ ਕਿੱਤਾ ਬਣਾ ਲਿਆ। 10-20 ਸਾਲਾਂ ਵਿੱਚ ਸ਼ਹਿਰਾਂ ਵਿੱਚ ਮੱਧ ਵਰਗ ਦਾ ਆਕਾਰ ਦੁੱਗਣਾ ਹੋ ਗਿਆ।

ਜਿੱਥੇ ਵਪਾਰ ਦਾ ਵਿਕਾਸ ਹੋਇਆ ਉਥੇ ਇਕ ਨਵੀਂ ਸੰਸਕ੍ਰਿਤੀ, ਉਦਯੋਗਿਕ ਪੂੰਜੀਵਾਦ ਦੀ ਆਈ। ਜੋਗਿੰਦਰ ਸਿੰਘ ਕਹਿੰਦੇ ਹਨ ਕਿ ਵਪਾਰ ਅਤੇ ਉਦਯੋਗਿਕ ਪੂੰਜੀਵਾਦ ਨੇ ਇੱਕ ਨਵੀਂ ਪ੍ਰਕਿਰਿਆ ਦਾ ਆਰੰਭ ਕੀਤਾ ਅਤੇ ਇਹ ਪ੍ਰਕਿਰਿਆ ਆਧੁਨੀਕਰਨ ਦੀ ਸੀ। ਆਧੁਨੀਕਰਨ ਨੇ ਮੱਧ ਵਰਗ ਦੇ ਲੋਕਾਂ ਨੂੰ ਵਿਕਾਸ ਦੇ ਨਵੇਂ ਮੌਕੇ ਦਿੱਤੇ ਅਤੇ ਇਸ ਤਰ੍ਹਾਂ ਮੱਧ ਵਰਗ ਉਦਯੋਗਿਕ ਸ਼ਹਿਰਾਂ ਅਤੇ ਪਿੰਡਾਂ ਵਿੱਚ ਵੀ ਵਿਕਸਿਤ ਹੋ ਗਿਆ।

2. ਬਸਤੀਵਾਦ **(Colonialism) -**

ਪਵਨ ਕੁਮਾਰ ਵਰਮਾ ਨੇ ਮੱਧ ਵਰਗ ਦੀ ਉਤਪਤੀ ਨੂੰ ਬਸਤੀਵਾਦ ਦੇ ਨਾਲ ਜੋੜਿਆ। ਉਨ੍ਹਾਂ ਦਾ ਕਹਿਣਾ ਹੈ ਕਿ ਬਸਤੀਵਾਦ ਨੇ ਅਤੇ ਖਾਸਕਰ 1835 ਵਿੱਚ ਮੈਕਾਲੇ ਨੇ ਆਪਣੀ ਪ੍ਰਸਿੱਧ ਸਿੱਖਿਆ ਸੰਬੰਧੀ ਕੰਮ ਦੇ ਦਾਇਰੇ ਵਿੱਚ ਵਿਸਥਾਰ ਵਿੱਚ ਮੱਧ ਵਰਗ ਦਾ ਉਲੇਖ ਕੀਤਾ ਹੈ। ਉਨ੍ਹਾਂ ਨੇ ਕਿਹਾ:

ਅਸੀਂ ਇਸ ਸਮੇਂ ਇੱਕ ਐਸੇ ਵਰਗ ਦੀ ਰਚਨਾ ਕਰਨ ਦੇ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਅਸੀਂ ਅਤੇ ਸਾਡੇ ਕਰੋੜਾਂ ਸੰਚਾਲਿਤਾਂ ਦੇ ਵਿੱਚ ਦੁਭਾਸ਼ੀਏ ਦੀ ਭੂਮੀਕਾ ਨਿਭਾ ਸਕੇ ਭਾਵ ਵਿਅਕਤੀਆਂ ਦਾ ਇੱਕ ਐਸਾ ਵਰਗ ਜੋ ਰਕਤ ਅਤੇ ਚਮੜੀ ਦੇ ਰੰਗ ਵਿੱਚ ਤਾਂ ਭਾਰਤੀ ਹੋ ਪਰ ਰੂਚੀ, ਸਲਾਹ, ਨੈਤਿਕ ਮਾਪਦੰਡ ਅਤੇ ਪ੍ਰਤਿਭਾ ਵਿੱਚ ਅੰਗਰੇਜ਼ ਹਨ।

ਅੰਗਰੇਜ਼ਾ ਦੀ ਇਸ ਨੀਤੀ ਦੇ ਮੱਧ ਵਰਗ ਨੂੰ ਸਥਾਪਿਤ ਕਰਨ ਵਿੱਚ ਸਫ਼ਲਤਾ ਦਿੱਤੀ। ਸਥਿਤੀ ਇਹ ਹੋ ਗਈ ਕਿ ਹੌਲੀ-ਹੌਲੀ ਇੱਕ ਨਵਾਂ ਵਰਗ ਬਣ ਗਿਆ ਅਤੇ ਇਸ ਨੇ ਅੰਗਰੇਜ਼ੀ ਭਾਸ਼ਾ ਦੇ ਮੱਧ ਤੋਂ ਪੱਛਮੀ ਸੰਸਕ੍ਰਿਤੀ ਨੂੰ ਸਵਕਿਾਰ ਕਰ ਲਿਆ। ਸਡਾ ਦੇਸ਼ ਵਿੱਚ ਵਾਂ ਇੱਕ ਨਵਾਂ ਅੰਦੋਲਨ ਚੱਲਿਆ ਜਿਸ ਨੂੰ ਕਿਆਮਤਵਾਦੀ ਅੰਦੋਲਨ ਕਹਿੰਦੇ ਹਨ। ਇਸਦੇ ਮੋਢੀ ਬ੍ਰਹਮਾ ਸਮਾਜ ਅਤੇ ਆਰੀਆ ਸਮਾਜ ਸਨ। 1830 ਵਿੱਚ ਬ੍ਰਹਮਾ ਸਮਾਜ ਦੀ ਸਥਾਪਨਾ ਕਰਨ ਵਾਲੇ ਰਾਜਾ ਰਾਮ ਮੋਹਨ ਰਾਏ ਖ਼ੁਦ ਵੀ ਅੰਗਰੇਜ਼ੀ ਸਿੱਖਿਆ ਦੇ ਮਹਾਨ ਹਿਮਾਇਤੀ ਸਨ। ਬਸਤੀਵਾਦ ਦੀ ਇਸ ਨੀਤੀ ਨੇ ਮੱਧ ਵਰਗ ਦੇ ਨਿਕਾਸ ਵਿੱਚ ਇੱਕ ਪ੍ਰਚੰਡ ਭੂਮੀਕਾ ਨਿਭਾਈ। ਇੱਥੇ ਇਹ ਕਹਿਣਾ ਚਾਹੀਦਾ ਹੈ ਕਿ ਬਸਤੀਵਾਦ ਦੇ ਮੱਧ ਵਰਗ ਨੇ ਵਿਦੇਸ਼ੀ ਸੱਤਾ ਨੂੰ ਬਣਾਏ ਰੱਖਣ ਵਿੱਚ ਬੜੀ ਮਦਦ ਕੀਤੀ। 1873 ਵਿੱਚ ਬੰਕਿਮਚੰਦਰ ਚੈਟਰਜ਼ੀ ਨੇ ਇਸ ਮੱਧ ਵਰਗ ਦੀ ਗਤੀਵਿਥੀਆਂ 'ਤੇ ਮਜ਼ਾਕ ਕਰਦੇ ਹੋਏ ਲਿਖਿਆ ਸੀ :

ਨੋਟ

ਇਹ ਬਾਬੂ ਕਾਫ਼ੀ ਗਾਲੜੀ, ਇੱਕ ਖ਼ਾਸ ਵਿਦੇਸ਼ੀ ਭਾਸ਼ਾ ਵਿੱਚ ਪੂਰਾ ਅਤੇ ਆਪਣੀ ਮਾਤ-ਭਾਸ਼ਾ ਨੂੰ ਨੀਵੀਂ ਨਿਗਾਹ ਨਾਲ ਦੇਖਣ ਬਾਲੇ ਹੋਣਗੇ......ਕੁੱਝ ਬੇਹੱਦ ਯੋਗ ਬਾਬੂ ਤਾਂ ਐਸੇ ਵੀ ਹੋਣਗੇ ਕਿ ਆਪਣੀ ਮਾਤ-ਭਾਸ਼ਾ ਵਿੱਚ ਗੱਲਬਾਤ ਤੱਕ ਕਰਨ ਵਿੱਚ ਅਸਮਰੱਥ ਨਿਕਲਣਗੇ। ਵਿਸ਼ਨੂੰ ਦੀ ਤਰ੍ਹਾਂ ਉਨ੍ਹਾਂ ਦੇ ਵੀ ਦਸ ਅਵਤਾਰ ਹੋਣਗੇ:

ਕਲਰਕ, ਅਧਿਆਪਕ, ਬ੍ਰਹਮਾ ਸਮਾਜ ਦੇ ਮੈਂਬਰ, ਮੁਨੀਮ, ਡਾਕਟਰ, ਵਕੀਲ, ਮੈਜਿਸਟ੍ਰੇਟ, ਜਿਮੀਂਦਾਰ, ਸੰਪਾਦਕ ਅਤੇ ਬੇਰੁਜ਼ਗਾਰ...... ਇਹ ਬਾਬੂ ਘਰ ਵਿੱਚ ਜਲਪਾਨ ਅਤੇ ਦੋਸਤਾਂ ਦੇ ਘਰ 'ਤੇ ਖਾਣਪਾਨ ਕਰਣਗੇ। ਇਹ ਵੇਸ਼ਵਾ ਦੇ ਅੱਡੇ 'ਤੇ ਗਲੀਆਂ ਅਤੇ ਮਾਲਕਾਂ ਤੋਂ ਫਟਕਾਰ ਖਾਂਦੇ ਹਨ। ਅੰਗਰੇਜ਼ੀ ਸ਼ਾਸ਼ਨਕਾਲ ਵਿੱਚ ਜੋ ਮੱਧ ਵਰਗ ਪੈਦਾ ਹੋਇਆ ਉਸਦੀ ਮੁੱਖ ਚਿੰਤਾ ਸਰਕਾਰੀ ਢਾਂਚੇ ਵਿੱਚ ਨੌਕਰੀ ਅਤੇ ਸੇਵਾ ਯੋਜਨਾ 'ਤੇ ਕੇਂਦਰਿਤ ਸੀ। ਜਿਨ੍ਹਾਂ ਨੂੰ ਨੌਕਰੀ ਮਿਲ ਗਈ ਸੀ ਅਤੇ ਖ਼ਾਸ ਤੌਰ 'ਤੇ ਜਿਨ੍ਹਾਂ ਨੇ ਥੋੜੇ ਉੱਚੇ ਹਲਕਿਆਂ ਵਿੱਚ ਨੌਕਰੀ ਹਾਸਿਲ ਕਰ ਲਈ ਸੀ ਉਨ੍ਹਾਂ ਦੇ ਆਚਰਣ ਦਾ ਉਲੇਖ ਪਹਿਲੂ ਅੰਗਰੇਜ਼ੀ ਅਫ਼ਸਰਾਂ ਦੀ ਤਰਜ਼ 'ਤੇ ਆਪਣੇ ਵਿਅਕਤੀਤਵ ਦਾ ਵਿਕਾਸ ਕਰਨ ਦੀ ਕੋਸ਼ਿਸ਼ ਸੀ। ਨਹਿਰੂ ਮੱਧ ਵਰਗ ਦੇ ਇਸ ਪ੍ਰਕਾਰ ਦੇ ਨਿਕਾਸ ਤੋਂ ਫਿਕਰ ਵਿੱਚ ਸਨ। ਉਨ੍ਹਾਂ ਨੇ ਕਿਹਾ ਕਿ ਅਫ਼ਸਰੀ ਅਤੇ ਨੌਕਰੀ ਦਾ ਇਹ ਮਹੌਲ ਸੰਪੂਰਨ ਭਾਰਤੀ ਮੱਧ ਵਰਗ 'ਤੇ ਛਾ ਗਿਆ ਸੀ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਇਹ ਮੱਧ ਵਰਗ ਬੁੱਧਜੀਵੀਆਂ, ਵਕਾਲਤ ਕਰਨ ਵਾਲੇ ਅਤੇ ਡਾਕਟਰੀ ਕਰਨ ਵਾਲੇ ਨੇ ਵਿਸ਼ੇਸ਼ ਰੂਪ ਤੋਂ ਅਪਣਾ ਲਿਆ ਸੀ। ਅਰਧਸ਼ਾਸਕੀ ਯੂਨੀਵਰਸਿਟੀਆਂ ਦੇ ਅਕਾਦਮਿਕ ਵਿਭਾਗ ਵੀ ਐਸੇ ਲੋਕਾਂ ਨਾਲ ਭਰ ਗਏ ਸਨ। ਗਾਂਧੀ ਜੀ ਵੀ ਅੰਗਰੇਜ਼ੀ ਸ਼ਾਸਨ ਕਾਲ ਵਿੱਚ ਵਿਕਸਿਤ ਹੋਏ ਮੱਧ ਵਰਗ ਤੋਂ ਪਰੇਸ਼ਾਨ ਸਨ। 1903 ਵਿੱਚ ਸ਼ੁਰੂ ਹੋਏ ਵਿਦੇਸ਼ੀ ਅੰਦੋਲਨ ਨੇ ਗਣਪਤੀ ਅਤੇ ਅਤੇ ਸ਼ਿਵਜੀ ਮਹਾਂਉਪਸਵ ਜਿਹੇ ਪਰੰਪਰਾਗਤ ਪ੍ਰਸਿੱਧ ਤਿਉਹਾਰਾਂ ਅਤੇ ਮੇਲਿਆਂ 'ਤੇ ਜ਼ੋਰ ਦੇ ਕੇ ਅਤੇ ਬੰਗਾਲ ਦੇ ਜਾਤਰਾ ਜਿਹੇ ਲੋਕ-ਨਾਟਕ ਰੂਪਾਂ ਦਾ ਇਸਤੇਮਾਲ ਕਰਕੇ ਰਾਸ਼ਟਰੀ ਨੇਤਾਵਾਂ ਨੇ ਮੱਧ ਵਰਗ ਨੂੰ ਤੋੜਣ ਦੀ ਕੋਸ਼ਿਸ਼ ਕੀਤੀ। ਪਰ ਇਸਦਾ ਅਸਰ ਨਾ ਤਾਂ ਟਿਕਾਉ ਸਾਬਿਤ ਹੋਇਆ ਅਤੇ ਨਾ ਹੀ ਸ਼ਹਿਰੀ ਮੱਧ ਵਰਗ ਤੋਂ ਅੱਗੇ ਵੱਧ ਸਕਿਆ। ਆਜ਼ਾਦੀ ਦੀ ਲੜਾਈ ਵਿੱਚ ਇਸ ਮੱਧ ਵਰਗ ਨੇ ਹਾਸ਼ੀਏ 'ਤੇ ਖੜ੍ਹੇ ਹੋਕੇ ਇਨ੍ਹਾਂ ਸਾਰੇ ਤਮਾਸ਼ਿਆਂ ਨੂੰ ਦੇਖਿਆ। ਇਤਿਹਾਸਕਾਰ ਰਵਿੰਦਰ ਕੁਮਾਰ ਨੇ ਆਜ਼ਾਦੀ ਦੀ ਲੜਾਈ ਦਾ ਲੇਖਾ-ਜੋਖਾ ਕਰਕੇ ਕਿਹਾ ਕਿ 1930 ਦੇ ਦਹਾਕੇ ਤੱਕ ਰਾਸ਼ਟਰੀ ਅੰਦੋਲਨ ਵਿੱਚ ਮੱਧ ਦੀ ਭੂਮੀਕਾ ਨਾ-ਬਰਾਬਰ ਸੀ।

3. **ਆਜ਼ਾਦ ਭਾਰਤ (Independent India)** - ਆਜ਼ਾਦੀ ਪ੍ਰਾਪਤ ਕਰਨ ਦੇ ਬਾਅਦ ਨਹਿਰੂ ਜੀ ਨੇ ਭਾਰਤ ਦੀ ਰਾਸ਼ਟਰੀ ਨੀਤੀ ਦਾ ਆਧੁਨੀਕਰਨ ਕੀਤਾ। ਉਨ੍ਹਾਂ ਨੇ ਉਦਯੋਗੀਕਰਨ 'ਤੇ ਜ਼ੋਰ ਦਿੱਤਾ। ਹੁਣ ਅਸੀਂ ਨਿਸ਼ਚਿਤ ਤਬਦੀਲੀ ਨੂੰ ਆਪਣਾ ਟੀਚਾ ਬਣਾਇਆ ਹੈ। ਇਨ੍ਹਾਂ ਨੀਤੀਆਂ ਦੇ ਨਿਰਮਾਨ ਵਿੱਚ ਮੱਧ ਵਰਗ ਦੇ ਹਿੱਤਾਂ ਨੂੰ ਪਹਿਲ ਦਿੱਤੀ ਗਈ ਸੀ। ਇਸਦਾ ਨਤੀਜਾ ਇਹ ਹੋਇਆ ਕਿ ਰਾਜਸੀ ਨੀਤੀ ਦੇ ਅਮਲ ਵਿੱਚ ਮੱਧ ਵਰਗ ਦੀ ਭੂਮੀਕਾ ਮਹੱਤਵਪੂਰਨ ਬਣ ਗਈ। ਇਸ ਨੀਤੀ ਨੂੰ ਪਿੰਡਾਂ ਵਿੱਚ ਵੀ ਮੱਧ ਵਰਗ ਨੇ ਵੀ ਲਾਗੂ ਕੀਤਾ ਅਤੇ ਇਸ ਤਰ੍ਹਾਂ ਪਿੰਡ ਵਿੱਚ ਵੀ ਮੱਧ ਵਰਗ ਸ਼ਕਤੀਸ਼ਾਲੀ ਬਣ ਗਏ। ਦੇਖਿਆ ਜਾਏ ਤਾਂ ਆਜ਼ਾਦੀ ਦੇ ਪਹਿਲਾਂ ਅਤੇ ਬਾਅਦ ਵਿੱਚ ਵੀ ਸਰਕਾਰੀ ਨੀਤੀਆਂ ਵਿੱਚ ਮੱਧ ਵਰਗ ਹਮੇਸ਼ਾਂ ਲਾਭ ਦੀ ਸਥਿਤੀ ਵਿੱਚ ਹੀ ਰਿਹਾ।

4. **ਵਿਸ਼ਵੀਕਰਨ (Globalization)** -ਮੱਧ ਵਰਗ ਦੇ ਵਿਕਾਸ ਵਿੱਚ ਵਿਸ਼ਵੀਕਰਨ ਦੀ ਭੂਮੀਕਾ ਵੀ ਹਾਲ ਦੇ ਇੱਕ ਦਹਾਕੇ ਵਿੱਚ ਮਹੱਤਵਪੂਰਨ ਹੋ ਗਈ ਹੈ। ਵਿਸ਼ਵੀਕਰਨ ਦਾ ਬੜਾ ਵੱਡਾ ਉਦੇਸ਼ ਵਿਸ਼ਾਲ ਸੰਸਾਰ ਨੂੰ ਉਸਦੇ ਛੋਟੇ ਆਕਾਰ ਵਿੱਚ ਲੈ ਆਉਣਾ ਹੈ। ਇਸਦੇ ਮੱਧ ਨਾਲ ਇੱਥੇ ਇੱਕ ਤਰਫ਼ ਤਕਨੀਕੀ ਮਾਧਿਅਮਾਂ ਨਾਲ ਦੁਨੀਆ ਭਰ ਦੇ ਦੇਸ਼ਾਂ ਵਿੱਚ ਸੰਚਾਰ ਸਥਾਪਿਤ ਹੁੰਦਾ ਹੈ ਉਥੇ ਹੀ ਗੈਰ-ਬਰਾਬਰੀ ਨੂੰ ਦੂਰ ਕਰਨ ਦਾ ਇੱਕ ਜਤਨ ਵੀ ਚੱਲਦਾ ਹੈ। ਇਸ ਉਦੇਸ਼ ਦੇ ਪਿੱਛੇ ਉਦਾਰੀਕਰਨ ਅਤੇ ਮੁਕਤ ਪੂੰਜੀ ਨਿਵੇਸ਼ ਰਚਨਾ ਕਾਰਜਾਂ ਦੀ ਤਰਫ਼ ਕੰਮ ਕਰਦੇ ਹਨ। ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਦੇ ਮੱਧ ਵਰਗ ਨੂੰ ਇਹ ਮੌਕਾ ਦਿੱਤਾ ਹੈ ਕਿ ਉਹ ਆਪਣੀ ਹਕੂਮਤ ਨੂੰ ਵਧਾਉਣ। ਵਿਸ਼ਵ ਬਜ਼ਾਰ ਨੇ ਮੱਧ ਵਰਗ ਨੂੰ ਉਪਭੋਗਤਾਵਾਦ ਦਾ ਸਿਰਮੌਰ ਬਣਾ ਦਿੱਤਾ ਹੈ। ਭਾਰਤ ਹੀ ਨਹੀਂ ਵਿਕਾਸ-ਸ਼ੀਲ ਦੇਸ਼ਾਂ ਵਿੱਚ ਮੱਧ ਵਰਗ ਦਾ ਸਥਾਨ ਅੱਜ ਜ਼ਿਆਦਾ ਤੋਂ ਜ਼ਿਆਦਾ ਉੱਚਾ ਹੋ ਰਿਹਾ ਹੈ।

## ਸਵੈ-ਮੁਲਾਂਕਣ (Self-Assessment)

### 1. ਸਹੀ ਉੱਤਰ ਚੁਣੋ (Choose the correct Answer) :-

1. ਪਰੰਪਰਾਗਤ ਹਿੰਦੂ ਸਮਾਜ ਵਿੱਚ ਦਰਜ਼ਾਬੰਦੀ ਦਾ ਆਧਾਰ ਸੀ-

ਨੋਟ

(a) ਜਾਤ ਵਿਵਸਥਾ (b) ਵਰਗ ਵਿਵਸਥਾ

(c) (a) ) ਅਤੇ (b) ਦੋਨੋਂ (d) ਇਨ੍ਹਾਂ ਵਿਚੋਂ ਕੋਈ ਨਹੀਂ

2. ਵਰਗ ਦਾ ਨਿਰਧਾਰਨ ਕੀਤਾ ਜਾਂਦਾ ਹੈ–

(a) ਮਾਣ-ਸਨਮਾਨ (b) ਸ਼ਕਤੀ

(c) (a) ) ਅਤੇ (b) ਦੋਨੋਂ (d) ਇਨ੍ਹਾਂ ਵਿਚੋਂ ਕੋਈ ਨਹੀਂ

3. ਭਾਰਤੀ ਸਮਾਜ ਵਿੱਚ ਵਰਗ ਅਤੇ ਵਰਗ ਸੰਘਰਸ਼ ਦੀ ਪ੍ਰਕਿਰਤੀ ਦੀ ਜਾਂਚ ਹੁੰਦੀ ਹੈ–

(a) ਬੀ.ਐਸ. ਡਾਂਡੇਕਰ (b) ਦੀਪਾਂਕਰ ਗੁਪਤਾ

(c) (a) ) ਅਤੇ (b) ਦੋਨੋਂ (d) ਇਨ੍ਹਾਂ ਵਿਚੋਂ ਕੋਈ ਨਹੀਂ

4. ਕਿਸਦਾ ਕਹਿਣਾ ਹੈ ਕਿ ਭਾਰਤ ਵਿਚ ਵਰਗ ਦੇ ਤੱਤ ਸੁਭਾਵਿਕੀ ਦ੍ਰਿਸ਼ਟੀ ਨਾਲ ਜਾਤ ਦਰਜ਼ਾਬੰਦੀ ਨਾਲ ਜੁੜੇ ਹੋਏ ਹਨ–

(a) ਜੋਗਿੰਦਰ ਸਿੰਘ (b) ਦੀਪਾਂਕਰ ਗੁਪਤਾ

(c) (a) ) ਅਤੇ (b) ਦੋਨੋਂ (d) ਇਨ੍ਹਾਂ ਵਿਚੋਂ ਕੋਈ ਨਹੀਂ

5. ਭਾਰਤ ਵਿੱਚ ਜਿਮੀਂਦਾਰ ਵਿਵਸਥਾ ਕਦੋਂ ਸਮਾਪਤ ਕਰ ਦਿੱਤੀ ਗਈ–

(a) 1947 ਵਿੱਚ (b) 1950 ਵਿੱਚ

(c) 1952 ਵਿੱਚ (d) ਇਨ੍ਹਾਂ ਵਿਚੋਂ ਕੋਈ ਨਹੀਂ

6. ਕਿਸਾਨਾਂ ਦੇ ਵਰਗ ਹਨ–

(a) ਕਿਸਾਨੀ ਵਪਾਰ (b) ਖੇਤੀ ਮਜ਼ਦੂਰ

(c) (a) ) ਅਤੇ (b) ਦੋਨੋਂ (d)ਇਨ੍ਹਾਂ ਵਿਚੋਂ ਕੋਈ ਨਹੀਂ

7. ਕਾਨੂੰਨੀ ਰੂਪ ਵਿੱਚ ਬੰਦੀ ਮਜ਼ਦੂਰੀ ਕਦੋਂ ਖ਼ਤਮ ਕੀਤੀ ਗਈ ਸੀ–

(a) 1968 ਵਿੱਚ (b) 1970 ਵਿੱਚ

(c) 1972 ਵਿੱਚ (d) ਇਨ੍ਹਾਂ ਵਿੱਚੋਂ ਕੋਈ ਨਹੀਂ

8. ਭਾਰਤ ਵਿੱਚ ਵਪਾਰਿਕ ਵਰਗ ਦਾ ਉਦੈ ਕਦੋਂ ਹੋਇਆ–

(a) ਪੰਜ ਸਾਲਾ ਯੋਜਨਾਵਾਂ ਦਾ ਫਲਸਰੂਪ

(b) ਉਦਯੋਗਿਕ ਕ੍ਰਾਂਤੀ ਦੇ ਫਲਸਰੂਪ

(c) ਉਦਯੋਗਿਕ ਵਿਕਾਸ ਦੇ ਫਲਸਰੂਪ

(d) ਇਨ੍ਹਾਂ ਵਿੱਚੋਂ ਕੋਈ ਨਹੀਂ

## 7.3 ਸਾਰ ਅੰਸ਼ (Summary)–

- ਭਾਰਤ ਵਿੱਚ ਵਰਗ ਦੀ ਰਚਨਾ ਵਿੱਚ ਬੜੀ ਰੁਚੀ ਲਈ ਜਾਂਦੀ ਹੈ। ਪਰੰਪਰਾਗਤ ਹਿੰਦੂ ਸਮਾਜ ਵਿੱਚ ਦਰਜ਼ਾਬੰਦੀ ਦਾ ਆਧਾਰ ਜਾਤ ਵਿਵਸਥਾ ਸੀ। ਬਾਅਦ ਵਿੱਚ ਅੱਗੇ ਚੱਲਕੇ ਜਦੋਂ ਭਾਰਤੀ ਸਮਾਜ ਉਦਯੋਗ ਸਮਾਜ ਬਣਨ ਲੱਗਿਆ ਤਦ ਇੱਥੋਂ ਦੇ ਪਰੰਪਰਾਗਤ ਦਰਜ਼ਾਬੰਦੀ ਵਿੱਚ ਇੱਕ ਹੋਰ ਆਯਾਮ ਜੁੜ ਗਿਆ।
- ਵਰਗ ਵਿਵਸਥਾ ਨੂੰ ਹਾਸਿਲ ਰੁਤਬੇ ਦੇ ਨਾਲ ਜੋੜਿਆ ਜਾਂਦਾ ਹੈ। ਵਰਗ ਅੱਜ ਦੀ ਪੂੰਜੀਵਾਦੀ ਉਦਯੋਗਿਕ ਵਿਵਸਥਾ ਦੇ ਮੁੱਖ ਸਮੂਹ ਹਨ। ਭਾਰਤ ਵਿੱਚ ਇਸਦੀ ਸਮਝ ਨਵੀਂ ਹੈ ਅਤੇ ਇਹ ਸਮਝਿਆ ਜਾਂਦਾ ਹੈ ਕਿ ਉਤਪਾਦਨ ਦੀ ਨੂੰ ਮਿਲਦੇ ਹਨ। ਅਜਿਹੀ ਵਸੇਵੇ ਜਿੱਥੇ ਵਪਾਰੀ ਅਤੇ ਉਦਯੋਗਿਕ ਵਰਗ ਅਤੇ ਇਸ ਤਰ੍ਹਾਂ ਵਪਾਰੀ ਵਰਗ ਆਪਣੀ ਹਕੂਮਤ ਬਣਾਈ ਰੱਖਦੇ ਹਨ। ਇਹੀ ਇਸ ਵੱਡੀ ਵਸੋਂ ਵਿੱਚ ਛੋਟੇ ਵਪਾਰ, ਦੁਕਾਨਦਾਰ ਅਤੇ ਆਂਗਠਿਤ ਮਜ਼ਦੂਰ ਵੀ

ਨੋਟ

ਪ੍ਰਕਿਰਿਆ ਵਿੱਚ ਇੱਕ ਜਿਹੀ ਕਿਰਪਾ ਕਰਨ ਵਾਲੇ, ਧਨ ਅਤੇ ਸੰਪਤੀ ਦੀ ਦ੍ਰਿਸ਼ਟੀ ਨਾਲ ਇੱਕ ਪੱਧਰ ਵਾਲੇ ਅਤੇ ਸਮਾਨ ਜੀਵਨਨ ਸ਼ੈਲੀ ਦੇ ਲੋਕ ਇੱਕ ਵਰਗ ਨਾਲ ਸੰਬੰਧਿਤ ਮੰਨੇ ਜਾਂਦੇ ਹਨ। ਵਰਗ ਦੇ ਲੋਕਾਂ ਦੇ ਬਰਾਬਰ ਆਰਥਿਕ ਹਿੱਤ ਅਤੇ ਉਨ੍ਹਾਂ ਵਿੱਚ ਵਰਗ ਚੇਤਨਾ ਪਾਈ ਜਾਂਦੀ ਹੈ।

- ਇਹ ਕਿਹਾ ਜਾਂਦਾ ਹੈ ਕਿ ਭਾਰਤ ਦੀਆਂ ਜਾਤਾਂ ਵਰਗ ਬਣ ਰਹੀਆਂ ਹਨ। ਕੁੱਝ ਸਮਾਜਸ਼ਾਸ਼ਤਰੀਆਂ ਨੇ ਇਹ ਵੀ ਕਿਹਾ ਹੈ ਕਿ ਜਾਤ ਇੱਕ ਬੰਦ ਵਰਗ ਹੈ ਅਤੇ ਵਰਗ ਇੱਕ ਖੁੱਲ੍ਹੀ ਜਾਤ ਹੈ। ਜਾਤ ਨੂੰ ਇਸ ਤਰ੍ਹਾਂ ਦੇਖਣ ਦਾ ਨਜ਼ਰੀਆ ਬਹੁਤ ਸੀਮਿਤ ਹੈ। ਹਕੀਕਤ ਇਹ ਹੈ ਕਿ ਹਰ ਇੱਕ ਜਾਤ ਵਿੱਚ ਵਰਗ ਹੁੰਦੇ ਹਨ ਅਤੇ ਇਨ੍ਹਾਂ ਵਰਗਾਂ ਦਾ ਸੰਬੰਧ ਆਮ ਵਰਗਾਂ ਨਾਲ ਹੁੰਦਾ ਹੈ।
- ਵਰਗ ਦੀ ਧਾਰਨਾ ਭਾਰਤੀ ਪਰੰਪਰਾ ਵਿੱਚ ਨਵੀਂ ਹੈ ਅਤੇ ਇਸੇ ਕਾਰਣ ਇਸਦਾ ਜੋ ਸ਼ਾਸ਼ਤਰੀ ਅਰਥ ਵਿਦੇਸ਼ਾਂ ਵਿੱਚ ਲਿਆ ਜਾਂਦਾ ਹੈ, ਉਸਦਾ ਸਾਨੂੰ ਖੁਲਾਸਾ ਕਰਨਾ ਚਾਹੀਦਾ ਹੈ। ਮੁੱਖ ਗੱਲ ਇਹ ਹੈ ਕਿ ਵਰਗ ਖੁੱਲ੍ਹੇ ਹੰਦੇ ਹਨ। ਅੱਜ ਦਾ ਮਜ਼ਦੂਰੀ ਕਰਨ ਵਾਲਾ ਵਿਆਕਤੀ ਕੱਲ੍ਹ ਅਚਾਨਕ ਉੱਧਮੀ ਹੋਕੇ ਉੱਚ ਵਰਗ ਵਿੱਚ ਪਹੁੰਚ ਸਕਦਾ ਹੈ।
- ਭਾਰਤੀ ਸਮਾਜ ਦੀ ਵਰਗ ਰਚਨਾ ਦਾ ਕੋਈ ਵੀ ਵਿਸ਼ਲੇਸ਼ਣ ਖ਼ਤਰੇ ਤੋਂ ਖ਼ਾਲੀ ਨਹੀਂ ਹੈ। ਦੀਪਾਂਕਰ ਗੁਪਤਾ ਕਹਿੰਦਾ ਹੈ ਕਿ ਸਾਡੇ ਇੱਥੇ ਵਰਗ ਦਾ ਬਹੁਤ ਵੱਡਾ ਆਧਾਰ ਉਪਭੋਗ (ਛੋਨਸੁਮਪਟੌਨਿ) ਹੈ। ਅਹਿਜਾ ਸਮਝਿਆ ਜਾਂਦਾ ਹੈ ਕਿ ਜਿੰਨਾ ਉੱਚਾ ਵਰਗ ਹੋਵੇਗਾ। ਓਨਾ ਹੀ ਉਸਦਾ ਉਭੋਗ ਦਾ ਪੱਧਰ ਹੋਵੇਗਾ।
- ਪਰੰਪਰਾਗਤ ਭਾਰਤੀ ਸਮਾਜ ਵਿੱਚ ਵਰਗ ਦਾ ਸੰਬੰਧ ਉਤਪਾਦਨ ਪ੍ਰਣਾਲੀ, ਸੰਪਤੀ ਦੇ ਮਾਲਕ, ਸ਼ਹਿਰਾਂ ਦੇ ਵਿਸਥਾਰ , ਬਜ਼ਾਰ, ਬੈਂਕ ਵਿਵਸਥਾ ਦਾ ਫ਼ੈਲਾਅ ਅਤੇ ਰਾਜਨੀਤਕ ਸ਼ਕਤੀ ਦੇ ਕੇਂਦਰ ਨਾਲ ਜੁੜਿਆ ਹੋਇਆ ਹੈ। ਇਸ ਯੁੱਗ ਵਿੱਚ ਰਾਜਾ, ਸਾਮੰਤ, ਪੁਰੋਹਿਤ, ਵਪਾਰੀ, ਕਾਰਗਿਰ, ਕਿਸਾਨ ਅਤੇ ਮਜ਼ਦੂਰ ਵੀ ਵਰਗ ਬਣਾਉਂਦੇ ਸਨ। ਇਸ ਵਰਗ ਵਿਵਸਥਾ ਵਿੱਚ ਕੇਵਲ ਅਮੀਰ ਵਰਗ ਹੀ ਨਹੀਂ ਸਨ ਬਲਕਿ ਵਪਾਰੀ ਵੀ ਸਨ।
- ਸਾਡੇ ਦੇਸ਼ ਵਿੱਚ ਵਰਗ ਰਚਨਾ ਦਾ ਵਿਸ਼ਲੇਸ਼ਣ ਕਰਨਾ ਬਹੁਤ ਔਖਾ ਹੈ। ਜਾਤ ਅਤੇ ਵਰਗ ਇਸ ਤਰ੍ਹਾਂ ਘੁਲ-ਮਿਲ ਗਏ ਹਨ ਕਿ ਵੱਖ ਕਰਨਾ ਮੁਸ਼ਕਿਲ ਹੈ। ਰੂੜੀਵਾਦੀ-ਮਾਰਕਸਵਾਦੀ ਵਿਚਾਰਧਾਰਾ ਵਾਲੇ ਭਾਰਤ ਵਿੱਚ ਖੇਤੀ ਦੇ ਖੇਤਰ ਵਿੱਚ ਕੇਵਲ ਦੋ ਵਰਗ ਮੰਨਦੇ ਹਨ।
- ਜੋਗਿੰਦਰ ਸਿੰਘ ਨੇ ਕਿਹਾ ਹੈ ਕਿ ਭਾਰਤ ਵਿੱਚ ਵਰਗ ਤੱਥ ਸੁਭਾਵੀ ਦ੍ਰਿਸ਼ਟੀ ਤੋਂ ਜਾਤ ਦਰਜ਼ਾਬੰਦੀ ਨਾਲ ਜੁੜੇ ਹੋਏ ਹਨ। ਇੱਥੇ ਇਹ ਪ੍ਰਸ਼ਨ ਉੱਠਦਾ ਹੈ ਕਿ ਭਾਰਤ ਵਿੱਚ ਜੋ ਵਰਗ ਦੀ ਰਚਨਾ ਉਹ ਵਿਸ਼ਵ-ਵਿਆਪੀ ਜਿਵੇਂ ਕਿ ਯੂਰਪ ਤੇ ਅਮਰੀਕਾ ਵਿੱਚ ਜਿਹੋ ਜੀ ਮਿਲਦੀ ਹੈ ਉਹੋ ਜਿਹੀ ਹੈ ਜਾਂ ਜਾਤ ਵਿਵਸਥਾ ਦੇ ਨਾਲ ਮਿਲਕੇ ਵਿਸ਼ੇਸ਼ ਰੂਪ ਵਿੱਚ ਆ ਗਈ ਹੈ।
- ਆਜ਼ਾਦੀ ਪ੍ਰਾਪਤੀ ਤੋਂ ਬਾਅਦ ਪੇਂਡੂ ਵਰਗ ਵਿਵਸਥਾ ਵਿੱਚ ਕਾਂਤੀਕਾਰੀ ਤਬਦੀਲੀ ਆਈ। ਕਾਂਤੀਕਾਰੀ ਇਸ ਲਈ ਕਿ ਕਾਂਗਰਸ ਜਦ ਆਜ਼ਾਦੀ ਦੀ ਲੜਾਈ ਲੜ੍ਹ ਰਹੀ ਸੀ ਤਦ ਇਸ ਨੇ ਆਪਣੇ ਸਲਾਨਾ ਸੰਮੇਲਣ ਵਿੱਚ ਬਾਰ-ਬਾਰ ਇਹ ਦੁਹਰਾਇਆ ਸੀ ਕਿ ਜਦ ਭਾਰਤ ਆਜ਼ਾਦ ਹੋ ਜਾਏਗਾ, ਤਦ ਭੂਮੀ ਸੁਧਾਰ ਦੇ ਖੇਤਰ ਵਿੱਚ ਬਹੁਤ ਵੱਡਾ ਬਦਲਾਉ ਕੀਤਾ ਜਾਏਗਾ।
- ਬ੍ਰਿਟਿਸ਼ ਕਾਲ ਵਿੱਚ ਭਾਰਤ ਵਿੱਚ ਖੇਤੀ ਜਿਮੀਂਦਾਰਾਂ ਅਤੇ ਜਗੀਰਦਾਂ ਦੇ ਹੱਥਾਂ ਵਿੱਚ ਸੀ। ਇਸ ਲਈ ਪੇਂਡੂ ਖੇਤਰ ਵਿੱਚ ਵਰਗ ਵਿਵਸਥਾ ਦਾ ਆਰੰਭ ਇਨ੍ਹਾਂ ਸਮੂਹਾਂ ਦੁਆਰਾ ਹੋਇਆ ਸੀ। ਇਧਰ ਅੰਗਰੇਜ਼ਾਂ ਦੇ ਬਸਤੀਵਾਦ ਨੇ ਦੇਸ਼ ਵਿੱਚ ਇੱਕ ਉਦਯੋਗਿਕ ਸਮਾਜ ਦੀ ਸਥਾਪਨਾ ਵੀ ਕਰ ਦਿੱਤੀ। 18ਵੀਂ ਸਦੀ ਵਿੱਚ ਜੋ ਉਦਯੋਗਿਕ ਕ੍ਰਾਂਤੀ ਯੂਰਪ ਵਿੱਚ ਆਈ ਸੀ, ਅੰਗਰੇਜ਼ੀ ਬਸਤੀਵਾਦ ਦੇ ਫਲਸਰੂਪ ਇਹ ਕ੍ਰਾਂਤੀ ਸਾਡੇ ਦੇਸ਼ ਵਿੱਚ ਵੀ ਆਈ।
- ਅੰਗਰੇਜ਼ ਜਦੋਂ ਸੰਨ 1600 ਵਿੱਚ ਭਾਰਤ ਆਏ, ਉਨ੍ਹਾਂ ਦਾ ਪ੍ਰਵੇਸ਼ ਇੱਕ ਕਾਰੋਬਾਰਾ ਕਰਨ ਵਾਲੀ ਕੰਪਨੀ ਦੇ ਰੂਪ ਵਿੱਚ ਸੀ। ਉਦੋਂ ਇਨ੍ਹਾਂ ਦਾ ਨਾਮ ਈਸਟ-ਇੰਡੀਆ ਕੰਪਨੀ ਸੀ। ਗੱਲ ਇਹ ਸੀ ਕਿ ਉਦਯੋਗਿਕ ਕ੍ਰਾਂਤੀ ਦੇ ਕਾਰਣ ਇੰਗਲੈਂਡ ਵਿੱਚ ਕਾਰਖਾਨਿਆਂ ਦਾ ਉਤਪਾਦਨ ਬਹੁਤ ਜ਼ਿਆਦਾ ਹੋ ਗਿਆ ਸੀ। ਉਥੋਂ ਦੇ ਵਪਾਰੀ ਚਹੁੰਦੇ ਸਨ ਕਿ ਜੇਕਰ ਏਸ਼ੀਆ ਵਿੱਚ ਨਵਾਂ ਬਜ਼ਾਰ ਖੁੱਲ੍ਹ ਜਾਵੇ ਤਾਂ ਉਨ੍ਹਾਂ ਦੀ ਵਿਕਰੀ ਨੂੰ ਨਵਾਂ ਮੌਕੇ ਮਿਲਣਗੇ।
- ਰਾਜ, ਬੁਨਿਆਦੀ ਰਚਨਾ ਦੇ ਵਿਕਾਸ 'ਤੇ ਭਾਰੀ ਅਤੇ ਮਹੱਤਵਪੂਰਨ ਉਦਯੋਗਾਂ ਦੀ ਸਥਾਪਨਾ ਦਾ ਫ਼ਰਜ਼ ਖ਼ੁਦ ਉਠਾਇਆ। ਇਸ ਪ੍ਰਕਾਰ ਦੀ ਅਰਥ ਵਿਵਸਥਾ ਦੇ ਕਾਰਣ ਪੂੰਜੀਪਤੀਆਂ ਦੇ ਮਲਕੀਅਤ ਵਾਲੇ ਉਨ੍ਹਾਂ ਦੁਆਰਾ ਨਿਯੰਤ੍ਰਿਤ ਉਦਯੋਗ ਦੀ ਸੰਖਿਆ ਵਿੱਚ ਅਸਧਾਰਨ ਵਾਧਾ ਹੋਇਆ।
- ਮਹਾਂਨਗਰ, ਸ਼ਹਿਰ ਅਤੇ ਕਸਬੇ ਵਧਦੇ ਹੋਏ ਉਦਯੋਗਿਕ ਸਮਾਜ ਦਿਆਂ ਸੀਮਾਵਾਂ ਨੂੰ ਦੱਸਦੇ ਹਨ। ਵੱਡੇ ਸ਼ਹਿਰਾਂ ਵਿੱਚ ਵਪਾਰੀ ਅਤੇ ਉਦਯੋਗਿਕ ਵਰਗ ਸਮਾਜਿਕ ਰਚਨਾ ਨੂੰ ਨਵਾਂ ਚਰਿਤਰ ਦਿੰਦੇ ਹਨ। ਇਨ੍ਹਾਂ ਵੱਡੇ ਨਗਰਾਂ ਦੀਆਂ ਸੜਕਾਂ 'ਤੇ ਅਣਗਿਣਤ ਕਾਰਾਂ ਅਤੇ ਮੋਟਰਾਂ ਦੇ ਧੂੰਏ ਨੂੰ ਕਦੇ ਵੀ ਦੇਖਿਆ ਜਾ ਸਕਦਾ ਹੈ। ਸ਼ਾਮ ਹੁੰਦੇ-ਹੁੰਦੇ ਤਾਂ ਇਹ ਪ੍ਰਦੂਸ਼ਣ ਸਿਹਤ ਦੇ ਲਈ ਖ਼ਤਰਾ ਪੈਦਾ ਕਰ ਦਿੰਦਾ ਹੈ। ਕਿਸੇ ਵੀ ਸੜਕ 'ਤੇ ਤਾਂ ਰਸਤਾ 'ਜਾਮ' ਮਿਲੇਗਾ। ਇਹ ਸ਼ਹਿਰ ਝੋਪੜ-ਪੱਟੀਆਂ ਅਤੇ ਗੰਦੀਆਂ ਬਸਤੀਆਂ ਨਾਲ ਭਰੇ ਪਏ ਹਨ। ਦੂਜੇ ਪਾਸੇ ਸੁੰਦਰ ਅਤੇ ਆਲੀਸ਼ਾਨ ਮਕਾਨ ਸਾਰੇ ਪਾਸੇ ਦੇਖਣੇ ਹੁੰਦੇ ਹਨ।

ਨੋਟ

## 7.4 ਸ਼ਬਦਕੋਸ਼ (Keywords)

- ਸੁਭਾਵਿਕੀ : ਸਾਰੇ ਅੰਗਾਂ ਨਾਲ, ਪੂਰਨ ਰੂਪ ਵਿੱਚ
- ਬਜੁਰੁਆਕਰਨ : ਪੁਰਾਤਨ ਧਾਰਨਾ
- ਹਲਵਾਹਕ : ਜਿਮੀਂਦਾਰ, ਕਿਸਾਨ

## 7.5 ਅਭਿਆਸ ਪ੍ਰਸ਼ਨ (Review Questions):-

1. ਦਰਜ਼ਾਬੰਦੀ ਵਿਵਸਥਾ ਦੇ ਰੂਪ ਵਿੱਚ ਵਰਗ ਦੀ ਧਾਰਨਾ ਨੂੰ ਸਮਝਾਓ।
2. ਆਜ਼ਾਦ ਭਾਰਤ ਵਿੱਚ ਨਵੇਂ ਵਰਗ ਦੇ ਉਦੈ 'ਤੇ ਪ੍ਰਕਾਸ਼ ਪਾਓ।
3. ਭਾਰਤੀ ਸਮਾਜ ਵਿੱਚ ਅੰਗਰੇਜ਼ੀ ਬਸਤੀਵਾਦ ਦੇ ਫਲਸਰੂਪ ਅਤੇ ਸਥਾਈ ਨਿਵੇਸ਼ ਕਾਰਣ ਜੋ ਨਵੇਂ ਵਰਗ ਆਏ ਹਨ, ਉਨ੍ਹਾਂ ਦੀ ਵਿਆਖਿਆ ਕਰੋ।
4. ਭਾਰਤ ਵਿੱਚ ਮੱਧ ਵਰਗ ਦੇ ਨਿਕਾਸ ਦੀਆਂ ਸਥਿਤੀਆਂ ਦੱਸੋ।

## ਉੱਤਰ : ਸਵੈ-ਮੁਲਾਂਕਣ (Self Assessment)

1.

| | | |
|---|---|---|
| 1. (a) | 2. (b) | 3. (a) |
| 4. (a) | 5 (b) | 6.( c) |
| 7. (c) | 8. (a) | |

## 7.6 ਸੰਦਰਭ ਪੁਸਤਕਾਂ (Further Readings)

ਬੁਕਸ

1. ਸਿੰਘ ਯਾਦਵ, ਸੋਸ਼ਲ ਸਟ੍ਰੇਟੀਫਿਕੇਸ਼ਨ ਐਂਦ ਚੇਂਜ਼ ਇੰਨ ਇੰਡੀਆ, ਮਨੋਹਰ, ਨਵੀਂ ਦਿੱਲੀ, 1977
2. ਵਰਮਾ, ਪੀ. ਕੇ. ਭਾਰਤ ਦੇ ਮੱਧ ਵਰਗ ਦੀ ਅਜੀਬ ਦਾਸਤਾਨ, ਰਾਜ ਕਮਲ ਪ੍ਰਕਾਸ਼ਨ, ਨਵੀਂ ਦਿੱਲੀ, 1999।

ਨੋਟ

# ਇਕਾਈ-8 ਨਸਲ ਅਤੇ ਜਾਤੀ (Race and Ethnicity)

ਵਿਸ਼ੇ ਵਸਤੂ **(Contents)**


ਉਦੇਸ਼ (Objectives)

ਜਾਣਕਾਰੀ (Introduction)

8.1 ਨਸਲ (Race)

8.2 ਨਸਲੀ ਸਮੂਹ (Race Group)

8.3 ਜਾਤੀ ਸਮੂਹ (Ethnic Group)

8.4 ਅਲਪਸੰਖਿਅਕ ਅਤੇ ਬਹੁ ਸੰਖਿਅਕ ਸਬੰਧ (Minority and Majority Relations)

8.5 ਸਾਰ ਅੰਸ਼ (Summary)

8.6 ਸ਼ਬਦਕੋਸ਼ (Keywords)

8.7 ਅਭਿਆਸ ਪ੍ਰਸ਼ਨ (eview Questions)

8.8 ਸੰਦਰਭ ਕਿਤਾਬਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :-

- ਨਸਲ, ਨਸਲੀ ਸਮੂਹ, ਜਾਤੀ ਸਮੂਹ ਨੂੰ ਜਾਣਨ ਵਿੱਚ।
- ਅਲਪਸੰਖਿਅਕ ਅਤੇ ਬਹੁ ਸੰਖਿਅਕ ਸੰਬੰਧ ਨੂੰ ਸਫਲਤਾ ਪੂਰਵਕ ਸਮਝਣ ਵਿੱਚ।

## ਜਾਣਕਾਰੀ (Introduction)

ਨਸਲ ਦੀ ਅਵਧਾਰਣਾ ਨੇ ਇਤਿਹਾਸ ਵਿਚ ਕਦੇ-ਕਦੇ ਯੁੱਧਾਂ ਅਤੇ ਅਤਿਆਚਾਰਾਂ ਨੂੰ ਜਨਮ ਦੇ ਕੇ ਨਾਟਕੀ ਰੋਲ ਪੇਸ਼ ਕੀਤਾ ਹੈ। ਪ੍ਰੰਤੂ ਇਸ ਦੁਆਰਾ ਉਤਪੰਨ ਉਤੇਜਨਾ ਦੇ ਬਾਵਜੂਦ ਵੀ ਨਸਲ ਦੇ ਵਿਸ਼ੇ ਉੱਤੇ ਅਤਿਅੰਤ ਭ੍ਰਾਂਤੀ ਹੈ। ਇਸ ਵਿਸ਼ੇ ਨਾਲ ਸਬੰਧਿਤ ਏਨੀ ਸਾਰੀ ਵਿਰੋਧੀ ਸਮੱਗਰੀ ਹੈ ਕਿ ਰਾਜਨੀਤਿਕ ਪੂਰਵਾਗ੍ਰਹਾਂ ਨੂੰ ਵਿਗਿਆਨ ਨਤੀਜਿਆਂ ਤੋਂ ਅਲੱਗ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਜਾਤੀ ਆਹੁਦਾ ਨਸਲ ਦਾ ਬੋਧ ਕਰਦਾ ਹੈ। ਪਰ ਜਦੋਂ ਅਸੀਂ ਜਾਤੀ ਸਮੁਦਾਇ ਦੀ ਗੱਲ ਕਰਦੇ ਹਾਂ ਤਾਂ ਜ਼ੋਰ ਮੁੱਖ ਤੌਰ 'ਤੇ ਸਮੂਹ ਦੀ ਵੱਖਰੀ ਸੰਸਕ੍ਰਿਤਕ ਅਸਮਿਤਾ ਉੱਤੇ ਹੁੰਦਾ ਹੈ। ਨਸਲੀ ਸਮੂਹ ਭੇਦ ਦੇ ਜੈਵਿਕ ਪੱਖ ਨੂੰ ਇਸ਼ਾਰਾ ਕਰਣ ਦੀ ਪ੍ਰਵਿਰਤੀ ਦਰਸਾਉਂਦਾ ਹੈ, ਜਦੋਂ ਕਿ ਨਸਲੀ ਸੰਸਕ੍ਰਿਤਿਕ ਪੱਖ ਅਤੇ ਇਕ ਜਿਹੇ ਬੁਨਿਆਦੀ ਤੱਥਾਂ ਅਤੇ ਵੰਸ਼ ਦੇ ਕਾਰਣ ਸ਼ਕਤੀਸ਼ਾਲੀ ਜੈਵਿਕ ਤੱਤ ਦੇ ਸੰਯੋਜਨ ਦਾ ਮਿਸ਼ਰਣ ਹੈ।

## 8.1 ਨਸਲ (Race)

ਨਸਲ ਸ਼ਬਦ ਨੂੰ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਯੂਨਾਨੀਆਂ ਨੇ ਪੂਰੀ ਮਨੁੱਖੀ ਜਾਤੀ ਨੂੰ ਗ੍ਰੀਕ ਜਾਂ ਯਵਨਾਂ ਵਿੱਚ ਵਰਗੀਕ੍ਰਿਤ ਕੀਤਾ ਸੀ, ਪ੍ਰੰਤੂ ਇਨ੍ਹਾਂ ਵਿਚ ਕਿਸੇ ਵੀ ਸਮੂਹ ਨੂੰ ਨਸਲ ਨਹੀਂ ਕਿਹਾ ਜਾਂ ਸਕਦਾ। ਨਸਲ ਸ਼ਬਦ ਨੂੰ ਕਦੇ-ਕਦੇ ਰਾਸ਼ਟਰੀਅਤਾ (ਅਵਜਰਅ;ਜਵਖ) ਦਾ ਇਕ ਸਮਾਨਾਰਥਕ ਸਮਝਕੇ ਵਰਤਿਆ ਜਾਂਦਾ ਹੈ। ਉਦਾਹਰਣ ਦੇ ਲਈ ਫਰੈਂਚ, ਚੀਨੀ ਅਤੇ ਜਰਮਨੀ ਨੂੰ ਨਸਲ ਕਿਹਾ ਜਾਂਦਾ ਹੈ। ਜਰਮਨ ਅਤੇ ਫਰੈਂਚ ਰਾਸ਼ਟਰ ਹਨ। ਸਰਵ ਸ੍ਰੀ ਹਕਸਲੇ ਅਤੇ ਹੈਡੇਨ ਆਦਿ ਵਿਦਵਾਨਾਂ ਦਾ ਵਿਚਾਰ ਹੈ ਕਿ ਰਾਸ਼ਟਰ ਅਤੇ ਨਸਲ ਵਿਚ ਕੋਈ ਫਰਕ ਨਾ ਮੰਨਣ ਦਾ ਹੀ ਫਲ ਹੈ ਕਿ ਯੂਰਪ ਵਿਚ ਉੱਗਰ ਰਾਸ਼ਟਰਵਾਦ ਹਿੰਸਕ

ਨੋਟ

ਨਸਲਵਾਦ ਦੇ ਰੂਪ ਵਿਚ ਵਿਅਕਤ ਹੋਇਆ। ਇਸ ਲਈ ਰਾਸ਼ਟਰ ਦੀ ਨਸਲ ਦੇ ਰੂਪ ਵਿਚ ਕਲਪਨਾ ਕਰਨਾ ਉਚਿਤ ਨਹੀਂ ਹੋਵੇਗਾ। ਕਦੇ-ਕਦੇ ਨਸਲੀ ਭਾਸ਼ਾ ਅਤੇ ਧਰਮ ਨੂੰ ਇੱਕ ਸਮਾਨ ਸਮਝਿਆ ਜਾਂਦਾ ਹੈ।ਉਦਾਹਰਨ ਦੇ ਤੌਰ ਤੇ, ਆਰਿਆ ਨਸਲ ਸ਼ਬਦ ਦੇ ਪ੍ਰਯੋਗ ਪ੍ਰੰਤੂ ਆਰਿਆ ਨਾਮ ਦੀ ਕੋਈ ਨਸਲ ਨਹੀਂ ਹੈ, ਕੇਵਲ ਆਰਿਆ ਭਾਸ਼ਾ ਹੈ। ਕਿਸੇ ਵਿਸ਼ੇਸ਼ ਭਾਸ਼ਾ ਦਾ ਪ੍ਰਯੋਗ ਕਿਸੇ ਵੀ ਨਸਲ ਨੂੰ ਨਜ਼ਰ-ਅੰਦਾਜ਼ ਨਹੀਂ ਕਰਦਾ। ਹਬਸ਼ੀ ਅੰਗਰੇਜ਼ੀ ਭਾਸ਼ਾ ਬੋਲਦੇ ਹਨ, ਪ੍ਰੰਤੂ ਇਸ ਨਾਲ ਉਹ ਅੰਗਰੇਜ਼ ਨਹੀਂ ਬਣ ਸਕਦੇ। ਕਦੇ ਕਦੇ ਨਸਲ ਸ਼ਬਦ ਦਾ ਪ੍ਰਯੋਗ ਚਮੜੀ ਦੇ ਰੰਗਾਂ ਦੇ ਆਧਾਰ ਤੇ ਮਨੁੱਖਾਂ ਦੇ ਵਰਗੀਕਰਨ ਨੂੰ ਨਜ਼ਰ ਅੰਦਾਜ਼ ਕਰਨ ਦੇ ਲਈ ਕੀਤਾ ਜਾਂਦਾ ਹੈ। ਜਿਵੇਂ ਗੋਰੀ ਨਸਲ ਜਾਂ ਕਾਲੀ ਨਸਲ ਪ੍ਰੰਤੂ ਨਸਲ ਨੂੰ ਚਮੜੀ ਦੇ ਰੰਗ ਦੇ ਨਾਲ ਨਹੀਂ ਮਿਲਾਇਆ ਜਾ ਸਕਦਾ ਕਦੇ ਕਦੇ ਨਸਲ ਸ਼ਬਦ ਦਾ ਵਿਆਪਕ ਅਰਥ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਅਸੀਂ ਸਾਰੇ ਮਾਨਵ ਪ੍ਰਾਣੀਆਂ ਨੂੰ ਸ਼ਾਮਿਲ ਕਰਕੇ ਮਨੁੱਖ ਜਾਤੀ ਸ਼ਬਦ ਦਾ ਪ੍ਰਯੋਗ ਕਰਦੇ ਹਾਂ।

**ਨਸਲ ਇਕ ਜੈਵਿਕਾ ਧਾਰਨਾ (Race is a biological concept)**- ਉਪਰੋਕਤ ਭ੍ਰਾਂਤੀ ਦਾ ਕਾਰਨ ਇਸ ਤੱਥ ਨੂੰ ਨਾ ਸਮਝਣਾ ਹੈ ਕਿ ਨਸਲ ਵਿਸ਼ੁੱਧ ਰੂਪ ਵਿਚ ਜੈਵਿਕ ਅਵਧਾਰਣਾ ਹੈ। ਇਹ ਇਕ ਜੈਵਿਕ ਸ਼੍ਰੇਣੀ ਦਾ ਬੋਧ ਕਰਾਉਂਦਾ ਹੈ। **ਗ੍ਰੀਨ** (Green) ਦੇ ਅਨੁਸਾਰ ਨਸਲ ਇੱਕ ਵੱਡਾ ਜੈਵਿਕ ਮਾਨਵ ਸਮੂਹ ਹੈ ਜਿਸ ਵਿਚ ਕਈ ਵਿਸ਼ੇਸ਼ ਅਨੁਵਾਂਸ਼ਿਕ ਲੱਛਣ ਪਾਏ ਜਾਂਦੇ ਹਨ। ਜੋ ਕੁਝ ਹੱਦ ਦੇ ਅੰਦਰ ਵੱਖ-ਵੱਖ ਹੁੰਦੇ ਹਨ।" ਭਾਸ਼ਾ ਅਤੇ ਧਰਮ ਸੰਸਕ੍ਰਿਤਕ ਧਾਰਨਾਵਾਂ ਹਨ। ਇਸ ਲਈ ਉਸ ਦੇ ਆਧਾਰ 'ਤੇ ਨਸਲ ਜੋ ਜੈਵਿਕ ਅਵਧਾਰਨਾ ਹੈ, ਦੀ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ। ਮਨੁੱਖਾਂ ਦੇ ਮੱਧ ਵੰਸ਼ੀ ਭੇਦ ਖ਼ੂਨ ਦੇ ਕਾਰਨ ਹੁੰਦੇ ਹਨ। ਉਹਨਾਂ ਨੂੰ ਖਾਨਦਾਨ ਦੁਆਰਾ ਜੈਵਿਕ ਮਾਧਿਅਮ ਨਾਲ ਅੱਖ, ਚਮੜੀ ਅਤੇ ਵਾਲਾਂ ਦੇ ਰੰਗਾਂ ਜਿਹੀਆਂ ਸਰੀਰਿਕ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਪ੍ਰਾਪਤ ਕੀਤਾ ਜਾਂਦਾ ਹੈ। ਨਸਲ ਸ਼ਬਦ ਨਾਲ ਮਾਨਵ ਸ਼ਾਸਤਰੀਆਂ ਦਾ ਅਰਥ ਵਿਅਕਤੀਆਂ ਦੇ ਅਜਿਹੇ ਸਮੂਹ ਤੋਂ ਹੈ, ਜਿਸ ਵਿਚ ਸਾਧਾਰਣ ਖਾਨਦਾਨੀ ਲੱਛਣ ਪਾਏ ਜਾਂਦੇ ਹਨ ਅਤੇ ਜੋ ਉਹਨਾਂ ਨੂੰ ਦੂਜੇ ਸਮੂਹ ਤੋਂ ਅਲੱਗ ਕਰ ਦਿੰਦੇ ਹਨ। **ਬੀਸੰਜ** (Biesanz) ਦੇ ਅਨੁਸਾਰ "ਨਸਲ ਮਨੁੱਖਾਂ ਦਾ ਵਿਸ਼ਾਲ ਸਮੂਹ ਹੈ ਜੋ ਖਾਨਦਾਨੀ ਗੁਣਾਂ ਤੋਂ ਪ੍ਰਾਪਤ ਸਰੀਰਿਕ ਅੰਤਰਾਂ ਦੇ ਕਾਰਨ ਦੂਜੇ ਸਮੂਹ ਤੋਂ ਵੱਖ ਹੈ।" ਇਹ "ਮਨੁੱਖ ਜਾਤੀ ਦੇ ਇਕ ਹਿੱਸੇ ਦਾ ਬੋਧ ਕਰਾਉਂਦੀ ਹੈ, ਜਿਸ ਦੇ ਮੈਂਬਰਾਂ ਵਿੱਚ ਕੁਝ ਸਮਾਨ ਅਨੁਵੰਸ਼ਿਤ ਸਰੀਰਿਕ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ ਅਤੇ ਜੋ ਉਹਨਾਂ ਨੂੰ ਦੂਜੇ ਉਪ ਭਾਗਾਂ ਤੋਂ ਅਲੱਗ ਕਰ ਦਿੰਦੀਆਂ ਹਨ।" **ਲਿੰਟਨ** (Linton) ਦੇ ਅਨੁਸਾਰ "ਨਸਲ ਵਿਚ ਕਈ ਨਸਲਾਂ ਹੁੰਦੀਆਂ ਹਨ, ਜਿਨ੍ਹਾਂ ਵਿਚ ਕੁਝ ਸਰੀਰਕ ਵਿਸ਼ੇਸ਼ਤਾਵਾਂ ਪਾਇਆ ਜਾਂਦੀਆਂ ਹਨ।" ਇਹ ਵਿਅਕਤੀਆਂ ਦਾ ਸੰਗ੍ਰਹਿ ਹੈ ਜੋ ਜੈਵਿਕ ਅਨੁਵੰਸ਼ਿਕਤਾ ਦੁਆਰਾ ਹਸਤਾਂਤਰਯੋਗ ਕੁਝ ਬਰਾਬਰ ਲੱਛਣਾਂ ਦੇ ਭਾਗੀ ਹੁੰਦੇ ਹਨ। **ਮੈਕਾਈਵਰ** (MacIver) ਨੇ ਲਿਖਿਆ ਹੈ ਕਿ,"ਜਦੋਂ "ਨਸਲ" ਸ਼ਬਦ ਦਾ ਠੀਕ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਉਸ ਵਿਚ ਇਕ ਜੈਵਿਕ ਸ਼੍ਰੇਣੀ ਸੂਚਿਤ ਹੁੰਦੀ ਹੈ। ਉਸ ਨਾਲ ਜਣਨ ਦੀ ਦ੍ਰਿਸ਼ਟੀ ਤੋਂ ਵੰਡਿਆ ਮਾਨਵ-ਕੁਲ ਇਕ ਦੂਜੇ ਦੇ ਪ੍ਰਤੀ ਆਪਣੀਆਂ ਭਿੰਨਤਾਵਾਂ ਦੇ ਲਈ ਰਿਣੀ, ਪ੍ਰਧਾਨ ਮਾਨਵ ਰੂਪ ਅਤੇ ਪੈਤਰ-ਸੱਤਾ ਦੇ ਦੂਰਵਰਤੀ ਪ੍ਰਥਿਕਰਨ ਸੂਚਿਤ ਹੁੰਦੇ ਹਨ।"4 **ਪਾਲ. ਏ. ਐਫ.** (Paul, A.F.) ਦੇ ਅਨੁਸਾਰ ਨਸਲ ਮਨੁੱਖੀ ਪ੍ਰਾਣੀਆਂ ਦਾ ਇਕ ਵਿਸ਼ਾਲ ਹਿੱਸਾ ਹੈ ਜੋ ਦੂਜਿਆਂ ਤੋਂ ਕੁਝ ਸਪੱਸ਼ਟ ਸਰੀਰਿਕ ਵਿਸ਼ੇਸ਼ਤਾਵਾਂ ਦੁਆਰਾ ਅਲੱਗ ਹੈ। ਜੋ ਵਿਸ਼ੇਸ਼ਤਾਵਾਂ ਖਾਨਦਾਨੀ ਸਮਝੀਆਂ ਜਾਂਦੀਆਂ ਹਨ ਅਤੇ ਜੋ ਕਈ ਪੀੜ੍ਹੀਆਂ ਤੱਕ ਸਥਿਰ ਰਹਿੰਦੀ ਹੈ।" **ਪ੍ਰੋ: ਡਨ** (Dunn) ਦੇ ਅਨੁਸਾਰ "ਨਸਲਾਂ ਇਕ ਹੀ ਜਾਤ-ਮੇਧਵੀ ਮਨੁੱਖ ਦੇ ਅੰਦਰ ਜੈਵਿਕ ਉਪ ਸਮੂਹ ਹੈ, ਜਿਸ ਵਿਚ ਸੰਪੂਰਨ ਜਾਤੀ ਵਿਚ ਸਮਾਨ ਰੂਪ ਵਿਚ ਪ੍ਰਾਪਤ ਸਮਾਨ ਅਨੁਵੰਸ਼ਿਕਤਾ ਤੋਂ ਵੱਖ ਵਿਸ਼ੇਸ਼ਤਾਵਾਂ ਮਿਲਦੀਆਂ ਹਨ। **ਏ ਐਲ ਕਰੋਬਰ** (A.L. Kroeber) ਦੇ ਅਨੁਸਾਰ "ਨਸਲ ਇਕ ਵੈਧ ਜੈਵਿਕ ਅਵਧਾਰਣਾ ਹੈ। ਇਹ ਅਨੁਵੰਸ਼ਿਕਤਾ ਦੁਆਰਾ ਸੰਯੁਕਤ ਇਕ ਸਮੂਹ ਜਾਤ ਅਤੇ ਜਨਨਿਨ ਉਪਜਾਤੀ ਹੈ।" **ਹਾਬੇਲ** (Hoebel) ਦੇ ਅਨੁਸਾਰ, "ਨਸਲ ਵਿਸ਼ੇਸ਼ ਜਨਨਿਕ ਰਚਨਾ ਦੇ ਫਲਸਰੂਪ ਉਤਪੰਨ ਹੋਣ ਵਾਲੇ ਸਰੀਰਿਕ ਲੱਛਣਾਂ ਦਾ ਇਕ ਵਿਸ਼ੇਸ਼ ਸੰਯੋਗ ਰੱਖਣ ਵਾਲੇ ਅੰਤਰਸੰਬੰਧਿਤ ਵਿਅਕਤੀਆਂ ਦਾ ਇੱਕ ਸਮੂਹ ਹੈ।" **ਮਜੂਮਦਾਰ** (Mazumdar) ਦੇ ਅਨੁਸਾਰ, "ਵਿਅਕਤੀਆਂ ਦੇ ਸਮੂਹ ਨੂੰ ਉਸ ਸਮੇਂ ਨਸਲ ਕਿਹਾ ਜਾਦਾ ਹੈ, ਜਦੋਂ ਇਸ ਦੇ ਸਭ ਮੈਂਬਰਾਂ ਵਿੱਚ ਕੁਝ ਸਮਾਨ ਮਹੱਤਵਪੂਰਣ ਸਰੀਰਿਕ ਲੱਛਣ ਪਾਏ ਜਾਂਦੇ ਹਨ ਜੋ ਅਨੁਵੰਸ਼ਿਕਤਾ ਦੇ ਮਾਧਿਅਮ ਦੁਆਰਾ ਖਾਨਦਾਨੀ ਰੂਪ ਵਿਚ ਹਸਤਾਂਤਰਿਤ ਹੁੰਦੇ ਹਨ।"

ਨੋਟ

ਇਕ ਨਸਲ ਨੂੰ ਦੂਜੀ ਨਸਲ ਤੋਂ ਭਿੰਨ ਕਰਨ ਵਾਲੇ ਲੱਛਣ ਅਨੁਵੰਸ਼ਿਕ ਹੁੰਦੇ ਹਨ ਅਤੇ ਪਰਿਆਵਰਣ ਵਿਚ ਪਰਵਰਤਨ ਦੇ ਬਾਵਜੂਦ ਵੀ ਸਥਿਰ ਰਹਿੰਦੇ ਹਨ। ਇਸ ਦੇ ਅਤਿਰਿਕਤ ਇਹ ਲੱਛਣ ਇਕ ਵਿਸ਼ਾਲ ਸਮੂਹ ਵਿਚ ਸਾਧਾਰਣ ਹੋਣੇ ਚਾਹੀਦੇ ਹਨ। ਇਕ ਅਜਿਹੇ ਪਰਿਵਾਰ ਨੂੰ, ਜਿਸ ਵਿਚ ਕੁਝ ਭਿੰਨ ਅਨੁਵਾਂਸ਼ਿਕ ਲੱਛਣ ਪਾਏ ਜਾਂਦੇ ਹਨ, ਨਸਲ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਬਹੁਤ ਜਿਆਦਾ ਛੋਟਾ ਸਮੂਹ ਹੈ। ਪ੍ਰੰਤੂ ਜਦੋਂ ਇਸ ਪਰਿਵਾਰ ਦਾ ਵਿਸਤਾਰ ਹੋ ਜਾਵੇ ਅਤੇ ਉਹ ਕਿਸੇ ਭੂਗੋਲਿਕ ਖੇਤਰ ਵਿਚ ਫੈਲ ਜਾਵੇ ਤਾਂ ਉਸ ਨੂੰ ਨਸਲ ਕਿਹਾ ਜਾ ਸਕਦਾ ਹੈ।

ਕੁਝ ਲੇਖਕਾਂ ਦਾ ਵਿਚਾਰ ਹੈ ਕਿ ਨਸਲ ਦੀ ਜੈਵਿਕ ਵਿਆਖਿਆ ਠੀਕ ਨਹੀਂ ਹੈ। ਨਸਲ ਨੂੰ ਵੰਸ਼ ਦੇ ਗੁਣਾ ਉੱਤੇ ਆਧਾਰਿਤ ਕਰਨ ਗਲਤ ਹੈ, ਕਿਉਂਕਿ ਨਸਲ ਜ਼ਿਆਦਾਤਰ ਵਰਨਸੰਕਰ ਰਹੀ ਹੈ ਅਤੇ ਇਸ ਸ਼ਬਦ ਦਾ ਪ੍ਰਯੋਗ ਜਨਨਿਕ ਅਰਥ ਵਿਚ ਕੀਤਾ ਜਾਣਾ ਚਾਹੀਦਾ ਹੈ। ਪੈਨੀਮਾਨ (Penniman) ਦੇ ਅਨੁਸਾਰ, ਨਸਲ ਇਕ ਜਨਨਿਕ ਵਰਗ ਹੈ, ਜਿਸ ਵਿਚ ਕਈ ਅਨਿਸਚਿਤ ਅਤੇ ਪਾਰੰਪਰਿਕ ਸੰਬੰਧਿਤ ਜਨਨਨਿਕ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜਿਸ ਦੇ ਆਧਾਰ 'ਤੇ ਇਸ ਨੂੰ ਦੂਜੇ ਵਰਗਾਂ ਤੋਂ ਅਲੱਗ ਕੀਤਾ ਜਾ ਸਕਦਾ ਹੈ। ਹਕਸਲੇ ਵੀ ਨਸਲ ਦੇ ਜੈਵਿਕ ਅਰਥ ਤੋਂ ਸਹਿਮਤ ਨਹੀਂ ਹੈ। ਉਹ 'ਨਸਲ' ਸ਼ਬਦ ਦੇ ਸਥਾਨ 'ਤੇ **'ਨ੍ਰਿਵੰਸ਼ੀ ਸਮੂਹ'** (Ethnic group) ਦਾ ਪ੍ਰਯੋਗ ਕਰਨਾ ਚਾਹੁੰਦੇ ਸੀ। ਲਾਪਿਅਰ, ਹਡਸਨ ਅਤੇ ਗੇਟਿਸ ਨੇ ਵੀ 'ਨਸਲ' ਸ਼ਬਦ ਦੇ ਸਥਾਨ ਤੇ 'ਨ੍ਰਿਵੰਸ਼ੀ ਸਮੂਹ' ਸ਼ਬਦ ਦਾ ਪ੍ਰਯੋਗ ਕੀਤਾ ਹੈ।

**ਹਾਰਟਨ ਅਤੇ ਹੰਟ** (Horton and Hunt) ਦੇ ਅਨੁਸਾਰ, ਨਸਲ ਨੂੰ ਸਿਰਫ਼ ਜੈਵਿਕਤਾ ਭਿੰਨ ਸਮੂਹ ਦੇ ਰੂਪ ਵਿਚ ਪਰਭਾਸ਼ਿਤ ਕਰਨਾ ਉਚਿਤ ਨਹੀਂ ਹੈ। ਉਹਨਾਂ ਦੇ ਅਨੁਸਾਰ ਇਹ ਸਮਾਜਿਕ ਰੂਪ ਵਿਚ ਮਹੱਤਵਪੂਰਨ ਸੰਕਲਪਨਾ ਵੀ ਹੈ ਅਤੇ ਉਹ ਨਸਲ ਸ਼ਬਦ ਦੀ ਪਰਿਭਾਸ਼ਾ ਇਸ ਪ੍ਰਕਾਰ ਕਰਦੇ ਹਨ ਕਿ ਇਹ "ਦੂਜੇ ਸਮੂਹਾਂ ਤੋਂ ਅਨੁਸਾਰ ਸਰੀਰਿਕ ਵਿਸ਼ੇਸ਼ਤਾਵਾਂ ਵਿੱਚੋਂ **ਕੁਝ ਭਿੰਨ ਵਿਅਕਤੀਆਂ ਦਾ ਸਮੂਹ ਹੈ, ਪ੍ਰੰਤੂ ਨਸਲ ਲੋਕਪ੍ਰਿਯ ਸਮਾਜਿਕ ਪਰਿਭਾਸ਼ਾ ਦੁਆਰਾ ਵੀ ਇਸ ਤਰਜ਼ ਤੇ ਨਿਰਧਾਰਿਤ ਹੁੰਦੀ** ਹੈ,"[8] ਇਸ ਪ੍ਰਕਾਰ ਕੋਈ ਵਿਅਕਤੀ ਨੀਗਰੋ ਹੈ ਜਾਂ ਨਹੀਂ, ਇਸ ਤੱਥ ਤੇ ਵੀ ਨਿਰਭਰ ਕਰਦਾ ਹੈ ਕਿ ਕੀ ਲੋਕ ਉਸ ਨੂੰ ਅਜਿਹਾ ਸਮਝਦੇ ਹਨ ਨਾ ਕਿ ਉਹਨਾਂ ਵਾਲਾਂ ਦਾ ਅਕਾਰ, ਸਿਰ ਦੇ ਆਕਾਰ ਜਾਂ ਚਮੜੀ ਦੇ ਜਿਆਦਾ ਕਾਲੇ ਹੋਣ ਤੇ ਕੀ ਕੋਈ ਵਿਅਕਤੀ ਨੀਗਰੋ ਹੈ ਜਾਂ ਨਹੀਂ ਇਹ ਇਸ ਗੱਲ ਤੇ ਨਿਰਧਾਰਿਤ ਹੁੰਦਾ ਹੈ ਕਿ ਕੀ ਉਸ ਦੀ ਨੀਗਰੋ ਅਨੁਵੰਸ਼ਿਕਤਾ ਹੈ।

ਨੋਟਸ ਨਸਲੀ ਵਿਅਕਤੀਆਂ ਦਾ ਵੱਡਾ ਸਮੂਹ ਹੈ ਜਿਸ ਵਿੱਚ ਵੰਸ਼ਾਨੁਗਤ ਸਥਾਨ ਅੰਤਰਨ ਦੇ ਕਾਰਨ ਖ਼ਾਸ ਸਰੀਰਕ ਸਮਾਨਤਾ ਪਾਈ ਜਾਂਦੀ ਹੈ

### 8.1.1 ਨਸਲ ਦੇ ਨਿਰਧਾਰਕ ਤੱਥ (Determinants of Race) –

ਨਸਲ ਦੇ ਨਿਰਧਾਰਨ ਵਿਚ ਸਰੀਰਿਕ ਲੱਛਣ ਤੇ ਧਿਆਨ ਦਿੱਤਾ ਜਾਂਦਾ ਹੈ। ਪ੍ਰੰਤੂ ਇਸ ਨਹੀਂ ਇਹ ਨਿਸ਼ਚਿਤ ਕਰਨਾ ਮੁਸ਼ਕਲ ਹੁੰਦਾ ਹੈ ਕਿ ਲੱਛਣਾਂ ਦੀਆਂ ਵਿਭਿੰਨਤਾਵਾਂ ਅਨੁਵੰਸ਼ਿਕਤਾ ਦੇ ਕਾਰਨ ਹੈ, ਪਰਿਆਵਰਣ ਦੇ ਪਰਵਰਤਨ ਦੇ ਕਾਰਨ ਨਹੀਂ। ਮਹੱਤਵਪੂਰਨ ਸਰੀਰਿਕ ਲੱਛਣ ਜਿੰਨਾ ਤੇ ਧਿਆਨ ਦਿੱਤਾ ਜਾਂਦਾ ਹੈ, ਹੇਠ ਲਿਖੇ ਹਨ–

1. ਸਿਰ, ਮੂੰਹ ਅਤੇ ਸਰੀਰ ਉੱਤੇ ਵਾਲਾਂ ਦੀਆਂ ਕਿਸਮਾਂ, ਰੰਗ ਅਤੇ ਵੰਡ। ਵਾਲਾਂ ਦੀਆਂ ਕਿਸਮਾਂ ਨੂੰ – 1. ਕੋਮਲ ਸਿੱਧੇ ਵਾਲ ਜਿਵੇਂ ਮੰਗੋਲ ਅਤੇ ਚੀਨੀ ਲੋਕਾਂ ਦੇ, 2. ਕੋਮਲ ਘੁੰਗਰਾਲੇ ਕੇਸ਼, ਜਿਵੇਂ ਭਾਰਤ ਪੱਛਮੀ ਯੂਰਪ, ਆਸਟਰੇਲੀਆ ਅਤੇ ਉੱਤਰ-ਪੂਰਵੀ ਅਫਰੀਕਾ ਦੇ ਨਿਵਾਸੀਆਂ ਦੇ, ਅਤੇ 3. ਘਣੇ ਘੁੰਗਰਾਲੇ ਵਾਲੇ ਜਿਵੇਂ ਨੀਗਰੋ ਲੋਕਾਂ ਦੇ, ਵਿਚ ਪਰੋਇਆ ਹੈ।
2. ਸਰੀਰ, ਕੱਦ, ਵਕਸ਼ ਅਤੇ ਮੋਢਿਆਂ ਦਾ ਵਿਆਸ।

ਨੋਟ

3. ਸਿਰ ਦੀ ਬਣਾਵਟ, ਵਿਸ਼ੇਸ਼ਤਕਰ ਕਪਾਲ ਅਤੇ ਮੂੰਹ ਦੀ ਲੰਬਾਈ ਅਤੇ ਚੌੜਾਈ, ਨੱਕ ਦੀ ਲੰਬਾਈ ਅਤੇ ਚੌੜਾਈ, ਸਿਰ ਦੇ ਤਿੰਨ ਭੇਦ ਕਰੇ ਜਾਂਦੇ ਹਨ :- 1. **ਦੀਰਘ ਕਪਾਲ** (dalichocepalic), 2. **ਮੱਧ ਕਪਾਲ** (mesocephalic) 3.**ਪ੍ਰਿਥ ਕਪਾਲ** (brachy-cephalic)।

4. ਮੂੰਹ ਦੀਆਂ ਵਿਸ਼ੇਸ਼ਤਾਵਾਂ ਅਤੇ ਨੱਕ ਦੀ ਬਣਾਵਟ, ਬੁੱਲ੍ਹਾਂ ਦੀ ਬਣਾਵਟ, ਪਲਕਾਂ ਦੀ ਬਣਾਵਟ, ਕਪੋਲ ਦੀਆਂ ਹੱਡੀਆਂ, ਠੋਡੀ, ਕੰਨ ਅਤੇ ਜਬਾੜ੍ਹਿਆਂ ਦੀ ਬਣਾਵਟ। ਨਾਸਿਕਾ ਦੇ ਤਿੰਨ ਭੇਦ ਕੀਤੇ ਗਏ ਹਨ। 1. ਪਤਲੀ ਜਾਂ ਲੰਬੀ (leptorhine), 2. ਮਿੱਡੀ ਜਾਂ ਚਪਟੀ (mesorrhine), 3. ਚੌੜੀ (platyrrhine)।

5. ਚਮੜੀ ਅਤੇ ਅੱਖਾਂ ਦਾ ਰੰਗ। ਚਮੜੀ ਦੇ ਰੰਗ ਦੇ ਤਿੰਨ ਭੇਦ ਕੀਤੇ ਗਏ ਹਨ :- 1. ਗੋਰਾਂ ਰੰਗ (leucoderm), 2. ਪੀਲਾ ਰੰਗ (xanthoderm) ਅਤੇ 3. ਕਾਲਾ ਰੰਗ (melanoderm)।

6. ਬਾਂਹਾਂ ਅਤੇ ਲੱਤਾਂ ਦੀ ਲੰਬਾਈ।

7. ਖ਼ੂਨ ਦੀਆਂ ਕਿਸਮਾਂ ਚਾਰ ਪ੍ਰਕਾਰ ਦੀਆਂ ਹੁੰਦੀਆਂ ਹਨ, O, A, B ਅਤੇ AB। O ਕਿਸਮ ਦੇ ਖ਼ੂਨ ਨੂੰ A, B ਅਤੇ A B ਨਾਲ ਮਿਲਾਇਆ ਜਾ ਸਕਦਾ ਹੈ। ਪ੍ਰੰਤੂ ਦੂਜੇ ਤਿੰਨਾਂ ਨੂੰ ਇਕ ਦੂਜੇ ਦੇ ਨਾਲ ਅਸਾਨੀ ਨਾਲ ਇਕੱਠਾ ਨਹੀਂ ਕੀਤਾ ਜਾ ਸਕਦਾ।

### 8.1.2 ਨਸਲਾਂ ਦਾ ਵਰਗੀਕਰਨ

ਨਸਲ ਦੇ ਆਧਾਰ ਤੇ ਕੁਝ ਸਰੀਰਿਕ ਵਿਸ਼ੇਸ਼ਤਾਵਾਂ ਅਨੁਸਾਰ ਲੋਕਾਂ ਨੂੰ ਵਰਗੀਕ੍ਰਿਤ ਕੀਤਾ ਗਿਆ ਹੈ। ਸਮਾਜਿਕ ਸਮੂਹ ਦੇ ਮੈਂਬਰ ਚਮੜੀ ਦੇ ਰੰਗ ਅਤੇ ਸਿਰ ਦੀ ਬਨਾਵਟ ਅਤੇ ਦੂਜੇ ਪ੍ਰਕਾਸ਼ਨੀ ਅੰਤਰ ਦੇ ਵਿਸ਼ੇ ਵਿਚ ਭਿੰਨ ਹੁੰਦੇ ਹਨ। ਮਨੁੱਖੀ ਸ਼ਾਸਤਰੀਆਂ ਨੇ ਕਈ ਪ੍ਰਕਾਰ ਦੇ ਵਰਗੀਕਰਨ ਪੇਸ਼ ਕੀਤੇ ਹਨ। ਜੋ ਇਕ ਦੂਜੇ ਤੋ ਕਾਫ਼ੀ ਭਿੰਨ ਹਨ। ਲਿਨੀਅਸ (Linnaeous) ਅਤੇ ਕਿਊਵੀਰ (Cuvier) ਨੇ ਮਨੁੱਖੀ ਸਮੂਹ ਨੂੰ ਛੇ ਨਸਲਾਂ ਵਿੱਚ ਵੰਡਿਆ ਹੈ। ਹੀਕੇਲ (Heakel) ਚੌਂਤੀ ਨਸਲਾਂ ਗਿਣੀਆਂ ਹਨ। ਆਰਥਰ ਕੀਥ (Arthur Keith) ਨੇ ਚਾਰ ਵਰਗਾਂ ਦਾ ਵਰਣਨ ਕੀਤਾ ਹੈ। ਅਜੋਕੇ ਯੁੱਗ ਵਿਚ ਜੀ। ਇਲੀਅਟ ਸਮਿੱਥ ਨੇ ਛੇ ਨਸਲਾਂ ਵਿੱਚ ਮਨੁੱਖ ਜਾਤੀ ਦਾ ਵਰਣਨ ਕੀਤਾ ਹੈ। ਸਰਗੀ (Sergi) ਨੇ ਮਨੁੱਖਜਾਤੀ ਨੂੰ ਯੂਰ-ਅਫਰੀਕਨ (Eurafrican) ਅਤੇ ਯੂਰੇਸ਼ੀਅਨ (Eurasian) ਵਿੱਚ ਵਿਭਾਜਿਤ ਕੀਤਾ ਹੈ। ਕੁਝ ਮਨੁੱਖ ਸ਼ਾਸਤਰੀ ਹਕਸਲੇ ਦੇ ਵਰਗੀਕਰਨ ਨੂੰ ਅਪਣਾਉਂਦੇ ਹਨ। ਜਿਨ੍ਹਾਂ ਨੇ ਪੰਜ ਨਸਲਾਂ ਅਰਥਾਤ ਨਿਗਰੋਈਡ (Negroid), ਆਸਟਰੇਲੀਆਈਡ (Australoid), ਮੰਗੋਲਾਈਡ (Monogoloid), ਜੈਨਥੋਕਰਾਇਡ (Xanthochroid) ਅਤੇ ਮਲੇਨੋਕਰਾਈਡ (Melanochroid) ਦਾ ਵਰਣਨ ਕੀਤਾ ਹੈ ਕੁਝ ਲੇਖਕਾਂ ਨੇ ਚਾਰ ਨਸਲਾਂ ਕਾਕੇਸ਼ਿਅਨ (Causcasian), ਮੰਗੋਲ (Mangol;), ਨੀਗਰੋ (Negro) ਅਤੇ ਆਸਟ੍ਰੇਲੀਅਨ (Australian) ਦਾ ਉਲੇਖ ਕੀਤਾ ਹੈ, ਅਤੇ ਕਾਕੇਸਿਅਨ ਨੂੰ ਨੋਰਡਿਕ (nordic), ਅਲਪਾਈਨ (Alpine) ਅਤੇ ਭੂਮੱਧਸਾਗਰੀ (Medierranean) ਵਿਚ ਉਪ-ਵੰਡ ਕੀਤੀ ਹੈ।

**ਵੰਸ਼ ਵਰਗੀਕਰਨ** (Genealogical classification)- ਇਸ ਪ੍ਰਕਾਰ ਮਾਨਵ ਸ਼ਾਸਤਰੀਆਂ ਵਿਚ ਇਸ ਵਿਸ਼ੇ ਤੇ ਕੋਈ ਸਹਿਮਤੀ ਨਹੀਂ ਹੈ ਕਿ ਨਸਲਾਂ ਨੂੰ ਕਿਸ ਤਰ੍ਹਾਂ ਵਰਗੀਕ੍ਰਿਤ ਕਰਿਆ ਜਾਵੇ। ਨਸਲ ਦੀ ਉਚਿਤ ਅਵਧਾਰਣਾ ਅਤ ਇਸ ਦੇ ਉਚਿਤ ਆਧਾਰਾਂ ਦੇ ਅਭਾਵ ਦੇ ਕਾਰਨ ਨਸਲਾਂ ਦੇ ਉਨੇ ਹੀ ਵਰਗੀਕਰਨ ਹਨ, ਜਿੰਨੇ ਲੇਖਕ। **ਡੈਨੀਕਰ** (Denikar) 'ਨਸਲ' ਸ਼ਬਦ ਦੀ ਵਰਤਮਾਨ ਜਨ-ਸੰਖਿਆ ਵਿਚ ਵਾਸਤਵਿਕ ਰੂਪ ਵਿਚ ਮਿਲਣ ਵਾਲੇ ਲੱਛਣਾਂ ਦੇ ਸਮੂਹ ਦੇ ਅਰਥਾਂ ਵਿਚ ਵਿਆਖਿਆ ਕਰਦਾ ਹੈ। ਦੂਜੇ ਪਾਸੇ **ਰਿਪਲੇ** (Ripley) ਨੇ ਆਦਰਸ਼ ਕਿਸਮਾਂ ਜੋ ਕਿਸੇ ਸਮੇਂ ਵਿਸ਼ੁੱਧ ਰੂਪ ਵਿਚ ਵਰਤਮਾਨ ਸਮਝੇ ਜਾਂਦੇ ਹਨ ਨੂੰ ਖੋਜਣ ਦੀ ਕੋਸ਼ਿਸ਼ ਕੀਤੀ ਹੈ। ਕਈ ਲੇਖਕ ਵੱਖ-ਵੱਖ ਨਸਲਾਂ ਦੀ ਇਕ ਦੂਜੇ ਨਾਲ ਸਮਾਨਤਾਵਾਂ ਲੱਭਦੇ ਅਤੇ ਉਸ ਆਧਾਰ ਤੇ ਅਨੁਵੰਸ਼ਿਕ ਵਰਗੀਕਰਨ ਦੇ ਯਤਨ ਨੂੰ ਨਿਰਾਸਾ ਭਰਿਆ ਸਮਝਦੇ ਹਨ। ਇਸ ਤਰ੍ਹਾਂ ਫਿਸ਼ਰ (Fischer), ਮੇਟੀਗਕਾ (Matiegka) ਅਤੇ ਮਾਰਟਨ (Marten) ਨੇ ਵੰਸ਼ਵਲਿਕ ਵਰਗੀਕਰਨ ਦੇ ਯਤਨ ਦਾ ਪੂਰਾ ਤਿਆਗ ਕਰ ਦਿੱਤਾ ਹੈ। **ਸ੍ਰੀ ਹੈਡਨ** (Hadon) ਨੇ ਸਪੱਸ਼ਟ ਲਿਖਿਆ ਹੈ ਕਿ ਉਸ ਦਾ ਵਰਗੀਕਰਨ ਉਹ ਵਰਗੀਕਰਨ ਨਹੀਂ ਹੈ, ਜਿਸ ਦੇ ਅਰਥਾਂ ਵਿਚ ਪ੍ਰਾਣੀ ਸ਼ਾਸਤਰੀ ਅਤੇ ਬਨਸਪਤੀ ਸ਼ਾਸਤਰੀ ਇਸ ਸ਼ਬਦ ਦੀ ਵਿਆਖਿਆ ਕਰਦੇ ਹਨ। ਕਿਉਂਕਿ ਇਸ ਵਰਗੀਕਰਨ ਵਿਚ ਭੂਗੋਲਿਕ ਗੱਲਾ ਨੂੰ ਸ਼ਾਮਿਲ ਕੀਤਾ ਗਿਆ ਹੈ।" ਨਸਲ ਦੀਆਂ

ਪ੍ਰਮੁੱਖ ਕਿਸਮਾਂ :- ਸਾਡੇ ਦਿਮਾਗ ਵਿਚ ਵਰਤਮਾਨ ਹੁੰਦਾ ਹੈ। ਉਹ ਦੂਜੇ ਸਥਾਨ ਤੇ ਲਿਖਦਾ ਹੈ ਕਿ "ਮਨੁੱਖ ਦਾ ਨਸਲ ਵਿਚ ਸਥਿਰ ਵਰਗੀਕਰਨ ਦਾ ਕੰਮ ਮੁਸ਼ਕਿਲ ਹੈ।"

**ਕੋਈ ਵਿਸ਼ੁੱਧ ਨਸਲ ਨਹੀਂ ਹੈ** (NO pure race)- ਭੌਤਿਕ ਵਿਗਿਆਨੀਆਂ ਦੀ ਮੁਸ਼ਕਿਲ ਇਹ ਕਿ ਵਿਅਕਤੀਆਂ ਵਿਚ ਉਹ ਨਸਲ ਜਿਸ ਨਾਲ ਉਹ ਸਬੰਧਿਤ ਹੈ, ਦੇ ਸਾਰੇ ਲੱਛਣ ਵਰਤਮਾਨ ਨਹੀਂ ਹੁੰਦੇ। ਨਸਲ ਦਾ ਵਿਸ਼ਾ ਸਪੱਸ਼ਟ ਅਤੇ ਨਿਸ਼ਚਿਤ ਨਹੀਂ ਹੁੰਦਾ। ਨਸਲ ਦਾ ਵਿਸ਼ਾ ਪੂਰੀ ਤਰ੍ਹਾਂ ਸਪਸ਼ਟ ਅਤੇ ਨਿਸ਼ਚਿਤ ਨਹੀਂ ਹੁੰਦਾ ਅਤੇ ਨਾ ਹੀ ਇਹ ਹੋ ਸਕਦਾ ਹੈ। ਮਨੁੱਖ ਹਮੇਸ਼ਾਂ ਪ੍ਰਵਾਸ ਕਰਦਾ ਆਇਆ ਹੈ। ਜਨ ਜਾਤੀਆਂ ਅਤੇ ਰਾਸ਼ਟਰੀਅਤਾ ਨੇ ਇਸ ਭੂਮੰਡਲ ਉੱਤੇ ਪ੍ਰਆਣ ਅਤੇ ਪ੍ਰਤੀਯਾਨ ਕੀਤਾ ਹੈ। ਲੋਕਾਂ ਨੇ ਅਪਰਿਚਿਤਾਂ ਦੇ ਨਾਲ ਯੌਨ ਸੰਬੰਧ ਰੱਖੇ ਹਨ। ਜਿਸ ਵਿਚ ਸੰਕਰਣ ਸਰਬ ਵਿਆਪੀ ਬਣ ਗਏ ਹਨ। ਨਸਲੀ ਲੱਛਣ ਮਨੁੱਖ ਜਾਤੀ ਦੇ ਅਲੱਗ-ਅਲੱਗ ਸਮੂਹਾਂ ਵਿਚ ਵਿਆਪਕ ਰੂਪ ਵਿਚ ਮਿਸ਼ਰਿਤ ਹਨ ਇਸ ਵਿਸ਼ੇ ਤੇ ਸ਼ੰਕਾ ਹੋ ਸਕਦੀ ਹੈ। ਕਿ ਕੀ ਇਤਿਹਾਸ ਵਿਚ ਕਦੇ ਕੋਈ ਵਿਸ਼ੁੱਧ ਨਸਲ ਰਹੀ ਹੈ। ਡਨ ਅਤੇ ਡਾਬਝੈਂਸਕੀ (Dunn and Dobzhansky) ਨੇ ਲਿਖਿਆ ਹੈ, "ਪੂਰੇ ਲਿਖੇ ਇਤਿਹਾਸ ਵਿਚ ਨਸਲੀ-ਮਿਸ਼ਰਣ ਵਰਤਮਾਨ ਰਿਹਾ ਹੈ। ਮਾਨਵ-ਅਵਸ਼ੇਸ਼ਾਂ ਦੇ ਅਧਿਐਨ ਤੋਂ ਪ੍ਰਾਪਤ ਸਬੂਤ ਦਰਸਾਉਂਦਾ ਹੈ ਕਿ ਉਦਰਭਵ ਕਾਲ ਵਿਚ ਵੀ ਮਾਨਵਤਾ ਦੇ ਉਦਭਵ ਦੇ ਸਮੇਂ ਵੱਖ ਵੱਖ ਨਸਲਾਂ ਦਾ ਮਿਸ਼ਰਨ ਹੁੰਦਾ ਹੈ ਮਾਨਵ ਜਾਤੀ ਹਮੇਸ਼ਾਂ ਸੰਕਰ ਰਹੀ ਹੈ। ਅਤੇ ਹੁਣ ਵੀ ਹੈ।"[11] ਪ੍ਰੋ: **ਫਲੀਰ** (Fleure) ਦੇ ਅਨੁਸਾਰ "ਬ੍ਰਿਟੇਨ ਵਿਚ ਜਿਆਦਾ ਲੋਕ ਮੱਧ ਦੇ ਲੋਕ ਹਨ। ਨਾ ਕਿ ਪੂਰਨਤਾ ਇਕ ਜਾਂ ਦੂਜੀ ਪ੍ਰਕਾਰ ਦੇ।" ਨਸਲ-ਸੰਕਰਤਾ ਦੇ ਇਸ ਤੱਥ ਦੇ ਕਾਰਨ ਵਰਗੀਕਰਨ ਦੀ ਕਿਸੇ ਯੋਜਨਾ ਉੱਤੇ ਸਹਿਮਤ ਹੋਣਾ ਮੁਸ਼ਕਿਲ ਹੈ।

ਇਕ ਮਹੱਤਵਪੂਰਨ ਗੱਲ ਇਹ ਹੈ ਕਿ ਨਸਲੀ ਵਰਗੀਕਰਨ ਸਮਾਜਿਕ ਸੰਰਚਨਾ ਅਤੇ ਸੰਸਕ੍ਰਿਤ ਪ੍ਰਤੀਮਾਨ ਦੇ ਨਾਲ ਸਹਿ-ਸਬੰਧਿਤ ਨਹੀਂ ਹਨ।ਕਪੋਲ ਦੀਆਂ ਉੱਚੀਆਂ ਹੱਡੀਆਂ ਦਾ ਲਾਲ ਭੂਰੀ ਚਮੜੀ ਨਾਲ ਕੁਝ ਸਬੰਧ ਹੋ ਸਕਦਾ ਹੈ। ਕਾਲੇ ਭੂਰੇ ਵਾਲਾਂ ਦਾ ਭੂਰੀ-ਕਾਲੀ ਚਮੜੀ ਨਾਲ ਸਬੰਧ ਹੈ। ਪ੍ਰੰਤੂ ਇਹਨਾਂ ਵਿਚ ਕਿਸੇ ਨੂੰ ਬੁੱਧੀ ਜਾਂ ਜਾਤੀ ਰਚਨਾ ਜਾਂ ਗਾਉਣ ਯੋਗਤਾ ਜਾਂ ਪਰਮਾਤਮਾ ਵਿਚ ਵਿਸ਼ਵਾਸ ਜਾਂ ਜਿਆਦਾ ਪਤਨੀਆਂ ਦਾ ਰਿਵਾਜ ਜਾਂ ਦੂਜੀ ਕਿਸੇ ਸਮਾਜਿਕ ਵਿਸ਼ੇਸ਼ਤਾ ਨਾਲ ਸੰਬੰਧਿਤ ਨਹੀਂ ਕੀਤਾ ਜਾ ਸਕਦਾ। ਅਨੁਵੰਸ਼ਿਕ ਸਰੀਰਕ ਵਿਸ਼ੇਸ਼ਤਾਵਾਂ ਜਿਨ੍ਹਾਂ ਦੇ ਆਧਾਰ ਤੇ ਨਸਲਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ, ਉਹ ਸਮਾਜਿਕ ਵਿਵਹਾਰ ਦੇ ਨਾਲ ਸੰਬੰਧਿਤ ਨਹੀਂ ਹਨ।

ਇਸ ਦੇ ਉਲਟ ਕੁਝ ਵਰਗੀਕਰਨ ਸਹਾਇਕ ਹੋਣ ਦੀ ਬਜਾਏ ਜਿਆਦਾ ਹਾਨੀਕਾਰਕ ਸਿੱਧ ਹੋਏ ਹਨ, ਕਿਉਂਕਿ ਉਹਨਾਂ ਨੇ ਵਿਅਕਤੀਆਂ ਨੂੰ ਇਹ ਮੰਨ ਲੈਣ ਨਹੀਂ ਉਤਸਾਹਿਤ ਕੀਤਾ ਹੈ ਕਿ ਕੁਝ ਨਸਲਾਂ ਦੂਜਿਆਂ ਤੋਂ ਮਾਨਸਿਕ ਤੌਰ ਤੇ ਵਿਸ਼ੇਸ਼ ਹਨ ਜਾਂ ਸਰੀਰਿਕ ਲੱਛਣਾਂ ਜਾਂ ਬੁੱਧੀ ਵਿਚ ਪਰਸਪਰ ਸਬੰਧ ਹਨ। ਪ੍ਰੰਤੂ ਜੋ ਅਸੀਂ ਬਾਅਦ ਵਿਚ ਵਰਣਨ ਕਰਾਂਗੇ, ਅਜਿਹੀ ਮਾਨਤਾ ਬਹੁਤਾ ਠੀਕ ਨਹੀਂ ਹੁੰਦੀ। ਪ੍ਰੰਤੂ ਇਸ ਦਾ ਮਤਲਬ ਇਹ ਨਹੀਂ ਹੈ ਕਿ ਮਾਨਵ ਜਾਤੀ ਨੂੰ ਸਰੀਰਿਕ ਲੱਛਣਾਂ ਦੇ ਆਧਾਰ ਤੇ ਵਰਗੀਕ੍ਰਿਤ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ ਜਾਵੇ।

**ਤਿੰਨ ਮੁੱਖ ਨਸਲਾਂ** (Three main races)- ਨਸਲ ਦਾ ਨੀਗਰੋ, ਮੰਗੋਲਾਈਡ, ਅਤੇ ਕਾਕੇਸ਼ਿਅਨ ਵਿਚ ਵਰਗੀਕਰਨ ਸਵੀਕ੍ਰਿਤ ਮੰਨਿਆ ਗਿਆ ਹੈ। ਜਦੋਂ ਕਿ ਉਹਨਾਂ ਨੂੰ ਅਲੱਗ ਕਰਨ ਵਾਲੀਆਂ ਸਪਸ਼ਟ ਰੇਖਾਵਾਂ ਨਹੀਂ ਹਨ, ਫਿਰ ਵੀ ਕਈ ਨਸਲਾਂ ਦੇ ਕੁਝ ਵਿਸ਼ੇਸ਼ ਲੱਛਣ ਹਨ। ਜੋ ਇਹਨਾਂ ਦੇ ਸਾਰੇ ਮੈਂਬਰਾਂ ਵਿੱਚ ਪਾਏ ਜਾਂਦੇ ਹਨ। ਨੀਗਰੋ ਲੋਕਾਂ ਦੀ ਚਮੜੀ ਕਾਲੀ, ਜਬਾੜੇ ਅੱਗੇ ਨਿਕਲੇ, ਚੌੜੀ ਨੱਕ ਅਤੇ ਘੁੰਗਰਾਲੇ ਵਾਲ ਹੁੰਦੇ ਹਨ। ਇਸ ਵਿਚ ਮਲੇਸੀਅਨ ਲੋਕ ਵੀ ਸ਼ਾਮਿਲ ਹਨ। ਜਿਨ੍ਹਾਂ ਦੀ ਚਮੜੀ ਕੁਝ ਹਲਕੀ ਅਤੇ ਨੱਕ ਨੀਗਰੋ ਸਮੂਹ ਤੋਂ ਕੁਝ ਵੱਖ ਹੁੰਦੀ ਹੈ। ਮੰਗੋਲ ਨਸਲ ਦੀ ਚਮੜੀ ਦਾ ਰੰਗ ਪੀਲਾ ਜਾਂ ਕਣਕਵੰਨਾ ਹੁੰਦਾ ਹੈ। ਇਹਨਾਂ ਦੇ ਬੁੱਲ ਸਾਦੇ ਮੋਟੇ ਅਤੇ ਠੋਡੀ ਗੋਲ ਹੁੰਦੀ ਹੈ। ਅੱਖਾਂ ਅੱਧਖੁੱਲ੍ਹੀਆਂ ਹੁੰਦੀਆਂ ਹਨ ਅਤੇ ਉਹਨਾਂ ਦਾ ਰੰਗ ਬਦਾਮੀ ਜਾਂ ਗੂੜਾ ਬਦਾਮੀ ਹੁੰਦਾ ਹੈ। ਇਸ ਸਮੂਹ ਵਿਚ ਅਮਰੀਕਨ, ਇੰਡੀਅਨ ਮੌਜੂਦ ਹੁੰਦੇ ਹਨ। ਕੁਝ ਵਿਗਿਆਨੀਆਂ ਸ਼ਵੇਤ ਜਾਤੀ ਨੂੰ ਅਲੱਗ ਨਸਲ ਮੰਨਦੇ ਹਨ। ਜਦੋਂ ਕਿ ਦੂਜੇ ਇਸ ਮੰਗੋਲ ਨਸਲ ਦੀ ਉਪਸ਼ਾਖਾ ਹੀ ਮੰਨਦੇ ਹਨ। ਕਾਕੇਸ਼ਿਅਨ ਨਸਲ ਵਿਚ ਉਪਰੋਕਤ ਦੋਨਾਂ ਨਸਲਾਂ ਦੇ ਲੱਛਣ ਘੁਲੇ ਮਿਲੇ ਹੁੰਦੇ ਹਨ।

ਨੋਟ

ਇਨ੍ਹਾਂ ਤਿੰਨ ਨਸਲਾਂ ਦੀਆਂ ਕਿਸਮਾਂ ਨੂੰ ਉਪ ਨਸਲਾਂ ਵਿਚ ਵੰਡਿਆ ਗਿਆ ਹੈ ਜਦੋਂ ਕਿ ਇਹ ਉਪਜਾਤਾਂ ਨੂੰ ਨਸਲ ਦੀਆਂ ਉਪਜਾਤਾਂ ਕਿਹਾ ਜਾਂਦਾ ਹੈ।

**ਭਾਰਤ ਵਿਚ ਨਸਲਾਂ** (Race in India) – **ਸਰ ਹਰਬਰਟ ਰਿਜਲੇ** (Sir Herbert Risley) ਦੇ ਅਨੁਸਾਰ ਭਾਰਤ ਵਿਚ ਸੱਤ ਨਸਲਾਂ ਦੀਆਂ ਕਿਸਮਾਂ ਮਿਲਦੀਆਂ ਹਨ –

1. **ਦ੍ਰਵਿੜ-ਪੂਰਵ ਕਿਸਮ** (Pre-Dravidian type) – ਜੋ ਪਹਾੜੀਆਂ ਅਤੇ ਜੰਗਲਾਂ ਵਿਚ ਮਨੁੱਖੀ ਜਨ ਜਾਤੀਆਂ ਵਿਚ ਹੁਣ ਵੀ ਪਾਈ ਜਾਂਦੀ ਹੈ ਜਿਵੇਂ ਕਿ ਭੀਲ।
2. **ਦ੍ਰਵਿੜੀਅਨ ਕਿਸਮ** (Dravidian type)– ਜੋ ਗੰਗਾ ਘਾਟੀ ਤੱਕ ਦੱਖਣੀ ਮਹਾਂਦੀਪ ਵਿਚ ਰਹਿੰਦੀ ਹੈ।
3. **ਇੰਡੋ ਆਰਇਨ ਕਿਸਮ** (Indo-Aryan type)– ਜੋ ਕਸ਼ਮੀਰ, ਪੰਜਾਬ, ਅਤੇ ਰਾਜਪੂਤਾਨਾ ਵਿਚ ਹੈ।
4. **ਆਰਿਆ ਦ੍ਰਵਿੜੀ ਕਿਸਮ** (Aryo-Dravidian type)– ਜੋ ਗੰਗਾ ਘਾਟੀ ਵਿਚ ਪਾਈ ਜਾਂਦੀ ਹੈ।
5. **ਸਾਈਥੋ-ਦ੍ਰਵਿੜੀਅਨ ਕਿਸਮ** (Cytho-Dravidian type)– ਜੋ ਸਿੰਧ ਦੇ ਪੂਰਬ ਵਿਚ ਸਥਿਤ ਹੈ।
6. **ਮੰਗੋਲਾਈਡ ਕਿਸਮ** (Mongoloid type)– ਜੋ ਅਸਾਮ ਅਤੇ ਪੂਰਬੀ ਹਿਮਾਲਿਆ ਦੀਆਂ ਤਰਾਈਆਂ ਵਿਚ ਪਾਈ ਜਾਂਦੀ ਹੈ।
7. **ਮੰਗੋਲ ਦ੍ਰਵਿੜੀਅਨ ਕਿਸਮ** (Monogoloid-Dravidian type)।

**ਹਟਨ** (Hutton) ਦੇ ਮੱਤ ਅਨੁਸਾਰ, ਨੀਗਰੋਟੋ (Negrito) ਨਸਲ ਭਾਰਤ ਦੀ ਮੌਲਿਕ ਵਾਸੀ ਸੀ। ਉਸ ਤੋਂ ਬਾਅਦ ਪ੍ਰੋਟੋ-ਆਸਟ੍ਰੇਲਾਈਡ ਨਸਲਾਂ ਦਾ ਜਨਮ ਹੋਇਆ ਜਿਨ੍ਹਾਂ ਦੇ ਪੂਰਵਜ ਫ਼ਿਲਸਤੀਨ ਵਿਚ ਸੀ।ਉਸ ਦੇ ਉਪਰੰਤ ਭੂ-ਮੱਧ ਸਾਗਰੀ ਨਸਲ ਆਈ। 4,000 ਈ: ਪੂਰਬ ਵਿਚ ਆਰਿਆ ਨਸਲ ਭਾਰਤ ਵਿਚ ਆਈ।

| | |
|---|---|
| ਕੀ ਤੁਸੀਂ ਜਾਣਦੇ ਹੋ | ਨਸਲ ਪੂਰਬਗ੍ਰਹਿ ਅਤੇ ਰੰਗਭੇਦ ਸੰਸਾਰ ਵਿੱਚ ਵਰਤਮਾਨ ਦਾ ਸਭ ਤੋਂ ਵੱਡਾ ਕਲੰਕ ਹੈ ਜੋ ਵਿਸ਼ਵ-ਸ਼ਾਂਤੀ ਦੇ ਲਈ ਵੀ ਡਰ ਹੈ। |

### 8.1.3 ਨਸਲ ਪੂਰਵਾਗ੍ਰਹਿ (Race Prejudice)

ਇੱਥੇ ਅਸੀਂ ਨਸਲ ਪੂਰਵਾਗ੍ਰਹਿ ਜਾਂ ਨਸਲੀ ਭੇਦ ਭਾਵ ਦੇ ਸਵਾਲ ਉੱਤੇ ਵਿਚਾਰ ਕਰਾਂਗੇ ਜਿਨ੍ਹਾਂ ਨੇ ਮਾਨਵ ਜਾਤੀ ਨੂੰ ਵਿਰੋਧੀ ਧਿਰਾਂ ਵਿਚ ਵੰਡ ਦਿੱਤਾ ਹੈ। ਇਕ ਨਸਲ ਦੁਆਰਾ ਦੂਜੀ ਨਸਲ ਉੱਤੇ ਜ਼ਿਆਦਾ ਅਤਿਆਚਾਰ ਕੀਤਾ ਜਾਂਦਾ ਹੈ ਜਿਵੇਂ ਨਸਲ ਦਾਸਤਾ ਵਿਚ ਮਨੁੱਖ ਦੀ ਮਨੁੱਖ ਦੇ ਪ੍ਰਤੀ ਦਾਨਵਤਾ ਨਸਲ ਉੱਤੇ ਜ਼ਿਆਦਾ ਅਧਾਰਿਤ ਹੁੰਦੀ ਹੈ। ਅਧਿਕਾਰਾਂ, ਅਵਸਰਾਂ ਅਤੇ ਪਰਸਥਿਤੀਆਂ ਦੇ ਬਾਰੇ ਵਿੱਚ ਕਿਸੇ ਨਸਲ ਦੇ ਵਿਰੁੱਧ ਡੂੰਘਾ ਭੇਦ-ਭਾਵ ਕੀਤਾ ਜਾਂਦਾ ਹੈ।

ਪੂਰਵਾਗ੍ਰਹਿ" ਇਕ ਮਨੋਵ੍ਰਿਤੀ ਹੈ ਜੋ ਕਿ ਵਿਅਕਤੀ ਨੂੰ ਕਿਸੇ ਸਮੂਹ ਜਾਂ ਉਸ ਦੇ ਵਿਅਕਤੀਗਤ ਮੈਂਬਰਾਂ ਦੇ ਪ੍ਰਤੀ ਅਨੁਕੂਲ ਜਾਂ ਪ੍ਰਤੀਕੂਲ ਢੰਗ ਨਾਲ ਵਿਚਾਰਣ, ਵਿਚਰਣ ਅਤੇ ਅਨੁਭਵ ਕਰਨ ਅਤੇ ਕੰਮ ਕਰਨ ਲਈ ਪ੍ਰਵਿੱਤ ਕਰਦੀ ਹੈ।" ਪੂਰਵਾਗ੍ਰਹਿ ਦਾ ਮਤਲਬ ਹੈ ਪਹਿਲਾਂ ਨਿਰਣਾ ਕਰਨਾ। ਅਸੀਂ ਆਪਣੀਆਂ ਭਾਵਨਾਵਾਂ ਦੇ ਪ੍ਰਭਾਵਾਂ ਵਿਚ ਬਿਨ੍ਹਾਂ ਵਿਵੇਕ-ਯੁਕਤ ਵਿਚਾਰ ਦੇ ਜਲਦੀ ਹੀ ਨਿਰਣਾ ਕਰ ਲੈਂਦੇ ਹਾਂ। ਤੇਜ਼ ਭਾਵਨਾ ਵਿਚਾਰ ਨੂੰ ਕੁੰਠਿਤ ਕਰ ਦਿੰਦੀ ਹੈ ਅਤੇ ਅਸੀਂ ਅੰਧ-ਵਿਸ਼ਵਾਸ ਵਿਚ ਚਲੇ ਜਾਂਦੇ ਹਾਂ। ਇਕ ਵਾਰ ਪੂਰਵਾਗ੍ਰਹਿ ਦੀ ਸਥਾਪਨਾ ਹੋ ਜਾਣ ਤੇ ਵਾਸਤਵਿਕ ਤੱਥ ਵੀ ਇਸ ਨੂੰ ਦੂਰ ਨਹੀਂ ਕਰ ਸਕਦੇ। ਪੂਰਵ ਗ੍ਰਹਿ ਕਿਸੇ ਵਿਅਕਤੀ ਨੂੰ ਦੂਜੇ ਵਿਅਕਤੀ ਜਾਂ ਸਮੂਹ ਦੇ ਪ੍ਰਤੀ ਰੂਪ ਵਿਚ ਅਨੁਕੂਲ ਜਾਂ ਪ੍ਰਤੀਕੂਲ ਬਣਾ ਦਿੰਦਾ ਹੈ। ਪੂਰਵਾਗ੍ਰਹਿ ਭੇਦ ਭਾਵ ਤੋਂ ਭਿੰਨ ਹੈ। ਭੇਦ-ਭਾਵ ਵਿਅਕਤੀਆਂ ਵਿਚ ਵਿਭੇਦਕ ਵਿਵਹਾਰ ਹੈ। ਇਹ ਸਧਾਰਨ ਰੂਪ ਵਿਚ ਪੂਰਵਾਗ੍ਰਹਿ ਦੀ ਸਪਸ਼ਟ ਜਾਂ ਵਿਵਹਾਰਿਕ ਅਭਿਵਿਅਕਤੀ ਹੈ। ਪ੍ਰੰਤੂ ਇਹ ਪੂਰਵਾਗ੍ਰਹਿ ਤੋਂ ਬਿਨਾਂ ਵੀ ਪ੍ਰਗਟ ਹੋ ਸਕਦਾ ਹੈ।ਨਸਲੀ- ਪੂਰਵਾਗ੍ਰਹਿ ਇਸ ਮਾਨਤਾ

ਨੋਟ

ਉੱਤੇ ਅਧਾਰਿਤ ਹੈ ਕਿ ਨ੍ਰਿਵੰਸ਼ੀ ਅੰਤਰ ਖ਼ੂਨ ਦੇ ਅੰਤਰ ਦੇ ਕਾਰਨ ਹੈ। ਜਾਂ ਅਜਿਹੇ ਅੰਤਰ ਸਰੀਰਕ ਲੱਛਣਾਂ ਜਿਵੇਂ ਅੱਖ, ਚਮੜੀ ਅਤੇ ਵਾਲਾਂ ਦੇ ਰੰਗ ਦੀ ਤਰਾਂ ਜੈਵਿਕਤਾ ਹਸਤਾਂਤਰਿਤ ਹੁੰਦੇ ਹਨ, ਪ੍ਰੰਤੂ ਜਿਵੇਂ ਉਪਰ ਵਰਣਨ ਕਰਿਆ ਗਿਆ ਹੈ ਕਿ ਇਹ ਵਿਚਾਰ ਕਿ ਕੁਝ ਨਸਲਾਂ ਮਾਨਸਿਕ ਰੂਪ ਵਿਚ ਦੂਜੀਆਂ ਨਸਲਾਂ ਤੋਂ ਕੁਝ ਵਿਸ਼ੇਸ਼ ਜੈਵਿਕ ਲੱਛਣਾਂ ਦੇ ਕਾਰਨ ਸ੍ਰੇਸ਼ਠ ਹਨ, ਹੁਣ ਤੱਕ ਪ੍ਰਮਾਣਿਤ ਨਹੀਂ ਹੋਇਆ ਹੈ। ਜੇਕਰ ਸਾਰੀਆਂ ਨਸਲਾਂ ਜੈਵਿਕ ਰੂਪ ਵਿਚ ਬਰਾਬਰ ਪੈਦਾ ਹੋਣ ਤਾਂ ਵੀ ਨਸਲ ਪੂਰਵਾਗ੍ਰਹਿ ਖਤਮ ਨਹੀਂ ਹੋਵੇਗਾ। ਨਸਲਾਂ ਵਿਚ ਫਿਰ ਵੀ ਸੰਘਰਸ਼ ਹੋਣਗੇ, ਠੀਕ ਉਸੇ ਤਰ੍ਹਾਂ ਜਿਵੇਂ ਰਾਸ਼ਟਰ ਵਿਚ ਯੁੱਧ ਹੁੰਦੇ ਹਨ।

**ਨਸਲ ਪੂਰਵਾਗ੍ਰਹਿ ਜਨਮਜਾਤ ਨਹੀਂ ਹੈ (Racial Prejudice is not in born)**

ਇਸ ਲਈ ਪਹਿਲਾਂ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਨਸਲ ਪੂਰਵਾਗ੍ਰਹਿ ਜਨਮਜਾਤ ਨਹੀਂ ਹੁੰਦਾ। ਬੱਚਾ ਕਿਸੇ ਵੀ ਕਿਸਮ ਦੇ ਪੂਰਵਾਗ੍ਰਹਿ ਨੂੰ ਲੈ ਕੇ ਜਨਮ ਨਹੀਂ ਲੈਂਦਾ। ਅਸੀਂ ਬਹੁਤ ਬੱਚਿਆ ਨੂੰ ਦੂਜੀਆਂ ਨਸਲਾਂ ਦੇ ਬੱਚਿਆਂ ਦੇ ਨਾਲ, ਬਿਨਾਂ ਕਿਸੇ ਪੂਰਵਾਗ੍ਰਹਿ ਜਾਂ ਭੇਦਭਾਵ ਦੇ ਖੇਡਦੇ ਦੇਖਦੇ ਹਾਂ। ਪੂਰਵਾਗ੍ਰਹਿ ਸਮਾਜਿਕ ਸਿਖਿਆ (indoctrination) ਦਾ ਪਰਿਣਾਮ ਹੈ ਜੋ ਵਿਸ਼ਵਾਸਾਂ ਅਤੇ ਮਨੋਵ੍ਰਿਤੀਆਂ ਨੂੰ ਇਸ ਤਰ੍ਹਾਂ ਉਤਪੰਨ ਕਰ ਦਿੰਦੀ ਹੈ ਕਿ ਓਹ ਅਵਸਥਾ ਦੀ ਪ੍ਰਕਿਰਿਆ ਦੁਆਰਾ ਦ੍ਰਿੜ੍ਹ ਰੂਪ ਧਾਰਨ ਕਰ ਲੈਂਦੇ ਹਨ। ਬੱਚਾ ਪੂਰਵਾਗ੍ਰਹਿ ਨੂੰ ਹੌਲੀ-ਹੌਲੀ ਪ੍ਰਾਪਤ ਕਰਦਾ ਹੈ। ਇਹ ਸਮਾਜੀਕਰਨ ਦੀ ਪ੍ਰਕਿਰਿਆ ਦੀ ਉਪਜ ਹੈ, ਜਿਥੇ 'ਮੇਰਾ' 'ਸਾਡਾ' ਬਣ ਜਾਂਦਾ ਹੈ ਅਤੇ ਬੱਚਾ ਆਪਣੇ ਸਮੂਹ ਦੇ ਮੈਂਬਰਾਂ ਨੂੰ ਦੂਜੇ ਵਿਅਕਤੀਆਂ ਨਾਲੋਂ ਹਰੇਕ ਖੇਤਰ ਵਿਚ ਵਧੀਆ ਸਮਝਣ ਲੱਗ ਪੈਂਦਾ ਹੈ। ਉਹ ਦੂਜੇ ਵਿਅਕਤੀਆਂ ਨੂੰ ਸ਼੍ਰੇਸ਼ਠਤਾ-ਹੀਣਤਾ ਦੇ ਸ਼ਬਦਾਂ ਦੇ ਵਿਚ ਵੱਖਰਾ ਅਤੇ ਮੁੱਲਾਂਕਿਤ ਕਰਦਾ ਹੈ ਅਤੇ ਉਹਨਾਂ ਦੇ ਪ੍ਰਤੀ ਜੋ ਉਸ ਦੇ ਪੂਰਵਾਗ੍ਰਹਿ ਵਿਚ ਭਾਗੀ ਹਨ, ਅਨੁਰਾਗ ਅਤੇ ਨਿਸ਼ਠਾ ਰੱਖਣ ਲਗਦਾ ਹੈ। ਇਸ ਕਰਕੇ ਸਮੂਹ-ਪੂਰਵਾਗ੍ਰਹਿ ਜਨਮਜਾਤ ਨਹੀਂ ਹੈ ਬਲਕਿ ਸਿੱਖਿਆਜਨਿਤ ਹੈ। ਕਦੇ ਕਦੇ ਪੂਰਵਾਗ੍ਰਹਿ ਦੇ ਬੀਜ ਬਾਲਕ ਦੇ ਬਚਪਨ ਵਿਚ ਹੀ ਬੀਜ ਦਿੱਤੇ ਜਾਂਦੇ ਹਨ। ਜਿਸ ਨਾਲ ਇਹ ਜਨਮਜਾਤ ਦਿਖਾਈ ਦਿੰਦਾ ਹੈ। ਪ੍ਰੰਤੂ ਇਹ ਅਰਜਿਤ ਹੁੰਦਾ ਹੈ। ਪੂਰਵਾਗ੍ਰਹਿ ਦੇ ਕਾਰਨਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

1. **ਆਰਥਿਕ ਲਾਭ** (Economic advantages) - ਨਸਲੀ ਪੂਰਵ ਗ੍ਰਹਿ ਦਾ ਇਕ ਮਹੱਤਵਪੂਰਨ ਕਾਰਨ ਆਰਥਿਕ ਲਾਭ ਹੈ ਜੋ ਕੁਝ ਪ੍ਰਸਥਿਤੀਆਂ ਵਿਚ ਪ੍ਰਭੁੱਤਵਸ਼ਾਲੀ ਸਮੂਹ ਨੂੰ ਪ੍ਰਾਪਤ ਹੁੰਦਾ ਹੈ। ਪ੍ਰਾਚੀਨ ਯੂਨਾਨ ਅਤੇ ਰੋਮ ਵਿਚ ਕੁਲੀਨ ਵਰਗ ਨੇ ਦਾਸਾਂ ਦੇ ਹਿੱਤਾਂ ਦਾ ਬਲੀਦਾਨ ਦੇ ਕੇ ਸਮ੍ਰਿੱਧੀ ਪ੍ਰਾਪਤ ਕੀਤਾ ਸੀ। ਜਦੋਂ ਕਿ ਸੰਯੁਕਤ ਰਾਜ ਅਮਰੀਕਾ ਵਿਚ ਦੱਖਣੀ ਰਾਜਾਂ ਦੇ ਨੀਗਰੋ ਨੇ ਵਿਸਥਾਰਸ਼ੀਲ ਅਰਥ ਵਿਵਸਥਾ ਨੂੰ ਸਸਤੀ ਮਿਹਨਤ ਪ੍ਰਦਾਨ ਕੀਤੀ। ਇਹਨਾਂ ਵਿਅਕਤੀਆਂ ਨੂੰ ਛੋਟੇ ਸਮਝਿਆਂ ਜਾਂਦਾ ਸੀ। ਇਸ ਲਈ ਇਹਨਾਂ ਨੂੰ ਹੇਠਲੇ ਅਹੁਦੇ ਦਿੱਤੇ ਜਾਂਦੇ ਸਨ, ਜਿਨਾਂ ਵਿਚ ਤਰੱਕੀ ਦੀ ਕੋਈ ਆਸ ਨਹੀਂ ਸੀ ਇਹ ਛੋਟੀ ਜਾਤੀ ਸ਼ਾਨੋ-ਸ਼ੌਕਤ ਦੀ ਹੇਠਲੀ ਪੌੜੀ 'ਤੇ ਰਹਿ ਜਾਂਦੀ ਹੈ ਅਤੇ ਬਰਾਬਰ ਕੰਮ ਦੇ ਲਈ ਸਮਾਨ ਤਨਖਾਹ, ਸਮਾਨ ਸਿੱਖਿਆ ਸਾਰਵਜਨਿਕ ਸੁਵਿਧਾਵਾਂ ਦੇ ਬਰਾਬਰ ਉਪਯੋਗ ਤੋਂ ਵਾਂਝੀ, ਹੋ ਕੇ ਸੁਤੰਤਰ ਸਮੂਹ ਬਣ ਗਈ ਹੈ। ਇਹਨਾਂ ਅਧਿਕਾਰਾਂ ਅਤੇ ਸੁਵਿਧਾਵਾਂ ਦੇ ਪ੍ਰਤੀਰੋਧਨ ਦਾ ਸਮਰਥਨ ਇਸ ਅਧਾਰ ਤੇ ਕੀਤਾ ਜਾਂਦਾ ਹੈ ਕਿ ਇਹ ਛੋਟੇ ਵਿਅਕਤੀ ਹਨ, ਇਸ ਕਰਕੇ ਘੱਟ ਦੇ ਪਾਤਰ ਹਨ। ਉਹਨਾਂ ਲਈ ਕੁੱਝ ਕਾਰੋਬਾਰ ਇੱਥੋਂ ਤੱਕ ਕਿ ਯੋਗ ਅਤੇ ਪ੍ਰਸਿੱਖਿਅਤ ਵਿਅਕਤੀ ਦੇ ਲਈ ਵੀ ਮਨਾਂ ਸਨ। ਪ੍ਰਿਥਕੀਕਰਣ ਅਤੇ ਵਿਭੇਦੀਕਰਣ ਨਾਲ ਨੀਗਰੋ ਜਾਤੀ ਵਿਚ ਦ੍ਰਿੜ੍ਹ ਕਾਰੋਬਾਰੀ ਹਿੱਤ ਦਾ ਉੱਥਾਨ ਹੋਇਆ ਜੋ ਗੋਰੇ ਨਿਯੋਕਤਾਵਾਂ ਦੇ ਆਰਥਿਕ ਹਿੱਤਾਂ ਦੇ ਅਨੁਰੂਪ ਸੀ।
2. **ਰਾਜਨੀਤਿਕ ਲਾਭ** (Political advantages):- ਕਦੇ-ਕਦੇ ਪ੍ਰਭਾਵਸ਼ਾਲੀ ਸਮੂਹ ਆਪਣੀ ਰਾਜਨੀਤੀ ਸਰਵ-ਉਚਤਾ ਨੂੰ ਦ੍ਰਿੜ੍ਹ ਕਰਨ ਜਾਂ ਸਥਿਰ ਰੱਖਣ ਦੇ ਲਈ ਵੀ ਨਸਲ ਪੂਰਵਾਗ੍ਰਹਿ ਨੂੰ ਉਤਸ਼ਾਹਿਤ ਕਰਦਾ ਹੈ। ਦੱਖਣੀ ਅਫ਼ਰੀਕਾ ਵਿਚ ਭਾਰਤੀਆਂ ਜਾਂ ਕਾਲੇ ਲੋਕਾਂ ਨੂੰ ਮਤਦਾਨ ਜਾਂ ਸਾਰਵਜਨਿਕ ਅਹੁਦੇ ਦੇ ਅਧਿਕਾਰ ਤੋਂ ਵੰਚਿਤ ਰੱਖਿਆ ਗਿਆ ਹੈ ਤਾਂ ਕਿ ਗੋਰੇ ਲੋਕਾਂ ਦੀ ਰਾਜਨੀਤਕ ਸ਼ਕਤੀ ਸਥਿਰ ਰਹੇ। ਸੰਯੁਕਤ ਰਾਜ ਦੇ ਕੁਝ ਰਾਜਾਂ ਵਿਚ ਵੀ ਅਜਿਹਾ ਹੀ ਵਿਵਹਾਰ ਨੀਗਰੋ ਲੋਕਾਂ ਦੇ ਨਾਲ ਕੀਤਾ ਜਾਂਦਾ ਹੈ। ਰਾਜਨੀਤਕ ਨੇਤਾ ਉਸੇ ਹੱਦ ਤੱਕ ਸ਼ਕਤੀ ਪ੍ਰਾਪਤ ਕਰਦੇ ਹਨ, ਜਿੱਥੋਂ ਤੱਕ ਇਹ ਮਤਦਾਤਾ ਦੇ ਆਦਰਸ਼ ਨਿਯਮਾਂ ਦਾ ਅਗਵਾਈ ਕਰਦੇ ਹਨ। ਅਜਿਹੇ ਵਿਅਕਤੀ ਜੋ ਇਨਾਂ ਆਦਰਸ਼ ਨਿਯਮਾਂ ਦਾ ਸਮਰਥਨ ਨਹੀਂ ਕਰਦੇ, ਉਹਨਾਂ ਦੇ ਨਿਰਵਾਚਿਤ ਹੋਣ ਦੀ ਸੰਭਾਵਨਾ ਨਹੀਂ ਹੁੰਦੀ। ਇਸ ਪ੍ਰਕਾਰ ਜਦੋਂ ਇਹਨਾਂ

ਨੋਟ

ਨੇਤਾਵਾਂ ਨੂੰ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਇਹ ਸਥਿਤੀ ਨੂੰ ਉਸੇ ਤਰ੍ਹਾਂ ਰੱਖਣ ਦੇ ਲਈ ਹੋਰ ਜ਼ਿਆਦਾ ਪ੍ਰਭਾਵ ਪਾਉਂਦੇ ਹਨ। ਦੱਖਣੀ ਅਮਰੀਕਾ ਦੇ ਪ੍ਰਿਥਕਵਾਦੀ ਨੇਤਾਵਾਂ ਦੇ ਹਿਤਾਂ ਦੀ ਸੰਤੁਸ਼ਟੀ ਨੀਗਰੋ ਦੇ ਪ੍ਰਤੀ ਨਸਲੀ ਪੂਰਵਾਗ੍ਰਹਿ ਨੂੰ ਸਥਿਰ ਰੱਖਣ 'ਤੇ ਹੁੰਦੀ ਹੈ।

3. **ਸਮਜਾਤੀ ਕੇਂਦਰ** (Ethnocentrism) – ਸਮਜਾਤੀ ਕੇਂਦਰ ਉਹ ਭਾਵਨਾ ਹੈ ਜਿਸ ਦੇ ਦੁਆਰਾ ਦੇਸ ਦੇ ਲੋਕ ਵਿਦੇਸ਼ੀ ਲੋਕਾਂ ਤੋਂ ਨਫ਼ਰਤ ਕਰਦੇ ਹਨ ਅਤੇ ਆਪ ਨੂੰ ਵਧਿਆ ਸਮਝਦੇ ਹਨ। ਜਦੋਂ ਇਹ ਭਾਵਨਾ ਚਰਮ ਸੀਮਾ ਤੱਕ ਪਹੁੰਚ ਜਾਂਦੀ ਹੈ ਤਾਂ ਉਗਰ ਰਾਸ਼ਟਰੀਅਤਾ ਨੂੰ ਜਨਮ ਦਿੰਦੀ ਹੈ ਜਿਸ ਵਿਚ ਵਿਅਕਤੀ ਆਪਣੇ ਦੇਸ ਪ੍ਰਤੀ ਤਰਕਹੀਣ ਅਤੇ ਹੋਛੇ ਅਹਿਮ ਅਤੇ ਵਿਦੇਸ਼ੀ ਰਾਸ਼ਟਰਾਂ ਦੇ ਪ੍ਰਤੀ ਨਫ਼ਰਤ ਦਿਖਾਉਂਦੇ ਹਨ।ਸਮਜਾਤੀ ਕੇਂਦਰ ਦੀ ਇਕ ਪ੍ਰਸਿੱਧ ਉਦਾਹਰਨ ਚੀਨ ਦੇ ਸਮਰਾਟ ਚਾਈਨ ਲੁੰਗ (ਡ਼ੀਜਕਅ :ਚਅਪ) ਦੇ ਦੁਆਰਾ ਇੰਗਲੈਂਡ ਦੇ ਰਾਜ ਜਾਰਜ ਤੀਜੇ ਨੂੰ 1793 ਵਿਚ ਭੇਜੇ ਗਏ ਸੰਦੇਸ਼ ਵਿੱਚੋਂ ਮਿਲਦੀ ਹੈ। ਸੰਦੇਸ਼ ਵਿਚ ਲਿਖਿਆ ਸੀ "ਤੁਸੀਂ, ਓ ਰਾਜਾ, ਅਨੇਕਾਂ ਸਮੁੰਦਰਾਂ ਤੋਂ ਪਾਰ ਰਹਿੰਦੇ ਹੋ, ਫਿਰ ਵੀ ਤੁਸੀਂ ਸਾਡੀ ਸਭਿਅਤਾ ਦੇ ਲਾਭਾਂ ਵਿਚ ਭਾਗ ਲੈਣ ਦੀ ਨਿਮਰ ਇੱਛਾ ਤੋਂ ਪ੍ਰੇਰਿਤ ਹੋ ਕੇ ਇਕ ਪ੍ਰਤੀਨਿਧ ਮੰਡਲ ਆਪਣੇ ਆਵੇਦਨ ਸਹਿਤ ਭੇਜਿਆ ਹੈ।"

ਜੇਕਰ ਤੁਹਾਡਾ ਵਿਚਾਰ ਹੈ ਕਿ ਸਾਡੇ ਅਲੌਕਿਕ ਰਾਜਕੁਲ ਦੇ ਪ੍ਰਤੀ ਤੁਹਾਡੀ ਸ਼ਰਧਾ ਨੇ ਸਾਡੀ ਸਭਿਅਤਾ ਸਿੱਖਣ ਦੀ ਇੱਛਾ ਉਤਪੰਨ ਕੀਤੀ ਹੈ ਤਾਂ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਸਾਡੇ ਸੰਸਕਾਰ ਅਤੇ ਨਿਯਮ ਤੁਹਾਡੇ ਤੋਂ ਇੰਨੇ ਭਿੰਨ ਹਨ, ਕਿ ਜੇਕਰ ਤੁਹਾਡਾ ਰਾਜਦੂਤ ਸਾਡੀ ਸੱਭਿਅਤਾ ਦੀਆਂ ਮੁਢਲੀਆਂ ਗੱਲਾ ਵੀ ਪ੍ਰਾਪਤ ਕਰ ਸਕੇ ਤਾਂ ਤੁਸੀਂ ਸਾਡੇ ਰੀਤੀ-ਰਿਵਾਜਾਂ ਅਤੇ ਜੀਵਨ-ਵਿਧੀਆਂ ਨੂੰ ਆਪਣੀ ਵਿਦੇਸ਼ੀ ਧਰਤੀ 'ਤੇ ਪ੍ਰਤੀਰੋਪਿਤ ਨਹੀਂ ਕਰ ਸਕਦੇ।

ਸਾਡੇ ਰਾਜ-ਭਾਗ ਦੇ ਗੌਰਵਮਈ ਗੁਣ ਇਸ ਅਕਾਸ਼ ਦੇ ਹੇਠਾਂ ਹਰੇਕ ਦੇਸ ਵਿਚ ਪ੍ਰਵੇਸ਼ ਕਰ ਗਏ ਹਨ ਅਤੇ ਸਾਰੇ ਰਾਸ਼ਟਰਾਂ ਦੇ ਰਾਜਿਆਂ ਨੇ ਸਮੁੰਦਰੀ ਅਤੇ ਭੂਮੀ ਮਾਰਗ ਤੋਂ ਬਹੁਤ ਕੀਮਤੀ ਸ਼ਰਧਾਂਜਲੀਆਂ ਭੇਜੀਆਂ ਹਨ। ਤੁਹਾਡਾ ਰਾਜਦੂਤ ਆਪ ਵੇਖ ਸਕਦਾ ਹੈ ਕਿ ਸਾਡੇ ਕੋਲ ਸਾਰੀਆਂ ਵਸਤੂਆਂ ਹੈ। ਮੈਂ ਵਿਦੇਸ਼ੀ ਅਤੇ ਅਜਨਬੀ ਵਸਤੂਆਂ ਨੂੰ ਕੋਈ ਮਹੱਤਵ ਨਹੀਂ ਦਿੰਦਾ ਅਤੇ ਤੁਹਾਡੇ ਦੇਸ਼ ਦੀਆਂ ਵਸਤੂਆਂ ਦਾ ਸਾਡੇ ਲਈ ਕੋਈ ਉਪਯੋਗ ਨਹੀਂ ਹੈ।

4. **ਨਿਰਾਸਾ ਤੋਂ ਰਾਹਤ** (Compensation for frustration) – ਕਦੇ-ਕਦੇ ਅਲਪ-ਸੰਖਿਅਕ ਸਮੂਹ ਨੂੰ ਸਮਾਜਿਕ ਅਤੇ ਆਰਥਿਕ ਸ਼ਾਂਤੀ ਦੇ ਲਈ ਦੋਸ਼ੀ ਸਮਝਿਆ ਜਾਂਦਾ ਹੈ।ਅਤੇ ਉਸ ਨੂੰ ਪ੍ਰਭੁੱਤਵਸ਼ਾਲੀ ਸਮੂਹ ਦੁਆਰਾ ਅਜਮੇਧ ਬਣਾ ਲਿਆ ਜਾਂਦਾ ਹੈ। ਜਿਸ ਨਾਲ ਇਸ ਸਮੂਹ ਨੂੰ ਆਪਣੀ ਸਮਾਜਿਕ ਜਾਂ ਵਿਅਕਤੀਗਤ ਨਿਰਾਸਾ ਜਿਸਦਾ ਕਾਰਨ ਸ਼ਾਇਦ ਸ਼ਾਸਕ ਸਮੂਹ ਦੀ ਅਕੁਸ਼ਲਤਾ ਜਾਂ ਬੇਈਮਾਨੀ ਹੋ ਸਕਦੀ ਹੈ, ਤੋਂ ਰਾਹਤ ਮਿਲ ਜਾਂਦੀ ਹੈ। ਜਰਮਨੀਆਂ ਵਿਚ ਨਾਜ਼ੀਆਂ ਨੇ ਪਹਿਲੇ ਵਿਸ਼ਵ-ਯੁੱਧ ਵਿਚ ਜਰਮਨ ਦੀ ਹਾਰ ਲਈ ਯਹੂਦੀਆਂ ਨੂੰ ਦੋਸ਼ੀ ਠਹਿਰਾਇਆ। ਅਮਰੀਕਾ ਵਿਚ ਨੀਗਰੋ, ਰੋਮਨ-ਕੈਥੋਲਿਕ ਅਤੇ ਵਿਦੇਸ਼ੀਆਂ ਨੂੰ ਸਮਾਜਿਕ ਵਿਵਸਥਾ ਵਿਚ ਹੋਣ ਵਾਲੇ ਦੋਸ਼ੀ ਘੋਸ਼ਿਤ ਕੀਤੇ ਜਾਂਦੇ ਹਨ। ਇਹਨਾਂ ਵਿਅਕਤੀਆਂ ਨੂੰ ਸਮਾਜਿਕ ਵਿਘਟਨ ਦਾ ਕਾਰਨ ਜਾਂ ਦੇਸ਼ ਦੀ ਸਮਾਜਿਕ ਅਤੇ ਆਰਥਿਕ ਸਥਿਰਤਾ ਦੇ ਲਈ ਡਰ ਸਮਝਿਆ ਜਾਂਦਾ ਹੈ। ਯਹੂਦੀਆਂ ਨੂੰ ਖਾਸ ਕਰ ਕੇ ਅਜਿਹੀ ਦੁਖਦਾਈ ਪ੍ਰਸਿੱਧੀ ਪ੍ਰਦਾਨ ਕੀਤੀ ਗਈ ਹੈ। ਇਸ ਦੇ ਜੋ ਕੁਝ ਵੀ ਕਾਰਨ ਰਹੇ ਹਨ, ਇਹ ਕਥਨ ਵਿਵੇਕ ਯੁਕਤ ਹੋਵੇਗਾ ਕਿ ਉਨ੍ਹਾਂ ਨੂੰ, ਜਦੋਂ ਕਿ ਦੇਸ਼ ਵਿਚ ਉਨ੍ਹਾਂ ਦੀ ਘੱਟ ਸੰਖਿਆ ਹੈ, ਸਮਾਜਿਕ ਵਿਘਟਨ ਦਾ ਕਾਰਨ ਨਹੀਂ ਸਮਝਿਆ ਜਾ ਸਕਦਾ। ਆਪਣੀ ਅਸਫਲਤਾਵਾਂ ਲਈ ਆਪਣੀ ਅਕੁਸ਼ਲਤਾ ਨੂੰ ਦੋਸ਼ੀ ਨਾ ਠਹਿਰਾ ਕੇ ਕਿਸੇ ਦੂਜੇ ਸਮੂਹ ਜਿਸ ਨੂੰ ਹੀਣ, ਤੁੱਛ ਅਤੇ ਬੇਸ਼ਰਮ ਸਮਝਿਆ ਜਾਂਦਾ ਹੈ, ਦੇ ਵਿਅਕਤੀਆਂ ਦੀਆਂ ਸਾਜਿਸ਼ਾਂ ਅਤੇ ਚਾਲਾਂ ਨੂੰ ਦੋਸ਼ ਦੇਣਾ ਮਨੁੱਖੀ ਸੁਭਾਅ ਹੈ।

5. **ਯੋਗ ਸਿੱਖਿਆ ਦਾ ਘਾਟਾ** (Lack of proper education):– ਇਹ ਨਸਲ ਪੂਰਵਾਗ੍ਰਹਿ ਦਾ ਸਭ ਤੋਂ ਮਹੱਤਵਪੂਰਨ ਕਾਰਨ ਹੈ ਜਿਵੇਂ ਉਪਰ ਵਰਣਨ ਕੀਤਾ ਗਿਆ ਹੈ, ਨਸਲੀ ਪੂਰਵ ਗ੍ਰਹਿ ਜਨਮਜਾਤ ਨਹੀਂ ਹੁੰਦਾ, ਬਲਕਿ ਸਿੱਖਿਆ ਦੇ ਆਧਾਰ ਤੇ ਹੁੰਦਾ ਹੈ। ਸਿੱਖਿਆ ਵਿਅਕਤੀ ਵਿਚ ਪੂਰਵਾਗ੍ਰਹਿ ਮਨੋਵ੍ਰਿੱਤੀਆਂ ਨੂੰ ਜਨਮ ਦੇ ਦਿੰਦੀ ਹੈ।ਜਿਵੇਂ ਵਿਅਕਤੀ ਸਮਾਜਿਕ ਵਿਰਾਸਤ ਦੇ ਦੂਜੇ ਤੱਥਾ ਨੂੰ ਪ੍ਰਾਪਤ ਕਰਦਾ ਹੈ, ਉਹ ਪੂਰਵਾਗ੍ਰਹਿ ਨੂੰ ਵੀ ਪ੍ਰਾਪਤ ਕਰ ਲੈਂਦਾ ਹੈ। ਸੋਵੀਅਤ ਰੂਸ

ਨੋਟ

ਵਿਚ ਨੌਜਵਾਨ ਨੂੰ ਹਰ ਅਜਿਹੇ ਵਿਅਕਤੀ ਤੋਂ ਜੋ ਸਾਮਵਾਦ ਵਿਚ ਵਿਸ਼ਵਾਸ ਨਹੀਂ ਕਰਦਾ, ਨਫ਼ਰਤ ਕਰਨਾ ਸਿਖਾਇਆ ਜਾਂਦਾ ਹੈ। ਇਸ ਪ੍ਰਕਾਰ ਬਚਪਨ ਵਿਚ ਕੁਝ ਸਮੂਹਾਂ ਦੇ ਬਾਰੇ ਪ੍ਰਤੀਕੂਲ ਰੂੜ੍ਹੀਵਾਦੀ ਪ੍ਰਾਰੂਪਾਂ ਦਾ ਨਿਰਮਾਣ ਹੋ ਜਾਂਦਾ ਹੈ। ਵਿਅਕਤੀਆਂ ਨੂੰ ਉਹਨਾਂ ਦੇ ਵਿਅਕਤੀਗਤ ਗੁਣਾਂ ਦੇ ਆਧਾਰ ਤੇ ਸੰਬੋਧਿਤ ਨਹੀਂ ਕੀਤਾ ਜਾਂਦਾ, ਬਲਕਿ ਉਸ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਜਿਸ ਨਾਲ ਉਸ ਦੇ ਸਮੂਹ ਨੂੰ ਨਿਦਿਤ ਕੀਤਾ ਜਾਂਦਾ ਹੈ। ਰੋਸ (Rose) ਦਾ ਕਥਨ ਹੈ ਕਿ 'ਰੂੜ੍ਹੀਵਾਦੀ' ਪ੍ਰਾਰੂਪ ਅਲਪ-ਸੰਖਿਅਕ ਸਮੂਹ ਦੇ ਕੁਝ ਮੈਂਬਰਾਂ ਵਿਚ ਮੌਜੂਦ ਕੁਝ ਸਰੀਰਕ ਲੱਛਣਾਂ ਜਾਂ ਸੰਸਕ੍ਰਿਤਕ ਵਿਸ਼ੇਸ਼ਤਾਵਾਂ ਦੀਆਂ ਅਤਿਸ਼ਿਓਕਤੀਆਂ ਹੁੰਦੇ ਹਨ ਜਿਨ੍ਹਾਂ ਨੂੰ ਸਮੂਹ ਦੇ ਸਾਰੇ ਮੈਂਬਰਾਂ ਉੱਤੇ ਆਰੋਪਤਿ ਕਰ ਦਿੱਤਾ ਜਾਂਦਾ ਹੈ। ਇਹ ਰੂੜੀਬੱਧ ਪ੍ਰਾਰੂਪ ਦੂਜੇ ਵਿਅਕਤੀਆਂ ਦੇ ਬਾਰੇ ਸਾਡੇ ਗਿਆਨ ਨੂੰ ਇੱਕ ਇਕੱਲੇ ਫਾਰਮੂਲਾ ਵਿਚ ਸੰਖੇਪਿਤ ਕਰਨ ਦੀ ਭੂਮਿਕਾ ਦੀ ਪੂਰਤੀ ਕਰਦੇ ਹਨ।" ਚੀਨੀਆਂ ਨੂੰ ਲਾਂਡਰੀਮੈਨ (Laundrymen), ਸਕਾਟ ਨਿਵਾਸੀਆਂ ਨੂੰ ਦ੍ਰਿੜ੍ਹ ਵਿਸ਼ਵਾਸੀ ਕਿਹਾ ਜਾਂਦਾ ਹੈ। ਇਸ ਦਾ ਨਤੀਜਾ ਹੁੰਦਾ ਹੈ ਦੂਜੇ ਸਮੂਹ ਦੇ ਪ੍ਰਤੀ ਤੁੱਛ ਅਤੇ ਅਧਾਰਹੀਨ ਪੂਰਵਗ੍ਰਹਿ।

ਇਹ ਵੀ ਧਿਆਨ ਰਹੇ ਕਿ ਕਿਸੇ ਵੀ ਸਮੂਹ ਦੇ ਪ੍ਰਤੀ ਇਕ ਵਾਰ ਪੂਰਵਾਗ੍ਰਹਿ ਸਥਾਪਤ ਹੋ ਜਾਣ ਤੇ ਉਸ ਸਮੂਹ ਨਾਲ ਸੰਬੰਧਿਤ ਭਾਵਨਾਵਾਂ ਆਦਰਸ਼ਾਤਮਕ ਮਹੱਤਵ ਪ੍ਰਾਪਤ ਕਰ ਲੈਂਦੀਆਂ ਹਨ। ਇਹ ਭਾਵਨਾਵਾਂ ਸਮਾਜਿਕ ਆਦਰਸ਼ ਨਿਯਮਾਂ ਦਾ ਹਿੱਸਾ ਬਣ ਜਾਂਦੀਆਂ ਹਨ। ਸਮੂਹ ਦੇ ਮੈਂਬਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਹਰੇਕ ਇਹਨਾਂ ਭਾਵਨਾਵਾਂ ਵਿਚ ਵਿਸ਼ਵਾਸ ਕਰੇਗਾ। ਜਦੋਂ ਕੋਈ ਮੈਂਬਰ ਇਹਨਾਂ ਭਾਵਨਾਵਾਂ ਦਾ ਪਾਲਣ ਨਹੀਂ ਕਰਦਾ ਤਾਂ ਉਸ ਦੇ ਵਿਰੁੱਧ ਸਕਾਰਾਤਮਕ ਅਤੇ ਨਕਾਰਾਤਮਕ ਸ਼ਕਤੀਆਂ ਦਾ ਸਮੂਹ ਦੁਆਰਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ ਜੋ ਵਿਅਕਤੀ ਸਮੂਹ ਦੇ ਆਦਰਸ਼ ਨਿਯਮਾਂ ਨੂੰ ਪੂਰਵਾਗ੍ਰਹਿ-ਸਹਿਤ ਪੂਰਾ ਸਮਰਥਨ ਪ੍ਰਦਾਨ ਕਰਦੇ ਹਨ, ਅਗਵਾਈ ਦਾ ਅਹੁਦਾ ਪ੍ਰਾਪਤ ਕਰਦੇ ਹਨ।

**ਨਸਲੀ ਪੂਰਵਾਗ੍ਰਹਿ ਨੂੰ ਕਿਸ ਤਰ੍ਹਾਂ ਸਮਾਪਤ ਕੀਤਾ ਜਾਵੇ?** (How to eradicate race prejudice ?)- ਇਸ ਤਰ੍ਹਾਂ ਪੂਰਵਾਗ੍ਰਹਿ ਨਫਰਤ ਜਾਂ ਸਮੂਹਗਤ ਭੇਦਭਾਵ ਆਪਣੇ ਆਪ ਹੀ ਉਤਪੰਨ ਨਹੀਂ ਹੁੰਦੇ ਬਲਕਿ ਇਹਨਾਂ ਦੁਆਰਾ ਉਨਾਂ ਸਮੂਹਾਂ ਜੋ ਇਨਾਂ ਨਾਲ ਬੰਨੇ ਰਹਿੰਦੇ ਹਨ, ਨੂੰ ਕੁਝ ਲਾਭ ਪ੍ਰਾਪਤ ਹੁੰਦੇ ਹਨ, ਜਾਂ ਘੱਟ ਤੋਂ ਘੱਟ ਉਹਨਾਂ ਨੂੰ ਲਾਭਦਾਇਕ ਸਮਝਿਆ ਜਾਂਦਾ ਹੈ। ਨਸਲ ਨਾ ਬੁਰੀ ਹੈ, ਨਾ ਚੰਗੀ। ਨਸਲਵਾਦ ਨਿਸ਼ਚਿਤ ਰੂਪ ਵਿਚ ਹਾਨੀਕਾਰਕ ਅਤੇ ਬੁਰਾ ਹੈ। ਇਹ ਸਹਿਯੋਗੀ ਸਮਾਜਿਕ ਕਿਰਿਆ ਦੇ ਮਾਰਗ ਵਿਚ ਸ਼ਕਤੀਸ਼ਾਲੀ ਰੁਕਾਵਟ ਹੈ।ਇਹ ਭੇਦਭਾਵ ਅਤੇ ਨਾਇਨਸਾਫ਼ੀ ਨੂੰ ਜਨਮ ਦਿੰਦਾ ਹੈ। ਕਦੇ-ਕਦੇ ਉਹ ਵਿਸ਼ਵ ਸ਼ਾਂਤੀ ਦੇ ਲਈ ਘਾਤਕ ਬਣ ਜਾਂਦਾ ਹੈ, ਜਦੋਂ ਇਸ ਨੂੰ ਨਿਰੰਕੁਸ਼ ਸ਼ਕਤੀ ਦੁਆਰਾ ਆਰੋਪਿਤ ਕੀਤਾ ਜਾਂਦਾ ਹੈ, ਜਿਵੇਂ ਨਾਜ਼ੀ ਸੰਜਾਤੀ-ਉਨਮਾਦੀਆਂ ਨੇ ਕੀਤਾ। ਨਸਲੀ ਪੱਖਪਾਤ ਨੂੰ ਖਤਮ ਕਰਨ ਦੇ ਲਈ ਕੇਵਲ ਨਸਲੀ ਸ਼੍ਰੇਸ਼ਠਤਾ ਦੀ ਆਧਾਰਹੀਨ ਮਾਨਤਾ ਦੀ ਦੁਰਬਲਤਾ ਨੂੰ ਸਿੱਧ ਕਰਨਾ ਹੀ ਕਾਫੀ ਨਹੀਂ ਹੈ,ਬਲਕਿ ਨੌਜਵਾਨਾਂ ਨੂੰ ਉਚਿਤ ਦਿਸ਼ਾ ਵਿਚ ਪ੍ਰਸ਼ਿਕਸ਼ਿਤ ਕਰਨਾ ਅਤੇ ਨਿਰਵਿਵਾਦ ਤੱਥ ਕਿ ਚਮੜੀ ਦਾ ਰੰਗ, ਵਰਗ, ਧਾਰਮਿਕ ਵਿਸ਼ਵਾਸ, ਭੂਗੋਲਿਕ ਜਾਂ ਰਾਸ਼ਟਰੀ ਉਦਗਮ, ਸਮਾਜਿਕ ਅਨੁਕੂਲਤਾ ਦੇ ਕੋਈ ਪਰਿਖਿੱਅਣ ਨਹੀਂ ਹਨ, ਨੂੰ ਦੱਸਣਾ ਵੀ ਜਰੂਰੀ ਹੈ। ਜੇਕਰ ਪੱਖਪਾਤੀ ਅਮਰੀਕਨ ਗੋਰੇ ਨੌਜਵਾਨਾਂ ਨੂੰ ਇਹ ਗਿਆਤ ਹੋ ਜਾਵੇ ਕਿ ਨੀਗਰੋ ਲੋਕ, ਜਿਨ੍ਹਾਂ ਨੂੰ ਇਹ ਨਫ਼ਰਤ ਕਰਦੇ ਹਨ, ਦਿਆਲੂ, ਸੁਪੋਸ਼ਿਤ ਜਾਂ ਬੁੱਧੀਮਾਨ ਹਨ ਤਾਂ ਉਹਨਾਂ ਦੇ ਪੱਖਪਾਤ ਦੂਰ ਹੋ ਜਾਣਗੇ। ਨਾਗਰਿਕ ਦੀ ਪਹਿਚਾਣ ਉਸ ਦੀ ਚਮੜੀ ਦੇ ਰੰਗ ਤੋਂ ਨਹੀਂ ਬਲਕਿ ਸਮਾਜਿਕ ਸੰਰਚਨਾ ਵਿਚ ਉਸ ਦੇ ਦੁਆਰਾ ਆਪ ਨੂੰ ਕਾਬਲ ਕਰਨ ਲਈ ਤਿਆਰ ਅਤੇ ਦੇਸ ਦੇ ਵਿਕਾਸ ਵਿਚ ਉਸ ਦੇ ਯੋਗਦਾਨ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਸੰਚਾਰ ਸਾਧਨਾਂ ਦੇ ਵਿਸਤਾਰ ਨਾਲ ਵੀ ਜਿਸ ਵਿਚ ਸੰਪਰਕਾਂ ਦੀ ਸੰਖਿਆ ਵਿਚ ਵਾਧਾ ਹੋਇਆ ਹੈ, ਨਸਲੀ ਅਵਰੋਧਕਾਂ ਦੀ ਸਮਾਪਤੀ ਵਿਚ ਵੀ ਸਹਾਇਤਾ ਮਿਲੇਗੀ। ਨਸਲ ਦੇ ਵਿਸ਼ੇ ਦਾ ਸਹੀ ਗਿਆਨ, ਸੰਸਕ੍ਰਿਤੀਆਂ ਦਾ ਵਿਕਾਸ ਕਿਸ ਤਰ੍ਹਾਂ ਹੁੰਦਾ ਹੈ ਅਤੇ ਇਹ ਅਲੱਗ ਕਿਉਂ ਹਨ, ਦਾ ਗਿਆਨ ਅਤੇ ਇਸ ਤੱਥ ਕਿ ਨਸਲੀ ਪੱਖਪਾਤ ਆਰਥਿਕ ਜਾਂ ਰਾਜਨੀਤਿਕ ਰੂਪ ਵਿਚ ਅੰਤ ਵਿੱਚ ਲਾਭਦਾਇਕ ਨਹੀਂ ਹੁੰਦਾ, ਦੀ ਸਵੀਕ੍ਰਿਤੀ ਨਸਲੀ ਪੱਖਪਾਤ ਨੂੰ ਦੂਰ ਕਰਨ ਵਿਚ ਬਹੁਤ ਸਹਾਇਕ ਹੋਣਗੇ। 'ਨਸਲੀ ਸੰਬੰਧਾਂ' ਦੇ ਵਿਸ਼ੇ ਤੇ ਸਿੱਖਿਆ ਸੰਸਥਾਵਾਂ ਵਿਚ ਵੀ ਉਪਦੇਸ਼ ਦਿੱਤੇ ਜਾਣੇ ਚਾਹੀਦੇ ਹਨ।

ਨੋਟ

ਇਸ ਸਬੰਧ ਵਿਚ ਇਹ ਦੱਸਣਾ ਜ਼ਰੂਰੀ ਹੈ ।ਕਿ ਹਾਲ ਹੀ ਵਿੱਚ ਸਮਾਜਿਕ ਵਿਗਿਆਨੀਆਂ ਨੇ ਨਸਲੀ ਪੱਖਪਾਤ ਉੱਤੇ ਤਾਕਤਵਰ ਨਿਯੰਤਰਣ ਪਾਉਣ ਦੇ ਸਿਧਾਂਤਾਂ ਇਸ ਦੀਆਂ ਵਿਧੀਆਂ ਅਤੇ ਪ੍ਰਣਾਲੀਆਂ ਦੇ ਬਾਰੇ ਵਿੱਚ ਖੋਜ ਨੂੰ ਆਪਣੇ ਵਿਸ਼ਾ ਖੇਤਰ ਵਿਚ ਸ਼ਾਮਿਲ ਕਰ ਲਿਆ ਹੈ। ਮਾਨਵ ਸ਼ਾਸਤਰੀਆਂ, ਮਨੋਵਿਗਿਆਨਿਕਾਂ ਅਤੇ ਸਮਾਜ ਸ਼ਾਤਰੀਆਂ ਨੇ ਇਸ ਦਿਸ਼ਾ ਵਿਚ ਕਾਫੀ ਕੰਮ ਕੀਤਾ ਹੈ। ਵਿਸ਼ਿਸ਼ਟ ਸੰਗਠਨਾਂ, ਜਿਵੇਂ ਯੂਨੈਸਕੋ ਦੁਆਰਾ ਅੰਤਰਰਾਸ਼ਟਰੀ ਤਣਾਓ ਦੀਆਂ ਸਥਿਤੀਆਂ ਦਾ ਅਧਿਐਨ ਕੀਤਾ ਜਾ ਰਿਹਾ ਹੈ, ਅਤੇ ਸਮਾਜਿਕ ਪੱਖਪਾਤ ਨੂੰ ਮਿਟਾਉਣ ਦੇ ਸਾਰੇ ਯਤਨ ਕਰੇ ਜਾ ਰਹੇ ਹਨ। ਯੂਨੇਸਕੋ ਨੇ ਗਣਯੋਗ ਸਮਾਜ-ਸ਼ਾਸਤਰੀਆਂ, ਮਾਨਵ ਸ਼ਾਸਤਰੀਆਂ ਅਤੇ ਮਨੋਵਿਗਿਆਨਿਕਾਂ ਦਾ ਇੱਕ ਸੰਮੇਲਨ ਵੀ ਬੁਲਾਇਆ, ਜੋ ਸਤੰਬਰ, 1952 ਵਿੱਚ ਹੋਇਆ। ਇਸ ਸੰਮੇਲਨ ਨੇ ਨਸਲ ਦੀ ਸਮੱਸਿਆ ਉੱਤੇ ਹੇਠ ਲਿਖੇ ਨਤੀਜਿਆਂ ਦੀ ਘੋਸ਼ਣਾ ਕੀਤੀ :-

1. ਮੂਲ ਰੂਪ ਵਿੱਚ ਸੰਪੂਰਨ ਮਾਨਵ ਜਾਤੀਆਂ ਦਾ ਬਰਾਬਰ ਉਦਗਮ ਹੈ ਅਤੇ ਸਾਰੇ ਮਨੁੱਖ ਹੁਸ਼ਿਆਰ ਮਾਨਵ (homosapiens) ਹਨ।
2. ਮਨੁੱਖਾਂ ਦੇ ਸਰੀਰਿਕ ਲੱਛਣਾਂ ਵਿਚ ਭਿੰਨਤਾ ਅਨੁਵੰਸ਼ਿਕਤਾ ਅਤੇ ਪਰਿਆਵਰਣ ਦੋਹਾਂ ਦੇ ਕਾਰਨ ਹੁੰਦੀ ਹੈ।
3. ਨਸਲ ਵਿਸ਼ੁੱਧਤਾ ਦੀ ਅਵਧਾਰਣਾ ਕੇਵਲ ਕਲਪਨਾ ਮਾਤਰ ਹੈ।
4. ਮਾਨਵੀ ਨਸਲਾਂ ਦਾ ਵਰਗੀਕਰਨ ਕੀਤਾ ਜਾ ਸਕਦਾ ਹੈ, ਪ੍ਰੰਤੂ ਇਨਾਂ ਵਰਗੀਕਰਨਾਂ ਦਾ ਮਾਨਸਿਕ ਜਾਂ ਬੌਧਿਕ ਸ਼੍ਰੇਸ਼ਠਤਾ ਜਾਂ ਹੀਣਤਾ ਨਾਲ ਕੋਈ ਸੰਬੰਧ ਨਹੀਂ ਹੈ।
5. ਬੱਧੀ ਅਤੇ ਸੰਸਕ੍ਰਿਤੀ ਦੇ ਵਿਕਾਸ ਦੀ ਖਮਤਾ ਹਰੇਕ ਨਸਲ ਵਿਚ ਸਮਾਨ ਰੂਪ ਵਿਚ ਪਾਈ ਜਾਂਦੀ ਹੈ। ਬੁੱਧੀਮਾਨ ਵਿਅਕਤੀ ਸਾਰੀਆਂ ਨਸਲਾਂ ਵਿਚ ਪਾਏ ਜਾਂਦੇ ਹਨ।
6. ਨਸਲ ਦਾ ਸੰਮਿਸ਼ਰਣ ਹਾਨੀਕਾਰਕ ਹੈ, ਇਹ ਵਿਚਾਰਨਾ ਗਲਤ ਹੈ।
7. ਵੱਖ-ਵੱਖ ਮਾਨਵੀ ਸਮੂਹ ਦੇ ਮੱਧ ਵਿਚ ਸਮਾਜਿਕ ਅਤੇ ਸੰਸਕ੍ਰਿਤਿਕ ਭਿੰਨਤਾਵਾਂ ਉੱਤੇ ਨਸਲ ਦਾ ਕੋਈ ਮਹੱਤਵਪੂਰਨ ਪ੍ਰਭਾਵ ਨਹੀਂ ਹੈ। ਨਸਲ ਅਤੇ ਸਮਾਜਿਕ ਪਰਿਵਰਤਨਾਂ ਵਿਚ ਕੋਈ ਸਹਿ ਸੰਬੰਧ ਨਹੀਂ ਹੈ।
8. ਇਹ ਸੰਭਵ ਹੈ ਕਿ ਕਿਸੇ ਰਾਸ਼ਟਰ ਵਿਚ ਨਸਲੀ ਭਿੰਨਤਾ ਦੀ ਮਾਤਰਾ ਦੂਜੇ ਕਿਸੇ ਰਾਸ਼ਟਰ ਦੀ ਬਜਾਏ ਜ਼ਿਆਦਾ ਹੋ ਸਕਦੀ ਹੈ।

## ਸਵੈ ਮੁਲਾਂਕਣ (Self Assessment)

1. ਹੇਠ ਲਿਖੀਆਂ ਲਾਈਨਾਂ ਵਿਚ [✓] ਜਾਂ [ ] ਨਿਸ਼ਾਨ ਲਗਾਓ-

(i) ਨਸਲ ਸ਼ਬਦ ਨੂੰ ਰਾਸ਼ਟਰੀਅਤਾ ਦਾ ਸਮਾਨਾਰਥਕ ਸਮਝ ਕੇ ਪੇਸ਼ ਕੀਤਾ ਜਾਂਦਾ ਹੈ। [ ]

(ii) ਨਸਲ ਦੇ ਨਿਰਧਾਰਣ ਵਿਚ ਸਰੀਰਿਕ ਲੱਛਣਾਂ ਤੇ ਧਿਆਨ ਨਹੀਂ ਦਿੱਤਾ ਜਾਂਦਾ। [ ]

(iii) 1,500 ਸਾਲ ਈਸਾ ਪੂਰਵ ਇੰਡੋ-ਆਰਿਅਨ ਨਸਲ ਭਾਰਤ ਵਿਚ ਆਈ। [ ]

(iv) ਪੱਖਪਾਤ ਸਮਾਜਿਕ ਸਿਖਿਆ ਦਾ ਨਤੀਜਾ ਹੈ [ ]

(v) ਨਸਲੀ ਵਿਸ਼ੁੱਧਤਾ ਦਾ ਵਿਸ਼ਾ ਕੇਵਲ ਕਲਪਨਾ ਮਾਤਰ ਨਹੀਂ ਹੈ। [ ]

(vi) ਨਸਲੀ ਪੱਖਪਾਤ ਜਨਮਜਾਤ ਨਹੀਂ ਹੁੰਦਾ। [ ]

## 8.2 ਨਸਲੀ-ਸਮੂਹ (Racial Group)

ਭਾਰਤ ਵਿਚ ਰਾਸ਼ਟਰ ਨਿਰਮਾਣ ਅਤੇ ਆਰਥਿਕ ਵਿਕਾਸ ਦੀ ਪ੍ਰਕਿਰਿਆ ਨੇ ਉਹਨਾਂ ਸਮਾਜਿਕ ਸ਼ਕਤੀਆਂ ਨੂੰ ਉੱਭਰਣ ਦਾ ਮੌਕਾ ਦਿੱਤਾ ਹੈ, ਜਿਨ੍ਹਾਂ ਨੂੰ ਇਸ ਦੇ ਇਤਿਹਾਸ ਅਤੇ ਸਭਿਅਤਾ ਦੇ ਸੰਦਰਭ ਵਿੱਚ ਜ਼ਿਆਦਾ ਚੰਗੇ ਢੰਗ ਨਾਲ ਸਮਝਿਆ ਜਾ ਸਕਦਾ ਹੈ। ਭਾਰਤੀ ਸਭਿਅਤਾ ਦੀ ਵਿਸ਼ਾਲ ਇਤਿਹਾਸਿਕ ਡੂੰਘਾਈ, ਬਹੁਮੁਖੀ ਸਮਾਜਿਕ ਅਤੇ ਸੰਸਕ੍ਰਿਤਕ ਅੰਤਰਸੰਯੋਜਨ ਅਤੇ 'ਮਹਾਨ

ਨੋਟ

ਪਰੰਪਰਾ' ਦੇ ਘੇਰ ਵਿਚ ਵਿੱਦਿਆਮਾਨ ਬਹੁ-ਸੰਖਿਅਕ ਲਘੂ ਪਰੰਪਰਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਦੀ ਪ੍ਰਕਿਰਤੀ ਨੂੰ ਸੰਪੂਰਨਤਾ ਵਿਚ ਸਮਝਣਾ ਆਸਾਨ ਨਹੀਂ ਹੈ। ਜਿੱਥੋਂ ਤਕ ਆਪ ਮਹਾਨ ਪਰੰਪਰਾ ਦਾ ਸਵਾਲ ਹੈ, ਭਾਰਤ ਵਿਚ ਇਸ ਦੇ ਕਈ ਧਰਮ ਇਸਲਾਮ, ਈਸਾਈ, ਧਰਮ, ਬੁੱਧ ਧਰਮ, ਜੈਨ ਧਰਮ, ਸਿੱਖ ਧਰਮ, ਅਤੇ ਕਈ ਜਨ ਜਾਤੀਆਂ, ਪਰੰਪਰਾਵਾਂ ਅਤੇ ਜੀਵਨ-ਸ਼ੈਲੀਆਂ ਦਾ ਵਿਲੱਖਣ ਸੰਮਿਸ਼ਰਣ ਵੀ ਮੌਜੂਦ ਹੈ। ਸਮਾਜਿਕ, ਆਰਥਿਕ, ਸੰਸਕ੍ਰਿਤਕ, ਵਿਧਾਨਿਕ ਅਤੇ ਰਾਜਨੀਤਿਕ ਸੰਸਥਾਵਾਂ ਦੀ ਪੱਛਮੀ ਪਰੰਪਰਾ ਦਾ ਪ੍ਰਭਾਵ ਭਾਰਤੀ ਸਭਿਅਤਾ ਦੀਆਂ ਕਈ ਪਰੰਪਰਾਵਾਂ ਤੋਂ ਜਿਆਦਾ ਵਿਆਪਕ ਹੈ ਅਤੇ ਇਸ ਨੇ ਇਤਿਹਾਸਿਕ ਰੂਪ ਵਿਚ ਆਪਣੇ ਆਪ ਨੂੰ ਸਵਦੇਸ਼ੀ ਸਭਿਅਤਾ ਉੱਤੇ ਅਧਿਆਰੋਪਿਤ ਕਰ ਦਿੱਤਾ ਹੈ। ਬਹੁਤ ਸੁਚੱਜੇ ਢੰਗ ਨਾਲ ਇਸ ਸਥਿਤੀ ਦਾ ਵਰਣਨ ਕਰਦੇ ਹੋਏ ਕੇ. ਐਮ ਪਨਿਕਰ ਕਹਿੰਦੇ ਹਨ :-

*"ਭਾਰਤ ਨੂੰ ਜੋ ਵਿਰਾਸਤ ਪ੍ਰਾਪਤ ਹੋਈ ਹੈ ਇਹ ਕੇਵਲ ਅੰਸ਼ਿਕ ਰੂਪ ਵਿਚ ਹਿੰਦੂ ਅਤੇ ਭਾਰਤੀ ਹੈ। ਅਨੇਕ ਖੇਤਰਾਂ ਵਿੱਚ ਪੱਛਮ ਤੋਂ ਪ੍ਰਾਪਤ ਵਿਰਾਸਤ ਘੱਟ ਮਹੱਤਵਪੂਰਨ ਨਹੀਂ ਹੈ। ਆਧੁਨਿਕ ਭਾਰਤ ਮਨੂ ਦੁਆਰਾ ਪ੍ਰਤੀਪਾਦਿਤ ਕਾਨੂੰਨਾਂ ਦੀ ਛਤਰਛਾਇਆ ਵਿਚ ਜੀਵਿਤ ਨਹੀਂ ਹੈ। ਚਾਹੇ ਇਹ ਭਾਰਤੀ ਪਰੰਪਰਾ ਦੇ ਸਥਾਇੱਤਵ ਦੁਆਰਾ ਬਹੁਤ ਹੱਦ ਤੱਕ ਪ੍ਰਭਾਵਿਤ ਹੈ, ਇਸ ਦੀ ਮਾਨਸਿਕ ਪ੍ਰਸ਼ਠਭੂਮੀ ਅਤੇ ਉਪਾਦਾਨ ਸੌ ਸਾਲ ਤੋਂ ਜਿਆਦਾ ਲੰਬੀ ਉਸ ਪੱਛਮੀ ਸਿੱਖਿਆ ਵਿਵਸਥਾ ਦੇ ਸਾਂਚੇ ਵਿਚ ਢਲਣ ਤੋਂ ਬਾਅਦ ਹੀ ਆਪਣੇ ਵਰਤਮਾਨ ਰੂਪ ਨੂੰ ਪ੍ਰਾਪਤ ਕਰ ਪਾਏ ਹਨ, ਜੋ ਵਿਵਹਾਰਿਕ ਤੌਰ ਤੇ ਮਾਨਸਿਕ ਕਿਰਿਆਕਲਾਪ ਦੇ ਹਰ ਖੇਤਰ ਵਿਚ ਮੌਜੂਦ ਹੈ। ਇਸ ਦੇ ਸਮਾਜਿਕ ਆਦਰਸ਼ ਹਿੰਦੂ ਸਮਾਜ ਦੁਆਰਾ ਲੰਬੇ ਸਮੇਂ ਤੱਕ ਸੰਪੋਸ਼ਿਤ ਆਦਰਸ਼ ਨਹੀਂ ਹਨ, ਬਲਕਿ ਪੱਛਮ ਦੀ ਦੇਣ ਹਨ, ਜਿਨਾਂ ਵਿਚ ਜ਼ਿਆਦਾਤਰ ਦੇ ਮੂਲ ਫਰਾਂਸ ਦੀ ਕ੍ਰਾਂਤੀ ਦੇ ਸਿਧਾਂਤਾਂ ਵਿਚ ਨਿਹਿਤ ਹਨ। ਸੰਖਿਆਤਮਕ ਦ੍ਰਿਸ਼ਟੀ ਤੋਂ ਉਮੀਦ ਦੀ ਬਜਾਏ ਬਹੁਤ ਘੱਟ ਪਰ ਆਪਣੀ ਹੱਦ ਵਿੱਚ ਨਿਰੰਤਰ ਵਿਆਪਕ ਹੁੰਦੇ ਕੁਝ ਆਦਰਸ਼ ਅਜਿਹੇ ਵੀ ਹਨ ਜਿਨ੍ਹਾਂ ਦਾ ਉਦਭਵ ਮਾਰਕਸ ਦੇ ਉਪਦੇਸ਼ਾਂ ਅਤੇ ਸੋਵੀਅਤ ਪ੍ਰਯੋਗਾਂ ਦੀਆਂ ਸਿਖਿਆਵਾਂ ਤੋਂ ਹੋਇਆ ਹੈ।ਪਿਛਲੇ ਸੌ ਸਾਲਾਂ ਦੇ ਦੌਰਾਨ ਹਿੰਦੂਤਵ ਦੀ ਧਾਰਮਿਕ ਆਸਥਾ ਦੀਆਂ ਧਾਰਾਂਵਾਂ ਵਿਚ ਵੀ ਵਿਆਪਕ ਪਰਿਵਰਤਨ ਹੋਇਆ ਹੈ। ਵਾਸਤਵ ਵਿਚ ਇਹ ਕਹੀਏ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ ਕਿ ਅਭਿਨਵ ਭਾਰਤੀ ਰਾਜ ਉਨ੍ਹਾਂ ਪਰੰਪਰਾਵਾਂ, ਆਦਰਸ਼ਾਂ ਅਤੇ ਸਿਧਾਂਤਾਂ ਨੂੰ ਨਿਰੂਪਿਤ ਕਰਦਾ ਹੈ ਜੋ ਪੂਰਬ ਅਤੇ ਪੱਛਮ ਦੇ ਵਿਚ ਪ੍ਰਭਾਵਸ਼ਾਲੀ ਪ੍ਰੰਤੂ ਅਧੂਰੇ ਸੰਸ਼ਲੇਸ਼ਣ ਦੇ ਨਤੀਜੇ ਹਨ।"*

ਪੱਛਮ ਦੇ ਨਾਲ ਮੁਖਾਮੁਖਮ ਭਾਰਤੀ ਸੱਭਿਅਤਾ ਦੇ ਲਈ ਇਕ ਬਹੁਤ ਵੱਡੀ ਚੁਨੌਤੀ ਸੀ ਕਿਉਂਕਿ ਪੱਛਮੀ ਸਭਿਅਤਾ ਜਿਹੜੇ ਸਿਧਾਂਤਾਂ ਨੂੰ ਨਿਰੂਪਿਤ ਕਰਦੀ ਸੀ ਉਹ ਭਾਰਤੀ ਸਭਿਅਤਾ ਦੇ ਪਾਰੰਪਰਿਕ ਸਿਧਾਂਤਾਂ ਤੋਂ ਬਹੁਤ ਜ਼ਿਆਦਾ ਭਿੰਨ ਸਨ। ਅਸੀਂ ਵਰਗਾਨੁਕ੍ਰਮ (ਹਾਇਰਾਰਕੀ), ਸਮਿਸ਼ਟਵਾਦ (ਹੋਲਿਜ਼ਮ), ਸਾਤਤ ਅਤੇ ਗਿਆਨੀਤੱਤਵ (ਟ੍ਰਾਂਸੇਡੇਂਸ) ਸੁਦ੍ਰਿਸ਼ ਭਾਰਤੀ ਹਿੰਦੂਤਵਵਾਦ ਸਭਿਅਤਾ ਦੇ ਉਨਾਂ ਪਰੰਪਰਾਗਤ ਸਿਧਾਂਤਾਂ ਦਾ ਉਲੇਖ ਕੀਤਾ ਹੈ ਜਿਨ੍ਹਾਂ ਨੇ ਕਈ ਸਦੀਆਂ ਤੱਕ ਦੂਜੀਆਂ ਸੰਸਕ੍ਰਿਤਕ ਪਰੰਪਰਾਵਾਂ ਉੱਤੇ ਆਪਣਾ ਕਾਬੂ ਕਾਇਮ ਰੱਖਿਆ। ਇਸ ਵਿਚ ਵਰਗਾਨੁਕ੍ਰਮ ਦਾ ਤੱਤ ਅਨੇਕ ਗੈਰ ਹਿੰਦੂ ਸੰਸਕ੍ਰਿਤਕ ਪਰੰਪਰਾਵਾਂ ਵਿਚ ਵਿਚ ਵੀ ਮੌਜੂਦ ਸੀ। ਇਹ ਗੱਲ ਸਮਿਸ਼ਟਵਾਦ ਦੇ ਸਿਧਾਂਤ ਦੇ ਸੰਦਰਭ ਵਿਚ ਵੀ ਸੱਚ ਸੀ।ਦੂਜੇ ਸ਼ਬਦਾਂ ਵਿਚ, ਸੰਪਰਦਾਇਕ ਬੰਧਨਾਂ ਅਤੇ ਸਮਾਜਿਕ ਸੂਤਰਾਂ ਦੇ ਧਾਰਮਿਕ ਪ੍ਰਥਾਗਤ ਅਲਗਾਵ ਉੱਤੇ ਜ਼ੋਰ ਭਾਰਤ ਦੇ ਜ਼ਿਆਦਾ ਸੁਮਦਾਇਆਂ ਅਤੇ ਸੰਸਕ੍ਰਿਤਕ ਸਮੂਹਾਂ ਦਾ ਇਕ ਵਿਸ਼ੇਸ਼ ਗੁਣ ਸੀ ਅਤੇ ਇਸ ਦ੍ਰਿਸ਼ਟੀ ਤੋਂ ਭਾਰਤ ਦੇ ਕੁਝ ਭਾਗਾਂ ਵਿਚ ਰਹਿਣ ਵਾਲੇ ਆਦਿ ਵਾਸੀ ਜਨ ਸਮੁਦਾਏ ਸ਼ਾਇਦ ਇਕ ਮਾਤਰ ਅਪਵਾਦ ਸਨ। ਜਿਸ ਪੱਛਮੀ ਸਭਿਆਚਾਰ ਨੇ ਭਾਰਤੀ ਪਰੰਪਰਾ ਨਾਲ ਮੁਲਾਕਾਤ ਕੀਤੀ, ਉਹ ਰਾਜਨੀਤਿਕ ਦ੍ਰਿਸ਼ਟੀ ਵਿਚ ਨਾ ਸਿਰਫ਼ ਔਪਨਿਵੇਸ਼ਕ ਜਾਂ ਵਿਸਤਾਰਵਾਦੀ ਸੀ, ਬਲਕਿ ਸੰਸਕ੍ਰਿਤਕ ਦ੍ਰਿਸ਼ਟੀ ਨਾਲ ਭਾਰਤੀ ਪਰੰਪਰਾ ਦੇ ਲਈ ਇਕ ਅਤਿਅੰਤ ਤਾਕਤਵਰ ਪ੍ਰਤੀਗਾਮੀ ਸ਼ਕਤੀ ਨੂੰ ਪ੍ਰਸਤੁਤ ਕਰਦੀ ਸੀ। ਇਹ ਫਰਾਂਸ ਦੀ ਕ੍ਰਾਂਤੀ ਅਤੇ ਉਦਯੋਗਿਕ ਕ੍ਰਾਂਤੀ ਦੀ ਸੰਤਤੀ ਸੀ ਅਤੇ ਘੱਟ ਤੋਂ ਘੱਟ ਸਿਧਾਂਤਕ ਰੂਪ ਵਿਚ ਸਮਾਨਤਾ ਨਾਗਰਿਕ- ਵਿਅਕਤਿਕਤਾ, ਇਤਿਹਾਸਿਕਤਾ ਅਤੇ ਉਪਯੋਗਤਾਵਾਦੀ ਤਾਰਕਿਕਤਾ ਦੇ ਇਸ ਦੇ ਸੰਬੋਧ ਪਾਰੰਪਰਿਕ ਭਾਰਤੀ ਸਭਿਅਤਾ ਦੇ ਮਾਪਦੰਡਾਤਮਕ ਸਿਧਾਂਤਾਂ ਦੇ ਇਕ ਦਮ ਉਲਟ ਸਨ (ਜੋਗਿੰਦਰ ਸਿੰਘ-1913)। ਪੱਛਮੀ ਸਭਿਅਤਾ ਦੇ ਨਾਲ ਇਹ ਮੁਲਾਕਾਤ ਨੇ ਭਾਰਤ ਵਿੱਚ ਪਰਿਵਰਤਨ ਦੀ ਜਿਸ ਪ੍ਰਕਿਰਿਆ ਦਾ ਸੂਤਰਪਾਤ ਕੀਤਾ ਹੈ ਉਸ ਦਾ ਨਤੀਜਾ ਬਹੁਤ ਹੱਦ ਤੱਕ ਅਨੁਕੂਲੀ ਰੁਪਾਂਤਰਣਾਂ ਦੇ ਰੂਪ ਵਿਚ ਸਾਹਮਣੇ ਆਇਆ ਹੈ। ਇਹ ਭਾਰਤ ਵਿਚ ਕਈ ਸਦੀਆਂ ਤੱਕ ਚੱਲਣ ਵਾਲੀ ਸੰਸਕ੍ਰਿਤਕ ਆਤਮਸਾਤਕਰਣ ਦੀ ਉਸ ਪ੍ਰਕਿਰਿਆ ਦੇ ਕਾਰਨ ਸੰਭਵ ਹੋ ਗਿਆ ਹੈ ਜਿਸ ਨੇ ਇਸ

ਨੋਟ

ਦੀ ਸਭਿਅਤਾ ਨੂੰ ਅੰਤਰਿਕ ਸਮੁੱਥਾਨਪਰਕਤਾ ਦਾ ਇੱਕ ਸੁਦ੍ਰਿੜ੍ਹ ਮਾਪ-ਦੰਡ ਪ੍ਰਦਾਨ ਕੀਤਾ। ਭਾਰਤੀ ਸਭਿਅਤਾ ਦੀ ਇਸ ਵਿਸ਼ੇਸ਼ਤਾ ਉੱਤੇ ਰੌਸ਼ਨੀ ਪਾਉਂਦੇ ਹੋਏ ਲਾਰਡ ਮੇਸ਼ਚਨ ਨੇ ਲਿਖਿਆ ਹੈ :-

*"ਉਸ ਦੀ ਆਪਣੀ ਪ੍ਰਾਚੀਨ ਸੰਸਕ੍ਰਿਤੀ ਅਤੇ ਪੱਛਮ ਤੋਂ ਆਯਾਤਿਤ ਵਿਦੇਸ਼ੀ ਸੰਸਕ੍ਰਿਤੀ ਦੇ ਵਿਚ ਯੁੱਧ ਜਾਂ ਤਣਾਉ ਦੀ ਸਥਿਤੀ ਨਜ਼ਰ ਨਹੀਂ ਆਈ ਹੈ ਜਾਂ ਜੇਕਰ ਅਜਿਹਾ ਹੋਇਆ ਹੈ ਤਾਂ ਬਹੁਤ ਘੱਟ ਜਾਂ ਨਾਮਾਤਰ ਰੂਪ ਵਿਚ; ਇਹਨਾਂ ਵਿੱਚ ਵਿਚਾਰਾਂ ਜਾਂ ਪੱਧਤੀਆਂ ਦੇ ਸਤਰ ਤੇ ਕਿਸੇ ਪ੍ਰਕਾਰ ਦਾ ਹਿੰਸਕ ਵਿਵਾਦ ਪ੍ਰਕਾਸ਼ ਵਿੱਚ ਨਹੀਂ ਆਇਆ ਹੈ ਅਤੇ ਨਾ ਹੀ ਇਕ ਸਮਾਜਿਕ ਵਿਵਸਥਾ ਦਾ ਦੂਜੀ ਵਿਵਸਥਾ ਦੁਆਰਾ ਬਲਾਤ ਵਿਸਥਾਪਨ ਦੀ ਸਥਿਤੀ ਦ੍ਰਿਸ਼ਟੀਗੋਚਰ ਹੋਈ ਹੈ। ਅਲੰਕਾਰਿਕ ਤੌਰ ਤੇ ਇਹ ਕਹਿਣਾ ਕਿ ਭਾਰਤੀ ਪਰੰਪਰਾਵਾਂ ਅਤੇ ਜੀਵਨ ਦੇ ਸਾਗਰ ਵਿਚ ਨਵੇਂ ਚਿੰਤਨ ਅਤੇ ਕਾਰਜ-ਵਿਵਹਾਰ ਦੀ ਇਕ ਸਰੋਤਸਵਨੀ ਪ੍ਰਵਮਾਨ ਹੋ ਉੱਠੀ ਹੈ, ਜ਼ਿਆਦਾ ਸਹੀ ਹੋਵੇਗਾ। ਅਸੀਂ ਘੱਟ ਤੋਂ ਘੱਟ ਇਕ ਖਾਸ ਸਮੇਂ ਦੇ ਲਈ ਸਮੁੰਦਰ ਦੀ ਸਤਹਿ ਤੇ ਫੈਲੇ ਨਦੀ-ਜਲ ਦੇ ਵਿਸ਼ੇਸ਼ ਰੰਗ ਦੀ ਪਹਿਚਾਣ ਕਰ ਸਕਦੇ ਹਾਂ। ਪਰ ਕਿਉਂਕਿ ਸਾਡੇ ਕੋਲ ਭਾਰਤ ਦੇ ਬਾਰੇ ਸੋਚਣ ਦਾ ਅਕਸਰ ਕੋਈ ਨਾ ਕੋਈ ਕਾਰਨ ਹੁੰਦਾ ਹੀ ਹੈ, ਮਹਾਂਸਾਗਰ ਦੇ ਅਥਾਹ ਗਰਭ ਵਿੱਚ ਇਸ ਦੇ ਪ੍ਰਭਾਵ ਦੇ ਬਾਰੇ ਵਿਚ ਅਸੀਂ ਥੋੜੀ ਬਹੁਤ ਗੱਲ ਵੀ ਕਿਵੇਂ ਕਹਿ ਸਕਦੇ ਹਾਂ ?"*

### 8.2.1 ਵਿਵਿਧਤਾ, ਏਕਤਾ ਅਤੇ ਭਾਰਤੀ ਸਭਿਅਤਾ

ਇਥੇ ਅਸੀਂ ਭਾਰਤੀ ਪਰੰਪਰਾ ਅਤੇ ਸੰਸਕ੍ਰਿਤੀ ਦੀ ਵਿਵਿਧਤਾ ਅਤੇ ਸਭਿਅਤਾ ਦੀ ਏਕਤਾ ਦੀ ਪ੍ਰਕਿਰਿਆ ਉੱਤੇ ਇਸ ਦੇ ਪ੍ਰਭਾਵ ਦੀ ਸਮੱਸਿਆ ਨਾਲ ਮੁਲਾਕਾਤ ਕਰਦੇ ਹਾਂ। ਇਹ ਏਕਤਾ ਕਈ ਸਤਰਾਂ ਉੱਤੇ ਵਿਸ਼ੇਸ਼ ਕਰਕੇ ਪੱਛਮੀ ਸਭਿਅਤਾ-ਸੰਸਕ੍ਰਿਤੀ ਨਾਲ ਅੰਤਰ-ਕ੍ਰਿਆ ਨਾਲ ਪੂਰਵ ਦੇ ਕਾਲਾਂ ਵਿਚ ਦਿਖਾਈ ਦੇ ਸਕਦੀ ਹੈ। ਸੰਸਕ੍ਰਿਤਿਕ ਅਤੇ ਪ੍ਰੋਦਯੋਗਿਕ ਸੰਚਾਰ ਅਤੇ ਅੰਤਰ-ਕ੍ਰਿਆ ਦੀਆਂ ਪ੍ਰਕਿਰਿਆਵਾਂ ਵਿੱਚ ਏਕਤਾ ਦੇ ਇਕ ਮਹੱਤਵਪੂਰਨ ਸਰੋਤ ਦਾ ਅਵਲੋਕਣ ਕੀਤਾ ਜਾ ਸਕਦਾ ਹੈ। ਐਨ. ਕੇ. ਬੋਸ ਨੇ ਉਹਨਾਂ ਚਲਦੇ-ਫਿਰਦੇ ਫਕੀਰਾਂ, ਵਪਾਰੀਆਂ, ਕਥਾ-ਵਾਚਕਾਂ, ਸ਼ਿਲਪੀਆਂ ਅਤੇ ਕਲਾਕਾਰਾਂ ਦੁਆਰਾ ਪਾਰੰਪਰਿਕ ਭਾਰਤੀ ਸਮਾਜ ਵਿਚ ਨਿਭਾਈ ਗਈ ਭੂਮਿਕਾ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਵੱਖ-ਵੱਖ ਖੇਤਰਾਂ ਅਤੇ ਸੰਸਕ੍ਰਿਤਿਕ ਪਰੰਪਰਾਵਾਂ ਦੇ ਵਿਚ ਏਕਤਾ ਦੇ ਸੇਤੂ ਸਥਾਪਿਤ ਕੀਤੇ ਹਨ। ਤੀਰਥ-ਭ੍ਰਮਣ, ਮੇਲਿਆਂ ਅਤੇ ਤਿਉਹਾਰਾਂ ਦੀਆਂ ਸੰਸਥਾਵਾਂ ਨੇ ਵਿਵਿਧਤਾ ਦੇ ਘੇਰੇ ਦੇ ਅੰਦਰ ਸੰਸਕ੍ਰਿਤਿਕ ਏਕਤਾ ਦੇ ਭਾਵ ਦੇ ਸੰਪ੍ਰੇਸ਼ਣ ਅਤੇ ਸੰਚਾਰ ਦੇ ਲਈ ਇਕ ਹੋਰ ਸਮਾਗਮ ਬਿੰਦੂ ਪ੍ਰਦਾਨ ਕੀਤਾ। ਬੌਸ ਲਿਖਦੇ ਹਨ- "ਚਾਹੇ ਭਾਰਤ ਕੁਲ ਮਿਲਾ ਕੇ ਨਿਰੱਖਰ ਸੀ, ਅਜਿਹੇ ਕੁਝ ਨਿਸ਼ਚਿਤ 'ਮੈਕੇਨਿਜ਼ਮ' ਪਹਿਲਾਂ ਤੋਂ ਅਸਤਿੱਤਵ ਵਿਚ ਸਨ, ਜਿਨ੍ਹਾਂ ਦੁਆਰਾ ਸੰਸਕ੍ਰਿਤੀ ਦੇ ਬੌਧਿਕ ਅਤੇ ਭਾਵਨਾਤਮਕ ਤੱਥ ਉਹਨਾਂ ਸਭ ਤੋ ਦੂਰਵਰਤੀ ਸਮੁਦਾਇਆਂ ਦੇ ਦਰਵਾਜੇ ਤੱਕ ਪਹੁੰਚ ਗਏ ਜੋ ਆਪਣੀ ਭੂਗੋਲਿਕ ਸਥਿਤੀ ਜਾਂ ਸਮਾਜਿਕ ਅਲਗਾਵਵਾਦ ਦੀ ਪ੍ਰਵ੍ਰਿਤੀ ਨੂੰ ਮਿਲਣ ਵਾਲੇ ਪ੍ਰੋਤਸਾਹਨ ਦੇ ਕਾਰਨ ਦੂਜੀ ਦੁਨੀਆ ਤੋਂ ਕੱਟੇ ਹੋਏ ਸੀ।" ਇਹਨਾਂ ਅਭਿਕਰਣਾਂ ਤੋਂ ਇਲਾਵਾ ਸਮਾਜਿਕ ਸੰਰਚਨਾ ਅਤੇ ਅਰਥ-ਵਿਵਸਥਾ ਨੇ ਵੱਖ-ਵੱਖ ਖੇਤਰਾਂ ਸਮੂਹਾਂ ਅਤੇ ਸੰਸਕ੍ਰਿਤਿਕ ਪਰੰਪਰਾਵਾਂ ਦੇ ਵਿਚ ਪਾਰਸਪਰਿਕਤਾ ਅਤੇ ਅੰਤਰ-ਕਿਰਿਆ ਦੇ ਸੰਪਰਕ-ਸੂਤਰ ਸਥਾਪਤ ਕੀਤੇ। ਇਸ ਦੇ ਦ੍ਰਿਸ਼ਟਾਂਤ ਭਾਰਤ ਵਿੱਚ ਭੱਧ੍ਰਲੋਕ ਸਮੁਦਾਏ ਦੀ ਸੰਸਕ੍ਰਿਤਿਕ ਅਤੇ ਪ੍ਰਸ਼ਾਸਨਿਕ ਨਿਰੰਤਰਤਾ ਉੱਤੇ ਕੇਂਦਰੀ ਅਧਿਐਨਾਂ ਵਿੱਚ ਮਿਲਦੇ ਹਨ।ਵਿਸ਼ਵ ਵਾਦੀ ਜਾਂ ਅਭਿਜਾਤ (ਕੁਲੀਨ) ਪਰੰਪਰਾਵਾਂ ਦੇ ਸਥਾਨੀਕਰਨ ਅਤੇ ਸਥਾਨਿਕ ਪਰੰਪਰਾਵਾਂ ਦੇ ਵੈਸ਼ਵੀਕਰਣ ਦੇ ਕਾਰਨ ਲੋਕਸੰਮਤ ਅਤੇ ਕੁਲੀਨ ਜਾ ਅਭਿਜਾਤ ਪੱਧਰ ਤੇ ਭਾਰਤੀ ਸੰਸਕਰਿਤੀ ਪਰੰਪਰਾ ਦੇ ਸੰਘਟਨ ਵਿੱਚ ਆਪਸੀ ਆਦਾਨ ਪ੍ਰਦਾਨ ਦੇ ਤੱਤ ਹੁਣ ਤੱਕ ਪਰਿਆਪਤ ਨਤੀਜੇ ਵਿੱਚ ਬਿਰਾਜਮਾਨ ਰਹੇ ਹਨ।ਇਸ ਦਾ ਘੇਰਾ ਸਮਾਜਿਕ ਵਿਵਸਥਾ ਦੇ ਅੰਦਰ ਸਮਾਜਿਕ ਅਤੇ ਸੰਸਕ੍ਰਿਤਿਕ ਗਤੀਸ਼ੀਲਤਾ ਦੇ ਪੱਧਰਾਂ ਤੱਕ ਵਿਆਪਕ ਹੋਣ ਵਿੱਚ ਵੀ ਸਫਲ ਰਹੀ।

ਚਾਹੇ ਇਹ ਬਹੁਤ ਹੀ ਜ਼ਿਆਦਾ ਵਿਸਤ੍ਰਿਤ ਕਦੇ ਨਹੀਂ ਸੀ ਪਾਰੰਪਰਿਕ ਭਾਰਤ ਵਿੱਚ ਸਾਮਰਾਜਵਾਦੀ ਵਿਵਸਥਾ ਦੀ ਰਾਜਨੀਤਕ ਅਰਥ ਵਿਵਸਥਾ ਨੇ ਉਨ੍ਹਾਂ ਪ੍ਰਸ਼ਾਸਨਿਕ, ਸ਼ੈਕਸ਼ਿਕ, ਉਦਯੋਗਿਕ ਅਤੇ ਸੰਸਕ੍ਰਿਤਿਕ ਸੰਸਥਾਵਾਂ ਅਤੇ ਕ੍ਰਮਿਕਾਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਦੀ ਭੂਮਿਕਾ ਸਥਾਨਿਕ ਹੋਣ ਦੀ ਬਜਾਏ ਵੈਸ਼ਵਿਕ ਸੀ।ਇਹ ਸੰਸਥਾਵਾਂ ਸਥਾਨਿਕ ਸਮਾਜਿਕ ਵਿਵਸਥਾਵਾਂ ਅਤੇ ਸੰਸਕ੍ਰਿਤਿਕ ਪਰੰਪਰਾਵਾਂ ਦੇ ਵਿੱਚ ਪੁਲਾਂ ਦਾ ਕੰਮ ਕਰਦੀ ਰਹੀ। ਇਹ ਗੱਲ ਪਾਰੰਪਰਿਕ ਭਾਰਤੀ ਸਮਾਜਿਕ ਢਾਂਚੇ ਦੀ ਅੰਤਰਸੰਰਚਨਾਤਮਕ ਸਵੈਯੱਤਾ ਵਿੱਚ ਵੀ ਪਰਿਲੱਖਿਅਤ ਹੁੰਦੀ ਰਹੀ, ਜਿਸ ਦੇ ਤਹਿਤ ਰਾਜ ਵਿਵਸਥਾ, ਸੰਸਕ੍ਰਿਤਿਕ ਪ੍ਰਤੀਮਾਨਾਂ ਅਤੇ ਸਮਾਜਿਕ ਦਰਜਾਬੰਦੀ ਦੀਆਂ ਵਿਵਸਥਾਵਾਂ ਨਾਲ ਸੰਬੰਧਿਤ ਵੈਸ਼ਵਿਕ ਸੰਸਥਾਵਾਂ ਨੇ ਸਥਾਨਿਕ ਸੰਸਥਾਵਾਂ ਦੇ ਲਈ ਵਿਵਿਧਤਾ, ਸੁਤੰਤਰਤਾ

ਨੋਟ

ਅਤੇ ਸਿਰਜਣਾਤਮਕਤਾ ਦਾ ਇੱਕ ਮਾਨ-ਦੰਡ ਪ੍ਰਦਾਨ ਕੀਤਾ।ਕਾਰੀਗਰਾਂ, ਸ਼ਿਲਪੀਆਂ, ਵਰਗੇ ਕਾਰੋਬਾਰੀ ਸਮੂਹਾਂ ਅਤੇ ਧੋਬੀ, ਨਾਈ, ਘੁਮਿਆਰ, ਆਦਿ ਵਰਗੇ ਰੋਜ਼ਗਾਰ ਮੁੱਖੀ ਸਮੁਦਾਇਆਂ ਦੀਆਂ ਜਾਤੀ ਪੰਚਾਇਤਾਂ ਅਤੇ ਪਿੰਡ ਪੰਚਾਇਤਾਂ ਨੂੰ, ਜੋ ਜਜਮਾਨੀ ਵਿਵਸਥਾ ਦੇ ਅੰਦਰਗਤ ਪਰਸਪਰ ਇੱਕ ਦੂਜੇ ਨਾਲ ਜੁੜੇ ਹੋਏ ਸਨ ਨਾ ਕੇਵਲ ਸਵੈਸ਼ਾਸਨ ਦੀ ਦ੍ਰਿਸ਼ਟੀ ਨਾਲ ਬਲਕਿ ਬ੍ਰਿਹੱਤਰ ਸਮਾਜ ਦੇ ਨਾਲ ਪਾਰਸਪਰਿਕਤਾ ਦੇ ਨਿਯਮਾਂ ਨੂੰ ਲਾਗੂ ਕਰਨ ਦੇ ਲਿਹਾਜ ਨਾਲ ਵੀ ਸਵੈਯੱਤਤਾ ਹਾਸਿਲ ਹੋ ਗਈ।ਉਨ੍ਹਾਂ ਦੀ ਕਾਰਜ ਪ੍ਰਣਾਲੀ ਵਿੱਚ ਵਿਸ਼ਵਵਾਦੀ ਰਾਜਨੀਤਕ ਅਤੇ ਪ੍ਰਸ਼ਾਸਨਿਕ ਸੰਸਥਾਵਾਂ ਦੀ ਭੂਮਿਕਾ ਅਸਾਧਾਰਨ ਸਥਿਤੀਆਂ ਵਿੱਚ ਅਪੀਲ ਦੇ ਅਧਾਰ ਤੇ ਸੁਣਵਾਈ ਕਰਨ ਤੱਕ ਹੀ ਸੀਮਤ ਹੋ ਕੇ ਰਹਿ ਗਈ।ਤਕਨੀਕੀ ਅਤੇ ਕਲਾਤਮਕ ਯੋਗਤਾ ਨਾਲ ਸਬੰਧਿਤ ਕੰਮ ਕਰਨ ਵਾਲਿਆਂ ਦਾ ਸਥਾਨਿਕ ਪੱਧਰ ਤੋਂ ਵੈਸ਼ਵਿਕ ਪੱਧਰਾਂ ਤੱਕ ਪ੍ਰਸਾਰ ਅਤੇ ਗਤੀਸ਼ੀਲਤਾ ਆਪਣੀ ਪ੍ਰਕ੍ਰਿਤੀ ਵਿਚ ਅਵਛਿੰਨ ਸੀ। ਇਹ ਇੱਕ ਅਜਿਹੀ ਪ੍ਰਕਿਰਿਆ ਸੀ ਜਿਸ ਵਿੱਚ ਪਿੰਡਾਂ ਦੇ ਛੋਟੇ ਕਸਬੇ ਅਤੇ ਉੱਥੋਂ ਰਾਜਧਾਨੀ ਨਗਰ ਤੱਕ ਗਤੀਸ਼ੀਲਤਾ ਵੱਖ-2 ਖੇਤਰਾਂ ਵਿੱਚ ਉਪਲਬਧੀਆਂ ਹਾਸਲ ਕਰਨ ਵਾਲੇ ਲੋਕਾਂ ਲਈ ਇੱਕ ਸੁਭਾਵਿਕ ਪਰਿਣਤੀ ਹੋ ਜਾਂਦੀ ਸੀ।

ਪਾਰੰਪਰਿਕ ਭਾਰਤ ਦੇ ਸੰਸਕ੍ਰਿਤਿਕ ਅਤੇ ਸਮਾਜਿਕ ਰੂਪਾਂ ਦੀ ਇਸ ਵਿਵਿਧਤਾ ਦੇ ਜਰੀਏ ਏਕਤਾ ਸਮਾਜਿਕ-ਸੰਸਕ੍ਰਿਤਿਕ ਸੰਸਥਾਵਾਂ, ਪੇਸ਼ਿਆਂ ਜਾਂ ਕਾਰੋਬਾਰਾਂ ਅਤੇ ਉਦਯੋਗਿਕ, ਵਪਾਰ, ਬਜ਼ਾਰ ਅਤੇ ਪਰਿਵਹਨ ਆਦਿ ਦੀ ਸਰਵਮਾਨ ਵਿਸ਼ੇਸ਼ਤਾਵਾਂ ਵਿੱਚ ਵਿਅਕਤ ਹੁੰਦੀ ਸੀ, ਜਿਨ੍ਹਾਂ ਨੇ ਵਿਵਿਧ ਸੰਸਕ੍ਰਿਤਿਕ ਸਮੂਹਾਂ ਦੀਆ ਅਸਮਿਤਾਵਾਂ ਦੇ ਵਿੱਚ ਪ੍ਰਕਿਰਿਆਤਮਕ ਅੰਤਰ-ਨਿਰਭਰਤਾ ਦੇ ਮਾਪ-ਦੰਡ ਨੂੰ ਜਨਮ ਦਿੱਤਾ।ਇਸ ਨੂੰ ਸੰਤੁਲਨ ਪ੍ਰਦਾਨ ਕਰਨ ਵਿੱਚ ਜਨ-ਸੰਖਿਆ ਦੇ ਆਕਾਰ ਦੀ ਉਮੀਦ ਤੋਂ ਜ਼ਿਆਦਾ ਸਥਾਈ ਪੱਧਰ ਅਤੇ ਭੂਮੀ ਦੀ ਪੁਨਰ ਪ੍ਰਾਪਤੀ ਦੇ ਕਾਰਨ ਭੂ-ਸੰਸਾਧਨਾਂ ਦੇ ਸਹਿਜ ਢੰਗ ਨਾਲ ਉਪਲਬਧ ਹੋਣ ਦਾ ਵੀ ਯੋਗਦਾਨ ਰਿਹਾ। ਦੂਜੇ ਮਾਧਿਅਮਾਂ ਤੋਂ ਅਤੇ ਵਿਸ਼ੇਸ਼ ਕਰਕੇ ਸੰਸਕ੍ਰਿਤੀ ਅਤੇ ਅਰਥਵਿਵਸਥਾ ਦੇ ਖੇਤਰਾਂ ਵਿੱਚ ਉਦਯੋਗਿਕ ਦ੍ਰਿਸ਼ਟੀ ਨਾਲ ਅਭਿਨਵ ਪ੍ਰਯੋਗਾਂ ਦੀ ਹੌਲੀ ਗਤੀ ਦੇ ਕਾਰਨ ਵੀ ਇਹ ਸਥਿਤੀ ਉਤਪੰਨ ਹੋਈ। ਇਨਾਂ ਵਿਸ਼ੇਸ਼ਤਾਵਾਂ ਨੇ ਇੱਕ ਪਾਸੇ ਤਾਂ ਸੰਸਕ੍ਰਿਤ ਸਮਾਜਿਕ ਅਸਮਿਤਾਵਾਂ ਦੇ ਅਲਗਾਵ ਅਤੇ ਸੰਰੱਖਿਅਣ ਨੂੰ ਵਧਾਇਆ, ਜਦੋਂ ਕਿ ਦੂਜੇ ਪਾਸੇ ਸੰਚਾਰ ਪ੍ਰਕਿਰਿਆ ਨੂੰ ਮੂਰਤ ਬਣਾਇਆ, ਜਿਸ ਦੇ ਕਾਰਨ ਔਪਚਾਰਿਕ ਅਤੇ ਸਾਰਗਰਭਿਤ ਦੋਵੇਂ ਪੱਧਰਾ ਉੱਤੇ ਏਕਤਾ ਦੇ ਪੁੱਤਰ ਸਥਾਪਿਤ ਹੋਏ।

### 8.2.3 ਨਸਲ ਅਤੇ ਭਾਰਤੀ ਸੱਭਿਅਤਾ

ਇਸ ਗੱਲ ਨੂੰ ਲੈ ਕੇ ਕਿ 'ਨਸਲ' ਦਾ ਸੰਬੋਧ ਭਾਰਤੀ ਸਮਾਜ ਵਿੱਚ ਸੰਸਕ੍ਰਿਤਿਕ ਅਤੇ ਸਮਾਜਿਕ ਅਸਮਿਤਾ ਨਿਰਮਾਣ ਦੀਆਂ ਪ੍ਰਕਿਰਿਆਵਾਂ ਨੂੰ ਵਿਸ਼ਲੇਸ਼ਣ ਦੇ ਯੋਗ ਮੰਨਿਆ ਜਾਵੇ ਜਾ ਨਹੀਂ, ਭਾਰਤ ਦੇ ਸਮਾਜ ਵਿਗਿਆਨੀਆਂ ਦੇ ਵਿਚ ਬਹੁਤ ਜਿਆਦਾ ਮਤਭੇਦ ਹਨ। ਆਮਤੋਰ ਤੇ ਸਮਾਜ ਸ਼ਾਸਤਰ ਦੇ ਪਰਿਪੱਖ ਵਿੱਚ ਵੀ 'ਨਸਲੀ' ਅਹੁਦਾ ਕਿਸੇ ਇੱਕ ਰਾਸ਼ਟਰ ਅਤੇ ਵਿਸ਼ੇਸ਼ ਕਰਕੇ ਕਿਸੇ ਵਿਧਰਮੀ ਜਾਂ ਧਰਮ ਭਰਿਸ਼ਟ ਰਾਸ਼ਟਰ ਨਾਲ ਸਬੰਧਿਤ ਜਨ ਸਮੁਦਾਇ ਵੱਲ ਇਸ਼ਾਰਾ ਕਰਨ ਦੇ ਲਈ ਪ੍ਰਯੁਕਤ ਹੋਇਆ ਸੀ।'ਏ ਨਿਊ ਡਿਸਕਵਰੀ ਆਫ ਸੋਸ਼ੋਲੋਜੀ' ਵਿੱਚ ਇਸ ਦਾ ਉਲੇਖ ਇਸ ਤਰਾ ਹੀ ਹੋਇਆ ਹੈ।ਉਂਝ ਤਾਂ ਇਹ ਅਹੁਦਾ ਆਪਣੇ ਪ੍ਰਥਾਗਤ ਤੌਰ-ਤਰੀਕਿਆਂ ਅਤੇ ਸੰਸਕ੍ਰਿਤੀ ਦੇ ਨਾਲ ਜੀਵਿਤ ਕਿਸੇ ਸਮੂਹ ਨੂੰ ਦਰਸਾਉਂਦਾ ਹੈ, ਪ੍ਰੰਤੂ ਆਪਣੀ ਅਰਥਵੱਤਾ ਵਿੱਚ ਇਹ ਰਾਸ਼ਟਰੀਅਤਾ ਦੇ ਵਿਸ਼ੇ ਤੋ ਜ਼ਿਆਦਾ ਵਿਆਪਕ ਹੈ, ਕਿਉਂਕਿ ਇਸ ਦੇ ਕਾਰਨ "ਅਨਪੜ੍ਹ ਜਨ-ਸਮੂਹ ਸਮਾਜਿਕ ਸਮਿਸ਼ਟੀਆਂ ਦੇ ਨਾਲ ਇਸੇ ਤਰਾ ਸੰਤੁਲਨ ਸਥਾਪਿਤ ਕਰ ਸਕਦਾ ਹੈ, ਜਿਸ ਤਰਾ ਜਿਆਦਾ ਉੱਨਤ ਜਨ ਸਮੁਦਾਏ ਅਤੇ ਰਾਸ਼ਟਰ। ਜਰਮਨ, ਯਹੂਦੀ, ਜਿਪਸੀ, ਅਤੇ ਕਾਂਗੋ ਦੇ ਬੌਣੇ ਅਤੇ ਟਰੋਬ੍ਰਿਏਂਡਰ- ਇਹ ਸਭ ਨਸਲੀ ਸਮੂਹ ਹਨ।" 'ਡਿਕਸ਼ਨਰੀ ਆਫ ਸੋਸ਼ੋਲੋਜੀ' ਨਾਮਕ ਇੱਕ ਦੂਜੇ ਸ਼ਬਦ-ਕੋਸ਼ ਵਿੱਚ 'ਨਸਲੀ ਸਮੂਹ' ਅਹੁਦੇ ਦੇ ਪ੍ਰਤੀ ਆਲੋਚਨਾਤਮਕ ਰਵੱਈਏ ਦਾ ਪਰਿਚੇ ਦਿੱਤਾ ਗਿਆ ਹੈ, ਜਿਸ ਦਾ ਕਾਰਨ ਇਸ ਦਾ ਭ੍ਰਾਮਕ ਗੂੜਾ ਅਰਥ ਹੈ, ਜੋ ਸਮੂਹਿਕ ਏਕਤਾਮਕਤਾ ਦੇ ਆਧਾਰ ਦੇ ਰੂਪ ਵਿੱਚ ਜਨਮ ਜਾਂ ਨਸਲ ਸੁਦ੍ਰਿਸ਼ ਕਾਰਕ ਘਟਕ ਉੱਤੇ ਅਧਿਕ ਜ਼ੋਰ ਦਿੰਦਾ ਪ੍ਰਤੀਤ ਹੁੰਦਾ ਹੈ।ਸਮਾਜ ਸ਼ਾਸਤਰ ਦੇ ਲਈ ਇਹ ਦ੍ਰਿਸ਼ਟੀਕੋਣ ਮਾਣਯੋਗ ਨਹੀਂ ਹੈ, ਕਿਓਂਕਿ ਇਹ ਇਸ ਗੱਲ ਨੂੰ ਸਵੀਕਾਰ ਨਹੀਂ ਕਰਦਾ ਕਿ ਮਾਨਵ-ਸਮੂਹਾਂ ਦਾ ਸੰਬੋਧ ਕੇਵਲ ਉਨ੍ਹਾਂ ਦੇ ਉਤਪਤੀਮੂਲਕ ਜਾਂ ਅਨੁਵਾਂਸ਼ਿਕ ਸੰਘਟਨ ਤੱਕ ਹੀ ਸੀਮਤ ਹੋ ਸਕਦਾ ਹੈ।

ਇਸ ਦੀ ਬਜਾਏ ਇਹ ਇਸ ਸੰਬੋਧਨ ਦਾ ਇੱਕ ਵਿਆਪਕ ਪ੍ਰਕ੍ਰਿਆ ਦੇ ਵਿਵਿਧ ਚਰਣਾਂ ਦੇ ਰੂਪ ਵਿੱਚ ਸੂਤਰਬੱਧ ਕਰਦਾ ਹੈ ਅਤੇ ਇਸ ਦ੍ਰਿਸ਼ਟੀ ਨਾਲ ਅਸਮਿਤਾ ਜਾਂ ਪਹਿਚਾਣ ਦੀ ਉਸ ਚੇਤਨਾ ਨੂੰ ਸੰਸਕ੍ਰਿਤੀ, ਪ੍ਰਥਾ, ਜੀਵਨ ਸੈਲੀ, ਅਤੇ ਭਾਸ਼ਾ ਆਦਿ ਜਿਹੇ ਭਿੰਨ-2

ਨੋਟ

ਪਰਿਪੱਖਾਂ ਦੇ ਆਲੋਕ ਵਿੱਚ ਪ੍ਰਸਤੁਤ ਕਰਦਾ ਹੈ, ਜੋ ਪ੍ਰਭੁਤਵ ਜਾਂ ਨਿਯੰਤਰਣ ਦਾ ਪ੍ਰਬਲਤਾਪੂਰਵਕ ਪ੍ਰਤੀਨਿਧਿੱਤਵ ਕਰਨ ਵਾਲੇ ਦੂਜੇ ਸਮੂਹਾਂ ਦੇ ਨਾਲ ਮੁਲਾਕਾਤਾਂ ਦੇ ਕ੍ਰਮ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ।ਇਸ ਦ੍ਰਿਸ਼ਟੀਕੋਣ ਦੇ ਪ੍ਰਵਰਤਕ ਕਹਿੰਦੇ ਹਨ– "ਜੋ ਸਮੂਹ ਨਸਲ ਵਿਸ਼ਿਸ਼ਟ ਦਾ ਦਾਵਾ ਕਰਦਾ ਹੈ, ਅਤੇ ਜਿਸ ਸਮੂਹ ਉੱਤੇ ਰਾਜਨੀਤਕ ਸੰਘਰਸ਼ ਦੇ ਇੱਕ ਖਾਸ ਸੰਦਰਭ ਵਿੱਚ ਰਾਜਨੀਤਕ ਦ੍ਰਿਸ਼ਟੀ ਤੋ ਜ਼ਿਆਦਾ ਮਜ਼ਬੂਤ ਸਮੂਹ ਦੁਆਰਾ ਵਿਸ਼ਿਸ਼ਟਤਾ ਆਰੋਪਿਤ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚ ਅੰਤਰ ਹੈ। ਇਸ ਲਈ ਨਸਲੀ ਰਾਸ਼ਟਰੀ ਅਲਗਾਵ ਜਾਂ ਰਾਜਨੀਤਿਕ ਵਸ਼ੀਕਰਣ ਦੇ ਲਈ ਅਧਾਰ ਦਾ ਕੰਮ ਕਰ ਸਕਦੀ ਹੈ।ਇਸ ਤਰਾਂ 'ਨਸਲੀ ਸਮੂਹ' ਦੀ ਪਰਿਭਾਸ਼ਾ ਦਾ ਦੋਗਲਾਪਣ ਵਿਸ਼ਿਸ਼ਟ ਅਤੇ ਅੰਤਰਵੇਸ਼ੀ ਸਮੂਹ ਦੇ ਮੈਂਬਰਾਂ ਦੇ ਇਰਦ ਗਿਰਦ ਕੇਂਦਰਿਤ ਸਮਾਜ ਵਿੱਚ ਵਿਆਪਤ ਰਾਜਨੀਤਕ ਸੰਘਰਸ਼ ਦਾ ਪਰਿਚਾਇਕ ਹੈ।"

ਭਾਰਤ ਵਿੱਚ ਜਨ ਜਾਤੀ, ਭਾਸ਼ਾਈ, ਧਾਰਮਿਕ ਅਤੇ ਸੰਸਕ੍ਰਿਤਿਕ ਸਮੂਹਾਂ ਉੱਤੇ ਕੇਂਦਰਤ ਅਨੇਕ ਅਧਿਐਨ ਹੋ ਚੁੱਕੇ ਹਨ, ਜਿਨਾਂ ਵਿੱਚ ਨਸਲਾਂ ਦੀਆਂ ਸਮਾਜਿਕ ਪ੍ਰਕਿਰਿਆਵਾਂ ਦਾ ਵਿਸ਼ਲੇਸ਼ਣ ਕਰਨ ਲਈ ਇਸ ਦੇ ਸੰਬੋਧਾਂ ਦਾ ਪ੍ਰਤੱਖ ਜਾ ਅਪ੍ਰਤੱਖ ਰੂਪ ਵਿੱਚ ਪ੍ਰਯੋਗ ਕੀਤਾ ਗਿਆ ਹੈ।ਕੁਝ ਅਪਵਾਦਾਂ ਨੂੰ ਛੱਡ ਦਈਏ, ਤਾਂ ਜ਼ਿਆਦਾਤਰ ਅਧਿਐਨ ਪਰਿਵਰਤਨਮੁੱਖੀ ਪਰਿਪੱਖ ਵਿੱਚ ਨਸਲੀ ਅਸਮਿਤਾ ਉੱਤੇ ਚਾਨਣ ਪਾਉਣ ਦੀ ਸੰਵੇਦਨਸ਼ੀਲਤਾ ਦਰਸਾਉਂਦੇ ਹਨ।ਇਹ ਪਰਿਪੱਖ ਕਦੇ ਕਦੇ ਇੱਕ ਦੂਜੇ ਦੇ ਖੇਤਰ ਵਿੱਚ ਪ੍ਰਵਰਜਨ ਦੀ ਪ੍ਰਕਿਰਿਆ, ਸੰਸਕ੍ਰਿਤਿਕ ਅਤੇ ਰਾਜਨੀਤਕ ਮੁਖਰਤਾ, ਅੰਦੋਲਨਾਂ ਆਦਿ ਤੋਂ ਉਪਜਿਆ ਹੁੰਦਾ ਹੈ। ਇਨ੍ਹਾਂ ਵਿੱਚ ਜ਼ਿਆਦਾਤਰ ਅਧਿਐਨਾਂ ਨੇ ਵਿਸ਼ਲੇਸ਼ਣ ਦੇ ਲਈ ਇੱਕ ਕੇਂਦਰੀ ਵਿਸ਼ੇ ਦੇ ਰੂਪ ਵਿੱਚ ਨਸਲ ਦਾ ਪ੍ਰਯੋਗ ਕਰਨ ਦੀ ਬਜਾਏ ਅਲੱਗ ਜਨ ਜਾਤੀ, ਪ੍ਰਾਦੇਸ਼ਿਕ, ਧਾਰਮਿਕ ਅਤੇ ਰਾਜਨੀਤਕ ਆਦਿ ਅਸਮਿਤਾਵਾਂ ਦੇ ਉਦਭਵ ਦੇ ਨਾਲ ਸਮਾਜ ਵਿੱਚ ਹੋ ਰਹੇ ਸਮਾਜਿਕ, ਰਾਜਨੀਤਕ, ਸੰਸਕ੍ਰਿਤ, ਅਤੇ ਆਰਥਿਕ ਪਰਵਰਤਨਾਂ ਦੇ ਸੰਪਰਕ ਸੂਰਤਾਂ ਉੱਤੇ ਚਾਨਣਾ ਪਾਇਆ ਹੈ।ਸਮਾਜਿਕ ਅਤੇ ਸੰਸਕ੍ਰਿਤਿਕ ਮਾਨਵ ਸ਼ਾਸਤਰੀਆਂ ਨੇ ਆਮ ਤੋਰ ਤੇ ਅਤੇ ਵਿਸ਼ੇਸ਼ ਰੂਪ ਵਿੱਚ ਉੱਤਰੀ ਅਮਰੀਕਾ ਵਿੱਚ, ਜਿੱਥੋਂ ਇਨਾਂ ਅਵਧਾਰਣਾਵਾਂ ਨੂੰ ਜ਼ਿਆਦਾ ਵਿਆਪਕ ਢੰਗ ਨਾਲ ਪ੍ਰਸਾਰਿਤ ਹੋਣ ਦਾ ਮੌਕਾ ਮਿਲਿਆ, ਨਸਲਾਂ ਦੇ ਸੰਬੋਧ ਦਾ ਜਿਸ ਤਰਾ ਪ੍ਰਯੋਗ ਕੀਤਾ, ਉਸ ਨਾਲ ਅਭਿਨਵ ਸਮੂਹਿਕ ਅਸਮਿਤਾਂਵਾਂ ਦਾ ਕੋਈ ਤਾਲਮੇਲ ਹੋਵੇ, ਇਹ ਹਮੇਸ਼ਾ ਜਰੂਰੀ ਨਹੀਂ ਹੈ।

ਸਾਡੀ ਦ੍ਰਿਸ਼ਟੀ ਵਿਚ ਬਹੁਲਤਾਵਾਦੀ ਭਾਰਤੀ ਸੱਭਿਅਤਾ ਦੇ ਸਮਾਜਿਕ ਯਥਾਰਥ ਦਾ ਵਰਣਨ ਕਰਨ ਲਈ 'ਨਸਲ' ਜਾਂ 'ਨਸਲੀ ਸਮੂਹ', ਅਹੁਦੇ ਦਾ ਪ੍ਰਯੋਗ ਕਈ ਕਾਰਨਾਂ ਵਿੱਚ ਅਸੰਗਤ ਹੈ। ਸਭ ਤੋਂ ਪਹਿਲਾ ਕਾਰਨ ਤਾਂ ਇਹ ਹੈ ਕਿ ਨਸਲ ਦੇ ਸੰਬੋਧ ਦੀ ਵਿਸ਼ਲੇਸ਼ਣ–ਸ਼ਕਤੀ ਖਾਸ ਤੋਰ ਤੇ ਉਸ ਦੀ ਤੱਥਪਰਖਤਾ ਵਿੱਚ ਨਹੀਂ ਬਲਕਿ ਇੱਕ ਪ੍ਰਕ੍ਰਿਆ ਦੇ ਰੂਪ ਵਿੱਚ ਇਸ ਦੇ ਪਰਿਚਾਲਨ ਵਿੱਚ ਨਿਹਿਤ ਹੈ।ਵੱਖ–2 ਸਮੂਹਾਂ ਦੀ ਸੰਸਕ੍ਰਿਤਿਕ, ਭਾਸ਼ਾਈ, ਅਤੇ ਸਮਾਜਿਕ–ਰਾਜਨੀਤਕ ਆਤਮ–ਸਜਗਤਾ ਦੀ ਪ੍ਰਕਿਰਿਆ ਦੇ ਰੂਪ ਵਿੱਚ ਨਸਲ ਬਾਕੀ ਪਰਿਦ੍ਰਿਸ਼ ਤੋਂ ਇੱਕਦਮ ਅਲੱਗ ਥਲੱਗ, ਕਿਸੇ ਸਮਾਜਸ਼ਾਸਤਰੀ ਪਰਿਘਟਨਾ ਦੀ ਸਾਰਥਕਤਾ ਦਾ ਬੋਧ ਨਹੀਂ ਕਰਾਂਓਂਦੀ ਹੈ।ਇਸ ਤਰਾਂ ਦੀ ਆਤਮ–ਸਜਗਤਾ ਜਾ ਅਸਮਿਤਾ ਬੋਧ ਸਾਰੇ ਸੰਸਕ੍ਰਿਤਿਕ ਸਮੂਹਾਂ ਦੀ ਇੱਕ ਵਿਸ਼ਵਵਿਆਪੀ ਪਰਿਘਟਨਾ ਹੈ।ਸਮਾਜਿਕ ਅਤੇ ਆਰਥਿਕ ਪਰਿਵਰਤਨ ਦੀ ਪ੍ਰਕਿਰਿਆ ਦੇ ਦੌਰਾਨ, ਇਸ ਸਮਾਜਿਕ ਆਤਮ–ਸਜਗਤਾ ਨੂੰ ਨਸਲੀ ਚੇਤਨਾ ਵਿੱਚ ਬਦਲਣ ਵਾਲਾ ਅਤੇ ਸਮਾਜਿਕ, ਸੰਸਕ੍ਰਿਤ, ਰਾਜਨੀਤਕ ਅਤੇ ਆਰਥਿਕ ਮੰਗਾਂ ਦੀ ਸੰਭਾਵਨਾ ਉਤਪੰਨ ਕਰਨ ਵਾਲਾ ਕਾਰਕ ਰਾਜ ਵਿਵਸਥਾ ਦੀ ਦੇਣ ਹੁੰਦਾ ਹੈ।ਜਾਂ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਮੁਕਤ ਬਜ਼ਾਰੀ ਸ਼ਕਤੀਆਂ ਦੀ ਸਕ੍ਰਿਅਤਾ ਦਾ ਨਤੀਜਾ ਹੁੰਦਾ ਹੈ।ਇਸ ਲਈ ਨਸਲੀ ਚੇਤਨਾ ਦੀ ਸਾਰਥਕਤਾ 'ਹੋਰ' ਸਮੂਹ, ਸਮੁਦਾਏ, ਸਥਾਨ ਜਾਂ ਸੰਗਠਨ ਦਾ ਉਲੇਖ ਦੇ ਘੇਰੇ ਵਿੱਚ ਨਿਹਿਤ ਹੁੰਦੀ ਹੈ, ਜਿਸ ਨੂੰ ਸਵਦੇਸ਼ੀ ਸਮੂਹ ਦੇ ਸੰਦਰਭ ਵਿੱਚ ਸਹਾਨੂਭੂਤੀਰਹਿਤ, ਨਫਰਤਪੂਰਣ ਜਾਂ ਸ਼ੋਸ਼ਣਪੂਰਕ ਮੰਨਿਆ ਜਾਂਦਾ ਹੈ।ਇਸ ਲਈ ਨਸਲਾਂ ਦੇ ਰੂਪ ਵਿੱਚ ਜਿਸ ਸਮਾਜਸ਼ਾਸਤਰੀ ਘਟਨਾ ਦਾ ਵਰਣਨ ਕੀਤਾ ਜਾਂਦਾ ਹੈ ਜਾਂ ਕਿਸੇ ਠੋਸ ਸਮਾਜਸ਼ਾਸਤਰੀ ਕੋਟਿ ਦੀ ਬਜਾਏ ਇੱਕ ਪ੍ਰਕਿਰਿਆ ਹੈ।

ਇਸ ਦਾ ਦ੍ਰਿਸ਼ਟਾਂਤ ਇਹ ਤੱਥ ਹੈ ਕਿ ਨਸਲੀ ਸੰਘਰਸ਼ ਅਤੇ ਨਸਲੀ ਆਤਮ–ਸਜਗਤਾ ਨਿਰੰਤਰ ਕਿਸੇ ਖਾਸ ਸਮੂਹ ਦੁਆਰਾ ਕਿਸੇ ਦੂਜੇ ਸਮੂਹ ਉੱਤੇ ਸਥਾਪਿਤ ਅਰਾਜਨੀਤਿਕ, ਆਰਥਿਕ, ਸੰਸਕ੍ਰਿਤਿਕ ਜਾਂ ਸਮਾਜਿਕ ਪ੍ਰਭੁੱਤਵ ਜਾਂ ਉਸ ਦੇ ਵਸ਼ੀਕਰਣ ਦੇ ਅਵਗਮ ਜਾਂ ਵਾਸਤਵਿਕ ਅਨੁਭਵਾਂ ਵਿੱਚੋਂ ਉਪਜਦੇ ਹਨ। ਇਸ ਲਈ ਅਨੁਭਵਵਾਦੀ ਦ੍ਰਿਸ਼ਟੀ ਨਾਲ ਆਪਣੇ ਆਪ ਵਿਚ ਨਸਲੀ ਸਮੂਹ ਦੀਆਂ ਵਿਸ਼ੇਸ਼ਤਵਾਂ ਨੂੰ ਆਤਮਸਾਤ ਕੀਤੇ ਬਿਨਾਂ ਸੰਸਾਧਨਾਂ ਤੱਕ ਪਹੁੰਚ ਬਣਾਉਣ ਦੇ ਲਈ ਆਪਣੀ ਪ੍ਰਤੀਸਪਰਧਾਤਮਕ ਖੋਜਬੀਨ

ਨੋਟ

ਦੇ ਕ੍ਰਮ ਵਿੱਚ ਕੋਈ ਜਾਤੀ, ਜਨਜਾਤੀ, ਭਾਸ਼ਾਈ, ਧਾਰਮਿਕ ਜਾਂ ਸੰਸਕ੍ਰਿਤਿਕ ਸਮੂਹ ਕਿਸੇ ਨਸਲੀ ਸਮੂਹ ਦੇ ਪ੍ਰਕਾਰਜਾਤਮਕ ਸਮਤੁੱਲ ਦੀ ਛਵੀ ਪ੍ਰਾਪਤ ਕਰ ਸਕਦਾ ਹੈ।ਇਹ ਗੱਲ ਉਨ੍ਹਾਂ ਸਮਾਜਾਂ ਦੇ ਪਰਿਪੱਖ ਵਿੱਚ ਸੱਚ ਹੈ, ਜਿਨ੍ਹਾਂ ਦੀ ਸੱਭਿਅਤਾ ਦਾ ਇਤਿਹਾਸਿਕ ਘੇਰਾ ਉਮੀਦ ਤੋਂ ਜ਼ਿਆਦਾ ਵਿਆਪਕ ਹੁੰਦਾ ਹੈ ਅਤੇ ਜਿੱਥੇ ਕਈ ਤਰਾਂ ਦੇ ਸੰਸਕ੍ਰਿਤਿਕ ਅਤੇ ਸਮਾਜਿਕ ਵਿਵਹਾਰ, ਪ੍ਰਥਾਵਾਂ, ਅਤੇ ਮੁੱਲ ਇੱਕਠੇ ਵੱਧਦੇ ਫੁੱਲਦੇ ਹਨ।ਇਸ ਲਈ ਕਿਸੇ "ਸੱਭਿਅਤਾ ਮੂਲਕ ਸਮਾਜ" ਦਾ ਸੰਦਰਭ ਜੇਕਰ ਨਸਲਾਂ ਦੀ ਠੋਸ ਸਾਰਥਕਤਾ ਨੂੰ ਪੂਰੀ ਤਰਾ ਖੰਡਿਤ ਨਹੀਂ ਵੀ ਕਰਦਾ ਤਾਂ ਉਸ ਦੀ ਅਰਥਵੱਤਾ ਨੂੰ ਪਰਿਵਰਤਿਤ ਜ਼ਰੂਰ ਕਰ ਦਿੰਦਾ ਹੈ। ਭਾਰਤ ਵਿੱਚ ਨਸਲੀ ਪ੍ਰਕਿਰਿਆਵਾਂ ਦੇ ਅਧਿਐਨਕਰਤਾ ਇਸ ਦੀ ਸਮਾਜ ਸ਼ਾਸਤਰੀ ਸਾਰਥਕਤਾ ਦੇ ਇਸ ਪੱਖ ਦੀ ਪੜਤਾਲ ਕਰਨ ਵਿੱਚ ਹੁਣ ਤੱਕ ਸਭ ਸਫਲ ਨਹੀਂ ਹੋ ਸਕੇ, ਕਿਉਂਕਿ ਉਨ੍ਹਾਂ ਦੇ ਵਿਸ਼ਲੇਸ਼ਣ ਦੇ ਘੇਰੇ ਦੇ ਅੰਦਰ ਭਾਰਤੀ ਸਮਾਜ ਵਿੱਚ ਤਥਾਕਥਿਤ ਰੂਪ ਵਿੱਚ ਬਿਰਾਜਮਾਨ ਨਸਲੀ ਪ੍ਰਕਿਰਿਆਵਾਂ ਉੱਤੇ ਚਾਨਣ ਪਾਉਣ ਦੀ ਦ੍ਰਿਸ਼ਟੀ ਨਾਲ ਸਭਿਅਤਾ ਦੀ ਪ੍ਰਸੰਗਿਕਤਾ ਚਰਚਾ ਦਾ ਵਿਸ਼ਾ ਨਹੀਂ ਬਣ ਪਾਈ ਹੈ।

ਪ੍ਰੰਤੂ ਭਾਰਤੀ ਸਮਾਜ ਦੇ ਅੰਦਰ ਨਸਲੀ ਪ੍ਰਕਿਰਿਆਵਾਂ ਦੇ ਅਧਿਐਨਾਂ ਦੇ ਦੋ ਪ੍ਰਕਾਰਾਂ ਦੇ ਵਿੱਚ ਅਸੀਂ ਵਿਭਾਜਨ ਦੀ ਇੱਕ ਸਪੱਸ਼ਟ ਰੇਖਾ ਖਿੱਚ ਸਕਦੇ ਹਾਂ।ਪਹਿਲੇ ਦਰਜੇ ਦੇ ਅੰਤਰਗਤ ਧਾਰਮਿਕ ਅਤੇ ਸੰਸਕ੍ਰਿਤ ਪਰੰਪਰਾਵਾਂ ਅਤੇ ਦੇਸੀ ਪੱਖਪਾਤ, ਪ੍ਰਾਂਤਕਤਾ ਅਤੇ ਸੰਪਰਦਾਇਕਤਾ ਦੀਆਂ ਸ਼ਕਤੀਆਂ ਨੂੰ ਅਲੋੜਿਤ-ਉੱਤੇਜਿਤ ਕਰਨ ਦੀ ਉਨ੍ਹਾਂ ਦੀ ਸਮਰੱਥਾ ਦੀ ਪੜਤਾਲ ਕਰਨ ਵਾਲੇ ਅਧਿਐਨਾਂ ਦੀ ਚਰਚਾ ਕੀਤੀ ਜਾ ਸਕਦੀ ਹੈ। ਸਭਿਅਤਾ ਵਿੱਚ ਪ੍ਰਤੀਵਾਦ ਦੇ ਤੱਤ ਨੂੰ ਅਣਦੇਖਿਆ ਕਰਨਾ ਸ਼ਾਇਦ ਇਹਨਾਂ ਅਧਿਐਨਾਂ ਦੇ ਲਈ ਸੰਭਵ ਨਹੀਂ ਹੈ।ਦੂਜੇ ਦਰਜੇ ਵਿੱਚ ਉਹ ਨਸਲੀ ਪ੍ਰਕਿਰਿਆਵਾਂ ਦੇ ਅਧਿਐਨ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜੋ ਹਿੰਦੂਤਵ, ਇਸਲਾਮ, ਇਸਾਈ ਧਰਮ ਜਾ ਬੁਧ-ਧਰਮ ਸੁਦ੍ਰਿਸ਼ ਕਿਸੇ ਵਿਸ਼ਵ ਧਰਮ ਤੋਂ ਵਿਚਾਰਾਤਮਕ ਪ੍ਰੇਰਣਾ ਗਹ੍ਰਿਣ ਨਹੀਂ ਕਰਦੇ।ਪ੍ਰੰਤੂ ਆਪਣੀ ਮੰਗ ਨੂੰ ਵਿਸ਼ੁੱਧ ਸਵਦੇਸ਼ੀ ਪਰੰਪਰਾਵਾਂ ਅਤੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਰਚਨਾ ਦੀਆ ਦਸ਼ਾਵਾਂ ਦੇ ਆਲੋਕ ਵਿੱਚ ਤਰਕ ਸੰਗਤ ਕਰਾਰ ਦਿੰਦੇ ਹਨ।ਮਹਾਂਰਾਸ਼ਟਰ ਵਿੱਚ ਸ਼ਿਵ ਸੈਨਾ ਜਿਹੇ ਸੰਪਰਦਾਇਕ ਪ੍ਰਾਦੇਸ਼ਿਕ ਅੰਦੋਲਨ ਪਹਿਲੇ ਦਰਜੇ ਨਾਲ ਸਬੰਧ ਰੱਖਦੇ ਹਨ।ਆਪਣੀਆਂ ਕਈ ਭਿੰਨਤਾਵਾਂ ਦੇ ਬਾਵਜੂਦ ਅਸਾਮ ਵਿੱਚ ਹੋਣ ਵਾਲਾ ਅੰਦੋਲਨ ਵੀ ਉਸੇ ਦਰਜੇ ਨੂੰ ਦਰਸਾਉਂਦਾ ਹੈ।ਪਰ ਪੱਛਮੀ ਬੰਗਾਲ ਵਿੱਚ ਗੋਰਖਾ ਲੋਕਾਂ ਦੇ ਅੰਦੋਲਨ, ਪੰਜਾਬ ਵਿੱਚ ਸਿਖਾਂ ਦਾ ਅੰਦੋਲਨ ਅਤੇ ਨਾਗਾਲੈਂਡ, ਮੇਘਾਲਿਆ ਅਤੇ ਬਿਹਾਰ ਵਿੱਚ ਜਨ ਜਾਤੀ ਸਮੂਹਾਂ ਦੇ ਅੰਦੋਲਨ ਦੂਜੇ ਦਰਜੇ ਨਾਲ ਸੰਬੰਧਿਤ ਹਨ। ਮੁੰਬਈ ਵਿੱਚ ਸ਼ਿਵ ਸੈਨਾ ਅੰਦੋਲਨ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਸ ਅੰਦੋਲਨ (ਪੱਖਪਾਤ) ਦੀ 'ਵਿਵਹਾਰਿਕ ਵਿਚਾਰਧਾਰਾ' ਹਿੰਦੂਤਵ ਦੀ ਇੱਕ ਅਜਿਹੀ ਇੱਕ ਖਾਸ 'ਵਿਸ਼ਵ ਦ੍ਰਿਸ਼ਟੀ' ਦੇ ਸਾਂਚੇ ਵਿੱਚ ਢਲੀ ਹੋਈ ਹੈ, ਜਿਸ ਦਾ ਪ੍ਰਚਾਰ ਇਸ ਦੇ ਨੇਤਾਵਾਂ ਨੇ ਕੀਤਾ ਹੈ। ਇਸਲਾਮੀ ਕੱਟੜਪੰਥੀ ਅੰਦੋਲਨਾਂ ਤੋਂ ਵੀ ਇਸ ਤਰ੍ਹਾਂ ਦੇ ਦ੍ਰਿਸ਼ਟਾਂਤ ਮਿਲਦੇ ਹਨ, ਜਿੱਥੇ ਆਸਥਾ ਦੇ ਲਈ ਉਤਪੰਨ ਹੋਣ ਵਾਲਾ ਖਤਰਾ ਜਾਂ ਇਸ ਦਾ ਖਤਨ ਵਿਸ਼ੇਸ਼ ਸਮਾਜਿਕ, ਸੰਸਕ੍ਰਿਤਕ, ਆਰਥਿਕ ਅਤੇ ਰਾਜਨੀਤਕ ਮੰਗਾਂ ਦੀ ਅਭਿਵਿਅਕਤੀ ਦੇ ਲਈ ਇੱਕ ਸਾਧਾਰਣ ਸਾਂਝਾ ਤਿਆਰ ਕਰਦਾ ਹੈ।ਉਸ ਖਾਸ ਆਸਥਾ ਨਾਲ ਜੁੜੇ ਲੋਕਾਂ ਦੇ ਏਕਤਾਮੀਕਰਨ ਅਤੇ ਉਨ੍ਹਾਂ ਦੇ ਸੰਗਠਿਤ ਅੰਦੋਲਨਾਂ ਨੂੰ ਜਾਰੀ ਰੱਖਣ ਦੇ ਲਈ ਜ਼ਰੂਰੀ ਸੰਸਾਧਨਾਂ ਦੀ ਉਤਪਤੀ ਤੋਂ ਲਾਭਦਾਇਕ ਹੋਣ ਦੇ ਕ੍ਰਮ ਵਿੱਚ ਧਰਮ ਅਤੇ ਖਾਸ ਕਰਕੇ 'ਵਿਸ਼ਵ ਧਰਮ' ਸ਼ਬਦ ਦਾ ਜਾਣ ਬੁਝ ਕੇ ਵਾਰ ਵਾਰ ਪ੍ਰਯੋਗ ਕੀਤਾ ਜਾਂਦਾ ਹੈ।ਨਸਲੀ ਪੱਧਰ ਤੇ ਇਸ ਲਾਮਬੰਦੀ ਦਾ ਇੱਕ ਹੋਰ ਪ੍ਰਕਾਰ ਜੋ ਵਿਸ਼ੁੱਧ ਰੂਪ ਵਿੱਚ ਦੇਸ਼ਜ ਜਾਂ ਸਥਾਨਿਕ (ਲਘੂ) ਪਰੰਪਰਾਂਵਾਂ ਉੱਤੇ ਅਧਾਰਿਤ ਹੈ, ਆਪਣੀ ਵਿਚਾਰਧਾਰਾ ਦੇ ਲਈ ਸਮਰਥਨ ਲੋਕਾਂ ਦੇ ਦੈਨਿਕ ਅਤੇ ਰਚਨਾ ਦੇ ਮੁੱਖ ਅਸਤਿਤਵ ਮੂਲਕ ਅਤੇ ਭਾਵਨਾਤਮਕ ਹਾਲਤਾਂ ਤੋ ਹਾਸਲ ਕਰਦਾ ਹੈ।ਚਾਹੇ ਗੋਰਖਾ ਲੋਕ ਹਿੰਦੂਤਵ 'ਵਿਸ਼ਵ ਧਰਮ' ਨਾਲ ਹੀ ਸਬੰਧਿਤ ਹਨ, ਇਸ ਧਾਰਮਿਕ ਜੋੜ ਨੂੰ ਅਧਾਰ ਬਣਾ ਕੇ ਸ਼ਾਇਦ ਹੀ ਕਦੇ ਆਪਣੇ ਅੰਦੋਲਨ ਨੂੰ ਉਚਿਤ ਠਹਿਰਾਉਣ ਦੇ ਜਤਨ ਕਰਦੇ ਹਨ।ਉਨ੍ਹਾਂ ਦੇ ਜਿਕਰ ਵਿੱਚ ਜੋ ਗੱਲ ਮਹੱਤਵਪੂਰਨ ਹੈ ਉਹ ਇਹ ਹੈ ਕਿ ਇੱਕ ਵਾਂਝੇ ਅਤੇ ਉਪੇਖਿਅਤ ਸਮੂਹ ਦੇ ਰੂਪ ਵਿੱਚ ਅਸਮਿਤਾ ਬੋਧ ਉੱਤੇ ਅਧਾਰਿਤ ਉਨ੍ਹਾਂ ਦੀ ਸਮੁਦਾਇਕ ਸ਼ਕਤੀ।

ਭਾਰਤ ਦੇ ਸਭਿਅਤਾ ਮੁੱਖੀ ਸਵਦੇਸ਼ੀ ਅੰਦੋਲਨਾਂ ਜਾ ਲਘੂ ਪਰੰਪਰਾਵਾਂ ਵਿੱਚ ਪੂਰੀ ਤਰਾ ਰਚੇ ਮਿਚੇ ਅੰਦੋਲਨਾਂ ਦੇ ਵਿੱਚ ਸਪੱਸ਼ਟ ਰੇਖਾ ਖਿੱਚੀ ਜਾ ਸਕਦੀ ਹੈ।ਪਹਿਲੇ ਦਰਜੇ ਦੇ ਅੰਦੋਲਨਾਂ ਦੀ ਬਜਾਏ ਪਰਵਰਤੀ ਦਰਜੇ ਦੇ ਅੰਦੋਲਨਾਂ ਦੇ ਪਰਿਪੱਖ ਵਿੱਚ ਨਸਲੀ ਅੰਦੋਲਨ ਦੇ ਵਿਸ਼ੇ ਦਾ ਪ੍ਰਯੋਗ ਅਧਿਕ ਸਹੀ ਪ੍ਰਤੀਤ ਹੁੰਦਾ ਹੈ।ਅਜਿਹਾ ਲਗਦਾ ਹੈ ਕਿ ਭਾਰਤੀ ਸਮਾਜਿਕ ਢਾਂਚੇ ਅਤੇ ਸਭਿਅਤਾ

ਨੋਟ

ਦੇ ਸੰਦਰਭ ਵਿੱਚ ਨਸਲੀ ਅੰਦੋਲਨ ਦੇ ਸੰਬੋਧ ਦੀਆ ਵਿਸ਼ੇਸ਼ਤਾਂਵਾਂ ਨੂੰ ਅੰਤਰ ਕਿਰਿਆ ਦੇ ਪੱਧਰ ਤੇ ਅਸਮਿਤਾਵਾਂ ਦੀ ਅਭਿਵਿਅਕਤੀ ਦੇ ਆਲੋਕ ਵਿੱਚ ਸਪੱਸ਼ਟ ਕਰਨ ਦੀ ਜਰੂਰਤ ਪੈ ਸਕਦੀ ਹੈ। ਪ੍ਰਦੇਸ਼, ਭਾਸ਼ਾ, ਸੰਸਕ੍ਰਿਤਕ ਅਤੇ ਪ੍ਰਥਾ ਸੁਦ੍ਰਿਸ਼ ਆਯਾਮਾਂ ਦੇ ਪਰਿਪੱਖ ਵਿੱਚ ਨਸਲ ਸਮੂਹ ਸੰਸਕ੍ਰਿਤੀ ਅਤੇ ਸਮਾਜਿਕ ਢਾਂਚੇ ਦੇ ਸਮਅੰਗੀਪਣ ਜਾਂ ਇੱਕਰੂਪਤਾ ਨੂੰ ਦਰਸਾਉਂਦਾ ਹੈ।ਅਜਿਹੇ ਸਮੂਹ ਭਾਰਤ ਵਿੱਚ ਸੀਮਿਤ ਸੰਖਿਆ ਵਿੱਚ ਪਾਏ ਜਾਂਦੇ ਹਨ।ਇਸ ਦੀ ਬਜਾਏ ਅਸੀਂ ਇਹ ਵੀ ਵੇਖਦੇ ਹਾਂ ਕਿ ਜਾਤੀ, ਜਨਜਾਤੀ, ਸਮੂਹਦਾਏ, ਵਰਗ, ਭਾਸ਼ਾ, ਧਰਮ ਅਤੇ ਖੇਤਰ ਵਰਗੇ ਅਸਾਧਾਰਨ ਦਰਜਿਆਂ ਦੇ ਜਰੀਏ ਭਾਰਤੀ ਸਮਾਜਿਕ ਪਰਿਦ੍ਰਿਸ਼ ਦੀ ਪਹਿਚਾਣ ਅਸਾਨੀ ਨਾਲ ਕੀਤੀ ਜਾ ਸਕਦੀ ਹੈ।ਅਧਾਰ ਤੇ ਜਾਤੀ ਸਮੂਹਾਂ ਦੇ ਰਾਜਨੀਤਕ ਲਾਮਬੰਦੀ ਜਾਂ ਏਕੀਪਵਨ ਨੇ ਵੱਡੇ ਪੈਮਾਨੇ ਤੇ 'ਜਾਤੀ ਸੰਗਠਨਾਂ' ਨੂੰ ਜਨਮ ਦਿੱਤਾ ਹੈ, ਜਿਨਾਂ ਦਾ ਡੂੰਘਾ ਅਧਿਐਨ ਹੋ ਚੁੱਕਾ ਹੈ। ਅਬਾਦੀ ਦੇ ਸਥਾਨਿਕੀਕਰਨ ਅਤੇ ਸੰਰਚਨਾਤਮਕ-ਸੰਸਕ੍ਰਿਤਿਕ ਸਮਅੰਗੀਪਣ ਦੇ ਕਾਰਨ ਪ੍ਰਕਾਸ਼ ਵਿੱਚ ਆਉਣ ਵਾਲੇ ਕੁਝ ਖਾਸ ਖਾਸ ਜਨ ਜਾਤੀ ਅੰਦੋਲਨਾਂ ਨੂੰ ਵੀ ਨਸਲੀ ਅੰਦੋਲਨਾਂ ਦੇ ਦਰਜੇ ਵਿਚ ਰੱਖਿਆ ਜਾ ਸਕਦਾ ਹੈ, ਜਿਨ੍ਹਾਂ ਨੇ ਰਾਜਨੀਤਿਕ, ਸੰਸਕ੍ਰਿਤਕ ਅਤੇ ਆਰਥਿਕ ਖੇਤਰਾਂ ਵਿਚ ਸਵੈਯੱਤਤਾ ਦੀਆ ਮੰਗਾਂ ਦੇ ਪ੍ਰਤੀ ਰੁਚੀ ਦਰਸਾਈ ਹੈ।ਵੈਸੇ ਏਕੇ ਦੇ ਇਨ੍ਹਾਂ ਪੱਖਾ ਨੂੰ ਅਲੱਗ ਰੱਖ ਦਈਏ ਤਾਂ ਇਹ ਇਕ ਗੱਲ ਸਭ ਨੂੰ ਪਤਾ ਹੈ ਕਿ ਜਿਸ ਜਨ ਜਾਤੀ ਦੇ ਲੋਕ ਇਸ ਤਰਾਂ ਦੇ ਕਿਸੇ ਅੰਦੋਲਨ ਵਿਚ ਭਾਗ ਲੈਂਦੇ ਹਨ, ਉਹ ਧਰਮ (ਪਰਿਵਰਤਿਤ ਜਾਂ ਅਪਰਿਵਰਤਿਤ) ਅਤੇ ਬੋਲੀਆਂ, ਧਨ ਸੰਪਦਾ ਅਤੇ ਸ਼ਕਤੀ ਦੇ ਸਰੋਤਾਂ ਤੱਕ ਲੋਕਾਂ ਦੀ ਪਹੁੰਚ ਅਤੇ ਇਥੋਂ ਤੱਕ ਕਿ ਪ੍ਰਥਾਗਤ ਵਿਧੀ ਵਿਵਹਾਰਾਂ ਅਤੇ ਜੀਵਨ ਸ਼ੈਲੀਆਂ ਦੀ ਦ੍ਰਿਸ਼ਟੀ ਨਾਲ ਅੰਦਰੂਨੀ ਤੌਰ ਤੇ ਵੰਡੀ ਹੁੰਦੀ ਹੈ।ਇਸ ਲਈ ਭਾਰਤੀ ਹਵਾਲਿਆਂ ਵਿੱਚ ਨਸਲਾਂ ਜ਼ਿਆਦਾ ਤੋ ਜ਼ਿਆਦਾ ਸਮਾਜਿਕ ਦਰਜੇ ਅਤੇ ਸਮੁਦਾਵਾਂ ਦੀ ਲਾਮਬੰਦੀ (ਮੋਬੀਲਾਈਜ਼ੇਸ਼ਨ) ਦੀ ਉਨ੍ਹਾਂ ਪ੍ਰਕਿਰਿਆ ਨੂੰ ਦਰਸਾਉਂਦੀ ਹੈ ਜਿਨਾਂ ਦਾ ਉਦੇਸ਼ ਉਨ੍ਹਾਂ ਦੀ ਸਮਾਜਿਕ, ਸੰਸਕ੍ਰਿਤਕ, ਆਰਥਿਕ ਅਤੇ ਰਾਜਨੀਤਕ ਪ੍ਰਗਤੀਆਂ ਦੀ ਆਤਮ-ਸਜਗ ਅਭਿਵਿਅਕਤੀ ਹੈ।ਇਨ੍ਹਾਂ ਨੂੰ ਕੇਵਲ ਸਬੰਧਿਤ ਸਮੂਹਾਂ ਦੀ ਰਚਨਾਤਮਕ ਅਤੇ ਸੰਸਕ੍ਰਿਤਿਕ ਸਮਰੂਪਤਾ ਦੀਆ ਵਿਸ਼ੇਸ਼ ਸਥਿਤੀਆਂ ਦੇ ਜ਼ਿਕਰ ਵਿੱਚ ਹੀ ਸਹੀ ਮੰਨਿਆ ਜਾ ਸਕਦਾ ਹੈ।ਦੂਜੇ ਸੰਕੇਤ ਵਿੱਚ ਏਕੀਕਰਨ ਜਾਂ ਲਾਮਬੰਦੀ ਦੀਆਂ ਪ੍ਰਕਿਰਿਆਵਾਂ ਜਾਤੀ, ਭਾਸ਼ਾ, ਪ੍ਰਦੇਸ਼, ਧਰਮ ਜਾਂ ਰਾਜਨੀਤਕ-ਆਰਥਿਕ ਮੁੱਦਿਆਂ ਦੇ ਅਧਾਰ ਤੇ ਸੰਪੰਨ ਹੁੰਦੀਆਂ ਹਨ।

ਜਾਤ, ਭਾਸ਼ਾ, ਧਰਮ, ਖੇਤਰ ਆਦਿ ਵਰਗੇ ਸਮਾਜਿਕ ਦਰਜਿਆਂ ਦਾ ਚਰਿੱਤਰ ਅਖਿਲ ਨਸਲ (ਪੈਨ-ਏਥਨਿਕ)ਹੁੰਦਾ ਹੈ।ਸੁਤੰਤਰਤਾ ਦੀ ਪ੍ਰਾਪਤੀ ਤੋਂ ਬਾਅਦ ਭਾਰਤ ਦੇ ਰਾਜਾਂ ਦਾ ਭਾਸ਼ਾ ਦੇ ਅਧਾਰ ਤੇ ਪੁਰਨਗਠਨ ਇਸ ਅਸੰਗਤ ਧਾਰਨਾ ਤੋ ਉਪਜਿਆ ਹੋਇਆ ਸੱਚ ਸੀ ਕਿ ਇਹ ਕੋਈ ਵਿਸ਼ੇਸ਼ ਭਾਸ਼ਾ, ਸਮੁਦਾਇ, ਸਮਾਨ ਰੂਪ ਜਾ ਸਮਅੰਗੀ ਸਮਾਜਿਕ ਸਮੂਹ ਦੀਆ ਘਟਨਾਵਾਂ ਨੂੰ ਨਿਰੂਪਿਤ ਕਰਦਾ ਹੈ।ਅਜ਼ਾਦੀ ਦੇ 40 ਸਾਲਾਂ ਬਾਦ ਅਸੀਂ ਇਹ ਪਾਉਂਦੇ ਹਾਂ ਕਿ ਭਾਸ਼ਾ ਦੇ ਅਧਾਰ ਤੇ ਗਠਿਤ ਰਾਜਾਂ ਦੇ ਅੰਦਰ ਜਾਤ ਧਰਮਾਂ, ਅਤੇ ਪ੍ਰਦੇਸ ਉੱਤੇ ਅਧਾਰਿਤ ਅਭਿਨਵ ਹਿਤ ਸਮੂਹਾਂ ਦਾ ਆਵਿਰਭਾਵ ਹੋ ਗਿਆ ਹੈ।ਭਾਰਤ ਦੇ ਸਮਾਜਿਕ ਢਾਂਚੇ ਅਤੇ ਸਭਿੱਅਤਾ ਨੂੰ ਸਮਾਜਿਕ ਸੰਘਟਨ ਦੇ ਕਿਸੇ ਇਕੱਲੇ ਸਿਧਾਂਤ ਜਾ ਵਿਸ਼ੇ ਦੇ ਅਧਾਰ ਉੱਤੇ ਅਰਥਾਤ ਜਾਤ, ਧਰਮ, ਭਾਸ਼ਾ, ਜਾਂ ਸਮੁਦਾਏ ਨੂੰ ਕੇਂਦਰ ਵਿਚ ਰੱਖ ਕੇ ਸਮਝਾਉਣਾ ਮੁਸ਼ਕਿਲ ਹੈ।ਇਨ੍ਹਾਂ ਵਿੱਚ ਹਰ ਇੱਕ ਦਾ ਸਮਾਜਿਕ ਸੰਬੋਧ ਅਤੇ ਇਸ ਨਾਲ ਸਬੰਧਿਤ ਯਥਾਰਥ ਭਾਰਤੀ ਸਮਾਜਿਕ ਢਾਂਚੇ ਅਤੇ ਇਸ ਦੀ ਸਭਿਅਤਾ ਦੇ ਅਤਿਅੰਤ ਜ਼ਰੂਰੀ ਤੱਤਾਂ ਨੂੰ ਪ੍ਰਕਾਸ਼ ਵਿੱਚ ਲਿਆਉਂਦਾ ਹੈ।ਪ੍ਰੰਤੂ ਇਸ ਦੀ ਸੰਪੂਰਨਤਾ ਨੂੰ ਆਪਣੀ-2 ਪਰਿਧੀ ਵਿੱਚ ਸਮੇਟਣ ਵਿੱਚ ਕੋਈ ਇਕ ਸੰਬੋਧ ਕਿਸੇ ਤਰਾ ਕਾਬਿਲ ਨਹੀਂ ਹੈ।ਸਾਵਅਵੀ ਅਨੇਕਰੂਪਤਾ ਜਾਂ ਬਹੁਲਤਾ ਇਨ੍ਹਾਂ ਸਾਰੇ ਸੰਬੋਧਾਂ ਜਾ ਵਿਸ਼ਿਆਂ ਵਿਚ ਅੰਤਰਨਿਹਿਤ ਹੈ, ਜੋ ਭਾਰਤੀ ਸੱਭਿਅਤਾ ਅਤੇ ਇਸ ਦੇ ਸਮਾਜਿਕ ਢਾਂਚੇ ਨੂੰ ਪਰਿਭਾਸ਼ਿਤ ਕਰਦੇ ਹਨ।ਮੂਰਤ ਪੱਧਰ ਤੇ ਵੇਖੀਏ ਤਾਂ ਜਾਤੀ ਇੱਕ ਸਥਾਨਿਕ ਘਟਨਾ ਹੈ।ਕੇਵਲ ਇਸ ਦੀ ਵਿਚਾਰਧਾਰਾ(ਵਰਣ) ਦੀ ਅਰਥਵੱਤਾ ਵਿਸਤ੍ਰਿਤ ਅਤੇ ਆਪਣੀ ਪ੍ਰਕਿਰਤੀ ਵਿੱਚ ਸ਼ਾਇਦ ਅਖਿਲ ਭਾਰਤੀ ਹੈ।ਪਰ ਸਮਾਂ ਬੀਤਣ ਦੇ ਨਾਲ ਜਾਤੀ ਨੇ ਸੰਰਚਨਾਤਮਕ ਅਤੇ ਵਿਚਾਰਧਾਰਾਤਮਕ ਦੋਵੇਂ ਦ੍ਰਿਸ਼ਟੀਆਂ ਤੋਂ ਇਸਲਾਮ, ਇਸਾਈ, ਧਰਮ ਅਤੇ ਸਿੱਖ ਧਰਮ ਆਦਿ ਸੁਦ੍ਰਿਸ਼ ਹੋਰ ਅਨੇਕ ਧਾਰਮਿਕ, ਅਤੇ ਸੰਸਕ੍ਰਿਤਿਕ ਪਰੰਪਰਾਵਾਂ ਦੇ ਅੰਦਰ ਘੁਸਪੈਠ ਕਰ ਲਈ ਹੈ।ਹਿੰਦੂ ਧਰਮ ਆਦਿ ਵਰਗੀ ਧਾਰਮਿਕ ਵਿਵਸਥਾ ਜਾਤੀ ਦੀ ਵਿਚਾਰ ਧਾਰਾ ਨੂੰ ਜਿਸ ਤਰਾ ਨਾਲ ਪਰਿਭਾਸ਼ਿਤ ਕਰਦੀ ਹੈ ਉਸ ਦੇ ਅਧਾਰ ਤੇ ਭਾਰਤੀ ਸਮਾਜ ਦੇ ਪਰਿਪੱਖ ਵਿਚ ਉਹਨਾਂ ਦੀ ਭੂਮਿਕਾ ਅਤੇ ਸਾਰਥਕਤਾ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸੇ ਤਰਾਂ ਚਾਹੇ ਇਕ ਖਾਸ ਪੱਧਰ ਤੇ ਧਰਮ ਅਤੇ ਭਾਸ਼ਾ ਸਮੂਹਿਕ ਏਕਤਾ ਦੇ ਪਰਿਚਾਇਕ ਹਨ, ਜਾਤੀ, ਖੇਤਰ, ਕਾਰੋਬਾਰ ਅਤੇ ਧੰਨ ਸੰਪਤੀ ਦੇ ਅਧਾਰ ਤੇ ਵੱਖ-ਵੱਖ ਸਮੂਹਾਂ ਦਾ ਵਿਭੇਦੀਕਰਣ ਇਸ ਦੇ

ਨੋਟ

ਏਕਾਧਿਕਾਰ ਦੀ ਸੰਭਾਵਨਾ ਨੂੰ ਹਰਾ ਦਿੰਦਾ ਹੈ। ਹਰੇਕ ਧਾਰਮਿਕ, ਭਾਸ਼ਾਈ, ਜਨਜਾਤੀ, ਜਾਤੀ ਸਮੂਹ ਦੇ ਅੰਦਰ ਅਜਿਹੇ ਕੁਝ ਹੀ ਕਾਰਕ ਹੁੰਦੇ ਹਨ, ਜੋ ਉਨ੍ਹਾਂ ਦੇ ਅੰਦਰੂਨੀ ਦ੍ਰਿਸ਼ ਨੂੰ ਵਿਅਕਤ ਕਰਦੇ ਹਨ, ਪ੍ਰੰਤੂ ਕੁਝ ਅਜਿਹੇ ਵੀ ਸ਼ਕਤੀਸ਼ਾਲੀ ਤੱਤ ਵੀ ਹੁੰਦੇ ਹਨ, ਜੋ ਹਰੇਕ ਬੰਧਨ ਦੀ ਸੀਮਾ ਲੰਘ ਕੇ ਵਿਸ਼ਮ ਸਿਧਾਂਤਾਂ ਜਾ ਵਿਸ਼ਿਆ ਦੇ ਅਧਾਰ ਤੇ ਸੰਯੋਜਿਤ ਹੋਣ ਦੀ ਪ੍ਰਵ੍ਰਿਤੀ ਦਰਸਾਉਂਦੇ ਹਨ। ਸਪੱਸ਼ਟ ਤੌਰ ਤੇ ਵਿਵਿਧਤਾ ਤਾਂ ਹੈ, ਪਰ ਨਾਲ ਹੀ ਏਕਤਾ ਦਾ ਇੱਕ ਖਾਸ ਢਾਂਚਾ ਵੀ ਵਿਆਪਤ ਹੈ।

## 8.3 ਜਾਤੀ ਸਮੂਹ (Ethnic Group)

ਕਿਸੇ ਜਾਤੀ ਸਮੂਹ ਦੇ ਮੈਂਬਰ ਕਿਸੇ ਬੇਹਤਰ ਸਮਾਜ ਦੇ ਇੱਕ ਭਾਗ ਦਾ ਸੰਘਟਨ ਕਰਦੇ ਹਨ।ਅਤੇ ਖੁਦ ਆਪਣੇ ਬਾਰੇ ਵਿਚ ਉਹ ਅਤੇ ਕਿਸੇ ਦੂਜੇ ਸਮੂਹ ਦੇ ਮੈਂਬਰ ਇਹ ਧਾਰਨਾ ਬਣਾਉਂਦੇ ਹਨ ਕਿ ਉਨ੍ਹਾਂ ਦੀ ਇੱਕ ਸੰਸਕ੍ਰਿਤੀ ਹੁੰਦੀ ਹੈ ਜਿਸ ਵਿੱਚ ਉਹ ਸਿਰਫ ਆਪਣੇ ਸਮੂਹਿਕ ਅਸਤਿਤਵ ਦੀ ਹੱਦ ਵਿੱਚ ਇੱਕ ਦੂਜੇ ਨਾਲ ਹਿੱਸੇਦਾਰੀ ਕਰਦੇ ਹਨ।ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਸਮੂਹ ਦੇ ਮੈਂਬਰਤਾ ਇਕ ਪੀੜੀ ਤੋ ਦੂਜੀ ਪੀੜੀ ਨੂੰ ਹਸਤਾਂਤਰਿਤ ਹੁੰਦੀ ਹੈ। (ਅਰਥਾਤ ਮਾਤਾ, ਪਿਤਾ, ਤੋਂ ਬੱਚੇ ਨੂੰ) ਜਿਸ ਕਾਰਨ ਕਿਸੇ ਜਾਤੀ ਸਮੂਹ ਦੀ ਪਰਿਭਾਸ਼ਾ ਵਿਚ ਜੈਵਿਕੀ ਨਿਰੰਤਰਤਾ ਇੱਕ ਤੱਤ ਹੋ ਜਾਂਦਾ ਹੈ। ਇਹ ਮੈਂਬਰ ਅਜਿਹੀ ਕਿਰਿਆ ਕਲਾਪਾਂ ਨੂੰ ਆਪਣੇ ਜੀਵਨ ਵਿੱਚ ਬਰਕਰਾਰ ਰੱਖਦੇ ਹਨ। ਜਿਨ੍ਹਾਂ ਵਿਚ ਉਨ੍ਹਾਂ ਦੀ ਸਾਂਝੀ ਉਤਪਤੀ ਅਤੇ ਸੰਸਕ੍ਰਿਤੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਉਦਾਹਰਨ ਦੇ ਤੋਰ ਤੇ, ਉਨ੍ਹਾਂ ਦੁਆਰਾ ਆਪਣੇ ਲੋਕਾਂ ਅਰਥਾਤ ਸਵੈਜਨਾਂ ਨੂੰ ਵੇਖਣ ਲਈ ਕਿਤੇ ਜਾਣ ਅਤੇ ਕੁਝ ਵਿਸ਼ੇਸ਼ ਅਵਸਰਾਂ ਨੂੰ ਆਪਣੇ ਤਿਓਹਾਰਾਂ ਦੇ ਰੂਪ ਵਿੱਚ ਮਨਾਓਣ ਜਿਹੇ ਕ੍ਰਿਆ-ਕਲਾਪਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।ਯਿੰਗਰ ਦੀ ਪਰਿਭਾਸ਼ਾ ਵਿੱਚ ਜਾਤੀ ਨੇ ਜਿਨ੍ਹਾਂ ਤੱਤਾਂ ਨੂੰ ਲਕੀਰਿਆ ਹੈ, ਓਹ ਧਰਮ, ਨਸਲ, ਭਾਸ਼ਾ,ਉਦਭਵ ਦੇ ਦੇਸ ਆਦਿ ਦੇ ਲਿਹਾਜ ਨਾਲ ਆਪਣੇ ਇਰਦ-ਗਿਰਦ ਦੇ ਲੋਕਾਂ ਤੋਂ ਇੱਕ ਅਲੱਗ ਜਾ ਵੱਖਰਾ ਮੰਨਦੇ ਹਨ। (ਜਜ) ਜਾਤੀ, ਸਮੂਹ ਦੇ ਮੈਂਬਰ ਆਪਣੇ ਆਪ ਹੀ ਕੁਝ ਸੰਸਕ੍ਰਿਤਕ ਪੱਖਾਂ ਦੀ ਦ੍ਰਿਸ਼ਟੀ ਤੋਂ ਖੁਦ ਨੂੰ ਆਪਣੇ ਆਸ ਪਾਸ ਦੇ ਲੋਕਾਂ ਤੋਂ ਇਕਦਮ ਅਲੱਗ-ਥਲੱਗ ਜਾ ਵੱਖਰਾ ਮੰਨਦੇ ਹਨ। (ਜਜਜ) ਦੂਜਿਆਂ ਨਾਲ ਸਾਧਾਰਣ ਕਿਰਿਆ ਕਲਾਪਾਂ ਵਿੱਚ ਹਿੱਸਾ ਲੈਂਦੇ ਹੋਏ ਜਾਤੀ ਦੇ ਮੈਂਬਰਾਂ ਖਾਸ ਤੇ ਉਹਨਾਂ ਗਤੀਵਿਧੀਆਂ ਵਿਚ ਵੀ ਭਾਗ ਲੈਂਦੇ ਹਨ।ਜਿਨ੍ਹਾਂ ਨੂੰ ਆਪਣਾ ਸੰਸਕ੍ਰਿਤਕ ਵੈਸ਼ਿਸ਼ਟ ਬਰਕਰਾਰ ਰੱਖਣ ਦੇ ਕ੍ਰਮ ਵਿੱਚ ਉਹ ਆਪਣੇ ਲਈ ਇੱਕਦਮ ਉਪਯੁਕਤ ਕੰਮ ਸਮਝਦੇ ਹਨ।

### 8.3.1 ਜਾਤੀ ਇੱਕ ਵਿਸ਼ਵ ਵਿਆਪਕ ਘਟਨਾ

19 ਵੀਂ ਸਦੀ ਵਿਚ 20ਵੀਂ ਸਦੀ ਦੇ ਅੰਤ ਤੱਕ ਇਹ ਵਿਚਾਰ ਨਿਰੰਤਰ ਮਜਬੂਤੀ ਗ੍ਰਹਿਣ ਕਰ ਰਿਹਾ ਹੈ ਕਿ 'ਰਾਸ਼ਟਰ' ਮਨੁੱਖ ਦੇ ਸਮੁਦਾਇਕ ਜੀਵਨ ਦੀ ਪੂਰਣਤਾ ਹੈ।ਚਾਰ ਜਾਂ ਪੰਜ ਦਹਾਕਿਆਂ ਬਾਅਦ ਵੀ ਸੰਯੁਕਤ ਰਾਜ ਅਮਰੀਕਾ ਅਤੇ ਤਤਕਾਲੀਨ ਸੋਵਿਅਤ ਸੰਘ ਵਿਵਿਧ ਸੰਸਕ੍ਰਿਤੀਆਂ ਦੇ ਰੂਪ ਵਿਚ ਦਿਖਾਈ ਦਿੰਦੇ ਸਨ। ਵਿਭਾਜਨ ਤੋਂ ਪਹਿਲਾਂ ਅਤੇ ਇਸ ਦੇ ਬਾਅਦ ਭਾਰਤ ਨੇ ਵਿਵਧਤਾ ਦੇ ਵਿੱਚ ਇੱਕ ਤਰਾਂ ਦੀ ਏਕਤਾ ਦਰਸਾਈ ਹੈ।ਇਹ ਮੰਨਿਆ ਗਿਆ ਹੈ ਕਿ ਵਿਵਸਥਾਪਨ ਸਾਤਮੀਕਰਣ (ਇਸਿਮਿਲੇਸ਼ਨ) ਦੀਆਂ ਪ੍ਰਕਿਰਆਵਾਂ ਦੇ ਜਰੀਏ ਅਪ੍ਰਵਾਸੀ ਸਮੂਹ ਦੂਜੇ ਲੋਕਾਂ ਦੇ ਨਾਲ ਪੁਰੀ ਤਰਾਂ ਘੁਲ-ਮਿਲ ਗਏ ਅਤੇ ਉਹਨਾਂ ਦੀ ਅਲੱਗ ਅਸਮਿਤਾ ਨਾਂ ਮਾਤਰ ਲਈ ਹੀ ਬਾਕੀ ਰਹਿ ਗਈ।

ਪਰ ਪਿਛਲੇ ਕੁਝ ਦਹਾਕਿਆ ਵਿਚ ਨਾ ਕੇਵਲ ਭਾਰਤ ਵਿੱਚ ਬਲਕਿ ਪੂਰੀ ਦੁਨੀਆ ਵਿੱਚ ਸਭ ਕੁਝ ਪੂਰੀ ਤਰਾਂ ਬਦਲ ਗਿਆ ਹੈ।ਅਤੇ ਹੁਣ ਇੰਨਾ ਕਹਿਣਾ ਵੱਡੀ ਗੱਲ ਨਹੀਂ ਹੋਵੇਗੀ ਕਿ ਜਾਤੀ ਦੇ ਮੌਕੇ ਦਾ ਉੱਭਰਿਆ ਹੋਇਆ ਮਸਲਾ ਹੈ।ਹਾਲ ਤੱਕ ਜਿਨ੍ਹਾਂ ਸਮਾਜਿਕ ਵਿਵਸਥਾਵਾਂ ਨੂੰ ਸਮਝਿਆ ਜਾਂਦਾ ਸੀ ਉਹ ਹੁਣ ਲਗਾਤਾਰ ਅਸਥਾਇੱਤਵ ਅਤੇ ਹਲਚਲ ਦਾ ਸੰਕੇਤ ਦੇ ਰਹੀ ਹੈ।ਫਿਰ ਵੀ ਸਮਾਜ ਜਾਂ ਰਾਜਨੀਤਕ ਵਿਵਸਥਾ ਇਸ ਦੇ ਦਬਾਅ ਤੋਂ ਮੁਕਤ ਨਹੀਂ ਹੈ।ਜਾਤੀ ਸਮੂਹ ਆਮ ਤੌਰ ਤੇ ਰਾਜਨੀਤਕ ਗਠਬੰਧਨਾ ਤੋਂ ਵੱਖ ਹੋਣ ਦੇ ਲਈ ਲਗਾਤਾਰ ਅਵਾਜ਼ ਉਠਾ ਰਹੇ ਹਨ।ਇਸ ਤਰਾਂ ਅਲਗਾਵਵਾਦੀ ਪ੍ਰਵ੍ਰਿਤੀ ਨੂੰ ਤਾਕਤ ਅਤੇ ਤੀਬਰਤਾ ਉਸ ਸਮੇਂ ਮਿਲਦੀ ਹੈ, ਜਦੋਂ ਜਾਤੀ ਜਾਂ ਧਰਮ ਅਸਮਿਤਾ ਨੂੰ ਬਣਾ ਕੇ ਰੱਖਣ ਦਾ ਸਵਾਲ ਮੱਹਤਵਪੂਰਨ ਹੋ ਜਾਂਦਾ ਹੈ।ਪੱਛਮੀ ਯੂਰਪ ਵਿੱਚ ਖੇਤਰੀ ਪਰਹਾਲ ਵਿੱਚ ਹੋਏ ਇੱਕ ਸਰਵੇਖਣ ਵਿੱਚ 50 ਸਕ੍ਰਿਅ ਖੇਤਰੀ ਅੰਦੋਲਨਾਂ ਦੀ ਸੂਚੀ ਦਿੱਤੀ ਗਈ ਹੈ।ਇੱਕ ਦੂਜੇ ਵਿਵਰਣ ਦੇ ਅਨੁਸਾਰ ਕੇਵਲ ਫ੍ਰਾਂਸ ਵਿਚ ਹੀ ਅਜਿਹੇ ਘੱਟ ਤੋ ਘੱਟ 187 ਜਾਤੀ ਕੰਮ ਕਾਰੀ ਸੰਗੰਠਨਾਂ ਦਾ ਅਸਤਿੱਤਵ ਹੈ।ਸਭ ਤੋਂ ਪੁਰਾਣੇ

ਨੋਟ

ਅਤੇ ਹੁਣ ਤੱਕ ਤੇ ਸਭ ਤੋਂ ਸਥਾਈ ਰਾਸ਼ਟਰ (ਯੁਨਾਈਟਡ ਕਿੰਗਡਮ) ਵਿੱਚ ਵੀ ਵੱਖ-2 ਖੇਤਰਾਂ ਵਿਚ ਸ਼ਕਤੀ ਦਾ ਵਿਕੇਂਦਰੀਕਰਨ ਇੱਕ ਲੋਕ ਅੰਦੋਲਨ ਬਣ ਗਿਆ ਹੈ। ਸਕਾਟ ਅਤੇ ਵੇਲਸ਼- ਦੋਵੇਂ ਰਾਸ਼ਟਰੀ ਦਲ ਰਾਸ਼ਟਰਕੁਲ ਦੀ ਮੈਂਬਰਤਾ ਦੇ ਲਈ ਦਬਾਅ ਪਾ ਰਹੇ ਹਨ। ਜੋ ਫ਼ਿਲਹਾਲ ਕਨਾਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਨੂੰ ਹਨ।ਰਾਸ਼ਟਰਕੁਲ ਖੇਡਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਇੰਗਲੈਂਡ, ਵੇਲਸ, ਅਤੇ ਸਕਾਟ, ਆਪਣੀ-2 ਟੀਮ ਭੇਜਦੀ ਹੈ। ਸੋਵਿਅਤ ਸੰਘ ਦੀ ਅਤਿਅੰਤ ਕੇਂਦਰੀਕ੍ਰਿਤ ਵਿਵਸਥਾ ਤੋਂ ਬਾਅਦ ਜਾਤੀ, ਧਾਰਮਿਕ ਅਤੇ ਭਾਸ਼ਾਈ ਭੇਦਾਂ ਤੇ ਆਧਾਰਿਤ ਇਸ ਦੇ ਕੁਝ ਸਵੈਯੱਤ ਗਣਰਾਜਾਂ ਨੇ ਆਪਣਾ ਅਧਿਕਾਰ ਜ਼ੋਰਦਾਰ ਸ਼ਬਦਾਂ ਵਿਚ ਜਤਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਉਹ ਸੁਤੰਤਰ ਰਾਜ ਰਾਸ਼ਟਰ ਕੁਲ (ਕਾਮਨਵੈਲਥ ਆਫ ਇੰਡਿਪੈਂਡੈਂਟ ਸਟੇਟਸ) ਅਤਿਅੰਤ ਢਿੱਲੇ-ਢਾਲੇ ਸੰਘ ਦੇ ਅੰਦਰ ਰਹਿਣ ਦੇ ਪ੍ਰਤੀ ਵੀ ਉਦਾਸੀਨਤਾ ਵਿਖਾਉਣ ਲੱਗੇ ਹਨ।ਅਲਗਵਾਵਾਦੀ ਰੰਗ ਵਿਚ ਆਪਣੀਆਂ ਮੰਗਾ ਦੇ ਕਾਰਨ ਕਿਉਂਕਿ ਕਨਾਡਾ ਦੇ ਲਈ ਬਹੁਤ ਵੱਡਾ ਸਿਰਦਰਦ ਸਾਬਤ ਹੋ ਰਿਹਾ ਹੈ।

### ਭਾਰਤ ਵਿਚ ਜਾਤੀ ਲਹਿਰ

ਭਾਰਤ ਵਿੱਚ ਜਾਤੀ ਅੰਦੋਲਨਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਖੇਤਰਵਾਦ ਦਾ ਰੂਪ ਧਾਰਨ ਕੀਤਾ ਹੈ।ਆਧੁਨਿਕ ਭਾਰਤ ਵਿੱਚ ਜਿਹੜੀ ਵੱਡੀ ਸੰਖਿਆ ਵਿੱਚ ਅਤੇ ਜਿਸ ਵਿਵਿਧਤਾ ਦੇ ਨਾਲ ਇਹ ਅੰਦੋਲਨ ਉੱਮੜ ਰਹੇ ਹਨ ਓਨਾਂ ਕਾਰਨ ਖੇਤਰੀਵਾਦ ਦੀ ਸਮੱਸਿਆ ਨੂੰ ਪੂਰੀ ਤਰਾ ਪਕੜਨਾ ਅਤੇ ਕਟਿਬੱਧ ਕਾਰਨਾ ਅਸਾਨ ਨਹੀਂ ਲੱਗਦਾ, ਪਰ ਅਸੀਂ ਇਸ ਦੇ ਕੁਝ ਪ੍ਰਗਟ ਰੂਪਾਂ ਦੀ ਪਹਿਚਾਣ ਇਸ ਤਰਾ ਕਰ ਸਕਦੇ ਹਾਂ- (i) ਉਤਰ-ਦੱਖਣ ਵਿਭਾਜਨ-ਭਾਰਤੀ ਰਾਜਨੀਤਕ ਪਰਿਦ੍ਰਿਸ਼ ਦਾ ਵੀ ਗੰਭੀਰ ਪ੍ਰੇਖਕ ਇਸ ਵਿਭਾਜਨ ਨੂੰ ਅਣਡਿੱਠਾ ਨਹੀਂ ਕਰ ਸਕਦਾ ਹੈ। ਇਸ ਦੀ ਸਪੱਸ਼ਟ ਹਰੇਕ ਅਭਿਵਿਅਕਤੀ ਨਹੀਂ ਹੁੰਦੀ ਹੈ। ਅਸੀਂ ਸਿਰਫ਼ ਇਸ ਗੱਲਾਂ ਨੂੰ ਯਾਦ ਕਰ ਸਕਦੇ ਹਾਂ ਕਿ ਅਤੀਤ ਵਿੱਚ ਤਮਿਲਾ ਦੀ ਅਲੱਗ ਸੰਸਕ੍ਰਿਤਿਕ ਅਸਮਿਤਾ ਦੇ ਅਧਾਰ ਤੇ ਦ੍ਰਮੁਕ ਮੁਨੇਤਰ ਕਜਾਗਮ ਨੇ ਭਾਰਤੀ ਸੰਘ ਤੋਂ ਅਲੱਗ ਹੋਣ ਦੀ ਮੰਗ ਕੀਤੀ ਸੀ। (ii) ਵੱਖਰੇ ਰਾਜਾਂ ਲਈ ਕੁਝ ਖੇਤਰਾਂ ਦੇ ਲੋਕਾਂ ਦੀ ਮੰਗ- ਬੋਡੋ ਅੰਦੋਲਨ, ਉੱਤਰਾਖੰਡ ਅੰਦੋਲਨ ਅਤੇ ਝਾਰਖੰਡ ਅੰਦੋਲਨ ਪ੍ਰਮੁੱਖ ਉਦਾਹਰਣ ਹਨ। ਵਾਸਤਵ ਵਿੱਚ ਵੱਖਰੇ ਰਾਜ ਦੇ ਲਈ ਮੰਗ ਅਸਾਮ ਵਿੱਚ ਜਨ ਜਾਤੀ ਰਾਜਨੀਤੀ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। (iii) ਕੁਝ ਖਾਸ ਖੇਤਰਾਂ ਦੇ ਲੋਕਾਂ ਦੁਆਰਾ ਭਾਰਤੀ ਸੰਘ ਤੋਂ ਵੱਖ ਹੋਣ ਦੀ ਮੰਗ- ਅਕਾਲੀ ਅਤੇ ਉਲਫਾ ਕਾਰਜ ਕਰਤਾ ਆਪਣੀ ਵੱਖ ਸੰਸਕ੍ਰਿਤਿਕ ਅਸਮਿਤਾ ਵਰਤਮਾਨ ਰਾਜਨੀਤਕ ਵਿਵਸਥਾ ਦੇ ਅੰਤਰਗਤ ਆਪਣੀ ਦੂਰ ਵਿਵਸਥਾ ਦੇ ਅਧਾਰ ਤੇ ਵੱਖਰੇ ਹੋਣ ਦੀ ਮੰਗ ਕਰਦੇ ਰਹੇ ਹਨ।ਭਾਰਤ ਦੇ ਹਰ ਖੇਤਰ ਵਾਦੀ ਲਹਿਰ ਜਾ ਅੰਦੋਲਨ ਦੇ ਮੂਲ ਵਿੱਚ ਅਸਮਿਤਾ ਆਪਣੀ ਛਵੀ ਲੱਭਣ ਦਾ ਅਤੇ ਦਲਿਤ-ਵੰਚਿਤ ਹੋਣ ਦਾ ਇੱਕ ਗਹਿਰਾ ਭਾਵ ਨਿਹਿਤ ਹੁੰਦਾ ਹੈ।

## 8.3.2 ਸਥਾਨਿਕ ਜਾਤੀ ਲਹਿਰ ਦਾ ਵਿਵੇਚਨ

ਭਾਰਤ ਅਤੇ ਭਾਰਤ ਤੋ ਬਾਹਰ ਇਨ੍ਹਾਂ ਨਵੀਆਂ ਘਟਨਾਵਾਂ ਦੇ ਪੱਖ ਵਿੱਚ ਕੁਝ ਵਿਆਖਿਆਵਾਂ ਅਤੇ ਗੱਲਾ ਉਪਰ ਵਿਚਾਰ ਕਰਨਾ ਯੁਕਤੀਸੰਗਤ ਹੋਵੇਗਾ, ਜੋ ਉੱਭਰਦੀ ਹੋਈ ਜਾਤੀ ਘਟਨਾ ਦੇ ਸੰਕੇਤ ਪ੍ਰਾਪਤ ਕੀਤੇ ਗਏ ਹਨ।

ਕਾਲ ਦੇ ਜਾਤੀ ਲਹਿਰ ਦੀ ਵਿਖਾਇਆ ਦੋ ਚਿੰਤਨ-ਸੰਪਰਦਾਵਾਂ ਦੁਆਰਾ ਕੀਤੀ ਗਈ ਹੈ, ਜਿਨਾਂ ਨੂੰ ਸਮਤਾਵਾਦੀ (ਪ੍ਰਾਈਮੋਰਡਿਆਲਿਸਟ) ਅਤੇ ਪਰਿਸਥਿਤੀਵਾਦੀ (ਸਰਕਮਸਟਾਂਸ਼ਿਆਲਿਸਟ) ਸੰਪਰਦਾਵਾਂ ਨਾਲ ਜਾਣਿਆ ਜਾਂਦਾ ਹੈ।

ਮੋਲਿਕਤਾਵਾਦੀਆਂ ਦੇ ਅਨੁਸਾਰ, ਜਾਤੀ ਭਾਵਨਾ ਅਤੇ ਗੌਰਵ ਦੀਆ ਜੜਾਂ ਅਤੀਤ ਵਿੱਚ ਨਿਹਿਤ ਚੀਜ਼ਾਂ ਦੇ ਅਵਸ਼ੇਸ਼ ਅਕਸਰ ਆਪਣੀ ਪਹਿਚਾਣ ਨਹੀਂ ਖੋਂਦੇ ਹਨ। "ਪੂਰਬੀ ਯੂਰਪ ਅਜਿਹੇ ਸਮੁਦਾਵਾਂ ਦਾ ਪੜਾਅ ਹੈ, ਜੋ ਖੀਸ਼ਟਾਬਦ ਦੀਆਂ ਆਰੰਭਿਕ ਸਦੀਆਂ ਵਿਚ ਟਿਊਟੋਨਿਕ ਅਤੇ ਸਲਾਵ ਉਤਪ੍ਰਵਾਸ ਦੇ ਰੂਪ ਵਿੱਚ ਹੁਣ ਤੱਕ ਜੀਵਿਤ ਹਨੈ4 ਮੱਧ ਯੂਰਪ ਦੇ ਕਈ ਵਰਤਮਾਨ ਰਾਜ, ਜਿਵੇਂ ਮਾਰਗ ਅਤੇ ਰੋਮਾਨੋਵ ਸਾਮਰਾਜ "ਇਕ ਅਜਿਹੀ ਸੰਸਕ੍ਰਿਤੀ ਨੂੰ ਬਚਾਉਣ ਦੇ ਯਤਨਾਂ ਦੀ ਦੇਣ ਸਮਕਾਲੀਨ ਅਲਗਾਵ ਵਿਚ ਵਿਕਸਤ ਹੋਇਆ ਸੀ।"[3] ਪੂਰੇ ਯੂਰਪ ਵਿਚ ਆਰਥਿਕ ਜੀਵਨ ਦੇ ਹਰੇਕ ਸਮੁਦਾਏ ਦੇ ਵਿਸ਼ੇਸ਼ ਰਾਜਨੀਤਿਕ ਸਗੰਠਨ ਨੇ ਵਿਵਿਧ ਆਤਮ ਕੇਂਦਰਿਤ ਸਮੁਦਾਏ ਰਹਿਣ ਦੇ ਲਈ ਉਪਯੁਕਤ ਪਰਸਥਿਤੀਆਂ ਪੈਦਾ ਕਰ ਲਈਆਂ। ਪਰ ਰਾਸ਼ਟਰਵਾਦੀ ਭਾਵਨਾ ਦੇ ਪੂਰੇ ਪਰਿਦ੍ਰਿਸ਼ ਨੂੰ ਬਦਲ ਦਿੱਤਾ। ਅਲਪ-ਸੰਖਿਅਕ ਸਮੂਹ ਪ੍ਰਭੁੱਤਵ-ਸੰਪੰਨ ਬਹੁਸੰਖਿਅਕ ਮੰਗਾਂ ਦੇ ਵਿਰੁੱਧ ਆਪਣੇ ਅਧਿਕਾਰਾਂ ਦੀ ਮੁਖਰ ਅਭਿਵਿਅਕਤੀ ਦੁਆਰਾ ਆਪਣੀ ਵਿਸ਼ੇਸ਼ ਪਹਿਚਾਣ ਨੂੰ ਬਣਾ ਕੇ ਰੱਖ ਸਕਦੇ ਸਨ। ਕਿਸੇ ਅਲਪ-ਸੰਖਿਅਕ ਸਮੂਹ ਨੂੰ ਲੋਕਾਂ ਦੇ ਇੱਕ ਅਜਿਹੇ ਸਮੂਹ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਆਪਣੇ ਨਸਲ ਜਾਂ ਸੰਸਕ੍ਰਿਤਿਕ ਸੰਲਗਨਤਾ ਦੇ ਕਾਰਨ ਆਪਣੇ

ਨੋਟ

ਆਪ ਨੂੰ ਸਮੂਹਿਕ ਭੇਦ ਭਾਵ ਦੇ ਪਾਤਰਾਂ ਦੇ ਰੂਪ ਵਿਚ ਦੇਖਦੇ ਹਨ। "ਇਹ ਸਮੁਦਾਏ ਸੰਭਾਵਿਤ ਰਾਜਾਂ ਦੇ ਰੂਪ ਵਿਚ ਜੀਵਿਤ ਰਹੇ ਕਿਉਂਕਿ ਉਹਨਾਂ ਦੇ ਨੇਤਾਵਾਂ ਨੇ ਪਹਿਚਾਣ ਨੂੰ ਬਚਾਉਣ ਦਾ ਜਾਗਰਕ ਪ੍ਰਯਤਨ ਕੀਤਾ ਅਤੇ ਪ੍ਰਭੁਤੱਵ ਸੰਪੰਨ ਸਮੂਹ ਦੇ ਯਾਤਨਾ ਭਰੇ ਯਤਨਾਂ ਉੱਤੇ ਅਨੁਕ੍ਰਿਆ ਕੀਤੀ।" ਕਿਸੇ ਬੋਲੀ, ਕੱਪੜੇ, ਧਾਰਮਿਕ ਕੰਮਕਾਰਾਂ ਅਤੇ ਵਿਧੀ-ਵਿਧਾਨਾਂ ਦਾ ਸਾਰਥਕ ਉਪਯੋਗ ਇੱਕ ਸੰਸਕ੍ਰਿਤਿਕ ਅਸਮਿਤਾ ਨੂੰ ਨਿਰੰਤਰ ਦ੍ਰਿੜ੍ਹ ਬਣਾਉਣ ਦੇ ਲਈ ਕੀਤਾ ਗਿਆ। ਉਦਾਹਰਣ ਲਈ ਚਾਹੇ ਉਕ੍ਰਾਨੀ ਲੋਕ ਰੋਮਨ ਕੈਥੋਲਿਕ ਚਰਚ ਦੇ ਅਨੁਯਾਈ ਹਨ, ਉਹ ਆਪਣੇ ਧਾਰਮਿਕ ਕੰਮਾਂ ਕਾਰਾ ਵਿਚ ਉਕ੍ਰਾਨੀ ਬੋਲੀ ਦੇ ਇੱਕ ਪੁਰਾਣੇ ਰੂਪ ਦਾਂ ਇਸਤਮਾਲ ਕਰਦੇ ਹਨ ਕਿਉਂਕਿ ਲੈਟਿਨ ਰੂਪ ਆਉਣ ਤੋ ਬਾਅਦ ਓਹ ਆਪਣੇ ਜ਼ਿਆਦਾ ਸ਼ਕਤੀਸ਼ਾਲੀ ਗੁਆਂਢੀਆਂ ਤੋ ਵੱਖ ਹੋ ਜਾਣਗੇ, "ਰੂਸ ਦੀ ਕ੍ਰਾਂਤੀ ਤੋਂ ਬਾਅਦ ਸੋਵੀਅਤ ਸੰਘ ਦੀ ਸਰਕਾਰ ਨੇ ਵੱਖ ਵੱਖ ਜਾਤੀ ਸਮੂਹਾਂ ਨੂੰ "ਸਮੂਹ ਚੇਤਨਾ ਵਿਕਸਿਤ ਕਰਣ ਅਤੇ ਵਿਰਾਸਤ ਦੇ ਰੂਪ ਵਿਚ ਪ੍ਰਾਪਤ ਭੂਮੀ ਉੱਤੇ ਜਾਂ ਨਵਜਾਤ ਸਮੁਦਾਵਾਂ ਵਿੱਚ ਸਰਕਾਰ ਤੋਂ ਭੇਟ ਰੂਪ ਵਿਚ ਮਿਲੀ ਧਰਤੀ ਉੱਤੇ ਸੰਸਕ੍ਰਿਤਕ ਸੰਸਥਾਵਾਂ ਸਥਾਪਿਤ ਕਰਨ ਦੇ ਲਈ ਉਤਸਾਹਿਤ ਕੀਤਾ।ਇਸ ਤੋਂ ਬਾਅਦ ਉਨ੍ਹਾਂ ਤੋਂ ਸਿਰਫ ਸਾਮਵਾਦੀ ਵਿਚਾਰਧਾਰਾ ਅਤੇ ਸਾਮਵਾਦੀ ਅਰਥ ਵਿਵਸਥਾ ਦਾ ਪਾਲਣ ਕਰਨ ਅਤੇ ਉਨ੍ਹਾਂ ਦੇ ਅਨੁਰੂਪ ਆਪਣੇ ਆਪ ਨੂੰ ਢਾਲਣ ਦੀ ਉਮੀਦ ਜ਼ਰੂਰ ਕੀਤੀ ਜਾਂਦੀ ਸੀ।ਕ੍ਰਾਂਤੀ ਦੇ ਕੁਝ ਸਾਲ ਬਾਅਦ ਜਿਵੇਂ ਹੀ ਅਜ਼ਾਦੀ ਦੀ ਹਵਾ ਚੱਲਣ ਲੱਗੀ ਸੈਂਕੜੇ ਸਾਲ ਪੁਰਾਣੀਆਂ ਪਰੰਪਰਾਵਾਂ ਪੁਨਰ ਜੀਵਿਤ ਹੋ ਗਈਆਂ ਅਤੇ ਆਪਣੇ ਵੱਖ ਰਾਜਨੀਤਿਕ ਅਸਤਿੱਤਵ ਦੇ ਲਈ ਪ੍ਰਤੀਬੱਧ ਜਾਤੀ ਸਮੂਹਾਂ ਨੂੰ ਸੰਕਲਪ ਦਾ ਜੋਰ ਮਿਲਿਆ।

ਭਾਰਤ ਵਿੱਚ ਸਥਿਤੀ ਜ਼ਿਆਦਾ ਵੱਖ ਨਹੀਂ ਹੈ। ਬ੍ਰਿਟਿਸ਼ ਉਪਨਿਵੇਸ਼ਵਾਦੀ ਸ਼ਾਸਨ ਵਿਵਸਥਾ ਖਤਮ ਹੋਣ ਤੋਂ ਬਾਅਦ ਜਦ ਪ੍ਰਜਾਤਾਂਤਰਿਕ ਅਧਿਕਾਰਾਂ ਦੇ ਪੱਖ ਵਿਚ ਅਵਾਜ਼ ਬੁਲੰਦ ਕਰਨ ਦੀ ਸਥਿਤੀ ਪੈਦਾ ਹੋ ਗਈ, ਤਾਂ ਵੱਖ ਵੱਖ ਜਾਤੀ ਸਮੂਹ ਹੌਲੀ-2 ਆਪਣੀ ਅਸਮਿਤਾ (ਆਈਡੈਂਟਿਟੀ) ਲਈ ਜਾਗਰਕੂ ਹੋ ਗਏ।ਉਹਨਾਂ ਨੇ ਭਾਸ਼ਾ ਨੂੰ ਆਪਣੀ ਵੱਖ ਅਸਮਿਤਾ ਦਾ ਪ੍ਰਤੀਕ ਅਤੇ ਪਰੰਪਰਾ ਦਾ ਵਾਹਕ ਬਣਾ ਲਿਆ।ਮਸਲਨ ਅਕਾਲੀਆਂ ਨੇ ਗੁਰਮੁਖੀ ਲਿਪੀ ਉੱਤੇ ਜ਼ੋਰ ਦਿੱਤਾ।ਨੇਪਾਲੀਆਂ ਅਤੇ ਸਾਹਿਤ ਦਾ ਸੰਰਕਸ਼ਣ ਗੋਰਖਾ ਅੰਦੋਲਨ ਦਾ ਭੇਰੀਘੋਸ਼ ਹੋ ਗਿਆ।ਸੰਥਾਲਾਂ ਨੇ ਆਪਣੀ 'ਅਲਚਿਕੀ' ਲਿਪੀ ਤੇ ਜ਼ੋਰ ਪਾਇਆ। ਕਾਲਾਂਤਰ ਵਿਚ ਭਾਸ਼ਾ ਨੇ ਰਾਸ਼ਟਰੀਅਤਾ ਦੇ ਪ੍ਰਤੀਕ ਦਾ ਰੂਪ ਲੈ ਲਿਆ।ਅਤੇ ਵੱਖਰੇ ਰਾਜਨੀਤਿਕ ਅਸਤਿੱਤਵ ਦੀ ਮੰਗ ਨੇ ਜ਼ੋਰ ਪਕੜ ਲਿਆ। ਦੂਜੇ ਪਾਸੇ ਪਰਿਸਥਿਤੀਵਾਦੀ ਚਿੰਤਕਾਂ ਦਾ ਇਹ ਮੰਨਣਾ ਹੈ ਕਿ ਜਾਤ ਅਸਮਿਤਾ ਉਦਭਵ 'ਤੇ ਜ਼ਿਆਦਾ ਗੌਰ ਕਰਨ ਦੀ ਬਜਾਏ ਉਨ੍ਹਾਂ ਪਰਿਸਥਿਤੀਆਂ 'ਤੇ ਵਿਚਾਰ ਕਰਨਾ ਜ਼ਿਆਦਾ ਸਮਝਦਾਰੀ ਹੈ, ਜੋ ਹਾਲ ਦੇ ਸਾਲਾਂ ਵਿੱਚ ਭਾਰਤ ਅਤੇ ਭਾਰਤ ਤੋਂ ਬਾਹਰ ਜਾਤੀ ਉਫ਼ਾਨ ਦੇ ਲਈ ਮੁੱਖ ਰੂਪ ਵਿੱਚ ਜਿੰਮੇਵਾਰ ਹਨ।

ਇਸ ਸੰਦਰਭ ਵਿੱਚ ਇੱਕ ਵਿਆਖਿਆ ਇਸ ਤਰ੍ਹਾਂ ਪੇਸ਼ ਕੀਤੀ ਗਈ ਹੈ-"ਆਧੁਨਿਕ ਦ੍ਰਿਸ਼ਟੀ ਤੋਂ ਆਧੁਨੀਕਰਨ, ਸ਼ਹਿਰੀਕਰਨ, ਨਵੇਂ ਕਿੱਤਿਆਂ, ਸਮੂਹਿਕ ਸਿੱਖਿਆ ਅਤੇ ਜਨ ਸੰਚਾਰ ਮਾਧਿਅਮ ਵਸ਼ਿਸ਼ਟਾਂ ਦੇ ਕਾਰਣ ਪਾਰੰਪਰਿਕ ਅਸਮਿਤਾਵਾਂ ਖੋ ਗਈਆਂ ਹਨ। ਕਿਉਂਕਿ ਜਨ ਸਮਾਜ ਵਿੱਚ ਵਿਅਕਤੀ ਦੇ ਲਈ ਰਾਜ ਛੋਟੀ ਅਤੇ ਪਰਿਵਾਰ ਤੋਂ ਵੱਡੀ ਕਿਸੇ-ਨਾ-ਕਿਸੇ ਤਰ੍ਹਾਂ ਦੀ ਅਸਮਿਤ ਜ਼ਰੂਰਤ ਅਜੇ ਬਾਕੀ ਹੈ, ਨਵੀਂ ਜਾਤੀ ਅਸਮਿਤਾਵਾਂ ਦਾ ਨਿਰਮਾਣ ਹੋਇਆ ਹੈ।"

ਇੱਕ ਦੂਸਰੀ ਵਿਆਖਿਆ ਇਸ ਤੱਥ 'ਤੇ ਕੇਂਦਰਿਤ ਹੈ ਕਿ ਜਾਤੀ ਅਸੀਮਤਾ ਦਾ ਪ੍ਰਯੋਗ ਜਾਤੀ ਸਮੂਹਾਂ ਦੀ ਮੰਗ ਨੂੰ ਮਜ਼ਬੂਤ ਬਣਾਉਣ ਦੇ ਲਈ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਭਾਰਤ ਵਿੱਚ ਭਾਸ਼ਾ ਨੂੰ ਲੈ ਕੇ ਹੋਣ ਵਾਲੇ ਕੁੱਝ ਅੰਦੋਲਨਾਂ ਦਾ ਉਦੇਸ਼ ਰੁਜ਼ਗਾਰ ਦੇ ਮੌਕੇ ਵਧਾਉਣ ਜਾਂ ਕੁੱਝ ਆਰਥਿਕ ਮੰਗਾਂ ਨੂੰ ਪੂਰੀ ਕਰਨ ਦੇ ਲਈ ਦਬਾਅ ਪਾਉਣਾ ਸੀ। ਭੂਤ-ਪੂਰਵ ਪੂਰਬੀ ਪਾਕਿਸਤਾਨ ਵਿੱਚ ਭਾਸ਼ਾ ਦਾ ਅੰਦੋਲਨ ਉਥੋਂ ਦੇ ਲੋਕਾਂ ਦੁਆਰਾ ਪੱਛਮੀ ਪਾਕਿਸਤਾਨ ਦੇ ਆਰਥਿਕ ਸ਼ੋਸ਼ਣ ਤੋਂ ਆਪਣੇ ਆਪ ਨੂੰ ਮੁਕਤ ਕਰਨ ਦੀ ਤੇਜ਼ ਇੱਛਾ ਦੀ ਅਭਿਵਿਅਕਤੀ ਸੀ। ਬੰਗਲਾ ਭਾਸ਼ਾ ਦੇ ਮੁੱਦੇ ਉੱਤੇ ਹੋਣ ਵਾਲੇ ਅੰਦੋਲਨ ਨੇ ਪੱਛਮੀ ਪਾਕਿਸਤਾਨ ਦੇ ਵਿਰੁੱਧ ਸੰਘਰਸ਼ ਨੂੰ ਇੱਕ ਨਵੀਂ ਦਿਸ਼ਾ ਦਿੱਤੀ, ਕਿਓਂਕਿ ਇਸ ਨੇ ਲੋਕਾਂ ਵਿੱਚ ਚੇਤਨਾ ਦਾ ਸੰਚਾਰ ਕੀਤਾ ਕਿਉਂਕਿ ਉਨ੍ਹਾਂ ਦੀ ਅਸਮਿਤਾ ਖ਼ਤਰੇ ਵਿੱਚ ਸੀ। ਉੱਤਰੀ ਆਇਰਲੈਂਡ ਵਿੱਚ ਸੰਘਰਸ਼ ਇੱਕ ਧਾਰਮਿਕ ਅੰਦੋਲਨ ਦੇ ਰੂਪ ਵਿੱਚ ਸ਼ੁਰੂ ਹੋਇਆ ਸੀ। ਪਰ ਕਾਲਾਂਤਰ ਵਿੱਚ ਧਾਰਮਿਕ ਅਸੰਤੋਖ ਦੇ ਬਹਾਨੇ ਰਾਜਨੀਤਕ ਸ਼ਕਤੀ ਉੱਤੇ ਅਧਿਕਾਰ, ਰੁਜ਼ਗਾਰ ਅਤੇ ਦੂਜੇ ਆਰਥਿਕ ਲਾਭਾਂ ਦੇ ਮੌਕਿਆਂ ਦਾ ਵਿਸਥਾਰ ਆਦਿ ਵਰਗੇ ਗੈਰ-ਧਾਰਮਿਕ ਕਾਰਕ ਅਸਲੀ ਮੁੱਦੇ ਹੋ ਗਏ। ਧਾਰਮਿਕ ਅਪੀਲ ਜਾਂ ਪੁਕਾਰ ਮੂਲ ਰੂਪ ਵਿੱਚ ਰਾਜਨੀਤਕ

ਨੋਟ

ਪ੍ਰਕ੍ਰਿਤੀ ਵਾਲੇ ਕਿਸੇ ਅੰਦੋਲਨ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਵਰਗ ਜਾਂ ਕਾਰੋਬਾਰ ਵਰਗੇ ਮੁੱਦੇ ਨੂੰ ਕੇਂਦਰ ਵਿੱਚ ਰੱਖ ਕੇ ਜੋ ਅੰਦੋਲਨ ਹੁੰਦੇ ਹਨ, ਉਹ ਅਕਸਰ ਲੋਕਾਂ ਦੇ ਹਿਰਦੇ ਵਿੱਚ ਹਿਲਜੁੱਲ ਪੈਦਾ ਨਹੀਂ ਕਰ ਸਕਦੇ। ਦੂਜੇ ਪਾਸੇ "ਜਾਤੀ ਅਸਮਿਤਾ ਨੂੰ ਲੈ ਕੇ ਜੋ ਪੁਕਾਰਾਂ ਕੀਤੀਆਂ ਜਾਂਦੀਆਂ ਹਨ, ਉਹ ਵਰਗੀ ਅਸਮਿਤਾ ਦੇ ਪ੍ਰਤੀ ਪੁਕਾਰ ਦੀ ਬਜਾਏ ਮਾਨਵੀ ਅਤੇ ਸਮਾਜਿਕ ਵਿਅਕਤਿੱਤਵ ਦੇ ਭਾਵਨਾਤਮਕ ਪੱਧਰਾਂ ਨੂੰ ਜ਼ਿਆਦਾ ਗਹਿਰਾਈ ਤੱਕ ਛੂੱਥੇ ਹਨ। ਇਸ ਤਰ੍ਹਾਂ ਦੀ ਪੁਕਾਰ ਕਿਸੇ ਵਿਅਕਤੀ ਦੀ ਭਾਸ਼ਾ ਅਤੇ ਧਰਮ, ਸਭ ਤੋਂ ਪਹਿਲੇ ਪਰਿਵਾਰਿਕ ਅਨੁਭਵ, ਉਸ ਦੇ ਕਾਇਕ ਆਤਮਰੂਪ (ਫ਼ਿਜ਼ੀਕਲ ਸੈਲਫ ਇਮੇਜ) ਜਿਹੀ ਠੋਸ ਚੀਜ਼ਾਂ 'ਤੇ ਆਧਾਰਿਤ ਹੁੰਦਾ ਹੈ।

ਜਾਤੀ ਉਫ਼ਾਨ ਦੀ ਇੱਕ ਦੂਸਰੀ ਵਿਆਖਿਆ ਕਹਿੰਦੀ ਹੈ ਕਿ ਰਾਜਨੀਤਕ ਵਿਵਸਥਾ ਵਿੱਚ ਮੋਹਭੰਗ ਵਾਲੇ ਲੋਕਾਂ ਨੂੰ ਜਾਤੀ ਸਮੂਹਾਂ ਵਿੱਚ ਸਮਰਥਨ, ਤਾਕਤ ਅਤੇ ਸੁਰੱਖਿਆ ਲੱਭਣ ਦੇ ਲਈ ਉਤਸਾਹਿਤ ਕਰਦਾ ਹੈ। ਸੰਯੁਕਤ ਰਾਜ ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਵੀ ਰਾਜਨੀਤਕ ਵਿਵਸਥਾ ਵਿੱਚ ਭਰੋਸਾ ਅਤੇ ਆਸਥਾ ਹਮੇਸ਼ਾਂ ਕਾਫ਼ੀ ਘੱਟ ਰਹੀ ਹੈ।ਕੋਈ ਖ਼ਾਸ ਉਮੀਦਵਾਰ ਜਾਂ ਸਰਕਾਰ ਪੂਰੇ ਮੁੱਦੇ ਦੇ ਮੂਲ ਵਿੱਚ ਨਹੀਂ ਹੁੰਦੇ ਹਨ। ਦਰਅਸਲ, ਮੂਲ ਮੁੱਦਾ ਰਾਜਨੀਤਕ ਸਮੂਹ ਦਾ ਪ੍ਰਤੀਬਿੰਬ ਹੈ, ਜਿਸ ਦੀ ਵਿਸ਼ਵਸਨੀਅਤਾ ਪਹਿਲੀ ਅੱਧੀ ਸਦੀ ਦੇ ਦੌਰਾਨ ਬੜੇ ਗੰਭੀਰ ਢੰਗ ਨਾਲ ਜ਼ਖ਼ਮੀ ਹੋਈ ਹੈ...... ਇਤਿਹਾਸ ਵਿੱਚ ਅੰਤਰ ਦ੍ਰਿੜ ਜਾਤੀ ਬੰਧਨ ਅਕਸਰ ਨਕਲੀ ਬੰਧਨ ਤੋਂ ਜ਼ਿਆਦਾ ਸ਼ਕਤੀਸ਼ਾਲੀ ਸਾਬਿਤ ਹੋ ਰਿਹਾ ਹੈ।"

ਜਾਤੀ ਦੀ ਹੁਣ ਤੱਕ ਆਉਣ ਵਾਲੀ ਲਹਿਰ ਦਾ ਜਿਹੜਾ ਕਾਰਣ ਹੈ, ਉਹ ਸਚਾਈ ਬਰਕਰਾਰ ਹੈ ਕਿ ਇਸ ਤਰ੍ਹਾਂ ਦੀ ਲਹਿਰ ਕਦੇ ਰਾਜਨੀਤਕ ਸਮੂਹ ਦੇ ਰੂਪ ਵਿੱਚ ਸਵੀਕਾਰ ਕੀਤੇ ਸਮੂਹਾਂ ਦੇ ਵਿਘਟਨ ਦੀ ਜ਼ਮੀਨ ਤਿਆਰ ਕਰਦੀ ਹੈ। ਪਰੰਪਰਾਗਤ ਸੰਘੀ ਢਾਂਚਾ ਜਾਤੀ ਸਮੂਹ ਨੂੰ ਆਪਣੇ ਵਿੱਚ ਸਮਾ ਲੈਣ ਵਿੱਚ ਨਾ ਕਾਬਿਲ ਹੈ ਕਿਉਂਕਿ ਇਨ੍ਹਾਂ ਸਮੂਹਾਂ ਦੇ ਮੈਂਬਰ ਜ਼ਿਆਦਾ ਉਤੇਜਿਤ ਅਤੇ ਆਪਣਾ ਆਜ਼ਾਦ ਰਾਜਨੀਤਕ ਜੀਵਨ ਹਾਸਿਲ ਕਰਨ ਦੇ ਲਈ ਪ੍ਰਤੀਬੱਧ ਹੁੰਦੇ ਹਨ। ਇਸ ਤਰ੍ਹਾਂ ਦੇ ਜਾਤੀ ਵੰਡ ਤੋਂ ਪੈਦਾ ਹੋਣ ਵਾਲਾ ਰਾਜਨੀਤਕ ਬਹੁ-ਸਮੂਹਵਾਦ ਭਵਿੱਖ ਵਿੱਚ ਕਈ ਰਾਜਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਵੇਗਾ। ਸੰਭਵ ਤੌਰ 'ਤੇ ਇਸ ਗੱਲ ਦਾ ਨੇੜੇ-ਤੇੜੇ ਕੋਈ ਵਿਕਲਪ ਨਹੀਂ ਹੈ ਕਿ ਸਾਨੂੰ ਜਾਤੀ ਉਫ਼ਾਨ ਦੀ ਸੱਚਾਈ ਦਾ ਸਾਹਮਣਾ ਕਰਨਾ ਪਵੇਗਾ। ਹੁਣ ਜ਼ਰੂਰੀ ਹੈ ਕਿ ਅਸੀਂ ਇਸ ਨਵੀਂ ਘਟਨਾ ਦੀ ਅਲਹਿਦਗੀ ਪੱਖ ਨਾਲ ਦੋ-ਚਾਰ ਹੋਣ ਦੇ ਨਵੇਂ ਤਰੀਕੇ ਅਤੇ ਸਾਧਨ ਖੋਜੀਏ।

ਇਸ ਸੰਦਰਭ ਵਿੱਚ ਸਾਨੂੰ ਵਾਈਨ ਸਾਹਿਬ ਦੁਆਰਾ ਕੀਤਾ ਗਿਆ ਇਸ਼ਾਰਾ ਇਹ ਮਹੱਤਵਪੂਰਨ ਤੱਥ ਜ਼ਰੂਰੀ ਹੀ ਧਿਆਨ ਵਿੱਚ ਰੱਖਣੇ ਚਾਹੀਦੇ ਹਨ ਕਿ ਜਾਤ ਸਮੂਹਾਂ ਦੇ ਵਿੱਚ ਵਸਤੂਪਰਕ ਭਿੰਨਤਾਵਾਂ ਜ਼ਰੂਰੀ ਸੰਘਰਸ਼ ਵਾਲੇ ਪਾਸੇ ਨਹੀਂ ਲੈ ਕੇ ਜਾਂਦੀਆਂ ਜਾਂ ਉਸ ਨੂੰ ਵਧਾਉਣਾ ਨਹੀਂ ਚਾਹੁੰਦੀਆਂ। ਪਰ ਜਦ ਇਸ ਤਰ੍ਹਾਂ ਦੇ ਵਸਤੂਪਰਕ ਭੇਦਾਂ ਨੂੰ ਵਿਅਕਤੀਪਰਕ ਢੰਗ ਨਾਲ ਆਰਥਿਕ, ਰਾਜਨੀਤਕ ਜਾਂ ਸ਼ੈਕਸ਼ਿਕ-ਭਾਵ ਕੁੱਝ ਨਿਸ਼ਚਿਤ ਲੱਛਣਾਂ ਦੀ ਪ੍ਰਾਪਤੀ ਦੇ ਰਸਤੇ ਵਿੱਚ ਰੁਕਾਵਟਾਂ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਤਾਂ ਜਾਤੀ ਅੰਦੋਲਨਾਂ ਵਿੱਚ ਅਲਹਿਦਗੀਵਾਦੀ ਚਰਿਤਰ ਦਾ ਪ੍ਰਾਦੁਰਭਾਵ ਹੁੰਦਾ ਹੈ।

ਇਸ ਲਈ ਜਾਤ ਉਫ਼ਾਨ ਨੂੰ ਸੀਮਾਵਾਂ ਵਿੱਚ ਕੈਦ ਕਰਨ ਦਾ ਇੱਕ ਤਰੀਕਾ ਕਿਸੇ ਵਿਸ਼ੇਸ਼ ਸਮੂਹ ਦੇ ਲੋਕਾਂ ਬਾਰੇ ਨਿਸ਼ਚਿਤ ਕਰਨਾ ਹੈ ਕਿ ਓਹ ਜਾਤੀ ਆਧਾਰਾਂ 'ਤੇ ਵੰਚਨਾ ਦੇ ਭਾਵ ਦੇ ਜਾਂ ਅਨਿਆਂ ਦੇ ਸ਼ਿਕਾਰ ਨਹੀਂ ਹਨ।

ਲਚਕੀਲੇਪਣ ਵਿੱਚ ਸਮਾਜ ਇੱਕ ਦੂਜੇ ਤੋਂ ਜ਼ਿਆਦਾ ਭਿੰਨ ਹੁੰਦੇ ਹਨ। ਕਈ ਸਮਾਜ ਬਹੁਤ ਸਖ਼ਤ ਹੋ ਸਕਦੇ ਹਨ ਕਿ ਬਦਲਦੀਆਂ ਪਰਿਸਥਿਤੀਆਂ ਦੇ ਨਾਲ ਮੇਲ-ਜੋਲ ਪਾਉਣਾ ਬਿਠਾ ਪਾਓਣਾ ਉਨ੍ਹਾਂ ਲਈ ਆਸਾਨ ਨਹੀਂ ਹੁੰਦਾ। ਕੁਝ ਇੰਨੇ ਵਿਸਤ੍ਰਿਤ ਹੋ ਸਕਦੇ ਹਨ ਕਿ ਉਨ੍ਹਾਂ ਦੀ ਅੰਦਰੂਨੀ ਸੰਸਕਤਾਂ ਮੁਸ਼ਕਿਲ ਵਿੱਚ ਪੈ ਜਾਂਦੀ ਹੈ। ਕਈ ਦੂਜੇ ਸਮਾਜ ਸਮਾਜਿਕ ਅਤੇ ਰਾਜਨੀਤਕ ਸੰਗਠਨਾਂ ਦੇ ਸਿਧਾਂਤਾਂ ਨੂੰ ਗ੍ਰਹਿਣ ਕਰ ਲੈਂਦੇ ਹਨ, ਜਿਨ੍ਹਾਂ ਵਿੱਚ ਖਾਸ ਖਾਸ ਸਮੂਹਾਂ ਦੀ ਜੀਵਤੰਤਾਂ ਖ਼ਤਮ ਹੋ ਸਕਦੀ ਹੈ। ਕੁੱਝ ਅਜਿਹੇ ਵੀ ਸਮਾਜ ਹੋ ਸਕਦੇ ਹਨ ਜੋ ਆਪਣੇ ਵੱਖਰੇ ਤੱਤਾਂ ਵਿੱਚ ਹੋਣ ਵਾਲੇ ਪਰਿਵਰਤਨਾਂ ਦੇ ਕਾਰਣ ਸਮੁੱਚੇ ਰਾਜਨੀਤਕ ਢਾਂਚੇ ਵਿੱਚ ਜ਼ਰੂਰੀ ਸੁਧਾਰ ਲਿਆਉਣ ਵਿੱਚ ਅਸਫ਼ਲ ਸਿੱਧ ਹੁੰਦੇ ਹਨ। ਇਸ ਤਰ੍ਹਾਂ ਦੀਆਂ ਅਤਿਅੰਤ ਜਟਿਲ ਸਮੱਸਿਆਵਾਂ ਦੇ ਹੱਲ ਲਈ ਇੱਕ ਲਚੀਲੇ ਦ੍ਰਿਸ਼ਟੀਕੋਣ ਦੀ ਗੰਭੀਰ ਜ਼ਰੂਰਤ ਹੈ। ਸਖ਼ਤੀ ਦੀ ਬਜਾਏ ਲਚੀਲਾਪਨ, ਸੰਕੀਰਣਤਾ ਦੀ ਬਜਾਏ ਮਾਨਸਿਕ ਵਿਅਪਕਤਾ ਅਤੇ ਲਗਾਤਾਰ ਵਿਰੋਧੀ ਵਿਚਾਰਧਾਰਾਵਾਂ ਨੂੰ ਪੂਰੀ ਤਰ੍ਹਾਂ ਨਕਾਰਣ ਦੀ ਬਜਾਏ ਉਨ੍ਹਾਂ ਦੇ ਪ੍ਰਤੀ ਸਹਿਸ਼ੂਣਤਾ ਦਾ ਭਾਵ ਕਿਸੇ ਸੰਸਕ੍ਰਿਤ ਬਹੁਲ (ਪਲੂਰਲਿਸਟ) ਸਮਾਜ ਵਿੱਚ ਸਾਰਥਕ ਅਤੇ ਸ਼ਾਂਤੀਪੂਰਨ ਅਸਤਿੱਤਵ ਦੀ ਕੁੰਜੀ ਹੈ।

ਨੋਟ

## ਸਵੈ-ਮੁਲਾਂਕਣ (Self Assessment)

2. **ਖਾਲੀ ਥਾਂ ਭਰੋ** (Fill in the Blanks)–

(i) ਬਹੁਲਤਾਵਾਦੀ ਭਾਰਤੀ ਸਭਿੱਅਤਾ ਦੇ ਸਮਾਜਿਕ ਯਥਾਰਥ ਦਾ ਵਰਣਨ ਕਰਨ ਲਈ .................. ਅਹੁਦੇ ਦਾ ਪ੍ਰਯੋਗ ਕਈ ਕਾਰਣਾਂ ਤੋਂ ਅਸੰਗਤ ਹੈ।

(ii) ਗੁਰਖਾ ਲੋਕ ਹਿੰਦੂਤਵ ਸਮਾਨ ..................... ਨਾਲ ਹੀ ਸੰਬੰਧਿਤ ਹਨ।

(iii) ................ਦੀ ਪ੍ਰਕਿਰਿਆਵਾਂ ਜਾਤੀ, ਭਾਸ਼ਾ, ਪ੍ਰਦੇਸ਼, ਧਰਮ ਜਾਂ ਰਾਜਨੀਤਿਕ-ਆਰਥਿਕ ਮੁੱਦਿਆਂ ਦੇ ਆਧਾਰ 'ਤੇ ਪੂਰੀਆਂ ਹੁੰਦੀਆਂ ਹਨ।

(iv) .................ਅਸਮਿਤਾ ਦਾ ਪ੍ਰਯੋਗ ਜਾਤੀ ਸਮੂਹਾਂ ਦੀਆਂ ਮੰਗਾਂ ਨੂੰ ਮਜ਼ਬੂਤ ਬਣਾਉਣ ਲਈ ਕੀਤਾ ਜਾਂਦਾ ਹੈ।

(v) ਜਾਤੀ ਸਮੂਹਾਂ ਵਿੱਚ ............. ਜ਼ਰੂਰੀ ਸੰਘਰਸ਼ ਵੱਲ ਨਹੀਂ ਲੈ ਜਾਂਦੀ ਜਾਂ ਉਸ ਨੂੰ ਵਧਾਉਣਾ ਨਹੀਂ ਚਾਹੁੰਦੀ।

## 8.4 ਅਲਪ-ਸੰਖਿਅਕ ਅਤੇ ਬਹੁ-ਸੰਖਿਅਕ ਸੰਬੰਧ (Minority and Majority)

ਭਾਰਤ ਵਰਗੇ ਦੇਸ਼ਾਂ ਵਿੱਚ ਧਰਮ ਦੀ ਵਿਆਪਕਤਾ ਜੀਵਨ ਦੇ ਸਾਰੇ ਖੇਤਰਾਂ ਵਿੱਚ ਦਿਖਾਈ ਦਿੰਦੀ ਹੈ। ਇਹ ਕਿਹੜੀ ਗੱਲ ਹੈ ਕਿ ਸੰਵਿਧਾਨ ਇਸ ਰਾਸ਼ਟਰ ਨੂੰ **ਧਰਮ ਨਿਰਪੇਖ** (Secular) ਬਣਾਉਣ ਦਾ ਰਾਸ਼ਟਰੀ ਉਦੇਸ਼ ਨਿਰਧਾਰਿਤ ਕਰਦਾ ਹੈ ਅਤੇ ਰਾਸ਼ਟਰ ਵਿੱਚ ਹਰ ਦਿਨ ਧਰਮ ਦੇ ਖੇਤਰ ਵਿੱਚ ਸੰਕਟ ਰਹਿੰਦੇ ਹਨ। ਬਾਬਰੀ ਮਸਜਿਦ ਨੂੰ ਢਾਇਆ ਗਿਆ ਅਤੇ ਉਸ ਥਾਂ 'ਤੇ ਰਾਮ ਮੰਦਰ ਬਣਾਉਣ ਦਾ ਮੁਕੱਦਮਾ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਰਾਜਨੀਤਕ ਮੰਚਾਂ 'ਤੇ ਆਏ ਦਿਨ ਚੁਨੌਤੀਆਂ ਦਿੱਤੀਆਂ ਜਾ ਰਹੀਆਂ ਹਨ। ਹਿੰਦੂ ਅਤੇ ਸਿੱਖਾਂ ਦੇ ਵਿੱਚ ਤਣਾਓ ਵੱਧ ਗਿਆ ਹੈ ਅਤੇ ਉੱਤਰ ਭਾਰਤ ਦੇ ਕਈ ਨਗਰਾਂ ਵਿੱਚ ਲੋਕਾਂ ਦੀ ਲੜਾਈ ਹੋ ਰਹੀ ਹੈ। ਅਜਿਹੇ ਹੀ ਸੰਪਰਦਾਇਕ ਦੰਗਿਆਂ ਨਾਲ ਮੁੰਬਈ ਵਿੱਚ ਬਹੁਤ ਵੱਡਾ ਖੂਨ ਖ਼ਰਾਬਾ ਹੋ ਗਿਆ। ਕਈ ਰਾਜਾਂ ਵਿੱਚ ਧਰਮ ਦੇ ਆਧਾਰ 'ਤੇ ਜਾਤੀ ਸੰਘਰਸ਼ ਚੱਲ ਰਿਹਾ ਹੈ। ਰਾਸ਼ਟਰੀ ਜੀਵਨ ਦਾ ਕੋਈ ਵੀ ਖੇਤਰ ਅਜਿਹਾ ਨਹੀਂ ਹੈ ਜਿਸ ਦੇ ਜ਼ਿਕਰ ਵਿੱਚ ਧਰਮ ਨਾ ਹੋਵੇ ਅਤੇ ਧਰਮ ਤੋਂ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਨਾ ਹੋਣ। ਸਾਡੇ ਰਾਸ਼ਟਰ ਧਰਮ ਨਿਰਪੇਖ ਹੁੰਦੇ ਹੋਏ ਵੀ ਧਰਮ ਦੇ ਅਧਿਐਨ ਦੀ ਇੱਥੇ ਜਿੰਨੀ ਜ਼ਰੂਰਤ ਹੈ ਸ਼ਾਇਦ ਕਿਸੇ ਹੋਰ ਰਾਸ਼ਟਰ ਵਿੱਚ ਨਹੀਂ।

ਇਹ ਸਭ ਜਾਣਦੇ ਹਨ ਕਿ ਭੂਤਪੂਰਵ ਸਮਾਜਵਾਦੀ ਦੇਸ਼ਾਂ ਵਿੱਚ ਧਰਮ ਦਾ ਕੋਈ ਸੱਮਾਨ ਜਨਕ ਸਥਾਨ ਨਹੀਂ ਸੀ। ਮਾਰਕਸ ਕਿਹਾ ਕਰਦੇ ਸਨ ਕਿ ਧਰਮ ਤਾਂ ਇੱਕ ਤਰ੍ਹਾਂ ਦੀ ਅਫ਼ੀਮ ਹੈ, ਜੋ ਜਨਤਾ ਨੂੰ ਡੂੰਘੀ ਨੀਂਦ ਵਿੱਚ ਸੁਆ ਦਿੰਦਾ ਹੈ। ਇਹ ਹੁੰਦੇ ਹੋਏ ਵੀ ਦਿਲਚਸਪ ਗੱਲ ਇਹ ਹੈ ਕਿ ਧਰਮ ਦਾ ਅਧਿਐਨ ਸਭ ਤੋਂ ਪਹਿਲੀ ਵਾਰ ਵਿਵਸਥਿਤ ਰੂਪ ਵਿੱਚ ਮਾਰਕਸਵਾਦ ਅਤੇ ਨਵੀਨ ਹੀਗਲਵਾਦ ਵਿੱਚ ਹੋਇਆ। ਇਸ ਦ੍ਰਿਸ਼ਟੀ ਨਾਲ ਦੇਖੀਏ ਤਾਂ ਭਾਰਤ ਦੇ ਲਈ ਧਰਮ ਦੇ ਸਮਾਜ ਸ਼ਾਸਤਰ ਦਾ ਮਹੱਤਵ ਸਭ ਤੋਂ ਜ਼ਿਆਦਾ ਹੈ। ਸਾਡੇ ਇੱਥੇ ਜਿਵੇਂ ਕਿ 'ਪੀਪਲ ਆਫ਼ ਇੰਡੀਆ' ਪ੍ਰੋਜੇਕਟ ਵਿੱਚ **ਕੇ. ਐਸ. ਸਿੰਘ** ਕਹਿੰਦੇ ਹਨ ਕਿ ਛੇ ਮੁੱਖ ਧਰਮ ਹਨ ਹਿੰਦੂ, ਇਸਲਾਮ, ਈਸਾਈ, ਸਿੱਖ, ਜੈਨ ਅਤੇ ਬੁੱਧ। ਇਨ੍ਹਾਂ ਧਰਮਾਂ ਵਿੱਚੋਂ ਕੁੱਝ ਧਰਮਾਂ ਦੇ ਅਨੁਯਾਈ ਅਲਪ-ਸੰਖਿਅਕ ਹਨ। ਅਲਪ-ਸੰਖਿਅਕ ਧਰਮਾਂ ਵਿੱਚ ਇਸਲਾਮ, ਸਿੱਖ, ਜੈਨ, ਬੁੱਧ, ਈਸਾਈ, ਯਹੂਦੀ, ਪਾਰਸੀ ਅਤੇ ਆਦੀਵਾਸੀ ਹਨ।

**ਰੋਮਿਲਾ ਥਾਪਰ** ਸਾਡੇ ਦੇਸ਼ ਵਿੱਚ ਜਾਣੀ-ਮਾਣੀ ਇਤਿਹਾਸਕਾਰ ਹੈ। ਉਹ ਭਾਰਤੀ ਧਰਮ, ਸੰਸਕ੍ਰਿਤੀ ਅਤੇ ਰਾਸ਼ਟਰ 'ਤੇ ਟਿੱਪਣੀ ਕਰਦੀ ਹੋਈ ਕਹਿੰਦੀ ਹੈ ਕਿ ਇਸ ਦੇਸ਼ ਵਿੱਚ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਇੱਕ ਰਾਸ਼ਟਰੀ ਸੰਸਕ੍ਰਿਤੀ ਬਣਾਉਣ ਦਾ ਯਤਨ ਹੋਇਆ ਹੈ। ਅਸਲੀਅਤ ਵਿੱਚ ਇਸ ਸੰਸਕ੍ਰਿਤੀ ਦਾ ਉਦੇ ਉਪਨਿਵੇਸ਼ਵਾਦ ਦੇ ਵਿਰੁੱਧ ਕੀਤਾ ਗਿਆ ਸਾਡਾ ਅੰਦੋਲਨ ਸੀ। ਇਸ ਸਮੇਂ ਭਾਰਤੀ ਸੰਸਕ੍ਰਿਤੀ ਦੀ ਜੋ ਵਿਆਖਿਆ ਕੀਤੀ ਗਈ ਹੈ, ਉਹ ਹਕੀਕਤ ਵਿੱਚ ਮੱਧ ਵਰਗ ਦੁਆਰਾ ਕੀਤੀ ਗਈ ਵਿਆਖਿਆ ਸੀ। ਇਸ ਤਰ੍ਹਾਂ ਵਿਆਖਿਆ ਕਰਨ ਵਾਲਿਆਂ ਵਿੱਚ ਸਾਡੇ ਪ੍ਰਤਿਆ ਵਿੱਦਿਆ (Orientalist) ਪਰਕ ਵਿਦਵਾਨ ਸਨ। ਉਸ ਕਾਲ ਵਿੱਚ ਸਾਡਾ ਉੱਚ ਅਤੇ ਮੱਧ ਵਰਗ ਦੁਬਾਰਾ ਪੈਦਾ ਹੋਣ ਵਾਲੀਆਂ ਜਾਤਾਂ, ਭੂਮੀ ਮਾਲਕ ਅਤੇ ਬ੍ਰਾਹਮਣਾਂ ਦਾ ਸੀ। **ਰੋਮਿਲਾ ਥਾਪਰ** ਤਾਂ ਕਹਿੰਦੀ ਹੈ ਕਿ **ਅੰਗਰੇਜਾਂ ਨੇ ਜਦੋਂ ਦੇਸ਼ ਨੂੰ ਸਾਨੂੰ ਸੌਂਪਿਆ ਤਾਂ ਉਹ ਉਪਨਿਸ਼ਵਾਦੀ ਹਸਤਾਂਤਰਣ ਵਾਸਤਵ ਵਿੱਚ ਉੱਚੀਆਂ ਜਾਤਾਂ ਨੂੰ ਦਿੱਤਾ ਗਿਆ ਹਸਤਾਂਤਰਣ ਸੀ।** ਇਨ੍ਹਾਂ ਉੱਚੀਆਂ ਜਾਤਾਂ ਨੇ ਬ੍ਰਾਹਮਣਵਾਦ ਯਾਨੀ ਕਰਮਕਾਂਡ

ਨੋਟ

ਨੂੰ ਵਧਾਵਾ ਦਿੱਤਾ। ਇਹ ਵਿਚਿੱਤਰ ਵਿਰੋਧਤਾ ਹੈ ਕਿ ਜਿਨ੍ਹਾਂ ਦੇ ਹੱਥ ਵਿੱਚ ਰਾਜਨੀਤਕ ਸ਼ਕਤੀ ਸੀ, ਉਹ ਬ੍ਰਾਹਮਣ ਧਰਮ ਅਤੇ ਕਰਮਕਾਂਡ ਵਿੱਚ ਲਿਪਤ ਸੀ ਅਤੇ ਸੰਵਿਧਾਨ ਧਰਮ-ਨਿਰਪੱਖ ਹੋਣ ਦਾ ਨਿਸ਼ਾਨਾ ਨਿਰਧਾਰਿਤ ਕਰਦਾ ਹੈ। ਇਹ ਸਭ ਲਿਖ ਕੇ ਸਾਨੂੰ ਇਸ ਗੱਲ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਇਸ ਦੇਸ਼ ਵਿੱਚ ਧਰਮ ਦੇ ਅਧਿਐਨ ਦੀ ਇਹ ਕਹਿ ਕੇ ਤੁਲਨਾ ਨਹੀਂ ਕੀਤੀ ਜਾ ਸਕਦੀ ਕਿ ਸਾਡਾ ਦੇਸ਼ ਇੱਕ ਧਰਮ ਨਿਰਪੱਖ ਦੇਸ਼ ਹੈ।

## 8.4.1 ਭਾਰਤ ਵਿੱਚ ਧਰਮ ਦਾ ਸਮਾਜ ਸ਼ਾਸਤਰ

ਸਮਾਜ ਸ਼ਾਸਤਰ ਅਤੇ ਸਮਾਜਿਕ ਮਾਨਵ ਸ਼ਾਸਤਰ ਦੇ ਸਰਵੇਖਣ ਦੀਆਂ **ਟ੍ਰੈਂਡ ਰਿਪੋਰਟਾਂ** (Trend Reports) ਵਿੱਚ ਧਰਮ ਦੇ ਸਮਾਜ ਸ਼ਾਸਤਰ ਉੱਤੇ ਬਰਾਬਰ ਅਨੁਸੰਧਾਨਾਂ ਦਾ ਨਿਰਧਾਰਣ ਕੀਤਾ ਜਾ ਰਿਹਾ ਹੈ। ਇਹ ਨਿਰਧਾਰਣ **ਸੁਰਜੀਤ ਸਿਨਹਾਂ, ਐਲ.ਪੀ. ਵਿਦਿਆਰਥੀ** ਅਤੇ **ਬੈਦਨਾਥ ਸਰਸਵਤੀ** ਨੇ ਕਿਹਾ ਹੈ। ਐਲ.ਪੀ. ਵਿਦਿਆਰਥੀ ਨੇ ਭਾਰਤ ਵਿੱਚ ਧਰਮ ਦੇ ਵਿਸ਼ਲੇਸ਼ਣ ਵਿੱਚ ਇੱਕ ਨਵੀਂ ਪਰੰਪਰਾ ਸਥਾਪਤ ਕੀਤੀ ਹੈ। ਕਹਿਣਾ ਚਾਹੀਦਾ ਹੈ ਕਿ ਧਰਮ ਦੇ ਅਧਿਐਨ ਦੇ ਲਈ ਉਨ੍ਹਾਂ ਨੇ ਇੱਕ ਮਾਡਲ ਰੱਖਿਆ ਹੈ। ਉਹ ਕਹਿੰਦੇ ਹਨ ਕਿ ਸਾਡੇ ਇੱਥੇ ਕੁੱਝ ਧਾਰਮਿਕ ਸਥਾਨ ਹਨ ਜਾਂ ਉਹ **ਪਵਿਤਰ ਭੂਗੋਲ** (Sacred Geopgraphy) ਹੈ, ਜੋ ਉਤਰ ਤੋਂ ਦੱਖਣ ਤੱਕ ਦੇ ਕਿਨਾਰਿਆਂ ਨੂੰ ਜੋੜਦੀ ਹੈ। ਦੂਜਾ ਇੱਥੇ ਧਰਮ ਦੇ ਨਾਲ **ਧਰਮ ਵਿਧੀ** (Ritual) ਮਹੱਤਵਪੂਰਨ ਹੈ। ਭਗਵਾਨ ਦਾ ਜਾਗਣਾ, ਸੋਣਾ, ਆਦਿ ਧਰਮ ਵਿਧੀਆਂ ਹਨ। **ਵਿਦਿਆਰਥੀ** ਕਹਿੰਦੇ ਹਨ ਕਿ ਤੀਜਾ ਸਾਡੇ ਇੱਥੇ ਧਰਮ ਵਿਧੀਆਂ ਨੂੰ ਕਰਨ ਲਈ ਵਿਸ਼ੇਸ਼ ਵਿਅਕਤੀ ਹੁੰਦੇ ਹਨ, ਜੋ ਪਵਿੱਤਰ ਸਮਝੇ ਜਾਂਦੇ ਹਨ। ਐਲ. ਪੀ. ਵਿਦਿਆਰਥੀ ਅਤੇ ਉਸ ਦੀ ਪਰੰਪਰਾ ਵਿੱਚ ਕਈ ਵਿਦਿਆਰਥੀਆਂ ਨੇ ਕੰਮ ਕੀਤਾ ਹੈ। ਹੁਣੇ ਹੀ **ਡੀ. ਕੇ. ਸਾਮੰਤ** ਨੇ ਉਜੈਨ ਦੇ ਪਵਿਤਰ ਕੰਪਲੈਕਸ ਦਾ ਅਧਿਐਨ (1997) ਪੇਸ਼ ਕੀਤਾ ਹੈ।

ਧਰਮ ਦੇ ਕੰਮ ਕਰਨ ਵਾਲਿਆਂ ਵਿੱਚੋਂ ਬੈਧਨਾਥ ਸਰਸਵਤੀ ਦਾ ਨਾਮ ਵੀ ਮਹੱਤਵਪੂਰਨ ਹੈ। ਉਨ੍ਹਾਂ ਨੇ ਕਾਸ਼ੀ ਮਤਲਬ ਵਾਰਾਣਸੀ ਦਾ ਅਧਿਐਨ ਕੀਤਾ ਹੈ। ਇਸ ਦੇ ਅਨੁਸਾਰ ਭਾਰਤ ਵਿੱਚ ਧਰਮ ਦੇ ਤਿੰਨ ਤੱਤ ਹਨ- (1) ਕੁਦਰਤ ਵਿੱਚ ਵਿਸ਼ਵਾਸ, (2) ਵਿਸ਼ਵਾਸ ਪੈਦਾ ਕਰਨ ਵਾਲਾ ਕਰਤਾ (ਪੈਗੰਬਰ ਜਾਂ ਅਵਤਾਰ), ਅਤੇ (3) ਅਤਿ ਕੁਦਰਤ ਵਿੱਚ ਵਿਸ਼ਵਾਸ ਕਰਨ ਵਾਲਾ ਵਿਅਕਤੀ ਜਾਂ ਸਮੂਹ। ਇਹ ਮੰਨ ਲੈਣਾ ਚਾਹੀਦਾ ਹੈ ਕਿ ਸਰਸਵਤੀ ਨੇ ਹਿੰਦੂ ਧਰਮ ਦੀ ਵਿਆਖਿਆ ਬਹੁਤ ਵਿਸਥਾਰ ਰੂਪ ਵਿੱਚ ਕੀਤੀ ਹੈ। ਧਰਮ ਦੇ ਸਮਾਜ ਸ਼ਾਸਤਰ ਵਿੱਚ ਭਾਰਤ ਵਿੱਚ **ਐਮ. ਐਨ. ਸ਼੍ਰੀਨਿਵਾਸ** ਦਾ ਨਾਮ ਮਸ਼ਹੂਰ ਹੈ। ਆਪਣੀ ਪੁਸਤਕ **'ਰਿਲਿਜਨ ਐਂਡ ਸੁਸਾਇਟੀ ਅਮੰਗ ਕੁਗਰਸ ਆਫ਼ ਸਾਊਥ ਇੰਡੀਆ'** ਵਿੱਚ ਉਨ੍ਹਾਂ ਨੇ ਧਰਮ ਦੀ ਵਿਆਖਿਆ ਜਾਤ ਵਿਵਸਥਾ ਦੇ ਜ਼ਿਕਰ ਵਿੱਚ ਕੀਤੀ ਹੈ। ਇਹ ਇਸੇ ਪੁਸਤਕ ਦੀ ਪ੍ਰਾਪਤੀ ਹੈ ਕਿ ਉਨ੍ਹਾਂ ਨੇ ਸੰਸਕ੍ਰਿਤੀਕਰਣ ਦੇ ਵਿਸ਼ੇ ਨੂੰ ਸਮਾਜ ਸ਼ਾਸਤਰ ਵਿੱਚ ਰੱਖਿਆ ਹੈ। **ਮਿਲਟਨ ਸਿੰਗਰ** ਨੇ ਆਪਣੀ ਪੁਸਤਕ **'ਵੇਨ ਏ ਗ੍ਰੇਟ ਟ੍ਰੇਡੀਸ਼ਨ ਮੌਡਰਨਨਾਈਸਿਸ'** ਵਿੱਚ ਇੱਕ ਸਮਾਜਿਕ ਪ੍ਰਕਿਰਿਆ ਦਾ ਉਲੇਖ ਕੀਤਾ ਹੈ। ਇਹ ਕਹਿੰਦੇ ਹਨ ਕਿ ਇਸ ਦੇਸ਼ ਦੀ ਮਹਾਨ ਪਰੰਪਰਾ ਉਹ ਹੈ ਜੋ ਸੰਸਕ੍ਰਿਤ ਗ੍ਰੰਥਾਂ ਵਿੱਚ ਹੈ। ਇਸ ਪਰੰਪਰਾ ਦੇ ਨਾਲ ਆਮ ਲੋਕਾਂ ਦੀ ਅੰਤਰ ਕਿਰਿਆ ਹੁੰਦੀ ਹੈ। ਪਰੰਪਰਾ ਨੂੰ ਪਰਿਭਾਸ਼ਿਤ ਕਰਨ ਤੋਂ ਬਾਅਦ ਸਿੰਗਰ ਚੇਨੰਈ ਸ਼ਹਿਰ ਨੂੰ ਆਪਣੇ ਅਧਿਐਨ ਦਾ ਸਥਾਨ ਬਣਾਉਂਦੇ ਹਨ ਅਤੇ ਇੱਥੇ ਉਹ ਧਰਮ ਦੇ ਪ੍ਰਭਾਵ ਨੂੰ ਸਮਾਜਿਕ ਜੀਵਨ ਵਿੱਚ ਦੇਖਦੇ ਹਨ। ਇਨ੍ਹਾਂ ਅਧਿਐਨਾਂ ਦੇ ਅਤਿਰਿਕਤ ਕੁੱਝ ਹੋਰ ਅਧਿਐਨ ਧਰਮ ਦੇ ਖੇਤਰ ਵਿੱਚ ਹੋਏ ਹਨ। ਪਰ ਸਮਾਜ ਸ਼ਾਸਤਰੀਆਂ ਨੇ ਧਰਮ ਅਤੇ ਜਾਤ ਦੀ ਵਿਆਖਿਆ **'ਧਰਮ ਨਿਰਪੱਖ ਰਾਜ'** (Secular State) ਦੇ ਜ਼ਿਕਰ ਵਿੱਚ ਨਹੀਂ ਕੀਤੀ ਅਤੇ ਅੱਜ ਸਭ ਤੋਂ ਵੱਡੀ ਜ਼ਰੂਰਤ ਇਸ ਗੱਲ ਨੂੰ ਦੇਖਣ ਦੀ ਹੈ ਕਿ ਜਦੋਂ ਅਸੀਂ ਜਾਤ ਨੂੰ ਸਵੀਕਾਰ ਨਹੀਂ ਕਰਦੇ, ਰਾਜ ਦਾ ਕੋਈ ਧਰਮ ਨਹੀਂ ਹੈ ਭਾਵ ਧਰਮ ਰਾਜ ਤੋਂ ਅਲੱਗ ਹੈ, ਫਿਰ ਧਰਮ ਦਾ ਸਮਾਜਿਕ ਜੀਵਨ 'ਤੇ ਕੀ ਪ੍ਰਭਾਵ ਹੈ ?

## 8.4.2 ਭਿੰਨ-ਭਿੰਨ ਧਾਰਮਿਕ ਸਮੂਹ: ਉਨ੍ਹਾਂ ਦਾ ਆਕਾਰ, ਵਿਧੀ ਅਤੇ ਆਂਚਲਿਕ ਵੰਡ

ਭਾਰਤੀ ਜਨਗਣਨਾ ਜਾਤੀਆਂ ਦੀ ਸੰਖਿਆ ਅਤੇ ਉਨ੍ਹਾਂ ਦੀ ਵ੍ਿੱਧੀ ਦੇ ਕੋਈ ਅੰਕੜੇ ਨਹੀਂ ਦਿੰਦੀ, ਪ੍ਰੰਤੂ ਧਰਮ ਅਤੇ ਧਾਰਮੀਆਂ ਦੇ ਅੰਕੜੇ ਜ਼ਰੂਰ ਦਿੰਦੀ ਹੈ। ਇਹ ਉਨ੍ਹਾਂ ਦੇ ਅੰਕੜਿਆਂ ਦੇ ਆਧਾਰ 'ਤੇ ਕਿ ਅਸੀਂ ਵੱਖ ਵੱਖ ਧਰਮੀਆਂ ਦੇ ਆਕਾਰ ਨੂੰ ਇੱਥੇ ਦੇ ਦਿੰਦੇ ਹਾਂ। 1991 ਦੇ ਜਨਗਣਨਾ ਦੇ ਅਨੁਸਾਰ ਭਾਰਤ ਵਿੱਚ 82.41% ਲੋਕ ਜਿਸ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਵੀ ਸ਼ਾਮਿਲ ਹਨ, ਹਿੰਦੂ ਧਰਮ ਦੇ ਸ਼ਰਧਾਲੂ ਹਨ। ਉਂਝ ਹਿੰਦੂ ਧਰਮੀ ਸਾਰੇ ਰਾਜਾਂ ਵਿੱਚ ਫ਼ੈਲੇ ਹੋਏ ਹਨ, ਪਰ ਪੰਜ ਧਰਮ

ਨੋਟ

ਆਪਣੇ ਅੰਦਰ ਹੀ ਬਹੁਤ ਵਿਸ਼ਾਲ ਹਨ। ਅਤੇ ਮੁਸ਼ਕਿਲ ਇਹ ਹੈ ਕਿ ਉਸ ਦੀ ਪਰਿਭਾਸ਼ਾ ਵਿੱਚ ਵੀ ਕੋਈ ਸਪਸ਼ਟਤਾ ਨਹੀਂ ਹੈ, ਫਿਰ ਵੀ ਹਿੰਦੂਆਂ ਨੂੰ ਤਿੰਨ ਸੰਪਰਦਾਵਾਂ ਵਿੱਚ ਵੰਡਿਆ ਜਾਂਦਾ ਹੈ। ਇਹ ਸੰਪਰਦਾਏ ਹਨ, (1) ਵੈਸ਼ਣਵ, (2) ਸ਼ੈਵ, ਅਤੇ (3) ਸ਼ਾਕਤ। ਵੈਸ਼ਣਵ ਸੰਪਰਦਾਈ ਲੋਕ ਵਿਸ਼ਨੂੰ ਨੂੰ ਆਪਣਾ ਮੁੱਖ ਪੂਜਾ ਦੇਵ ਮੰਨਦੇ ਹਨ। ਸ਼ੈਵ ਸੰਪਰਦਾਏ ਦੇ ਸ਼ਰਧਾਲੂ ਮੁੱਖ ਪੂਜਾ ਸ਼ਿਵ ਦੀ ਕਰਦੇ ਹਨ। ਸ਼ਾਕਤ ਸੰਪਰਦਾਏ ਦੇ ਸ਼ਰਧਾਲੂ ਸ਼ਕਤੀ ਯਾਨੀ ਕਾਲੀ ਅਤੇ ਉਸ ਦੇ ਭਿੰਨ-ਭਿੰਨ ਰੂਪਾਂ ਦੀ ਪੂਜਾ ਕਰਦੇ ਹਨ।

ਸੰਪਰਦਾਵਾਂ ਦਾ ਇਹ ਬਟਵਾਰਾ ਕੋਈ ਜ਼ਿਆਦਾ ਸਾਫ਼-ਸੁਥਰਾ ਨਹੀਂ ਹੈ। ਇਹ ਲੋਕ ਜੋ ਵੈਸ਼ਣਵ ਸੰਪਰਦਾਈ ਦੇ ਹਨ ਸ਼ੈਵ ਅਤੇ ਸ਼ਾਕਤ ਸੰਪਰਦਾਏ ਦੇ ਦੂਜੇ ਦੇਵਤਾ ਦੀ ਪੂਜਾ-ਅਰਚਣਾ ਕਰਦੇ ਹਨ। ਪ੍ਰੰਤੂ ਜਦੋਂ ਕਰਮ ਕਾਂਡਾਂ ਦਾ ਵਿਰੋਧ ਉੱਤਰ ਵੈਦਿਕ ਕਾਲ ਵਿੱਚ ਹੋਇਆ, ਉਦੋਂ ਇਹ ਸੰਪਰਦਾਏ ਇੱਕ ਦੂਜੇ ਦੇ ਵਿਰੁੱਧ ਸਨ। ਸੰਸਕ੍ਰਿਤ ਦਾ ਇੱਕ ਸ਼ਲੋਕ ਹੈ ਜਿਸ ਦਾ ਅਰਥ ਹੈ ਕਿ ਇੱਕ ਵੈਸ਼ਨਵ ਧਰਮੀ ਦੇ ਸਾਹਮਣੇ ਮਸਤ ਹਾਥੀ ਆ ਜਾਵੇ ਤਾਂ ਉਸ ਤੋਂ ਬਚਣ ਲਈ ਜੇਕਰ ਨੇੜੇ ਹੀ ਸ਼ਿਵ ਮੰਦਰ ਹੋਵੇ ਫਿਰ ਵੀ ਉਸ ਦੇ ਅੰਦਰ ਨਹੀਂ ਜਾਣਾ ਚਾਹੀਦਾ। ਹਾਥੀ ਦੇ ਪੈਰਾਂ ਦੇ ਹੇਠ ਆ ਕੇ ਮਰ ਜਾਣਾ ਉਸ ਲਈ ਠੀਕ ਹੋਵੇਗਾ, ਬਜਾਏ ਇਸ ਦੇ ਕਿ ਉਹ ਜਾਨ ਬਚਾਉਣ ਲਈ ਸ਼ਿਵ ਮੰਦਰ ਵਿੱਚ ਜਾਵੇ। ਦੇਸੀ ਰਿਆਸਤਾਂ ਵਿੱਚ ਹਰ ਰਾਜੇ ਦਾ ਆਪਣਾ ਇੱਕ ਸੰਪਰਦਾਏ ਸੀ ਅਤੇ ਆਪਣੇ ਸੰਪਰਦਾਏ ਦੇ ਸੰਬੰਧ ਦੇਵ ਦਾ ਉਹ ਮੰਦਰ ਬਣਵਾਉਂਦਾ ਸੀ। ਸਾਰੇ ਸਰਕਾਰੀ ਧਾਰਮਿਕ ਕਿਰਿਆ ਕਰਮਾਂ ਦਾ ਕੇਂਦਰ ਇਹ ਸੰਪਰਦਾਏ ਹੁੰਦਾ ਸੀ।

ਭਾਰਤ ਵਿੱਚ 1991 ਦੀ ਜਨ-ਸੰਖਿਆ ਦੇ ਅਨੁਸਾਰ ਕੁੱਲ ਜਨ-ਸੰਖਿਆ ਦਾ 12.12% ਮੁਸਲਮਾਨਾਂ ਦਾ ਹੈ। ਇਹ ਜਨ-ਸੰਖਿਆ ਆਮ ਤੌਰ ਤੇ ਸਾਰੇ ਦੇਸ਼ ਵਿੱਚ ਮਿਲਦੀ ਹੈ। ਕੇਰਲ ਵਰਗੇ ਰਾਜ ਵਿੱਚ ਵੀ ਕਾਫੀ ਸੰਖਿਆ ਵਿੱਚ ਮੁਸਲਮਾਨ ਹਨ। ਬਹੁ-ਸੰਖਿਅਕ ਮੁਸਲਮਾਨ ਜੰਮੂ ਅਤੇ ਕਸ਼ਮੀਰ, ਅਸਾਮ ਅਤੇ ਪੱਛਮੀ ਬੰਗਾਲ ਵਿੱਚ ਮਿਲਦੇ ਹਨ। ਜਦੋਂ ਥੋੜੇ ਵਿਸਥਾਰ ਨਾਲ ਦੇਖਿਆ ਜਾਵੇ ਤਾਂ ਮੁਸਲਮਾਨਾਂ ਦਾ ਪ੍ਰਤੀਸ਼ਤ 8 ਤੋਂ 29% ਦੇ ਵਿੱਚ ਵੀ ਵੱਖ ਵੱਖ ਰਾਜਾਂ ਵਿੱਚ ਮਿਲਦਾ ਹੈ। ਉਦਾਹਰਣ ਲਈ ਅਸਾਮ ਵਿੱਚ ਮੁਸਲਮਾਨਾਂ ਦਾ ਪ੍ਰਤੀਸ਼ਤ 28.4% ਹੈ। ਪੱਛਮੀ ਬੰਗਾਲ ਵਿੱਚ 23.6%, ਕੇਰਲ ਵਿੱਚ 23.3%, ਉੱਤਰ ਪ੍ਰਦੇਸ਼ ਵਿੱਚ 17.3%, ਬਿਹਾਰ ਵਿੱਚ 4.8%, ਕਰਨਾਟਕ ਵਿੱਚ 11.6%, ਮਹਾਰਾਸ਼ਟਰ ਵਿੱਚ 9.7% ਅਤੇ ਆਂਧਰਾ ਪ੍ਰਦੇਸ਼ ਵਿੱਚ 8.91%। ਦੂਜੇ, ਮੁਸਲਮਾਨਾਂ ਨੂੰ ਲੈ ਕੇ ਭਾਸ਼ਾ ਦਾ ਇੱਕ ਵਿਵਾਦ ਪੇਸ਼ ਕੀਤਾ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਮੁਸਲਮਾਨਾਂ ਦੀ ਬੋਲੀ ਉਰਦੂ ਹੈ, ਇਸ ਲਈ ਉਹ ਉਨ੍ਹਾਂ ਦੀ ਮਾਤ ਭਾਸ਼ਾ ਹੈ। ਇਸ ਤਰ੍ਹਾਂ ਦੀ ਧਾਰਨਾ ਆਂਕੜਿਆਂ ਦੇ ਨਾਲ ਮੇਲ ਨਹੀਂ ਖਾਂਦੀ। ਇਹ ਇਸ ਲਈ ਕਿ 12.12% ਮੁਸਲਮਾਨਾਂ ਵਿੱਚੋਂ ਸਿਰਫ਼ 5% ਮੁਸਲਮਾਨ ਉਰਦੂ ਬੋਲਦੇ ਹਨ ਅਤੇ ਬਾਕੀ ਸਥਾਨਿਕ ਭਾਸ਼ਾਵਾਂ।

ਹਿੰਦੂ ਅਤੇ ਇਸਲਾਮ ਧਰਮ ਤੋਂ ਇਲਾਵਾ ਜੈਨ ਅਤੇ ਸਿੱਖ ਧਰਮ ਵੀ ਅਲਪ-ਸੰਖਿਅਕ ਹਨ। ਆਮ ਤੌਰ ਤੇ ਸਿੱਖ ਧਰਮ ਦੇ ਸ਼ਰਧਾਲੂ ਵੱਡੀ ਸੰਖਿਆ ਵਿੱਚ ਪੰਜਾਬ ਵਿੱਚ ਮਿਲਦੇ ਹਨ ਅਤੇ ਇਸ ਤਰ੍ਹਾਂ ਜੈਨ ਧਰਮ ਦੇ ਲੋਕ ਗੁਜਰਾਤ, ਹਰਿਆਣਾ, ਮੱਧ ਪ੍ਰਦੇਸ਼, ਬਿਹਾਰ ਆਦਿ ਵਿੱਚ ਜ਼ਿਆਦਾ ਮਿਲਦੇ ਹਨ। ਜਦੋਂ ਕਿ ਦੋਵੇਂ ਧਰਮਾਂ ਦੇ ਲੋਕ ਉੱਤਰ ਅਤੇ ਮੱਧ ਪ੍ਰਦੇਸ਼ ਵਿੱਚ ਮਿਲਦੇ ਹਨ ਪ੍ਰੰਤੂ ਸਿੱਖਾਂ ਦੇ ਬਾਰੇ ਇਹ ਸਾਰੇ ਜਾਣਦੇ ਹਨ ਕਿ ਇਹ ਦੁਨੀਆ ਦੇ ਹਰ ਕੋਨੇ ਵਿੱਚ ਮਿਲਦੇ ਹਨ। ਇਹ ਇੱਕ ਉੱਦਮੀ ਕੌਮ ਹੈ। ਇਸੇ ਤਰਾਂ ਜੈਨ ਧਰਮਾਂ ਦੇ ਲੋਕ ਵੀ ਹਿੰਮਤ ਵਾਲੇ ਹੁੰਦੇ ਹਨ ਅਤੇ ਉਹ ਦੱਖਣੀ ਭਾਰਤ ਵਿੱਚ ਵੀ ਆਪਣਾ ਪ੍ਰਭਾਵ ਰੱਖਦੇ ਹਨ। ਮਾਰਵਾੜੀਆਂ ਵਿੱਚ ਜੈਨ ਧਰਮਾਂ ਦੇ ਲੋਕ ਵੀ ਸ਼ਾਮਿਲ ਹਨ।

ਈਸਾਈ ਅਤੇ ਪਾਰਸੀ ਧਰਮਾਂ ਦੇ ਲੋਕ ਅਲਪ-ਸੰਖਿਅਕ ਹਨ। ਈਸਾਈਆਂ ਦਾ ਇਕੱਠੇ ਹੋਣਾ ਉਹਨਾਂ ਥਾਂਵਾਂ ਤੇ ਜ਼ਿਆਦਾ ਹੈ ਜਿੱਥੇ ਬ੍ਰਿਟਿਸ਼ ਸਰਕਾਰ ਨੇ ਆਪਣਾ ਵਪਾਰ ਜਾਂ ਰਾਜ ਭਾਗ ਕੇਂਦਰਿਤ ਕੀਤਾ ਸੀ। ਇਸ ਦਾ ਅਰਥ ਹੈ ਕਿ ਪੱਛਮੀ ਬੰਗਾਲ ਅਤੇ ਕੇਰਲ ਵਿੱਚ ਈਸਾਈ ਵੱਡੀ ਗਿਣਤੀ ਵਿੱਚ ਹਨ। ਇਸ ਸੰਦਰਭ ਵਿੱਚ ਆਦੀ ਵਾਸੀ ਧਰਮ ਦੇ ਸ਼ਰਧਾਲੂਆਂ ਦਾ ਵੀ ਵਰਣਨ ਕਰਨਾ ਚਾਹੀਦਾ ਹੈ। ਆਦੀ ਵਾਸੀ ਧਰਮ ਜਨਗਣਨਾ ਨੂੰ ਵਿਸ਼ੇਸ਼ ਰੂਪ ਵਿੱਚ ਅੰਕਿਤ ਕਰਿਆ ਜਾਂਦਾ ਹੈ। **ਘਨਸ਼ਿਆਮ ਸ਼ਾਹ** ਦਾ ਕਹਿਣਾ ਹੈ ਕਿ ਜਨਗਣਨਾ ਵਿੱਚ ਕੰਮ ਕਰਨ ਵਾਲੇ ਹਿੰਦੂ ਗਣਕ ਆਦੀ ਵਾਸੀਆਂ ਨੂੰ ਹਿੰਦੂ ਧਰਮ ਵਾਲੇ ਲੋਕਾਂ ਦੀ ਸ਼੍ਰੇਣੀ ਵਿੱਚ ਰੱਖਦੇ ਹਨ। ਫਿਰ ਵੀ ਕੁਝ ਰਾਜਾਂ ਵਿੱਚ ਜਿੱਥੇ ਈਸਾਈ ਮਿਸ਼ਨਾਂ ਦਾ ਪ੍ਰਭਾਵ ਹੈ, ਆਦੀ ਵਾਸੀਆਂ ਨੇ ਈਸਾਈ ਧਰਮ ਨੂੰ ਮੰਨ ਲਿਆ ਹੈ। ਅਜਿਹੇ ਰਾਜਾਂ ਵਿੱਚ ਜਿੱਥੇ ਈਸਾਈ ਆਦੀ ਵਾਸੀ ਹਨ ਉਹ ਮੱਧ ਪ੍ਰਦੇਸ, ਉੜੀਸਾ ,ਬਿਹਾਰ ,ਗੁਜਰਾਤ ਅਤੇ ਰਾਜਸਥਾਨ ਹਨ।

ਪਾਰਸੀ ਧਰਮ ਦੇ ਲੋਕਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ। ਇਹ ਕੇਵਲ 70,000 ਦੇ ਲਗਭਗ ਹੈ ਅਤੇ ਇਸ ਦਾ ਮੁੱਖ ਅਸਥਾਨ ਦੱਖਣੀ ਗੁਜਰਾਤ ਅਤੇ ਮਹਾਂਰਾਸ਼ਟਰ ਹੈ। ਪਾਰਸੀ ਅੱਗ ਦੀ ਪੂਜਾ ਕਰਦੇ ਹਨ ਅਤੇ ਮੁੱਖ ਰੂਪ ਵਿੱਚ ਇਹ ਕੌਮ ਕਾਰੋਬਾਰੀ ਹੈ।

ਬੁੱਧ ਧਰਮ ਦੇ ਲੋਕ ਪ੍ਰਤਿਸ਼ਤ ਦੀ ਨਜ਼ਰ ਵਿੱਚ 0.60 ਹਨ। ਇਹਨਾਂ ਵਿੱਚ ਕੋਈ ਜਾਤੀ ਪ੍ਰਥਾ ਨਹੀਂ ਹੈ ਅਤੇ ਇਹਨਾਂ ਦਾ ਮੁੱਖ ਕੇਂਦਰ ਬਿਹਾਰ ,ਹਿਮਾਚਲ ਪ੍ਰਦੇਸ ਅਤੇ ਜੰਮੂ ਕਸ਼ਮੀਰ ਹੈ।

### 8.4.3 ਪੀਪਲ ਆਫ ਇੰਡੀਆ ਦੇ ਨਤੀਜੇ

**ਕੇ.ਐਸ. ਸਿੰਘ** ਨੇ **ਪੀਪਲ ਆਫ ਇੰਡੀਆ** ਦੇ ਪ੍ਰੋਜੈਕਟ ਦੇ ਪਹਿਲੇ ਖੰਡ ਵਿੱਚ ਵੱਖ ਵੱਖ ਸਮੂਹਾਂ ਦੀ ਪਹਿਚਾਣ ਕੀਤੀ ਹੈ। ਉਹ ਧਾਰਮਿਕ ਸਮੂਹਾਂ ਦੇ ਬਾਰੇ ਵੀ ਆਪਣੀ ਟਿੱਪਣੀ ਕਰਦੇ ਹਨ। ਇਸ ਪ੍ਰੋਜੈਕਟ ਵਿੱਚ ਉਹਨਾਂ ਨੇ ਕੁਲ 4635 ਸਮੂਹਾਂ ਦਾ ਅਧਿਐਨ ਕੀਤਾ ਹੈ। ਧਰਮ ਦੇ ਬਾਰੇ ਉਹਨਾਂ ਨੇ ਕੁਝ ਦਿਲਚਸਪ ਆਂਕੜੇ ਦਿੱਤੇ ਹਨ।ਉਹਨਾਂ ਨੇ ਭਿੰਨ ਭਿੰਨ ਧਰਮਾਂ ਦੇ ਲੋਕਾਂ ਨੂੰ ਸਮੂਹਾਂ ਦੇ ਆਕਾਰ ਤੇ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੈ :–

1. ਅਜਿਹੇ ਸਮੂਹ ਜੋ ਸਿਰਫ਼ ਇੱਕ ਹੀ ਧਾਰਮਿਕ ਸੰਪਰਦਾਏ ਦੇ ਸ਼ਰਧਾਲੂ ਹਨ। ਇਹਨਾਂ ਵਿੱਚ ਉਹ ਹਿੰਦੂਆਂ ਨੂੰ ਸ਼ਾਮਲ ਕਰਦੇ ਹਨ। ਇਸ ਦ੍ਰਿਸ਼ਟੀ ਵਿੱਚ ਹਿੰਦੂਆਂ ਦਾ ਪ੍ਰਤੀਸ਼ਤ ਜੋ ਹਿੰਦੂ ਧਰਮ ਨੂੰ ਹੀ ਮੰਨਦਾ ਹੈ 74.4 ਹੈ। ਇਸ ਸ਼੍ਰੇਣੀ ਵਿੱਚ ਮੁਸਲਮਾਨ ਵੀ ਹਨ। ਜਿਨ੍ਹਾਂ ਦਾ ਪ੍ਰਤਿਸ਼ਤ 12.6 ਹੈ, ਇਸਾਈਆਂ ਦਾ 77.3 ਪ੍ਰਤਿਸ਼ਤ, ਆਦਿ ਵਾਸੀ ਧਰਮ ਦੇ ਲੋਕਾਂ ਦਾ 8.3 ਪ੍ਰਤਿਸ਼ਤ, ਜੈਨ ਦਾ 2.2 ਪ੍ਰਤਿਸ਼ਤ ਅਤੇ ਪਾਰਸੀਆਂ ਦਾ 0.19 ਪ੍ਰਤਿਸ਼ਤ।
2. ਉਹ ਧਰਮ ਦੇ ਲੋਕ ਜੋ ਦੋ ਧਰਮਾਂ ਦੇ ਸ਼ਰਧਾਲੂ ਹਨ। ਇਹਨਾਂ ਵਿੱਚ ਹਿੰਦੂ ਅਤੇ ਸਿੱਖ ਦੋਨਾਂ ਧਰਮਾਂ ਨੂੰ ਮੰਨਦੇ ਹਨ। ਇਸ ਤਰਾਂ ਇਸ ਸ਼੍ਰੇਣੀ ਵਿੱਚ ਹਿੰਦੂ ਅਤੇ ਇਸਾਈ ਅਤੇ ਇਸਲਾਮ, ਹਿੰਦੂ ਅਤੇ ਜੈਨ ਧਰਮ, ਸਿਖ ਅਤੇ ਬੁੱਧ ਅਤੇ ਇਸਾਈ ਅਤੇ ਆਦੀ ਵਾਸੀ ਧਰਮ ਮੰਨਣ ਵਾਲੇ ਹਨ।
3. ਅਜਿਹੇ ਧਰਮ ਦੇ ਲੋਕ ਇੱਕ ਸਮੇਂ ਤਿੰਨ ਧਰਮਾਂ ਦੇ ਸ਼ਰਧਾਲੂ ਹਨ। ਇਸ ਸ਼੍ਰੇਣੀ ਵਿੱਚ ਹਿੰਦੂ, ਮੁਸਲਿਮ ਅਤੇ ਸਿਖ ਧਰਮ ਨੂੰ ਮੰਨਣ ਵਾਲੇ ਹਨ। ਇਸ ਤਰ੍ਹਾਂ ਕੁਝ ਲੋਕ ਅਜਿਹੇ ਹਨ ਜੋ ਇੱਕੋ ਸਮੇਂ ਹਿੰਦੂ ਮੁਸਲਿਮ ਅਤੇ ਈਸਾਈ ਧਰਮ ਨੂੰ ਮੰਨਦੇ ਹਨ।

### 8.4.4 ਹਿੰਦੂ ਧਰਮ ਦਾ ਪੱਧਰ ਅਤੇ ਸਰੂਪ

ਪੀਪਲ ਆਫ ਇੰਡੀਆ (POI) ਅੰਕ ਇੱਕ ਵਿੱਚ ਕੇ.ਐਸ. ਸਿੰਘ ਨੇ ਹਿੰਦੂ ਧਰਮ ਦੇ ਪੱਧਰਾਂ ਅਤੇ ਸਰੂਪਾਂ ਦੀ ਪਹਿਚਾਣ ਕੀਤੀ ਹੈ। ਇਸ ਦਾ ਅਰਥ ਹੈ, ਧਰਮ ਦੀ ਪੂਜਾ ਪਰਿਵਾਰ ਜਾਤੀ ਜਾਂ ਪਿੰਡ ਦੇ ਕਿਸ ਪੱਧਰ 'ਤੇ ਕੀਤੀ ਜਾਂਦੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਜਿਹੜੇ ਉਪਾਸਦੇਵ ਦੀ ਪੂਜਾ ਕੀਤੀ ਜਾਂਦੀ ਹੈ ਉਸ ਦਾ ਸਰੂਪ ਕਿਹੜਾ ਹੈ– ਓਹ ਸਥਾਨਿਕ ਦੇਵੀ–ਦੇਵਤਾ ਹਨ, ਖੇਤਰੀ ਹਨ ਜਾਂ ਮਹਾਨ ਪਰੰਪਰਾ ਵਾਲੇ ਹਨ। ਇਸ ਪੜਚੋਲ 'ਤੋਂ ਗਿਆਨ ਹੋਇਆ ਕਿ 61.2 ਪ੍ਰਤਿਸ਼ਤ ਹਿੰਦੂ ਸਮੂਹ ਪਰਿਵਾਰ ਦੇ ਦੇਵੀ ਦੇਵਤਾ ਦੀ ਪੂਜਾ ਕਰਦੇ ਹਨ ਅਤੇ 31.6 ਪ੍ਰਤ੍ਰਿਤ ਆਪਣੇ ਗੋਤ ਦੇ ਦੇਵਤਾ ਦੀ ਪੂਜਾ ਕਰਦੇ ਹਨ। ਦੂਜੇ ਪਾਸੇ ਆਪਣੇ ਪਿੰਡ ਅਤੇ ਖੇਤਰ ਦੇ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ ਸਮੂਹ ਦਾ ਪ੍ਰਤ੍ਰਿਤ 67.7 ਹੈ। ਕੁਲ 4635 ਸਮੂਹਾਂ ਵਿਚ ਜਿਨ੍ਹਾਂ ਦਾ ਅਧਿਐਨ ਪ੍ਰੋਜੈਕਟ ਨੇ ਕੀਤਾ ਹੈ ਓਹਨਾਂ ਵਿਚ 68.4 ਪ੍ਰਤਿਤ ਮਹਾਨ ਪਰੰਪਰਾਵਾਂ ਦੇ ਦੇਵੀ ਦੇਵਤਿਆਂ ਮਤਲਬ ਕਿ ਬ੍ਰਹਮਾ, ਵਿਣਸੂ, ਸਿਵ ਅਤੇ ਕਾਲੀ ਦੀ ਪੂਜਾ ਕਰਦੇ ਹਨ)। ਅਤੇ ਮੁਸਲਮਾਨਾਂ ਵ੍ਰਿਚ ਕੁਲ ਸਮੂਹਾਂ ਦੇ 493 ਵਿਚੋਂ 428 ਸਮੂਹ ਓਹਨਾਂ ਪੀਰਾਂ ਦੀ ਇਬਾਦਤ ਕਰਦੇ ਹਨ, ਜਿਨ੍ਹਾਂ ਦੇ ਨਾਲ ਓਹਨਾਂ ਦਾ ਵਿਅਕਤੀਗਤ ਅਤੇ ਪਰਿਵਾਰਿਕ ਸੰਬੰਧ ਹੈ)। ਪ੍ਰੋਜੈਕਟ ਦੀ ਪੜਤਾਲ ਵਿਚ ਇਹ ਵੀ ਗਿਆਤ ਹੋਇਆ ਕਿ 69.58 ਪ੍ਰਤਿਤ ਸਮੂਹ ਜਨਮ ,ਵਿਆਹ ਅਤੇ ਮੌਤ ਦੇ ਮੌਕਿਆਂ ਉਤੇ ਪੁਰੋਹਿਤ ਜਾਂ ਮੌਲਵੀ ਬੁਲਾਉਂਦੇ ਹਨ ਅਤੇ ਓਧਰ ਆਦਿ ਵਾਸੀਆਂ ਵ੍ਰਿਚ 20 ਪ੍ਰਤਿਤ ਸਮੂਹ ਅਜਿਹੇ ਹਨ ਜੋ ਭੂਤ ਪ੍ਰੇਤ ਤੋਂ ਬਚਣ ਲਈ ਅਤੇ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਦੇ ਲਈ ਤਾਂਤ੍ਰਿਕਾਂ ਦੇ ਕੋਲ ਜਾਂਦੇ ਹਨ।। ਜਦੋਂ ਅਸੀਂ ਦੇਵੀ ਦੇਵਤਿਆਂ ਦੀ ਪੂਜਾ ਦਾ ਕੋਈ ਮੋਟਾ ਵ੍ਰਿਲ੍ਰੇਣ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਅਧੇ ਤੋਂ ਜਿਆਦਾ ਭਾਰਤੀ ਸਮੂਹ ਆਪਣੇ ਸਥਾਨਕ ਦੇਵੀ ਦੇਵਤਿਆਂ ਅਤੇ ਅਖਿਲ੍ਰ ਹਿਦੂੰ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਹਨ)। ਇਹ ਪੂਜਾ ਹਰ ਇਕ ਵਿਅਕਤੀਗਤ ਪ੍ਰਧਰ ਤੋਂ ਲੈ ਕਿ ਪਿੰਡਾਂ ਅਤੇ ੍ਰਹਿਰਾਂ ਤ੍ਰਕ ਕੀਤੀ ਜਾਂਦੀ ਹੈ

ਨੋਟ

### 8.4.5 ਵਖ ਵਖ ਧਾਰਮਿਕ ਸਮੂਹਾਂ ਦੇ ਸਮਾਜਿਕ ਸਿਖਿਅਕ ਪਧਰ

ਭਾਰਤੀ ਸਮਾਜ ਦਾ ਪੂਰਾ ਜੀਵਨ ਚ੍ਕਰ ਧਰਮ ਵਿਧੀ ਅਤੇ ਪੂਜਾ ਦੇ ਆਲੇ ਦੁਆਲੇ ਘੁੰਮਦਾ ਰਹਿੰਦਾ ਹੈ। ਕੋਈ ਵੀ ਦਿਨ ਖਾਲੀ ਨਹੀਂ ਜਾਂਦਾ। ਕਿਸੇ ਦਿਨ ਜਨਮ ਦਿਨ ਮਨਾਉਣਾ ਹੁੰਦਾ ਹੈ, ਕਦੇ ਵਿਆਹ ਸ਼ਾਦੀਆਂ ਅਤੇ ਕਦੇ ਮੌਤ। ਤਿਥ ਤਿਓਹਾਰ, ਵਰਤ ਆਦਿ ਤਾਂ ਆਉਂਦੇ ਹੀ ਰਹਿੰਦੇ ਹਨ। ਇਹਨਾਂ ਸਭ ਮੰਨਣ ਵਾਲੇ ਲੋਕ ਕੌਣ ਹਨ ? ਓਹਨਾਂ ਦਾ ਵਰਗ ਜਾਂ ਜਾਤੀ ਨਾਲ ਕੀ ਸੰਬੰਧ ਹੈ ? ਓਹਨਾਂ ਦਾ ਸਿਖਿਅਕ ਪਧਰ ਕੀ ਹੈ ? ਇਹ ਸਾਰੇ ਪ੍ਰਨ ਦਿਲਚਸਪ ਹਨ। ਇਹਨਾਂ ਦੇ ਮੂਲ ਵ੍ਵਿਚ ਮਹ੍ਤਵਪੂਰਨ ਗਲ ਇਹ ਹੈ ਕਿ ਕੀ ਵਖ ਵਖ ਧਰਮਾਂ ਦੇ ਲੋਕ ਅਨਪੜ੍ਹ ਹਨ ਅਤੇ ਇਸ ਤਰ੍ਹਾਂ ਧਰਮ ਦਾ ਸੰਬੰਧ ਅਨਪੜ੍ਹਤਾ ਦੇ ਨਾਲ ਹੈ। ਇਕ ਹੋਰ ਮਹਤਵਪੂਰਨ ਮਸਲਾ ਇਹ ਵੀ ਹੈ ਕਿ ਕੀ ਵ੍ਖ ਵ੍ਖ ਧਰਮਾਂ ਦੇ ਲੋਕ ਹੇਠਲੀਆਂ ਜਾਤੀਆਂ ਅਤੇ ਵਰਗਾਂ ਦੇ ਹਨ ? ਜਾਂ ਕਿਤੇ ਅਜਿਹਾ ਤਾਂ ਨਹੀਂ ਹੈ ਕਿ ਉਚ ਜਾਤੀਆਂ ਅਤੇ ਉਚ ਵਰਗਾਂ ਦੇ ਲੋਕ ਧਰਮ ਦੀ ਪੂਜਾ ਵਿਚ ਜਿਆਦਾ ਸਮਾਂ ਅਤੇ ਧਨ ਲਗਾਉਂਦੇ ਹਨ ? ਇਹ ਸਾਰੇ ਸਵਾਲ ਸਮਾਜਸ਼ਾਸਤਰੀਆਂ ਦੇ ਜਿਕਰ ਨਾਲ ਸਰੋਕਾਰ ਰਖਦੇ ਹਨ ।

ਪਿਛਲੇ ਦੋ ਦਹਾਕਿਆਂ ਵਿਚ ਜੋ ਤਥਾਂ ਦੀ ਜਾਣਕਾਰੀ ਸਾ ਭਾਰਤੀ ਸਮਾਜ ਬਾਰੇ ਮਿਲੀ ਹੈ ਓਹ ਦਸਦੀ ਹੈ ਕਿ ਹਾਲ ਹੀ ਵਿਚ, ਕੁਝ ਨਵੇਂ ਦੇਵੀ ਦੇਵਤਿਆਂ ਦਾ ਪ੍ਰਗਟਾਵਾ ਹੋਇਆ ਹੈ। ਪਰੰਪਰਾ ਵਿਚ ਸ਼ਾਸਤਰਕਾਰਾਂ ਨੇ ਹਿੰਦੂਆਂ ਦੇ ਚਾਰ ਵਡੇ ਤੀਰਥ ਦ੍ਸੇ ਹਨ ਰਮੇਸ਼ਵਰਮ, ਦਵਾਰਕਾ, ਵਾਰਾਣਸੀ ਅਤੇ ਉਤਰਾਖੰਡ ਜਮਨੋਤਰੀ, ਕੇਦਾਰਨਾਥ, ਗੰਗੋਤਰੀ ਅਤੇ ਬਦਰੀਨਾਥ ਸ਼ਾਮਿਲ ਹਨ।ਇਸ ਮਹਾਨ ਪਰੰਪਰਾ ਦੇ ਤੀਰਥਾਂ ਦੇ ਅਤਿਰਿਕਤ ਅਜ ਕਈ ਨਵੇਂ ਮਹਾਨ ਤੀਰਥ ਪੈਦਾ ਹੋ ਗਏ ਹਨ। ਇਨ੍ਹਾਂ ਤੀਰਥਾਂ ਵਿਚ ਤਿਰੂਪਤੀ (ਬਾਲਾਜੀ), ਨਾਥਦੁਆਰਾ ਅਤੇ ਵੈਨੋ ਦੇਵੀਮਿਲ ਹਨ। ਇਸ ਤੋਂ ਇਲਾਵਾ ਕਈ ਸਥਾਨਕ ਅਤੇ ਖੇਤਰੀ ਦੇਵੀ-ਦੇਵਤਿਆਂ ਦਾ ਪ੍ਰਗਟਾਵਾ ਹੋਇਆ ਹੈ। ਇਸ ਦੇ ਕਾਰਣ ਭ੍ਰਮਣ ਦਾ ਬੇਤਹਾਸ਼ਾ ਵਿਕਾਸ ਹੋਇਆ। ਇਹ ਤਥ ਇਹ ਗਲ ਦਸਦੇ ਹਨ ਕਿ ਵਖ ਵਖ ਧਰਮਾਂ ਦੇ ਲੋਕਾਂ ਵਿਚ ਸਿਖਿਆ ਦਾ ਪ੍ਰਸਾਰ ਵਧਿਆ ਹੈ। ਹੁਣ ਉਨ੍ਹਾਂ ਨਵੇਂ ਦੇਵੀ-ਦੇਵਤਿਆਂ ਦਾ ਗਿਆਨ ਵੀ ਹੋਇਆ ਹੈ। ਇਹ ਨਿਸ਼ਚਿਤ ਹੈ ਕਿ ਵਧਦੇ ਹੋਏ ਦੇਵੀ-ਦੇਵਤਿਆਂ ਦੇ ਨਾਲ ਸਾਖਰਤਾ ਦਾ ਪ੍ਰਸਾਰ ਵੀ ਜੁੜਿਆ ਹੋਇਆ ਹੈ।

ਵਖ ਵਖ ਧਰਮਾਂ ਦੇ ਲੋਕਾਂ ਦੇ ਸਮਾਜਿਕ ਅਤੇ ਸਿਖਿਅਕ ਪਧਰ ਦੇ ਨਾਲ ਪੂੰਜੀਵਾਦੀ ਭਾਵਨਾ ਵੀ ਜੁੜੀ ਹੋਈ ਹੈ। ਜਦੋਂ ਮੈਕਸ ਵੇਬਰ ਨੇ ਹਿੰਦੂ ਧਰਮ ਦੇ ਵਿਸ਼ੇ ਵਿਚ ਆਪਣਾ ਵਿਸ਼ਲੇਸ਼ਣ ਦਿਤਾ ਸੀ, ਉਦੋਂ ਉਨ੍ਹਾਂ ਨੇ ਕਿਹਾ ਸੀ ਕਿ ਹਿੰਦੂ ਧਰਮ ਵਿਚ ਅਜਿਹੇ ਵਿਚਾਰ ਨਹੀਂ ਹਨ ਜੋ ਪੂੰਜੀਵਾਦ ਵਿਕਸਿਤ ਕਰ ਸਕਣ ।ਹਾਲ ਹੀ ਵਿਚ, ਵੇਬਰ ਦੇ ਇਸ ਵਿਚਾਰ ਤੇ ਜੋ ਗੋਸ਼ਟੀਆਂ ਅਤੇ ਅਲੋਚਨਾਵਾਂ ਹੋਈਆਂ ਹਨ, ਉਹ ਦਸਦੀਆਂ ਹਨ ਕਿ ਇਹ ਹਿੰਦੂ ਧਰਮ ਦੀਆਂ ਵਖ ਵਖ ਸੰਪਰਦਾਵਾਂ ਹੀ ਹਨ, ਜਿਨ੍ਹਾਂ ਨੇ ਪੂੰਜੀਵਾਦ ਇਸ ਦੇਸ਼ ਵਿਚ ਵਿਕਸਿਤ ਕੀਤਾ ਹੈ। ਸਾਡੇ ਇਥੇ ਜੈਨ ਧਰਮ ਵਲਭ ਸੰਪਰਦਾਏ ਜਿਸ ਦੀ ਮੌਜੂਦਗੀ ਗੁਜਰਾਤ ਅਤੇ ਮਹਾਂਰਾਸ਼ਟਰ ਵਿਚ ਹੈ, ਆਪਣੇ ਧਰਮਾਂ ਵਿਚ ਕਈ ਵਿਚਾਰ ਲਏ ਹੋਏ ਹੈ ਅਤੇ ਉਹ ਸੰਪੰਨ ਹਨ। ਇਕ ਜੈਨ ਧਰਮ ਦੇ ਲੋਕ ਦੇਸ਼ ਦੇ ਦਖਣੀ ਛੋਰ ਵਿਚ ਰਹਿੰਦੇ ਹੋਏ ਬਿਹਾਰ ਵਿਚ ਆਪਣੇ ਧਾਰਮਿਕ ਸਥਾਨਾਂ ਦੇ ਦਰਨ ਲਈ ਜਾਂਦੇ ਹਨ। ਇਹ ਗਲ ਵਲਭ ਸੰਪਰਦਾਏ ਤੇ ਵੀ ਲਾਗੂ ਹੁੰਦੀ ਹੈ। ਗੁਜਰਾਤੀ ਧਰਮ ਦੇ ਲੋਕਾਂ ਦੇਦੇ ਕਿਸੇ ਵੀ ਤੀਰਥ ਸਥਾਨ ਤੇ ਦੇਖਿਆ ਜਾ ਸਕਦਾ ਹੈ। ਆਲਮ ਇਹ ਹੈ ਕਿ ਗੁਜਰਾਤੀ ਪ੍ਰਵਾਸੀ ਅਮਰੀਕਾ ਤੋਂ ਸਿਧਾ ਨਾਥ ਦੁਆਰੇ ਪਹੁੰਚ ਜਾਂਦਾ ਹੈ ਅਤੇ ਫਿਰ ਆਪਣੇ ਘਰ ਮੁੜਦਾ ਹੈ। ਇਹ ਸਾਰੇ ਤਥ ਦਸਦੇ ਹਨ ਕਿ ਹਿੰਦੂ ਧਰਮ ਦੇ ਵਖ ਵਖ ਧਰਮਾਂ ਦੇ ਲੋਕ ਸਿਖਿਅਕ ਅਤੇ ਆਰਥਿਕ ਪ੍ਧਰ ਤੇ ਉਮੀਦ ਤੋਂ ਜਿਆਦਾ ਉਚੇ ਸਥਾਨ ਤੇ ਹਨ। ਇਥੇ ਸਾਨੂੰ ਇਹ ਵੀ ਕਹਿਣਾ ਚਾਹੀਦਾ ਹੈ ਕਿ ਧਰਮ ਦੇ ਲੋਕਾਂ ਦਾ ਇਕ ਅਜਿਹਾ ਸਮੂਹ ਵੀ ਹੈ, ਜੋ ਪੜ੍ਹਿਆ ਲਿਖਿਆ ਨਹੀਂ ਹੈ, ਪਰ ਕਿਸੇ ਤਰ੍ਹਾਂ ਰੁਪਏ ਪੈਸੇ ਦਾ ਬੰਦੋਬਸਤ ਕਰਕੇ ਆਪਣੇ ਤੀਰਥ ਸਥਾਨਾਂ ਤੇ ਪਹੁੰਚਦਾ ਹੈ। ਇਹ ਸ਼ਾਇਦ ਉਨ੍ਹਾਂ ਦੇ ਰੂੜ੍ਹੀਵਾਦਿਤਾ ਹੈ।

ਮੁਸਲਮਾਨ ਧਰਮ ਦੇ ਲੋਕ ਸਿਖਿਅਕ ਪਧਰ ਤੇ ਲਗਦਾ ਹੈ, ਹੇਠਲੇ ਪਧਰ ਤੇ ਆਉਂਦੇ ਹਨ। ਆਰਥਿਕ ਅਤੇ ਸਿਖਿਅਕ ਨਜਰ ਨਾਲ ਉਹ ਕਮਜੋਰ ਹਨ। ਇਹ ਇਸ ਕਰਕੇ ਹੈ ਕਿ ਮੁਸਲਮਾਨ ਧਰਮ ਦੇ ਲੋਕ ਆਪਣੇ ਸਥਾਨਕ ਅਤੇ ਖੇਤਰੀ ਦਰਗਾਹ ਤਕ ਹੀ ਪਹੁੰਚ ਸਕਦੇ ਹਨ। ਪ੍ਰੰਤੂ ਇਸ ਸੰਪਰਦਾਏ ਵਿਚ ਮੁਠੀ ਭਰ ਲੋਕ ਅਜਿਹੇ ਹਨ, ਜਿਨ੍ਹਾਂ ਅਭਿਜਨ ਕਹਿਣਾ ਚਾਹੀਦਾ ਹੈ, ਜੋ ਸਿਖਿਅਕ ਅਤੇ ਆਰਥਿਕ ਪਧਰ ਤੇ ਉਚੇ ਸਥਾਨ ਤੇ ਹਨ। ਹਰੇਕ ਸਾਲ ਹਜ ਕਰਨ ਵਾਲੇ ਹਾਜੀਆਂ ਦੀ ਗਿਣਤੀ ਵਿਚ ਬਰਾਬਰ ਵਾਧਾ ਦਿਖਾਈ ਦਿੰਦਾ ਹੈ। ਇਹ ਵਾਧਾ ਇਸ ਗਲ ਦਾ ਸੰਕੇਤ ਹੈ ਕਿ ਮੁਸਲਮਾਨ ਅਭਿਜਨ ਵਰਗ ਸਿਖਿਆ ਅਤੇ ਧਨ ਦੇ ਖੇਤਰ ਵਿਚ ਸੰਪੰਨ ਹਨ।

ਨੋਟ

ਵਖ ਵਖ ਧਰਮਾਂ ਦੇ ਲੋਕਾਂ ' ਸਿਖਿਆ ਅਤੇ ਆਰਥਿਕ ਸਥਿਤੀ ਦੇ ਨਾਲ ਜੋੜਣਾ ਬਹੁਤ ਮੁਸਕਿਲ ਹੈ। ਇਹ ਦੇਖਿਆ ਗਿਆ ਹੈ ਕਿ ਚੰਗੇ ਪੜ੍ਹੇ ਲਿਖੇ ਧਰਮ ਦੇ ਲੋਕ ਮੰਦਰ, ਮਸਜਿਦ ਨਹੀਂ ਜਾਂਦੇ, ਪਰ ਇਹ ਸਪਸਟ ਹੈ ਕਿ ਚੰਗੀ ਆਰਥਿਕ ਸਥਿਤੀ ਵਾਲੇ, ਪ੍ਰੰਤੂ ਅਨਪੜ੍ਹ ਧਰਮ ਦੇ ਲੋਕ ਜਦੋਂ ਵੀ ਮੌਕਾ ਮਿਲੇ ਆਪਣੇ ਪੂਜਿਤ ਦੇਵ ਤਕ ਪਹੁੰਚ ਜਾਂਦੇ ਹਨ। ਗਲ ਇਹ ਹੈ ਕਿ ਧਰਮ ਦਾ ਖੇਤਰ ਵਿਸਵਾਸ ਦਾ ਖੇਤਰ ਹੈ ਅਤੇ ਇਸ ਲਈ ਉਸ ਦਾ ਕੋਈ ਬਹੁਤ ਨੇੜੇ ਦਾ ਸੰਬੰਧ ਸਿਖਿਆ, ਧਰਮ ਜਾਂ ਪਛੜੇਪਨ ਨਾਲ ਜੁੜਿਆ ਹੋਇਆ ਨਹੀਂ ਹੈ। ▯

ਟਾਸਕ ਹਿੰਦੂ ਧਰਮ ਦਾ ਕੀ ਸਰੂਪ ਹੈ ?

### 8.4.6 ਧਾਰਮਿਕ ਘੱਟ ਗਿਣਤੀ ਦੀਆਂ ਸਮੱਸਿਆਵਾਂ

ਭਾਰਤ ਵਿੱਚ ਅਲਪ-ਸੰਖਿਅਕ ਸਮੂਹ ਹਾਲ ਹੀ ਵਿੱਚ ਮੁਸ਼ਕਿਲ ਦੌਰ ਵਿੱਚ ਗੁਜ਼ਰ ਰਹੇ ਹਨ। ਪਿਛਲੇ ਦਿਨਾਂ ਵਿੱਚ ਸਿੱਖਾਂ ਦੇ ਵਿਰੁੱਧ ਦੇਸ਼ ਦੇ ਵੱਡੇ ਵੱਡੇ ਨਗਰਾਂ ਵਿੱਚ ਝਗੜੇ ਹੋਏ। ਇੱਕ ਬਹੁਤ ਵੱਡਾ ਖ਼ੂਨ-ਖ਼ਰਾਬਾ ਦੇਖਣ ਨੂੰ ਮਿਲਿਆ। ਹਿੰਦੂ ਮੁਸਲਮਾਨਾਂ ਦੇ ਝਗੜੇ ਤਾਂ ਕੁਝ ਰਾਜਾਂ ਵਿੱਚ ਆਦਤਾਂ ਹੀ ਬਣ ਗਏ ਹਨ। ਹੁਣੇ ਹੀ ਉੜੀਸਾ ਅਤੇ ਗੁਜਰਾਤ ਵਿੱਚ ਈਸਾਈਆਂ 'ਤੇ ਵੀ ਹਮਲੇ ਹੋਏ ਹਨ। ਸਾਡੇ ਇੱਥੇ ਉਂਝ ਵੀ ਕਈ ਅਲਪ-ਸੰਖਿਅਕ ਸਮੂਹ ਹਨ। ਇਨ੍ਹਾਂ ਸਮੂਹਾਂ ਵਿੱਚ ਮੁਸਲਮਾਨ, ਸਿੱਖ ਅਤੇ ਈਸਾਈ ਸਭ ਤੋਂ ਜ਼ਿਆਦਾ ਮੁਸ਼ਕਿਲ ਵਿੱਚ ਹਨ। ਜਦੋਂ ਅਸੀਂ ਇੱਕ ਅਜਿਹੇ ਰਾਸ਼ਟਰ ਦੇ ਨਿਰਮਾਣ ਵਿੱਚ ਜੁਟੇ ਹਾਂ,ਜੋ ਪਰਜਾਤਾਂਤਰਿਕ ਅਤੇ ਧਰਮ ਨਿਰਪੱਖ ਹੈ, ਇਸ ਵਿੱਚ ਅਲਪ-ਸੰਖਿਅਕਾਂ ਦੀਆ ਮੁਸ਼ਕਲਾਂ ਬਹੁਤ ਮਹੱਤਵਪੂਰਨ ਹੋ ਜਾਂਦੀਆਂ ਹਨ। ਜਿਵੇਂ ਦੇਖਿਆ ਜਾਵੇ ਤਾਂ ਕਿਸੇ ਵੀ ਨਵੇਂ ਰਾਸ਼ਟਰ ਦੇ ਲਈ ਅਜਿਹੀਆਂ ਸਮੱਸਿਆਵਾਂ ਲੰਮੇ ਸਮੇਂ ਦੀਆਂ ਸਮੱਸਿਆਵਾਂ ਨਹੀਂ ਹੁੰਦੀਆਂ ਹਨ। ਯੂਰਪ ਦੇ ਸਾਹਮਣੇ ਅਜਿਹੀ ਹੀ ਸਮੱਸਿਆ ਦੇਸ਼ ਅਤੇ ਧਰਮ ਦੇ ਖੇਤਰ ਵਿੱਚ ਆਈ ਸੀ। ਉੱਥੇ ਧਰਮ ਸੁਧਾਰ ਅੰਦੋਲਨ ਤੋਂ ਪਹਿਲਾਂ ਚਰਚ ਅਤੇ ਰਾਜ ਦੇ ਵਿੱਚ ਜੋ ਝਗੜੇ ਸਨ, ਉਹ ਵਾਸਤਵ ਵਿੱਚ ਸ਼ਕਤੀ (Power) ਦੇ ਝਗੜੇ ਸਨ ਅਤੇ ਉਦੋਂ ਪ੍ਰੋਟੈਸਟੈਂਟ ਧਰਮ ਨੇ ਇੱਕ ਨਵੀਂ ਯੋਜਨਾ ਨੂੰ ਰੱਖਿਆ। ਇਸ ਦੇ ਅਨੁਸਾਰ ਰਾਜ ਵਿੱਚ ਕਈ ਘੱਟ ਗਿਣਤੀ ਦੇ ਧਾਰਮਿਕ ਸਮੂਹਾਂ ਦਾ ਜਨਮ ਹੋਇਆ। ਹੌਲੀ-ਹੌਲੀ ਧਰਮ ਅਤੇ ਰਾਜ ਦੇ ਝਗੜਿਆ ਨੂੰ ਯੂਰਪ ਨੇ ਸੁਲਝਾਇਆ ਅਤੇ ਤਾਂ ਉਥੇ ਇਹ ਨਿਸ਼ਚਿਤ ਕੀਤਾ ਗਿਆ ਕਿ ਚਰਚ ਦਾ ਅਸਤਿੱਤਵ ਰਾਜ ਤੋਂ ਵੱਖ ਹੋਵੇਗਾ ਅਤੇ ਸਾਰੇ ਧਰਮਾਂ ਦੇ ਲੋਕਾਂ ਨੂੰ ਬਰਾਬਰ ਨਾਗਰਿਕਤਾ ਪ੍ਰਦਾਨ ਕੀਤੀ ਗਈ।

ਭਾਰਤ ਤੋਂ ਇਲਾਵਾ ਦੱਖਣ ਏਸ਼ੀਆ ਵਿੱਚ ਵੀ ਧਾਰਮਿਕ ਅਲਪ-ਸੰਖਿਅਕਾਂ ਦੀ ਸਥਿਤੀ ਮੁਸ਼ਕਿਲ ਦੀ ਘੜੀ ਵਿੱਚ ਚਲ ਰਹੀ ਸੀ। ਚੀਨ ਵਿੱਚ ਕਨਫਿਊਸ਼ਿਅਸ ਧਰਮ ਦੇ ਲੋਕਾਂ ਨੂੰ ਉੱਚਾ ਸਥਾਨ ਦਿੱਤਾ ਜਾਂਦਾ ਹੈ ਅਤੇ ਉੱਥੇ ਮਹਾਂਯਾਨ ਬੋਧਾਂ ਨੂੰ ਹਾਸ਼ੀਏ 'ਤੇ ਲਗਾ ਦਿੱਤਾ ਗਿਆ ਹੈ। ਕੁਝ ਅਜਿਹੀ ਹੀ ਸਥਿਤੀ ਸਿੰਗਾਪੁਰ ਅਤੇ ਥਾਈਲੈਂਡ ਵਿੱਚ ਹੈ। ਜਿੱਥੇ ਹਿੰਦੂ ਬਹੁ-ਸੰਖਿਅਕ ਹਨ। ਪਰ ਮੁਸਲਮਾਨ, ਸਿੱਖ, ਅਤੇ ਕੁਝ ਥੋੜੇ ਪਾਰਸੀ ਵੀ ਹਨ। ਪਾਕਿਸਤਾਨ ਅਤੇ ਬੰਗਲਾਦੇਸ਼ ਵਿੱਚ ਹਿੰਦੂ ਧਰਮਾਂ ਦੇ ਲੋਕ ਅਲਪ-ਸੰਖਿਅਕ ਹਨ।ਈਸਾਈ ਲੋਕ ਦੱਖਣ-ਪੂਰਬ ਏਸ਼ੀਆ ਵਿੱਚ ਅਲਪ-ਸੰਖਿਅਕ ਹਨ। ਇਸ ਦਾ ਕੇਵਲ ਇੱਕ ਅਪਵਾਦ ਫਿਲਿਪੀਨਜ਼ ਹੈ, ਜਿੱਥੇ ਰੋਮਨ ਕੈਥੋਲਿਕ ਧਰਮ ਦੇ ਲੋਕ ਬਹੁਮਤ ਵਿੱਚ ਹਨ। ਸ੍ਰੀਲੰਕਾ ਵਿੱਚ ਈਸਾਈ ਅਲਪ-ਸੰਖਿਅਕ ਹਨ। ਅਤੇ ਉਨ੍ਹਾਂ ਲਈ ਵੀ ਹਰ ਰੋਜ਼ ਮੁਸ਼ਕਲਾਂ ਆਉਂਦੀਆਂ ਹੀ ਰਹਿੰਦੀਆਂ ਹਨ। ਜਦੋਂ ਅਸੀਂ ਅਲਪ-ਸੰਖਿਅਕਾਂ ਦੀ ਚਰਚਾ ਕਰਦੇ ਹਾਂ, ਉਦੋਂ ਸਮੱਸਿਆ ਧਰਮ ਦੀ ਆਉਂਦੀ ਹੈ। ਉਹ ਧਾਰਮਿਕ ਸਮੂਹ ਜੋ ਗਿਣਤੀ ਦੀ ਨਿਗ੍ਹਾ ਵਿੱਚ ਛੋਟਾ ਹੈ, ਉਹ ਮੁਸ਼ਕਿਲ ਵਿੱਚ ਘਿਰ ਜਾਂਦਾ ਹੈ। ਇਨ੍ਹਾਂ ਸਥਿਤੀਆਂ ਨੂੰ ਦੇਖ ਕੇ ਘੱਟ ਤੋਂ ਘੱਟ ਦੱਖਣ ਏਸ਼ੀਆ ਵਿੱਚ ਤਾਂ ਧਾਰਮਿਕ ਅਲਪ-ਸੰਖਿਅਕ ਸਮੂਹਾਂ ਦੀਆਂ ਮੁਸ਼ਕਲਾਂ ਬਹੁਤ ਜ਼ਿਆਦਾ ਹਨ।

### 8.4.7 ਧਾਰਮਿਕ ਘੱਟ ਗਿਣਤੀ ਸਮੂਹਾਂ ਦਾ ਅਰਥ

ਭਾਰਤੀ ਸੰਵਿਧਾਨ ਵਿੱਚ ਅਲਪ-ਸੰਖਿਅਕ ਸਮੂਹਾਂ ਦੀ ਕਿਤੇ ਵੀ ਪਰਿਭਾਸ਼ਾ ਨਹੀਂ ਹੈ। ਰਾਜਨੀਤੀ ਸ਼ਾਸਤਰ ਵਿੱਚ ਅਲਪ-ਸੰਖਿਅਕਾਂ ਨੂੰ ਉਨ੍ਹਾਂ ਦੀ ਸੰਖਿਆ ਦੇ ਆਧਾਰ 'ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਇੱਕ ਅਨੁਰੂਪ (Relative) ਵਿਸ਼ਾ ਹੈ।

ਨੋਟ

ਉਦਾਹਰਣ ਲਈ ਇੱਕ ਸਮੂਹ ਕਿਸੇ ਇੱਕ ਰਾਜ ਵਿੱਚ ਅਲਪ-ਸੰਖਿਅਕ ਹੈ ਪਰ ਦੂਜੇ ਰਾਜ ਵਿੱਚ ਉਹ ਬਹੁ-ਸੰਖਿਅਕ ਵਿੱਚ ਹੋ ਸਕਦੇ ਹਨ। ਜੰਮੂ ਅਤੇ ਕਸ਼ਮੀਰ ਵਿੱਚ ਮੁਸਲਮਾਨ ਬਹੁ-ਸੰਖਿਅਕ ਹਨ। ਪਰ ਗੁਜਰਾਤ ਅਤੇ ਰਾਜਸਥਾਨ ਵਿੱਚ ਇਹ ਅਲਪ-ਸੰਖਿਅਕ ਹਨ, ਹਿੰਦੂ ਉੱਤਰ ਪ੍ਰਦੇਸ਼ ਜਾਂ ਮਹਾਰਾਸ਼ਟਰ ਵਿੱਚ ਬਹੁ-ਸੰਖਿਅਕ ਹਨ। ਜਦੋਂ ਕਿ ਜੰਮੂ ਅਤੇ ਕਸ਼ਮੀਰ ਅਤੇ ਇਸੇ ਤਰ੍ਹਾਂ ਮਿਜ਼ੋਰਮ, ਮਣੀਪੁਰ ਅਤੇ ਨਾਗਾਲੈਂਡ ਵਿੱਚ ਓਹ ਅਲਪ-ਸੰਖਿਅਕ ਹਨ। ਹੁਣ ਕੁਝ ਸਮੇਂ ਪਹਿਲਾਂ ਰਾਜ ਦੀ ਉੱਚ ਅਦਾਲਤ ਨੇ ਇੱਕ ਫ਼ੈਸਲਾ ਦਿੱਤਾ ਹੈ, ਇਸ ਦੇ ਅਨੁਸਾਰ ਅਲਪ-ਸੰਖਿਅਕ ਸਮੂਹ ਰਾਜ ਦੇ ਬਹੁ-ਸੰਖਿਅਕ ਸਮੂਹਾਂ ਦੀ ਤੁਲਨਾ ਵਿੱਚ ਆਕਾਰ ਵਿੱਚ ਛੋਟੇ ਹੁੰਦੇ ਹਨ। ਅਲਪ-ਸੰਖਿਅਕ ਸਮੂਹਾਂ ਦੇ ਕਈ ਆਯਾਮ ਹਨ। ਇਨ੍ਹਾਂ ਦਾ ਆਯਾਮ ਧਰਮ ਹੈ। ਧਰਮ ਤੋਂ ਇਲਾਵਾ ਭਾਸ਼ਾ ਨੂੰ ਵੀ ਇੱਕ ਮਹੱਤਵਪੂਰਨ ਲੱਛਣ ਸਮਝਿਆ ਜਾਂਦਾ ਹੈ।

ਸਾਡੇ ਦੇਸ਼ ਵਿੱਚ ਪਿਛਲੇ ਕੁੱਝ ਸਾਲਾਂ ਵਿਚ ਇੱਕ ਨਵਾਂ ਦੌਰ ਚੱਲਿਆ ਹੈ। ਧਰਮ ਦੇ ਆਧਾਰ 'ਤੇ ਕੁੱਝ ਸਮੂਹ ਅਲਪ-ਸੰਖਿਅਕ ਘੋਸ਼ਿਤ ਕੀਤੇ ਗਏ ਹਨ। ਇਸ ਦੀ ਤਾਜ਼ਾ ਉਦਾਹਰਣ ਜੈਨ ਧਰਮ ਦੇ ਲੋਕ ਹਨ। ਲਗਭਗ ਸਾਰੇ ਰਾਜਾਂ ਵਿੱਚ ਜੈਨ ਧਰਮ ਦੇ ਲੋਕਾਂ ਦੀ ਗਿਣਤੀ ਘੱਟ ਹੈ। ਜਦੋਂ ਇਹ ਘੋਸ਼ਣਾ ਵਿਆਪਕ ਹੋ ਜਾਵੇਗੀ, ਉਦੋਂ ਹਰੇਕ ਰਾਜ ਵਿੱਚ ਅਜਿਹੇ ਅੰਦੋਲਨ ਚੱਲਣਗੇ ਜਿਨ੍ਹਾਂ ਵਿੱਚ ਧਾਰਮਿਕ ਅਲਪ-ਸੰਖਿਅਕ ਆਪਣੇ ਆਪ ਲਈ ਅਲਪ-ਸੰਖਿਅਕ ਸਮੂਹ ਦਾ ਦਰਜਾ ਲੈਣ ਦਾ ਯਤਨ ਕਰਨਗੇ।

### 8.4.8 ਅਲਪ-ਸੰਖਿਅਕ ਸਮੂਹ: ਇਤਿਹਾਸਕ ਪ੍ਰਸ਼ਠਭੂਮੀ

ਭਾਰਤ ਵਿੱਚ ਅਲਪ-ਸੰਖਿਅਕ ਸਮੂਹ ਦੇ ਵਰਤਮਾਨ ਸੰਕਟ ਨੂੰ ਸਮਝਣ ਲਈ ਸਾਨੂੰ ਇਤਿਹਾਸ ਨੂੰ ਦੇਖਣਾ ਪਏਗਾ।ਸੰਨ 1920 ਦੇ ਸ਼ੁਰੂ ਤੋਂ ਲੈ ਕੇ 1935 ਤੱਕ ਸਾਡੇ ਇੱਥੇ ਅੰਗਰੇਜ਼ ਸਰਕਾਰ ਨੇ ਪ੍ਰਾਂਤਕ ਧਾਰਾ ਸਭਾਵਾਂ ਨੂੰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਜਦੋਂ ਇਸ ਪ੍ਰਕਿਰਿਆ ਨੇ ਤੇਜ਼ੀ ਪਕੜੀ ਉਦੋਂ ਹਿੰਦੂ ਮੁਸਲਿਮ ਸੰਮਪਰਦਾਏਵਾਦ ਉੱਭਰ ਕੇ ਸਾਹਮਣੇ ਆਇਆ। ਇਸ ਸੰਪਦਾਇਕਤਾ ਨੇ ਆਜ਼ਾਦੀ ਦੀ ਲੜਾਈ ਵਿੱਚ ਰੁਕਾਵਟ ਪੈਦਾ ਕਰ ਦਿੱਤੀ। ਉਪਨਿਵੇਸ਼ਵਾਦੀ ਸਰਕਾਰ ਨੂੰ ਅਜਿਹਾ ਲੱਗਿਆ ਕਿ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਆਪਸੀ ਵਿਸ਼ਵਾਸ ਨਹੀਂ ਹੈ। ਮੁਸਲਮਾਨਾਂ ਨੇ ਮੰਗ ਰੱਖੀ ਕਿ ਮੁਸਲਮਾਨਾਂ ਅਲਪ-ਸੰਖਿਅਕਾਂ ਲਈ ਵੱਖਰਾ ਨਿਰਵਾਚਨ ਖੇਤਰ (Seperate Electorate) ਘੋਸ਼ਿਤ ਹੋਣਾ ਚਾਹੀਦਾ ਹੈ। ਗੱਲ ਇਹ ਹੋਈ ਕਿ ਸਨ 1906 ਵਿੱਚ ਆਗਾ ਖਾਂ ਦੀ ਅਗਵਾਈ ਵਿੱਚ ਇੱਕ ਮੁਸਲਮਾਨ ਪ੍ਰਤੀਨਿਧੀ ਮੰਡਲ ਲਾਰਡ ਮਿੰਟੋ, ਜੋ ਗਵਰਨਰ ਜਨਰਲ ਸੀ, ਨੂੰ ਮਿਲਿਆ। ਮਿੰਟੋ ਨੇ ਇਸ ਪ੍ਰਤੀਨਿਧੀ ਮੰਡਲ ਦੀ ਮੰਗ ਸਵੀਕਾਰ ਕਰ ਲਈ।

ਪ੍ਰੰਤੂ ਮਿੰਟੋ ਦੀ ਇਸ ਸਵੀਕ੍ਰਿਤੀ ਨੂੰ ਲਾਰਡ ਮੋਰਲੇ, ਜੋ ਭਾਰਤ ਦੇ ਰਾਜ ਮੰਤਰੀ ਸਨ, ਸਵੀਕਾਰ ਨਹੀਂ ਕੀਤਾ। ਉਸ 'ਤੇ ਦਬਾਅ ਪਾਇਆ ਗਿਆ ਅਤੇ 1909 ਵਿੱਚ ਮੁਸਲਮਾਨਾਂ ਲਈ ਅਲੱਗ ਨਿਰਵਾਚਨ ਖੇਤਰ ਘੋਸ਼ਿਤ ਕਰ ਦਿੱਤਾ ਗਿਆ। ਇਸ ਦੇ ਅਨੁਸਾਰ ਰਾਖਵੇਂ ਸਥਾਨਾਂ 'ਤੇ ਕੇਵਲ ਮੁਸਲਮਾਨ ਹੀ ਵੋਟ ਪਾ ਸਕਦੇ ਸੀ। ਉਥੋਂ ਦੇ ਵੋਟ ਪਾਉਣ ਦੇ ਅਤਿਰਿਕਤ ਮੁਸਲਮਾਨਾਂ ਨੂੰ ਆਮ ਨਿਰਵਾਚਨ ਖੇਤਰਾਂ ਵਿੱਚ ਵੀ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ।

ਮੁਸਲਮਾਨਾਂ ਦੇ ਲਈ ਅਲੱਗ ਨਿਰਵਾਚਨ ਖੇਤਰ ਦਾ ਇਹ ਵਿਵਾਦ ਅੱਗੇ ਵੀ ਚੱਲਿਆ। ਸੰਨ 1916 ਵਿੱਚ ਲਖਨਊ ਪੂਨਾ ਐਕਟ ਹੋਇਆ ਅਤੇ ਇਸ ਨੇ ਵੱਖਰੇ ਮੁਸਲਿਮ ਨਿਰਵਾਚਨ ਖੇਤਰ ਨੂੰ ਸਵੀਕਾਰ ਕਰ ਲਿਆ। ਸੰਨ 1919 ਵਿੱਚ ਇਹ ਮੰਗ ਵੀ ਆਈ ਕਿ ਮੁਸਲਮਾਨਾਂ ਦੀ ਤਰ੍ਹਾਂ ਸਿੱਖਾਂ ਨੂੰ ਵੀ ਵੱਖਰਾ ਚੋਣ ਹਲਕਾ ਦੇ ਦਿੱਤਾ ਜਾਵੇ। ਜਦੋਂ 1947 ਵਿੱਚ ਭਾਰਤ ਦੀ ਵੰਡ ਹੋਈ ਉਦੋਂ ਇਸ ਦੇ ਪਿੱਛੇ ਜੋ ਬਹੁਤ ਵੱਡਾ ਸਿਧਾਂਤ ਸੀ, ਉਹ ਇਹ ਕਿ ਹਿੰਦੂਆਂ ਦੇ ਲਈ ਵੱਖਰਾ ਰਾਸ਼ਟਰ ਬਣੇ ਅਤੇ ਮੁਸਲਮਾਨਾਂ ਦੇ ਲਈ ਵੱਖਰਾ।ਜਿੱਨਾਹ ਦੇ ਇਸ ਸਿਧਾਂਤ ਨੂੰ ਦੋ ਰਾਸ਼ਟਰਾਂ ਦਾ ਸਿਧਾਂਤ (Two Nation Theory) ਕਹਿੰਦੇ ਹਨ। ਪਾਕਿਸਤਾਨ ਬਣ ਗਿਆ, ਅਤੇ ਇੱਥੋਂ ਦੇ ਜੋ ਮੁਸਲਮਾਨ ਉਥੇ ਜਾਣਾ ਚਾਹੁੰਦੇ ਸਨ, ਚਲੇ ਗਏ, ਉਥੋਂ ਜੋ ਹਿੰਦੂ ਭਾਰਤ ਆਉਣਾ ਚਾਹੁੰਦੇ ਸਨ, ਆ ਗਏ। ਇਸ ਮੌਕੇ 'ਤੇ ਮੁਸਲਿਮ ਅਲਪ-ਸੰਖਿਅਕਾਂ ਦੀ ਸਥਿਤੀ ਉੱਤੇ ਚੇਸਟਰ ਬਾਲਸ (Chester Bowles) ਨੇ ਇਕ ਬਹੁਤ ਵਧੀਆ ਟਿੱਪਣੀ ਕੀਤੀ:

ਜਵਾਹਰ ਲਾਲ ਨਹਿਰੂ ਦੀ ਇਹ ਬਹੁਤ ਵੱਡੀ ਦੇਣ ਹੈ ਕਿ ਓਨਾਂ ਨੇ ਭਾਰਤ ਦੇ ਲਈ ਧਰਮ ਨਿਰਪੱਖ ਰਾਜ ਦੀ ਘੋਸ਼ਣਾ ਕੀਤੀ ਹੈ। ਇਹ ਘੋਸ਼ਣਾ ਓਨਾਂ ਸਾਢੇ ਚਾਰ ਕਰੋੜ ਮੁਸਲਮਾਨਾਂ ਦੇ ਹਿੱਤ ਵਿੱਚ ਹੋਈ ਜੋ ਪਾਕਿਸਤਾਨ ਨਾ ਜਾ ਕੇ ਹਿੰਦੁਸਤਾਨ ਵਿੱਚ ਇੱਕ ਸ਼ਾਂਤੀ ਪੂਰਵਕ ਜੀਵਨ ਬਿਤਾਉਣਗੇ ਅਤੇ ਆਪਣੇ ਮਨ ਮੁਤਾਬਿਕ ਇਬਾਦਤ ਕਰਨਗੇ।

ਨੋਟ

ਪ੍ਰੰਤੂ ਇਸ ਸਥਿਤੀ ਵਿਚ ਪਹੁੰਚ ਕੇ ਰਾਜ ਧਰਮ ਵਿਚ ਹਸਤਖੇਪ ਵੀ ਕਰ ਸਕਦਾ ਹੈ।ਆਮ ਲੋਕਾਂ ਦੇ ਸਰਵਜਨਿਕ ਸਵਾਸਥ ,ਉਹਨਾਂ ਦੀ ਸੁਰੱਖਿਆ ਅਤੇ ਸਰਵਜਨਿਕ ਨੈਤਿਕਤਾ ਦੇ ਕਾਰਨ ਰਾਜ ਕਿਸੇ ਵੀ ਧਰਮ ਵਿੱਚ ਦਖਲ ਦੇ ਸਕਦਾ ਹੈ। ਉਦਾਹਰਨ ਦੇ ਲਈ ਜਦੋਂ ਕਿਸੇ ਦੇਵੀ-ਦੇਵਤਾ ਨੂੰ ਪਸ਼ੂ ਬਲੀ ਦਿੱਤੀ ਜਾਂਦੀ ਹੈ ਤਾਂ ਰਾਜ ਹਸਤਖੇਪ ਕਰ ਸਕਦਾ ਹੈ। ਭਾਵੇਂ ਸਾਰੀਆਂ ਧਾਰਮਿਕ ਸੰਪਰਦਾਵਾਂ ਇਸ ਬਲੀ ਨੂੰ ਧਾਰਮਿਕ ਰੂਪ ਵਿੱਚ ਜਰੂਰੀ ਸਮਝਦੀਆਂ ਹੋਣ। ਪ੍ਰੰਤੂ ਰਾਜ ਦੇ ਧਰਮ ਵਿੱਚ ਹਸਤਖੇਪ ਕਰਨ ਦੇ ਅਧਿਕਾਰ ਬਹੁਤ ਘੱਟ ਹਨ ਅਤੇ ਸੀਮਿਤ ਹਨ।

2. **ਨਾਗਰਿਕਤਾ** (Citizenship)

ਨਾਗਰਿਕਤਾ ਵਿਅਕਤੀ ਅਤੇ ਰਾਜ ਦੇ ਸੰਬੰਧਾਂ ਨੂੰ ਨਿਰਧਾਰਿਤ ਕਰਦੀ ਹੈ।ਰਾਜ ਦੀ ਦ੍ਰਿਸ਼ਟੀ ਵਿੱਚ ਕੋਈ ਵੀ ਵਿਅਕਤੀ ਨਾ ਹਿੰਦੂ ਅਤੇ ਨਾ ਮੁਸਲਮਾਨ ਹੈ।ਉਸ ਦੇ ਲਈ ਤਾਂ ਇਹ ਸਿਰਫ਼ ਨਾਗਰਿਕ ਹੈ।ਜਦੋਂ ਰਾਜ ਨਾਗਰਿਕਤਾ ਦੇ ਸੰਬੰਧਾਂ ਨੂੰ ਨਿਰਧਾਰਿਤ ਕਰਦਾ ਹੈ ਤਾਂ ਇਸ ਵਿੱਚ ਧਰਮ ਦੀ ਕੋਈ ਭੂਮਿਕਾ ਨਹੀਂ ਹੁੰਦੀ।ਰਾਜ ਦੇ ਜੋ ਵੀ ਕਰਤੱਵ ਜਾ ਅਧਿਕਾਰ ਹਨ, ਉਨ੍ਹਾਂ ਉੱਤੇ ਵਿਅਕਤੀ ਦੇ ਧਰਮ ਅਤੇ ਵਿਸ਼ਵਾਸ ਦਾ ਕੋਈ ਅਸਰ ਨਹੀਂ ਪੈਦਾ।

3. **ਰਾਜ ਅਤੇ ਧਰਮ ਦਾ ਵੱਖਰਾ ਪਨ** (Seperation of State and Religion)

ਰਾਜ ਅਤੇ ਧਰਮ ਦੇ ਦੋ ਵੱਖ ਵੱਖ ਕਿਰਿਆ ਖੇਤਰ ਹਨ ਅਤੇ ਇਨ੍ਹਾਂ ਦੋਵਾਂ ਦਾ ਕੋਈ ਸਬੰਧ ਨਹੀਂ ਹੈ।ਰਾਜ ਦੇ ਆਪਣੇ ਨਿਯਮ ਹਨ, ਕਾਨੂੰਨ ਹਨ ਅਤੇ ਇਸ ਦੇ ਅਨੁਸਾਰ ਇਹ ਆਪਣਾ ਕੰਮ ਕਰਦਾ ਹੈ ਅਤੇ ਉਸੇ ਤਰਾ ਧਰਮ ਦਾ ਵੀ ਇਕ ਨਿਸ਼ਚਿਤ ਕਾਰਜ ਖੇਤਰ ਹੈ, ਉਸ ਦੇ ਆਪਣੇ ਤਰੀਕੇ ਹਨ ਅਤੇ ਇਨ੍ਹਾਂ ਮੁਤਾਬਿਕ ਇਹ ਚਲਦਾ ਹੈ। ਇਹ ਰਾਜ ਦਾ ਕੰਮ ਨਹੀਂ ਹੈ ਕਿ ਇਹ ਧਰਮ ਨੂੰ ਉਤਸਾਹਿਤ ਕਰੇ, ਉਸ ਨੂੰ ਆਦੇਸ਼ ਦੇਵੇ ਜਾਂ ਨਿਯਮਿਤ ਕਰੇ।ਭਾਰਤ ਵਿਚ ਰਾਜ ਅਤੇ ਧਰਮ ਇਕ ਦਮ ਅਜ਼ਾਦ ਹਨ। ਜੇਕਰ ਯੂਰਪ ਦੇ ਸੰਦਰਭ ਵਿੱਚ ਕਹੀਏ ਤਾਂ ਜਿਸ ਤਰਾਂ ਉਥੇ **ਇਕ ਅਜ਼ਾਦ ਰਾਜ ਵਿਚ ਅਜ਼ਾਦ ਧਰਮ** (A free Church in a Free State) ਦਾ ਮੁਹਾਵਰਾ ਸਾਡੇ ਇੱਥੇ ਵੀ ਲਾਗੂ ਹੁੰਦਾ ਹੈ।

ਭਾਰਤ ਵਿੱਚ ਧਰਮ ਨਿਰਪੱਖਤਾ ਦੀ ਵਿਆਖਿਆ ਆਪਸ ਵਿੱਚ ਜੁੜੇ ਹੋਏ ਤਿੰਨਾਂ ਤੱਤਾਂ ਦੇ ਆਧਾਰ ਤੇ-ਅਜ਼ਾਦ ਧਰਮ, ਨਾਗਰਿਕਤਾ ਅਤੇ ਰਾਜ ਅਤੇ ਧਰਮ ਦਾ ਵੱਖਰਾਪਨ ਹੋਣਾ ਚਾਹੀਦਾ ਹੈ। ਇੱਥੇ ਇਹ ਕਹਿਣਾ ਜ਼ਰੂਰੀ ਹੈ ਕਿ ਅਸੀਂ ਉੱਪਰ ਭਾਰਤੀ ਧਰਮ ਨਿਰਪੱਖਤਾ ਦੀ ਜੋ ਵਿਆਖਿਆ ਕੀਤੀ ਹੈ ਉਹ ਵੇਬਰ ਦੀ ਅਵਧਾਰਣਾ ਵਿੱਚ ਸਿਰਫ਼ ਇੱਕ **ਆਦਰਸ਼ ਪ੍ਰਾਰੂਪ** (Ideal Type) ਮਾਤਰ ਹੈ। ਵਿਵਹਾਰ ਜੀਵਨ ਵਿੱਚ ਤਾਂ ਕਈ ਅਜਿਹਾਆਂ ਘਟਨਾਵਾਂ ਹੁੰਦੀਆਂ ਹਨ, ਜਿਨਾਂ ਵਿੱਚ ਰਾਜ ਦਾ ਧਰਮ ਵਿੱਚ ਦਖਲ ਹੁੰਦਾ ਹੈ। ਸਾਡੇ ਇੱਥੇ ਕਈ ਵਾਰ ਜੋ ਰਾਜਨੀਤਕ ਦੰਗੇ ਹੁੰਦੇ ਹਨ ਉਨ੍ਹਾਂ ਦੇ ਪਿੱਛੇ ਰਾਜਨੀਤਕ ਦਲਾਂ ਦਾ ਰਾਜਨੀਤੀਕਰਨ ਹੁੰਦਾ ਹੈ। ਇਨ੍ਹਾਂ ਤਿੰਨਾਂ ਤੱਤਾਂ ਦਾ ਸੰਬੰਧ ਰਾਸ਼ਟਰ ਨਿਰਮਾਣ ਦੀ ਕਿਰਿਆ ਨੂੰ ਚਲਾਉਂਦਾ ਹੈ। ਰਾਸ਼ਟਰ ਨਿਰਮਾਣ ਦੀ ਇਹ ਕਿਰਿਆ ਇੱਕ ਲੰਮੀ ਪ੍ਰਕਿਰਿਆ ਹੈ ਅਤੇ ਸਾਲਾਂ ਤੱਕ ਚਲਦੀ ਰਹਿੰਦੀ ਹੈ।

### 8.4.16 ਧਰਮ ਪਰਿਵਰਤਨ

ਧਰਮ ਦੇ ਖੇਤਰ ਵਿੱਚ ਸਾਡੇ ਦੇਸ਼ ਵਿੱਚ ਪਿਛਲੇ ਕਈ ਦਿਨਾਂ ਤੋਂ ਹਿਲ-ਜੁਲ ਹੋ ਰਹੀ ਹੈ। ਇਹ ਕਿਹਾ ਜਾਂਦਾ ਹੈ ਕਿ ਈਸਾਈ ਮਿਸ਼ਨਰੀ ਆਦੀ ਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਈਸਾਈ ਬਣਾ ਰਹੇ ਹਨ ਅਤੇ ਈਸਾਈਆਂ ਦਾ ਕਹਿਣਾ ਹੈ ਕਿ ਦੋਵੇਂ ਪ੍ਰਕਿਰਿਆਵਾਂ ਆਦੀ ਵਾਸੀਆਂ ਦੇ ਸਿਰ 'ਤੇ ਚੜ੍ਹ ਗਈਆਂ ਹਨ। ਇੱਕ ਧਾਰਮਿਕ ਸੰਪਰਦਾ ਉਨ੍ਹਾਂ ਨੂੰ ਈਸਾਈ ਬਣਾ ਰਹੀ ਹੈ ਅਤੇ ਦੂਜੀ ਹਿੰਦੂ। ਕੁਝ ਵੀ ਹੋਵੇ ਇਨ੍ਹਾਂ ਆਦੀਵਾਸੀਆਂ ਨੇ ਆਪਣੀ ਪਹਿਚਾਣ ਤਾਂ ਖੋਣੀ ਹੀ ਹੈ। ਇਸ ਤੋਂ ਅੱਗੇ ਇੱਥੇ ਅਜਿਹਾ ਵੀ ਹੋਇਆ ਹੈ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਅਛੂਤਾਂ ਨੇ ਬੁੱਧ ਧਰਮ ਨੂੰ ਅਪਣਾ ਲਿਆ ਹੈ। ਇਹ ਵੀ ਸੁਣਿਆ ਗਿਆ ਹੈ ਕਿ ਨਿਮਨ ਮੁਸਲਮਾਨਾਂ ਨੂੰ ਹਿੰਦੂ ਬਣਾਇਆ ਜਾ ਰਿਹਾ ਹੈ। ਕੁਲ ਮਿਲਾ ਕੇ ਸਾਡੇ ਦੇਸ਼ ਵਿੱਚ ਧਰਮ ਪਰਿਵਰਤਨ ਦੀ ਪ੍ਰਕਿਰਿਆ ਕਦੇ ਪ੍ਰਗਟ ਹੋ ਕੇ ਚਲਦੀ ਹੈ, ਅਤੇ ਕਦੇ ਗੁਪਤ ਹੋ ਕੇ।

ਜਦੋਂ ਅਸੀਂ ਧਰਮ ਪਰਿਵਰਤਨ ਦੀ ਗੱਲ ਕਰਦੇ ਹਾਂ ਤਾਂ ਦੋ ਵਿਸ਼ੇ ਸਾਡੇ ਸਾਹਮਣੇ ਆਉਂਦੇ ਹਨ। ਪਹਿਲਾ ਵਿਸ਼ਾ 'ਧਰਮ ਪਰਿਵਰਤਨ' (Conversion) ਦਾ ਹੈ ਅਤੇ ਦੂਜਾ ਵਿਸ਼ਾ **'ਧਰਮ ਪ੍ਰਚਾਰ'** (Proselytization) ਦਾ ਹੈ। **'ਧਰਮ ਪਰਿਵਰਤਨ ਇੱਕ ਧਰਮ ਨੂੰ ਛੱਡ ਕੇ ਦੂਜੇ ਧਰਮ ਨੂੰ ਅਪਣਾਉਣਾ ਹੁੰਦਾ ਹੈ। ਇਸ ਧਰਮ ਪਰਿਵਰਤਨ ਵਿੱਚ ਦਿਲ (ਹਿਰਦੇ) ਤੋਂ**

ਨੋਟ

ਪਰਿਵਰਤਨ ਜ਼ਰੂਰੀ ਹੈ।' ਵਿਅਕਤੀ ਦੂਜੇ ਦੇ ਧਰਮ ਤੋਂ ਪ੍ਰਭਾਵਿਤ ਹੁੰਦਾ ਹੈ, ਉਸ ਵਿੱਚ ਆਤਮ ਜੋਤੀ ਪ੍ਰਵੇਸ਼ ਕਰਦੀ ਹੈ ਅਤੇ ਉਸ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਇਹ ਨਵਾਂ ਧਰਮ ਉਸ ਨੂੰ ਮੁਕਤੀ ਦੇ ਦੇਵੇਗਾ। ਇਸ ਨੂੰ ਧਰਮ ਪਰਿਵਰਤਨ ਕਹਿੰਦੇ ਹਨ। ਦੂਜਾ ਵਿਸ਼ਾ 'ਧਰਮ ਪ੍ਰਚਾਰ' ਦਾ ਹੈ। ਇਸ ਵਿੱਚ ਵਿਅਕਤੀ ਦੂਜੇ ਧਰਮ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੁੰਦਾ ਹੈ, ਉਸ ਦੇ ਬਾਹਰਲੇ ਚਿੰਨ੍ਹਾਂ ਨੂੰ ਅਪਣਾ ਲੈਂਦਾ ਹੈ ਅਤੇ ਇਸ ਤਰ੍ਹਾਂ ਉਹ ਦੂਜੇ ਧਰਮ ਨੂੰ ਸਵੀਕਾਰ ਕਰ ਲੈਂਦਾ ਹੈ। ਇਹ ਧਰਮ ਪਰਿਵਰਤਨ ਤਾਂ ਹੈ ਪ੍ਰੰਤੂ ਇਸ ਵਿੱਚ ਅਧਿਆਤਮਕ ਜਾਗ੍ਰਿਤੀ ਨਹੀਂ ਆਉਂਦੀ। ਇਸ ਕਰਕੇ ਇਸ ਨੂੰ ਧਰਮ ਪ੍ਰਚਾਰ ਕਹਿੰਦੇ ਹਨ।

### 8.4.17 ਧਰਮ ਪਰਿਵਰਤਨ ਦੀ ਇਤਿਹਾਸਿਕਤਾ

ਧਰਮ ਪਰਿਵਰਤਨ ਦਾ ਇਤਿਹਾਸ ਸੰਨ 1705 ਤੋਂ ਸ਼ੁਰੂ ਹੋਇਆ। ਬ੍ਰਿਟਿਸ਼ ਕਾਲ ਵਿੱਚ ਭਾਰਤ ਵਿੱਚ ਕੈਥੋਲਿਕ ਮਿਸ਼ਨਰੀ ਕੰਮ ਕਰਨ ਲਈ ਸਾਡੇ ਇੱਥੇ ਆਏ। ਉਸ ਸਮੇਂ ਈਸਟ ਇੰਡੀਆ ਕੰਪਨੀ ਇੱਕ ਕਾਰੋਬਾਰੀ ਕੰਪਨੀ ਸੀ। ਉਨ੍ਹਾਂ ਦੀ ਇਹ ਨੀਤੀ ਸੀ ਕਿ ਉਹ ਦੇਸ਼ ਦੇ ਧਾਰਮਿਕ ਜੀਵਨ ਵਿੱਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕਰੇਗੀ। ਉਹ ਧਰਮ ਮਾਮਲੇ ਵਿੱਚ ਨਿਰਪੱਖ ਸੀ। ਹੌਲੀ-ਹੌਲੀ ਈਸਾਈ ਧਰਮ ਵਾਲਿਆਂ ਨੇ ਧਰਮ ਪਰਿਵਰਤਨ ਸ਼ੁਰੂ ਕਰ ਦਿੱਤਾ ਅਤੇ ਜਦੋਂ 1662 ਵਿੱਚ ਬ੍ਰਿਟਿਸ਼ ਸਰਕਾਰ ਨੇ ਇਹ ਘੋਸ਼ਿਤ ਕੀਤਾ ਕਿ ਸਥਾਨਕ ਲੋਕਾਂ ਦਾ ਕੋਈ ਜਬਰਦਸਤੀ ਧਰਮ ਬਦਲਿਆ ਨਹੀਂ ਜਾਵੇਗਾ ਅਤੇ ਆਦੀ ਵਾਸੀ ਜੀਵਨ ਵਿੱਚ ਕੋਈ ਦਖਲ ਅੰਦਾਜ਼ੀ ਨਹੀਂ ਕੀਤੀ ਜਾਵੇਗੀ, ਤਾਂ ਇਹ ਵੀ ਕਿਹਾ ਗਿਆ ਕਿ ਹਿੰਦੂ ਖੇਤਰਾਂ ਵਿੱਚ ਗਊ-ਹੱਤਿਆ ਨਹੀਂ ਹੋਵੇਗੀ। ਪ੍ਰੰਤੂ 1705 ਵਿੱਚ ਸਰਕਾਰ ਅਤੇ ਈਸਾਈ ਮਿਸ਼ਨਾਂ ਦੇ ਸੰਬੰਧ ਇੱਕ ਨਿਰਣਾਇਕ ਹਾਲਤ ਵਿੱਚ ਪਹੁੰਚ ਗਏ। ਦੇਖਿਆ ਜਾਵੇ ਤਾਂ ਸਰਕਾਰ ਦੀ ਮਿਸ਼ਨਰੀ ਦਾ ਕੰਮਕਾਰਾਂ ਦੇ ਪ੍ਰਤੀ ਨਜ਼ਰੀਆ ਇਕ ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿੱਚ ਵੱਖ ਸੀ। ਕਿਤੇ ਤਾਂ ਇਹ ਸਮਝਿਆ ਜਾਂਦਾ ਸੀ ਕਿ ਈਸਾਈ ਮਿਸ਼ਨਰੀ ਦਾ ਕੰਮ ਇੱਕ ਚੰਗਾ ਕੰਮ ਹੈ ਅਤੇ ਉਹ ਪ੍ਰਤੱਖ-ਅਪ੍ਰਤੱਖ ਰੂਪ ਵਿੱਚ ਅੰਗਰੇਜ਼ਾਂ ਦੇ ਹੱਕਾਂ ਨੂੰ ਵਧਾਵਾ ਦਿੰਦੇ ਹਨ। ਅਜਿਹਾ ਦ੍ਰਿਸ਼ਟੀਕੋਣ **ਸਕਾਰਾਤਮਕ** (Positive) ਸੀ। ਇੱਕ ਦੂਜਾ ਦ੍ਰਿਸ਼ਟੀਕੋਣ ਇਹ ਵੀ ਸੀ ਕਿ ਈਸਾਈ ਮਿਸ਼ਨਰੀ ਇੱਥੋਂ ਦੀ ਧਾਰਮਿਕ ਸਥਿਤੀ ਵਿੱਚ ਗੜਬੜ ਕਰ ਰਹੇ ਸਨ ਅਤੇ ਇਸ ਲਈ ਉਨ੍ਹਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ। ਇਹ ਦ੍ਰਿਸ਼ਟੀਕੋਣ **ਨਕਾਰਾਤਮਕ** (Negative) ਸੀ।

ਸੰਨ 1813 ਵਿੱਚ ਇਹ ਤੈਅ ਕੀਤਾ ਗਿਆ ਕਿ ਮਿਸ਼ਨਰੀਆਂ ਦਾ ਇਹ ਕਾਨੂੰਨੀ ਅਧਿਕਾਰ ਹੈ ਕਿ ਓਹ ਬ੍ਰਿਟਿਸ਼ ਭਾਰਤ ਵਿੱਚ ਪ੍ਰਵੇਸ਼ ਕਰਨ ਅਤੇ ਅਜਿਹਾ ਕਰਨ ਲਈ ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਤੋਂ ਲਾਈਸੈਂਸ ਪ੍ਰਾਪਤ ਹੋਵੇਗਾ। ਲਾਈਸੈਂਸ ਦੇਣ ਦੇ ਅਧਿਕਾਰ ਨਾਲ ਇਨ੍ਹਾਂ ਮਿਸ਼ਨਰੀਆਂ 'ਤੇ ਸਰਕਾਰ ਦਾ ਕਬਜ਼ਾ ਹੋ ਜਾਵੇਗਾ। ਇਹ ਨੀਤੀ ਚਲਦੀ ਰਹੀ ਅਤੇ ਬਾਅਦ ਵਿੱਚ ਜਾ ਕੇ ਸਥਾਨਕ ਦਬਾਅ ਦੇ ਕਾਰਣ ਇਸ ਨੀਤੀ ਵਿੱਚ ਬਦਲਾਓ ਕਰਨਾ ਪਿਆ। ਹੁਣ ਮਿਸ਼ਨਰੀਆਂ ਦੁਆਰਾ ਧਰਮ ਪਰਿਵਰਤਨ ਹੋਣ ਲੱਗਾ। ਜਦੋਂ ਧਰਮ ਪਰਿਵਰਤਨ ਦੀਆਂ ਘਟਨਾਵਾਂ ਜ਼ਿਆਦਾ ਹੋਣ ਲੱਗ ਪਈਆਂ ਤਾਂ ਇਹ ਪੂਰਾ ਮਸਲਾ ਇੱਕ ਵਿਵਾਦ ਬਣ ਗਿਆ। ਇਹ ਕਿਹਾ ਗਿਆ ਕਿ ਮਿਸ਼ਨਰੀ ਧਰਮ ਪ੍ਰਚਾਰ ਕਰਦੇ ਹਨ ਅਤੇ ਇਸ ਤੋਂ ਪ੍ਰਭਾਵਿਤ ਹੋ ਕੇ ਜਦੋਂ ਕੁੱਝ ਵਿਅਕਤੀ ਜਾਂ ਲੋਕ ਆਪਣਾ ਧਰਮ ਬਦਲ ਲੈਂਦੇ ਹਨ। ਤਾਂ ਉਨ੍ਹਾਂ ਦਾ ਅਧਿਕਾਰ ਹੈ। ਅੱਜ ਦੇ ਸੰਦਰਭ ਵਿੱਚ ਦੇਖੀਏ ਤਾਂ ਸੰਵਿਧਾਨ ਹਰੇਕ ਧਾਰਮਿਕ ਸੰਪਰਦਾਏ ਨੂੰ 'ਧਰਮ ਪ੍ਰਚਾਰ' (Propaganda) ਕਰਨ ਦਾ ਅਧਿਕਾਰ ਦਿੰਦਾ ਹੈ। ਇਹ ਧਾਰਮਿਕ ਉਪਦੇਸ਼ ਦੇਣ ਦਾ ਅਧਿਕਾਰ ਦਿੰਦਾ ਹੈ ਅਤੇ ਜਦੋਂ ਇਸ ਦੇ ਪ੍ਰਚਾਰ ਅਤੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਕੋਈ ਆਪਣਾ ਧਰਮ ਬਦਲਦਾ ਹੈ ਤਾਂ ਇਸ ਵਿੱਚ ਸੰਪਰਦਾਏ ਦਾ ਕੋਈ ਦੋਸ਼ ਨਹੀਂ ਹੈ। ਸਾਡੇ ਇੱਥੇ ਧਰਮ ਬਦਲਣ ਦਾ ਮਸਲਾ ਹਿੰਦੂ ਧਰਮ ਦੇ ਲੋਕਾਂ ਅਤੇ ਈਸਾਈਆਂ ਦੇ ਨਾਲ ਜੁੜਿਆ ਹੋਇਆ ਹੈ। ਬ੍ਰਿਟਿਸ਼ ਕਾਲ ਤੋਂ ਲੈ ਕੇ ਹੀ ਈਸਾਈ ਆਦੀਵਾਸੀਆਂ ਅਤੇ ਨਿਮਨ ਜਾਤਾਂ ਦਾ ਧਰਮ ਬਦਲਦੇ ਆ ਰਹੇ ਹਨ। ਹਾਲ ਹੀ ਵਿੱਚ, ਹਿੰਦੂ ਧਰਮ ਦੇ ਲੋਕ ਵੱਖ-ਵੱਖ ਸੰਗਠਨਾਂ ਦੇ ਮਾਧਿਅਮ ਨਾਲ ਧਾਰਮਿਕ ਪਰਿਵਰਤਨ ਨੂੰ ਰੋਕਣਾ ਚਾਹੁੰਦੇ ਹਨ।ਇਹ ਪਰਿਵਰਤਿਤ ਲੋਕਾਂ ਨੂੰ ਦੁਬਾਰਾ ਤੋਂ ਪਰਿਵਰਤਿਤ ਕਰਨਾ ਚਾਹੁੰਦੇ ਹਨ ਅਤੇ ਇੱਥੋਂ ਹੀ ਵਿਵਾਦ ਸ਼ੁਰੂ ਹੁੰਦਾ ਹੈ। ਹਿੰਦੂ ਧਰਮੀਆਂ ਦੀ ਸ਼ਿਕਾਇਤ ਹੈ ਕਿ ਈਸਾਈ ਧਰਮ ਵਾਸਤਵ ਵਿੱਚ ਇੱਕ ਵਿਦੇਸ਼ੀ ਧਰਮ ਹੈ ਅਤੇ ਇਸ ਲਈ ਇਸ ਦੇ ਦੁਆਰਾ ਕੀਤਾ ਗਿਆ ਧਾਰਮਿਕ ਪਰਿਵਰਤਨ ਭਾਰਤੀ ਸੱਭਿਆਚਾਰ ਨੂੰ ਛੱਡਣਾ ਹੈ। ਈਸਾਈ ਧਰਮੀ ਹਿੰਦੂਆਂ ਦੇ ਇਸ ਆਰੋਪ ਦਾ ਖੰਡਨ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੇਰਲ ਵਿੱਚ ਸੀਰੀਅਨ ਈਸਾਈ ਚਰਚ ਸਭ ਤੋਂ ਪੁਰਾਣਾ ਹੈ। ਉਥੇ ਇਹ ਧਰਮ ਯੂਰਪ ਦੇ ਈਸਾਈ ਧਰਮ ਤੋਂ ਵੀ ਪੁਰਾਣਾ ਹੈ ਅਤੇ ਇਸ ਲਈ ਈਸਾਈ ਧਰਮ ਭਾਰਤ ਦਾ ਜ਼ਮੀਨੀ ਧਰਮ ਹੈ, ਇੱਥੋਂ ਦਾ ਮੂਲ ਧਰਮ ਹੈ। ਦੂਜਾ ਖੰਡਨ ਇਹ ਹੈ ਕਿ ਈਸਾਈ ਧਰਮ ਪੱਛਮੀ ਸੱਭਿਅਤਾ

ਨੋਟ

ਨੂੰ ਸਥਾਨਕ ਲੋਕਾਂ 'ਤੇ ਥੋਪਦਾ ਨਹੀਂ ਹੈ। ਇਹ ਤਾਂ ਪੱਛਮੀ ਸਭਿਅਤਾ ਦਾ ਸਥਾਨੀਕਰਨ ਕਰਦਾ ਹੈ, ਸਭ ਤੋਂ ਵੱਡੀ ਗੱਲ ਇਹ ਹੈ ਕਿ ਈਸਾਈ ਧਰਮ ਭਾਰਤ ਵਿੱਚ ਕਦੇ ਵੀ ਸੰਪਰਦਾਇਕ ਝਗੜੇ ਨਹੀਂ ਕਰਵਾਉਂਦਾ। ਉਨ੍ਹਾਂ ਦਾ ਤਰਕ ਤਾਂ ਬਹੁਤ ਆਮ ਹੈ: **ਹਰੇਕ ਵਿਅਕਤੀ ਨੂੰ ਆਪਣੇ ਧਰਮ ਦੇ ਪ੍ਰਚਾਰ ਦਾ ਅਧਿਕਾਰ ਹੈ ਅਤੇ ਦੂਜੇ ਜਦੋਂ ਪ੍ਰਚਾਰ ਨਾਲ ਤਸੱਲੀ ਹੋ ਜਾਂਦੀ ਹੈ, ਉਦੋਂ ਉਨ੍ਹਾਂ ਨੂੰ ਆਪਣੇ ਧਾਰਮਿਕ ਵਿਸ਼ਵਾਸਾਂ ਨੂੰ ਬਦਲਣ ਦਾ ਅਧਿਕਾਰ ਹੈ।** ਸੀ.ਪੀ. ਮੈਥਿਊ ਨੇ ਇਸ ਪ੍ਰਕਾਰ ਦੇ ਧਰਮ ਪਰਿਵਰਤਨ ਦੇ ਲਈ ਇੱਕ ਦ੍ਰਿਸ਼ਟਾਂਤ ਦਿੱਤਾ ਹੈ। ਉਹ ਕਹਿੰਦੇ ਹਨ ਕਿ ਕਿਸੇ ਵੀ ਚੋਣ ਪ੍ਰਚਾਰ ਵਿੱਚ ਇੱਕ ਰਾਜਨੀਤਕ ਦਲ ਦੇ ਸਾਹਮਣੇ ਆਪਣੇ ਦਲ ਦਾ ਪ੍ਰਚਾਰ ਕਰਦਾ ਹੈ ਅਤੇ ਉਸ ਨੂੰ ਇਹ ਪ੍ਰਚਾਰ ਕਰਨ ਦਾ ਅਧਿਕਾਰ ਹੈ। ਅਤੇ ਜੇਕਰ ਕੁਝ ਲੋਕ ਉਸ ਦੇ ਰਾਜਨੀਤਕ ਦਲ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਵੋਟ ਪਾਉਂਦੇ ਹਨ ਤਾਂ ਇਸ ਵਿੱਚ ਪ੍ਰਚਾਰ ਕਰਨ ਵਾਲੇ ਰਾਜਨੀਤਕ ਦਲ ਦਾ ਕੀ ਦੋਸ਼ ਹੈ ? ਸੱਚ ਵਿੱਚ ਦੇਖਿਆ ਜਾਵੇ ਤਾਂ ਧਰਮ ਪਰਿਵਰਤਨ ਦਾ ਮਸਲਾ ਇੱਕ ਵਿਅਕਤੀ ਦੇ ਧਰਮ ਵਿੱਚ, ਉਸ ਦੇ ਧਾਰਮਿਕ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ। ਹਕੀਕਤ ਵਿੱਚ ਇਹ ਇੱਕ ਦਾਰਸ਼ਨਿਕ ਮਸਲਾ ਹੈ ਅਤੇ ਰਾਜ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ ਹੈ।

### 8.4.18 ਧਾਰਮਿਕ ਰੂੜ੍ਹੀਵਾਦ

ਧਾਰਮਿਕ ਰੂੜ੍ਹੀਵਾਦ ਅੱਜ ਸਾਡੇ ਦੇਸ਼ ਵਿੱਚ ਅਤੇ ਪੱਛਮੀ ਏਸ਼ੀਆ ਵਿੱਚ ਇੱਕ ਬਹੁਤ ਪ੍ਰਚੱਲਿਤ ਅਹੁਦਾ ਹੈ। ਅਫ਼ਗਾਨਿਸਤਾਨ ਵਿੱਚ ਤਾਲੀਬਾਨ ਨੇ ਧਰਮ ਦੀ ਦੁਹਾਈ ਪਾ ਕੇ ਸਮਾਜਿਕ ਨਿਆਂ ਦਾ ਗਲਾ ਘੁੱਟ ਦਿੱਤਾ ਹੈ। ਸੰਪੂਰਨ ਧਾਰਮਿਕ ਸਹਿਨਸ਼ੀਲਤਾ ਨੂੰ ਦਾਅ 'ਤੇ ਲਗਾ ਦਿੱਤਾ। ਤਾਲੀਬਾਨ ਦਾ ਸ਼ਾਬਦਿਕ ਅਰਥ ਹੁੰਦਾ ਹੈ : ਕੁਰਾਨ ਜਾਂ ਇਸਲਾਮ ਦਾ ਵਿਦਿਆਰਥੀ ਯਾਨੀ ਕਿ ਸਿੱਖਣ ਵਾਲਾ। ਇਹ ਤਾਲੀਬਾਨ ਸਮੂਹ ਧਾਰਮਿਕ ਗ੍ਰੰਥਾਂ ਤੋਂ ਸਿੱਖਦਾ ਹੈ ਅਤੇ ਉਸ ਨੂੰ ਵਾਸਤਵਿਕ ਜੀਵਨ ਵਿੱਚ ਲਾਗੂ ਕਰਦਾ ਹੈ। ਇਸਲਾਮ ਇੱਕ ਕਿਤਾਬੀ ਧਰਮ ਹੈ। ਜੋ ਕੁਝ ਕਿਤਾਬਾਂ ਵਿੱਚ ਲਿਖਿਆ ਹੋਇਆ ਹੈ, ਇਹ ਪੱਕੀ ਲਕੀਰ ਹੈ, ਉਸ ਨੂੰ ਉਲੰਘਿਆ ਨਹੀਂ ਜਾ ਸਕਦਾ। ਇੱਧਰ ਪਾਕਿਸਤਾਨ ਵਿੱਚ 'ਮੁੱਲ੍ਹਾ' ਅਤੇ ਮੌਲਵੀ ਇਸਲਾਮੀ ਰੂੜ੍ਹੀਵਾਦੀ ਹਨ। ਸਾਡੇ ਇੱਥੇ ਇਸ ਦੇਸ਼ ਵਿੱਚ ਰੂੜ੍ਹੀਵਾਦ ਵਾਸਤਵ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦਾ ਕੱਟੜਵਾਦ ਹੈ, ਜੋ ਪੁਰਾਣੇ ਭਾਰਤ ਨੂੰ ਦੁਬਾਰਾ ਲਿਆਓਣਾ ਚਾਹੁੰਦੇ ਹਨ ਅਤੇ ਦੂਜੇ ਪਾਸੇ ਮੁਸਲਿਮ ਰੂੜ੍ਹੀਵਾਦੀ ਹਨ, ਜੋ ਆਪਣੇ ਮੌਲਿਕ ਅਰਬ ਸੱਭਿਆਚਾਰ ਨੂੰ ਇੱਥੇ ਸਥਾਪਿਤ ਕਰਨਾ ਚਾਹੁੰਦਾ ਹਨ। ਅਤੇ ਤੀਸਰੀ ਅਤੇ ਇੱਕ ਹੋਰ ਪ੍ਰਕਿਰਿਆ ਦੇਸ਼ ਵਿੱਚ ਚਲ ਰਹੀ ਹੈ। ਇਹ ਪ੍ਰਕਿਰਿਆ ਆਧੁਨਿਕੀਕਰਨ ਦੀ ਹੈ। ਯੋਗਿੰਦਰ ਸਿੰਘ ਦੇ ਸ਼ਬਦਾਂ ਵਿੱਚ ਭਾਰਤੀ ਪਰੰਪਰਾਵਾਂ ਦਾ ਤੇਜ਼ੀ ਨਾਲ ਆਧੁਨਿਕੀਕਰਨ ਹੋ ਰਿਹਾ ਹੈ। ਇੱਕ ਪਾਸੇ ਤਿੰਨ ਪ੍ਰਕਿਰਿਆਵਾਂ ਹਨ ਹਿੰਦੂ ਕੱਟੜਵਾਦ, ਮੁਸਲਿਮ ਕੱਟੜਵਾਦ ਅਤੇ ਆਧੁਨੀਕਰਨ। ਅਤੇ ਇਹਨਾਂ ਤਿੰਨਾਂ ਦੇ ਵਿੱਚ ਇਹ ਭਾਰਤੀ ਸਮਾਜ ਹੈ ਅਤੇ ਇਸ ਦਾ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸੱਭਿਆਚਾਰ ਹੈ।

### 8.4.19 ਧਾਰਮਿਕ ਰੂੜ੍ਹੀਵਾਦ ਦਾ ਅਰਥ

ਰੂੜ੍ਹੀਵਾਦ ਦੀ ਸਿਧਾਂਤਕ ਵਿਆਖਿਆ **'ਮੋਂਟਾਗੁੰਮਰੀ ਵਾਟ'** (Montgomery Wat) ਨੇ ਆਪਣੀ ਪੁਸਤਕ **'ਇਸਲਾਮਿਕ ਫੰਡਾਮੈਂਟੇਲਿਜ਼ਮ ਐਂਡ ਮੋਡਰਨਿਟੀ'** (Islamic Fundamentalism and Modernity, 1983) ਵਿੱਚ ਕੱਟੜਵਾਦ ਦੀ ਵਿਆਖਿਆ ਕੀਤੀ ਹੈ। ਓਹ ਕਹਿੰਦੇ ਹਨ ਕਿ ਵਾਸਤਵ ਵਿੱਚ ਇਹ ਅਵਧਾਰਣਾ ਭ੍ਰਾਮਕ ਹੈ। ਇਸ ਦੇ ਸਥਾਨ 'ਤੇ **ਕੱਟੜਪਨ ਜਾਂ ਅੰਧਵਿਸ਼ਵਾਸ** (Fanaticism) ਪਦ ਦਾ ਪ੍ਰਯੋਗ ਹੋਣਾ ਚਾਹੀਦਾ ਹੈ। ਜਦੋਂ ਕਿਸੇ ਧਾਰਮਿਕ ਵਿਸ਼ੇਸ਼ ਦੇ ਮੱਤ ਵਾਲੇ ਲੋਕ ਸਾਰੀ ਦੁਨੀਆ ਨੂੰ ਆਪਣੇ ਧਰਮ ਦੇ ਸੰਦਰਭ ਵਿੱਚ ਹੀ ਦੇਖਦੇ ਹਨ, ਤਾਂ ਇਹ ਰੂੜ੍ਹੀਵਾਦ ਹੈ। ਵਾਸਤਵ ਵਿੱਚ ਰੂੜ੍ਹੀਵਾਦ ਹੋਰ ਕੁਝ ਵੀ ਨਾ ਹੋ ਕੇ ਕੱਟੜਪਨ ਦਾ ਜ਼ਿਆਦਾ ਆਪਣਾ ਰੂਪ ਹੈ। ਰੂੜ੍ਹੀਵਾਦੀ ਨਾ ਕੇਵਲ ਆਪਣੇ ਧਰਮ ਨੂੰ ਪ੍ਰੰਤੂ ਪੂਰੇ ਸਮਾਜ ਨੂੰ ਰੂੜ੍ਹੀਵਾਦੀ ਦ੍ਰਿਸ਼ਟੀ ਨਾਲ ਦੇਖਦੇ ਹਨ। ਇਸ ਵਿੱਚ ਉਹ ਮਸਲੇ ਵੀ ਆ ਜਾਂਦੇ ਹਨ ਜੋ ਗੈਰ-ਧਾਰਮਿਕ ਹਨ। **ਮੋਂਟਾਗੁੰਮਰੀ** ਵਾਟ ਦਾ ਕਹਿਣਾ ਹੈ ਕਿ ਰੂੜ੍ਹੀਵਾਦ ਆਪਣੇ ਆਪ ਵਿੱਚ ਇੱਕ **ਧਰਮ ਜਾਗ੍ਰਿਤੀ** (Revivalism) ਹੈ। ਜਿਸ ਦੇ ਦੁਆਰਾ ਧਰਮ ਦੇ ਅਤੀਤ ਦੇ ਵਿਸ਼ਵਾਸਾਂ, ਧਰਮ ਤਰੀਕੇ ਅਤੇ ਕਾਰਜ ਪੱਧਤੀਆਂ ਨੂੰ ਨਵਾਂ ਜੀਵਨ ਦਿੱਤਾ ਜਾਂਦਾ ਹੈ। ਇਸ ਤਰ੍ਹਾਂ **ਭਾਰਤ ਅਤੇ ਪੱਛਮੀ ਏਸ਼ੀਆ ਵਿੱਚ ਰੂੜ੍ਹੀਵਾਦ ਦਾ ਜੋ ਅਰਥ ਲਿਆ ਜਾਂਦਾ ਹੈ, ਉਹ ਕੱਟੜਵਾਦ, ਅੰਧ-ਵਿਸ਼ਵਾਸ ਅਤੇ ਪੁਨਰ ਜਾਗ੍ਰਿਤੀ ਹੈ।** ਸਾਡੇ ਇੱਥੇ ਰੂੜ੍ਹੀਵਾਦ ਦਾ ਅਰਥ ਹਿੰਦੂ ਮੁਸਲਿਮ ਰੂੜ੍ਹੀਵਾਦੀ ਤੋਂ ਹੈ।

ਨੋਟ

ਜਦੋਂ ਭਾਰਤੀ ਰੂੜ੍ਹੀਵਾਦ ਦਾ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ ਉਦੋਂ ਅਯੋਧਿਆ ਵਿੱਚ 6 ਦਸੰਬਰ, 1992 ਦਾ ਉਲੇਖ ਜ਼ਰੂਰ ਕੀਤਾ ਜਾਂਦਾ ਹੈ, ਜਦੋਂ ਹਿੰਦੂ ਰੂੜ੍ਹੀਵਾਦੀਆਂ ਨੇ ਬਾਬਰੀ ਮਸਜਿਦ 'ਤੇ ਹਮਲਾ ਕੀਤਾ। ਜਿਨ੍ਹਾਂ ਲੋਕਾਂ ਨੇ ਇਸ ਮਸਜਿਦ ਨੂੰ ਗਿਰਾਇਆ ਉਹ ਹਿੰਦੂਆਂ ਵਿਚਾਰਧਾਰਾ ਨੂੰ ਮੰਨਣ ਵਾਲੇ ਸਨ। ਮੁਸਲਿਮ ਰੂੜ੍ਹੀਵਾਦ ਦਾ ਦ੍ਰਿਸ਼ਟਾਂਤ ਕਸ਼ਮੀਰ ਵਿੱਚ ਹੋਣ ਵਾਲੇ ਜਿਹਾਦ ਤੋਂ ਹੈ। ਇੱਥੇ ਪਾਕਿਸਤਾਨ ਹੀ ਨਹੀਂ ਪੱਛਮੀ ਏਸ਼ੀਆ ਦੇ ਰੂੜ੍ਹੀਵਾਦੀ ਇਸਲਾਮ ਦੇ ਨਾਂ 'ਤੇ ਆਤੰਕਵਾਦੀਆਂ ਦਾ ਕੰਮ ਕਰ ਰਹੇ ਹਨ। ਹਿੰਦੂ ਮੰਚਾਂ ਦਾ ਈਸਾਈਆਂ ਦੇ ਧਰਮ ਪ੍ਰਚਾਰ 'ਤੇ ਹਮਲਾ, ਰੂੜ੍ਹੀਵਾਦ ਦਾ ਦੂਜਾ ਦ੍ਰਿਸ਼ਟਾਂਤ ਹੈ। ਰੂੜ੍ਹੀਵਾਦ ਤਰਕ 'ਤੇ ਕੰਮ ਨਹੀਂ ਕਰਦਾ। ਇਹ ਅੱਖਾਂ ਬੰਦ ਕਰਕੇ ਧਾਰਮਿਕ ਅਸਹਿਸ਼ੁਣਤਾ ਨੂੰ ਆਪਣਾ ਹਥਿਆਰ ਬਣਾਉਂਦਾ ਹੈ।

ਜਦੋਂ ਹਿੰਦੂ ਰੂੜ੍ਹੀਵਾਦੀ ਆਪਣੀ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਲਿਆਉਂਦੇ ਹਨ, ਉਦੋਂ ਕਹਿੰਦੇ ਹਨ ਕਿ ਉਹ ਆਪਣੀ ਪਰੰਪਰਾਵਾਂ ਨੂੰ ਜਿਉਂਦਾ ਰੱਖਣਾ ਚਾਹੁੰਦੇ ਹਨ। ਹਿੰਦੂ ਜਾਂ ਮੁਸਲਿਮ ਰੂੜ੍ਹੀਵਾਦ ਕਿਤੇ ਵੀ ਹੋਣ, ਰਾਸ਼ਟਰ ਨਿਰਮਾਣ ਦੀ ਕਿਰਿਆ ਨੂੰ ਪਿੱਛੇ ਧੱਕ ਦਿੰਦੇ ਹਨ। ਅਤੇ ਭਾਰਤ ਵਰਗੇ ਦੇਸ਼ ਵਿੱਚ ਤਾਂ ਜਿੱਥੇ ਸੰਸਕ੍ਰਿਤੀਆਂ ਦੀ ਅਨੇਕਤਾ ਹੈ, ਰੂੜ੍ਹੀਵਾਦ ਪੂਰੇ ਸੰਵਿਧਾਨ ਨੂੰ ਅਸਫ਼ਲ ਬਣਾ ਦਿੰਦਾ ਹੈ। ਇਹ ਅਵਧਾਰਣਾ ਹਿੰਦੂ ਅਤੇ ਮੁਸਲਮਾਨ ਦੋਨਾਂ ਲਈ ਖਤਰਨਾਕ ਹੈ।

## ਸਵੈ-ਮੁਲਾਂਕਣ (Self Assessment)

3. **ਠੀਕ ਵਿਕਲਪ ਚੁਣੋ** (Fill in the Blanks)

(i) ਧਰਮ ਤਾਂ ਇੱਕ ਪ੍ਰਕਾਰ ਦੀ ਅਫ਼ੀਮ ਹੈ ਜੋ ਜਨਚੇਤਨ ਨੂੰ ਡੂੰਘੀ ਨੀਂਦ ਵਿੱਚ ਸੁਆ ਦਿੰਦੀ ਹੈ।ਇਹ ਕਿਸਨੇ ਕਿਹਾ-

(a) ਮਾਰਕਸ (b) ਕੇ. ਐਸ. ਸਿੰਘ

(c) ਰੋਮਿਲਾ ਥਾਪਰ (d) ਉਪਰੋਕਤ ਸਾਰੇ

(ii) ਵੈਦਨਾਥ ਸਰਸਵਤੀ ਦੇ ਅਨੁਸਾਰ ਭਾਰਤ ਵਿੱਚ ਧਰਮ ਦੇ ਕਿੰਨੇ ਤੱਤ ਹਨ ?

(a) ਦੋ ਤੱਤ (b) ਤਿੰਨ ਤੱਤ

(c) ਚਾਰ ਤੱਤ (d) ਪੰਜ ਤੱਤ

(iii) ਹਿੰਦੂਆਂ ਨੂੰ ਸੰਪਰਦਾਵਾਂ ਵਿੱਚ ਵੰਡਿਆ ਗਿਆ ਹੈ

(a) ਵੈਸ਼ਨਵ (b) ਸ਼ੈਵ

(c) ਸ਼ਕਤੀ (d) ਉਪਰੋਕਤ ਸਾਰੇ

(iv) ਅਲਪਸੰਖਿਅਕਾਂ ਨੂੰ ਉਨ੍ਹਾਂ ਦੀ ਸੰਖਿਆ ਦੇ ਆਧਾਰ 'ਤੇ ਪਰਿਭਾਸ਼ਿਤ ਕੀਤਾ ਗਿਆ ਹੈ।

(a) ਸਮਾਜ ਸ਼ਾਸਤਰ ਵਿੱਚ (b) ਅਰਥ ਸ਼ਾਸਤਰ ਵਿੱਚ

(c) ਰਾਜਨੀਤਕ ਸ਼ਾਸਤਰ ਵਿੱਚ (d) ਉਪਰੋਕਤ ਸਾਰੇ

(v) ਧਰਮ ਦੇ ਆਧਾਰ 'ਤੇ ਕੁੱਝ ਸਮੂਹ ਅਲਪਸਮੂਹ ਘੋਸ਼ਿਤ ਕੀਤੇ ਗਏ ਹਨ। ਇਸ ਦੀ ਤਾਜ਼ਾ ਉਦਾਹਰਣ ਹੈ-

(a) ਈਸਾਈ ਧਰਮ ਦੇ ਲੋਕ (b) ਜੈਨ ਧਰਮੀ

(c) ਸਿੱਖ ਧਰਮੀ (d) ਉਪਰੋਕਤ ਸਾਰੇ

(vi) ਮੁਸਲਮਾਨਾਂ ਦੇ ਲਈ ਇੱਕ ਵੱਖਰਾ ਚੋਣ ਹਲਕਾ ਕਦੋਂ ਘੋਸ਼ਿਤ ਕੀਤਾ ਗਿਆ ਸੀ-

(a) 1906 ਵਿੱਚ (b) 1908 ਵਿੱਚ

(c) 1907 ਵਿੱਚ (d) 1910 ਵਿੱਚ

(vii) ਧਾਰਮਿਕ ਅਲਪਸੰਖਿਅਕ ਸਮੂਹ ਹੈ-

(a) ਮੁਸਲਮਾਨ (b) ਸਿੱਖ

(c) ਈਸਾਈ (d) ਉਪਰੋਕਤ ਸਾਰੇ

ਨੋਟ

(viii) ਮੁਸਲਮਾਨਾਂ ਨੇ ਭਾਰਤ ਵਿੱਚ ਕਿਸ ਸਦੀ ਵਿੱਚ ਹਮਲੇ ਕੀਤੇ–

(a) 10ਵੀਂ (b) 12ਵੀਂ

(c) 14ਵੀਂ (d) 16ਵੀਂ

(ix) ਸਿੱਖਾਂ ਨੇ ਆਪਣਾ ਅੰਦੋਲਨ ਪੰਜਾਬ ਵਿੱਚ ਕਿਸ ਦਹਾਕੇ ਵਿੱਚ ਚਲਾਇਆ ਸੀ

(a) 1980 ਵਿੱਚ (b) 1982 ਵਿੱਚ

(c) 1884 ਵਿੱਚ (d) 1986 ਵਿੱਚ

## 8.5 ਸਾਰ ਅੰਸ਼ (Summary)

- ਜਾਤੀ ਆਹੁਦਾ ਨਸਲ ਦਾ ਬੋਧ ਕਰਦਾ ਹੈ। ਪਰ ਜਦੋਂ ਅਸੀਂ ਜਾਤੀ ਸਮੁਦਾਇ ਦੀ ਗੱਲ ਕਰਦੇ ਹਾਂ ਤਾਂ ਜ਼ੋਰ ਮੁੱਖ ਤੌਰ 'ਤੇ ਸਮੂਹ ਦੀ ਵੱਖਰੀ ਸੰਸਕ੍ਰਿਤਕ ਅਸਮਿਤਾ ਉੱਤੇ ਹੁੰਦਾ ਹੈ। ਨਸਲੀ ਸਮੂਹ ਭੇਦ ਦੇ ਜੈਵਿਕ ਪੱਖ ਨੂੰ ਇਸ਼ਾਰਾ ਕਰਣ ਦੀ ਪ੍ਰਵਿਰਤੀ ਦਰਸਾਉਂਦਾ ਹੈ, ਜਦੋਂ ਕਿ ਨਸਲੀ ਸੰਸਕ੍ਰਿਤਿਕ ਪੱਖ ਅਤੇ ਇਕ ਜਿਹੇ ਬੁਨਿਆਦੀ ਤੱਥਾਂ ਅਤੇ ਵੰਸ਼ ਦੇ ਕਾਰਣ ਸ਼ਕਤੀਸ਼ਾਲੀ ਜੈਵਿਕ ਤੱਤ ਦੇ ਸੰਯੋਜਨ ਦਾ ਮਿਸ਼ਰਣ ਹੈ।
- ਨਸਲ ਸ਼ਬਦ ਨੂੰ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਯੂਨਾਨੀਆਂ ਨੇ ਪੂਰੀ ਮਨੁੱਖੀ ਜਾਤੀ ਨੂੰ ਗ੍ਰੀਕ ਜਾਂ ਯਵਨਾਂ ਵਿੱਚ ਵਰਗੀਕ੍ਰਿਤ ਕੀਤਾ ਸੀ, ਪ੍ਰੰਤੂ ਇਨ੍ਹਾਂ ਵਿਚ ਕਿਸੇ ਵੀ ਸਮੂਹ ਨੂੰ ਨਸਲ ਨਹੀਂ ਕਿਹਾ ਜਾਂ ਸਕਦਾ। ਨਸਲ ਸ਼ਬਦ ਨੂੰ ਕਦੇ-ਕਦੇ ਰਾਸ਼ਟਰੀਅਤਾ (Nationality) ਦਾ ਇਕ ਸਮਾਨਾਰਥਕ ਸਮਝਕੇ ਵਰਤਿਆ ਜਾਂਦਾ ਹੈ।
- ਨਸਲ ਦੇ ਨਿਰਧਾਰਨ ਵਿਚ ਸਰੀਰਿਕ ਲੱਛਣ ਤੇ ਧਿਆਨ ਦਿੱਤਾ ਜਾਂਦਾ ਹੈ। ਪ੍ਰੰਤੂ ਇਸ ਨਹੀਂ ਇਹ ਨਿਸ਼ਚਿਤ ਕਰਨਾ ਮੁਸ਼ਕਲ ਹੁੰਦਾ ਹੈ ਕਿ ਲੱਛਣਾਂ ਦੀਆਂ ਵਿਭਿੰਨਤਾਵਾਂ ਅਨੁਵੰਸ਼ਿਕਤਾ ਦੇ ਕਾਰਨ ਹੈ, ਪਰਿਆਵਰਣ ਦੇ ਪਰਵਰਤਨ ਦੇ ਕਾਰਨ ਨਹੀਂ। ਮਹੱਤਵਪੂਰਨ ਸਰੀਰਿਕ ਲੱਛਣ ਜਿੰਨਾ ਤੇ ਧਿਆਨ ਦਿੱਤਾ ਜਾਂਦਾ ਹੈ।
- ਨਸਲ ਦੇ ਆਧਾਰ ਤੇ ਕੁਝ ਸਰੀਰਿਕ ਵਿਸ਼ੇਸ਼ਤਾਵਾਂ ਅਨੁਸਾਰ ਲੋਕਾਂ ਨੂੰ ਵਰਗੀਕ੍ਰਿਤ ਕੀਤਾ ਗਿਆ ਹੈ। ਸਮਾਜਿਕ ਸਮੂਹ ਦੇ ਮੈਂਬਰ ਚਮੜੀ ਦੇ ਰੰਗ ਅਤੇ ਸਿਰ ਦੀ ਬਨਾਵਟ ਅਤੇ ਦੂਜੇ ਪ੍ਰਕਾਸ਼ਨੀ ਅੰਤਰ ਦੇ ਵਿਸ਼ੇ ਵਿਚ ਭਿੰਨ ਹੁੰਦੇ ਹਨ। ਮਨੁੱਖੀ ਸ਼ਾਸਤਰੀਆਂ ਨੇ ਕਈ ਪ੍ਰਕਾਰ ਦੇ ਵਰਗੀਕਰਨ ਪੇਸ਼ ਕੀਤੇ ਹਨ। ਜੋ ਇਕ ਦੂਜੇ ਤੋਂ ਕਾਫ਼ੀ ਭਿੰਨ ਹਨ।
- ਭੌਤਿਕ ਵਿਗਿਆਨੀਆਂ ਦੀ ਮੁਸ਼ਕਿਲ ਇਹ ਕਿ ਵਿਅਕਤੀਆਂ ਵਿਚ ਉਹ ਨਸਲ ਜਿਸ ਨਾਲ ਉਹ ਸਬੰਧਿਤ ਹੈ, ਦੇ ਸਾਰੇ ਲੱਛਣ ਵਰਤਮਾਨ ਨਹੀਂ ਹੁੰਦੇ। ਨਸਲ ਦਾ ਵਿਸ਼ਾ ਸਪੱਸ਼ਟ ਅਤੇ ਨਿਸ਼ਚਿਤ ਨਹੀਂ ਹੁੰਦਾ। ਨਸਲ ਦਾ ਵਿਸ਼ਾ ਪੂਰੀ ਤਰ੍ਹਾਂ ਸਪਸ਼ਟ ਅਤੇ ਨਿਸ਼ਚਿਤ ਨਹੀਂ ਹੁੰਦਾ ਅਤੇ ਨਾ ਹੀ ਇਹ ਹੋ ਸਕਦਾ ਹੈ। ਮਨੁੱਖ ਹਮੇਸ਼ਾਂ ਪ੍ਰਵਾਸ ਕਰਦਾ ਆਇਆ ਹੈ। ਜਨ ਜਾਤੀਆਂ ਅਤੇ ਰਾਸ਼ਟਰੀਅਤਾ ਨੇ ਇਸ ਭੂਮੰਡਲ ਉੱਤੇ ਪ੍ਰਆਣ ਅਤੇ ਪ੍ਰਤੀਯਾਨ ਕੀਤਾ ਹੈ।
- ਨਸਲ ਦਾ ਨੀਗਰੋ, ਮੰਗੋਲਾਈਡ, ਅਤੇ ਕਾਕੇਸ਼ਿਅਨ ਵਿਚ ਵਰਗੀਕਰਨ ਸਵੀਕ੍ਰਿਤ ਮੰਨਿਆ ਗਿਆ ਹੈ। ਜਦੋਂ ਕਿ ਉਹਨਾਂ ਨੂੰ ਅਲੱਗ ਕਰਨ ਵਾਲੀਆਂ ਸਪਸ਼ਟ ਰੇਖਾਵਾਂ ਨਹੀਂ ਹਨ, ਫਿਰ ਵੀ ਕਈ ਨਸਲਾਂ ਦੇ ਕੁਝ ਵਿਸ਼ੇਸ਼ ਲੱਛਣ ਹਨ। ਜੋ ਇਹਨਾਂ ਦੇ ਸਾਰੇ ਮੈਂਬਰਾਂ ਵਿੱਚ ਪਾਏ ਜਾਂਦੇ ਹਨ।
- ਨਸਲ ਪੂਰਵਾਗ੍ਰਹਿ ਜਨਮਜਾਤ ਨਹੀਂ ਹੁੰਦਾ। ਬੱਚਾ ਕਿਸੇ ਵੀ ਕਿਸਮ ਦੇ ਪੂਰਵਾਗ੍ਰਹਿ ਨੂੰ ਲੈ ਕੇ ਜਨਮ ਨਹੀਂ ਲੈਂਦਾ। ਅਸੀਂ ਬਹੁਤ ਬੱਚਿਆ ਨੂੰ ਦੂਜੀਆਂ ਨਸਲਾਂ ਦੇ ਬੱਚਿਆਂ ਦੇ ਨਾਲ, ਬਿਨਾਂ ਕਿਸੇ ਪੂਰਵਾਗ੍ਰਹਿ ਜਾਂ ਭੇਦਭਾਵ ਦੇ ਖੇਡਦੇ ਦੇਖਦੇ ਹਾਂ। ਪੂਰਵਾਗ੍ਰਹਿ ਸਮਾਜਿਕ ਸਿਖਿਆ (Indoctrination) ਦਾ ਪਰਿਣਾਮ ਹੈ ਜੋ ਵਿਸ਼ਵਾਸਾਂ ਅਤੇ ਮਨੋਵ੍ਰਿਤੀਆਂ ਨੂੰ ਇਸ ਤਰ੍ਹਾਂ ਉਤਪੰਨ ਕਰ ਦਿੰਦੀ ਹੈ ਕਿ ਓਹ ਅਵਸਥਾ ਦੀ ਪ੍ਰਕਿਰਿਆ ਦੁਆਰਾ ਦ੍ਰਿੜ੍ਹ ਰੂਪ ਧਾਰਨ ਕਰ ਲੈਂਦੇ ਹਨ।
- ਭਾਰਤ ਵਿਚ ਰਾਸ਼ਟਰ ਨਿਰਮਾਣ ਅਤੇ ਆਰਥਿਕ ਵਿਕਾਸ ਦੀ ਪ੍ਰਕਿਰਿਆ ਨੇ ਉਹਨਾਂ ਸਮਾਜਿਕ ਸ਼ਕਤੀਆਂ ਨੂੰ ਉੱਭਰਣ ਦਾ ਮੌਕਾ ਦਿੱਤਾ ਹੈ, ਜਿਨ੍ਹਾਂ ਨੂੰ ਇਸ ਦੇ ਇਤਿਹਾਸ ਅਤੇ ਸਭਿਅਤਾ ਦੇ ਸੰਦਰਭ ਵਿੱਚ ਜ਼ਿਆਦਾ ਚੰਗੇ ਢੰਗ ਨਾਲ

ਨੋਟ

ਸਮਝਿਆ ਜਾ ਸਕਦਾ ਹੈ। ਭਾਰਤੀ ਸਭਿਅਤਾ ਦੀ ਵਿਸ਼ਾਲ ਇਤਿਹਾਸਿਕ ਡੂੰਘਾਈ, ਬਹੁਮੁਖੀ ਸਮਾਜਿਕ ਅਤੇ ਸੰਸਕ੍ਰਿਤਕ ਅੰਤਰਸੰਯੋਜਨ ਅਤੇ 'ਮਹਾਨ ਪਰੰਪਰਾ' ਦੇ ਘੇਰ ਵਿਚ ਵਿੱਦਿਆਮਾਨ ਬਹੁ-ਸੰਖਿਅਕ ਲਘੂ ਪਰੰਪਰਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਦੀ ਪ੍ਰਕਿਰਤੀ ਨੂੰ ਸੰਪੂਰਨਤਾ ਵਿਚ ਸਮਝਣਾ ਆਸਾਨ ਨਹੀਂ ਹੈ।

- ਆਮਤੌਰ ਤੇ ਸਮਾਜ ਸ਼ਾਸਤਰ ਦੇ ਪਰਿਪੱਖ ਵਿੱਚ ਵੀ 'ਨਸਲੀ' ਅਹੁਦਾ ਕਿਸੇ ਇੱਕ ਰਾਸ਼ਟਰ ਅਤੇ ਵਿਸ਼ੇਸ਼ ਕਰਕੇ ਕਿਸੇ ਵਿਧਰਮੀ ਜਾਂ ਧਰਮ ਭਰਿਸ਼ਟ ਰਾਸ਼ਟਰ ਨਾਲ ਸਬੰਧਿਤ ਜਨ ਸਮੁਦਾਇ ਵੱਲ ਇਸ਼ਾਰਾ ਕਰਨ ਦੇ ਲਈ ਪ੍ਰਯੁਕਤ ਹੋਇਆ ਸੀ। 'ਏ ਨਿਊ ਡਿਸਕਵਰੀ ਆਫ ਸੋਸ਼ੋਲੋਜੀ' ਵਿੱਚ ਇਸ ਦਾ ਉਲੇਖ ਇਸ ਤਰਾ ਹੀ ਹੋਇਆ ਹੈ।ਉਂਝ ਤਾਂ ਇਹ ਅਹੁਦਾ ਆਪਣੇ ਪ੍ਰਥਾਗਤ ਤੌਰ-ਤਰੀਕਿਆਂ ਅਤੇ ਸੰਸਕ੍ਰਿਤੀ ਦੇ ਨਾਲ ਜੀਵਿਤ ਕਿਸੇ ਸਮੂਹ ਨੂੰ ਦਰਸਾਉਂਦਾ ਹੈ, ਪ੍ਰੰਤੂ ਆਪਣੀ ਅਰਥਵੱਤਾ ਵਿੱਚ ਇਹ ਰਾਸ਼ਟਰੀਅਤਾ ਦੇ ਵਿਸ਼ੇ ਤੋ ਜ਼ਿਆਦਾ ਵਿਆਪਕ ਹੈ, ਕਿਉਂਕਿ ਇਸ ਦੇ ਕਾਰਨ "ਅਨਪੜ੍ਹ ਜਨ-ਸਮੂਹ ਸਮਾਜਿਕ ਸਮਿਸ਼ਟੀਆਂ ਦੇ ਨਾਲ ਇਸੇ ਤਰਾ ਸੰਤੁਲਨ ਸਥਾਪਿਤ ਕਰ ਸਕਦਾ ਹੈ, ਜਿਸ ਤਰਾ ਜਿਆਦਾ ਉੱਨਤ ਜਨ ਸਮੁਦਾਏ ਅਤੇ ਰਾਸ਼ਟਰ। ਜਰਮਨ, ਯਹੂਦੀ, ਜਿਪਸੀ, ਅਤੇ ਕਾਂਗੋ ਦੇ ਬੌਣੇ ਅਤੇ ਟਰੋਬ੍ਰਿਏਂਡਰ- ਇਹ ਸਭ ਨਸਲੀ ਸਮੂਹ ਹਨ।"
- ਜਾਤ, ਭਾਸ਼ਾ, ਧਰਮ, ਖੇਤਰ ਆਦਿ ਵਰਗੇ ਸਮਾਜਿਕ ਦਰਜਿਆਂ ਦਾ ਚਰਿੱਤਰ ਅਖਿਲ ਨਸਲ (ਪੈਨ-ਏਥਨਿਕ)ਹੁੰਦਾ ਹੈ। ਸੁਤੰਤਰਤਾ ਦੀ ਪ੍ਰਾਪਤੀ ਤੋਂ ਬਾਅਦ ਭਾਰਤ ਦੇ ਰਾਜਾਂ ਦਾ ਭਾਸ਼ਾ ਦੇ ਅਧਾਰ ਤੇ ਪੁਰਨਗਠਨ ਇਸ ਅਸੰਗਤ ਧਾਰਨਾ ਤੋ ਉਪਜਿਆ ਹੋਇਆ ਸੱਚ ਸੀ ਕਿ ਇਹ ਕੋਈ ਵਿਸ਼ੇਸ਼ ਭਾਸ਼ਾ, ਸਮੁਦਾਇ, ਸਮਾਨ ਰੂਪ ਜਾ ਸਮਅੰਗੀ ਸਮਾਜਿਕ ਸਮੂਹ ਦੀਆ ਘਟਨਾਵਾਂ ਨੂੰ ਨਿਰੂਪਿਤ ਕਰਦਾ ਹੈ।
- ਭਾਰਤ ਵਰਗੇ ਦੇਸ਼ਾਂ ਵਿੱਚ ਧਰਮ ਦੀ ਵਿਆਪਕਤਾ ਜੀਵਨ ਦੇ ਸਾਰੇ ਖੇਤਰਾਂ ਵਿੱਚ ਦਿਖਾਈ ਦਿੰਦੀ ਹੈ। ਇਹ ਕਿਹੜੀ ਗੱਲ ਹੈ ਕਿ ਸੰਵਿਧਾਨ ਇਸ ਰਾਸ਼ਟਰ ਨੂੰ ਧਰਮ ਨਿਰਪੇਖ (Secular) ਬਣਾਉਣ ਦਾ ਰਾਸ਼ਟਰੀ ਉਦੇਸ਼ ਨਿਰਧਾਰਿਤ ਕਰਦਾ ਹੈ ਅਤੇ ਰਾਸ਼ਟਰ ਵਿੱਚ ਹਰ ਦਿਨ ਧਰਮ ਦੇ ਖੇਤਰ ਵਿੱਚ ਸੰਕਟ ਰਹਿੰਦੇ ਹਨ। ਬਾਬਰੀ ਮਸਜਿਦ ਨੂੰ ਢਾਇਆ ਗਿਆ ਅਤੇ ਉਸ ਥਾਂ 'ਤੇ ਰਾਮ ਮੰਦਰ ਬਣਾਉਣ ਦਾ ਮੁਕੱਦਮਾ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਰਾਜਨੀਤਕ ਮੰਚਾਂ 'ਤੇ ਆਏ ਦਿਨ ਚੁਨੌਤੀਆਂ ਦਿੱਤੀਆਂ ਜਾ ਰਹੀਆਂ ਹਨ। ਹਿੰਦੂ ਅਤੇ ਸਿੱਖਾਂ ਦੇ ਵਿੱਚ ਤਣਾਓ ਵੱਧ ਗਿਆ ਹੈ ਅਤੇ ਉੱਤਰ ਭਾਰਤ ਦੇ ਕਈ ਨਗਰਾਂ ਵਿੱਚ ਲੋਕਾਂ ਦੀ ਲੜਾਈ ਹੋ ਰਹੀ ਹੈ। ਅਜਿਹੇ ਹੀ ਸੰਪਰਦਾਇਕ ਦੰਗਿਆਂ ਨਾਲ ਮੁੰਬਈ ਵਿੱਚ ਬਹੁਤ ਵੱਡਾ ਖੂਨ ਖ਼ਰਾਬਾ ਹੋ ਗਿਆ।
- ਭਾਰਤ ਵਿੱਚ ਅਲਪ-ਸੰਖਿਅਕ ਸਮੂਹ ਹਾਲ ਹੀ ਵਿੱਚ ਮੁਸ਼ਕਿਲ ਦੌਰ ਵਿੱਚ ਗੁਜ਼ਰ ਰਹੇ ਹਨ। ਪਿਛਲੇ ਦਿਨਾਂ ਵਿੱਚ ਸਿੱਖਾਂ ਦੇ ਵਿਰੁੱਧ ਦੇਸ਼ ਦੇ ਵੱਡੇ ਵੱਡੇ ਨਗਰਾਂ ਵਿੱਚ ਝਗੜੇ ਹੋਏ। ਇੱਕ ਬਹੁਤ ਵੱਡਾ ਖ਼ੂਨ-ਖ਼ਰਾਬਾ ਦੇਖਣ ਨੂੰ ਮਿਲਿਆ। ਹਿੰਦੂ ਮੁਸਲਮਾਨਾਂ ਦੇ ਝਗੜੇ ਤਾਂ ਕੁਝ ਰਾਜਾਂ ਵਿੱਚ ਆਦਤਾਂ ਹੀ ਬਣ ਗਏ ਹਨ। ਹੁਣੇ ਹੀ ਉੜੀਸਾ ਅਤੇ ਗੁਜਰਾਤ ਵਿੱਚ ਈਸਾਈਆਂ 'ਤੇ ਵੀ ਹਮਲੇ ਹੋਏ ਹਨ। ਸਾਡੇ ਇੱਥੇ ਉਂਝ ਵੀ ਕਈ ਅਲਪ-ਸੰਖਿਅਕ ਸਮੂਹ ਹਨ। ਇਨ੍ਹਾਂ ਸਮੂਹਾਂ ਵਿੱਚ ਮੁਸਲਮਾਨ, ਸਿੱਖ ਅਤੇ ਈਸਾਈ ਸਭ ਤੋਂ ਜ਼ਿਆਦਾ ਮੁਸ਼ਕਿਲ ਵਿੱਚ ਹਨ।
- ਭਾਰਤ ਤੋਂ ਇਲਾਵਾ ਦੱਖਣ ਏਸ਼ੀਆ ਵਿੱਚ ਵੀ ਧਾਰਮਿਕ ਅਲਪ-ਸੰਖਿਅਕਾਂ ਦੀ ਸਥਿਤੀ ਮੁਸ਼ਕਿਲ ਦੀ ਘੜੀ ਵਿੱਚ ਚਲ ਰਹੀ ਸੀ। ਚੀਨ ਵਿੱਚ ਕਨਫਿਊਸ਼ਿਅਸ ਧਰਮ ਦੇ ਲੋਕਾਂ ਨੂੰ ਉੱਚਾ ਸਥਾਨ ਦਿੱਤਾ ਜਾਂਦਾ ਹੈ ਅਤੇ ਉੱਥੇ ਮਹਾਂਯਾਨ ਬੋਧਾਂ ਨੂੰ ਹਾਸ਼ੀਏ 'ਤੇ ਲਗਾ ਦਿੱਤਾ ਗਿਆ ਹੈ। ਕੁਝ ਅਜਿਹੀ ਹੀ ਸਥਿਤੀ ਸਿੰਗਾਪੁਰ ਅਤੇ ਥਾਈਲੈਂਡ ਵਿੱਚ ਹੈ। ਜਿੱਥੇ ਹਿੰਦੂ ਬਹੁ-ਸੰਖਿਅਕ ਹਨ। ਪਰ ਮੁਸਲਮਾਨ, ਸਿੱਖ, ਅਤੇ ਕੁਝ ਥੋੜੇ ਪਾਰਸੀ ਵੀ ਹਨ।
- ਭਾਰਤੀ ਸੰਵਿਧਾਨ ਵਿੱਚ ਅਲਪ-ਸੰਖਿਅਕ ਸਮੂਹਾਂ ਦੀ ਕਿਤੇ ਵੀ ਪਰਿਭਾਸ਼ਾ ਨਹੀਂ ਹੈ। ਰਾਜਨੀਤੀ ਸ਼ਾਸਤਰ ਵਿੱਚ ਅਲਪ-ਸੰਖਿਅਕਾਂ ਨੂੰ ਉਨ੍ਹਾਂ ਦੀ ਸੰਖਿਆ ਦੇ ਆਧਾਰ 'ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਇੱਕ ਅਨੁਰੂਪ (Relative) ਵਿਸ਼ਾ ਹੈ। ਉਦਾਹਰਣ ਲਈ ਇੱਕ ਸਮੂਹ ਕਿਸੇ ਇੱਕ ਰਾਜ ਵਿੱਚ ਅਲਪ-ਸੰਖਿਅਕ ਹੈ ਪਰ ਦੂਜੇ ਰਾਜ ਵਿੱਚ ਉਹ ਬਹੁ-

ਨੋਟ

ਸੰਖਿਅਕ ਵਿੱਚ ਹੋ ਸਕਦੇ ਹਨ। ਜੰਮੂ ਅਤੇ ਕਸ਼ਮੀਰ ਵਿੱਚ ਮੁਸਲਮਾਨ ਬਹੁ-ਸੰਖਿਅਕ ਹਨ। ਪਰ ਗੁਜਰਾਤ ਅਤੇ ਰਾਜਸਥਾਨ ਵਿੱਚ ਇਹ ਅਲਪ-ਸੰਖਿਅਕ ਹਨ, ਹਿੰਦੂ ਉੱਤਰ ਪ੍ਰਦੇਸ਼ ਜਾਂ ਮਹਾਰਾਸ਼ਟਰ ਵਿੱਚ ਬਹੁ-ਸੰਖਿਅਕ ਹਨ।

- ਭਾਰਤ ਵਿੱਚ ਅਲਪ-ਸੰਖਿਅਕ ਸਮੂਹ ਦੇ ਵਰਤਮਾਨ ਸੰਕਟ ਨੂੰ ਸਮਝਣ ਲਈ ਸਾਨੂੰ ਇਤਿਹਾਸ ਨੂੰ ਦੇਖਣਾ ਪਏਗਾ।ਸੰਨ 1920 ਦੇ ਸ਼ੁਰੂ ਤੋਂ ਲੈ ਕੇ 1935 ਤੱਕ ਸਾਡੇ ਇੱਥੇ ਅੰਗਰੇਜ਼ ਸਰਕਾਰ ਨੇ ਪ੍ਰਾਂਤਕ ਧਾਰਾ ਸਭਾਵਾਂ ਨੂੰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਜਦੋਂ ਇਸ ਪ੍ਰਕਿਰਿਆ ਨੇ ਤੇਜ਼ੀ ਪਕੜੀ ਉਦੋਂ ਹਿੰਦੂ ਮੁਸਲਿਮ ਸੰਮਪਰਦਾਏਵਾਦ ਉੱਭਰ ਕੇ ਸਾਹਮਣੇ ਆਇਆ। ਇਸ ਸੰਪਦਾਇਕਤਾ ਨੇ ਆਜ਼ਾਦੀ ਦੀ ਲੜਾਈ ਵਿੱਚ ਰੁਕਾਵਟ ਪੈਦਾ ਕਰ ਦਿੱਤੀ।
- ਜੇਕਰ ਅਸੀਂ ਇਤਿਹਾਸਕ ਨਿਗ੍ਹਾ ਤੋਂ ਦੇਖੀਏ ਤਾਂ ਸਾਡੇ ਇੱਥੇ ਤਿੰਨ ਪ੍ਰਮੁੱਖ ਧਾਰਮਿਕ ਅਲਪ-ਸੰਖਿਅਕ ਸਮੂਹ ਹਨ- ਮੁਸਲਮਾਨ, ਸਿੱਖ ਅਤੇ ਈਸਾਈ। 1991 ਦੀ ਜਨਗਣਨਾ ਦੇ ਅਨੁਸਾਰ ਭਾਰਤ ਵਿੱਚ ਮੁਸਲਮਾਨਾਂ ਦੀ ਕੁੱਲ ਜਨ-ਸੰਖਿਆ 12.12 ਫੀਸਦੀ ਹੈ, ਸਿੱਖ 1.80 ਫਸਿਦੀ ਅਤੇ ਈਸਾਈ 2.30 ਫੀਸਦੀ ਹਨ। ਆਜ਼ਾਦੀ ਤੋਂ ਪਹਿਲਾਂ ਅਲਪ-ਸੰਖਿਅਕ ਹੁੰਦੇ ਹੋਏ ਵੀ ਈਸਾਈਆਂ ਦੇ ਲਈ ਕੋਈ ਮੁਸ਼ਕਿਲ ਨਹੀਂ ਸੀ।
- ਧਰਮ ਦੇ ਖੇਤਰ ਵਿੱਚ ਸਾਡੇ ਦੇਸ਼ ਵਿੱਚ ਪਿਛਲੇ ਕਈ ਦਿਨਾਂ ਤੋਂ ਹਿਲ-ਜੁਲ ਹੋ ਰਹੀ ਹੈ। ਇਹ ਕਿਹਾ ਜਾਂਦਾ ਹੈ ਕਿ ਈਸਾਈ ਮਿਸ਼ਨਰੀ ਆਦੀ ਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਈਸਾਈ ਬਣਾ ਰਹੇ ਹਨ ਅਤੇ ਈਸਾਈਆਂ ਦਾ ਕਹਿਣਾ ਹੈ ਕਿ ਦੋਵੇਂ ਪ੍ਰਕਿਰਿਆਵਾਂ ਆਦੀ ਵਾਸੀਆਂ ਦੇ ਸਿਰ 'ਤੇ ਚੜ੍ਹ ਗਈਆਂ ਹਨ। ਇੱਕ ਧਾਰਮਿਕ ਸੰਪਰਦਾ ਉਨ੍ਹਾਂ ਨੂੰ ਈਸਾਈ ਬਣਾ ਰਹੀ ਹੈ ਅਤੇ ਦੂਜੀ ਹਿੰਦੂ।
- ਧਰਮ ਪਰਿਵਰਤਨ ਦਾ ਇਤਿਹਾਸ ਸੰਨ 1705 ਤੋਂ ਸ਼ੁਰੂ ਹੋਇਆ। ਬ੍ਰਿਟਿਸ਼ ਕਾਲ ਵਿੱਚ ਭਾਰਤ ਵਿੱਚ ਕੈਥੋਲਿਕ ਮਿਸ਼ਨਰੀ ਕੰਮ ਕਰਨ ਲਈ ਸਾਡੇ ਇੱਥੇ ਆਏ। ਉਸ ਸਮੇਂ ਈਸਟ ਇੰਡੀਆ ਕੰਪਨੀ ਇੱਕ ਕਾਰੋਬਾਰੀ ਕੰਪਨੀ ਸੀ। ਉਨ੍ਹਾਂ ਦੀ ਇਹ ਨੀਤੀ ਸੀ ਕਿ ਉਹ ਦੇਸ਼ ਦੇ ਧਾਰਮਿਕ ਜੀਵਨ ਵਿੱਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕਰੇਗੀ। ਉਹ ਧਰਮ ਮਾਮਲੇ ਵਿੱਚ ਨਿਰਪੱਖ ਸੀ। ਹੌਲੀ-ਹੌਲੀ ਈਸਾਈ ਧਰਮ ਵਾਲਿਆਂ ਨੇ ਧਰਮ ਪਰਿਵਰਤਨ ਸ਼ੁਰੂ ਕਰ ਦਿੱਤਾ ਅਤੇ ਜਦੋਂ 1662 ਵਿੱਚ ਬ੍ਰਿਟਿਸ਼ ਸਰਕਾਰ ਨੇ ਇਹ ਘੋਸ਼ਿਤ ਕੀਤਾ ਕਿ ਸਥਾਨਕ ਲੋਕਾਂ ਦਾ ਕੋਈ ਜਬਰਦਸਤੀ ਧਰਮ ਬਦਲਿਆ ਨਹੀਂ ਜਾਵੇਗਾ ਅਤੇ ਆਦੀ ਵਾਸੀ ਜੀਵਨ ਵਿੱਚ ਕੋਈ ਦਖਲ ਅੰਦਾਜ਼ੀ ਨਹੀਂ ਕੀਤੀ ਜਾਵੇਗੀ।

## 8.6 ਸ਼ਬਦਕੋਸ਼ (Keywords)

ਕਪਾਲ : ਮੱਥਾ, ਖੋਪੜੀ

ਪੂਰਵਾਗ੍ਰਹਿ : ਪੱਖਪਾਤ ਪੂਰਣ

ਧਰਮ ਦੇ ਲੋਕ : ਧਰਮ ਦਾ ਆਸਰਾ ਲੈਣ ਵਾਲੇ ਲੋਕ

## 8.7 ਅਭਿਆਸ ਪ੍ਰਸ਼ਨ (Review Questions)

1. ਨਸਲ ਨੂੰ ਆਪ ਕੀ ਸਮਝਦੇ ਹੋ ? ਪ੍ਰਣਾਲੀ ਦੇ ਜੈਵਿਕ ਵਿਸ਼ੇ ਨੂੰ ਸਪੱਸ਼ਟ ਕਰੋ।
2. ਨਸਲ ਦੇ ਨਿਰਧਾਰਨ ਤੱਤ ਕਿਹੜੇ-ਕਿਹੜੇ ਹਨ ? ਨਸਲਾਂ ਦਾ ਵਰਗੀਕਰਨ ਕਰੋ।
3. ਨਸਲਾਂ ਅਤੇ ਭਾਰਤੀ ਸਭਿਅਤਾ ਵਿੱਚ ਕੀ ਸੰਬੰਧ ਹਨ ?
4. ਜਾਤ ਸਮੂਹ ਨੂੰ ਸਪੱਸ਼ਟ ਕਰੋ। ਕੀ ਜਾਤ ਇੱਕ ਵਿਸ਼ਵ ਵਿਆਪੀ ਘਟਨਾ ਹੈ ?
5. ਘੱਟ ਗਿਣਤੀ ਅਤੇ ਵੱਧ ਗਿਣਤੀ ਦੇ ਸੰਬੰਧਾਂ 'ਤੇ ਚਾਨਣਾ ਪਾਓ।
6. ਹੇਠ ਲਿਖਿਆਂ 'ਤੇ ਟਿੱਪਣੀ ਕਰੋ-

(i) ਨਸਲ (ii) ਸੰਪਰਦਾਇਕ ਤਣਾਓ

(iii) ਹਿੰਦੂ ਮੁਸਲਿਮ ਤਣਾਓ (iv) ਧਰਮ ਬਦਲਣ ਦਾ ਇਤਿਹਾਸ

ਨੋਟ

## ਉੱਤਰ : ਸਵੈ-ਮੁੱਲਾਂਕਣ (Asnwer : Self Assessment)

1. (i) [✓] (ii) [ ] (iii) [✓]
   (iv) [✓] (v) [ ]
2. (i) ਨਵਾਂ (ii) ਵਿਸ਼ਵ ਧਰਮ (iii) ਲਾਮ ਬੰਦੀ
   (iv) ਜਾਤ (v) ਵਸਤੂ ਭਿੰਨਤਾਵਾਂ
3. (i) (a) (ii) (b) (iii) (d)
   (iv) (c) (v) (b) (vi) (c)
   (vii) (d) (viii) (a) (ix) (a)

## 8.8 ਸੰਦਰਭ ਪੁਸਤਕਾਂ (Futher Readings)

ਬੁਕਸ

1. ਦੀਪਾਂਕਰ ਗੁਪਤਾ, ਸੋਸ਼ਲ ਸ਼ਟ੍ਰੇਟੀਫੀਕੇਸ਼ਨ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਦਿੱਲੀ ਕੇ. ਐਲ. ਸ਼ਰਮਾ, 1980, ਐਸਏ ਆਨ ਸੋਸ਼ਲ ਸਟ੍ਰੇਟੀਫੀਕੇਸ਼ਨ, ਰਾਵਤ ਪਬਲੀਕੇਸ਼ਨਜ਼, ਜੈਪੁਰ ਐਂਡ ਦਿੱਲੀ

ਨੋਟ

# ਇਕਾਈ – 9: ਲਿੰਗ ਅਤੇ ਦਰਜ਼ਾਬੰਦੀ (Gender And Stratification)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

9.1 ਲੰਗ ਅਤੇ ਦਰਜ਼ਾਬੰਦੀ (Gender and Stratifictaion)

9.2 ਪਿੱਤਰਸੱਤਾ ਅਤੇ ਮਹਿਲਾਵਾਂ ਦਾ ਦਮਨ (Patriarchy and the Suborddination of Women)

9.3 ਸਾਰ ਅੰਸ਼ (Summary)

9.4 ਸ਼ਬਦਕੋਸ਼ (Keywords)

9.5 ਅਭਿਆਸ ਪ੍ਰਸ਼ਨ (Review Questions)

9.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਲਿੰਗ ਅਤੇ ਦਰਜ਼ਾਬੰਦੀ ਦੀ ਵਿਆਖਿਆ ਨੂੰ ਸਮਝਣ ਵਿੱਚ।
- ਪਿੱਤਰਸੱਤਾ ਅਤੇ ਮਹਿਲਾਵਾਂ ਦੇ ਦਮਨ ਦੀ ਤਰਜ਼ਮਾਨੀ ਕਰਨ ਵਿੱਚ।

## ਜਾਣਕਾਰੀ (Introduction)

ਨਾਰੀਵਾਦੀ ਚਿੰਤਨ ਦੇ ਲਗਭਗ ਦੋ ਦਹਾਕਿਆਂ ਦਾ ਸਫ਼ਰ ਦੇ ਉਪਰੰਤ ਇਸਤਰੀ ਅਧਿਐਨ ਰਾਸ਼ਟਰਵਾਦੀ ਇਤਿਹਾਸਕਾਰ ਏ.ਐਸ. ਅਲਟੇਕਰ ਦੇ ਦ੍ਰਿਸ਼ਟੀਕੋਣ ਦੇ ਹਿੱਸੇ ਦੇ ਰੂਪ ਵਿੱਚ ਮਿਲੇ ਉਸ ਨਜ਼ਰੀਏ ਤੋਂ ਮੁਕਤਹੋ ਚੁੱਕੇ ਹਨ, ਜਿਸਦਾ ਤਅੱਲਕ 'ਇਸਤਰੀ ਦੀ ਸਥਿਤੀ' ਜਾਣਨ ਦੇ ਭਰ ਤੋਂ ਸੀ। ਅਟਲੇਕਰ ਦਾ ਸਰੋਕਾਰ ਸੰਪਤੀ 'ਤੇ ਅਧਿਕਾਰ, ਵਿਆਹ ਦੀ ਉਮਰ-ਸੀਮਾ, ਵਿਧਵਾਵਾਂ 'ਤੇ ਲਗਾਈ ਗਈਆਂ ਬੰਦਿਸ਼ਾਂ ਅਤੇ ਕਰਮਕਾਂਡਾਂ ਵਿੱਚ ਇਸਤਰੀਆਂ ਦੀ ਭਾਗੀਦਾਰੀ ਵਰਗੇ ਮਸਲਿਆਂ ਤੱਕ ਸੀਮਤ ਸੀ। ਇਹ ਸਭ ਉਚੀਆਂ ਜਾਤਾਂ ਦੀਆਂ ਇਸਤਰੀਆਂ ਨਾਲ ਜੁੜੇ ਮਸਲੇ ਸਨ। ਹੁਣ ਨਾਰੀਵਾਦੀ ਚਿੰਤਨ ਦਾ ਜ਼ੋਰ ਇਸਤਰੀ ਦੀ ਦੋਯਮ ਸਥਿਤੀ ਅਤੇ ਉਸਦੀ ਜ਼ਿੰਮੇਵਾਰ ਰਚਨਾਵਾਂ 'ਤੇ ਹੈ। ਹੁਣ ਇਹ ਪਤਾ ਕਰਨਾ ਮਹੱਤਵਪੂਰਨ ਨਹੀਂ ਰਿਹਾ ਕਿ ਇਸਤਰੀਆਂ ਦੀ ਸਥਿਤੀ ਉੱਚੀ ਸੀ ਜਾਂ ਨੀਵੀਂ, ਬਲਕਿ ਇਸਤਰੀ ਅਧੀਨਤਾ ਦੀ ਪ੍ਰਕਿਰਿਤੀ ਅਤੇ ਉਸਦੇ ਕਾਰਣਾਂ ਦੀ ਪੜਤਾਲ ਜ਼ਿਆਦਾ ਮਹੱਤਵਪੂਰਨ ਹੋ ਗਈ ਹੈ। ਹੁਣ ਅਸੀਂ ਇਸ ਤੱਥ ਨਾਲ ਵੀ ਵਾਕਿਫ ਹਾਂ ਕਿ ਵਿਸ਼ਵ ਦੇ ਜ਼ਿਆਦਾਤਰ ਹਿੱਸਿਆਂ ਦੇ ਦਰਜ਼ ਇਤਿਹਾਸ ਦੀ ਜ਼ਿਆਦਾਤਰ ਅਵਸਥਾਵਾਂ ਵਿੱਚ ਇਸਤਰੀ ਅਧੀਨਤਾ ਦਾ ਵਜੂਦ ਰਿਹਾ ਹੈ। ਲੇਕਿਨ ਇਸ ਅਧੀਨਤਾ ਦੇ ਹੱਦ ਅਤੇ ਸਰੂਪ ਦਾ ਨਿਰਧਾਰਨ ਸਮਾਜਿਕ, ਆਰਥਿਕ ਅਤੇ ਸੰਸਕ੍ਰਿਤਿਕ ਕਾਰਣ ਕਰਦੇ ਰਹੇ ਹਨ। ਦੂਜੇ ਸ਼ਬਦਾਂ ਵਿੱਚ , ਇਸਤਰੀ ਦਾ ਪ੍ਰਵੇਸ਼ ਉਸਦੀ ਅਧੀਨਤਾ ਦੀ ਪ੍ਰਕਿਰਤੀ ਨੂੰ ਤੈਅ ਕਰਦਾ ਰਿਹਾ ਹੈ। ਭਾਰਤ ਵਿੱਚ ਲਿੰਗ-ਦਰਜ਼ਾਬੰਦੀ ਦੇ ਨਿਯਮ ਨਿਰਧਾਰਕਾਂ ਨੇ ਪਿੱਤਰਸੱਤਾ ਦੇ ਇਤਿਹਾਸਿਕ ਵਿਕਾਸ ਯਾਨੀ ਪਿੱਤਰਸੱਤਾ ਸੰਸਥਾਨ ਕਿਵੇਂ, ਕਦ ਅਤੇ ਕਿਨ੍ਹਾਂ ਸੰਦਰਭਾਂ ਵਿੱਚ ਵਜੂਦ ਵਿੱਚ ਆਏ ਅਤੇ ਇਸਦੇ ਉਪਰੰਤ ਰੂਪ ਬਦਲਦੇ ਹੋਏ

ਨੋਟ

ਸਦੀਆਂ ਦਾ ਸਫ਼ਰ ਤੈਅ ਕੀਤਾ, ਉਸਦੀ ਰੂਪਰੇਖਾ ਦੇ ਆਧਾਰ 'ਤੇ ਇਸਤਰੀ ਅਧੀਨਤਾ ਦੀ ਇਤਿਹਾਸਿਕ ਅਤੇ ਪ੍ਰਵੇਸ਼ਕਤਾ ਨੂੰ ਉਜਾਗਰ ਕਰਨ ਦੇ ਯਤਨ ਕੀਤੇ ਹਨ।

## 9.1 ਲਿੰਗ ਅਤੇ ਦਰਜ਼ਾਬੰਦੀ (Gender and stratification)

ਇਸ ਇਕਾਈ ਵਿੱਚ ਅਸੀਂ ਵਰਗ ਅਤੇ ਲਿੰਗ ਦੇ ਨਾਲ-ਨਾਲ ਜਾਤ ਅਤੇ ਲਿੰਗ ਦੇ ਵਿੱਚ ਦੇ ਸੰਬੰਧ 'ਤੇ ਵਿਚਾਰ ਕਰਾਂਗੇ। ਜਿੱਥੇ ਤੱਕ ਵਰਗ ਅਤੇ ਲਿੰਗ ਦੇ ਸੰਬੰਧ ਦੀ ਗੱਲ ਹੈ ਤਾਂ ਉਸ 'ਤੇ ਨਿਰਭਰ ਵਿਦਵਾਨਾਂ ਦੇ ਨਾਲ-ਨਾਲ ਬਾਹਰ ਦੇ ਵਿਦਵਾਨਾਂ ਨੇ ਵੀ ਵਿਚਾਰ ਕਿਤਾ ਹੈ ਲੇਕਿਨ ਜਾਤ ਅਤੇ ਲਿੰਗ ਦੇ ਵਿੱਚਲੇ ਸੰਬੰਧ ਦੇ ਅਨੁਵਾਦ ਦੀ ਜਿੰਮੇਵਾਰੀ, ਸੰਭਵ ਤੌਰ 'ਤੇ ਸਾਡੇ 'ਤੇ ਹੀ ਰਹੀ ਹੈ। ਗਰਡਾ ਲਰਨਰ ਦੁਆਰਾ ਵਰਗ ਅਤੇ ਲਿੰਗ ਦੇ ਸੰਬੰਧ 'ਤੇ ਕਿਤਾ ਗਿਆ ਕੰਮ, ਉਸ ਵਿੱਚ ਵੀ ਖ਼ਾਸ ਕਰਕੇ ਸ਼ੁਰੂ ਦੇ ਮੈਸੋਪੋਟਾਮੀਆਂ ਵਿੱਚ ਇਸਤਰੀ ਲਿੰਗੀ ਸੰਬੰਧ 'ਤੇ ਨਿਯੰਤ੍ਰਣ ਦਾ ਇਸਤਰੀ ਅਧੀਨਤਾ ਦੇ ਕੇਂਦਰੀ ਪੱਖ ਦੇ ਰੂਪ ਵਿੱਚ ਲਿੰਗ-ਦਰਜ਼ਾਬੰਦੀ ਦੇ ਅਧਿਐਨ ਦੇ ਲਿਹਾਜ 'ਤੇ ਮਾਰਗਦਰਸ਼ਕ ਅਤੇ ਮਹੱਤਵਪੂਰਣ ਹੈ। ਇਤਿਹਾਸਿਕ ਸ੍ਰੋਤਾਂ ਦੀ ਪੜਤਾਲ ਦੇ ਕ੍ਰਮ ਵਿੱਚ ਲਰਨਰ ਇਹ ਦੇਖਕੇ ਹੈਰਾਨ ਰਹਿ ਕਿ ਮੈਸੋਪੋਟਾਮੀਆ ਦੀ ਪ੍ਰਾਚੀਨ ਸਮਾਜ ਵਿਵਸਥਾ ਵਿੱਚ ਇਸਤਰੀਆਂ ਭਲੇ ਹੀ ਸਾਲਾਂ ਵਿੱਚ ਵੰਡਿਆਂ ਹੋਇਆਂ ਸਨ ਅਤੇ ਭਾਵੇਂ ਉਹਨਾਂ ਨੂੰ ਆਰਥਿਕ ਖ਼ੁਦਮੁਖਤਾਰੀ ਹਾਸਿਲ ਸੀ, ਪਰ ਉਨ੍ਹਾਂ ਦੀ ਲਿੰਗੀ 'ਤੇ ਪੁਰਸ਼ਾਂ ਦਾ ਹੀ ਨਿਯੰਤਰਣ ਸੀ। ਇਸ ਤੱਥ ਨੇ ਲਰਨਰ ਨੂੰ ਮਹਿਜ ਆਰਥਿਕ ਪ੍ਰਸ਼ਨਾਂ ਦੇ ਸਰਲ ਦਾਇਰੇ ਤੋਂ ਬਾਹਰ ਨਿਕਲਕੇ ਇਸਤਰੀ ਲਿੰਗੀ 'ਤੇ ਨਿਯੰਤਰਣ ਅਤੇ ਪ੍ਰਜਣਨ-ਵਿਵਸਥਾ ਦੇ ਮੱਦੇਨਜ਼ਰ ਵਿਚਾਰ ਕਰਨ ਨੂੰ ਮਜਬੂਰ ਕੀਤਾ। ਯਾਨੀ ਇਹ ਸਮਝ ਬਣੀ ਕਿ ਉਤਪਾਦਨ-ਵਿਵਸਥਾ ਅਤੇ ਉਸਦੇ ਨਿਯੰਤਕ (ਵਰਗੀ ਆਯਾਮ) ਦੇ ਨਾਲ-ਨਾਲ ਪ੍ਰਜਣਨ-ਵਿਵਸਥਾ ਅਤੇ ਉਸਦੇ ਨਿਯੰਤਕ (ਲਿੰਗ ਸਬੰਧੀ ਆਯਾਮ) ਦੋਨਾਂ ਤੇ ਵਿਚਾਰ ਕਰਨਾ ਜ਼ਰੂਰੀ ਹੈ। ਉਨ੍ਹਾਂ ਦੇ ਵਿਸ਼ਲੇਸ਼ਣ ਦੀ ਤਰਜ ਤੇ ਨਾਰੀਵਾਦੀ ਚਿੰਤਕਾਂ ਨੇ ਭਾਰਤੀ ਸੰਦਰਭ ਵਿੱਚੋ ਜਾਤੀ ਅਤੇ ਲਿੰਗ ਦੇ ਸਬੰਧ ਨੂੰ ਸਮਝਣ ਦੀ ਕੋਸ਼ਿਸ ਕੀਤੀ ਹੈ। ਭਾਰਤੀ ਸੰਦਰਭ ਵਿੱਚ ਵਰਗ ਅਤੇ ਜਾਤੀ ਦੋਨਾਂ ਤੇ ਵਿਚਾਰ ਕਰਨ ਦੀ ਜ਼ਰੂਰਤ ਹੈ, ਕਿ ਉਤਪਾਦਨ-ਵਿਵਸਥਾ ਦਾ ਸਰੂਪ ਲਈ ਹੋਈ ਸੀ, ਇਸਤਰੀ ਜਣਨ-ਵਿਵਸਥਾ ਤੇ ਕਿੰਨਾਂ ਦਾ ਨਿਯੰਤਰਣ ਸੀ ਅਤੇ ਕਿਹੜੀਆਂ ਧਾਰਾਵਾਂ ਦੀ ਅਨੁਮਤੀ ਅਤੇ ਪ੍ਰਮਾਣਕਤਾ ਪ੍ਰਦਾਨ ਕਰਦੀ ਸੀ। ਤਾਂ ਭਾਰਤੀ ਸੰਦਰਭ ਵਿੱਚ ਸਾਨੂੰ ਨਾ ਕੇਵਲ ਵਰਗ ਅਤੇ ਲਿੰਗ, ਵਰਗ ਅਤੇ ਜਾਤੀ ਦੇ ਵਿੱਚ ਦੇ ਗਠਜੋੜ ਨੂੰ ਸਮਝਣ ਦੀ ਜ਼ਰੂਰਤ ਹੈ ਬਲਕਿ ਉਨ੍ਹਾਂ ਯੁਕਤਾ ਅਤੇ ਤਰਿਕੀਆਂ ਨੂੰ ਵੀ ਜ਼ਾਹਰ ਕਰਨ ਦੀ ਜ਼ਰੂਰਤ ਹੈ, ਜੋ ਸਮੁੱਚੇ ਤੰਤਰ ਨੂੰ ਪੁਨਰ ਉਤਪਾਦਨ ਲਈ ਪ੍ਰਯੋਗ ਵਿੱਚ ਲਿਆਏ ਜਾਂਦੇ ਹਨ।

ਵਰਗ, ਜਾਤੀ ਅਤੇ ਲਿੰਗ ਤਿੰਨੇ ਆਪਸ ਵਿੱਚ ਬੰਧੇ ਹੋਏ ਹਨ, ਇਹ ਆਪਸ ਵਿੱਚ ਅੰਤਰਕਿਰਿਆ ਕਰਦੇ ਹੋਏ ਇੱਕ ਦੂਸਰੇ ਦਾ ਰੂਪ ਨਿਰਧਾਰਿਤ ਕਰਦੇ ਹਨ- ਵਿਆਹ ਦੇ ਰੂਪ, ਲਿੰਗੀ ਅਤੇ ਪ੍ਰਜਣਨ ਜਾਤੀ ਵਿਵਸਥਾ ਦਾ ਮੂਲ ਆਧਾਰ ਹੈ। ਵਿਆਹ-ਸੰਸਥਾ ਵਰਗ ਅਤੇ ਜਾਤੀ ਵਿਵਸਥਾ ਦਰਜ਼ਾਬੰਦੀ ਅਤੇ ਪ੍ਰਜਣਨ ਸੰਬੰਧੀ ਕਠੋਰ ਕਾਇਦੇ ਦੇ ਮਾਧਿਅਮ ਨਾਲ ਸਮੁੱਚੇ ਤੰਤਰ ਦਾ ਪੁਨਰ ਉਤਪਾਦਨ ਕਰਦੀ ਹੈ।

### 9.1.1 ਜਾਤੀ ਵਿਵਸਥਾ ਵਿੱਚ ਸਮਜਾਤੀ ਵਿਵਾਹ ਦੀ ਥਾਂ

ਇਸ ਤੱਥ ਨੂੰ ਹਮੇਸ਼ਾ ਧਿਆਨ ਵਿੱਚ ਰੱਖਕੇ ਚੱਲਣ ਦੀ ਜ਼ਰੂਰਤ ਹੈ ਕਿ ਵਰਗ (ਉਤਪਾਦਨ ਵਿਵਸਥਾ) ਅਤੇ ਜਾਤੀ (ਉਤਪਾਦਨ ਅਤੇ ਪ੍ਰਜਣਨ ਵਿਵਸਥਾ) ਦੇ ਵਿੱਚ ਦਾ ਭੇਦ ਭਾਰਤੀ ਸਮਾਜ ਵਿੱਚ ਮੌਜੂਦ ਦਰਜ਼ਾਬੰਦੀ ਨੂੰ ਹੋਰ ਸਮਾਜਾਂ ਦੀ ਦਰਜ਼ਾਬੰਦੀ ਨਾਲ ਨਾ ਸਿਰਫ਼ ਨਿਖੇੜਨ ਕਰਦਾ ਹੈ ਬਲਕਿ ਉਸ ਵਿੱਚ ਖ਼ਾਸ ਜਟਿਲਤਾਵਾਂ ਵੀ ਲਿਆਉਂਦਾ ਹੈ। ਸਮਜਾਤੀ ਵਿਆਹ ਯਾਨੀ ਆਪਣੀ ਹੀ ਜਾਤੀ ਦੇ ਦਾਇਰੇ ਵਿੱਚ ਵਿਆਹ ਸੰਬੰਧ ਕਾਇਮ ਕਰਨ ਦੇ ਨਿਯਮ ਦੀ ਬੁਨਿਆਦ ਤੇ ਜਾਤੀ ਵਿਵਸਥਾ ਦਾ ਢਾਂਚਾ ਖੜ੍ਹਾ ਹੈ। ਜਾਤੀ ਅਤੇ ਲਿੰਗ ਆਧਾਰਿਤ ਦਰਜ਼ਾਬੰਦੀ ਦੀ ਨਿਰੰਤਰਤਾ ਦੇ ਬਣੇ ਰਹਿਣ ਵਿੱਚ ਵਿਆਹ ਦੀ ਭੂਮਿਕਾ ਸਾਧਨ ਦੀ ਹੈ। ਸਮਾਜ ਸ਼ਾਸ਼ਤਰੀਆਂ ਨੇ ਇਸ ਗੱਲ ਦੇ ਵੱਲ ਧਿਆਨ ਦਵਾਇਆ ਹੈ ਕਿ ਕਿਸੇ ਜਾਤੀ ਦੀ ਪਹਿਚਾਣ ਬਾਕੀ ਹੋਰ ਜਾਤੀਆਂ ਨਾਲ ਉਸਦੀ ਭਿੰਨਤਾ ਨਾਲ ਤੈਅ ਹੁੰਦੀ ਹੈ। ਇਸਦੇ ਲਈ ਜ਼ਰੂਰੀ ਹੈ ਕਿ ਜਾਤੀਆਂ ਅਲੱਗ ਰਹਿਣ, ਜਿਸ ਨਾਲ ਸਮਜਾਤੀ ਵਿਆਹ ਸੰਭਵ ਕਰਦਾ ਹੈ। ਸਮਜਾਤੀ ਵਿਆਹ ਖ਼ਾਸ ਉਤਪਾਦਨ ਸੰਬੰਧਾ ਦੇ ਪ੍ਰਸਾਰ ਨੂੰ ਸੰਭਵ ਕਰਨ ਦੇ ਨਾਲ-ਨਾਲ ਜਾਤੀ ਵਿਵਸਥਾ ਨੂੰ ਇਸ ਹੱਦ ਤੱਕ ਲਚੀਲਾਪਨ ਪ੍ਰਦਾਨ ਕਰਦਾ ਹੈ ਕਿ ਪ੍ਰਾਚੀਨ-ਜਾਤੀ ਸਮੁਦਾਏ (ਉਹ ਸਮੁਦਾਏ ਜੋ ਜਾਤੀ ਵਿਵਸਥਾ ਦੇ ਦਾਇਰੇ ਤੋਂ ਬਾਹਰ ਹੋਣ) ਆਪਣੀ ਸੰਭਿਆਚਾਰਕ ਖਾਸਿਅਤਾਂ ਦੇ ਨਾਲ ਇਸਦੇ ਦਾਇਰੇ ਵਿੱਚ ਸ਼ਾਮਲ ਕੀਤੇ ਜਾ ਸਕਣ। ਇਨ੍ਹਾਂ ਸਭ ਕਾਰਨਾ, ਖ਼ਾਸਕਰ ਸਮੂਹ (ਜਾਤੀ/ ਉਪ-ਜਾਤੀ) ਅਲੱਗ-ਅਲੱਗ ਚੌਖਟ ਵਿੱਚ ਬਣੇ ਰਹਿਣ ਇਸਦੇ ਲਈ ਇਸਤਰੀ ਲਿੰਗੀ ਨੂੰ ਤਰਜੀਹ ਦਿੱਤੇ ਜਾਣ ਦੀ ਵਜ੍ਹਾ ਨਾਲ ਸਮਜਾਤੀ ਵਿਆਹ ਖ਼ੁਦ ਆਪਣੇ ਸੂਖਮ ਪੜਤਾਲ ਦੀ ਜ਼ਰੂਰਤ ਉਤਪੰਨ ਕਰਦਾ ਹੈ। ਵੈਸੇ ਵੀ ਭਾਰਤੀ ਵਿਆਹ ਵਿਵਸਥਾ ਵਿੱਚ ਸਮਜਾਤੀ ਵਿਆਹ ਨੂੰ ਪ੍ਰਾਥਮਿਕ ਤੱਤ ਮੰਨਿਆ ਜਾਂਦਾ ਹੈ।

ਇਹੀ ਕਾਰਨ ਹੈ ਕਿ ਇਸਤਰੀਆਂ ਨੂੰ ਵਟਾਂਦਰਾ ਯਾਨੀ ਵਿਆਹ ਦੀ ਵਿਕਾਸ ਯਾਤਰਾ ਅਤੇ ਉਸਦੇ ਵਿਵਿਧ ਰੂਪਾ ਨੂੰ ਜਾਣਨਾ ਸਾਡੇ ਲਈ ਜ਼ਰੂਰੀ ਹੋ ਜਾਂਦਾ ਹੈ। ਇੱਥੇ ਕਈ ਸਵਾਲ ਮਹੱਤਵਪੂਰਣ ਹੋ ਜਾਂਦੇ ਹਨ, ਜਿਵੇਂ ਕਿ, ਵਿਆਹ ਕੀ ਹੈ ? ਕੀ ਇਸਦੀ ਕੋਈ ਮੁਤਫ਼ਿਕ ਪਰਿਭਾਸ਼ਾ ਦਿੱਤੀ ਜਾ ਸਕਦੀ ਹੈ ? ਭਾਰਤ ਵਿੱਚ ਵਿਆਹ ਦੇ ਇਤਿਹਾਸ ਬਾਰੇ ਵਿੱਚ ਅਸੀਂ ਕੀ ਜਾਣਦੇ ਹਾਂ ? ਕੇਂਦਰੀ ਦ੍ਰਿਸ਼ਟੀਕੋਣ ਨਾਲ ਇਨ੍ਹਾਂ ਪ੍ਰਸ਼ਨਾਂ ਦੇ ਜਵਾਬ ਭਾਰਤ ਵਿੱਚ ਲਿੰਗ ਸੰਬੰਧਾ ਦੀ ਸਾਡੀ ਸਮਝ ਨੂੰ ਹੋਰ ਬਿਹਤਰ ਕਰ ਸਕਦੇ ਹਨ। ਪਰ ਅਫ਼ਸੋਸ ਕਿ ਇਨ੍ਹਾਂ ਪ੍ਰਸ਼ਨਾਂ ਤੇ ਠੀਕ ਤਰ੍ਹਾਂ ਵਿਚਾਰ ਕੀਤਾ ਜਾਣਾ ਬਾਕੀ ਹੈ। ਫ਼ਿਲਹਾਲ ਸਾਡੇ ਕੋਲ ਨਿਰਦੈਤਾ ਅਤੇ ਗੁਆਢੀ ਖੇਤਰ ਦੇ ਪ੍ਰਾਚੀਨ ਇਤਿਹਾਸ ਦਾ ਲਰਨਰ ਦੁਆਰਾ ਦਿੱਤਾ ਗਿਆ ਨਾਰੀਵਾਦੀ ਅਧਿਐਨ ਹੈ।

ਆਪਣੀ ਜਾਤੀ ਨੂੰ ਛੱਡ ਕਿਸੇ ਹੋਰ ਜਾਤੀ ਵਿੱਚ ਵਿਆਹ ਵਰਜਿਤ ਹੈ, ਪੇਸ਼ ਬਦਲਣ ‘ਤੇ ਪਾਬੰਦੀ ਹੈ, ਕੋਈ ਵੀ ਵਿਅਕਤੀ ਇੱਕ ਤੋਂ ਜ਼ਿਆਦਾ ਪੇਸ਼ੇ ਨਾਲ ਨਹੀਂ ਜੁੜ ਸਕਦਾ, ਕੇਵਲ ਦਾਰਸ਼ਨਿਕ ਨੂੰ ਛੱਡ ਕੇ...

**ਮੇਗਾਸਥਨੀਜ, ਇੰਡਿਆ, ਸੀਏ. ਈਸਾ-ਪੂਰਵ ਤੀਸਰੀ ਸਦੀ**

ਉਸ ਇਸਤਰੀ ਨਾਲ ਵਿਆਹ ਕਰਨਾ ਉਚਿਤ ਹੈ ਜੋ ਕੁਵਾਰੀ ਹੋਏ, ਮੰਗਲੀਕ ਲੱਛਣਾ ਵਾਲੀ ਹੋਵੇ, ਕਦੇ ਵਿਆਹੀ ਨਾ ਰਹੀ ਹੋਵੇ, ਦਿਲ ਨੂੰ ਪਿਆਰੀ ਹੋਵੇ, ਬਰਾਬਰ ਵਰਗ ਦੀ ਹੋਵੇ, ਸਮਜਾਤੀ ਨਾ ਹੋਣ, ਉਮਰ ਵਿੱਚ ਛੋਟੀ ਹੋਵੇ, ਨਿਰੋਗ ਹੋਣ, ਆਪਣੇ ਪਰਿਵਾਰ ਅਤੇ ਗੋਤਰ ਦੀ ਨਾ ਹੋਵੇ, ਭਾਈਬੰਦੀ-ਹੀਣ ਨਾ ਹੋਵੇ...

**ਯਾਜ਼ਨਵੱਲਕਿਯਾ ਯਾਦ, I-52-55**

ਸ਼ੁੱਧ ਅਤੇ ਅਸ਼ੁੱਧ ਦੀ ਧਾਰਨਾ ਦੇ ਤਹਿਤ ਵਖਰੇਵਾਂ ਨੂੰ ਮਹੱਤਵ ਦੇਣ ਦਾ ਮਕਸਦ ਹਰ ਇੱਕ ਜਾਤੀ ਦਾ ਸੀਮਾ-ਬੱਧ ਸਮੂਹ ਅਤੇ ਅਲੱਗ ਸਮਾਜਿਕ ਇਕਾਈ ਦੇ ਰੂਪ ਵਿੱਚ ਪੁਨਰ-ਉਤਪਾਦਨ ਹੁੰਦੇ ਦੇਣ ਦਿੱਤਾ ਹੈ ਅਤੇ ਸਮਜਾਤੀ ਵਿਆਹ ਇਸ ਵਖਰੇਵਾਂ ਦੀ ਸਿੱਧੀ ਦਾ ਪ੍ਰਾਂਥਮਿਕ ਸ਼ਾਧਨ ਰਿਹਾ ਹੈ। ਕਿਉਂਕਿ ਜੋ ਵੀ ਵਿਆਹ ਹੁੰਦੇ ਹਨ, ਉਹਨਾਂ ਵਿੱਚ ਸਮਜਾਤੀ ਵਿਆਹ ਦੇ ਕਾਇਦਿਆਂ ਦਾ ਪਾਲਣ ਕਿਤਾ ਜਾਂਦਾ ਹੈ। ਇਸ ਲਈ ਅਤੀਤ ਅਤੇ ਵਰਤਮਾਨ ਦੋਨੋਂ ਹੀ ਸਮਿਆਂ ਦੇ ਵਿਆਹ ਦੇ ਰੂਪ/ਰੂਪਾਂ ਵੱਲ ਗੰਭੀਰ ਤਵੱਜੋ ਦੇਣੀ ਜ਼ਰੂਰੀ ਹੈ।

ਨਾਰੀਬਾਦੀ ਖੋਜ਼ ਦੇ ਲਿਹਾਜ ਨਾਲ ਵਿਆਹ ਅਤੇ/ਜਾਂ ਸ਼ਮੂਹਾ ਦੇ ਵਿੱਚ ਇਸਤਰੀਆਂ ਦੇ ਤਬਾਦਲਾ ਅਤੇ ਇਸ ਨਾਲ ਜੁੜ੍ਹੇ ਨਿਯਮ ਕਾਇਦਿਆਂ ਦਾ ਅਧਿਐਨ ਮਹੱਤਵਪੂਰਨ ਵਿਸ਼ਾ ਖ਼ੇਤਰ ਹੈ। ਨਾਰੀਵਾਦੀ ਵਿਦਵਾਨਾ ਦਾ ਇਸ ਤਰਫ਼ ਧਿਆਨ ਗਿਆ ਨੂੰ ਜ਼ਿਆਦਾ ਦਿਨ ਨਹੀਂ ਹੋਏ ਹਨ ਇਸ ਲਈ ਇਸ ਦ੍ਰਿਸ਼ਟੀਕੋਣ ਨਾਲ ਹੁਣ ਇਹ ਵਿਸ਼ਾ ਖ਼ੇਤਰ ਜ਼ਿਆਦਾ ਵਿਕਸਿਤ ਨਹੀਂ ਹੋ ਪਾਇਆ ਹਨ, ਲੇਕਿਨ ਨਰ-ਸ਼ਾਸ਼ਤ੍ਰੀਆਂ ਦੇ ਲਈ ਇਹ ਵਿਸ਼ਾ ਨਵਾਂ ਨਹੀਂ। ਨਾਰੀਵਾਦੀਆਂ ਨੇ ਨਰ-ਸ਼ਾਸ਼ਤ੍ਰੀ ਕੰਮਾ ਦਾ ਸਹਾਰਾ ਲੈ ਕੇ ਸਮੁਦਾਈਆਂ ਦੇ ਵਿੱਚ ਇਸਤਰੀ ਦੇ ਤਬਾਦਲਾ ਉਨ੍ਹਾਂ ਦੀ ਲਿੰਗੀ ਅਤੇ ਉਸ ਤੋਂ ਬਾਅਦ ਖ਼ੁਦ ਉਨ੍ਹਾਂ ਦਾ ਕਬੀਲਾ/ਵੰਸ਼ ਜਾਂ ਜਾਤੀ/ਉਪਜਾਤੀ ਵਰਗੇ ਸਮੂਹ, ਜਿਸਦੀ ਉਹ ਮੈਂਬਰ ਹੈ, ਦੇ ਲਈ ਸਾਧਨ ਬਣਨ ਦੀ ਪ੍ਰਕਿਰਿਆ ਦੇ ਨਾਲ-ਨਾਲ ਇਸ ਤਰ੍ਹਾਂ ਦੇ ਤਬਾਦਲੇ ਦਾ ਉਨ੍ਹਾਂ ਦੀ ਅਧੀਨਤਾ ‘ਤੇ ਪਏ ਪ੍ਰਭਾਵਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਗੇਲ ਰੁਬਿਨ ਦੇ ਮੁਤਾਬਿਕ-ਇਸਤਰੀਆਂ ਦਾ ਤਬਾਦਲਾ ਇਹ ਦਰਸਾਉਂਦਾ ਹੈ ਕਿ ਨਾਤੇਦਾਰੀ ਵਿਵਸਥਾ ਵਿੱਚ ਸੰਬੰਧਾ ਦਾ ਜੋ ਤਾਣਾ-ਬਾਣਾ ਹੈ, ਉਸ ਵਿੱਚ ਪੁਰਸ਼ਾ ਨੂੰ ਇਸਤਰੀਆਂ ਤੇ ਕੁੱਝ ਅਧਿਕਾਰ ਬਣਦੇ ਹਨ, ਜਦਕਿ ਇਸਤਰੀਆਂ ਦੇ ਪੁਰਸ਼ਾ ਤੇ ਐਸੇ ਕੋਈ ਅਧਿਕਾਰ ਨਹੀਂ ਬਣਦੇ। ਵਿਵਸਥਾ ਵਿੱਚ ਇਸਤਰੀਆਂ ਖ਼ੁੱਦ ਤੇ ਪੂਰਨ ਅਧਿਕਾਰ ਨਹੀਂ ਹੈ। ਵਿਵਸਥਾ ਵਿੱਚ ਇਸਤਰੀਆਂ ਦਾ ਖੁਦ ਤੇ ਪੂਰਨ ਅਧਿਕਾਰ ਨਹੀਂ ਹੈ।

ਵਿਆਹ ਹੋਰ ਕੁੱਝ ਨਹੀਂ ਬਲਕਿ ਇਸਤਰੀ-ਵਟਾਂਦਰਾ ਨੂੰ ਦਿੱਤਾ ਗਿਆ ਰਤਮੀ ਰੂਪ ਹੈ। ਇਸਤਰੀ-ਵਟਾਂਦਰਾ ਮੱਤਲਬ ਵਿਆਹ ਦੇ ਲਈ ਬਹੁ-ਗੋਤਰਤਾ (ਏਗਜ਼ੋਗੇਮੀ) ਅਤੇ ਸਮਜਾਤੀ (ਏਡੋਗੇਮੀ) ਵਰਗੇ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਬਹੁ-ਗੋਤਰਤਾ ਕੇ ਤਹਿਤ ਉਸ ਦਾਇਰੇ ਨੂੰ ਅੰਕਤ ਕੀਤਾ ਜਾਂਦਾ ਹੈ, ਜਿਸਦੇ ਮੈਂਬਰ ਆਪਸ ਵਿੱਚ ਵਿਆਹ ਨਹੀਂ ਕਰ ਸਕਦੇ। ਸੁਵਿਧਾ ਕੇ ਲਈ ਇਸ ਦਾਇਰੇ ਨੂੰ ਵਿਆਹ ਚੱਕਰ (ਮੈਰਿਜ ਸਰਕਲ) ਕਹਿ ਸਕਦੇ ਹਾਂ। ਸਮਜਾਤੀਅਤਾ ਦੇ ਤਹਿਤ ਉਸ ਕਾਇਦੇ ਨੂੰ ਤੈਅ ਕੀਤਾ ਜਾਂਦਾ ਹੈ, ਜਿਸਦੇ ਅੰਦਰ ਹੀ ਵਿਆਹ ਸੰਬੰਧ ਕਾਇਮ ਕੀਤੇ ਜਾਣੇ ਚਾਹੀਦੇ ਹਨ। ਵਿਆਹ ਚੱਕਰ ਦੇ ਮੈਂਬਰ ਇੱਕ ਦੂਸਰੇ ਦੇ ਇੰਨੇ ਨਜਦੀਕ ਹੁੰਦੇ ਹਨ, ਕਿ ਉਨ੍ਹਾਂ ਵਿੱਚ ਵਿਆਹ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ। ਜ਼ਿਆਦਾਤਰ ਸਭ ਸਮਾਜ ਵਿਵਸਥਾ ਵਿੱਚ ਵਿਆਹ ਚੱਕਰ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ। ਸਾਡੇ ਇੱਥੇ ਗੋਤ, ਇਸਦਾ ਇੱਕ ਉਦਾਹਰਨ ਹੈ। ਇਸ ਲਈ ਕਿਸੇ ਗੋਤ ਦੇ ਮੈਂਬਰਾ ਦਾ ਆਪਸ ਵਿੱਚ ਵਿਆਹ ਮਤਲਬ ਸਮ-ਗੋਤੀ ਵਿਆਹ ਅਣ-ਉਚਿਤ ਅਤੇ ਮੰਨਣਯੋਗ ਨਹੀਂ ਮੰਨਿਆ ਗਿਆ ਹੈ। ਜਿੱਥੇ ਤੱਕ ਸਮਜਾਤੀ ਦੀ ਗੱਲ ਹੈ ਤਾਂ ਇਹ ਉਨ੍ਹਾਂ ਸਮਾਜਾਂ ਦੀ ਜ਼ਰੂਰੀ ਖਾਸਿਅਤ ਹੈ ਜਿਨ੍ਹਾਂ ਵਿੱਚ ਜਨਮ (ਰਕਤ) ਦੇ ਅਧਾਰ ਤੇ ਦਰਜ਼ਾਬੰਦੀ ਹੁੰਦੀ ਹੈ। ਸੀਮਾਬੰਧ ਸਮੂਹਾਂ (ਭਾਰਤ ਵਿੱਚ ਜਾਤੀ/ਉਪਜਾਤੀ) ਦੇ ਵਿੱਚ ਵਖਰੇਵਾਂ ਅਤੇ ਦੇਵ ਸ਼੍ਰੇਣੀ ਬਰਕਰਾਰ ਰਹੇ ਇਸ ਲਈ

ਨੋਟ

ਜ਼ਰੂਰੀ ਹੈ ਕਿ ਕਿਸੇ ਸਮੂਹ ਦੇ ਮੈਂਬਰ ਅਪਣੇ ਸਮੂਹ ਦੇ ਦਾਇਰੇ ਵਿੱਚ, ਲੇਕਿਨ ਆਪਣੇ ਵਿਆਹ ਚੱਕਰ ਨੂੰ ਛੱਡਕੇ ਹੀ, ਵਿਆਹ ਕਰੇ। ਇਸ ਨਾਲ ਹਰ ਇੱਕ ਸਮੂਹ ਦੀ ਆਪਣੀ ਖ਼ਾਸਿਅਤ ਬਚੀ ਅਤੇ ਬਣੀ ਰਹੇਗੀ। ਕਲਾਊਡ ਲੇਵੀ-ਸਤ੍ਰਾਂਸ ਦੇ ਮੁਤਾਬਿਕ ਸਮਜਾਤੀ ਵਿਆਹ ਦੀ ਧਾਰਨਾ ਮਾਨਵ ਸਮੂਹਾ ਦੇ ਦਾਇਰੇ ਦੇ ਬਾਹਰ ਵਿਆਹ ਦੀ ਸੰਭਾਵਨਾ ਨੂੰ ਨਹੀਂ ਪਚਾ ਪਾਉਣਾ ਹੈ। ਹਾਲਾਕਿ 'ਸਮੂਹਾਂ' ਦੀ ਕੋਈ ਇੱਕ ਪਰਿਭਾਸ਼ਾ ਨਹੀਂ ਹੈ, ਇਹ ਸੰਦਰਭ ਸਮੂਹਾ ਦੇ ਹੁੰਦੀ ਹੈ।

ਕਿਸੀ ਜਾਤੀ ਦੀ ਵਿਸ਼ੇਸ਼ ਖੁਬੀ ਅਤੇ ਹੋਰ ਜਾਤੀਆਂ ਨਾਲ ਉਸਦੀ ਭਿੰਨਤਾ ਦਾ ਬਣਿਆ ਰਹਿਣਾ ਸਮਜਾਤੀ ਵਿਆਹ ਦੀ ਰੀਤੀ ਤੇ ਹੀ ਨਿਰਭਰ ਕਰਦਾ ਹੈ। ਪਾਰੰਪਰਿਕ ਵਿਆਹ ਯਾਨੀ ਉਹ ਵਿਆਹ ਜੋ ਵਰ ਅਤੇ ਕੰਨਿਆ ਦੇ ਪਰਿਵਾਰ ਜਾ ਸਮੂਹ ਦੇ ਪੱਧਰ ਤੇ ਤੈਅ ਹੁੰਦਾ ਹੈ, ਮੂਲ ਅਰਥ ਸਮਜਾਤੀ ਵਿਆਹ ਦੇ ਉਲੰਘਣ ਦੀ ਸਥਿਤੀ ਤੋਂ ਬਚਣ ਦਾ ਉਪਾਅ ਹੈ।

ਨੋਟਸ ਉਹ ਵਿਆਹ ਜੋ ਵਰ ਅਤੇ ਕੰਨਿਆ ਦੇ ਪਰਿਵਾਰ ਜਾ ਸਮੂਹ ਦੇ ਪੱਧਰ ਤੇ ਤੈਅ ਹੁੰਦਾ ਹੈ, ਮੂਲ ਅਰਥ ਸਮਜਾਤੀ ਵਿਆਹ ਦੇਉਲੰਘਣ ਦੀ ਸਥਿਤੀ ਤੋਂ ਬਚਣ ਦਾ ਉਪਾਅ ਹੈ।

### 9.1.2 ਵਿਆਹ ਦੇ ਰੂਪ

ਭਾਰਤ ਵਿੱਚ ਅਰੇਂਜਡ ਅਤੇ ਪਰੰਪਰਿਕ ਵਿਆਹ ਨੂੰ ਹੀ ਪੂਰਾ ਵਿਆਹ ਮੰਨਿਆ ਜਾਂਦਾ ਹੈ। ਸਮਜਾਤੀ ਵਿਆਹ, ਜਿਸ 'ਤੇ ਜਾਤੀ ਵਿਵਸਥਾ ਦਾ ਢਾਂਚਾ ਟਿਕਿਆ ਹੈ, ਕੀ ਰੀਤੀ ਦੀ ਨਿਰੰਤਰਤਾ ਵਿਆਹ ਦੇ ਇਸ ਰੂਪ 'ਤੇ ਆਦਾਰਿਤ ਹੈ। ਇਸ ਤਰ੍ਹਾਂ ਦੇ ਇੱਕ ਉਚਿਤ ਵਿਆਹ ਦੇ ਲਈ ਵਰ ਅਤੇ ਕੰਨਿਆ ਦਾ ਇੱਕੋ ਹੀ ਜਾਤੀ/ਉਪਜਾਤੀ ਲੇਕਿਨ ਭਿੰਨ ਗੋਤਰ (ਵਿਆਹ ਚੱਕਰ) ਤੋਂ ਹੋਣਾ ਜ਼ਰੂਰੀ ਹੈ। ਇਸਦੇ ਨਾਲ ਹੀ, ਅਲੱਗ-ਅਲੱਗ ਖੇਤਰਾਂ ਵਿੱਚ ਇਸਦਾ ਅਲੱਗ-ਅਲੱਗ ਸਾਧਨ ਹੈ ਕਿ ਵਰ ਅਤੇ ਕੰਨਿਆ ਨੂੰ ਮਾਤਾ-ਪਿਤਾ ਦੀ ਕਿੰਨੀਆ ਪਿਛੜੀਆਂ ਪੀੜੀਆਂ ਤੱਕ ਵਿਆਹ ਨਹੀਂ ਹੋ ਸਰਦਾ। ਹੁਣ ਅਸੀ ਦੇਖਾਗਾ ਕਿ ਇਹ ਨਿਯਮ ਜਾਤੀ ਵਿਵਸਥਾ ਦੇ ਤਾਣੇ-ਬਾਣੇ ਵਿੱਚ ਕਿਸ ਤਰ੍ਹਾਂ ਬੰਨ੍ਹੇ ਹੋਏ ਹਨ। ਬਤੌਰ ਉਦਾਹਰਨ, ਮੈਂ ਇੱਥੇ ਇੱਕ ਨਰਸ਼ਾਸ਼ਤਰੀ ਦੁਆਰਾ ਬੰਗਾਲ ਵਿੱਚ ਕੀਤਾ ਗਿਆ ਫੀਲਡਵਰਕ ਲਿਆ ਹੈ, ਲੇਕਿਨ ਇਸਤੋਂ ਜੋ ਗੱਲਾਂ ਉਭਰ ਕੇ ਸਾਹਮਣੇ ਆਇਆ ਹਨ, ਉਹ ਵਿਸ਼ਵਾਸ਼ਾ ਅਤੇ ਰੀਤੀਆਂ ਦੇ ਉਸ ਵਿਆਪਕ ਸੰਦਰਭ ਦਾ ਉਦਘਾਟਨ ਕਰਦੀ ਹੈ ਜਿਸਦੇ ਤਹਿਤ ਵਿਆਹ ਸੰਬੰਧੀ ਫ਼ੈਸਲੇ ਲਏ ਜਾਂਦੇ ਹਨ।
ਆਮ ਤੌਰ 'ਤੇ ਅਸੀ ਕਹਿ ਸਕਦੇ ਹਾ ਕਿ ਵਿਆਹ ਜਨਮ ਅਤੇ ਰਕਤ (ਵੰਸ਼) ਦੀ ਸੰਬੰਧ ਵਿੱਚ ਲੋਕਾਂ ਦੁਆਰਾ ਬਣਾਇਆਂ ਗਈਆਂ ਧਾਰਨਾਵਾਂ ਜਾਂ ਰੀਤੀਆਂ ਦਾ ਹੀ ਇੱਕ ਪਹਿਲੂ ਹੈ। ਵਿਆਹ ਦਾ ਉਦੇਸ਼ ਹੁੰਦਾ ਹੈ, ਪੁਰਸ਼ ਦੇ ਵੰਸ਼ ਦੀ ਸ਼ੁੱਧਤਾ ਅਤੇ ਨਿਰੰਤਰਤਾ ਬਣਾਏ ਰੱਖਣਾ। ਇਸ ਨਾਲ ਉਸ ਜਾਤੀ ਜਾ ਉਪਜਾਤੀ ਦੀ ਸ਼ੁੱਧਤਾ ਅਛੋਹ ਰਹਿੰਦੀ ਹੈ, ਪੁਰਸ਼ ਜਿਸਦਾ ਮੈਂਬਰ ਹੁੰਦਾ ਹੈ। ਵਿਆਹ ਸਮਾਜਿਕ ਰੁਤਬਾ ਬਣਾਈ ਰੱਖਣ ਦੇ ਲਈ ਮਹੱਤਵਪੂਰਣ ਹੈ। ਜਾਤੀ ਦੇ ਅੰਦਰ ਵੰਡ ਦੇ ਵਿੱਚ ਕੋਈ ਇੱਥੇ ਸਥਿਤ ਹੁੰਦਾ ਹੈ, ਉਸ ਨਾਲ ਉਸਦੀ ਹੈਸੀਅਤ ਤੈਅ ਹੁੰਦੀ ਹੈ। ਇਸ ਲਈ ਵਿਆਹ ਨਾਲ ਜੁੜੀਆਂ ਧਾਰਨਾਵਾਂ ਅਤੇ ਰੀਤੀਆਂ ਨਸਲੀ ਅਸਮਾਨਤਾ ਦੀਆਂ ਧਾਰਨਾਵਾ ਨਾਲ ਬੰਧਾ ਹੋਇਆ ਹੈ।

ਵਿਆਹ ਦਾ ਪ੍ਰਾਥਮਿਕ ਉਪਦੇਸ਼ ਪੁਰਸ਼ ਦੇ ਵੰਸ਼ ਦੀ ਨਿਰੰਤਰਤਾ ਬਣਾਈ ਰੱਖਦਾ ਹੈ। ਇਸਦੇ ਲਈ ਕਿਸੇ ਦੂਸਰੇ ਵੰਸ਼ ਦੀ ਲੜਕੀ ਨੂੰ ਲੈ ਜਾਣ ਦੀ ਜ਼ਰੂਰਤ ਪੈਂਦੀ ਹੈ। ਲੜਕੀ ਦੇ ਲੈਣ-ਦੇਣ ਦੇ ਕਰਮਕਾਂਡ ਦੇ ਰੂਪ ਵਿੱਚ ਇਸ ਤਰ੍ਹਾਂ ਮਹਿਮਾ-ਮੰਡਿਤ ਕੀਤਾ ਗਿਆ ਹੈ ਕਿ ਉੱਚ ਜਾਤੀਆਂ ਵਿੱਚ ਲੜਕੀ ਨੂੰ ਦੇਣਾ ਯਾਨੀ ਕੰਨਿਆ ਦਾਨ ਨੂੰ ਸਭ ਤੋਂ ਵੱਡਾ ਦਾਣ ਮੰਨਿਆ ਜਾਂਦਾ ਹੈ। ਇਸ ਦਾਨ ਨਾਲ ਪੁੰਨ ਪ੍ਰਾਪਤ ਹੁੰਦਾ ਹੈ, ਇਸ ਤਰ੍ਹਾਂ ਮੰਨਿਆ ਜਾਂਦਾ ਹੈ। ਕਿਉਂਕਿ ਇਹ ਸਭ ਤੋਂ ਵੱਡਾ ਦਾਨ ਹੈ, ਇਸ ਲਈ ਇਸ ਦਾਨ ਦੇ ਲਈ ਖ਼ਾਸ ਤਰਿਕੇ ਜਾਂ ਰੀਤੀ ਦਾ ਚਲਣ ਹੈ। ਜਿਵੇਂ ਕਿ ਲੜਕੀ ਜਿਸਨੂੰ ਦਿੱਤੀ ਜਾਂਦੀ ਹੈ, ਉਸਨੂੰ ਆਪਣੀ ਜਾਤੀ ਜਾ ਉਪਜਾਤੀ ਦਾ ਹੋਣਾ ਚਾਹੀਦਾ ਹੈ। ਇਸਦੇ ਨਾਲ ਹੀ ਉਸਨੂੰ ਉਸ ਚੱਕਰ ਦੇ ਦਾਈਰੇ ਤੋਂ ਬਾਹਰ ਹੋਣਾ ਚਾਹੀਦਾ, ਜਿਸ ਵਿੱਚ ਲੜਕੀ ਨਹੀਂ ਦਿੱਤੀ ਜਾ ਸਕਦੀ ਯਾਨੀ ਵਰ ਦਾ ਗੋਤਰ ਭਿੰਨ ਹੋਣਾ ਚਾਹੀਦਾ ਅਤੇ ਕੰਨਿਆ ਦੇ ਮਾਤਾ-ਪਿਤਾ ਦੇ ਵੰਸ਼ਾ ਵਿੱਚ ਉਸਨੂੰ ਓਨੀਆਂ ਪੀੜੀਆਂ ਦੇ ਦਾਇਰੇ ਤੋਂ ਬਾਹਰ ਹੋਣਾ ਚਾਹੀਦਾ ਜਿੰਨੀਆਂ ਪੀੜੀਆਂ ਤੱਕ ਪ੍ਰਤਿਬੰਧ ਦਾ ਮਾਮਲਾ ਬਣਦਾ ਹੈ।

ਵਿਆਹ ਦੇ ਬਾਅਦ ਹੀ ਪੁਰਸ਼ ਆਪਣਾ ਵੰਸ਼ ਆਰੰਭ ਕਰ ਸਕਦਾ ਹੈ। ਗੌਰਤਲਬ ਹੈ, ਇਸ ਲੈਣ-ਦੇਣ ਵਿੱਚੋਂ ਲੜਕੀ ਇੱਕ ਵੰਸ਼ ਤੋਂ ਬੇਟੀ ਦੇ ਰੂਪ ਵਿੱਚੋਂ ਨਿਕਲਦੀ ਹੈ ਅਤੇ ਦੂਸਰੇ ਵਿੱਚ ਪਤਨੀ ਦੇ ਰੂਪ ਵਿੱਚ ਪ੍ਰਵੇਸ਼ ਕਰਦੀ ਹੈ। ਯਾਨੀ ਕਿ ਪੁਰਸ਼ ਦੇ ਵੰਸ਼ ਦੀ ਨਿਰੰਤਰਤਾ ਲਈ ਬਾਹਰ ਤੋਂ ਕਿਸੇ ਨੂੰ ਲੈ ਕੇ ਸਾਦਨ ਬਣਾਇਆ ਜਾਂਦਾ ਹੈ। ਪਤਨੀ ਦੇ ਰੂਪ ਵਿੱਚ ਵਿੱਚ ਇਸਤਰੀ ਆਪਣੇ ਪਤੀ

ਦੇ ਵੰਸ਼ ਦੀ ਸ਼ੁਧਤਾ ਅਤੇ ਅਸ਼ੁੱਧਤਾ ਸੰਬੰਧੀ ਸਾਰੇ ਕਾਇਦਿਆਂ ਦਾ ਪਾਲਣ ਕਰਦੀ ਹੈ। ਪਤੀ ਦੇ ਗਰ ਵਿੱਚ ਇਸਤਰੀ ਇੱਕਦਮ ਹੀ ਬਦਲੀ ਹੋਈ ਸਥਿਤੀ ਵਿੱਚ ਹੁੰਦੀ ਹੈ। ਜਿਸ ਨਾਲ ਉਸਦੀ ਮਾਤਾ-ਪਿਤਾ ਦਾ ਕੋਈ ਲੈਣਾ-ਦੇਣਾ ਨਹੀਂ ਰਹਿੰਦਾ।

ਫੀਲਡਵਰਕ ਤੋਂ ਪ੍ਰਾਪਤ ਸੂਚਨਾ ਦੱਸਦੀ ਹੈ ਕਿ ਕੰਨਿਆਦਾਨ ਨਾਲ ਜੁੜੀ ਸੰਸਕ੍ਰਿਤਕ ਧਾਰਨਾ ਇਸਨੂੰ ਮਹਿਜ਼ ਬੇਟੀ ਦਾ ਦਾਨ ਨਹੀਂ ਮੰਨਦੀ ਹੈ, ਬਲਕਿ ਇਸਨੂੰ ਬੇਟੀ ਦੇ ਨਾਲ-ਨਾਲ ਉਸਦੇ ਜਨਾਨਾ ਗੁਣਾਂ, ਉਸਦੇ 'ਇਸਤਰੀਪਨ' (ਮਾਤਰਸ਼ਕਤੀ) ਅਤੇ ਉਸਦੀ ਪ੍ਰਜਨਨ ਸ਼ਕਤੀ ਦਾ ਦਾਨ ਮੰਨਿਆ ਹੈ। ਮਾਰਤਸ਼ਕਤੀ ਪੁਰਸ਼ ਨੂੰ ਦੇ ਦਿੱਤੀ ਜਾਂਦੀ ਹੈ। ਤਾਂਕਿ ਉਸਦੇ ਵੰਸ਼ ਦੀ ਸ਼ੁਰੂਆਤ ਹੋ ਸਕੇ। ਇਸ ਤਰ੍ਹਾਂ ਅਸੀਂ ਪਾਉਂਦੇ ਹਾਂ ਕਿ ਲੈਣ-ਦੇਣ ਦੀ ਵਸਤੂ ਦੇ ਰੂਪ ਵਿੱਚ ਇਸਤਰੀ ਨੂੰ ਉਹ ਵੰਸ਼ ਅਤੇ ਗੋਤਰ ਛੱਡਣਾ ਪੈਂਦਾ ਹੈ, ਜਿਸ ਵਿੱਚ ਉਹ ਜਨਮ ਲੈਂਦੀ ਹੈ ਅਤੇ ਨਵੇਂ ਵੰਸ਼ ਅਤੇ ਗੋਤਰ ਵਿੱਚ ਪ੍ਰਵੇਸ਼ ਕਰਨਾ ਪੈਂਦਾ ਹੈ। ਉਥੇ ਪੁਰਸ਼ ਦੀ ਸਥਿਤੀ ਸਥਿਰ ਰਹਿੰਦੀ ਹੈ। ਸੰਖੇਪ ਵਿੱਚ ਕਹੀਏ ਤਾਂ ਹਿੰਦੂ ਵਿਆਹ ਅਤੇ ਜਨਮ ਦੀ ਸਮੁੱਚੀ ਧਾਰਨਾ ਅਤੇ ਪ੍ਰਤੀਕ ਯੋਜਨਾ ਵੰਸ਼ਾਂ ਦੇ ਵਿਚੋਂ ਇਸਤਰੀਆਂ ਦੇ ਲੈਣ-ਦੇਣ ਅਤੇ ਇਸਤਰੀ ਜਾਂ ਪੁਰਸ਼ ਹੋਣ ਦੇ ਅਰਥ ਦੀ ਵਿਆਖਿਆ ਕਰਨ, ਉਨ੍ਹਾਂ ਨੂੰ ਪਰਿਭਾਸ਼ਿਤ ਅਤੇ ਵਿਅਕਤ ਕਰਨ ਦੇ ਲਈ ਰਚੀ ਗਈ ਹੈ। ਕੰਨਿਆ ਦਾਨ ਦੀ ਸਥਾਰਕਤਾ ਅਤੇ ਪ੍ਰਕਿਰਿਆਤਮਕਤਾ 'ਦਾਨ' (ਕੰਨਿਆ) ਦੁਆਰਾ ਵੰਸ਼ ਦੀ ਰੇਖਾ ਅੱਗੇ ਵਧਾਉਣ, ਦੋ ਵੰਸ਼ਾਂ ਨੂੰ ਜੋੜਣ, ਕੰਨਿਆ ਦਾ ਦਾਨ ਕਰਨ ਵਾਲਾ ਵੰਸ਼ ਦੇ ਅਮਰਤਾ ਪ੍ਰਾਪਤ ਹੋਣ ਵਰਗੇ ਕੰਮ-ਵਪਾਰਾਂ ਨੂੰ ਸੰਪੰਨ ਹੁਣ ਵਿੱਚ ਦ੍ਰਿੜ ਹੁੰਦੀ ਹੈ। ਦਾਨ ਦੇ ਮਾਧਿਅਮ ਨਾਲ ਜਾਤੀ ਦੇ ਰੁਤਬੇ ਅਤੇ ਉਸਦੀ ਸ਼ੁੱਧਤਾ ਦਾ ਵੀ ਆਸਰਾ ਹੁੰਦਾ ਹੈ। ਕਾਰਣ, ਕੁਵਾਰੀ ਕੰਨਿਆ ਦਾ ਦਾਨ ਕੇਵਲ ਆਪਣੇ (ਜਾਤੀ ਭਾਈ) ਨੂੰ ਦੀ ਦਿੱਤਾ ਜਾ ਸਕਦਾ ਹੈ। ਕਿਉਂਕਿ ਵਿਆਹ ਦਾ ਕੇਂਦਰੀ ਸਰੋਕਾਰ ਸੰਤਾਨ ਉਤਪਤੀ ਨਾਲ ਹੈ, ਇਸ ਲਈ ਆਦਰਸ਼ ਵਿਆਹ (ਨਿਮਨ- ਆਧਾਰਿਤ ਵਿਆਹ) ਤੋਂ ਜਨਨੀ ਸੰਤਾਨ ਵਿਵਸਥਾ ਦੇ ਸੁਰੱਖਿਆ ਜਾਂ ਕਿਆਮਤ ਦਾ ਕੰਮ ਕਰਦੀ ਹੈ। ਜਾਤੀਜਨ ਅਸਮਾਨਤਾ ਅਤੇ ਪੁਰਸ਼ ਦੇ ਵੰਸ਼ ਦਾ ਅਰਮਤਵ ਵਿਆਹ 'ਤੇ ਨਿਰਭਰ ਕਰਦੇ ਹਨ। ਐਸਾ ਨਹੀਂ ਹੈ ਕਿ ਸਮਜਾਤੀ ਵਿਆਹ ਮਹਿਜ਼ ਵਿਵਹਾਰ ਦੇ ਪੱਧਰ 'ਤੇ ਹੁੰਦੇ ਹਨ, ਬਲਕਿ ਧਰਮ ਸ਼ਾਸ਼ਤਰਾਂ ਅਤੇ ਰਮਾਇਣ ਤੱਕ ਵਿੱਚ ਇਸਦੇ ਪੱਖ ਵਿਚੋਂ ਪ੍ਰਤੀਮਾਨ ਮੌਜੂਦ ਹਨ। ਕੰਬਣ ਰਮਾਇਣ ਵਿੱਚ ਸਰੂਪਨਖਾ ਦੇ ਵਿਆਹ ਪ੍ਰਸਤਾਵ ਨੂੰ ਠੁਕਰਾਉਂਦਾ ਹੋਏ, ਰਾਮ ਕਹਿੰਦੇ ਹਨ, "ਮੈਂ ਕਸ਼ਤਰੀ ਹਾਂ, ਜਦਕਿ ਤੂੰ ਬ੍ਰਾਹਮਣ ਹੈਂ। ਮੈਂ ਤੇਰੇ ਨਾਲ ਵਿਆਹ ਨਹੀਂ ਕਰ ਸਕਦਾ। ਇੱਥੇ ਪ੍ਰਤੀਲੋਮ ਵਿਆਹ ਦੀ ਸਥਿਤੀ ਬਣਦੀ ਸੀ। ਇਸ ਲਈ ਕਾਇਦੇ ਨਾਲ ਰਾਮ ਸਰੂਪਨਖਾ ਨਾਲ ਵਿਆਹ ਨਹੀਂ ਕਰ ਸਕਦਾ ਸੀ। ਉਥੇ ਹੀ ਬਾਲਮੀਕੀ ਰਮਾਇਣ ਵਿੱਚ ਸੀਤਾ ਬ੍ਰਹਮਾ-ਵਿਆਹ ਦੇ ਤਹਿਤ ਰਾਮ ਨਾਲ ਵਿਆਹੀ ਜਾਂਦੀ ਹੈ। ਬ੍ਰਾਹਮਣਵਾਦੀ ਆਚਾਰ-ਸਹਿਤਾਵਾਂ ਵਿੱਚ ਜਿੰਨ ਅੱਠ ਤਰ੍ਹਾਂ ਦੇ ਵਿਆਹ ਦਾ ਜ਼ਿਕਰ ਹੈ, ਉਨ੍ਹਾਂ ਵਿੱਚ ਬ੍ਰਹਮਾ-ਵਿਆਹ ਸਰਵ-ਸ਼੍ਰੇਸ਼ਠ ਮੰਨਿਆ ਗਿਆ ਹੈ। ਵਿਆਹ ਵਿੱਚ ਵਰ ਅਤੇ ਕੰਨਿਆ ਦੇ ਮਾਧਿਅਮ ਨਾਲ ਪਰਿਵਾਰ ਦੇ ਵੀ ਸੰਬੰਧ ਸਥਾਪਿਤ ਹੁੰਦੇ ਹਨ। ਇਹੀ ਕਾਰਣ ਹੈ ਕਿ ਅੱਜ ਵੀ ਹਿੰਦੂ ਵਿਆਹ (ਈਸਾਈਆਂ ਅਤੇ ਮੁਸਲਮਾਨਾਂ ਵਿੱਚ ਹੋਣ ਵਾਲੇ ਵਿਆਹ ਵੀ), ਅਰੇਂਜਡ ਹੁੰਦੇ ਹਨ, ਮਤਲਬ ਕਿ ਵਰ ਅਤੇ ਕੰਨਿਆ ਦੇ ਮਾਤਾ-ਪਿਤਾ ਅਤੇ ਵੱਡੇ ਬਜ਼ੁਰਗ ਇਸਨੂੰ ਤੈਅ ਕਰਦੇ ਹਨ। ਅਜਿਹੀ ਮਾਨਤਾ ਹੈ ਕਿ ਵਿਆਹ ਦੇ ਮਾਧਿਅਮ ਨੱਲ ਪਰਿਵਾਰ, ਬਰਾਦਰੀ ਅਤੇ ਸਮੂਹ ਦਾ ਰੁਤਬਾਬਣਿਆ ਅਤੇ ਬਚਿਆ ਰਹਿੰਦਾ ਹੈ, ਕਮਜ਼ੋਰ ਜਾਂ ਮਜ਼ਬੂਤ ਹੁੰਦਾ ਹੈ। ਇਸ ਲਈ, ਲੜਕੇ ਜਾਂ ਲੜਕੀ ਨੂੰ ਇਸਦਾ ਖ਼ੁਦ ਫ਼ੈਸਲਾ ਲੈਣ ਦੇ ਲਈ ਛੱਡਣਾ ਖ਼ਤਰਨਾਕ ਮੰਨਿਆ ਜਾਂਦਾ ਹੈ। ਵੱਡੇ ਬਜ਼ੁਰਗ ਉਨ੍ਹਾਂ ਨੂੰ ਸਮਝਾਉਂਦੇ ਹਨ ਕਿ ਉਨ੍ਹਾਂ ਦੀ ਖ਼ੁਸ਼ੀ ਅਤੇ ਪਰਿਵਾਰ ਦੀ ਮਾਣ-ਮਰਿਆਦਾ ਦੇ ਲਈ ਹੀ ਉਹ ਸੋਚ-ਸਮਝ ਕੇ ਲੋਕ ਮੱਤ ਅਤੇ ਸ਼ਾਸ਼ਤਰ ਮੱਤ ਚੁਣਾਉ ਕਰਕੇ ਉਨ੍ਹਾਂ ਦਾ ਵਿਆਹ ਕਰ ਰਹੇ ਹਨ। ਪਰੰਪਰਿਕ ਵਿਆਹ ਨੂੰ ਹੀ ਉਚਿਤ ਆਦਰਸ਼ ਮੰਨਿਆ ਜਾਂਦਾ ਰਿਹਾ ਹੈ। ਜਦਕਿ 'ਪ੍ਰੇਮ-ਵਿਆਹ' ਨੂੰ ਅਣਉਚਿਤ, ਜਿਸ ਵਿੱਚ ਫ਼ੈਸਲੇ ਲੈਣ ਵਾਲੇ ਖ਼ੁਦ ਉਹ ਹੂੰਦੇ ਹਨ, ਜਿਨ੍ਹਾਂ ਨੇ ਵਿਆਹ ਕਰਨਾ ਹੈ।

ਵਿਆਹ ਹੀ ਜਾਤ ਵਿਵਸਥਾ ਦੇ ਇੱਕ ਹੋਣ ਦੇ ਕਾਰਣ ਇਸਦਾ ਉਲੰਘਣ ਕਰਨ ਵਾਲੇ ਦੇ ਲਈ ਜਾਤ ਜਾਂ ਬਰਾਦਰੀ ਤੋਂ ਬਾਹਰ ਕੱਢਣ ਵਰਗੀਆਂ ਸਜਾਵਾਂ ਦਾ ਨਿਯਮ ਹੈ। ਦੰਡ ਦੇਣ ਦਾ ਅਧਿਕਾਰ ਵਿਆਹ ਮੰਡਲੀ ਦੇ ਕੋਲ ਹੈ। ਆਰੰਭ ਵਿੱਚ ਇਹ ਅਧਿਕਾਰ ਜਾਇਜ਼ ਸੀ, ਲੇਕਿਨ ਹੌਲੀ-ਹੌਲੀ ਇਸਨੇ ਸੁਭਾਵਿਕ ਰੂਪ ਅਖਤਿਆਰ ਕਰ ਲਿਆ। ਹਰ ਇੱਕ ਵਿਆਹ ਮੰਡਲੀ ਨੂੰ ਆਪਣੇ ਮੈਂਬਰ ਤੇ ਹੱਦਾਂ ਤੈਅ ਕਰਨ ਦਾ ਅਧਿਕਾਰ ਪ੍ਰਾਪਤ ਹੈ। ਵੈਸੇ ਤਾਂ ਹਰ ਇੱਕ ਸਵੰਤਤਰ ਮਾਰਗਦਰਸ਼ਨ, ਨਿਯਮ-ਕਾਇਦੇ ਹਨ, ਲੇਕਿਨ ਅਸਲੀਅਤ ਵਿੱਚ ਇਲਾਕੇ ਦੀ ਪ੍ਰਭਾਵਸ਼ਾਲੀ ਜਾਤ ਦੀ ਅਕਸਰ ਸਾਰੀਆਂ ਵਿਆਹ-ਮੰਡਲੀਆਂ ਦਾ ਅੰਦਰੂਨੀ ਵਿਵਹਾਰ ਦੀ ਤੈਅ ਕਰਦੀ ਹੈ। ਕਿਸੇ ਜਾਤ ਦਾ ਸਮਾਜਿਕ ਸਨਮਾਨ ਉਸਦਾ ਅੰਦਰੂਨੀ ਵਿਵਹਾਰ ਦੀ ਸੁਵਿਧਾ 'ਤੇ ਨਿਰਭਰ ਕਰਦਾ ਹੈ। ਉਲੰਘਣਾ ਕਰਨ ਵਾਲੇ ਨੂੰ ਜਾਤੀ ਤੋਂ ਬਾਹਰ ਕੱਢਣ ਦਾ ਦੰਡ ਦੇਣ ਦੀ ਅਧਿਕਾਰੀ ਇਕਾਈ ਜ਼ਿਆਦਾਤਰ ਜਿਨਸੀ ਰਹੀ ਹੈ, ਭਾਵ ਇਸ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨਹੀਂ ਰਹੀ ਹੈ। ਇਸਦੀ ਜੋ ਵੀ ਨਤੀਜੇ ਹੋਏ, ਉਨ੍ਹਾਂ ਦੇ ਬਾਰੇ ਵਿੱਚ ਅਧਿਆਏ ਨੌਂ ਦੇ ਵਿੱਚ ਗੱਲ ਕੀਤੀ ਗਈ ਹੈ।

ਨੋਟ

## 9.1.3 ਜਾਤੀ ਵਿਵਸਥਾ ਅਤੇ ਬ੍ਰਾਹਮਣਵਾਦੀ ਪਿੱਤਰਸੱਤਾ

ਇਸ ਪੁਸਤਕ ਦੇ ਨਜ਼ਰੀਏ ਨਾਲ ਸਮਾਜਿਕ ਰੁਤਬਾ, ਆਰਥਿਕ ਅਤੇ ਸਮਾਜਿਕ ਪੁਨਰ ਉਤਪਾਦਨ ਦਾ ਸਮੁੱਚਾ ਸੰਥੈਟਿਕ ਗਠਨ 'ਬ੍ਰਾਹਮਣਵਾਦੀ ਪਿਤਰਸੱਤਾ' (ਜਿਸਨੂੰ ਹਾਲ ਵਿੱਚ ਨਾਰੀਵਾਦੀ ਚਿੰਤਨ ਦੇ ਰੇਖਾਕ੍ਰਿਤ ਕੀਤਾ ਹੈ) 'ਤੇ ਟਿਕਿਆ ਹੋਇਆ ਹੈ। ਕਹਿਣਾ ਨਾ ਹੋਵੇਗਾ ਕਿ ਇਸਤਰੀ ਪਰਾਧੀਨਤਾ ਦੇ ਭਿੰਨ-ਭਿੰਨ ਰੂਪਾਂ ਵਿੱਚ ਕਈ ਇਕੋ ਰੂਪ 'ਤੇ ਨਹੀਂ ਬਲਕਿ ਹਿੰਦੂਵਾਦ ਅਤੇ ਜਾਤੀ ਆਧਾਰਿਤ ਵਿਵਸਥਾ ਨਾਲ ਬੰਨ੍ਹੀ ਖਾਸ ਰਚਨਾ ਹੈ। ਭਾਰਤ ਦੇ ਜ਼ਿਆਦਾਤਰ ਭਾਗਾਂ ਵਿੱਚ ਹੁਣ ਤੱਕ ਜੜ੍ਹ ਜਮਾ ਚੁੱਕੀ ਇਸ ਪਿਤਰਸੱਤਾ ਰਚਨਾ ਦੀ ਅਲੱਗ ਪਹਿਚਾਣ ਕਰਨ ਦੇ ਲਈ 'ਬ੍ਰਾਹਮਣਵਾਦੀ ਪਿਤਰਸੱਤਾ' ਦਾ ਪ੍ਰਯੋਗ ਉਚਿਤ ਹੈ। ਇਹ ਵਸਤੂ ਨਿਯਮ ਅਤੇ ਸੰਸਥਾਨਾਂ ਦਾ ਅਜਿਹਾ ਪੁੰਜ ਹੈ, ਜਿਸ ਵਿੱਚ ਜਾਤ ਅਤੇ ਲਿੰਗ ਇੱਕ ਦੂਸਰੇ ਨਾਲ ਗੁੰਧੇ ਹੋਏ ਹਨ, ਉਹ ਇੱਕ ਦੂਸਰੇ ਦਾ ਸਰੂਪ ਤੈਅ ਕਰਦੇ ਹਨ ਅਤੇ ਜਿਸ ਵਿੱਚੋਂ ਇਸਤਰੀ ਜਾਤੀਆਂ ਦੇ ਵਿੱਚ ਦੀ ਵੰਡ ਬਣਾਏ ਰੱਖਣ ਦੇ ਲਈ ਬਤੌਰ ਸਾਧਨ ਇਸਤੇਮਾਲ ਹੁੰਦੇ ਹਨ। ਇਸ ਨੇ ਅਜਿਹੇ ਕਾਇਦੇ ਬਣਾ ਰੱਖੇ ਹਨ ਕਿ ਸੀਮਾਬੱਧ ਵਿਆਹ-ਮੰਡਲੀ ਦੇ ਸ਼ਬਦੀ-ਕ੍ਰਮਤਾ ਦਾ ਉਲੰਘਣ ਕੀਤੇ ਬਿਨਾਂ ਜਾਤ ਦਾ ਪੁਨਰ-ਉਤਪਾਦਨ ਹੁੰਦਾ ਹੈ। ਇਸਦੇ ਨਾਲ ਹੀ, ਇਸਤਰੀਆਂ ਦੇ ਲਈ ਪ੍ਰਸਤਾਵਿਤ ਬ੍ਰਾਹਮਣਵਾਦੀ ਦਾ ਕਾਇਦੇ ਜਾਤੀਆਂ ਦੀ ਸਥਿਤੀ ਦੇ ਅਨੁਪਾਤ ਹੈ, ਯਾਨੀ ਜਾਤਾਂ ਦੇ ਸ਼ਬਦ-ਕ੍ਰਮ ਵਿੱਚ ਕਿਸੇ ਜਾਤ ਦੀ ਜੋ ਸਥਿਤੀ ਹੈ ਅਤੇ ਉਸਦੇ ਨਾਲ ਉਸਦੀ ਜੋ ਹੈਸੀਅਤ ਬਣਦੀ ਹੈ, ਉਸਦੇ ਅਨੁਸਾਰ ਉਸਦੇ ਇਸਤਰੀਆਂ ਦੇ ਲਈ ਬ੍ਰਾਹਮਣਵਾਦੀ ਪਿਤਰਸੱਤਾ ਦੇ ਕਾਇਦੇ ਨਿਸ਼ਚਿਤ ਰੱਖੇ ਹਨ। ਇਸ ਵਿਚੋਂ ਇਸਤਰੀਆਂ ਦੀ ਯੋਨਿਕਤਾ 'ਤੇ ਕਠੋਰ ਨਿਯੰਤ੍ਰਣ ਦਾ ਅਧਿਕਾਰ ਉੱਚੀਆਂ ਜਾਤਾਂ ਦੇ ਕੋਲ ਹੈ। ਇਹ ਪਤੀ-ਵਰਤਾ ਅਤੇ ਸਾਧਣੀ ਇਸਤਰੀਆਂ ਦਾ ਮਹਿਮਾ-ਮੰਡਲ ਕਰਦਾ ਹੈ ਅਤੇ ਨਿਯਮਾਂ ਅਤੇ ਸੰਸਥਾਵਾਂ ਦੇ ਮਾਧਿਅਮ ਨਾਲ ਸਹਿਮਤੀ ਅਤੇ ਦਮਨ ਦੇ ਆਧਾਰ 'ਤੇ ਜਾਤ ਦੀ ਸ਼ਬਦੀ-ਕ੍ਰਮ ਅਤੇ ਲਿੰਗ-ਅਸਮਾਨਤਾ ਬਣਾਏ ਰੱਖਦਾ ਹੈ। ਸੰਖੇਪ ਵਿੱਚ ਕਹੀਏ ਤਾਂ ਬ੍ਰਾਹਮਣਵਾਦੀ ਪਿੱਤਰ ਸੱਤਾ ਬ੍ਰਾਹਮਣਵਾਦੀ ਆਦਾਰ ਸਹਿਤਾਵਾਂ ਵਿੱਚ ਪੇਸ਼ ਕਾਇਦੀਆਂ ਦਾ ਸਥੂਲ ਰੂਪ ਹੈ, ਜਿਸਨੂੰ ਰਾਜਾ ਉਸਦਾ ਪ੍ਰਤੀਨਿਧੀ ਲੁੱਟਦੇ ਰਹੇ ਹਨ। ਇਨ੍ਹਾਂ ਕਾਇਦੀਆਂ ਨੇ ਵਿਸ਼ੇਸ਼ਕਰ ਉੱਚੀ ਜਾਤੀਆਂ ਦੇ ਧਾਰਨਾ ਜਗਤ ਨੂੰ ਰੂਪ ਪ੍ਰਦਾਨ ਕੀਤਾ ਜੋ ਅੱਜ ਵੀ ਉਸਦੇ ਆਚਾਰ ਅਤੇ ਵਿਵਹਾਰ ਦਾ ਆਧਾਰ ਹੈ। ਨਿਮਨ ਜਾਤੀਆਂ ਦੇਵ-ਸ਼੍ਰੇਣੀ ਵਿੱਚ ਉੱਪਰ ਵੱਲ ਰੁਖ ਕਰਨ ਦੇ ਲਈ ਅਕਸਰ ਇਨ੍ਹਾਂ ਕਾਇਦੀਆਂ ਦਾ ਅਨੁਸਰਨ ਕਰਨਾ ਸ਼ੁਰੂ ਕਰ ਦਿੰਦੀ ਹੈ, ਇਸ ਤਰ੍ਹਾਂ ਉੱਪਰ ਉੱਠਣ ਲਈ ਤਤਪਰ ਨਿਮਨ ਜਾਤੀਆਂ ਦੀਆਂ ਨਜ਼ਰਾ ਇਹ ਨਹੀ ਦੇਖ ਪਾਈ ਕੀ ਬ੍ਰਾਹਮਵਾਦੀ ਪਿੱਤਰ ਸੱਤਾ ਨੂੰ ਜਾਤੀ ਵਿਵਸਥਾ ਨਾਲ ਬੰਨ੍ਹਿਆ ਹੋਣ ਦੇ ਕਾਰਨ ਉੱਚੀ ਅਤੇ ਨਿਚਲੀ ਜਾਤੀਆਂ ਦੀਆਂ ਇਸਤਰੀਆਂ ਦੇ ਲਈ, ਵਿਆਹ ਅਤੇ ਯੌਨਿਕਤਾ ਨਾਲ ਸਬੰਧ ਅਲੱਗ-ਅਲੱਗ ਕਾਇਦੀਆਂ ਦਾ ਉੱਚੀ ਜਾਤੀਆਂ ਦੁਆਰਾ ਨਿਮਨ ਜਾਤੀਆਂ ਦਾ ਮਿਹਨਤ ਦੇ ਨਾਲ ਗਹਿਰਾ ਸੰਬੰਧ ਹੇ। ਇਹ ਇਸ ਗੱਲ ਦੀ ਵੀ ਵਿਆਖਿਆ ਕਰਦਾ ਹੈ ਕਿ ਕਿਉਂ ਕਿ ਇੱਕ ਤਰ੍ਹਾ ਤਾਂ ਉੱਚੀਆ ਜਾਤੀਆਂ ਵਿੱਚ ਵਿਧਵਾ-ਪੁਨਰ ਵਿਆਹ ਤੇ ਪਾਬੰਦੀ ਹੈ ਅਤੇ ਦੂਸਰੀ ਤਰ੍ਹਾਂ ਨਿਮਨ ਜਾਤੀਆਂ ਦੀਆਂ ਇਸਤਰੀਆਂ ਤੇ ਪੁਨਰ ਵਿਆਹ ਹੀ ਨਹੀਂ ਬਲਕਿ ਜਬਰਨ ਸਹਿਵਾਸ ਤੱਕ ਦੀ ਸੰਭਾਵਨਾ ਖੁੱਲੀ ਰਹਿੰਦੀ ਹੈ।, ਮਿਹਨਤ ਦਹਿਣ ਜਾਤੀ ਵਿਵਸਥਾ ਦਾ ਪ੍ਰਮੁੱਖ ਅਤੇ ਵਿਆਪਕ ਤਰਕ ਆਧਾਰ ਹੈ ਅਤੇ ਉਸਨੇ ਲਿੰਗ ਨਾਲ ਸਬੰਧਿਤ ਕਾਇਦੀਆਂ ਨੂੰ ਰੂਪ ਪ੍ਰਦਾਨ ਕੀਤਾ ਹੈ, ਤਾਂਕਿ ਉਚੀਆਂ ਜਾਤੀਆਂ ਦਾ ਹਿੱਤ ਸਿੱਧ ਹੋ ਸਕਣ।

ਇਸ ਤਰ੍ਹਾਂ ਅਸੀ ਪਾਉਂਦੇ ਤਾਂ ਕਿ ਬ੍ਰਾਹਮਣ ਵਾਦੀ ਪਿੱਤਰ ਸੱਤਾ ਭੂਮੀ ਇਸਤਰੀ ਅੰਤ ਨੂੰ ਬਰਕਰਾਰ ਰੱਖਣ ਦਾ ਉਪਕ੍ਰਮ ਹੇ। ਇੱਥੇ ਜੇਕਰ ਅਸੀਂ ਭੂਮੀ ਤੇ ਕੰਮ ਕਰਨ ਯਾਨੀ ਖੇਤੀ ਕਾਰਜ ਦੇ ਲਈ ਮਿਹਨਤ ਦੀ ਉਪਲੱਬਧਤਾ ਨੂੰ ਸੁਨਿਸਚਿਤ ਕਰਨ ਦੀ ਜਰੂਰਤ ਦਾ ਵੀ ਖਿਆਲ ਕਰੀਏ ਤਾਂ ਸਾਨੂੰ ਇਹ ਦੇਖਣ ਨੂੰ ਮਿਲਦਾ ਹੈ ਕਿ ਪ੍ਰਾਚੀਨ ਭਾਰਤ ਵਿੱਚ ਜਾਤੀ ਸਮੇਤ ਪਿੱਤਰ ਸੱਤਾ ਦੇ ਲਈ ਨਾ ਕੇਵਲ ਉੱਚੀਆਂ ਜਾਤੀਆਂ ਦੀਆਂ ਇਸਤਰੀਆਂ ਦੇ ਪ੍ਰਜਣਨ ਸ਼ਕਤੀ ਤੇ, ਨਿਯੰਤਰਣ ਜਰੂਰੀ ਸੀ। ਜਿਸ ਵਿੱਚ ਭੂਮੀ ਅਤੇ ਅਨੁਸ਼ਠਾਨਿਕ ਸ਼ੁੱਧਤਾ ਸੁਰੱਖਿਅਤ ਰਹਿੰਦੇ। ਬਲਕਿ ਸਾਰੀਆਂ ਜਾਤੀਆਂ ਦੀਆਂ ਇਸਤਰੀਆਂ ਦੀ ਪ੍ਰਜਣਨ ਕਾਬਲੀਅਤ ਤੇ ਨਿਯੰਤਰਣ ਜਰੂਰੀ ਸੀ ਤਾਂ ਕਿ ਮਿਹਨਤ ਦੀ ਲੋੜ ਅਨੁਸਾਰ ਉਪਲਬਧਤਾ ਸੁਨਿਸ਼ਚਿਤ ਰਹਿੰਦੀ।

## 9.1.4 ਇਸਤਰੀ ਜਾਤੀ ਵਿਵਸਥਾ ਦਾ ਪ੍ਰਵੇਸ਼ ਦੁਆਰ

ਬ੍ਰਾਹਮਣਵਾਦੀ ਪਿੱਤਰ ਸੱਤਾ ਵਿੱਚ ਉੱਚੀਆਂ ਜਾਤੀਆਂ ਦੀਆਂ ਇਸਤਰੀਆਂ ਜਾਤੀ ਵਿਵਸਥਾ ਦਾ ਪ੍ਰਵੇਸ਼ ਦੁਆਰ ਹੈ। ਨਿਮਨ ਜਾਤੀਆਂ ਦੇ ਪੁਰਸ਼ਾ ਦੀ ਯੌਨਿਕਤਾ ਨੂੰ ਉੱਚੀਆਂ ਜਾਤੀਆਂ ਦੀ ਰਕਤ ਸੁੱਧਤਾ ਦੇ ਲਈ ਖਤਰੇ ਦੇ ਰੂਪ ਵਿੱਚ ਲਿਆ ਜਾਂਦਾ ਰਿਹਾ

ਹੈ। ਇਹੀ ਕਾਰਨ ਹੇ ਕਿ ਉੱਚੀਆਂ ਜਾਤੀਆਂ ਦੀਆਂ ਇਸਤਰੀਆਂ ਦੇ ਨਾਲ ਵੂਹਨਾਂ ਦੇ ਯੋਨ ਸੰਬੰਧ ਦੀ ਕਿਸੇ ਵੀ ਤਰ੍ਹਾਂ ਦੀ ਸੰਪਾਵਨਾ ਤੋਂ ਬਚਣ ਦੇ ਲਈ ਵਿਆਜ ਦੇ ਜਾਟਿਲ ਕਾਇਦੇ ਬਣਾਏ ਗਏ। ਇਸ ਦੇ ਨਾਲ ਹੀ , ਉੱਚੀਆ ਜਾਤੀਆਂ ਦੀਆਂ ਇਸਤਰੀਆਂ ਦੀ ਕੜੀ ਨਿਗਰਾਲੀ ਵੀ ਜਰੂਰੀ ਹੁੰਦੀ ਗਈ। ਪ੍ਰਤਿਲੋਮ ਵਰਨ ਸੰਕਰ ਜਾਤੀਆਂ ਦੇ ਵਿੱਚ ਸਿਮਰਣ ਅਤੇ ਹਾਇਪੋਗੇਸ ਸੰਬੰਧ ਸੰਗਠਿਤ ਸਮਾਜ ਦੇ ਪਤਨ ਦਾ ਪ੍ਰਤੀਕ ਮੰਨੇ ਗਏ ਹਨ ਜਿਸਦਾ ਚਰਮ ਰੂਪ ਕਲਯੁੱਗ ਹੈ। ਐਸਾ ਬਾਇਨਜਦ ਪਰਿਵਾਰ ਬਿਖਰ ਜਾਂਦੇ ਹਨ। ਲੋਕ ਰੀਤੀ ਰਿਵਾਜ ਭੁੱਲ ਜਾਂਦੇ ਹਨ, ਇਸਤਰੀਆਂ ਭ੍ਰਸ਼ਟ ਹੋ ਜਾਦੀਆਂ ਹਨ, ਨਿਮਨ ਜਾਤੀਆਂ ਅਤੇ ਇਸਤਰੀਆਂ ਕਾਇਦੇ ਨੂੰ ਤਾਕ ਤੇ ਰੱਖਣ ਲੱਗਦੀਆਂ ਹਨ।

ਜਾਤੀ ਵਿਵਸਥਾ ਅਤੇ ਪਿੱਤਰ ਸੱਤਾ ਨਾਲ ਕੇਵਲ ਉਨਾਂ ਮੁੱਠੀ ਭਰ ਪੁਰਸ਼ਾਂ ਨੂੰ ਫਾਇਦਾ ਹੈ ਜੋ ਸਮਾਜ ਵਿੱਚ ਸੀਰਸ਼ ਤੇ ਸਥਿਤ ਹਨ। ਬਾਕੀ ਜੋ ਵੀ ਇਨ੍ਹਾਂ ਵਿਵਸਥਾ ਵਿੱਚ ਸ਼ਾਮਿਲ ਹੈ ਉਹ ਇਸਦੇ ਪੁਨਰ ਉਤਪਾਦਨ ਵਿੱਚ ਬਤੌਰ ਸਾਧਨ ਹੀ ਇਸ ਤੇ ਮਹਾਲ ਹੁੰਦੇ ਰਹੇ ਹਨ। ਇਹੀ ਕਾਰਨ ਹੈ ਕਿ ਇਸਤਰੀ ਯੌਨਿਕਤਾ ਤੇ ਨਿਯੰਤਰਣ ਅਤੇ ਸ਼ੁੱਧ ਰਕਤ/ਵੰਸ਼ ਦੇ ਪੁਨਰ ਉਤਪਾਦਨ ਦੇ ਪ੍ਰਤੀ ਬ੍ਰਾਹਮਣਵਾਦੀ ਪਿੱਤਰਸੱਤਾ ਦੀ ਮਨੋਗ੍ਰਸਤੀ ਤੋਂ ਉੱਚੀ ਹੋਏ ਜਾ ਨਿਚਲੀ, ਸਾਰੀਆਂ ਜਾਤੀਆਂ ਇਸ ਕਦਰ ਸੰਤਰਮਿਤ ਹਨ ਕਿ ਕਾਨੂੰਨੀ ਬਦਲਾਅ ਅਤੇ ਉਦਾਰਵਾਦੀ ਧਾਰਨਾ ਵੀ ਸਾਬਿਤ ਹੋਈ। ਇਸ ਤੋਂ ਵੱਡੀ ਤਰਾਸਦੀ ਹੋਰ ਕੀ ਹੋ ਸਕਦੀ ਹੈ ਕਿ ਨਿਮਨ ਜਾਤੀਆਂ, ਖਾਸਕਰ ਉੱਤਰ ਭਾਰਤ ਵਿੱਚ ਵਿਆਹ ਦੇ ਨਾਲ -ਨਾਲ ਆਮ ਤੱਕ ਤੇ ਵੀ ਆਪਣੀ ਇਸਤਰੀਆਂ ਦੀ ਯੌਨਿਕਤਾ ਦੀ ਕੜੀ ਨਿਗਰਾਨੀ ਕਰਦੀ ਹੈ। ਇਸ ਕ੍ਰਮ ਵਿੱਚ ਉਹ ਅਸਮਾਨਤਾ ਦੇ ਬਾਇਓ-ਜੈਨੇਟਿਕ ਜਾਂ ਨਕਸ਼ੇ ਨੂੰ ਪੁਨਰ ਉਤਪਾਦਿਤ ਕਰਦੀ ਹੈ, ਬਿਨਾਂ ਇਸ ਗੱਲ ਦੇ ਪ੍ਰਤੀ ਚੁਕੰਨੇ ਹੋਏ ਕਿ ਯੋਨ ਸੰਬੰਧੀ ਉਹ ਧਾਰਨਾਵਾਂ ਜਿਨ੍ਹਾਂ ਨੂੰ ਉਹਨਾਂ ਨੇ ਮਜ਼ਬੂਤੀ ਨਾਲ ਪਕੜ ਰੱਖਿਆ ਹੈ। ਉਹੀ ਸਮਾਜਿਕ ਸੰਰਚਨਾ ਅਤੇ ਸਮਾਜ ਵਿਵਸਥਾ ਦੀ ਉਪਜ ਹੈ ਜੋ ਉਹਨਾਂ ਨੂੰ ਹੋਰ ਪੱਧਰਾ ਤੇ ਸਮੇਤ ਹੋਰ ਰੂਪਾ ਵਿੱਚ ਸ਼ੋਸ਼ਣ ਕੀਤੀ ਹੋਈ ਹੈ।

## ਸਵੈ-ਮੁਲਾਂਕਣ (Self-Assessment)

1. ਸਹੀ ਵਿਕਲਪ ਚੁਣੋ **(Choose the correct option):**

1. ਜਾਤੀ ਵਿਵਸਥਾ ਦਾ ਢਾਚਾ ਕਿਸ ਬੁਨਿਆਦ ਤੇ ਖੜਾ ਹੈ।

    (a) ਸਮਜਾਤੀ ਵਿਆਹ　　(b) ਵਿਜਾਤੀ ਵਿਆਹ

    (c) (a) ਅਤੇ (b) ਦੋਨੋ　　(d) ਇਹਨਾਂ ਵਿੱਚੋ ਕੋਈ ਨਹੀ।

2. ਇਸਤਰੀ ਕਾਇਦੇ ਨੂੰ ਕਿੱਤੇ ਗਏ ਅਨੁਸ਼ਠਾਨਿਕ ਰੂਪ ਹਨ।

    (a) ਅਲਹਿਦਗੀ　　(b). ਵਿਆਹ

    (c) (a) ਅਤੇ (b) ਦੋਨੋ　　(d) ਇਹਨਾਂ ਵਿੱਚੋ ਕੋਈ ਨਹੀ।

3. ਪ੍ਰਾਚੀਨ ਇਤਿਹਾਸ ਦਾ ਨਾਰੀਵਾਦੀ ਅਧਿਐਨ ਕਿਸਨੇ ਕੀਤਾ ਸੀ।

    (a) ਲਾਨਰ　　(b) ਮੈਗਸਥਨੀਜ਼

    (c) (a) ਅਤੇ (b) ਦੋਨੋ　　(d) ਇਹਨਾਂ ਵਿੱਚੋ ਕੋਈ ਨਹੀ।

4. ਵਰਗ ਜਾਤੀ ਅਤੇ ਲਿੰਗ ਦਾ ਆਪਸ ਵਿੱਚ ਕੀ ਸੰਬੰਧ ਹੈ।

    ੳ. ਆਪਸ ਵਿੱਚ ਬੰਧੇ ਹੋਏ ਹਨ　　(d) ਆਪਸ ਵਿੱਚ ਅੰਤਰ ਕਿਰਿਆ ਕਰਦੇ ਹਨ

    (c) (a) ਅਤੇ (b) ਦੋਨੋ　　(d) ਇਹਨਾਂ ਵਿੱਚੋ ਕੋਈ ਨਹੀ।

## 9.2 ਪਿੱਤਰ ਸੱਤਾ ਅਤੇ ਮਹਿਲਾਵਾ ਦਾ ਦਮਨ (Patriarchy and the Subordination of Women)

ਨਾਰਸ਼ਾਸਤਰੀ ਨੂਰ ਯਲਮਾਨ ਦਾ ਮਤ ਹੈ ਕਿ ਹਿੰਦੂ ਸਮਾਜ ਵਿਵਸਥਾ ਦਾ ਮੂਲ ਮੰਤਰ ਇੱਕ ਸੀਮਾ ਬੰਧ ਸਰੰਚਨਾ (ਕਲੋਜਡ ਸਟਕਚਰ) ਖੜਾ ਕਰਨਾ ਰਿਹਾ ਹੈ। ਤਾਂ ਕਿ ਜਮੀਨ ਇਸਤਰੀ ਅਤੇ ਅਨੁਸ਼ਠਾਨਿਕ ਖਾਸਿਅਤਾ ਇਕ ਦਾਇਰੇ ਵਿੱਚ ਸੁਰੱਖਿਅਤ ਰਹੇ। ਇਹ ਤਿੰਨ

ਨੋਟ

ਆਪਸ ਵਿੱਚ ਬੰਧੇ ਹੋਏ ਹਨ। ਅੰਤ ਇਹਨਾ ਦਾ ਇਸ ਰੂਪ ਵਿੱਚ ਬਣੇ ਰਹਿਣਾ ਇਸਤਰੀ ਯੌਨਿਕਤਾ ਤੇ ਕਠੋਰ ਨਿਯੰਤਰਣ ਦੇ ਬਿਨਾਂ ਸੰਭਵ ਨਹੀ। ਇਸਤਰੀ ਸਮੁੱਚੇ ਢਾਂਚੇ ਦੀ ਧੁਰੀ ਹੈ। ਜਮੀਨ ਹੋਵੇ ਜਾ ਅਨੁਸ਼ਠਾਨਿਕ ਖਾਸਿਅਤ (ਜਾਤੀ ਦੀ ਸ਼ੁੱਧਤਾ), ਇਸਤਰੀ ਤੇ ਕੜੀ ਨਿਗਰਾਨੀ ਦੇ ਬਿਨਾਂ ਇਹਨਾ ਦਾ ਕਠਿਨ ਹੈ। ਜਾਤੀ ਵਿਵਸਥਾ ਦੀ ਧਾਰਨਾ ਦੇ ਮੁਤਾਬਿਕ ਕਿਸੇ ਵਿਅਕਤੀ ਦਾ ਰਕਤ ਦਿਵਿਆ ਆਯਾਮੀ ਹੁੰਦਾ ਹੈ, ਅਰਥਾਤ ਉਸਦੀ ਅਨੁਸ਼ਠਾਨਿਕਤਾ ਦਾ ਨਿਰਮਾਣ ਮਾਤ-ਪਿਤਾ ਦੋਨਾਂ ਦੀ ਤਰਫ਼ ਤੋਂ ਹੁੰਦਾ ਹੈ। ਇਸ ਲਈ ਦੋਨਾਂ ਦਾ ਸਮਾਨ ਜਾਤੀ ਚੋ ਹੋਣਾ ਚਾਹੀਦਾ । ਇਸ ਨੂੰ ਮਨੁਸਮਰਿਤੀ ਸਮੇਤ ਸਾਰੇ ਧਰਮ ਸ਼ਾਸਤਰਾਂ ਵਿੱਚ ਵਾਰ-ਵਾਰ ਦੋਹਰਾਇਆ ਗਿਆ ਹੈ। ਲੇਕਿਨ ਜੇਕਰ ਮਾਤਾ ਅਤੇ ਪਿਤਾ ਅਲੱਗ ਅਲੱਗ ਜਾਤੀਆਂ ਤੋਂ ਹੋਣ ਤਾਂ ? ਇਸ ਸਥਿਤੀ ਤੋਂ ਨਿਪਟਣ ਦੇ ਲਈ ਵਰਣ ਸੰਕਰ ਸਿਧਾਂਤ ਬਣਾਇਆ ਗਿਆ। ਅੰਤਰ ਜਾਤੀ ਸਬੰਧ। ਜਿਨ੍ਹਾਂ ਵਿੱਚ ਕਈ ਜਾਤੀਆਂ ਨੂੰ ਜਨਮ ਦੇਣ ਵਾਲਾ ਦੁਤਕਾਰਿਆ ਪ੍ਰਤੀਲੋਮ ਵੀ ਸ਼ਾਮਿਲ ਹੈ। ਦੇ ਲਈ ਬਣਾਏ ਗਏ ਵਰਣਸ਼ੰਕਰ ਸਿਧਾਤ ਦੇ ਬਾਵਜੂਦ ਸ਼ਾਸਤਰਾਂ ਵਿੱਚੋ ਇਸਦੀ ਬੁਰਾਈ ਹੀ ਮਿਲਦੀ ਹੈ। ਕਰਨ ਵਾਲੇ ਦੇ ਲਈ ਕਠੋਰ ਸਜਾ ਤਾ ਹੈ। ਮਿਸਾਲ ਦੇ ਲਈ ਨਿਮਨਜਾਤੀਆਂ ਨੂੰ ਪੁਰਸ਼ ਦੇ ਲਈ ਤੌਤ ਦੀ ਸਜਾ ਅਤੇ ਦੋਸ਼ੀ ਇਸ਼ਤਰੀ ਦੇ ਲਈ ਅੰਗ-ਭੰਗ, ਸਰੀਰਕ ਦੰਖ ਅਤੇ ਜਾਤੀ ਤੋਂ ਬਾਹਰ ਕੱਢਣ ਦੀ ਸਜਾ ਹੈ।

### 9.2.1 ਕਲਯੁੱਗ ਅਤੇ ਵਿਵਸਥਾ ਦਾ ਡਰ

ਹਿੰਦੂ ਧਾਰਮਿਕ -ਵੈਦਨਿਕ ਗ੍ਰੰਥਾਂ ਵਿਚੋਂ ਇਕੱਠੀ ਕੀਤੀ ਗਈ ਸਮੱਗਰੀ ਨਾਲ ਜਾਤੀ, ਵਰਗ ਅਤੇ ਲਿੰਗ ਦਾ ਰਾਜਸੱਤਾ ਦੇ ਨਾਲ ਗਹਿਰੇ ਗਠਜੋੜ ਦਾ ਪਤਾ ਲੱਗਦਾ ਹੈ। ਬ੍ਰਾਹਮਣਵਾਦੀ ਸਮਾਜ ਦੀ ਸਭ ਤੋਂ ਪਤਿਤ ਅਵਸਥਾ 'ਕਲਯੁੱਗ' (ਡਿਸਟੋਪਿਆ) ਹੈ ਜਦ ਸਭ ਕੁੱਝ ਉਲਟ-ਪੁਲਟ ਜਾਂਦਾ ਹੈ, ਕਾਰਨ ਇਸਤਰੀਆਂ ਅਤੇ ਨਿਮਨ ਜਾਤੀਆਂ ਆਪਣੇ ਆਪਣੇ ਕਰਤੱਵਾਂ ਦਾ ਨਿਰਵਾਹ ਕਰਨਾ ਛੱਡ ਦਿੰਦੀ ਹੈ, ਜਾਤੀਆਂ ਦੇ ਵਿੱਚ ਅਸ਼ੁੱਭ ਮਿਸ਼ਰਣ ਹੋਣ ਲੱਗਦਾ ਹੈ। ਚੌਥੀ ਜਾ ਪੰਜਵੀਂ ਸਦੀ ਵਿੱਚ ਰਚਿਤ ਭਗਵਤ ਗੀਤਾ ਵਿੱਚ ਕਲਯੁੱਗ ਨੂੰ ਐਸਾ ਸਮਾ ਕਿਹਾ ਗਿਆ ਹੈ ਜਦ ਪਰਿਵਾਰ ਟੁੱਟ ਜਾਂਦੇ ਹਨ, ਕਾਇਦੇ, ਸੰਸਕਾਰ ਭੁਲਾ ਦਿੱਤੇ ਜਾਂਦੇ ਹਨ। ਇਸਤਰੀਆਂ ਚਰਿੱਤਰਹੀਨ ਹੋ ਜਾਂਦੀਆਂ ਹਨ ਅਤੇ ਇਨਾਂ ਸਭ ਗੜਬੜੀਆਂ ਦੇ ਕਾਰਨ ਜਾਤੀਆਂ ਦੇ ਵਿੱਚ ਘੋਲਮਾਲ ਹੋ ਜਾਂਦਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਾਤੀਆਂ ਦੇ ਵਿੱਚ ਮਿਸ਼ਰਣ ਦਾ ਜੋ ਭਰ ਮਨੂ ਦੇ ਵਰਣ ਸੰਕਰ ਵਿੱਚ ਹੈ ਉਹ ਪਹਿਲੀ ਸਤਾਬਦੀ ਦੇ ਅਖੀਰ ਤੱਕ ਮੌਜੂਦ ਰਿਹਾ।

ਬ੍ਰਾਹਮਣਵਾਦੀ ਗ੍ਰੰਥਾ ਤੋਂ ਇਹ ਪਤਾ ਲੱਗਦਾ ਹੇ ਕਿ ਕਾਇਦੇ ਦੇ ਪਾਲਨ ਸਬੰਧੀ ਨਿਰਦੇਸ਼ ਦੇ ਪ੍ਰਤੀ ਜ਼ੋਰ ਪਾਉਣ ਦੇ ਨਾਲ-ਨਾਲ ਉਹਨਾਂ ਵਿੱਚ ਵਿਦਰੋਹੀ ਇਸਤਰੀਆਂ ਦੀ ਤਾਕਤ ਅਤੇ ਸਾਰੀਆਂ ਇਸਤਰੀਆਂ ਦਾ ਕਾਇਦੀਆਂ ਨੂੰ ਨਾ ਮੰਨਣ ਦੀ ਕਾਬਲੀਅਤ ਨੂੰ ਸਵੀਕਾਰ ਕੀਤਾ ਗਿਆ ਹੈ। ਅਰਥਾਤ ਇਸਤਰੀ ਹਿੰਦੂ ਸਮਾਜ ਦੇ ਗਠਨ ਨੂੰ ਤਹਿਸ-ਨਹਿਸ ਕਰ ਸਕਦੀ ਹੈ, ਇਸਨੂੰ ਬ੍ਰਾਹਮਣਵਾਦੀ ਗ੍ਰੰਥ ਸਵੀਕਾਰ ਕਰਦੇ ਹਨ। ਇਸਤਰੀਆਂ ਵਿੱਚ ਵੀ ਖਾਸ ਕਰ ਉੱਚੀਆਂ ਜਾਤੀਆਂ ਦੀਆਂ ਇਸਤਰੀਆਂ । 'ਨੈਤਿਕ ਘਬਰਾਹਟ' (ਮਰੋਲ ਪੈਨਿਕ) ਦੀ ਪਾਤਰ ਮੰਨੀ ਗਈ ਹੈ। ਇਹੀ ਕਾਰਨ ਹੈ ਕਿ ਇਸਤਰੀਆਂ ਦੀ ਯੌਨਿਕਤਾ ਨੂੰ ਸ਼ਾਸਤਰਾਂ ਵਿੱਚ ਕਰ ਦਿੱਤਾ ਗਿਆ ਯਾਨੀ ਕਾਇਦੇ ਦੇ ਤਹਿਤ ਬੰਨ ਦਿੰਤਾ ਗਿਆ ਅਤੇ ਰਾਜ ਸੱਤਾ/ਰਾਜਾ ਇਸਨੂੰ ਲਾਗੂ ਕਰਨ ਦੇ ਵੱਲ ਰਵਾਨਾ ਹੋਏ । ਜਿਵੇਂ ਕਿ ਮੈਸੋਪੋਟਾਸ਼ੀਆਂ ਦੇ ਗੰਦਰਭ ਵਿੱਚ ਗਾਰਡ ਲਾਨਰ ਨੇ ਦਿਖਾਹਿਆ ਹੈ। ਉਥੋ ਦੀ ਵਿਵਸਥਾ ਵਿੱਚ ਇਸਤਰੀਆਂ ਦੀ ਸਹਿਭਾਗੀਤਾ ਨਿਸ਼ਚਿਤ ਕਰਨ ਦੇ ਲਈ ਵਿਚਾਰ ਧਾਰਨ ਪਰਿਵਾਰ ਦੇ ਪੁਰਸ਼ ਮੁਖਿਆ ਤੇ ਉਹਨਾਂ ਦੀ ਨਿਰਭਰਤਾ, ਵਿਸ਼ੇਸ਼ ਅਧਿਕਾਰ ਅਤੇ ਅਨੁਸ਼ਾਸਨ ਵਿਚੋਂ ਰਹਿਣ ਵਾਲੀ ਇਸਤਰੀਆਂ ਦਾ ਮਹਿਲਾ ਮੰਡਨ ਅਤੇ ਅੰਤ ਬਲਪ੍ਰਯੋਗ ਵਰਗੇ, ਹੱਥਕੰਢੇ ਅਪਣਾਏ ਗਏ।

ਤਾਂ ਅਸੀਂ ਪਾਉਂਦੇ ਹਾਂ ਕਿ ਉਚੇ ਜਾਤੀਆਂ ਦੇ ਪੁਰਸ਼ ਦੇ ਮਾਣ-ਸਨਮਾਨ ਦੀ ਮੰਨੀ ਜਾਣ ਵਾਲੀ ਇਸਤਰੀ ਦੀ ਨਿਗਰਾਨੀ ਅਤੇ ਦੀਆਂ ਇਸਤਰੀਆਂ ਜਾਤੀ ਵਿਵਸਥਾ ਦਾ ਗੇਟ-ਵੇ ਪ੍ਰਵੇਸ਼ ਦੁਆਰ ਮੰਨੀ ਗਈ ਹੈ। ਉੱਚੀ ਜਾਤੀ ਦੀ ਸ਼ੁੱਧਤਾ ਦੇ ਲਈ ਨਿਮਨ ਜਾਤੀ ਦੇ ਪੁਰਸ਼ਾ ਦੀ ਯੌਨਿਕਤਾ ਇੱਕ ਵੱਡਾ ਖਤਰਾ ਸੀ, ਇਸ ਲਈ ਐਸੇ ਕਾਇਦੇ ਬਣਾਏ ਗਏ ਜੋ ਐਸੇ ਪੁਰਸ਼ਾਂ ਦਾ ਉੱਚੀਆਂ ਜਾਤੀਆਂ ਦੀਆਂ ਇਸਤਰੀਆਂ ਨਾਲ ਕਿਸੇ ਵੀ ਤਰ੍ਹਾਂ ਦੇ ਸੰਪਰਕ ਦੀ ਸੰਭਾਵਨਾ ਖਤਮ ਕਰ ਦੇਵੇ। ਨੂਰ ਯਲਮਾਨ ਨੇ ਫੀਲਡ ਅਧਾਰਿਤ ਸਭ ਤੋਂ ਮਿਲੀ ਸੂਚਨਾਵਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਤੀਲੋਮ ਸੰਬੰਧਾਂ ਦੇ ਮਾਮਲੇ ਵਿੱਚ ਜਾਤੀ ਨਿਸ਼ਕਾਸ਼ਨ ਅਤੇ ਤੌਰ ਤੇ ਮੌਤ ਕਰਨ ਦੇ ਨਾਲ-ਨਾਲ ਮਾਂ ਅਤੇ ਬੱਚੇ ਨੂੰ ਡੁਬਾਉਣ ਵਰਗੀ ਸਜਾਵਾਂ ਦਾ ਚਲਨ ਅੱਜ ਤੱਕ ਕਾਇਮ ਸੀ। ਐਸੀ ਸਥਿਤੀ ਉਤਪੰਨ

ਨੋਟ

ਹੀ ਨਾ ਹੋਵੇ ਇਸ ਲਈ ਜਿੱਥੇ ਇਕ ਤਰ੍ਹਾ ਪਤੀਵਰਤਾ ਅਤੇ ਇਸਤਰੀ ਧਰਮ ਵਰਗੀ ਮਜਬੂਤ ਧਾਰਨਾ ਦੇ ਮਾਧਿਆ ਨਾਲ ਉੱਚੀ ਜਾਤੀ ਦੀ ਇਸਤਰੀ ਦੀ ਵਿਵਸਥਾ ਦੇ ਪ੍ਰਤੀ ਸਹਿਮਤੀ ਅਤੇ ਸਹਿਯੋਗ ਹਾਸਿਲ ਕੀਤਾ ਗਿਆ, ਉਥੇ ਦੂਸਰੇ ਤਰਫ਼ ਉਲਘਣਾ ਕਰਨ ਵਾਲੇ ਦੇ ਲਈ ਰਾਜਸੱਤਾ। ਰਾਜਾ ਅਤੇ ਸਕੇ-ਸਬੰਧੀ (ਪੁਰਸ਼) ਦੁਆਰਾ ਹਿੰਸਾ ਦਮਨ ਕਾਰਵਾਈ ਕਰਨ ਦੀ ਰਾਹ ਵੀ ਖੁੱਲੀ ਰੱਖੀ।[5]

### 9.2.2 ਇਸਤਰੀ ਯੌਨਿਕਤਾ ਦਾ ਨਿਯੰਤਰਣ

ਅਸੀ ਦਰਜਾਬੰਦੀ ਦੇ ਉਦੈ ਅਤੇ ਇਸਤਰੀ ਦੀ ਜਣਨ ਕਾਬਲੀਅਤ ਤੇ ਇਕ ਪਾਸੇ ਰਾਜੇ ਦੇ ਵੱਲੋਂ ਅਤੇ ਦੂਸਰੀ ਤਰਫ਼ ਘਰ-ਪਰਿਵਾਰ ਦੇ ਵੱਲੋਂ ਲਗਾਮ ਕਸੇ ਜਾਣ ਦੀ ਕੋਸ਼ਿਸ਼ ਦੀ . ਕਸੌਟੀ ਦਾ ਸਾਹਮਣਾ ਕੀਤਾ। ਇਥੇ ਅਸੀ ਇਸਤਰੀ ਦੀ ਯੌਨਿਕਤਾ 'ਤੇ ਨਿਯੰਤਰਣ ਦੇ ਉਪਕਰਮਾਂ ਤੇ ਵਿਚਾਰ ਕਰਾਂਗੇ। ਈਸਾ ਪੂਰਵ ਅੱਠਵੀਂ ਤੋਂ ਪੰਜਵੀਂ ਸਦੀ ਦੇ ਦਰਮਿਆਨ ਖੇਤੀ ਆਧਾਰਿਤ ਅਰਥ ਵਿਵਸਥਾ ਅਤੇ ਸ਼ਹਿਰੀਕਰਣ ਦੇ ਦੂਸਰੇ ਚਰਣ ਦੇ ਜ਼ਹੂਰ ਦੇ ਨਾਲ ਵਰਗ ਵੰਡ ਅਤੇ ਜਾਤੀ ਆਧਾਰਿਤ ਪਦਚਿੰਨ ਸਥਾਪਿਤ ਕਰਨ ਦੀ ਕੋਸ਼ਿਸ਼ ਹਾਂਲਾਕਿ ਕਮਜੋਰ ਦਿਖਾਈ ਦਿੰਦੀ ਹੈ। ਵਿਚਾਰ ਅਤੇ ਆਚਾਰ (ਕਰਮਕਾਂਡ) ਦੇ ਸਤਰ 'ਤੇ ਝੰਡਾਬਦਾਰੀ ਦਾ ਜਿੰਮਾ ਬ੍ਰਾਹਮਣਾਂ ਨੂੰ ਸੌਂਪ ਗਿਆ ਜਿਸਦਾ ਉਹ ਦਾਵਾ ਵੀ ਕਰਦੇ ਆ ਰਹੇ ਸਨ। ਹਾਲਾਂਕਿ ਉਹਨਾਂ ਨੂੰ ਕੁਝ ਤਬਕਿਆ ਦੀ ਤਰਫ਼ ਤੋਂ ਚੁਣੌਤਿਆਂ ਮਿਲ ਰਹੀਆ ਸਨ। ਜਨਮ ਆਧਾਰਿਤ ਪਦਚਿੰਨ ਦੀ ਵਿਵਸਥਾ ਤਾਂ ਸ਼ੁਰੂ ਹੀ ਨਹੀ ਹੋ ਪਾਈ ਸੀ ਲੇਕਿਨ ਪਿੱਤਰ ਵੰਸ਼ੀ ਉਤਰ ਅਧਿਕਾਰਤਾ ਅਤੇ ਭੂਮੀ 'ਤੇ ਨਿੱਜੀ ਹੱਤ ਦੀਆਂ ਰੀਤੀਆਂ ਵਜੂਦ ਵਿੱਚੋਂ ਆ ਚੁੱਕੀਆਂ ਸਨ।

ਉੱਤਰ ਵੈਦਿਕ ਕਾਲ ਵਿੱਚੋਂ ਕਬੀਲਾ/ਰਿਸ਼ਤੇਦਾਰੀ ਆਧਾਰਿਤ ਸਮਾਜ ਵਿਵਸਥਾ ਦੇ ਢਹਿਣ ਅਤੇ (ਖਾਸਕਰ) ਭੂਮੀ ਅਤੇ ਰਾਜਗੱਦੀ ਤੇ ਪਿੱਤਰਵੰਸ਼ੀ ਨਿੱਜੀ ਉੱਤਰ ਅਧਿਕਾਰਤਾ ਦੇ ਵਜੂਦ ਵਿੱਚ ਆਉਣ ਦਾ ਮਤਲਬ ਸੀ ਕੁੱਝ ਖਾਸ ਸ਼੍ਰੇਣੀ ਦੀਆਂ ਇਸਤਰੀਆਂ ਦੇ ਯੋਨ -ਵਿਵਹਾਰਾ ਤੇ ਨਾ ਕੇਵਲ ਨਿਰੰਤਰਣ ਬਲਕਿ ਕੜੀ ਨਿਗਰਾਨੀ ਸੀ। ਇਨਾਂ ਇਸਤਰੀਆਂ ਨੇ ਵੀ ਖਾਸਕਰ ਵਿਆਹਤਾ ਤੇ ਪੁਰਸ਼ਾਂ ਦੇ ਨਿਯੰਤਰਣ ਨੂੰ ਜਰੂਰੀ ਸਮਝਿਆ ਗਿਆ।

| | |
|---|---|
| ਕੀ ਤੁਸੀ ਜਾਣਦੇ ਹੋ | ਧਰਮਸੂਤਰ ਜਿਸਦੀ ਅਵਧੀ ਈਸਾ ਪੂਰਵ ਪੰਜਵੀ ਤੋਂ ਤੀਸਰੀ ਸਦੀ ਹੈ, ਵਿਚ ਇਸ ਗੱਲ ਦਾ ਸ਼ਪੱਸ਼ਟ ਜ਼ਿਕਰ ਹੇ ਕਿ ਪਤੀ ਆਪਣੀ ਪਤਨੀ ਦੇ ਕੋਲ ਕਿਸੇ ਵੀ ਪਰਾਏ ਪੁਰਸ਼ ਨੂੰ ਫਟਕਣ ਦੇਣ, ਇਸ ਨਾਲ ਪਤਨੀ ਵਿੱਚ ਪਰਾਏ ਪੁਰਸ਼ ਦੇ 'ਬੀਜ਼' ਦੇ ਪ੍ਰਵੇਸ਼ ਦਾ ਖਤਰਾ ਰਹਿੰਦਾ ਹੈ। |

ਪਿੱਤਰ ਵੰਸ਼ੀ ਉੱਤਰਾ ਅਧਿਕਾਰੀ ਅਤੇ ਨਿੱਜੀ ਸੰਪੱਤੀ ਦੀ ਵਿਵਸਥਾ ਦਾ ਉਦੇ ਉਹ ਪਿੱਠ ਭੂਮੀ ਸੀ ਜਿਸ ਵਿੱਚ ਮਾਰਤਵ ਅਤੇ ਇਸਤਰੀ ਯੌਨਿਕਤਾ ਦੇ ਵਿੱਚ ਸਪੱਸ਼ਟ ਭੇਦ ਵਰਤਣ ਦੀ ਜਰੂਰਤ ਉਤਪੰਨ ਹੋਈ। ਪਿੱਤਰਵੰਸ਼ੀ ਉੱਤਰ ਅਧਿਕਾਰੀ ਨੂੰ ਨਿਸ਼ਚਿਤ ਕਰਨ ਦੇ ਲਈ ਇਸਤਰੀ ਯੌਨਿਕਤਾ ਨੂੰ ਇਸ ਤਰ੍ਹਾਂ ਨਾਲ ਬੰਨੇ ਜਾਣ ਦੀ ਜਰੂਰਤ ਪਈ ਕਿ ਉਹ ਵਿਵਸਥਾ ਦੁਆਰਾ ਮਾਨਵ ਮਾਰਤਵ ਮਾਤਰ ਦੀ ਹੋ ਕੇ ਰਹਿ ਜਾਏਗੀ। ਇਸ ਦੇ ਲਈ ਜਰੂਰੀ ਸੀ ਕਿ ਇਸਤਰੀ ਕੇਵਲ ਇੱਕ ਪੁਰਸ਼ ਦੀ ਹੋ ਕੇ ਰਹਿ ਜਾਵੇ। ਜਦੋਂ ਜਾਤੀ ਵਿਵਸਥਾ ਦ੍ਰਿੜ ਰੂਪ ਲੈਣ ਲੱਗੀ ਤਾਂ ਜਾਤੀ ਦੀ ਸ਼ੁੱਧਤਾ ਦੇ ਬਣੇ ਅਤੇ ਬਚੇ ਰਹਿਣ ਦੇ ਲਈ ਐਸੇ ਪੁਰਸ਼ ਦਾ ਇਸਤਰੀ ਦੀ ਹੀ ਜਾਤੀ ਵਿਚੋ ਹੀ ਹੋਣਾ ਜਰੂਰੀ ਹੋ ਗਿਆ। ਇੰਨਾਂ ਹੀ ਨਹੀਂ, ਮਾਰਤਵ ਦਾ ਸਹਿਮਾ ਮੰਡਲ ਕਰਕੇ ਉਸਨੂੰ ਅਨੁਸ਼ਠਾਨਿਕ ਬਣਾ ਦਿੱਤਾ ਗਿਆ। ਵਿਆਹ ਗਰਭ-ਧਾਰਣ, ਪੁੱਤਰ-ਜਨਮ ਵਰਗੇ ਕਈ ਅਨੁਸ਼ਠਾਨਾ ਦੀ ਗੱਲ ਕੀਤੀ ਗਈ। ਇਸ ਦਾ ਵਿਸਤ੍ਰਿਤ ਵਿਸ਼ਲੇਸ਼ਣ ਸੁਕੁਮਾਰੀ ਨੇ ਕੀਤਾ ਹੈ। ਮਾਂ ਦੇ ਰੂਪ ਵਿੱਚ ਇਸਤਰੀ ਪੂਜਣਯੋਗ ਮੰਨੀ ਗਈ। ਮਨੂ ਦੇ ਸ਼ਬਦਾਂ ਵਿੱਚ 'ਇਸਤਰੀਆਂ ਖਾਸਕਰ ਪ੍ਰਜਣਨ ਦੇ ਲਈ ਹੀ ਬਣਾਈ ਗਈ। ਉਹ ਪੂਜਣਯੋਗ ਹੈ, ਘਰ ਦੀ ਰੋਸ਼ਨੀ ਹੈ। ਪਤਨੀਤਵ ਤੋਂ ਵੈਦ ਮਾਰਤਤਵ ਦੇ ਸੰਕਰਮਣ ਦੇ ਲਈ ਇਸਤਰੀ ਦੀ ਯੌਨਿਕਤਾ ਨੂੰ ਵਿਵਸਥਿਤ ਕਰਨਾ ਜਰੂਰੀ ਹੋ ਗਿਆ। ਇਸ ਲਈ ਸਾਡੇ ਲਈ ਜਿਸ ਗੱਲ ਦਾ ਪਤਾ ਕਰਨਾ ਮਹੱਤਵਪੂਰਨ ਹੋ ਜਾਂਦਾ ਹੈ ਉਹ ਇਹ ਕਿ ਇਸਤਰੀ ਦੀ ਯੌਨਿਕਤਾ ਦੀ ਵਿਵਸਥਾ ਜਿਨ੍ਹਾਂ ਦੇ ਹੱਥਾਂ ਵਿੱਚ ਸੀ ? ਇਸ ਦੀ ਨਾਲ ਹੀ, ਇਹ ਵੀ ਕਿ ਉਸ ਵਿੱਚ ਖੁਦ ਇਸਤਰੀ ਦਾ ਹਿੱਸਾ ਸੀ ਜਾ ਨਹੀ. ਤਾਂ ਇਹ ਵੀ ਉਹ ਆਮ ਪਿਠ ਭੂਮੀ ਜਿਸ ਵਿੱਚ ਇਸਤਰੀ ਦਾ ਮੂਲ ਚਰਿੱਤਰ ਅਤੇ ਸੁਭਾਅ ਉਸਦੀ

ਨੋਟ

ਯੌਨਿਕਤਾ ਦੇ ਰੰਗ ਵਿੱਚ ਇਸੋ ਤਰ੍ਹਾਂ ਰੰਗ ਦਾ ਗਿਆ ਕਿ ਦੋਨੋਂ ਇਕ ਦੂਸਰੇ ਦੇ ਹੋ ਗਏ। ਜਦਕਿ ਜਰੂਰੀ ਨਹੀ ਕਿ ਐਸਾ ਹਮੇਸ਼ਾ ਤੋਂ ਰਿਹਾ ਹੋਵੇ। ਮੌਟੇ ਤੌਰ ਦੇ ਇਸਤਰੀ ਦੇ ਅੰਤਰਜਾਤ ਸੁਭਾਅ ਨੂੰ ਪਾਪਮਈ ਮੰਨਿਆ ਗਿਆ। ਮਹਾਂਭਾਰਤ ਦੇ ਮੁਤਾਬਿਕ ਜਦੋਂ ਪੰਜ ਮੂਲ ਤੱਤਾਂ ਦੇ ਮੇਲ ਨਾਲ ਸਰੱਸ਼ਟਤਾ ਨੇ ਇਸਤਰੀ ਅਤੇ ਪੁਰਸ਼ ਨੂੰ ਰਚਿਆ ਤਦ ਤੋਂ ਹੀ ਯਾਨੀ ਆਪਣੇ ਰਚੇ ਜਾਣ ਦੇ ਸਮੇਂ ਤੋਂ ਇਸਤਰੀ ਪਾਪਮਈ ਰਹੀ ਹੈ। ਉਸਨੂੰ ਰਚਦੇ ਸਮੇਂ ਆਦਿ ਮਨੂ ਨੇ ਉਸ ਵਿੱਚੋਂ ਝੂਠ ਬੋਲਣ, ਸਮਾਂ ਬਰਬਾਦ ਕਰਨ, ਗਹਿਣੀਆਂ ਦੇ ਪ੍ਰਤੀ ਜਿਆਦਾ ਮੋਹ, ਕ੍ਰੋਧ, ਨੀਚਤਾ ਅਤੇ ਛਲ ਅਤੇ ਬੁਰੇ ਆਚਰਣ ਦੀ ਪ੍ਰਵਿਰਤੀ ਪਾ ਦਿੱਤੀ। *ਸਤਪੱਥ ਬ੍ਰਾਹਮਣ* ਵਿੱਚ ਇਸਤਰੀ, ਸ਼ੂਦਰ ਅਤੇ ਪਾਪਣ ਮੰਨਿਆ ਗਿਆ ਹੈ। ਇਸ ਵਿਚ ਕੋਸ਼ਲਿਆ ਨੇ ਇਸਤਰੀ ਨੂੰ ਚੰਗੇ ਪਰਿਵਾਰ, ਚੰਗੇ ਕਰਮ, ਅਤੇ ਬੁੱਧੀ ਮਤਾ ਦੇ ਪ੍ਰਤੀ ਗੰਭੀਰਤਾ ਨਾ ਵਰਤਣ ਵਾਲੀ ਅਤੇ ਚੰਚਲ ਚਿਤਧਾਰੀ ਕਿਹਾ ਹੈ। ਉਥੇ, ਰਿਸ਼ੀ ਅਗਸਤਵ ਕਹਿੰਦੇ ਹਨ ਕਿ ਸ੍ਰਿਸ਼ਟੀ ਦੇ ਆਰੰਭ ਤੋਂ ਹੀ ਇਸਤਰੀ ਦਾ ਇਹੀ ਸੁਭਾਅ ਰਿਹਾ ਹੈ ਕਿ ਉਹ ਕਿਸੇ ਪੁਰਸ਼ ਨਾਲ ਤਦ ਚਿਪਕਦੀ ਹੈ ਜਦ ਉਹ ਅਮੀਰੀ ਅਤੇ ਖੁਸ਼ਹਾਲੀ ਦੀ ਸਥਿਤੀ ਵਿੱਚ ਹੋਵੇ, ਉਸਦੀ ਗਰੀਬੀ ਦੇ ਦਿਨ ਸ਼ੁਰੂ ਹੁੰਦੇ ਹੀ ਉਹ ਉਸਨੂੰ ਛੱਡ ਕੇ ਚੱਲੀ ਜਾਂਦੀ ਹੈ। ਇਸਤਰੀ ਦੀ ਚੰਚਲ ਸੁਭਾਅ ਦੀ ਤੁਲਨਾ ਬਿਜਲੀ ਦੇ ਚਮਕਣ ਨਾਲ ਕੀਤੀ ਗਈ ਹੈ। ਮਨੂ ਨੇ 18ਵੀ ਸਦੀ ਦੇ ਇਕ ਬ੍ਰਾਹਮਣ ਟੀਕਾਕਾਰ ਦੇ ਮੁਤਾਬਿਕ ਇਸਤਰੀ ਦੀ ਅਸ਼ੁੱਧਤਾ ਦਾ ਇਕ ਕਾਰਨ ਉਸਦਾ 'ਬ੍ਰਾਹਮਣ ਹੱਤਿਆ' ਦਾ ਦਸ਼ੀ ਹੋਣਾ ਹੈ ਜੋ ਇੰਦਰ ਨੇ ਵਿਸ਼ਵਰੂਪ ਨੂੰ ਮਾਰਨ ਦੇ ਬਾਅਦ ਉਸਦੇ ਮੱਥੇ ਲਾ ਦਿੱਤਾ ਸੀ। ਇਸ ਮਿਥਕ ਦੀ ਮੰਨਿਏ ਤਾਂ ਮਾਸਿਕ ਸ਼ਤਰਾਵ ਜੋ ਕਿ ਇਸਤਰੀ ਦੀ ਅਸ਼ੁੱਧਤਾ ਅਤੇ ਯੌਨਿਕਤਾ ਦਾ ਪ੍ਰਤੀਕ ਹੈ, ਦਾ ਸੰਬੰਧ ਉਸਦਾ ਬ੍ਰਾਹਮਣ ਹੱਤਿਆ ਵਿੱਚ ਸ਼ਰੀਕ ਹੋਣ ਤੋਂ ਹੈ।

ਇਸਤਰੀ ਦੀ ਚੰਚਲ ਵਿਰਤੀ ਉਸਦੀ ਜ਼ਿਆਦਾ ਅਤੇ ਅਨਿਯੰਤਰਿਤ ਨੂੰ ਵਿਵਸਥਿਤ ਕਰਨ ਦੇ ਲਿਹਾਜ ਤੋਂ ਧਿਆਨ ਤਬਲ ਹੈ। ਉਸਨੂੰ ਰਾਜੇ ਅਤੇ ਵਦਲਤਾ ਦੇ ਬਰਾਬਰ ਮੰਨਿਆ ਗਿਆ ਹੈ ਜੋ ਉਨ੍ਹਾਂ ਸਭ ਨੂੰ ਆਪਣੇ ਆਗੋਸ਼ ਵਿੱਚ ਲੈ ਲੈਂਦੇ ਹਨ ਜੋ ਉਹਨਾਂ ਦੇ ਆਸ ਪਾਸ ਹੁੰਦੇ ਹਨ। ਉਸਨੂੰ ਸੁਭਾਅ ਤੋਂ ਹੀ ਵਯਭਿਚਾਰਨੀ ਅਤੇ ਅਤਿਤੋਲੁਪ ਵਿੱਚ ਉਸਨੂੰ ਨਵੇਂ-ਨਵੇਂ ਚਾਰਾਗਾਹ ਖੋਜ ਗਾਂ ਦੀ ਤਰ੍ਹਾਂ ਨਵੇਂ-ਨਵੇਂ ਪੁਰਸ਼ ਖੋਜਣ ਵਾਲੀ ਦੇ ਰੂਪ ਵਿੱਚੋ ਚਿੰਤਿਨ ਕੀਤਾ ਗਿਆ ਹੈ। ਇਸਤਰੀ ਦੀ ਮੂਲ ਪ੍ਰਕਿਰਤੀ ਨਾ ਉਸਦੀ ਯੌਨਿਕਤਾ ਦ੍ਰਿੜ ਵਿੱਚ ਹੋਣ ਦੀ ਧਾਰਨਾ ਦਾ ਸਭ ਤੋਂ ਸਪੱਸ਼ਟ ਅਤੇ ਸਿੱਧਾ ਪ੍ਰਤੀਪਾਦਨ ਮਨੂ ਨੇ ਕੀਤਾ ਹੈ, ਜਿਸਨੂੰ ਬ੍ਰਾਹਮਣ ਆਚਾਰ-ਨਿਯਾਤਾਵਾਂ ਵਿੱਚ ਸਭ ਤੋਂ ਜ਼ਿਆਦਾ ਵਿਵਸਥਿਤ ਸਿਧਾਂਤ ਮੰਨਿਆ ਜਾਂਦਾ ਹੈ ਮਨੂ ਨੇ ਇਸਤਰੀ ਤੇ ਦਿਨ ਰਾਤ ਨਜ਼ਰ ਰੱਖੇ ਜਾਣ ਦੀ ਵਕਾਲਤ ਕੀਤੀ ਹੇ, ਚਾਹੇ ਉਹ ਘੱਟ ਉਮਰ ਦੀ ਹੈ ਜਾ ਜ਼ਿਆਦਾ ਉਮਰ ਦੀ। ਇਸਤਰੀਆਂ ਵਿੱਚ ਸਭ ਤੋਂ ਜਿਆਦਾ ਮਹੱਤਤਾ ਉਸਨੇ ਇਸਤਰੀ ਦੇ ਪਤਨੀ ਰੂਪ ਨੂੰ ਦਿੱਤੀ ਹੈ ਜਿਸ ਦੀ ਨਿਗਰਾਨੀ ਜਾ ਜਿਸ ਤੇ ਨਿਯੰਤਰਣ ਰੱਖ ਕੇ ਪੁਰਸ਼ ਆਪਣੇ ਪਰਿਵਾਰ ਆਪਣੇ ਵੰਸ਼ ਅਤੇ ਆਪਣੀ ਆਉਣ ਵਾਲੀ ਪੀੜੀ ਦੀ ਸ਼ੁਧੱਤਾ ਦਾ ਸੁਰੱਖਿਆ ਕਰਦਾ ਹੈ। ਮਨੂ ਦਾ ਕਹਿਣਾ ਹੈ ਕਿ ਪਤਨੀ ਦੇ ਗਰਭਵਤੀ ਹੋਣ ਤੇ ਪਤੀ ਯਾਨੀ ਪੁਰਸ਼ ਭ੍ਰੂਰਣ ਦਾ ਰੂਪ ਲੈ ਲੈਂਦਾ ਹੇ ਅਤੇ ਇਸ ਤਰ੍ਹਾਂ ਉਹ ਉਸ ਤੋਂ ਪੁਨਰ ਜਨਮ ਲੈਂਦਾ ਹੈ। ਮਨੂ ਦੇ ਸ਼ਬਦਾਂ ਵਿੱਚ, ਇਸਤਰੀ ਨਾ ਤਾ ਸੁੰਦਰਤਾ ਦਾ ਖਿਆਲ ਕਰਦੀ ਹੈ ਅਤੇ ਨਾ ਹੀ ਉਮਰ ਦਾ। ਜਿਸ ਨੂੰ ਉਹ ਖੁਦ ਨੂੰ ਸੋਪਦੀ ਹੈ ਉਸਦਾ ਪੁਰਸ਼ ਮਾਤਰ ਹੋਣਾ ਹੀ ਉਸਦੇ ਲਈ ਜਰੂਰੀ ਹੈ ਚਾਹੇ ਉਹ ਪੁਰਸ਼ ਕਰੂਪ ਹੋਵੇ ਜਾ ਸਰੂਪ।

ਪੁਰਸ਼ ਦੇ ਲਈ ਆਪਣੀ ਜ਼ਿਆਦਾਤਰ ਚਾਹਤ ਅਹੋ ਸੁਭਾਵਿਕ ਸਹਿਵਾਸ ਅਤੇ ਹਿਰਦੇਹੀਣ ਹੋਣ ਦੇ ਕਾਰਨ ਨਾਲ ਉਹ ਆਪਣੇ ਪਤੀ ਦੇ ਪ੍ਰਤੀ ਵਫਾਦਾਰ ਨਹੀ ਰਹਿ ਪਾਉਂਦੀ, ਚਾਹੇ ਕਿੰਨੀ ਹੀ ਸਾਵਧਾਨੀ ਨਾਲ ਉਸਨੂੰ ਕਾਬੂ ਵਿੱਚ ਰੱਖਣ ਦਾ ਯਤਨ ਕਿਉ ਨਾ ਕੀਤਾ ਜਾਵੇ।

ਇਸਤਰੀ ਦੀ ਇਸ ਅੰਤਰਜਾਤੀ ਚੰਚਲ ਸੁਭਾਅ ਨਾਲ ਨਿਪਟਣ ਦੇ ਲਈ ਮਨੂ ਇਹ ਉਪਾਅ ਸੁਝਾਉਂਦਾ ਹੈ।

ਸ੍ਰਿਸ਼ਟੀ ਕਰਤਾ ਨੇ ਉਸਨੂੰ ਰਚਦੇ ਸਮੇਂ ਹੀ ਪ੍ਰਜਣਨ ਕਾਬਲੀਅਤ ਨਾਲ ਲੈਸ ਕਰ ਦਿੱਤਾ, ਇਸਦੀ ਕਠੋਰ ਨਿਗਰਾਨੀ ਹਰੇਕ ਪੁਰਸ਼ ਦਾ ਪਰਮ ਕਰਤੱਵ ਹੈ। ਸਮਾਜ ਵਿਵਸਥਾ ਦੀ ਨਿਰੰਤਰਤਾ ਅਤੇ ਪੁਤਰ-ਉਤਪਤੀ ਦੇ ਮਾਧਿਅਮ ਨਾਲ ਪੁਰਸ਼ ਦਾ ਅਮਰਤਵ ਪ੍ਰਾਪਤ ਕਰ ਪਾਉਣ ਦੀ ਸਥਿਤੀ ਦੀ ਮਹੱਤਵਪੂਰਨ ਸਥਿਤੀ ਅਤੇ ਭੂਮਿਕਾ ਨੂੰ ਮਨੂ ਨੇ ਸਪੱਸ਼ਟ ਵਿਅਕਤ ਕੀਤਾ ਹੈ।

ਬੱਚੇ ਨੂੰ ਜਨਮ ਦੇਣਾ, ਉਸਦਾ ਪਾਲਣ ਪੋਸ਼ਣ ਅਤੇ ਆਪਣੇ ਦਿਨ -ਪ੍ਰਤੀ-ਦਿਨ ਦੇ ਜੀਵਨ ਸੰਬੰਧੀ ਗੱਲਾਂ ਦੇ ਨਾਲ-ਨਾਲ ਧਾਰਮਿਕ ਸੰਸਕਾਰਾਂ ਦੇ ਪੂਰਵਜਾ ਅਤੇ ਖੁਦ ਦੇ ਲਈ ਦੈਵੀ ਕ੍ਰਿਪਾ ਦੇ ਮਾਮਲੇ ਵਿੱਚ ਪੁਰਸ ਪਤਨੀ ਤੇ ਨਿਰਭਰ ਹੈ।

ਲਬੇਲੂਆਬ ਇਹ ਕਿ ਸਮਾਜਿਕ ਅਤੇ ਨੈਤਿਕ ਵਿਵਸਥਾ ਦੀ ਨਿਰੰਤਰਤਾ ਦੇ ਲਈ ਇਸਤਰੀ ਤੇ ਨਿਰਭਰਤਾ ਨੂੰ ਦੇਖਦੇ ਹੋਏ ਹੀ

ਨੋਟ

ਇਸਤਰੀ ਦੀ ਯੌਨਿਕਤਾ ਦੀ ਸਮੱਸਿਆ ਨਾਲ ਨਿਪਟਣ ਦੀ ਸਥਿਤੀ ਉਤਪੰਨ ਹੋਈ। ਸਬੰਧਾ ਦੀ ਨਵੀਂ ਰਚਨਾ ਵਿੱਚ ਦੂਜਾ ਸਥਿਤੀ ਤੇ ਹੋਣ ਦੇ ਬਾਵਜੂਦ ਪ੍ਰਜਣਨ ਕਾਬਲੀਅਤ ਤੇ ਇਸਤਰੀ ਦਾ ਵਸ ਸੀ। ਇਸ ਨਾਲ ਨਿਪਟਣ ਦਾ ਇਕ ਰਾਸਤਾ ਇਹ ਕੱਢਿਆ ਗਿਆ ਕਿ ਇਸਤਰੀ ਦੀ ਇਸ ਕਾਬਲੀਅਤ ਯਾਨੀ ਇਸਤਰੀ ਦੇ ਸੰਭਾਵ ਨੂੰ ਵਧਾ-ਚੜਾ ਕੇ ਪੇਸ਼ ਕੀਤਾ ਜਾਵੇ ਅਤੇ ਨਾਲ ਹੀ ਉਸਨੂੰ ਖਤਰਨਾਕ ਅਤੇ ਡਰਾਉਣੀ ਘੋਸ਼ਿਤ ਕੀਤਾ ਜਾਵੇ। ਇਸਦੀ ਮਿਸਾਲ ਪ੍ਰਾਚੀਨ ਭਾਰਤ ਵਿੱਚ ਰਚੇ ਗਏ। ਆਚਾਰ ਅਤੇ ਅਖਾਣਾ ਦੋਨੋਂ ਹੀ ਸੰਕੇਤਕ ਹਨ। ਮਹਾਂਭਾਰਤ ਵਿੱਚ ਅਸ਼ਟਵਰਕ ਨੂੰ ਅਸੀ ਇਹ ਕਹਿੰਦੇ ਪਾਉਂਦੇ ਹਾਂ ਕਿ ਇਸਤਰੀ ਦੇ ਲਈ "ਸੈਕਸ" ਤੋਂ ਵਧਕੇ ਆਨੰਦ ਅਤੇ "ਇਨਾਮਕਾਰੀ 'ਆਵੇਸ਼' ਹੋਰ ਕੁੱਝ ਨਹੀਂ, ਉਮਰ ਦਰਾਜ ਇਸਤਰੀਆਂ ਵੀ ਯੌਨਾਵੇਗ ਗ੍ਰਸਤ ਰਹਿੰਦੀਆ ਹਨ, ਤਿੰਨਾ ਲੋਕਾ ਵਿੱਚ ਇਸਤਰੀ ਦੀ ਯੋਨ ਇੱਛਾ ਦੀ ਤ੍ਰਿਪਤੀ ਸੰਭਵ ਨਹੀਂ।

### 9.2.3 ਇਸਤਰੀ ਸੁਭਾਅ ਅਤੇ ਇਸਤਰੀ ਧਰਮ : ਪ੍ਰਜਣਨ /ਪੁਨਰ ਉਤਪਾਦਨ ਦੀ ਸੰਰਚਨਾਵਾਂ ਨੂੰ ਕਾਇਮ ਰੱਖਣ ਵਿੱਚ ਵਿਚਾਰਧਾਰਾ ਦੀ ਸਥਿਤੀ –

ਹੋਰ ਪ੍ਰਾਧੀਨ ਸਮੂਹਾਂ ਅਤੇ ਇਸਤਰੀ ਦੇ ਵਿੱਚ ਇਕ ਮਹੱਤਵਪੂਰਨ ਭੇਦ ਉਸਦੇ ਸੁਭਾਅ ਅਤੇ ਉਸਦੇ ਧਰਮ ਕਰਤੱਵ ਦੇ ਵਿੱਚ ਮਾਤਰਾ ਦਾ ਨਾ ਹੋਣਾ ਸੀ। ਨਿਮਨ ਜਾਤੀਆ ਦੇ ਲਈ ਬ੍ਰਾਹਮਣ ਵਿਧੀ ਨਿਰਮਾਤਾਵਾ ਨੇ ਜੋ ਆਚਾਰ ਵਿਵਹਾਰ ਤੈਅ ਕਰ ਰੱਖਿਆ ਸੀ। ਉਹ ਉਸਦੇ ਸੁਭਾਅ ਦੇ ਪ੍ਰਤੀਕੂਲ ਨਹੀ ਠਹਿਰਦਾ ਸੀ। ਜਦਕਿ ਇਹ ਯੌਨਿਕ ਅਤੇ ਜੈਵਿਕ ਪ੍ਰਾਣੀ ਦੇ ਰੂਪ ਵਿਚ ਇਸਤਰੀ ਦਾ ਜੋ ਸੁਭਾਅ ਸੀ ਉਹ ਉਸਦੇ ਲਈ ਨਿਰਧਾਰਿਤ ਆਚਾਰ ਵਿਵਹਾਰ ਯਾਨੀ ਇਸਤਰੀ ਧਰਮ ਦੇ ਪ੍ਰਤੀਕੂਲ ਠਹਿਰਦਾ ਸੀ। ਇਸਤਰੀ ਧਰਮ ਦਾ ਮਤਲਬ ਹੈ। ਪਤੀਵਰਤਾ ਬਣੇ ਰਹਿਣਾ। ਲੇਕਿਲ ਇਸਤਰੀ ਸੁਭਾਅ ਉਸਨੂੰ ਸਦਾ ਧਰਮ-ਉਚਿਤ ਹੋਣ ਦੇ ਲਈ ਉਕਸਾਉਂਦਾ ਰਹਿੰਦਾ ਹੈ। ਗੋਰਤਲਬ ਹੈ, ਕੁੱਝ ਸਿੱਖਣਾ ਵਿੱਚ ਤਾਂ ਇਸਦਾ ਸਪੱਸ਼ਟ ਬਖਾਣ ਮਿਲਦਾ ਹੈ ਕਿ ਪਾਸ਼ਵ ਸੁਭਾਵ ਪੱਖ ਉਸਨੂੰ ਮਾਂ ਦੀ ਤਰਫ਼ ਤੋਂ ਮਿਲਦਾ ਹੈ। ਜਦਕਿ ਧਰਮ ਪੱਖ ਪਿਤਾ ਦੀ ਤਰਫ਼ ਤੋਂ। ਇਸਤਰੀ ਦੀ ਯੌਨਿਕਤਾ ਕਾਬੂ ਵਿੱਚ ਰੱਖਣ ਅਤੇ ਉਸਨੂੰ ਬੇਲਗਾਮ ਅਵਸਥਾ ਨਾਲ ਸੰਸਕ੍ਰਿਤੀ ਦੇ ਵਿਵਸਥਿਤ ਦਾਇਰੇ ਵਿੱਚ ਲਿਆਉਣ ਦੇ ਲਈ ਇਸਤਰੀ-ਧਰਮ ਜ਼ਰੂਰੀ ਸੀ। ਐਸੇ ਮਿਥਕ ਸੰਦਰਭ ਇਹ ਸੰਕੇਤ ਕਰਦੇ ਪ੍ਰਤੀਤ ਹੁੰਦੇ ਹਨ ਅਤੇ ਅਤੇ ਬੇਲਗਾਮ ਅਵਸਥਾ ਨਾਲ ਸੰਸਕ੍ਰਿਤੀ ਵਿਵਸਥਿਤ ਦਾਇਰੇ ਵਿੱਚ ਲਿਆਉਣ ਦੇ ਲਈ ਇਸਤਰੀ ਧ੍ਰਮ ਜ਼ਰੂਰੀ ਸੀ। ਅਜਿਹੇ ਮਿਥਕ ਸੰਦਰਭ ਇਹ ਸੰਕੇਤ ਕਰਦੇ ਪ੍ਰਤੀਤ ਹੁੰਦੇ ਹਨ ਕਿ ਤਕਨੀਕੀ ਇਤਿਹਾਸਿਕ ਸਮਾਜਾਂ ਵਿੱਚ ਇਸਤਰੀਆਂ ਦੀ ਪ੍ਰਜਨਨ ਸ਼ਕਤੀ ਦੇ ਪ੍ਰਤੀ ਮੌਜੂਦ ਰਹੇ ਰੁੱਖ 'ਤੇ ਉਸ ਵਿਵਸਥਾ ਦਾ ਰੰਗ ਚੜ੍ਹ ਗਿਆ ਜਿਸ ਵਿੱਚ ਇਸਤਰੀ ਯੌਨਿਕਤਾ 'ਤੇ ਕਰੜੇ ਨਿਯੰਤ੍ਰਣ ਦੀ ਜ਼ਰੂਰਤ ਸੀ। ਇਸਤਰੀ ਦੇ ਪ੍ਰਾਨਿਤਵ ਦੇ ਜ਼ਰੂਰੀ ਅਤੇ ਸੁਭਾਵਿਕ ਹਿੱਸੇ ਦੇ ਰੂਪ ਵਿੱਚ ਦੇਖੀ ਜਾਣ ਵਾਲੀ ਉਸਦੀ ਯੌਨਿਕਤਾ ਅਤੇ ਮਾਰਤਵ ਸ਼ਕਤੀ 'ਤੇ ਵਰਗ/ਜਾਤੀ ਆਧਾਰਿਤ ਉਦੈਮਾਨ ਸਮਾਜਾਂ ਵਿੱਚ ਹਕੂਮਤ ਪ੍ਰਾਪਤ ਤਬਕੇ ਦੇ ਪੁਰਸ਼ਾਂ ਦੁਆਰਾ ਗਠਿਤ ਕੀਤੀ ਜਾ ਰਹੀ ਨਵੀਂ ਸਮਾਜਿਕ ਰਾਜਨੀਤਕ ਰਚਨਾ ਦੇ ਹਿੱਤ-ਪੋਸ਼ਣ ਦੇ ਲਈ ਪੁਰਸ਼ ਤੰਤਰ ਦਾ ਨਿਯੰਤ੍ਰਣ ਜ਼ਰੂਰੀ ਸੀ

| | |
|---|---|
| ਟਾਸਕ | ਵਰਤਮਾਨ ਸਮਾਜਿਕ ਰਚਨਾ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਕਿਸ ਪ੍ਰਕਾਰ ਦੇ ਵਿਆਹ ਨੂੰ ਸਮਰਥਨ ਦੇਣਾ ਪਸੰਦ ਕਰੋਗੇ ? |

ਇਸ ਅਵਸਥਾ ਵਿੱਚ ਇਸਤਰੀ ਅਧੀਨਤਾ ਜ਼ਰੂਰੀ ਸੀ। ਕਾਰਣ, ਤਦ ਇਸਤਰੀ ਯੌਨਿਕਤਾ 'ਤੇ ਨਿਯੰਤ੍ਰਣ ਦਾ ਉਪਕ੍ਰਮ ਵੇਰਵੇ ਸਹਿਤ ਪ੍ਰਤੀਤ ਹੋ ਪਾਉਂਦਾ। ਇਸਤਰੀ ਦੇ ਉਤਪਾਦਨ ਦੇ ਸਰੋਤਾਂ ਤੋਂ ਅਣਇਖਿਤਿਆਰ ਕਰਕੇ ਨਾ ਕੇਵਲ ਆਰਥਿਕ ਪੱਧਰ 'ਤੇ, ਬਲਕਿ ਉਸਨੂੰ ਕਾਇਦੇ ਦੇ ਦਾਇਰੇ ਵਿੱਚ ਲਿਆਕੇ ਪੁਰਸ਼ਾਂ ਦੇ ਅਧੀਨ ਕਰ ਦਿੱਤਾ ਗਿਆ। ਵੇਰਵੇ ਸਹਿਤ, ਪ੍ਰਜਨਨ ਅਤੇ ਕਰ ਸਕਦੀ

ਨੋਟ

ਉਤਪਾਦਨ ਦੋਨਾਂ ਦੇ ਰੂਪ ਵਿੱਚ ਇਸਤਰੀਆਂ ਖ਼ੁਦ ਪੁਰਸ਼ਾਂ ਦੀ ਸੰਪਤੀ ਬਣ ਗਈ। ਪ੍ਰਮੁੱਖ ਘਰੇਲੂ ਕਰਮਕਾਡਾਂ ਦੇ ਪੱਧਰ 'ਤੇ ਵੀ ਉਹ ਬਾਦਸ਼ਾਹ ਨਹੀਂ ਸੀ। ਉਹ ਕਰਮਕਾਂਡਾਂ ਦਾ ਹਿੱਸਾ ਹੁੰਦੀ ਸੀ, ਲੇਕਿਨ ਖ਼ੁਦ ਦੇ ਲਈ ਅਤੇ ਖ਼ੁਦ ਤੋਂ ਉਹ ਇਨ੍ਹਾਂ ਦਾ ਆਯੋਜਨ ਨਹੀਂ ਕਰ ਸਕਦੀ ਸੀ। ਜੇਕਰ ਕਿਤੇ ਉਨ੍ਹਾਂ ਦੀ ਖ਼ੁਦੀ ਸੀ ਵੀ ਤਾਂ ਵਰਤਾਂ ਵਿੱਚ। ਲੇਕਿਨ ਵਰਤ ਵੀ ਆਪਣੇ ਲਈ ਨਹੀਂ, ਬਲਕਿ ਪਤੀ, ਬੇਟੇ ਅਤੇ ਭਾਈ ਦੇ ਲਈ।

ਇਸਤਰੀਆਂ 'ਤੇ ਨਿਯੰਤ੍ਰਣ ਦੀ ਅਵਸਥਾ ਦੇ ਤਿੰਨ ਉਪਕ੍ਰਮ ਅਤੇ ਪੱਧਰ ਸਨ। ਪਹਿਲਾ ਵਿਚਾਰਧਾਰਾ; ਦੂਸਰਾ ਇਸਤਰੀਆਂ ਨੂੰ ਉਨ੍ਹਾਂ ਦੇ ਰਿਸ਼ਤਿਆ-ਨਾਤਿਆਂ ਵਿੱਚ ਆਉਣ ਵਾਲੇ ਪੁਰਸ਼ਾਂ ਦੇ ਨਿਯੰਤ੍ਰਣ ਵਿੱਚ ਰੱਖ ਕੇ; ਅਤੇ ਤੀਸਰਾ ਅਨੁਸ਼ਾਸ਼ਨ ਅਤੇ ਤੈਅ ਕੀਤੇ ਗਏ ਕਾਇਦੇ ਦੇ ਦਾਇਰਿਆਂ ਨੂੰ ਲੰਘਣ ਦਾ ਹੌਂਸਲਾ ਕਰਨ ਵਾਲੀ ਇਸਤਰੀ ਨੂੰ ਦੰਡਿਤ ਕਰਨ ਦੇ ਰਾਜਧਿਕਾਰ ਦੇ ਪੱਧਰ 'ਤੇ, ਵਿਚਾਰਧਾਰ ਦੇ ਪੱਧਰ 'ਤੇ ਇਸਤਰੀਆਂ 'ਤੇ ਕਾਬੂ ਦੇ ਲਈ ਉਨ੍ਹਾਂ ਨੂੰ ਇਸਤਰੀ ਧਰਮ ਅਤੇ ਪਤੀਵਰਤਾ ਧਰਮ ਦੀ ਦਿਕਸ਼ਾ ਦਿੱਤੀ ਜਾਂਦੀ ਸੀ। ਇਸਤਰੀਆਂ, ਪਤਨੀ ਦੇ ਲਈ ਨਿਰਧਾਰਿਤ ਕੀਤੇ ਗਏ ਆਚਾਰ-ਵਿਉਹਾਰ ਗ੍ਰਿਹਣ ਕਰਦੀ ਸੀ। ਤਾਂਕਿ ਉਹ ਸਮਾਜ ਦੇ ਠੇਕੇਦਦਾਰਾਂ ਦੁਆਰਾ ਸਥਾਪਿਤ ਪਵਿਰਤਾ ਦੇ ਆਦਰਸ਼ ਦੀ ਕਸੌਟੀ 'ਤੇ ਖਰੀ ਉੱਤਰ ਸਕੇ। ਹਿੰਦੂ ਸਮਾਜ ਵਿੱਚ ਉੱਚੀਆਂ ਜਾਤਾਂ ਵਿੱਚ ਪਤੀ ਸੱਤਾਤਮਕ ਵਰਗ ਜਾਤ ਰਚਨਾ ਦੀ ਆਚਾਰ ਸਹਿਤ ਰਚਨਾਦਾ ਕਾਰਜ਼ ਬ੍ਰਾਹਮਣ ਦੇ ਜਿੰਨੇ ਸੀ।

ਕਿਸੇ ਵੀ ਵਿਵਸਥਾ ਦੀ ਮਜ਼ਬੂਤੀ ਦਾ ਸੂਚਕ ਵਿਚਾਰਧਾਰਾ ਦੀ ਵਿਆਪਕਤਾ ਹੈ। ਇਸ ਲਿਹਾਜ਼ ਨਾਲ ਬ੍ਰਾਹਮਣਵਾਦੀ ਪਿੱਤਰ ਓੱਤਾ ਨੂੰ ਸਫ਼ਲ ਅਤੇ ਮਜ਼ਬੂਤ ਕਿਹਾ ਜਾ ਸਕਦਾ ਹੈ। ਕਾਰਣ ਇਸਤਰੀਆਂ ਦੇ ਲਈ ਇਸਨੇ ਪਤੀਵਰਤਾ ਦੀ ਜੋ ਧਾਰਨਾ ਘੜੀ ਉਹ ਉਨ੍ਹਾਂ ਦੇ ਦਿਲੋ-ਦਿਮਾਗ ਵਿੱਚ ਕਾਫ਼ੀ ਗਹਿਰੀ ਬੈਠ ਗਈ। ਇਸਤਰੀਆਂ ਦਾ ਆਪਣੀ ਯੌਨਿਕਤਾ 'ਤੇ ਖ਼ੁਦ ਹੀ ਕਾਬੂ ਕਰ ਅਤੇ ਪਤੀ ਵਰਤਾ ਧਰਮ ਨੂੰ ਨਿਭਾਅ ਕੇ ਸਨਮਾਨਿਤ ਅਤੇ ਗੌਰਵਮਈ ਮਹਿਸੂਸ ਕਰਨ ਦਾ ਸਮਾਨ ਸ਼ਾਇਦ ਹੀ ਕਿਸੇ ਹੋਰ ਪਿੱਤਰ ਸੱਤਾਤਮਕ ਵਿੱਚ ਦੇਣ ਨੂੰ ਮਿਲੇ। ਪਤੀਵਰਤਾ ਦੀ ਧਾਰਨਾ ਨੇ ਨਾ ਕੇਵਲ ਬ੍ਰਹਾਮਣ ਵਾਦੀ ਪਿੱਤਰ ਸੱਤਾ ਨੂੰ ਇਸਤਰੀਆਂ ਦੀ ਯੌਨਿਕਤਾ 'ਤੇ ਕਾਬੂ ਦੀ ਪਰਦਾਪੋਸ਼ੀ ਕੀਤੀ, ਬਲਕਿ ਇਸਤਰੀਆਂ ਦੀ ਹੀ ਸਰਗਰਮ ਭਾਗੀਦਾਰੀ ਦੇ ਮਾਧਿਅਮ ਨਾਲ ਅਸਮਾਨ ਅਤੇ ਪਦ-ਚਿੰਨੀ ਰਚਨਾ ਦੇ ਬਰਾਬਰ ਪੁਤਰ ਉਤਪਾਦਨ ਨੂੰ ਵੀ ਸੰਭਵ ਕੀਤਾ। ਇਸ ਤਰ੍ਹਾਂ ਇਸਤਰੀ ਦੀ ਯੌਨਿਕਤਾ 'ਤੇ ਕਾਬੂ ਦੇ ਉਧਮ ਅਤੇ ਇਸਤਰੀ ਦੀ ਅਧੀਨਤਾ ਨੇ ਇੱਕ ਵਿਚਾਰਧਾਰਾ ਦੇ ਰੰਗ ਵਿੱਚ ਰੰਗ ਕੇ 'ਸਭਾਵਿਕ' ਦਾ ਰੂਪ ਅਖਤਿਆਰ ਕਰ ਲਿਆ।

ਅਸੀਂ ਪਹਿਲਾਂ ਵੀ ਗੱਲ ਦਾ ਜ਼ਿਰ ਕਰ ਚੁੱਕੇ ਹਾਂ ਕਿ ਮਨੂੰ ਅਤੇ ਉਸਦੇ ਬਾਅਦ ਦੇ ਨੀਤੀਕਾਰਾਂ ਨੇ ਇਸਤਰੀ ਨੂੰ ਆਦਿਮ ਅਤੇ ਬਲਗਾਮ ਸੁਭਾਅ ਦੇ ਅਜਿਹੇ ਜੀਵ ਦੇ ਰੂਪ ਵਿੱਚ ਦੇਖਿਆ ਜੋ ਇਸਤਰੀ ਧਰਮ (ਪਤੀਵਰਤਾ ਧਰਮ) ਨਿਭਾਕੇ ਸੱਭਿਆ ਅਤੇ ਸਮਾਜਿਕ ਹੋ ਸਕਦੀ ਸੀ। ਬ੍ਰਾਹਮਣਵਾਦੀ ਗ੍ਰੰਥ ਅਤੇ ਮਿੱਥਕਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸਤਰੀ ਨੂੰ ਸਮਾਜਿਕ ਅਤੇ ਸੱਭਿਆ ਬਣਾਉਣ ਦੀ ਪਰਿਯੋਜਨਾ ਤਦ ਪੂਰੀ ਹੋ ਗਈ ਜਦ ਉਸਨੇ ਆਪਣੀ ਦੂਜੇ ਸਥਿਤੀ ਨਾ ਕੇਵਲ ਸਵੀਕਾਰ ਕਰ ਲਈ, ਬਲਕਿ ਉਸਨੂੰ ਖ਼ਾਸ ਅਤੇ ਉਪਲਬਧ ਦਾ ਪ੍ਰਤੀਤ ਵੀ ਮੰਨਣਾ ਸ਼ੁਰੂ ਕਰ ਦਿੱਤਾ।

ਪਤੀ ਵਰਤਾ ਦੇ ਆਦਰਸ਼ ਦੀ ਰਚਨਾ ਵਿੱਚ ਮਿੱਥਕਾਂ ਦੀ ਬੜੀ ਭੂਮਿਕਾ ਰਹੀ ਹੈ। ਇਸਤਰੀਆਂ ਦੇ ਨਿਯੰਤ੍ਰਣ (ਬਚਪਨ ਵਿੱਚ ਪਿਤਾ, ਪਤਨੀ ਦੇ ਰੂਪ ਵਿੱਚ ਪਤੀ ਅਤੇ ਵਿਧਵਾ ਦੇ ਰੂਪ ਵਿੱਚ ਪੁੱਤਰ ਦਾ) ਦੇ ਬਾਬਤ ਮਨੂੰ ਵਰਗੇ ਆਚਾਰ ਨਿਯੰਤਾਵਾਂ ਨੇ ਇੱਥੇ ਸ਼ਬਦਾਂ ਵਿੱਚ ਨਿਰਦੇਸ਼ ਦਿੱਤੇ ਹਨ ਉਹ ਮਿੱਥਕ ਇਹ ਕੰਮ ਅਤਿਅੰਤ ਹੀ ਸੁਖਮ ਪੱਧਰ 'ਤੇ ਕਰਦੇ ਹਨ। ਇਸਤਰੀਆਂ ਅਤੇ ਪੁਰਸ਼ਾਂ ਦਾ ਆਦਰਸ਼ ਘੜਨ ਦੇ ਪੱਧਰ 'ਤੇ ਰਮਾਇਣ ਬਹੁਤ ਜ਼ਿਆਦਾ ਵਿਵਸਥਾ ਪੂਰਨ ਆਚਾਰ ਸਹਿਤਾ ਹੈ। ਹਾਲਾਂਕਿ ਇਸ ਵਿੱਚ ਭਾਈਚਾਰੇ ਅਤੇ ਪੁੱਤਰ ਦੇ ਵੀ ਆਦਰਸ਼ ਹਨ, ਲੇਕਿਨ ਜੋ ਆਦਰਸ਼ ਸਭ ਤੋਂ ਮਜ਼ਬੂਤ ਅਤੇ ਦੀਘਰ ਜੀਵੀ ਸਾਬਤ ਹੋਇਆ ਉਹ ਹੈ ਕਸ਼ਟ ਸਹਿੰਦੀ, ਪਤੀ ਦੇ ਪ੍ਰਤੀ ਸਮਰਪਿਤ ਸੀਤਾ ਦੇ ਰੂਪ ਵਿੱਚ ਪਤਨੀਵਰਤ ਦਾ।

ਆਰਦਸ਼ ਪਤੀ ਦੀ ਪੂਜਾ ਕਰਨ ਵਾਲੀ ਇਸਤਰੀ ਦੀ ਸੁਚਿਤਾ ਨੂੰ 'ਬ੍ਰਾਹਮਾ' ਨੂੰ ਛੱਡ ਕੇ ਅਤੇ ਕੋਈ ਖਤਰਾ ਨਹੀਂ ਰਹਿੰਦਾ। ਉਸ ਵਿੱਚ ਵੀ ਉਸਦਾ ਇਸਤਰੀ ਧਰਮ ਉਸਦੇ ਲਈ ਢਾਲ ਦਾ ਕੰਮ ਕਰਦਾ ਹੈ। ਸੀਤਾ 'ਤੇ ਜਦ ਉਸਦਾ ਪਤੀ ਰਾਮ ਸ਼ੱਕ ਜ਼ਾਹਿਰ ਕਰਦਾ ਹੈ ਤਦ

ਨੋਟ

ਉਹ ਅਗਨੀ ਪ੍ਰੀਖਿਆ ਦਿੰਦੀ ਹੈ। ਅਗਨੀ ਵਿੱਚ ਪ੍ਰਵੇਸ਼ ਕਰਨ ਦੇ ਬਾਅਦ ਕਿਸੇ ਨੁਕਸਾਨ ਦੇ ਬਾਹਰ ਨਿਕਲਣਾ ਉਸਦੀ ਪਤੀ ਵਰਤਾ ਹੋਣ ਦਾ ਪਰਮਾਣ ਹੈ। ਇਸ ਤੋਂ ਬਾਅਦ ਰਾਮ ਉਸਨੂੰ ਅਪਣਾ ਲੈਂਦਾ ਹੈ। ਗੌਰ ਤਲਬ ਹੈ, ਰਾਮ ਸ਼ਰੇਆਮ ਘੋਸ਼ਣਾ ਕਰਦਾ ਹੈ ਕਿ ਸੀਤਾ ਆਪਣੀ ਪਵਿਤਰਤਾ ਦੇ ਕਾਰਣ ਸੁਰੱਖਿਅਤ ਰਹੀ। ਜਿਸ ਤਰ੍ਹਾਂ ਕਿਨਾਰਾ ਮਝਦਾਰ ਦੇ ਵੱਸ ਵਿੱਚ ਨਹੀਂ ਆਉਂਦਾ ਉਸੇ ਤਰ੍ਹਾਂ ਸੀਤਾ ਵੀ ਰਾਵਨ ਦੇ ਵੱਸ ਵਿੱਚ ਨਹੀਂ ਆਈ ਅਤੇ ਇਸਦਾ ਕਾਰਣ ਸੀ ਉਸਦਾ ਪਤੀਵਰਤਾ ਹੋਣਾ। ਰਾਮ ਨੂੰ ਅਸੀਂ ਇਹ ਘੋਸ਼ਣਾ ਕਰਦੇ ਪਾਉਂਦੇ ਹਾਂ ਕਿ ਸੀਤਾ ਬੇਦਾਗ ਅਤੇ ਉਨ੍ਹਾਂ ਲੋਕਾਂ ਵਿੱਚ ਸਭ ਤੋਂ ਜ਼ਿਆਦਾ ਪਵਿਤਰ ਦੇਵੀ ਸੀ।

ਸੀਤਾ ਦੇ ਇਲਾਵਾ ਪਤਨੀਤਵ ਦੀ ਹੋਰ ਵੀ ਸ਼ਕਤੀਸ਼ਾਲੀ ਆਦਰਸ਼ ਘੜੇ ਗਏ। ਅਰੁਨਧਤੀ, ਸਾਵਿਤਰੀ ਅਤੇ ਅਨੁਸੁਈਆ ਇਸੇ ਸ਼੍ਰੇਣੀ ਵਿੱਚ ਆਉਂਦੀਆਂ ਹਨ। ਅਨੁਸੁਈਆ ਦੇ ਅਸਤਿਤਵ ਨਾਲ ਸੂਰਜ ਠਹਿਰ ਗਿਆ, ਸਾਵਿਤਰੀ ਨੇ ਮੌਤ ਦੇ ਦੇਵਤਾ ਯਮ ਦੇ ਹਲਕ ਵਿੱਚੋਂ ਆਪਣੇ ਪਤੀ ਨੂੰ ਕੱਢ ਲਿਆ ਅਤੇ ਅਨੁਸੁਈਆ ਨੇ ਕਾਮਾਧ ਪੁਰਸ਼ਾਂ ਨੂੰ ਬੱਚਾ ਬਣਾ ਦਿੱਤਾ।

ਅਜਿਹਾ ਨਹੀਂ ਹੈ ਕਿ ਮਿੱਥਕ ਆਦਰਸ਼ਾਂ ਦੀ ਹੀ ਗੱਲ ਕਰਦੇ ਹਾਂ। ਉਨ੍ਹਾਂ ਵਿੱਚ ਪਤੀਵਰਤਾ ਧਰਮ ਦਾ ਨਿਰਵਾਰ ਨਾ ਰ ਪਾਉਣ ਵਾਲੀ ਇਸਤਰੀ ਦੇ ਨਾਲ ਕੀਤੇ ਜਾਂਦੇ ਸਲੂਕਾ ਦਾ ਵੀ ਜ਼ਿਕਰ ਮਿਲਦਾ ਹੈ। ਉਦਾਹਰਣ ਦੇ ਲਈ, ਰੇਨੁਕਾ। ਰਿਸ਼ੀ ਜਮਾਦਾਗਿਨੀ ਦੀ ਪਤਨੀ ਰੇਨੁਕਾ ਆਪਣੇ ਸਤੀ ਦੇ ਬਲ 'ਤੇ ਕੱਚੀ ਗਿਲੀ ਮਿੱਟੀ ਤੋਂ ਕਟੋਰੀ ਬਣਾਕੇ ਉਸ ਵਿੱਚ ਆਪਣੇ ਪਤੀ ਦੇ ਲਈ ਜਲ ਲਿਆ ਸਕਦੀ ਸੀ। ਲੇਕਿਨ, ਇੱਕ ਦਿਨ ਆਪਣੇ ਉੱਪਰ ਤੋਂ ਉੱਡ ਕੇ ਜਾ ਰਹੇ ਗੰਧਰਭ ਦੇ ਪ੍ਰਤੀਬਿੰਬ ਨੂੰ ਦੇਖ ਜਿਵੇਂ ਹੀ ਉਸਨੇ ਮਨ ਹੀ ਮਨ ਇਹ ਖ਼ਿਆਲ ਕੀਤਾ 'ਕਿੰਨਾ ਸੁੰਦਰ ਹੈ' ਉਸਦੀ ਸਤੀਤਵਜਨ ਚਮਤਕਾਰੀ ਸ਼ਕਤੀ ਖ਼ਤਮ ਹੋ ਗਈ ਅਤੇ ਉਹ ਪਤੀ ਦੇ ਲਈ ਜਲ ਵੀ ਨਹੀਂ ਲਿਆ ਸਕੀ। ਕਰੂਰ ਪਤੀ ਨੇ ਆਪਣੇ ਪੁੱਤਰ ਪਰਸ਼ੂਰਾਮ ਨੂੰ ਮਾਂ ਦਾ ਸਿਰ ਕੱਟਣ ਦਾ ਆਦੇਸ਼ ਦਿੱਤਾ, ਜਿਸਨੂੰ ਆਗਿਆਕਾਰੀ ਪੁੱਤਰ ਨੇ ਬੇਝਿਜਕ ਪੂਰਾ ਕੀਤਾ। ਇਸਤਰੀ ਜਦ ਤੱਕ ਪਤੀ ਵਰਤਾ ਹੈ, ਤਦ ਤੱਕ ਉਹ ਬਿਨਾਂ ਕਿਸੇ ਬਾਹਰੀ ਦਵਾਅ ਦੇ ਆਤਮ ਰਹਿੰਦੀ ਹੈ। ਫੇਰ-ਬਦਲ ਹੋਣ ਦੀ ਸਥਿਤੀ ਵਿੱਚ ਪਤੀ ਅਤੇ ਬਰਾਦਰੀ ਅਤੇ ਹੋਰ ਪੁਰਸ਼ ਉਸਨੂੰ ਪਟਰੀ 'ਤੇ ਲਿਆਉਣ ਦੇ ਲਈ ਦਮਨਕਾਰੀ ਰਸਤਾ ਅਪਣਾ ਸਕਦੇ ਹਨ।

ਵੇਦ ਜਾਤਕ ਕਹਾਣੀਆਂ ਵਰਗੇ ਪ੍ਰਸਿੱਧ ਸਾਹਿਤ ਵਿੱਚ ਵੀ ਇਤਰੀਆਂ ਨੂੰ ਕਾਬੂ ਵਿੱਚ ਰੱਖਣ ਲਈ ਬਲ ਪ੍ਰਯੋਗ ਦੀ ਸਮਾਜਿਕ ਸਵੀਕਾਰਤਾ ਦੇ ਅਨੇਕ ਜ਼ਿਕਰ ਮਿਲਦੇ ਹਨ। ਬ੍ਰਾਹਮਣਵਾਦੀ ਗ੍ਰੰਥਾਂ ਵਿੱਚ ਆਤਮ-ਅਨੁਸ਼ਾਸਿਤ ਇਸਤਰੀਆਂ ਨੂੰ ਉਦਾਰ-ਪਾਤਰ ਕਿਹਾ ਗਿਆ ਹੈ। ਲੀਕ ਤੋਂ ਡਿਗਣ ਵਾਲੀਆਂ ਇਸਤਰੀਆਂ ਦੇ ਲਈ ਪਰੰਪਰਾ ਅਤੇ ਕਾਇਦੇ ਦੇ ਸਿਕੰਜੇ ਦੀ ਮਜ਼ਬੂਤ ਕਿਲਾਬੰਦੀ ਨੂੰ ਇਹ ਜ਼ਰੂਰੀ ਦੱਸਦੇ ਹਨ। ਮਨੂੰ ਦਾ ਕਹਿਣਾ ਹੈ ਕਿ ਇਸਤਰੀਆਂ 'ਤੇ ਹਰ ਵਕਤ ਪਰਿਵਾਰ ਦੇ ਪੁਰਸ਼ਾਂ ਦੀ ਨਿਗਾਹ ਦੇ ਨਾਲ ਨਾਲ ਉਨ੍ਹਾਂ ਨੂੰ ਸੇਵਕ ਦੀ ਸਥਿਤੀ ਵਿੱਚ ਬਣਾਏ ਰੱਖਣਾ ਜ਼ਰੂਰੀ ਹੈ। ਕਾਰਣ, ਜੇਕਰ ਉਨ੍ਹਾਂ 'ਤੇ ਨਜ਼ਰ ਨਾ ਰੱਖੀ ਜਾਵੇ ਤਾਂ ਉਹ ਆਪਣੇ ਪੇਕੇ ਅਤੇ ਸਹੁਰਿਆਂ ਦੋਨਾਂ ਦੀ ਹੀ ਬਰਬਾਦੀ ਦਾ ਕਾਰਣ ਹੋ ਸਕਦੀ ਹੈ। ਨਿਗਰਾਨੀ ਦੀ ਇਸ ਜ਼ੁੰਮੇਵਾਰੀ ਦੇ ਲਈ ਪੁਰਸ਼ਾਂ ਵਿੱਚ ਵੀ ਜੇਕਰ ਕਿਸੇ ਨੂੰ ਖ਼ਾਸ ਤੌਰ 'ਤੇ ਚਿੰਨਿਤ ਕੀਤਾ ਗਿਆ ਹੈ ਤਾਂ ਉਹ ਹੈ ਪਤੀ। ਕਾਰਣ, ਇਸਤਰੀ ਜੇਕਰ ਫੇਰ-ਬਦਲ ਹੋ ਜਾਵੇ ਯਾਨੀ ਪਤੀ ਮਾਤਰ ਨੂੰ ਸਮਰਪਨ ਦੇ ਧਰਮ ਤੋਂ ਡਿੱਗ ਜਾਏ ਤੇ ਬਰਬਾਦੀ ਦੀ ਸਭ ਤੋਂ ਵੱਡੀ ਗਾਜ ਪਤੀ 'ਤੇ ਹੀ ਡਿੱਗੇਗੀ। ਇਸ ਲਈ ਮਨੂੰ ਨੇ ਸਾਰੀਆਂ ਜਾਤੀਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਹੈ ਕਿ ਕਮਜ਼ੋਰ ਤੋਂ ਕਮਜ਼ੋਰ ਪਤੀ ਨੂੰ ਵੀ ਆਪਣੀ ਪਤਨੀ ਦੀ ਨਿਗਰਾਨੀ ਦੇ ਕਰਤੱਵ ਤੋਂ ਨਹੀਂ ਝੁਕਣਾ ਚਾਹੀਦਾ। ਸਮੂਹ, ਬਰਾਦਰੀ ਦੇ ਪੁਰਸ਼ਾਂ ਨੂੰ ਅਨੁਸ਼ਾਸ਼ਣ ਤੋੜਣ ਅਤੇ ਲੀਕ 'ਤੇ ਨਾ ਚੱਲਣ ਦੀ ਦੋਸ਼ੀ ਇਸਤਰੀ 'ਤੇ ਦਮਨਾਤਮਕ ਕਾਰਵਾਈ ਕਰਨ ਦਾ ਅਧਿਕਾਰ ਪ੍ਰਦਾਨ ਕਰਕੇ ਇਸਤਰੀ ਯੌਨਿਕਤਾ 'ਤੇ ਕਾਬੂ ਦੀ ਦੂਸਰੀ ਦਿਵਾਰ ਖੜ੍ਹੀ ਕੀਤੀ ਗਈ। ਪਤੀ ਅਤੇ ਪਰਿਵਾਰ ਦੇ ਹੋਰ ਪੁਰਸ਼ ਜੇਕਰ ਪਹਿਲੀ ਦਿਵਾਰ ਸਨ ਤਾਂ ਬਰਾਦਰੀ ਦੇ ਪੁਰਸ਼ ਦੂਸਰੀ।

ਲੇਕਿਨ, ਕਿਸੇ ਕਾਰਣ ਕਰਕੇ, ਜੇਕਰ ਇਸਤਰੀ ਇਨ੍ਹਾਂ ਦੋਨਾਂ ਹੀ ਦਿਵਾਰਾਂ ਨੂੰ ਲੰਘ ਦੇ ਤਦ ? ਦੂਸਰੇ ਸ਼ਬਦਾਂ ਵਿੱਚ, ਜੇਕਰ ਪਤੀ ਜਾਂ ਬਰਾਦਰੀ ਉਸਨੂੰ ਅਨੁਸ਼ਾਸ਼ਿਤ ਰੱਖ ਪਾਉਣ ਵਿੱਚ ਸਫ਼ਲ ਨਾ ਹੋਵੇ ਤਦ ? ਅਜਿਹੀ ਸਥਿਤੀ ਨਾਲ਼ ਨਪਟਣ ਦੇ ਲਈ ਤੀਜੀ ਦਿਵਾਰ ਰਾਜਾ (ਰਾਜ) ਪੱਧਰ 'ਤੇ ਖੜ੍ਹੀ ਕੀਤੀ ਗਈ। ਪਿਤਰਸੱਤਾ ਕਾਇਦਿਆਂ ਦੀ ਉਲੰਘਣ ਦੋਸ਼ੀ ਪਤਨੀ ਨੂੰ ਅੰਤ ਰਾਜਾ ਸਜਾ ਦੇ ਸਕਦਾ ਸੀ। ਪ੍ਰਾਚੀਨ ਭਾਰਤ ਦੇ ਪਿਤਾ ਪੁਰਖੀ ਰਾਜ ਨੇ ਜੇਕਰ ਚੋਰੀ ਤੋਂ ਇਲਾਵਾ ਕਿਸੇ ਦੂਸਰੇ ਅਪਰਾਧ ਨੂੰ ਵੱਡੇ ਅਪਰਾਧਾਂ ਦੀ ਸ਼੍ਰੇਣੀ ਵਿੱਚ

ਨੋਟ

ਰੱਖਿਆ ਸੀ ਤਾਂ ਉਹ ਸੀ ਪਰਪੁਰਸ਼ਗਮਨ (ਐਡਲਰਟੀ) ।ਪਰਪੁਰਸ਼ਗਮਨ ਨੂੰ ਪੁਰਸ਼, ਉਸ ਵਿੱਚ ਵੀ ਖ਼ਾਸ ਕਰ ਪਤੀ ਨੂੰ ਇੱਕ ਮੁੱਲਵਾਨ ਸੰਸਾਧਨ ਦੇ ਨਾਲ ਛੇੜਖਾਨੀ ਦੇ ਰੂਪ ਵਿੱਚ ਲਿਆ ਜਾਂਦਾ ਸੀ। ਜਿਨ੍ਹਾਂ ਦਿਨਾਂ ਵਿੱਚ ਰਾਜ ਦੀ ਉਤਪਤੀ ਨਹੀਂ ਹੋਈ ਸੀ ਭਾਵ ਜਦ ਸਮਾਜ ਇੱਕ ਸੰਗਠਤ ਸੱਤਾ ਰਚਨਾ ਦੀ ਉਤਪਤੀ ਤੋਂ ਪੂਰਬ ਦੀ ਅਵਸਥਾ ਵਿੱਚ ਸੀ ਉਨ੍ਹਾਂ ਦਿਨਾਂ ਵਿੱਚ ਵੀ ਕੁੱਲ ਜਾਂ ਸਮੂਹ ਵੀ 'ਦੋਸ਼ੀ' ਪਤਨੀ ਨੂੰ ਦੰਡ ਦੇਣ (ਜਿਸ ਵਿੱਚ ਮੌਤ ਦੀ ਸਜਾ ਵੀ ਸ਼ਾਮਿਲ ਸੀ) ਦਾ ਅਧਿਕਾਰ ਪ੍ਰਾਪਤ ਸੀ। ਪਿਤਰਸੱਤਾਤਮਕ ਕਾਇਦੇ ਦੇ ਕੰਮ ਕਰਨ ਵਿੱਚ 'ਹਿੰਸਾ' ਨੂੰ ਅੰਦਰੂਨੀ ਦ੍ਰਿੜ ਹੋਣ ਦੇ ਪ੍ਰਮਾਣ ਸਾਨੂੰ ਪ੍ਰਾਚੀਨ ਸਮੇਂ ਤੋਂ ਹੀ ਮਿਲਣ ਲਗਦੇ ਹਨ। ਇਸਤਰੀ ਦੇ ਆਵੇਗਾਂ 'ਤੇ ਹਿੰਸਾ ਨੂੰ ਪ੍ਰਯੋਗ ਅਤੇ ਇਸਦੀ ਧਰਮ ਧਮਕੀ 'ਤੇ ਲਗਾਮ ਲਗਾ ਕੇ ਰੱਖਿਆ ਜਾ ਸਕਦਾ ਸੀ। ਇਸੇ ਲਈ ਅਰਥ ਸ਼ਾਸ਼ਤਰ ਵਿੱਚ ਸਦਗੁਣ ਨੂੰ ਪੈਦਾ ਕਰਨ ਦੀ ਗੱਲ ਕੀਤੀ ਗਈ ਹੈ। ਆਚਾਰ ਸੰਕੇਤ ਸਰੀਰਕ ਦੰਡ ਨੂੰ ਬੇ-ਨਿਯਮੀ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਸ਼ਫ਼ਾਰਿਸ਼ ਵੀ ਕਰਦੀ ਹੈ। ਸਭ ਤੋਂ ਆਦਰਸ਼ ਸੰਕੇਤ ਰਮਾਇਣ ਵਿੱਚ ਅਸੀਂ ਸਰੂਪਨਖਾ ਦਾ ਰਾਮ ਦੇ ਪ੍ਰਤੀ ਹੋਣ ਦੀ ਆਕਰਸ਼ਿਤ ਲੱਛਮਣ ਦੁਆਰਾ ਇਸਦੇ ਨੱਕ ਕੱਟਣ ਦੀ ਘਟਨਾ ਵਿੱਚ ਹੁੰਦਾ ਹੈ। ਨੱਕ ਦਾ ਕੱਟਣਾ ਵਿਸ਼ੇਸ਼ ਤੌਰ 'ਤੇ : ਲਿੰਗੀ-ਵਿਯੋਗ ਦਾ ਰੂਪ ਹੈ। ਅਖਵਾਰ ਵਿੱਚ ਛਪਣ ਵਾਲੀਆਂ ਖਬਰਾਂ ਇਸਦੇ ਅੱਜ ਵੀ ਮੌਜੂਦ ਹੋਣ ਦੀ ਗਵਾਹੀ ਦਿੰਦੀਆਂ ਹਨ।

ਜਾਤ ਆਧਾਰਿਤ ਸਮਾਜ ਵਿਚੋਂ ਪਰਪੁਰਸ਼ਗਮਨ ਦੇ ਉਹ ਮਾਮਲੇ ਜ਼ਿਆਦਾਤਰ ਨਿਸ਼ੰਧ ਨਜ਼ਰ ਨਾਲ ਦੇਖੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਇਸਤਰੀ ਉੱਚੀ ਜਾਤ ਦੀ ਹੁੰਦੀ ਹੈ ਅਤੇ ਪੁਰਸ਼ ਨਿਮਨ ਜਾਤ ਦਾ। ਇਸਤਰੀ ਦੀ ਪਵਿਤਰਤਾ 'ਤੇ ਹੀ ਜਾਤ ਦੀ ਸ਼੍ਰੇਸ਼ਠਤਾ ਅਤੇ ਇਸ ਲਈ ਵਰਤਮਾਨ ਅਤੇ ਭਵਿੱਖ ਦੀ ਸਮਾਜ ਵਿਵਸਥਾ ਟਿਕੀ ਹੁੰਦੀ ਹੈ। ਆਰੰਭਿਕ ਰਾਜ ਇੱਕ ਸਾਥ ਵਰਗਪਰਕ/ਜਾਤਪਰਕ ਅਤੇ ਪਿੱਤਰਸੱਤਾਤਮਕ ਸਨ। ਦੂਜੇ ਸ਼ਬਦਾਂ ਵਿੱਚ ਜਾਤ, ਵਰਗ, ਰਾਜ ਅਤੇ ਪਿਤਰਸੱਤਾ ਦੇ ਵਿਚ ਮਜ਼ਬੂਤ ਗਠਬੰਧਨ ਸੀ।

ਸਾਰ ਇਹ ਹੈ ਕਿ ਆਰੰਭਕ ਭਾਰਤ ਵਿੱਚ ਲਿੰਗ ਅਤੇ ਜਾਤ ਦੇ ਪ੍ਰਭਾਵਸ਼ਾਲੀ ਪ੍ਰਤੀਮਾਨ ਘੜਣ ਵਾਲੇ ਸਮਾਜਿਕ ਸੰਬੰਧਾਂ ਦੀ ਰਚਨਾ ਦੀ ਇਸਤਰੀਆਂ ਦੀ ਸਹਿ-ਭਾਗੀਤਾ ਨਾਲ ਹੀ ਦ੍ਰਿੜੀਕਰਨ ਅਤੇ ਪੁਤਰ ਉਤਪਾਦਨ ਹੋ ਸਕਿਆ। ਜਿਵੇਂ ਕਿ ਅਸੀਂ ਉੱਪਰ ਪਾਇਆ। ਇਹ ਸਹਿ-ਭਾਗੀਤਾ ਸਹਿਮਤੀ ਅਤੇ ਦਮਨ ਦੋਨਾਂ ਨਾਲ ਹੀ ਜੋੜੇ 'ਤੇ ਆਧਾਰਿਤ ਸੀ। ਆਚਾਰ-ਵਿਉਹਾਰ ਵਿੱਚ ਸੁਝਾਏ ਗਏ ਵਿਸਤ੍ਰਿਤ ਕਾਇਦੇ ਅਤੇ ਅਖਾਣ-ਸਾਹਿਤ ਦੇ ਵਿਵਰਣ ਇਸ ਮੱਤ ਦਾ ਪ੍ਰਮਾਣ ਹੈ ਕਿ ਬ੍ਰਾਹਮਣਵਾਦੀ ਵਿਚਾਰਧਾਰਾ 'ਬ੍ਰਾਹਮਣਵਾਦੀ ਪਿੱਤਰਸੱਤਾ' ਦੇ ਪ੍ਰਤੀ ਇਸਤਰੀਆਂ ਦੀ ਵਾਸਤਵਿਕ ਰਜ਼ਾਮੰਦੀ ਪ੍ਰਾਪਤ ਕਰਨ ਵਿੱਚ ਅਸਫ਼ਲ ਰਹੀ ਅਤੇ ਇਸ ਲਈ ਦਮਨਾਤਮਕ ਰਸਤੇ ਅਪਣਾਉਣੇ ਪਏ। ਲੇਕਿਨ, ਜਾਤ ਵਿਵਸਥਾ ਦੇ ਮੁੱਲ ਉੱਚੀਆਂ ਜਾਤਾਂ ਇਸਤਰੀ-ਪੁਰਸ਼ ਦੋਨਾਂ ਦੁਆਰਾ ਸਵੀਕਾਰ ਕੀਤੇ ਗਏ। ਜਾਤ ਵਿਵਸਥਾ ਨੂੰ ਆਪਣੇ ਲਈ ਇਸਤਰੀ ਦੀ ਸਹਿਮਤੀ ਪ੍ਰਾਪਤ ਕਰਨ ਲਈ ਜਾਤੀ-ਜਨ ਸੁਵਿਧਾਵਾਂ ਦੀ ਅੰਸ਼ਿਕ ਹਿਸੇਦਾਰੀ ਦੇਣ ਦੇ ਇਲਾਵਾ ਅਤੇ ਕੁੱਝ ਨਹੀਂ ਕਰਨਾ ਪਿਆ। ਜਦ ਕਿ ਇਸ ਹਿਸੇਦਾਰੀ ਵਿੱਚ ਉਸਦੀ ਯੌਨਿਕਤਾ'ਤੇ ਕਠੋਰ ਕਾਬੂ ਅਤੇ ਇਸ ਕਾਰਣ ਉਸ ਵਿੱਚ ਉਸਦੀ ਅੰਦਰੂਨੀ-ਦ੍ਰਿੜਤਾ ਸੀ। ਕਹਿਣ ਦਾ ਭਾਵ ਇਹ ਕਿ ਉੱਚੀ ਜਾਤ ਦੀ ਇਸਤਰੀ ਜਾਤ-ਪ੍ਰਦੱਤ ਸੁਵਿਧਾਵਾਂ ਅਤੇ ਵਿਸ਼ੇਸ਼ ਅਧਿਕਾਰਾਂ ਨੂੰ ਪ੍ਰਤੀਲੋਮ ਵਿੱਚ ਅਜਿਹੀ ਅੰਨ੍ਹੀ ਹੋ ਗਈ ਕਿ ਉਸਨੂੰ ਆਪਣੇ 'ਤੇ ਕਸੀ ਜਾ ਰਹੀ ਨਕੇਲ ਨਹੀਂ ਦਿਖੀ। ਇਸਤਰੀ ਦੁਆਰਾ ਜਾਤ ਵਿਵਸਥਾ ਦੀ ਵਿਚਾਰਧਾਰਾ ਦੇ ਅਪਣਾਏ ਜਾਣ ਦਾ ਉਦਾਹਰਣ ਅਸੀਂ ਜਾਤ ਕਥਾ ਵਿੱਚ ਵੀ ਪਾਉਂਦੇ ਹਾਂ, ਜਿਸ ਵਿੱਚ ਉੱਚੀ ਜਾਤ ਦੀਆਂ ਦੋ ਲੜਕੀਆਂ, ਨਿਮਨ ਜਾਤ ਦੇ ਅਸਪਰਸ਼' ਪੁਰਸ਼ ਦੇ ਦਰਸ਼ਨ ਹੋ ਜਾਣ ਦੀ ਵਜ੍ਹਾ ਨਾਲ ਆਪਣੇ ਨੇਤਰ ਪ੍ਰਕਸ਼ਾਲਣ ਦੇ ਲਈ ਦੌੜ ਪੈਂਦੀ ਹੈ। ਆਰੰਭਿਕ ਆਚਾਰ ਸੰਕੇਤਾਂ ਵਿੱਚ ਇਸਤਰੀ ਯੌਨਿਕਤਾ ਦੀ ਨਿਗਰਾਨੀ ਨੂੰ ਲੈਕੇ ਵਿਅਕਤ ਕੀਤੀ ਗਈ ਚਿੰਤਾ ਵਿੱਚ ਇੱਕ ਹੱਦ ਦੇ ਬਾਅਦ ਤਦ ਫ਼ਜ਼ੂਲ ਹੋ ਗਈ ਜਦ ਉਨ੍ਹਾਂ ਦੇ ਨਾਲ ਨਾਲ ਹੋਰ ਬਹੁਤੇ ਇਸਤਰੀ-ਪੁਰਸ਼ਾਂ ਨੂੰ ਵੀ ਅਧੀਨਤਾ ਦੀ ਸਥਿਤੀ ਵਿੱਚ ਲਿਆ ਦਿੱਤਾ। ਹਾਲਾਂਕਿ ਇਸਤਰੀਆਂ ਦੀ ਯੌਨਿਕਤਾ 'ਤੇ ਵਿਵਹਾਰ ਤੌਰ 'ਤੇ ਕਦੇ ਵੀ ਕਾਬੂ ਨਹੀਂ ਪ੍ਰਾਪਤ ਕੀਤਾ ਜਾ ਸਕਿਆ, ਲੇਕਿਨ ਆਚਾਰ ਅਤੇ ਵਿਵਹਾਰ ਦੇ ਪੱਧਰ 'ਤੇ ਬ੍ਰਾਹਮਣਵਾਦੀ ਪਿਤਰਸੱਤਾ ਸਥਾਪਨਾਵਾਂ ਆਪਣੀ ਪੈਠ ਬਣਾਉਣ ਵਿੱਚ ਕਾਮਯਾਬ ਰਹੀਆਂ। ਮੰਡਲ ਵਿਰੋਧੀ ਪ੍ਰਦਰਸ਼ਨ ਵਿੱਚ ਸਰੀਰ ਇਸਤਰੀਆਂ/ਲੜਕੀਆਂ ਦੀ ਹਸਤ-ਪੱਟੀਕਾਵਾਂ 'ਤੇ ਲਿਖੀ ਇਬਾਰਤਾਂ ਚੀਖ-ਚੀਖ ਕੇ ਇਸਦਾ ਪ੍ਰਮਾਣ ਦੇ ਰਹੀਆਂ ਹਨ।

ਨੋਟ

ਜਿਵੇਂ ਕਿ ਪਹਿਲੇ ਵੀ ਸੰਕੇਤ ਕੀਤਾ ਜਾ ਚੁੱਕਾ ਹੈ ਕਿ ਜਾਤ ਵਿਵਸਥਾ ਹੌਲੀ-ਹੌਲੀ ਅਤੇ ਵਿਵਿਧ ਢੰਗ ਨਾਲ ਕਈ ਖੇਤਰਾਂ ਵੱਲ ਪ੍ਰਸਾਰਿਤ ਹੋਈ। ਹਰ ਇੱਕ ਖੇਤਰ ਦੀਆਂ ਸਥਾਨਕ ਖਾਸੀਅਤਾਂ, ਜਨਸੰਖਿਆ ਦੀ ਪ੍ਰਕਿਰਤੀ ਅਤੇ ਉਤਪਾਦਨ ਦੇ ਮਾਧਨਾਂ ਨੇ ਮਿਲਕੇ ਉਥੋਂ ਦੇ ਜਾਤ ਵਿਵਹਾਰਾਂ ਦਾ ਸਰੂਪ ਥੈਅ ਕੀਤਾ। ਜਾਤ ਵਿਵਹਾਰਾਂ ਦੀ ਬਹੁਲਤਾ/ਵਿਵਿਧਤਾ ਦਾ ਇਹੀ ਕਾਰਣ ਹੈ। 'ਭਾਰਤੀ'ਸਮਾਜ ਦੀ ਪਹਿਲਾਂ ਕਥਨ 'ਅਨੇਕਤਾ ਵਿੱਚ ਏਕਤਾ' ਅਤੇ ਉਸਦੇ 'ਲਚੀਲੇਪਨ ਦੀ ਜੜ੍ਹ ਵਿੱਚ ਵਾਸਤਵਿਕ ਤੌਰ 'ਤੇ ਸਥਾਨਕ ਸੰਸਕ੍ਰਿਤੀਆਂ ਨੂੰ ਬਾਕੀ ਮੌਲਿਕਤਾਵਾਂ ਹਨ, ਜਿਨ੍ਹਾਂ ਨੇ ਪ੍ਰਸਾਰਿਤ ਹੋ ਰਹੀ ਬੱਡੀ ਸਮਾਜਿਕ ਤਾਕਤਾਂ ਨੂੰ ਰੌ ਵਿੱਚ ਬਹਿਣ ਨਾਲ ਖ਼ੁਦ ਨੂੰ ਬਚਾ ਲਿਆ। ਇਸਦੇ ਵਾਵਜੂਦ ਜਾਤ ਵਿਵਸਥਾ ਦੀ ਮੁੱਖ ਖਾਸੀਅਤਾਵਾਂ ਅਤੇ ਲਿੰਗ ਸੰਬੰਧਾਂ, ਖਾਸਕਰ ਸਮਜਾਤੀ ਵਿਆਹ ਨਾਲ ਇਸਦਾ ਸੰਬੰਧ ਅਤੇ ਇਸਦੇ ਨਾਲ ਹੀ ਨਾਲ ਪੇਸ਼, ਮਹਿਨਤ ਅਤੇ ਸੰਸਾਧਨਾਂ 'ਤੇ ਮਲਕੀਅਤ ਦੇ ਜੋੜ ਵਾਲੀ ਰਚਨਾ ਨਵੇਂ ਖੇਤਰਾਂ ਵਿੱਚ ਫ਼ੈਲਤੀ ਗਈ। ਹੌਲੀ-ਹੌਲੀ ਸਦੀਆਂ ਸਫ਼ਰ ਕਰਨ ਦੇ ਕ੍ਰਮ ਵਿੱਚ ਜਾਤ ਵਿਵਸਥਾ ਇਸ ਮਹਾਂਦੀਪ ਦੇ ਸਮਾਜਿਕ ਸੰਬੰਧਾਂ ਦੀ ਰੀੜ ਬਣ ਗਈ।

## ਸਵੈ-ਮੁਲਾਂਕਣ (Self-Assessment)

2. **ਖਾਲੀ ਥਾਂਵਾਂ ਭਰੋ(Fill in the Blanks)**

(1) ................. ਦੀ ਧਾਰਨਾ ਦੇ ਮੁਤਾਬਿਕ ਕਿਸੇ ਵਿਆਕਤੀ ਦਾ ਖ਼ੂਨ ਦਿਵਿਆ-ਆਯਾਮੀ ਹੁੰਦਾ ਹੈ।

(2) ਬ੍ਰਾਹਮਣਵਾਦੀ ਮੱਤ ਅਨੁਸਾਰ ਸਮਾਜ ਦੀ ਸਭ ਤੋਂ ਪਤਿਤ ਅਵਸਥਾ ................ ਹੈ।

(3) ................ ਦੇ ਅਨੁਸਾਰ, ਇਸਤਰੀਆਂ ਖਾਸਕਰ ਪ੍ਰਜਨਨ ਦੇ ਲਈ ਬਣਾਈ ਗਈ ਹੈ, ਉਹ ਪੂਜਨੀ ਹਨ, ਘਰ ਦੀ ਰੌਸ਼ਨੀ ਹਨ।

(4) ................ ਦਾ ਮਤਲਬ ਹੈ ਪਤੀਵਰਤਾ ਬਣੇ ਰਹਿਣਾ।

(5) ਪਤੀ ਦੀ ਪੂਜਾ ਕਰਨ ਵਾਲੀ ਇਸਤਰੀ ਦੀ ................ ਨੂੰ ਬ੍ਰਾਹਮਾ ਨੂੰ ਛੱਡ ਕੇ ਹੋਰ ਕੋਈ ਖਤਰਾ ਨਹੀਂ ਰਹਿੰਦਾ।

(6) ਜਾਤੀ ਆਧਾਰਿਤ ਸਮਾਜ ਵਿੱਚ ................ ਦੇ ਉਹ ਮਾਮਲੇ ਬਹੁਤ ਜ਼ਿਆਦਾ ਨਿੰਧ ਨਜ਼ਰ ਨਾਲ ਦੇਖੇ ਜਾਂਦੇ ਹਨ।

## 9.3 ਸਾਰ ਅੰਸ਼ (Summary):

- ਜਿੱਥੇ ਤੱਕ ਵਰਗ ਅਤੇ ਲਿੰਗ ਦੇ ਸੰਬੰਧ ਦਾ ਗੱਲ ਹੈ ਤਾਂ ਉਸ 'ਤੇ ਭਾਰਤੀ ਵਿਦਵਾਨਾਂ ਦੇ ਨਾਲ-ਨਾਲ ਬਾਹਰ ਵਿਦਵਾਨਾਂ ਨੇ ਵੀ ਵਿਚਾਰ ਕੀਤਾ ਹੈ ਲੇਕਿਨ ਜਾਤ ਅਤੇ ਲਿੰਗ ਦੇ ਵਿੱਚ ਸੰਬੰਧ ਦੀ ਤਰਜ਼ਮਾਨੀ ਜਿੰਮੇਵਾਰੀ, ਸੁਭਾਵਿਕ ਤੌਰ 'ਤੇ ਸਾਡੇ ਉਪਰ ਰਹੀ ਹੈ। ਗਾਰਡ ਲਾਨਰ ਦੁਆਰਾ ਵਰਗ ਅਤੇ ਲਿੰਗ ਦੇ ਸੰਬੰਧ 'ਤੇ ਕੀਤਾ ਗਿਆ ਕੰਮ, ਉਸ ਵਿੱਚ ਵੀ ਖ਼ਾਸ ਕਰਕੇ ਸ਼ੁਰੂ ਦੇ ਮੈਸੋਪੋਟਾਮੀਆ ਵਿੱਚ ਇਸਤਰੀ ਲਿੰਗੀ ਸੰਬੰਧ 'ਤੇ ਨਿਯੰਤ੍ਰਣ ਦਾ ਇਸਤਰੀ ਅਧੀਨਤਾ ਦੇ ਕੇਂਦਰੀ ਪੱਖ ਦੇ ਰੂਪ ਵਿੱਚ ਲਿੰਗ-ਦਰਜ਼ਾਬੰਦੀ ਦੇ ਅਧਿਐਨ ਦੇ ਲਿਹਾਜ 'ਤੇ ਮਾਰਗਦਰਸ਼ਕ ਅਤੇ ਮਹੱਤਵਪੂਰਣ ਹੈ।
- ਵਰਗ, ਜਾਤ ਅਤੇ ਲਿੰਗ ਤਿੰਨੋਂ ਆਪਸ ਵਿੱਚ ਬੰਨ੍ਹੇ ਹੋਏ ਹਨ, ਇਹ ਆਪਸ ਵਿੱਚ ਅੰਤਰ ਕਿਰਿਆ ਕਰਦੇ ਹੋਏ ਇੱਕ-ਦੂਜੇ ਦਾ ਰੂਪ ਨਿਰਧਾਰਤ ਕਰਦੇ ਹਨ- ਵਿਆਹ ਦੇ ਰੂਪ, ਯੌਨਿਕਤਾ ਅਤੇ ਪ੍ਰਜਨਨ ਜਾਤ ਵਿਵਸਥਾ ਦਾ ਮੂਲ ਆਧਾਰ ਹਨ। ਵਿਆਹ ਸੰਸਥਾ ਵਰਗ ਅਤੇ ਜਾਤ ਦੋਨੋਂ ਹੀ ਆਧਾਰਿਤ ਦਰਜ਼ਾਬੰਦੀਆਂ ਅਤੇ ਪ੍ਰਜਨਨ ਸੰਬੰਧੀ ਕਠੋਰ ਕਾਇਦਿਆਂ ਦੇ ਮਾਧਿਅਮ ਨਾਲ ਸਮੁੱਚੇ ਤੰਤਰਦਾ ਪੁਨਰ-ਉਤਪਾਦਨ ਕਰਦੀਆਂ ਹਨ।

ਨੋਟ

- ਜਾਤ ਅਤੇ ਲਿੰਗ ਆਧਾਰਿਤ ਦਰਜ਼ਾਬੰਦੀਆਂ ਦੇ ਲਗਾਤਾਰ ਬਣੇ ਰਹਿਣ ਵਿੱਚ ਸਮਜਾਤੀ ਵਿਆਹ, ਜਿਸ 'ਤੇ ਜਾਤ ਵਿਵਸਥਾ ਦਾ ਢਾਂਚਾ ਟਿਕਿਆ ਹੈ, ਦੀ ਰੀਤੀ ਦਾ ਲਗਾਤਾਰ ਵਿਆਹ ਦੇ ਇਹੀ ਰੂਪ 'ਤੇ ਆਧਾਰਿਤ ਹੈ। ਇਸ ਤਰ੍ਹਾਂ ਦੇ ਇੱਕ ਉਚਿਤ ਵਿਆਹ ਦੇ ਲਈ ਵਰ ਅਤੇ ਕੰਨਿਆ ਦਾ ਇੱਕ ਹੀ ਜਾਤ/ਉਪ-ਜਾਤ ਪਰ ਭਿੰਨ-ਭਿੰਨ ਗੋਤ ਹੋਣਾ ਜ਼ਰੂਰੀ ਹੈ।

- ਵਿਆਹ ਦਾ ਹਰ ਇੱਕ ਉਦੇਸ਼ ਪੁਰਸ਼ ਦੇ ਵੰਸ਼ ਦੀ ਨਿਯੰਤਰਤਾ ਬਣਾਈ ਰੱਖਣਾ ਹੈ। ਇਸ ਲਈ ਕਿਸੇ ਦੂਜਰੇ ਵੰਸ਼ ਦੀ ਕੰਨਿਆ ਨੂੰ ਲਿਆਉਣ ਦੀ ਜ਼ਰੂਰਤ ਪੈਂਦੀ ਹੈ। ਕੰਨਿਆ ਦੇ ਲੈਣ-ਦੇਣ ਨੂੰ ਕਰਮਕਾਂਡ ਦੇ ਰੂਪ ਵਿੱਚ ਇਸ ਤਰ੍ਹਾਂ ਮਹਿਮਾ-ਮੰਡਿਤ ਕੀਤਾ ਗਿਆ ਹੈ ਕਿ ਉੱਚੀਆਂ ਜਾਤਾਂ ਵਿੱਚ ਲੜਕੀ ਨੂੰ ਦੇਣ ਯਾਨੀ ਕੰਨਿਆਦਾਨ ਨੂੰ ਸਭ ਤੋਂ ਵੱਡਾ ਦਾਨ ਮੰਨਿਆ ਜਾਂਦਾ ਹੈ।

- ਇਸਤਰੀ ਅਧੀਨਤਾ ਦੇ ਭਿੰਨ-ਭਿੰਨ ਰੂਪਾਂ ਵਿੱਚੋਂ ਕੋਈ ਇੱਕ ਰੂਪ ਨਹੀ ਬਲਕਿ ਹਿੰਦੂਵਾਦ ਅਤੇ ਜਾਤ ਆਧਾਰਿਤ ਵਿਵਸਥਾ ਨਾਲ ਆਬਾਦ ਖਾਸ ਰਚਨਾ ਹੈ। ਭਾਰਤ ਦੇ ਜ਼ਿਆਦਾਤਰ ਭਾਗਾਂ ਵਿੱਚ ਹੁਣ ਤੱਕ ਜੜ੍ਹ ਜਮਾ ਚੁੱਕੀ ਇਸ ਅਨੁਖੀ ਪਿਤਰਸੱਤਾ ਰਚਨਾ ਦੀ ਅਲੱਗ ਪਹਿਚਾਣ ਸੰਕੇਤਕ ਕਰਨ ਦੇ ਲਈ 'ਬ੍ਰਾਹਮਣਵਾਦੀਹੁਣ ਤੱਕ ਜੜ੍ਹ ਜਮਾ ਚੁੱਕੀ ਇਸ ਅਨੋਖੀ ਪਿਤਰਸੱਤਾ ਰਚਨਾ ਦੀ ਅਲੱਗ ਪਹਿਚਾਣ ਚਿੰਨਤਨ ਕਰਨ ਦੇ ਲਈ 'ਬ੍ਰਾਹਮਣਵਾਦੀ ਪਿਤਰਸੱਤਾ' ਦਾ ਪ੍ਰਯੋਗ ਉਚਿਤ ਹੈ।

- ਬ੍ਰਾਹਮਣਵਾਦੀ ਪਿਤਰਸੱਤਾ ਭੂਮੀ, ਇਸਤਰੀ ਅਤੇ ਅਨੁਸ਼ਠਾਨਿਕਤਾ ਨੂੰ ਬਰਾਬਰ ਰੱਖਣ ਦਾ ਉਪਕ੍ਰਮ ਹੈ। ਇੱਥੇ ਜੇਕਰ ਅਸੀਂ ਭੂਮੀ 'ਤੇ ਕੰਮ ਕਰਨ ਦੇ ਯਾਨੀ ਕਿਸਾਨੀ-ਕਾਰਜ ਦੇ ਲਈ ਮਿਹਨਤ ਦੀ ਉਪਲਬਧਾ ਨੂੰ ਨਿਸਚਿਤ ਕਰਨ ਦੀ ਜ਼ਰੂਰਤ ਦਾ ਖਿਆਲ ਕਰੋ ਤਾਂ ਅਸੀਂ ਇਹ ਦੇਖਣ ਨੂੰ ਮਿਲਦਾ ਹੈ ਕਿ ਪ੍ਰਾਚੀਨ ਭਾਰਤ ਵਿੱਚ ਜਾਤ ਅਤੇ ਪਿਤਰਸਤਾ ਦੇ ਲਈ ਨਾ ਕੇਵਲ ਉੱਚੀਆਂ ਜਾਤਾਂ ਦੀਆ ਇਸਤਰੀਆਂ ਦੀ ਪ੍ਰਜਨਨ ਕਾਬਲੀਅਤ 'ਤੇ ਨਿਯੰਤ੍ਰਣ ਜ਼ਰੂਰੀ ਸੀ, ਜਿਸ ਵਿੱਚ ਭੂਮੀ ਅਤੇ ਆਨੁਸ਼ਠਾਨਿਕ ਸ਼ੁੱਧਤਾ ਸੁਰੱਖਿਆਤ ਰਹਿੰਦੇ, ਬਲਕਿ ਸਾਰੀਆ ਜਾਤਾਂ ਦੀ ਪ੍ਰਜਨਨ ਸ਼ਕਤੀ 'ਤੇ ਨਿਯੰਤ੍ਰਣ ਜਰੂਰੀ ਸੀ ਤਾਂਕਿ ਮਿਹਨਤ ਦੀ ਲੋੜ ਅਨੁਸਾਰ ਉਪਲਬਧਤਾ ਸੁਨਿਸ਼ਚਿਤ ਰਹਿੰਦੀ।

- ਨਾਰਸ਼ਾਸਤਰੀ ਨੂਰ ਯਲਮਾਨ ਦਾ ਮਤ ਹੈ ਕਿ ਹਿੰਦੂ ਸਮਾਜ ਵਿਵਸਥਾ ਦਾ ਮੂਲ ਮੰਤਰ ਇੱਕ ਸੀਮਾ ਬੰਧ ਰਚਨਾ (ਕਲੋਜਡ ਸਟਕਚਰ) ਖੜ੍ਹਾ ਕਰਨਾ ਰਿਹਾ ਹੈ। ਤਾਂ ਕਿ ਜਮੀਨ ਇਸਤਰੀ ਅਤੇ ਅਨੁਸ਼ਠਾਨਿਕਤਾ ਖਾਸਿਅਤਾ ਇਕ ਦਾਇਰੇ ਵਿੱਚ ਸੁਰੱਖਿਅਤ ਰਹੇ। ਇਹ ਤਿੰਨ ਆਪਸ ਵਿੱਚ ਬੰਧੇ ਹੋਏ ਹਨ ਅਤੇ ਇਨਾਂ ਦਾ ਇਸ ਰੂਪ ਵਿੱਚ ਬਣੇ ਰਹਿਣਾ ਇਸਤਰੀ ਯੋਨਿਕਤਾ 'ਤੇ ਕਠੋਰ ਨਿਯੰਤਰਣ ਦੇ ਬਿਨਾਂ ਸੰਭਵ ਨਹੀਂ।

- ਹਿੰਦੂ ਧਾਰਮਿਕ-ਵੈਦਨਿਕ ਗ੍ਰੰਥਾਂ ਵਿੱਚ ਕੀਤੇ ਗਏ ਪਰਵਧਾਨੋਂ ਨਾਲ ਜਾਤੀ, ਵਰਗ ਅਤੇ ਲਿੰਗ ਦਾ ਰਾਜਸੱਤਾ ਦੇ ਨਾਲ ਗਹਿਰੇ ਗਠਜੋੜ ਦਾ ਪਤਾ ਲੱਗਦਾ ਹੈ। ਬ੍ਰਾਹਮਣਵਾਦੀ ਮੱਤ ਅਨੁਸਾਰ ਸਮਾਜ ਦੀ ਸਭ ਤੋਂ ਪਤਿਤ ਅਵਸਥਾ 'ਕਲਯੁੱਗ' (ਡਿਸਟੋਪਿਆ) ਹੈ ਜਦ ਸਭ ਕੁੱਝ ਉਲਟ-ਪੁਲਟ ਜਾਂਦਾ ਹੈ, ਕਾਰਨ ਇਸਤਰੀਆਂ ਅਤੇ ਨਿਮਨ ਜਾਤੀਆਂ ਆਪਣੇ ਆਪਣੇ ਕਰਤੱਵਾਂ ਦਾ ਨਿਰਵਾਹ ਕਰਨਾ ਛੱਡ ਦਿੰਦੀ ਹੈ

- ਪਿੱਤਰ ਵੰਸ਼ੀ ਉੱਤਰਾ ਅਧਿਕਾਰੀ ਅਤੇ ਨਿੱਜੀ ਸੰਪੱਤੀ ਦੀ ਵਿਵਸਥਾ ਦਾ ਉਦੇ ਉਹ ਪਿੱਠ ਭੂਮੀ ਸੀ ਜਿਸ ਵਿੱਚ ਮਾਤ੍-ਤਵ ਅਤੇ ਇਸਤਰੀ ਯੌਨਿਕਤਾ ਦੇ ਵਿੱਚ ਸਪੱਸ਼ਟ ਭੇਦ ਵਰਤਣ ਦੀ ਜਰੂਰਤ ਉਤਪੰਨ ਹੋਈ। ਪਿੱਤਰਵੰਸ਼ੀ ਉੱਤਰ ਅਧਿਕਾਰੀ ਨੂੰ ਨਿਸ਼ਚਿਤ ਕਰਨ ਦੇ ਲਈ ਇਸਤਰੀ ਯੌਨਿਕਤਾ ਨੂੰ ਇਸ ਤਰਾਂ ਨਾਲ ਬੰਨੇ ਜਾਣ ਦੀ ਜਰੂਰਤ ਪਈ ਕਿ ਉਹ ਵਿਵਸਥਾ ਦੁਆਰਾ ਮਾਨਵ ਮਾਤ੍-ਤਵ ਮਾਤਰ ਦੀ ਹੋ ਕੇ ਰਹਿ ਜਾਏਗੀ। ਇਸ ਦੇ ਲਈ ਜਰੂਰੀ ਸੀ ਕਿ ਇਸਤਰੀ ਕੇਵਲ ਇੱਕ ਪੁਰਸ਼ ਦੀ ਹੋ ਕੇ ਰਹਿ ਜਾਵੇ।

ਨੋਟ

## 9.4 ਸ਼ਬਦ ਕੋਸ਼ (Keywords)

- ਪ੍ਰਜਨਨ : ਜਨਮ ਦੇਣ ਵਾਲੀ
- ਨਿਯਤਾਵਾਂ : ਨਿਯਮ ਨਿਰਧਾਰਕ
- ਲਬਾਲੂਅਤਬ : ਨਿਸ਼ਕਰਸ਼, ਨਿਚੋੜ

## 9.5 ਅਭਿਆਸ ਪ੍ਰਸ਼ਨ (Review Questions)

1. ਲਿੰਗ ਅਤੇ ਦਰਜ਼ਾਬੰਦੀ ਦੀ ਵਿਆਖਿਆ ਕਰੋ।
2. ਵਿਆਹ ਦੇ ਰੂਪ ਸਪੱਸ਼ਟ ਕਰੋ। ਜਾਤ-ਵਿਵਸਥਾ ਵਿੱਚ ਸਜਾਤੀ (ਸਮਜਾਤੀ) ਵਿਆਹ ਦਾ ਕੀ ਸਥਾਨ ਹੈ?
3. ਕਈ ਇਸਤਰੀ ਜਾਤ ਵਿਵਸਥਾ ਦਾ ਪ੍ਰਵੇਸ਼ ਦੁਆਰ ਹੈ?
4. ਪਿੱਤਰਸੱਤਾ ਅਤੇ ਮਹਿਲਾਵਾਂ ਦੇ ਦਮਨ 'ਤੇ ਟਿੱਪਣੀ ਕਰੋ।

## ਉੱਤਰ : ਸਵੈ-ਮੁਲਾਂਕਣ (Answer : Self-Assessment)

| | | | | |
|---|---|---|---|---|
| 1. | (1) a | (2) b | (3) a | (4) c |
| 2. | (1) ਜਾਤ ਵਿਵਸਥਾ | (2) ਕਲਯੁਗ | (3) ਮਨੂੰ | |
| | (4) ਇਸਤਰੀ ਧਰਮ | (5) ਪਰਪੁਰਸ਼ਗਮਨ | | |

## 9.6 ਸੰਦਰਭ ਪੁਸਤਕਾਂ (Further Readings)

ਬੁਕਸ


1. ਅਗਰਵਾਲ, ਪੀ.ਸੀ., 1971, ਕਾਸਟ, ਰੇਲਿਜਿਅਨ ਐਂਡ ਪਾਵਰ, ਸ਼੍ਰੀਰਾਮ ਸੇਂਟਰ ਫਾਰ ਇੰਡਸਟ੍ਰੀਅਲ ਰਿਲੇਸ਼ਣ, ਨਿਊ ਦਿੱਲੀ।
2. ਭੱਟਾ, ਅਨਿਲ, 1975, ਕਾਸਟ, ਕਲਾਸ ਐਂਡ ਪਾਲੀਟਿਕਸ, ਮਨੋਹਰ ਪਬਲੀਕੇਸ਼ਨਜ਼, ਦਿੱਲੀ।
3. ਹੱਟਨ, ਜੇ.ਐਮ, 1963, ਕਾਸਟ ਇੰਨ ਇੰਡੀਆ, ਆਕਸਪੋਰਡ ਯੂਨੀਵਰਸਿਟੀ, ਪ੍ਰੇਸ, ਬੰਬੇ।

ਨੋਟ

# ਇਕਾਈ-10 : ਇਸਤਰੀਆਂ ਦੇ ਅਧਿਕਾਰ (Women's Empowerment)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
10.1 ਇਸਤਰੀਆਂ ਦੀ ਸਥਿਤੀ (Status of Women)
10.2 ਇਸਤਰੀਆਂ ਦੀ ਸਥਿਤੀ ਵਿੱਚ ਪਰਿਵਰਤਨ (Changing status of Women)
10.3 ਮਹਿਲਾ ਸੰਗਠਨ ਦਾ ਉਦੈ (Growth of Women Organizations)
10.4 ਸਵਤੰਤਰ ਕਾਲ ਵਿੱਚ ਇਸਤਰੀਆਂ (Women in the Post Independence India)
10.5 ਇਸਤਰੀਆਂ ਅਤੇ ਰੋਜ਼ਗਾਰ (Women and Employment)
10.6 ਇਸਤਰੀਆਂ ਦੇ ਅਧਿਕਾਰ (Women and Empowerment)
10.7 ਅਧਿਕਾਰ ਚੇਤਨਾ (Conciousness of Right)
10.8 ਸਾਰ ਅੰਸ਼ (Summary)
10.9 ਸ਼ਬਦਕੋਸ਼ (Keywords)
10.10 ਅਭਿਆਸ ਪ੍ਰਸ਼ਨ (Review questions)
10.11 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ-

- ਇਸਤਰੀਆਂ ਦੀ ਸਥਿਤੀ, ਸਥਿਤੀ ਵਿੱਚ ਪਰਿਵਰਤਨ ਅਤੇ ਮਹਿਲਾ ਸੰਗਠਨਾਂ ਦਾ ਉਦੈ ਕਿਸ ਪ੍ਰਕਾਰ ਹੋਇਆ, ਸਮਝਣ ਵਿੱਚ।
- ਸਵਤੰਤਰ ਕਾਲ ਵਿੱਚ ਇਸਤਰੀਆਂ ਦੀ ਸਥਿਤੀ ਨੂੰ ਜਾਣਨ ਵਿੱਚ।
- ਇਸਤਰੀਆਂ ਦੇ ਅਧਿਕਾਰ ਅਤੇ ਅਧਿਕਾਰ ਚੇਤਨਾ ਦੀ ਵਿਆਖਿਆ ਕਰਨ ਵਿੱਚ।

## ਜਾਣਕਾਰੀ (Introduction)

ਸਾਲਾਂ ਤੋਂ ਕੁੱਝ ਸਮਾਜ ਸ਼ਾਸ਼ਤਰੀ ਅਤੇ ਗੈਰ-ਸਮਾਜ ਸ਼ਾਸ਼ਤਰੀ ਸਾਡੇ ਸਮਾਜ ਵਿੱਚ ਇਸਤਰੀਆਂ ਦੀਆਂ ਸਮੱਸਿਆਵਾਂ ਦੇ ਮੁਲਾਂਕਣ ਅਤੇ ਉਨ੍ਹਾਂ ਦੀ ਸਥਿਤੀ ਵਿੱਚ ਆ ਰਹੇ ਬਦਲਾਵਾਂ ਦੇ ਅਧਿਐਨ ਵਿੱਚ ਯਤਨਸ਼ੀਲ ਰਹੇ ਹਨ। ਕੁੱਝ ਲੇਖਕਾਂ ਨੇ ਜਦ ਇਸਤਰੀਆਂ ਦੇ ਉਤਰ-ਅਧਿਕਾਰ, ਸਰਬ-ਜਨਕ ਕੰਮਾਂ ਵਿੱਚ ਉਨ੍ਹਾਂ ਦੀ ਭਾਗੀਦਾਰੀ ਅਤੇ ਵਿਆਹ ਦੇ ਕਾਨੂੰਨੀ ਅਧਿਕਾਰਾਂ ਦੇ ਸੰਦਰਭ ਵਿੱਚ ਲਿਖਿਆ ਹੈ, ਕੁੱਝ ਹੋਰ (ਲੇਖਕਾਂ) ਨੇ ਪੁਰਸ਼ਾਂ ਦੁਆਰਾ ਉਨ੍ਹਾਂ ਦੇ ਨਾਲ ਭੇਦ-ਭਾਵਪੂਰਨ ਵਿਵਸਥਾ ਅਤੇ ਬਿਰਾਜਮਾਨ ਰੀਤੀ-ਰਿਵਾਜ਼ਾਂ ਦੇ ਸੰਦਰਭ ਵਿੱਚ ਜਾਂਚ ਕੀਤੀ ਹੈ। ਵੈਧਾਨਿਕ ਦ੍ਰਿਸ਼ਟੀ ਨਾਲ ਇਸਤਰੀਆਂ ਦੀ ਸਥਿਤੀ ਨੂੰ ਉੱਚਾ ਉਠਣ ਦੇ ਲਈ ਚਾਹੇ ਕਿੰਨੇ ਵੀ ਕਦਮ ਉਠਾਏ ਗਏ ਹੋਣ, ਵਿਵਹਾਰਕ ਦ੍ਰਿਸ਼ਟੀ ਨਾਲ ਉਨ੍ਹਾਂ ਦੇ ਨਾਲ ਭੇਦ-ਭਾਵਪੂਰਨ ਰਵੀਆ ਅਤੇ ਉਨ੍ਹਾਂ ਦਾ ਤਿਰਸਕਾਰ, ਅਪਮਾਨ ਅਜੇ ਵੀ ਜ਼ਾਰੀ ਹੈ। ਹੁਣ ਵੀ ਉਨ੍ਹਾਂ ਦਾ ਮੱਤ ਜਾਨਣ ਦੇ ਲਈ ਗੰਭੀਰਤਾ ਨਹੀਂ ਦਰਸਾਈ ਜਾਂਦੀ, ਉਨ੍ਹਾਂ ਨੂੰ ਪੁਰਸ਼ਾਂ ਦੇ ਸਮਾਨ ਨਹੀਂ ਸਮਝਿਆ ਜਾਂਦਾ, ਅਤੇ ਉਨ੍ਹਾਂ ਨੂੰ ਉਚਿਤ ਸਨਮਾਨ ਨਹੀਂ ਦਿੱਤਾ ਜਾਂਦਾ। ਅਜਿਹੇ ਉਦਹਾਰਣ ਹਨ ਜਿੱਥੇ ਕਨਿਸ਼ਠ ਪਦ-ਅੀਧਕਾਰੀ ਇਸਤਰੀਆਂ ਬਰਿਸ਼ਟ ਪੁਰਸ਼ ਪਦ-ਅਧਿਕਾਰੀਆਂ ਦੁਆਰਾ ਪ੍ਰੇਸ਼ਾਨ ਦੀ ਜਾਤ ਹੈ ਅਤੇ ਬਰਿਸ਼ਟ ਅਫ਼ਸਰਾਂ ਦੁਆਰਾ ਕਨਿਸ਼ਠ ਕੰਮਕਾਜੀ ਮਹਿਲਾਂ ਲਿਪਿਕਾਂਵਾਂ, ਟਾਈਪਿਸਟਾਂ ਆਦਿ ਦੇ ਨਾਲ ਦੁਵਿਵਹਾਰ ਕੀਤਾ ਜਾਂਦਾ ਹੈ। ਅਜਿਹੇ ਪ੍ਰਕਰਨ ਵੀ ਬਰਾਬਰ ਰੂਪ ਵਿੱਚ ਮਿਲਦੇ ਹਨ, ਜਿਨ੍ਹਾਂ ਵਿੱਚ ਪੁਰਸ਼ ਆਪਣੇ ਅਧੀਨ ਕਾਰੀਅਤ ਮਹਿਲਾਵਾਂ ਦੇ ਨਾਲ ਟੈਲੀਫੋਨ ਐਕਸਚੇਂਜ਼ ਵਿੱਚ, ਦਫਤਰਾਂ ਵਿੱਚ, ਸਮਾਚਾਰ ਪੱਤਰ ਦਫਤਰਾਂ ਵਿੱਚ, ਪੰਜਤਾਰਾ ਹੋਟਲਾਂ ਵਿੱਚ, ਦੂਰਸੰਚਾਰ ਕੇਂਦਰਾਂ ਵਿੱਚ, ਵਿਸ਼ਵ-ਵਿਦਿਆਲਿਆ ਵਿੱਚ ਅਤੇ ਵਿਦਿਆਲਿਆ ਵਿਚ, ਤਕਨੀਕੀ ਸੰਸਥਾਨਾਂ ਵਿੱਚ ਆਦਿ ਸੂਚਿਕ ਪ੍ਰਸਤਾਵ ਰੱਖਦੇ ਹਨ ਅਤੇ ਕਾਮੁਕ ਰੂਪ ਵਿੱਚ ਹੈਰਾਨ ਕਰਦੇ ਹਨ।ਇਸਤਰੀ ਪੁਰਸ਼ ਦੇ ਸੰਬੰਧਾਂ ਵਿੱਚ, ਸਬਲ ਵਿਕਤੀਤਵ ਵਾਲਾ ਵਿਅਕਤੀ ਹੀ ਪ੍ਰਭਾਵਸ਼ਾਲੀ ਸਥਿਤੀ ਪ੍ਰਾਪਤ ਕਰਦੇ ਹਨ। ਸਮਾਨ ਰੂਪ ਵਿੱਚ ਪੁਰਸ਼ ਇਸਤਰੀ 'ਤੇ ਆਧਾਰਿਤ ਅਗਿਆ ਦੇਣ ਦਾ ਅਧਿਕਾਰ ਸਮਝਦਾ ਹੈ, ਜਦਕਿ ਕੁੱਝ ਮਾਮਲਿਆਂ ਵਿੱਚ ਇਸਤਰੀ ਵੀ ਪੁਰਸ਼ ਦੇ ਉਪਰ ਨਿਯੰਤਰਣ ਰੱਖਣ ਦੀ ਸਥਿਤੀ ਵਿੱਚ ਰਹਿੰਦੀ ਹੈ। ਭਾਰਤੀ ਸੰਸਕ੍ਰਿਤੀ ਵਿੱਚ ਆਰੰਭ ਤੋਂ ਹੀ ਸਮੂਹ ਦੇ ਰੂਪ ਵਿੱਚ ਇਸਤਰੀਆਂ 'ਤੇ ਪੁਰਸ਼ਾਂ ਨੇ ਹੁਕਮ ਜਮਾਇਆ ਹੈ ਅਤੇ ਸਮਾਜ ਤੇ ਪਰਿਵਾਰ ਵਿੱਚ ਉਨ੍ਹਾਂ ਦੀ ਸਥਿਤੀ ਨੀਵੀਂ ਰੱਖੀ ਹੈ। 1930 ਅਤੇ 1940 ਦੇ ਦਹਾਕੇ ਵਿੱਚ ਸਮਾਜਿਕ, ਰਾਜਨੀਤਕ ਨੇਤਾਵਾਂ ਦੀ ਸਮਾਨਤਾ ਦੇ ਲਈ ਪ੍ਰਤੀਬੱਧਤਾ ਨੇ ਭਾਰਤੀ ਮਹਿਲਾਵਾਂ

ਨੋਟ

ਦੇ ਉਦਾਰ ਸਮਤਾਵਾਦੀ ਮੁੱਲਾਂ ਦੇ ਲਈ ਕੀਤੇ ਜਏ ਰਹੇ ਅੰਦੋਲਨ ਨੂੰ ਪ੍ਰਭਾਵਿਤ ਕੀਤਾ। ਇਸਤਰੀਆਂ ਦੀ ਦਸ਼ਾ ਵਿੱਚ ਇਸ ਤਬਦੀਲੀ ਦੇ ਅੀਧਐਨ ਦੇ ਲਈ ਅਸੀਂ ਪ੍ਰਾਚੀਨ ਕਾਲ ਤੋਂ ਹੀ ਆਰੰਭ ਕਰਾਂਗੇ।

## 10.1 ਇਸਤਰੀਆਂ ਦੀ ਸਥਿਤੀ (Status of Woman)

ਪ੍ਰਾਚੀਨ ਭਾਰਤ ਵਿੱਚ ਇਸਤਰੀਆਂ ਦੀ ਸਥਿਤੀ ਦੇ ਸਬੰਧ ਵਿੱਚ ਦੋ ਵਿਚਾਰ ਮਿਲਦੇ ਹਨ। ਇਕ ਦਾ ਕਹਿਣਾ ਹੈ ਕਿ ਇਸਤਰੀਆਂ ਪੁਰਸ਼ਾਂ ਦੇ ਬਰਾਬਰ ਸਨ ਜਦਕਿ ਦੂਜੇ ਦਾ ਮੰਨਣਾ ਹੈ ਕਿ ਇਸਤਰੀਆ ਦਾ ਨਾ ਸਿਰਫ ਅਪਮਾਨ ਹੀ ਹੁੰਦਾ ਹੈ, ਬਲਿਕ ਉਨ੍ਹਾਂ ਦੇ ਪ੍ਰਤੀ ਵੀ ਕੀਤੀ ਜਾਂਦੀ ਸੀ। ਦੋਨਾਂ ਹੀ ਨੇ ਆਪਣੇ ਦੀ ਪੁਸ਼ਟੀ ਵਿੱਚ ਧਾਰਮਿਕ ਸਾਹਿਤ ਦੇ ਉਦਾਹਰਣ ਦਿੱਤੇ ਹਨ। ਆਪਸਤੰਬ ਨੇ ਨਿਰਦਿਸ਼ਟ ਕੀਤਾ ਸੀ। "ਜਦ ਇਸਤਰੀ ਰਸਤੇ ਵਿੱਚ ਜਾ ਰਹੀ ਹੋਵੇ ਤਾਂ ਸਾਰੇ ਉਸਨੂੰ ਰਸਤਾ ਦੇਣ। ਅਸੀਂ ਜਿਨ੍ਹਾਂ ਦਾ ਸਨਮਾਨ ਕਰਦੇ ਹਾਂ ਉਨ੍ਹਾਂ ਨਾਲ ਹੀ ਇਹੀ ਵਿਓਹਾਰ ਕਰਦੇ ਹਾਂ। ਇਹ ਦਰਸਾਉਂਦਾ ਹੈ ਕਿ ਇਸਤਰੀਆਂ ਨੂੰ ਉੱਚ ਦਰਜਾ ਪ੍ਰਾਪਤ ਸੀ। ਮਨੁ ਨੇ ਕਿਹਾ ਸੀ ਕਿ ਜਿਥੇ ਇਸਤਰੀਆਂ ਦੀ ਦੁਰਦਸ਼ਾ ਹੁੰਦੀ ਹੈ ਉਥੇ ਪੂਰਾ ਪਰਿਵਾਰ ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ। ਪਰ ਜਿਥੇ ਉਹ ਸੁਖੀ ਹਨ ਉਥੇ ਪਰਿਵਾਰ ਸਦਾ ਉੱਨਤੀ ਨੂੰ ਪ੍ਰਾਪਤ ਕਰਦਾ ਹੈ। ਯਾਗਿਆਵਲਕ ਨੇ ਵੀ ਕਿਹਾ ਹੈ ਕਿ ਇਸਤਰੀਆਂ ਧਰਤੀ ਤੇ ਸਾਰੇ ਦੈਵੀ ਗੁਣਾ ਦਾ ਪ੍ਰਤੀਕ ਹੈ, ਸੋਮ ਨੇ ਆਪਣੀ ਸਾਰੀ ਪਵਿੱਤਰਤਾ ਉਹਨ੍ਹਾਂ ਨੂੰ ਪ੍ਰਦਾਨ ਕੀਤੀ ਹੈ। ਗਾਂਧਰਵ ਨੇ ਮਧੁਰਬਾਣੀ ਅਤੇ ਅੱਗ ਨੇ ਉਹਨਾ ਨੂੰ ਬਹੁਤ ਜਿਆਦਾ ਆਕਰਸ਼ਕ ਬਣਾਉਣ ਲਈ ਅਪਣੀ ਸਾਰੀ ਚਮਕ ਉਨ੍ਹਾਂ ਉੱਤੇ ਨਿਓਸ਼ਾਵਰ ਕਰ ਦਿੱਤੀ ਹੈ। ਇਸਤਰੀਆਂ ਦੇ ਵਿਸ਼ੇ ਵਿੱਚ ਐਨੇ ਉੱਚ ਆਦਰਸ਼ ਰਮਾਇਨ ਅਤੇ ਮਹਾਭਾਰਤ ਵਿੱਚ ਵੀ ਥਾਂ-2 ਤੇ ਦੋਹਾਏ ਗਏ ਹਨ। ਮਹਾਭਾਰਤ ਕਾਲ ਵਿੱਚ ਇਸਤਰੀਆ ਨਾ ਸਿਰਫ ਗਰਮਖ ਜੀਵਨ ਦਾ ਕੇਂਦਰ ਸੀ ਬਲਿਕ ਸਾਰੇ ਸਮਾਜਿਕ ਸੰਗਠਨ ਦੀ ਅਧਾਰ ਬਿੰਦੂ ਸੀ। ਅਜਿਹੀਆ ਆਸ਼ਾ ਕੀਤੀ ਜਾਂਦੀ ਸੀ ਕਿ ਪੁਰਸ਼ ਆਪਣੀ ਪਤਨੀ ਦੀ ਇੱਛਾ ਅੱਗੇ ਝੁਕਦਾ ਹੋਵੇਗਾ ਅਤੇ ਉਸਦੀ ਸੇਵਾ ਪੂਜਾ ਕਰੇਗਾ।

ਇਹ ਤਸਵੀਰ ਦਾ ਇਕ ਪਾਸਾ ਹੈ। ਇਸਦਾ ਦੂਜਾ ਪਾਸਾ ਵੀ ਹੈ। ਇਸਤਰੀਆਂ ਨੂੰ ਕਮਜੋਰ ਮਨ ਵਾਲੀ ਮੰਨਕੇ ਉਨ੍ਹਾਂ ਨੂੰ ਵਿਸ਼ਵਾਸ ਦੇ ਯੋਗ ਨਹੀਂ ਸਮਝਿਆ ਜਾਂਦਾ ਸੀ। ਉਨ੍ਹਾਂ ਨੂੰ ਪੁਰਸ਼ਾਂ ਦੀ ਸ਼ਰੀਰੀਕ ਇਛਾਵਾਂ ਦੀ ਪੂਰਤੀ ਦਾ ਸਾਧਨ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਲਈ ਸੰਤਾਨ ਪ੍ਰਾਪਤੀ ਦਾ ਸਾਧਨ ਵੀ। ਮਹਾਭਾਰਤ ਵਿੱਚ ਇਕ ਸਥਲ ਤੇ ਕਿਹਾ ਗਿਆ ਹੈ। ਇਸਤਰੀਆਂ ਤੋਂ ਜਿਆਦਾ ਪਾਪਲੀ ਹੋਰ ਕੋਈ ਵਸਤੂ ਨਹੀਂ ਹੈ। ਇਸਤਰੀਆਂ ਸਾਰੀਆਂ ਬੁਰਾਈਆ ਦੀ ਜੜ੍ਹ ਹੈ। ਹੋਰ ਕੋਈ ਵੀ ਜੀਵਨਧਾਰੀ ਇਨ੍ਹਾਂ ਪਾਪੀ ਨਹੀਂ ਹੁੰਦਾ। ਜਿਨ੍ਹੀ ਇਸਤਰੀ! ਇਸਤਰੀ ਜਲਦੀ ਅੱਗ ਹੈ। ਉਹ ਮਾਇਆ ਰਚਿਤ ਇੱਕ ਭ੍ਰਮ ਹੈ। ਉਹ ਉਸਤਰੇ ਦੀ ਤਰ੍ਹਾ ਤੇਜ ਧਾਰ ਹੈ। ਰਮਾਇਨ ਵਿੱਚ ਕਿਹਾ ਗਿਆ ਹੈ ਕਿ ਇਸਤਰੀਆਂ ਦੇ ਮੂੰਹ ਪੁਰਸ਼ਾਂ ਦੀ ਤਰ੍ਹਾ ਹਨ, ਉਹਨਾਂ ਦੇ ਸ਼ਬਦ ਮਧੂ ਦੀਆਂ ਬੂੰਦਾ ਦੀ ਤਰ੍ਹਾ ਹੈ। ਪਰ ਉਹਨਾਂ ਦੇ ਮਨ ਤੇਜ ਉਸਤਰੇ ਦੀ ਤਰ੍ਹਾ ਹਨ, ਉਨ੍ਹਾਂ ਦੇ ਮਨ ਵਿੱਚ ਕੀ ਕੁਝ ਚੱਲ ਰਿਹਾ ਹੈ ਕੋਈ ਵੀ ਜਾਣ ਨਹੀ ਸਕਦਾ। ਜਿਸ ਪ੍ਰਕਾਰ ਮਨੂੰ ਇਸਤਰੀਆਂ ਨੂੰ ਦਬਦਬਾ ਦੀ ਵਸਤੂ ਮੰਨਣਾ ਚਾਹੁੰਦੇ ਸਨ ਤੇ ਜਿਸ ਪ੍ਰਕਾਰ ਯੁਧਿਸ਼ਟਰ ਦੁਆਰਾ ਨੀਚ ਕੰਮ ਵਿੱਚ ਦਰੋਪਤੀ ਨੂੰ ਦਾਵ ਤੇ ਲਗਾਇਆ ਗਿਆ ਸੀ, ਉਸ ਨਾਲ ਤਾਂ ਇਹ ਸਿੱਧ ਹੁੰਦਾ ਹੈ ਕਿ ਸੱਭਿਅਤਾ ਦੇ ਆਰੰਭਿਕ ਯੁਗਾਂ ਵਿੱਚ ਇਸਤਰੀਆਂ ਨੂੰ ਗੁਲਾਮ ਅਤੇ ਮੁੱਲਵਾਨ ਨਿਜੀ ਸੰਪੱਤੀ ਹੀ ਮੰਨਿਆ ਜਾਂਦਾ ਸੀ।

ਉਪਰੋਕਤ ਉਦਾਹਰਨਾ ਨੂੰ ਸਮਾਜ ਵਿੱਚੋ ਇਸਤਰੀਆਂ ਦੀ ਸਹੀ ਸਥਿਤੀ ਦੱਸਣ ਦੇ ਕਈ ਵਿਸ਼ਵਾਸ ਯੋਗ ਆਧਾਰ ਨਹੀ ਮੰਨਿਆ ਜਾ ਸਕਦਾ। ਵਿਭੰਨ ਕਥਨ ਨਿਖੇੜਨ ਸੰਧਰਵ ਵਿੱਚ ਕਿੱਤੇ ਗਏ ਸਨ। ਜਦੋ ਭੀਮ ਨੇ ਕਿਹਾ ਸੀ। ਭਤੀ ਨੂੰ ਚਾਹੀਂਦਾ ਹੈ ਕਿ ਉਹ ਪਤਨੀ ਨੂੰ ਸੰਪਤੀ ਦੇ ਰੂਪ ਵਿੱਚ ਸਮਝੇ। ਜ਼ਦ ਭਗਵਾਨ ਰਾਮ ਨੇ ਕਿਹਾ ਸੀ। ਮੈਂ ਆਪਣਾ ਸਾਰਾ ਰਾਜ ਉਤਰਾਧਿਕਾਰ ਇਥੋ ਤੱਕ ਕਿ ਆਪਣੀ ਪਤਨੀ ਅਤੇ ਸਾਰੇ ਮੁਬੱਲਾਂ ਨੂੰ ਭਾਰਤ ਨੂੰ ਇੱਛਾ ਨਾਲ ਪ੍ਰਦਾਨ ਕਰ ਸਕਦਾ ਹਾਂ। ਤਾਂ ਇਹ ਸਭ ਕੇਵਲ ਪ੍ਰਸੰਗ ਵਸ ਹੀ ਕਿਹਾ ਗਿਆ ਸੀ। ਇਸਤਰੀਆਂ ਦੀ ਵਾਸਤਿਕ ਸਥਿਤੀ ਦਾ ਮੁਲਾਕਣ ਉਹਨਾ ਦੇ ਆਰਥਿਕ ਸਮਾਜਿਕ, ਰਾਜਨਿਤਿਕ ਅਤੇ ਧਾਰਮਿਕ ਅਧਿਕਾਰਾ ਦੇ ਪ੍ਰਕਾਸ਼ ਵਿੱਚ ਵਿਸ਼ਲੇਸ਼ਣ ਦੁਆਰਾ ਕੀਤਾ ਜਾ ਸਕਦਾ ਹੈ।

### 10.1.1 ਵੈਦਿਕ ਅਤੇ ਉੱਤਰ ਵੈਦਿਕ ਕਾਲ ਵਿੱਚ ਇਸਤਰੀਆਂ

ਵੈਦਿਕ ਅਤੇ ਉੱਤਰ ਵੈਦਿਕ ਕਾਲ ਵਿੱਚ ਇਸਤਰੀਆਂ ਦੀ ਸਥਿਤੀ ਦਾ ਨਿਰਧਾਰਣ ਇਸ ਤੱਥ ਨਾਲ ਕੀਤਾ ਜਾ ਸਕਦਾ ਹੈ ਕਿ ਉਹਨਾਂ ਨੂੰ ਕਿੰਨੀ ਸਵਤੰਤਰਤਾ ਪ੍ਰਾਪਤ ਸੀ ਅਤੇ ਉਹਨਾਂ ਤੇ ਕਿਸ ਸੀਮਾਂਏ ਤੱਕ ਪ੍ਰਤੀਬੰਧ ਲੱਗੇ ਹੋਏ ਸਨ। ਵੈਦਿਮ ਅਤੇ ਰਮਾਇਣ-ਮਹਾਭਾਰਤ (ਮਹਾਕਵਿ) ਕਾਲ ਵਿੱਚ ਇਸਤਰੀਆਂ ਕਦੇ ਵੀ ਪਰਦਾ ਨਹੀ ਕਰਦਿਆ ਸਨ। ਉਹਨਾਂ ਨੂੰ ਆਪਣੇ ਜੀਵਨ ਸਾਥੀ ਦੇ ਵਰਣ ਵਿੱਚ ਸਵਤੰਰਤਾ ਪ੍ਰਾਪਤ ਸੀ। ਪੁਰਸ਼ਾਂ ਨੂੰ ਵੀ ਇਹ ਇਜਾਜਤ ਪ੍ਰਾਪਤ ਨਹੀ ਸੀ। ਘਰ ਵਿਚੋਂ ਉਹਨਾਂ ਨੂੰ ਪੂਰਨ ਸੁਤੰਤਰਤਾ ਪ੍ਰਾਪਤ ਸੀ ਅਤੇ ਉਹਨਾਂ ਨੂੰ ਉਧੀਰਗਿਨੀ ਮੰਨਿਆ ਜਾਂਦਾ ਸੀ।

ਗ੍ਰਹਿਸਥ ਜੀਵਨ ਵਿੱਚ ਇਸਤਰੀਆਂ ਸਭ ਤੋ ਪਿਆਰੀ ਹੁੰਦੀ ਸੀ। ਇਸ ਪ੍ਰਕਾਰ ਸਮਾਜਿਕ ਖੇਤਰ ਵਿੱਚ ਇਸਤਰੀਆਂ ਦੀ ਸਥਿਤੀ ਪੂਰਨ ਰੂਪ ਮਜਬੂਰੀ ਦੀ ਸਥਿਤੀ ਨਹੀ ਸੀ ਬਲਿਕ ਉਹਨਾ ਦੀ ਸਥਿਤੀ ਇਕ ਐਸੇ ਵਿਅਕਤੀ ਦੀ ਤਰਾ ਸੀ ਜੋ ਨਿਆ ਅਤੇ ਪ੍ਰਮਾਣਕਤਾ ਤੋ ਪ੍ਰੇਰਿਤ ਸੀ। ਆਰਥਿਕ ਖੇਤਰ ਵਿੱਚ ਵੀ ਇਸਤਰੀਆਂ ਨੂੰ ਪੂਰਨ ਸੁਤੰਤਰਤਾ ਪ੍ਰਾਪਤ ਸੀ। ਉਹ ਨਾ ਕਿਤੇ ਨੋਕਰੀ ਕਰਦੀ ਸੀ ਅਤੇ ਨਾ ਧਨ ਕਮਾਉਂਦੀ ਸੀ ਕਿਉਂਕਿ ਉਹਨਾ ਦੇ ਲਈ ਇਹ ਜਰੂਰੀ ਨਹੀ ਸੀ। ਘਰ ਉਤਪਾਦਨ ਦਾ ਕੇਂਦਰ ਸੀ, ਕਪੜੇ

ਨੋਟ

ਬਨਾਉਣ ਦਾ ਕੰਮ ਘਰ ਵਿੱਚ ਹੀ ਹੁੰਦਾ ਸੀ। ਇਸਤਰੀਆਂ ਖੇਤੀ ਕਾਰਜਾ ਵਿੱਚ ਵੀ ਆਪਣੇ ਪਤੀ ਦੀ ਸਹਾਇਤਾ ਕਰਦੀ ਸੀ। ਕੁੱਝਕ ਇਸਤਰੀਆ ਸਿਖਲਾਈ ਕਾਰਜ ਵਿੱਚ ਵੀ ਵਿਅਸਤ ਹੁੰਦੀਆ ਸਨ।

ਨੋਟਸ ਮਹਾਭਾਰਤ ਵਿੱਚ ਕਿਹਾ ਗਿਆ ਸੀ, ਨਰਮ ਬੋਲਣ ਵਾਲੀਆ ਇਸਤਰੀਆ ਮੁੱਖ ਵਿੱਚ ਆਪਣੇ ਪਤੀ ਦੀ ਮਿੱਤਰ ਹੁੰਦੀਆ ਹਨ, ਧਾਰਮਿਕ ਕੰਮਾਂ ਦੇ ਸਮੇਂ ਉਹ ਉਹਨਾ ਦੇ ਪਿਤਾ ਦੇ ਸਮਾਨ ਹੁੰਦੀਆ ਹਨ ਅਤੇ ਦੁੱਖ ਅਤੇ ਕਸ਼ਟ ਦੇ ਸਮੇਂ ਉਹ ਉਹਨਾ ਦੀ ਮਾਤਾ ਦੇ ਸਮਾਨ ਹੁੰਦੀ ਹੈ।

ਸੰਪਤੀ ਦੇ ਉੱਤਰਾਧਿਕਾਰ ਦੇ ਇਸੇ ਵਿੱਚ ਇਸਤਰੀ ਨੂੰ ਕੋਈ ਅਧਿਕਾਰ ਪ੍ਰਾਪਤ ਨਹੀ ਸਨ। ਪੁੱਤਰੀ ਦੇ ਰੂਪ ਵਿੱਚ ਇਸਤਰੀਆਂ ਦਾ ਆਪਣੇ ਪਿਤਾ ਦੀ ਸੰਪਤੀ ਵਿੱਚ ਕੋਈ ਭਾਗ ਨਹੀ ਹੁੰਦਾ ਸੀ, ਫਿਰ ਵੀ ਹਾਰਦਿਕ ਕੁਵਾਰੀ ਪੁੱਤਰੀ ਨੂੰ ਆਪਣੇ ਭਰਾਵਾਂ ਨੂੰ ਮਿਲਣ ਵਾਲੇ ਪਿਤਾ ਧਨ ਦਾ ਇੱਕ ਚੌਥਾਈ ਭਾਗ ਪ੍ਰਾਪਤ ਕਰਨ ਦਾ ਅਧਿਕਾਰ ਸੀ। ਮੌਤ ਦੇ ਬਾਅਦ ਮਾਂ ਦੀ ਸੰਪਤੀ ਪੁੱਤਰਾਂ ਅਤੇ ਅਵਿਵਾਹਿਤ ਪੁੱਤਰੀਆਂ ਵਿੱਚ ਬਰਾਬਰ ਰੂਪ ਵਿੱਚ ਵੰਡੀ ਜਾਂਦੀ ਸੀ। ਵਿਆਹਿਤ ਪੁੱਤਰੀਆਂ ਨੂੰ ਕੇਵਲ ਸਨਮਾਨ ਸਵਰੂਪ ਥੋੜਾ ਹੀ ਭਾਗ ਮਿਲਦਾ ਸੀ। ਇਸਤਰੀਆਂ ਧਨ ਦੀ ਉੱਤਰਾਧਿਕਾਰੀ ਕੇਵਲ ਅਵਿਵਾਹਿਤ ਪੁੱਤਰੀ ਹੁੰਦੀ ਸੀ। ਪਤਨੀ ਦੇ ਰੂਪ ਵਿੱਚ ਇਸਤਰੀ ਦਾ ਆਪਣੇ ਪਤੀ ਦੀ ਸੰਪਤੀ ਵਿੱਚ ਕੋਈ ਭਾਗ ਨਹੀ ਹੁੰਦਾ ਸੀ। ਪ੍ਰੰਤੂ ਛੱਡਿਆ ਹੋਇਆ ਨੂੰ ਆਪਣੇ ਪਤੀ ਦੇ ਧਨ ਦਾ ਇੱਕ ਤਿਹਾਈ ਭਾਗ ਪ੍ਰਾਪਤ ਕਰਨ ਦਾ ਅਧਿਕਾਰ ਸੀ। ਜੇਕਰ ਪਤਨੀ ਗਰੀਬ ਹੁੰਦੀ ਸੀ ਤੇ ਪਤੀ ਉਸਦੇ ਪਾਲਣ ਪੋਸ਼ਣ ਦੇ ਲਈ ਗੁਜਾਰਾ ਭੱਤਾ ਦੇਣ ਲਈ ਮਜਬੂਰ ਸੀ। ਲੇਕਿਨ ਜੇਕਰ ਸੰਪਤੀ ਦਾ ਬਟਵਾਰਾ ਪਤੀ ਦੇ ਜੀਵਨ ਕਾਲ ਵਿੱਚ ਹੀ ਹੋ ਗਿਆ ਹੁੰਦਾ ਤਾਂ ਪਤਨੀ ਦੇ ਪੁੱਤਰਾ ਦੇ ਬਰਾਬਰ ਦਾ ਭਾਗ ਮਿਲਦਾ ਸੀ। ਵਿਧਵਾ ਇਸਤਰੀ ਨੂੰ ਵੈਰਾਗੀ ਜੀਵਨ ਵਤੀਤ ਕਰਨਾ ਪੈਂਦਾ ਸੀ। ਅੰਤ ਵਿੱਚ ਉਸਨੂੰ ਅਪਣੇ ਪਤੀ ਦੀ ਸੰਪਤੀ ਤੋ ਕੋਈ ਵੀ ਭਾਗ ਦੇਣਾ ਨਹੀ ਪੈਂਦਾ ਸੀ। ਵਿਧਵਾ ਮਾਂ ਦੇ ਰੂਪ ਵਿੱਚੋ ਉਸਨੂੰ ਕੁੱਝ ਅਧਿਕਾਰ ਸਨ। ਇਸ ਤੋ ਇਹ ਸਪੱਸ਼ਟ ਹੁੰਦਾ ਹੈ ਕਿ ਜੇਕਰ ਇਸਤਰੀ ਦੇ ਨਾਲ ਸੰਪਤੀ ਵਿੱਚ ਅਧਿਕਾਰ ਦੇ ਵਿਸ਼ੇ ਵਿੱਚ ਪੱਖਪਾਤ ਪੂਰਣ ਵਿਵਹਾਰ ਕੀਤਾ ਜਾਂਦਾ ਸੀ, ਫਿਰ ਵੀ ਪਤਨੀ ਅਤੇ ਪੁੱਤਰੀ ਦੇ ਰੂਪ ਵਿੱਚ ਉਨ੍ਹਾਂ ਨੂੰ ਕੁੱਝ ਸੁਰੱਖਿਆ ਪ੍ਰਾਪਤ ਸੀ।

ਇਸਤਰੀਆਂ ਦੀ ਰਾਜਨਤਿਕ ਸਥਿਤੀ ਦੇਸ਼ ਵਿੱਚ ਰਾਜਨੈਤਿਕ ਦਸ਼ਾ ਅਤੇ ਮੌਜੂਦ ਰਾਜਨੇਤਿਕ ਪ੍ਰਣਾਲੀ 'ਤੇ ਨਿਰਭਰ ਕਰਦੀ ਹੈ। ਪ੍ਰਾਚੀਨ ਭਾਰਤ ਵਿੱਚ ਰਾਜਨਿਤਿਕ ਪ੍ਰਣਾਲੀ ਰਾਜਤੰਤਰ ਤੇ ਆਧਾਰਿਤ ਸੀ। ਇਸ ਲਈ ਵਿਧਾਨ ਸਭਾ ਰਾਜਨਿਤਿਕ ਦਲ, ਕੁਟਨੀਤਿਕ ਸਬੰਧ ਅਤੇ ਅੰਤਰ ਰਾਸ਼ਟਰੀ ਸੰਮੇਲਨ ਆਦਿ ਨਹੀ ਸਨ। ਐਸੀ ਪਰਿਸਥਿਤੀਆਂ ਵਿੱਚੋ ਇਸਤਰੀਆਂ ਨੂੰ ਸਭ ਅਧਿਕਾਰ ਜਾਂ ਚੁਣਾਵ ਲੜਨ ਦੀ ਸਵਤੰਤਰਤਾ ਦਾ ਪ੍ਰਸ਼ਨ ਹੀ ਨਹੀਂ ਉਠਦਾ ਸੀ ਇਸਤਰੀਆਂ ਨੂੰ ਸਭਾਵਾਂ ਵਿੱਚ ਪ੍ਰਵੇਸ਼ ਦੀ ਇਜਾਜਤ ਨਹੀ ਸੀ ਕਿਉਂਕਿ ਇਨ੍ਹਾਂ ਥਾਂਵਾਂ ਦਾ ਪ੍ਰਯੋਗ ਰਾਜਨਿਦਿਕ ਵਿਚਾਰ -ਵਟਾਂਦਰੇ ਦੇ ਇਲਾਵਾ ਜੂਆ ਅਤੇ ਸ਼ਰਾਬ ਆਦਿ ਦੇ ਪ੍ਰਤੀ ਵੀ ਕੀਤਾ ਜਾਂਦਾ ਸੀ। ਕੁੱਝ ਉਦਾਹਰਣ ਅਜਿਹੇ ਜਰੂਰ ਹਨ ਜਦੋਂ ਕਿ ਇਸਤਰੀਆ ਆਪਣੇ ਪਤੀ ਦੇ ਨਾਲ ਯੁੱਧ-ਭੂਮੀ ਦੇ ਵਿੱਚ ਜਾਂਦੀਆ ਸੀ ਜਿਵੇਂ ਰਮਾਇਣ ਵਿੱਚ ਕੈਕਈ ਦਾ ਯੁੱਧ ਭੂਮੀ ਵਿੱਚ ਜਾਣਾ। ਮੈਗਸਥਨੀਜ ਚੰਦਰ ਗੁੱਪ ਮੋਰੀਆ ਦੇ ਮਹਿਲ ਵਿੱਚ ...... ਮਹਿਲਾਂ ਨੇ ਅੰਗਰੱਖਕ ਦਾ ਉਦਾਹਰਣ ਦਿੱਤਾ ਹੈ। ਕੱਟਿਲਯ ਨੇ ਵੀ (ਅਰਥਸ਼ਾਸ਼ਤਰ ਵਿੱਚ ਸ਼ਸਤਰ ਮਹਿਲਾ ਅੰਗ ਰੱਖਿਅਕਾਂ ਦੀ ਗੱਲ ਕਹੀ ਹੈ ਜੋ ਤੀਰ ਕਮਾਨ ਨਾਲ ਲੈਸ ਸੈਨਿਕ ਦੇ ਰੂਪ ਵਿੱਚ ਹੁੰਦੀ ਸੀ। ਅੰਤ ਜਦ ਪੁਰਸ਼ਾਂ ਨੂੰ ਹੀ ਰਾਜਨਿਤਿਕ ਅਧਿਕਾਰ ਪ੍ਰਾਪਤ ਨਹੀ ਸਨ ਤਦ ਇਸਤਰੀਆਂ ਦੀ ਆਪਣੀ ਅਲੱਗ ਤੋ ਰਜਾਜਨੀਤਿਕ ਪਰਿਸਥਿਤੀ ਕਿਵੇਂ ਹੋ ਸਕਦੀ ਸੀ।

ਧਾਰਮਿਕ ਖੇਤਰ ਵਿੱਚੋਂ ਪਤਨੀ ਅਧਿਕਾਰਾ ਦਾ ਉਪਭੋਗ ਕਰਦੀ ਸੀ ਅੰਤ ਨਿਯਮਿਦ ਰੂਪ ਨਾਲ ਆਪਣੇ ਪਤੀ ਦੇ ਨਾਲ ......ਧਾਰਮਿਕ ਕੰਮ ਤਦ ਤੱਕ ਅਪੂਰਣ ਮੰਨਿਆ ਜਾਂਦਾ ਸੀ ਜਦ ਤੱਕ ਪਤਨੀ ਉਸ ਵਿੱਚ ਭਾਗ ਨਹੀ ਲੈਂਦੀ ਸੀ। ਵਿਗਿਆਨਕ ਧਾਰਮਿਕ ਸਿਧਾਤਾ ਅਤੇ ਰੀਤੀਆਂ ਦੇ ...... ਕਰਨ ਹੇਤੂ ਜਨਕ ਵਰਗੇ ਰਾਜਿਆਂ ਦੁਆਰਾ ਆਯੋਜਿਤ ਵਿਸ਼ਵ ਦੀ ਅਨੋਖੀ ਧਰਮੀ ਅਤੇ ਸੰਪਰਦਾਏ ਦੇ ਸੰਮੇਲਨਾ ਵਿੱਚ ਗਰਗੀ, ਬ੍ਰਹਮਵਾਦਿਨੀ, ਵਾਚਾਕਨਬੀ ਵਰਗੀਆਂ ਵਿਦੇਸ਼ੀ ਮਹਿਲਾਵਾ ਦਾ ਭਾਗ ਦੋਵਾ ਅਤੇ ਪੁਰਸ਼ਾ ਦੇ ਨਾਲ ...... ਕਰਨਾ ਇਸ ਸੱਚ ਦਾ ਹੈ ਕਿ ਪ੍ਰਾਚੀਨ ਭਾਰਬਤ ਵਿੱਚ ਇਸਤਰੀਆਂ ਦਾ ਧਾਰਮਿਕ ਖੇਤਰ ਵਿੱਚ ਉੱਚੇ ਸਥਾਨ ਸੀ ਜੈਮਿਨੀ ਦੀ ਪੂਰਣ ਮੀਮਾਸ਼ਾ ਵਿੱਚੋ ਜਿਸਦੀ ਟੀਕਾ ਸਵਰ ਸਵਾਮੀ ਨੇਇਥੀ ਹੈ ਕਿ ਪ੍ਰਾਚੀਨ ਭਾਰਬਤ ਵਿੱਚ ਇਸਤਰੀਆਂ ਦਾ ਧਾਰਮਿਕ ਖੇਤਰ ਵਿੱਚ ਉੱਚੇ ਸਥਾਨ ਸੀ ਜੈਮਿਹੈ ਕਿ ਉਚਤਮ ਧਾਰਮਿਕ ਸੰਸਕਾਰਾਂ ਵਿੱਚ ਇਸਤਰੀ ਪੁਰਸ਼ ਦੀ ਭਾਗੀਦਾਰੀ ਬਰਾਬਰ ਦੀ ਹੁੰਦੀ ਸੀ। ਹੇਮਾਂਦਰੀ ਨੇ ਸਿੱਖਿਅਤ ਕੁਵਾਰੀ ਕੰਨਿਆਵਾਂ (ਕੁਮਾਰੀ) ਨੂੰ ਹੈ ਕਿ ਪ੍ਰਾਚੀਨ ਭਾਰਬਤ ਵਿੱਚ ਇਸਤਰੀਆਂ ਦਾ ਧਾਰਮਿਕ ਖੇਤਰ ਵਿੱਚ ਉੱਚੇ ਸਥਾਨ ਸੀ ਜੈਮਿ ਕਿਹਾ ਹੈ ਅਤੇ ਦੱਸਿਆ ਹੈ ਕਿ ਐਸੀ ਕੰਨਿਆਵਾਂ ਦਾ ਵਿਆਹ ਬਰਾਬਰ ਦੇ ਸਿੱਖਿਅਤਵਰ, ਜਿਸਨੂੰ ਮਨੀਸੀ ਕਹਿੰਦੇ ਹਨ, ਨਾਲ ਹੀ ਕੀਤਾ ਜਾਣਾ ਚਾਹੀਂਦਾ। ਇਸ ਪ੍ਰਕਾਰ ਨਿੱਰਪੱਖ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਵੈਦਿਕ ਭਾਰਤ ਵਿੱਚੋ ਇਸਤਰੀਆਂ ਦੀ ਸਥਿਤੀ ਨਿਮਨ ਨਹੀ ਸੀ। ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਉਹਨਾਂ ਨੂੰ ਜਿਆਦਾ ਅਧਿਕਾਰ ਪ੍ਰਾਪਤ ਸਨ ਲੇਕਿਨ ਆਰਥਿਕ ਅਤੇ ਰਾਜਨਿਤਿਕ ਖੇਤਰਾਂ ਨਹੀ ਮੰਨਿਆ ਜਾਂਦਾ ਸੀ ਬਲਿਕ ਪੁਰਸ਼ਾ ਦੇ ਬਰਾਬਰ ਸਮਝਿਆ ਜਾਂਦਾ ਸੀ।

### 10.1.2 ਪੁਰਾਣਿਕ ਕਾਲ ਵਿੱਚ ਇਸਤਰੀਆਂ

ਪੁਰਾਣਿਕ ਕਾਲ ਵਿੱਚ ਇਸਤਰੀਆ ਦੀ ਸਥਿਤੀ ਵਿੱਚ ਕਮੀ ਆਈ। ਹਿੰਦੂ ਸਮਾਜ ਵਿੱਚ ਧਾਰਮਿਕ ਗ੍ਰੰਥਾਂ ਦਾ ਇਤਿਹਾਸਿਕ ਭ੍ਰਮ ਇਸ ਪ੍ਰਕਾਰ ਨਾਲ ਹੈ: ਵੈਦ, ਬ੍ਰਾਹਮਣ, ਉਪਨਿਸ਼ਨ, ਗ੍ਰਹਿ-ਸੂਤਰ, ਧਰਮਸ਼ਾਸ਼ਤਰ, ਸਮਰਿਤੀਆਂ, ਰਾਮਾਇਣ ਤੇ ਮਹਾਭਾਰਤ ਅੰਤ

ਨੋਟ

ਪੁਰਾਣ)। ਸਮਾਜਿਕ ਖੇਤਰਾਂ ਵਿੱਚ, ਪੂਰਵ ਗੱਭਰੂ ਵਿਆਹ ਦਾ ਪ੍ਰਚਲਣ ਆਰੰਭ ਹੋਇਆ , ਵਿਧਵਾ ਵਿਆਹ ਦਾ ਵਿਰੋਧ ਹੋਣ ਲੱਗਾ, ਪਤੀ ਨੂੰ ਇਸਤਰੀ ਲਈ ਭਗਵਾਨ ਦਾ ਸਤਰ ਦਿੱਤਾ ਜਾਣ ਲੱਗਾ, ਇਸਤਰੀਆਂ ਦੇ ਲਈ ਸਿੱਖਿਆ ਦਾ ਪੂਰਣ ਵਿਰੋਧ ਆਰੰਭ ਹੋਇਆ। ਸਤੀ ਪ੍ਰਥਾ ਦਾ ਪ੍ਰਚਲਨ ਆਇਆ ਪਰਦਾਂ ਪ੍ਰਥਾ ਆਰੰਭ ਹੋਇਆ ਸਤੀ ਪ੍ਰਥਣਾ ਦਾ ਪ੍ਰਚਲਨ ਆਇਆ। ਪਰਦਾਂ ਪ੍ਰਥਾ ਆਰੰਭ ਹੋਈ ਅਤੇ ਬਹੁਪਤਨੀ ਪ੍ਰਥਾ ਵਿਵਹਾਰ ਵਿੱਚ ਸਵੀਕਾਰ ਕੀਤੀ ਜਾਣ ਲੱਗੀ। ਇਕ ਪਤਨੀ ਅਤੇ ਗੁਲਾਮ ਸੰਪਤੀ ਦੇ ਅਧਿਕਾਰੀ ਨਹੀ ਹੁੰਦੇ, ਮਾਨਤਾ ਦੇ ਆਧਾਰ ਤੇ ਇਸਤਰੀ ਨੂੰ ਉਸਦੇ ਪਤੀ ਦੀ ਸੰਪਤੀ ਵਿੱਚ ਭਾਗ ਤੋ ਵੰਚਿਤ ਕਰ ਦਿੱਤਾ ਗਿਆ। ਧਾਰਮਿਕ ਖੇਤਰ ਵਿੱਚ ਇਸਤਰੀ ਨੂੰ ਬਲਿਦਾਨ ਭੇਦ ਕਰਨ ਤੋ ਇਲਾਵਾ ਪ੍ਰਾਥਨਾ ਤੋ, ਹੁਣ ਯੋਗ ਤੋ ਅਤੇ ਯਾਤਰਾ ਕਰਨ ਤੋ ਵੀ ਵੰਚਿਤ ਕਰ ਦਿੱਤਾ ਗਿਆ। ਪ੍ਰਭਾਤੀ ਮੁਖਰਜੀ ਨੇ ਪੁਰਾਨਿਕ ਕਾਲ ਵਿੱਚ ਇਸਤਰੀ ਦੀ ਨਿਮਨ ਸਥਿਤੀ ਦੇ ਕਾਰਨਾ ਨੂੰ ਦੱਸਦੇ ਹੋਏ ਅਲਟੇਕਰ (1938) ਦੇ ਵਿਨਟਰਨਿਜ (1920) ਮਿੱਤਰ ਅਤੇ ਚੋਧਰੀ (1956) ਕੀਤਾ ਹੈ। ਇਹ ਕਾਰਨ ਹਨ, ਸੰਪੂਰਨ ਸਮਾਜ ਤੇ ਬ੍ਰਾਹਮਣਾ ਦੁਆਰਾ ਥੋਪੇ ਗਏ ਦੇ ਕਾਰਨ, ਜਾਤੀ ਪ੍ਰਥਾ ਦੁਆਰਾ ਲਗਾਏ ਪ੍ਰਤੀਬੰਧਾ ਦੇ ਕਾਰਨ, ਸੰਯੁਕਤ ਪਰਿਵਾਰ ਦੇ ਕਾਰਨ, ਇਸਤਰੀ ਦੇ ਲਈ ਸਿੱਖਿਅ ਦੀਆਂ ਘੱਟ ਸੁਵਿਧਾਵਾਂ ਦੇ ਕਾਰਣ, ਅਗਿਅ ਪਰਿਵਾਰ ਵਿੱਚ ਗੈਰ ਆਗਿਆ ਪਤਨੀ ਦਾ ਪ੍ਰਵੇਸ਼ ਅਤੇ ਵਿਦੇਸ਼ੀ ਹਮਲਿਆ ਦੇ ਕਾਰਨ।

### 10.1.3 ਬੋਧ ਕਾਲ ਵਿੱਚ ਇਸਤਰੀਆ

ਬੋਧ ਧਰਮ ਦਾ ਉਦੇ ਹਿੰਦੂਵਦ ਤੇ ਪ੍ਰਤੀਕਿਰਿਆ ਦੇ ਫਲਸਵਰੂਪ ਹੋਇਆ। ਬ੍ਰਾਹਮਣ ਅਤੇ ਪੁਰਾਣਾ ਦੇ ਕਾਲ ਵਿੱਚ ਇਸਤਰੀਆਂ ਤੇ ਅਨੇਕ ਅਨਿਆਪੂਰਨ ਅੰਤ ਅਣਉਚਿਤ ਸਮਜਿਕ ਬੰਦਸ਼ ਥੋਪ ਦਿੱਤੇ ਗਏ ਜਿਵੇਂ ਪੂਰਨ ਯੋਨ ਵਿਆਹ ਸਿੱਖਿਆ ਦੇ ਅਧਿਕਾਰ ਤੋ ਵੰਚਿਤ ਕਰਨਾ, ਜੀਵਨ ਸਾਥੀ ਚੁਣਨ ਦਾ ਅਧਿਕਾਰ ਨਾ ਦੇਣਾ ਧਾਰਮਿਕ ਵਿਚਾਰ ਵਟਾਂਦਰੇ ਵਿੱਚੋ ਭਾਗ ਲੈਣ ਦੀ ਆਗਿਆ ਨਾਹ ਹੋਣਾ, ਆਦਿ। ਵੈਦ ਕਾਲ ਵਿੱਚ ਇਸਤਰੀਆ ਦੀ ਸਧਿਤੀ ਨੂੰ ਸਪੱਸ਼ਟ ਰੂਪ ਨਾਲ ਨੀਵਾਂ ਸਥਾਨ ਪ੍ਰਾਪਤ ਹੋਇਆ। ਉਹਨਾਂ ਦਾ ਆਪਣਾ ਸੰਘ ਬਣਿਆ ਜਿਸਨੂੰ ਭਿਕਸ਼ੁਣੀ ਸੰਘ ਕਿਹਾ ਗਿਆ। ਇਸ ਸੰਘ ਨੂੰ ਵੀ ਉਹੀ ਨਿਯਮ ਨਿਰਦੇਸ਼ ਸਨ ਜੋ ਭਿਕਸ਼ੂਆ ਨੂੰ ਸਨ। ਸੰਘ ਨੇ ਇਸਤਰੀਆ ਨੂੰ ਸੰਭਿਆਚਾਰਕ ਪ੍ਰਗੋਰਮਾਂ, ਸਮਾਜ ਸੇਵਾ ਅੰਤ ਸਰਵਜਨਿਕ ਖੇਤਰ ਵਿੱਚ ਉਹਨਾਂ ਨੂੰ ਸਨਮਾਨਿਤ ਸਥਾਨ ਪ੍ਰਾਪਤ ਹੋਇਆ, ਜਦਕਿ ਉਹਨਾ ਦੀ ਆਰਥਿਕ ਅਤੇ ਰਾਜਨਿਤਿਕ ਸਥਿਤੀ ਵਿੱਚ ਕੋਈ ਪਰਿਵਰਤਨ ਨਹੀ ਹੋਇਆ।

### 10.1.4 ਮੱਧ ਕਾਲ ਵਿੱਓ ਇਸਤਰੀਆ

ਭਾਰਤ ਦੇ ਮੁਸਲਮਾਨਾ ਦਾ ਪਹਿਲਾ ਹਮਲਾ 8ਵੀਂ ਸ਼ਤਾਬਦੀ ਵਿੱਚ ਹੋਇਆ। ਜਿਸ ਕਾਲ ਵਿੱਚ ਸ਼ੰਕਰਾਚਾਰਿਆ ਜਿਉਂਦੇ ਸਨ। ਸ਼ੰਕਰਾਚਾਰਿਆ ਦੀ ਅਗਵਾਈ ਵਿੱਚ ਹਿੰਦੂ ਸਮਾਜ ਵਧਦੇ ਹੋਏ ਧਰਮ ਦਾ ਸਾਹਮਣਾ ਕਰਨ ਦੀਆਂ ਵਿਧੀਆ ਖੋਜਣ ਵਿੱਚ ਵਿਅਸਤ ਸੀ। ਸ਼ੰਕਰਾਚਾਰਿਆ ਨੇ ਬੁੱਧ ਧਰਮ ਦੇ ਵਧਦੇ ਪ੍ਰਭਾਵ ਨੂੰ ਘੱਟ ਕਰਨ ਦੇ ਉਪਦੇਸ਼ ਨਾਲ ਵੈਦਾ ਦੇ ਅੱਗੇ ਨਿਕਲ ਜਾਣ ਬਲ ਦਿੱਤਾ ਅਤੇ ਵੈਦਾ ਵਿੱਚ ਇਸਤਰੀਆਂ ਨੂੰ ਸਮਾਨਤਾ ਦਾ ਅਧਿਕਾਰ ਪ੍ਰਾਪਤ ਸੀ। 11ਵੀਂ ਸ਼ਦੀ ਦੇ ਮੱਧ ਤੱਕ ਜਦ ਬ੍ਰਿਟਿਸ਼ ਸਮਾਰਾਜ ਦੀ ਸਥਾਪਣਾ ਹੋਈ ਅਤੇ ਲਗਭੱਗ 700 ਸਾਲਾਂ ਤੱਕ, ਸਮਾਜਿਕ ਸੰਸਥਾਵਾਂ ਦਾ ਵੀਖੰਡ ਪਾਰੰਪਰਾਗਤ ਰਾਜਨੈਤਿਕ ਸੰਰਚਨਾ ਵਿੱਚ ਉਥਲ-ਪੁੱਥਲ, ਵੱਡੀ ਸੰਖਿਆ ਵਿੱਚ ਲੋਕਾਂ ਦਾ ਪਰਵਾਸ ਅੰਤ ਦੇਸ਼ ਵਿੱਚ ਆਰਥਿਕ ਮੰਦੀ ਆਦਿ ਦੇਸ਼ ਵਿੱਚੋ ਸਮਾਜਿਕ ਜੀਵਨ ਵਿੱਚ, ਵਿਸ਼ੇਸ਼ ਰੂਪ ਨਾਲ ਦੇ ਪਤਨ ਵਿੱਚ ਯੋਗਦਾਨ ਦਿੱਤਾ। ਪਰਦਾ ਪ੍ਰਥਾ ਇਸ ਸੀਮਾ ਤੱਕ ਵੱਧ ਗਈ ਕਿ ਇਸਤਰੀਆ ਦੇ ਲਈ ਕਠੋਰ ਏਕਾਂਤ ਤੱਕ ਨਿਯਮ ਹੀ ਬਣ ਗਿਆ। ਸਿੱਖਿਆ ਦੀ ਸੁਵਿਧਾ ਪੂਰਨਰੂਪ ਸਮਾਪਤ ਹੋ ਗਈ। ਜਦਕਿ 15ਵੀਂ ਸ਼ਤਾਬਦੀ ਵਿੱਚ ਸਥਿਤੀ ਵਿੱਚ ਕੁੱਝ ਪਰਿਵਰਤਨ ਆਇਆ ਇਸ ਸਮੇਂ ਵਿੱਚੋਂ ਗੁਮਾਨੁਜਾ ਚਾਰੀਆਂ ਨੇ ਪਹਿਲੇ ਭਾਰਤੀ ਅੰਦੋਲਨ ਦਾ ਆਯੋਜਨ ਕੀਤਾ ਜਿਸ ਵਿੱਚ ਭਾਰਤ ਦੀਆਂ ਇਸਤਰੀਆਂ ਨੂੰ ਧਾਰਮਿਕ ਅਤੇ ਸਮਾਜਿਕ ਜੀਵਨ ਵਿੱਚ ਨਵੀਨ ਪ੍ਰਵਿਰਤੀਆ ਦਾ ਆਰੰਭ ਕੀਤਾ। ਚੈਤਨਯ, ਨਾਨਕ, ਮੀਰਾ, ਕਬੀਰ, ਰਾਮਦਾਸ, ਤੁਲਸੀ ਅਤੇ ਤੁਕਾਰਾਮ ਵਰਗੇ ਸੰਤਾ ਨੇ ਇਸਤਰੀਆਂ ਦੇ ਲਈ ਧਾਰਮਿਕ ਪੂਜਾ। ਅਰਚਨਾ ਦਾ ਪੱਖ ਪੇਸ਼ ਕੀਤਾ। ਜਦਕਿ ਉਹਨਾ ਦੀ (ਭਗਤਾ ਨੂੰ) ਇਸਤਰੀਆਂ ਦੇ ਪ੍ਰਤੀ ਧਾਰਨਾ ਉਹਨਾ ਦੇ ਸਮੇਂ ਵਿੱਚ ਪ੍ਰਚਲਿਤ ਦ੍ਰਿਸ਼ਟੀਕੋਣ ਤੋ ਮੁਕਤ ਨਹੀ ਸੀ। ਫਿਰ ਵੀ ਇਸ ਅੰਦੋਲਨ ਨੇ ਇਸਤਰੀਆ ਦੀ ਧਾਰਮਿਕ ਸਵਤੰਤਰਤਾ ਦਾ ਮਾਰਗ ਦਰਸ਼ਨ ਕੀਤਾ। ਪਰਦਾਂ ਪ੍ਰਥਾ ਸਮਾਪਤ ਕਰ ਦਿੱਤੀ ਗਈ, ਕਥਾ ਅਤੇ ਭਜਨ ਕੀਰਤਨ ਵਿੱਚ ਜਾਣ ਨਾਲ ਇਸਤਰੀਆਂ ਘਰੇਲੂ ਕੰਮ ਕਾਜ ਤੋ ਕਾਫੀ ਮੁਕਤ ਹੋ ਗਈਆ। ਭਗਤੀ ਅੰਦੋਲਨ ਵਿੱਚ ਗ੍ਰਹਿਸਥ ਮਿਹਨਤ ਤੇ ਬਲ ਦਿੱਤਾ ਗਿਆ, ਪ੍ਰੰਤੂ ਸੰਤਾ ਨੂੰ ਆਪਣੀ ਪਤਨੀ ਦੀ ਇਛਾ ਦੇ ਬਿਨਾ ਮੰਨਿਆ ਨੈਵ ਦੀ ਅਨੁਮਤੀ ਨਹੀ ਦਿੱਤੀ ਗਈ। ਇਸ ਵਿੱਚ ਇਸਤਰੀਆਂ ਦੇ ਅਧਿਕਾਰ ਸ਼ਾਮਲ ਸਨ। ਉਸ ਅੰਦੋਲਨ ਦੇ ਦੂਸਰੇ ਪ੍ਰਭਾਵ ਵੀ ਹੋਏ। ਮਨੂ ਨੇ ਸਮੇਂ ਤੋ ਹੀ ਇਸਤਰੀਆ ਨੂੰ ਸਿਖਿਆ ਤੋ ਰੋਕ ਦਿੰਤਾ ਗਿਆ ਸੀ। ਸੰਤਾ ਨੇ ਇਸਤਰੀਆ ਨੂੰ ਧਾਰਮਿਕ ਪੁਸਤਕਾ ਦੇ ਅਧਿਐਨ ਅਤੇ ਖੁਦ ਨੂੰ ਸਿਖਿਅਤ ਬਨਾਉਣ ਦੇ ਲਈ ਪ੍ਰਰਿਤ ਕੀਤਾ। ਇਸ ਪ੍ਰਕਾਰ ਭਗਤੀ ਅੰਦੋਲਨ ਨੇ ਇਸਤਰੀਆ ਵਿੱਚ ਨਵੇਂ ਪ੍ਰਣਾ ਦਾ ਸੰਚਾਰ ਕੀਤਾ। ਲੇਕਿਨ ਇਸ ਅੰਦੋਲਨ ਨੇ ਆਰਥਿਕ ਸੰਕਚਨਾ ਵਿੱਚ ਕੋਈ ਪਰਿਵਰਤਨ ਨਹੀ ਕੀਤਾ। ਅੰਤ ਇਸਤਰੀਆ ਦੀ ਨਿਮਨ ਸਥਿਤੀ ਬਣੀ ਰਹੀ। ਬਾਅਦ ਵਿੱਚ ਬ੍ਰਿਟਿਸ਼ ਸਾਸ਼ਨ ਦੇ ਪ੍ਰਭਾਵ ਦੇ ਕਾਰਨ ਉਹਨਾ ਦੀ ਸਹਿਮਤੀ ਵਿੱਚ ਸੁਧਾਰ ਹੋਇਆ।

## 10.2 ਇਸਤਰੀਆਂ ਦੀ ਸਥਿਤੀ ਵਿੱਚ ਪਰਿਵਰਤਨ (Changing status of Women)

18ਵੀਂ – 19ਵੀਂ ਅਤੇ ਮੱਧ 20ਵੀਂ ਸ਼ਤਾਬਦੀ ਤੱਕ ਅੰਗਰੇਜ ਭਾਰਤ ਦੇ ਸ਼ਾਸ਼ਨ ਬਣੇ ਰਹੇ। ਬ੍ਰਿਟਿਸ਼ ਸ਼ਾਸ਼ਨ ਦੀ ਅਵਧੀ ਵਿੱਚ ਸਾਡੇ ਸਮਾਜ ਦੀ ਸਮਾਜਿਕ ਅਤੇ ਆਰਥਿਕ ਸੰਗਨਾਵਾ ਵਿੱਚੋ ਅਟੇਕ ਪਰਿਵਰਤਨ ਕੀਤੇ ਗਏ ਜਦਕਿ ਬ੍ਰਿਟਿਸ਼ ਸ਼ਾਸ਼ਨ 200 ਸਾਲਾਂ ਦੀ ਅਵਧੀ ਵਿੱਚੋ ਇਸਤਰੀਆ ਦੇ ਜੀਵਨ ਵਿੱਚ ਅਣ ਦੇਖਿਆ ਸੁਧਾਰ ਤਾਂ ਹੋਇਆ। ਫਿਰ ਵੀ ਸਿੱਖਿਆ, ਰੋਜਗਾਰ ਸਮਾਜਿਕ

ਨੋਟ

ਅਧਿਕਾਰਾਂ ਆਦਿ ਨੂੰ ਲੈ ਕੇ ਇਸਤਰੀ ਪੁਰਸ਼ਾਂ ਦੇ ਵਿੱਚ ਅਸਮਾਨਤਾਵਾਂ ਦੀ ਕਮੀ ਆਈ। ਇੱਥੇ ਅਸੀਂ ਪਰਿਵਰਤਨ ਦੇ ਉਨਾਂ ਪਹਿਲੂਆ ਦੀ ਵਿਆਖਿਆ ਕਰਾਂਗੇ ਜਿਨ੍ਹਾਂ ਨੇ ਮਹਿਲਾਵਾਂ ਦੀ ਸਥਿਤੀ ਨੂੰ ਪ੍ਰਭਾਵਿਤ ਕੀਤਾ। 6 ਮਹੱਤਵਪੂਰਨ ਪੱਖ ਜ਼ਿਨ੍ਹਾਂ ਨੇ ਮਹਿਲਾ ਦੀ ਸਥਿਤੀ ਵਿੱਚੋ ਪਰਿਵਰਤਨ ਕੀਤਾ ਇਸ ਪ੍ਰਕਾਰ ਹਨ (1) ਉਦਯੋਗੀਕਰਣ (2) ਸਿੱਖਿਆ ਦਾ ਵਿਸਤਾਰ (3) ਜਾਤੀ ਪ੍ਰਥਾਵਾਂ ਕਮਜੋਰ ਹੋਣਾ (4) ਕੁੱਝ ਬੁੱਧ ਨੇਤਾਵਾਂ ਦੁਆਰਾ ਚਲਾਏ ਗਏ ਸਮਾਜਿਕ ਅੰਦੋਲਨ (5) ਇਸਤਰੀਆ ਦੇ ਸੰਗਠਨਾ ਦਾ ਵਿਕਾਸ ਅੰਤ (6) ਸਮਾਜਿਕ ਵਿਧਾਨਾਂ ਦਾ ਦਾਬ ਕੀਤਾ ਜਾਣਾ।

ਬ੍ਰਿਟਿਸ਼ ਕਾਲ ਦੇ ਆਰਥਿਕ ਪਰਿਵਰਤਨ ਬੜੇ ਨਿਰਨਾਅਕ ਸਨ। ਮਸ਼ੀਨ ਦੀ ਉਦਯੋਗ ਦੇ ਵਿਕਾਸ ਅਤੇ ਹੱਥ ਮਿਲਾਪ ਦਾ ਵਿਨਾਸ਼ ਦੋਨਾ ਨੇ ਹੀ ਇਸਤਰੀ ਅਤੇ ਪੁਰਸ਼ਾ ਦੀ ਅਜੀਵਿਕਾ ਤੇ ਗੰਭੀਰ ਜਖਮ ਕੀਤਾ। ਅੰਗਰੇਜਾ ਦੁਆਰਾ ਵਿਕਸਿਤ ਕੀਤੀ ਗਈ ਆਰਥਿਕ ਰਚਨਾ ਦੇਸ਼-ਭਗਤ ਜਾ ਜਨਹਿੱਤ ਦੇ ਲਈ ਹੀ ਕੀਤੀ ਗਈ ਸੀ। ਅਸਲ ਵਿੱਚ ਸ਼ਾਸ਼ਕ ਵਰਗ ਦੇ ਹਿੱਤਾਂ ਵੀ ਰੱਖਿਆ ਦੇ ਲਈ ਹੀ ਦੇਸ਼ ਦੇ ਸਾਧਨਾ ਦਾ ਸ਼ੋਸ਼ਣ ਕੀਤਾ ਗਿਆ ਸੀ। ਲੇਕਿਨ ਉਦਯੋਗੀਕਰਣ ਨੇ ਅਨੇਕ ਪਰਿਵਰਤਨਾ ਦੇ ਲਈ ਮਾਰਗ ਖੋਲਿਆ। ਜਿਵੇਂ ਲੋਕਾਂ ਦੀ ਗਤੀਮਿਕਤਾ ਸੰਚਾਰ ਅਤੇ ਆਵਗਮਨ ਦੇ ਸਾਧਨਾ ਦਾ ਵਿਕਾਸ, ਜਜਮਾਨੀ ਪ੍ਰਥਾ ਕਮਜੋਰ ਹੋਣਾ ਰੋਜਗਾਰ ਦੇ ਨਵੇਂ ਮੋਕਿਆ ਦੀ ਉਪਨੰਬਤਰ, ਆਦਿ। ਇਨ੍ਹਾਂ ਸਭ ਨਾਲ ਨਵੇਂ ਮੁੱਲਾ ਨਵੇਂ ਵਿਵਹਾਰ ਦੇ ਮਰੀਕੀਆ ਦਾ ਉਦੋ ਹੋਇਆ।

### 10.2.1 ਸਿਖਿਆ ਦਾ ਵਿਸਥਾਰ

ਇਸਤਰੀਆ ਨੂੰ ਸਿੱਖਿਆ ਦੇਣ ਦਾ ਵਿਚਾਰ ਬ੍ਰਿਟਿਸ਼ ਕਾਲ ਵਿੱਚ ਉਦੋ ਹੋਇਆ। ਇਸ ਨਾਲ ਪੂਰਵ ਇਹ ਇਕ ਸਰਵ-ਵਿਆਪੀ ਮਾਨਤਾ ਸੀ ਕਿ ਇਸਤਰੀਆ ਨੂੰ ਸਿੱਆਦੀ ਕੋਈ ਜਰੂਰਤ ਨਹੀ ਹੈ ਕਿਉਂ ਕਿ ਉਹਨਾ ਨੇ ਆਜੀਵਿਕਾ ਦੀ ਪ੍ਰਾਪਤੀ ਨਹੀ ਕਰਨੀ ਸੀ।ਭਗਤੀ ਅੰਦੋਲਨ ਦੇ ਬਾਅਦ ਇਸਾਈ ਮਿਸ਼ਨਰੀਆ ਨੇ ਇਸਤਰੀਆ ਦੀ ਸਿੱਖਿਆ ਵਿੱਚ ਰੁਚੀ ਲੈਣ ਆਰੰਭ ਕੀਤਾ। 1824 ਵਿੱਚ ਸਭ ਤੋ ਪਹਿਲੀ ਵਾਰ ਲੜਕੀਆਂ ਦਾ ਸਕੂਲ ਬੰਬਈ ਵਿੱਚ ਆਰੰਭ ਹੋਇਆ। ਲਾਰਡ ਡਲਹੋਜੀ ਨੇ ਵੀ ਘ੍ਰੋਸ਼ਣਾ ਕੀਤੀ ਕਿ ਪਰਿਵਾਰ ਦੇ ਬੱਚੇ ਨੂੰ ਸਿੱਖਿਆ ਦੇਣ ਦੀ ਬਜਾਏ ਹੋਰ ਕੋਈ ਵੀ ਪਰਿਵਰਤਨ ਭਾਰਤ ਦੇ ਲੋਕਾਂ ਦੇ ਜੀਵਨ ਦੇ ਲਈ ਲਾਭਕਾਰੀ ਅਤੇ ਬੰਬਈ ਵਿਸ਼ਵਿਦਾਲਿਆ ਦੇ ਲੜਕੀਆ ਦੀ ਪ੍ਰਵੇਸ਼ ਦੀ ਆਗਿਆ ਨਹੀ ਦਿੱਤੀ ਸੀ। ਕੇਵਲ 1882 ਦੇ ਬਾਅਦ ਹੀ ਲੜਕੀਆ ਦਾ ਉੱਚ ਸਿਖਿਆ ਪ੍ਰਾਪਤ ਕਰਨ ਦੀ ਆਗਿਆ ਪ੍ਰਦਾਨ ਕੀਤੀ ਗਈ। ਉਦੋ ਤੋ ਇਸਤਰੀਆ ਦੀ ਸਿੱਖਿਆ ਦੇ ਖੇਤਰ ਵਿੱਚ ਨਿਰੰਤਰ ਪ੍ਰਗਤੀ ਹੁੰਦੀ ਰਹੀ ਹੈ। ਭਾਰਤ ਵਿੱਚ ਇਸਤਰੀਆ ਦੀ ਸਾਖਰਤਾ ਪ੍ਰਤੀਸ਼ਤ ਵਿੱਚ ਵਾਧਾ ਇਸ ਪ੍ਰਕਾਰ ਰਹੀ ਹੈ। 1901 ਵਿੱਚ 0.6% ਤੋਂ 1931 ਵਿੱਚ 2.93%, 1941 ਵਿੱਚ 7.30%, 1961 ਵਿੱਚ 12.95%, 1971 ਵਿੱਚ 18.69%, 1981 ਵਿੱਚ 24.88% ਅਤੇ 1991 ਵਿੱਚ 39.42% (Handbook of Social Welfare Statistics, Ministry of Social Welfare, Government of India, 1981, 1985; and Census of India, 1991) ਮਹਿਲਾਵਾਂ ਦੀ ਸਿੱਖਿਆ ਸ਼ਹਿਰੀ ਮਹਿਲਾਵਾਂ ਦੀ ਤੁਲਨਾ ਵਿੱਚ ਬਹੁਤ ਘੱਟ ਹੈ। 1981 ਵਿੱਚ ਗ੍ਰਾਮੀਣ ਖੇਤਰਾਂ ਵਿੱਚ 17.99% ਸਿਖਿਅਤ 47.65 %ਸੀ। 1979 -80 ਵਿੱਚ ਪ੍ਰਾਈਮਰੀ ਸਤਰ ਤੇ 'ਪਹਿਲੀ ਤੋ ਪੰਜਵੀਂ ਕਲਾਸ) ਪੜ੍ਹਨ ਵਾਲੇ 789 ਲੱਖ ਵਿਦਿਆਰਥੀ ਵਿੱਚੋ 38.95% ਲੜਕੀਆ ਸੀ। ਮਿਡਲ ਸਤਰ ਤੇ (ਛੇਵੀਂ ਤੋ ਅੱਠਵੀਂ ਕਲਾਸ) 187 ਲੱਖ ਵਿਦਿਆਰਥੀਆਂ ਵਿੱਚ 32.90% ਲੜਕੀਆ ਸਨ, ਹਾਈ ਸਕੂਲ (ਨੌਵੀਂ ਅਤੇ ਦਸਵੀਂ ਕਲਾਸ) ਵਿੱਚ ਪੜ੍ਹਨ ਵਾਲੇ 75 ਲੱਖ ਵਿਦਿਆਰਥੀਆ ਵਿੱਚੋ 29.24 % ਲੜਕੀਆ ਸਨ ਅਤੇ ਕਲਾਸ 11 ਅਤੇ 12 ਵਿਚੋ ਵਿਤਿਆਰਥੀਆ ਦੀ 10 ਲੱਖ ਸੰਖਿਆ ਵਿਚਸ 32.25% ਲੜਕੀਆ ਸਨ। ਇਹ ਹੈ ਕਿ ਸਕੂਲ ਸਤਰ ਤੇ ਵਿਦਿਆਰਥੀ ਅਤੇ ਵਿਦਿਆਰਥਣਾ ਦਾ ਅਨੁਪਾਤ 3:1 ਹੈ। ਉੱਓ ਸਿਖਿਆ ਅਤੇ ਵਪਾਰਿਕ ਸਿੱਖਿਆ (ਡਾਕਟਰ ਇੰਜੀਨੀਅਰ, ਵਕੀਲ, ਅਧਿਆਪਕਾ) ਪ੍ਰਾਜਪਤ ਕਰਨ ਵਾਲੀਆ ਲੜਕੀਆ ਦਾ ਪ੍ਰਤੀਸ਼ਤ ਉਮੀਦ ਤੋਂ ਘੱਟ ਹੈ।

ਸਕੂਲ ਵਿੱਚੋ ਅਧਿਐਨ ਅਨੁਸਾਰ ਹਰ ਇੱਕ 100 ਲੜਕੀਆ ਵਿੱਚੋ 62 ਪ੍ਰਾਈਮਰੀ ਸਤਰ ਤੇ 26 ਮਿਡਲ ਸਤਰ ਤੇ ਅਤੇ 12 ਹਾਈ ਸਕੂਲ ਸਤਰ ਤੇ ਅਧਿਐਨ ਅਨੁਸਾਰ ਹੈ। ਅੰਤ ਇਹ ਕਿਹਾ ਜਾ ਸਕਦਾ ਹੈ ਕਿ ਜੇਕਰ ਇਨ੍ਹਾਂ ਵਿਵਿਧ ਸਤਰਾਂ ਤੇ ਅਧਿਐਨ ਅਨੁਸਾਰ ਲੜਕੀਆ ਦੀ ਸੰਖਿਆ ਘੱਟ ਹੈ, ਫਿਰ ਵੀ ਇਹ ਸਪੱਸ਼ਟ ਹੈ ਕਿ 1941 ਦੇ ਬਾਅਦ ਤੋ ਲੜਕੀਆ ਦੀ ਸੰਖਿਆ ਵਿੱਚੋ ਹਰ ਇਕ ਸਤਰ ਤੇ ਹੀ ਅਸਧਾਰਨ ਵਾਧਾ ਹੋਇਆ ਹੈ।

### 10.2.3 ਕੁੱਝ ਬੁੱਧ ਨੇਤਾਵਾਂ ਦੁਆਰਾ ਚਲਾਏ ਗਏ ਸਮਾਜਿਕ ਅੰਦੋਲਨ

19ਵੀਂ ਸ਼ਤਾਬਦੀ ਤੇ ਅੰਤ ਵਿੱਚ ਭਾਰਤ ਵਿਦਿਆਰਥੀਆ ਦੇ ਅਨੇਕ ਨੂੰ ਭੋਗਣਾ ਪਿਆ, ਜਿਵੇਂ ਬਾਲ ਵਿਆਹ, ਬਹੁਪਤਨੀ ਵਿਆਹ, ਵਿਆਹ ਦੇ ਉਦੇਸ਼ ਨਾਲ ਲੜਕੀਆ ਦੀ ਵਿਕਰੀ, ਵਿਧਵਾਵਾ ਤੇ ਕਠੋਰ ਪ੍ਰਤਿਬੰਧ, ਸਿੱਖਿਆ ਪ੍ਰਾਪਤ ਕਰਨ ਤੇ ਪ੍ਰਤੀਬੰਧ, ਅੰਤ ਗ੍ਰਿਹਸਥ ਕਾਰਜ ਅਤੇ ਬੱਚੇ ਦੇ ਪਾਲਣ ਪੋਸ਼ਣ ਤੱਕ ਹੀ ਆਪਣੇ ਆਪ ਨੂੰ ਸੀਮਤ ਰੱਖਣਾ ਆਦਿ। ਨਿਆਂਮੂਰਤੀ ਗਨਾਡੇ ਦੁਆਰਾ ਆਯੋਜਿਤ ਭਾਰਤੀ ਰਾਸ਼ਟਰੀ ਸਭਾ 1885 ਨੇ ਉਪਰੋਕਤ ਦੀ ਨਿੰਦਾ ਕੀਤੀ। ਰਾਜਾ ਰਾਮ ਮੋਹਨ ਸਭਾ ਜਿਨ੍ਹਾਂ ਨੇ ਸਤੀ ਪ੍ਰਥਾ ਖ਼ਾਤਮੇ ਦੇ ਲਈ ਮਹੱਤਵਪੂਰਨ ਕੰਮ ਕੀਤਾ, ਬਾਲਵਿਆਹ ਅਤੇ ਪਰਦਾ ਪ੍ਰਥਾ ਦੇ ਵਿਰੋਧ ਆਵਾਜ ਉਠਾਈ ਅਤੇ ਹਿਸਤਰੀਆ ਦੇ ਉੱਤਰਾਧਿਕਾਰ ਦੇ ਲਈ ਵੀ ਸੰਘਰਸ਼ ਕੀਤਾ। ਇਸ਼ਵਰਚੰਦਰ ਸਾਗਰ ਨੇ ਵਿਧਵਾਵਾ ਦੇ ਪੁਨਰਵਿਵਾਹ ਦੇ ਲਈ ਅੰਦੋਲਨ ਚਲਾਇਆ ਅਤੇ ਇਸਤਰੀਆ ਦੀ ਸਿੱਖਿਆ ਲਈ ਵੀ ਵਕਾਲਤ ਕੀਤੀ। ਮਹਾਂ ਰਿਸ਼ੀ ਕਰਵੇ ਨੇ ਵੀ ਵਿਧਵਾ ਵਿਆਹ ਅਤੇ ਇਸਤਰੀਆ ਦੀ ਸਿੱਖਿਆ ਦੀ ਸਮੱਸਿਆ ਨੂੰ ਉਠਾਇਆ ਉਹਨਾ ਨੇ 1916 ਵਿੱਚ ਐਸ.ਐਨ.ਡੀ.ਟੀ. ਵਿਸ਼ਵਵਿਦਾਲਿਆ ਮਹਾਰਾਸ਼ਟਰਾ ਵਿੱਚ ਸਥਾਪਿਤ ਕੀਤਾ। ਬੜੋਦਾ ਰਾਜ ਦੇ ਸ਼ਾਸ਼ਨ, ਮਹਾਰਾਜਾ ਮਾਇਆ ਜੀ ਰਾਣ ਗਾਇਕਬੜ ਨੇ ਵੀ ਬਾਲ ਵਿਆਹ ਅਤੇ ਬਹੁਪਤਨੀ ਵਿਆਹ ਰੋਕਨ, ਇਸਤਰੀਆ ਨੂੰ ਸਿੱਖਆ ਦਾ ਅਧਿਕਾਰ ਦਿਵਾਉਣ ਅਤੇ ਵਿਧਵਾਵਾ ਨੂੰ ਪੁਨਰਵਿਵਾਹ ਦਾ

ਅਧਿਕਾਰ ਦਿਵਾਉਣ ਦੇ ਲਈ ਅਨਕੈਕ ਕੋਸ਼ਿਸ਼ਾ ਕੀਤੀਆ। ਸਵਾਮੀ ਵਿਵੇਕਾਨੰਦ ਅਤੇ ਮਹਾਮਾ ਗਾਂਧੀ ਨੇ ਵੀ ਇਸਤਰੀਆ ਨੂੰ ਰਾਜਨੀਤਿਕ ਅਤੇ ਸਮਾਜਿਕ ਅਧਿਕਾਰਾ ਦੇ ਪ੍ਰਤੀ ਰੂਚੀ ਦਿਖਾਈ। ਗਾਂਧੀ ਜੀ ਦਾ ਮਤ ਸੀ ਕਿ ਇਸਤਰੀਆ ਨੂੰ ਕਾਰਜ ਕਰਨ ਵਿੱਚ ਉਹ ਕਸ਼ਟ ਨਹੀ ਭੱਗਣੇ ਚਾਹੀਂਦੇ ਜੋ ਪੁਰਸ਼ ਨਾ ਭੋਗ ਸਕਦੇ ਹੋਣ। ਉਹ ਪੁੱਤਰ ਅਤੇ ਪੁੱਤਰੀਆਂ ਨੂੰ ਇਕ ਵਾਰ ਬਰਾਬਰ ਮੰਨਣ ਦੇ ਅਨੁਕੂਲ ਸਨ। ਨੇਤਾਵਾਂ ਦੇ ਸਮਾਜਿਕ ਅੰਦੋਲਨ ਨੂੰ ਚਲਾਉਣ ਦਾ ਇੱਕ ਲਾਭ ਇਹ ਹੋਇਆ ਕਿ ਇਸਤਰੀਆਂ ਦੇ ਬਰਾਬਰ ਅਧਿਕਾਰਾਂ ਅਤੇ ਮੁਕਤੀ ਦੇ ਲਈ ਸਮਾਜਿਕ ਚੇਤਨਾ ਜਗਾਵੁਣ ਵਿੱਚ ਸਫਲਤਾ ਪ੍ਰਾਪਤ ਹੋਈ।

## ਸਵੈ-ਮੁਲਾਕਣ (Self Assessment)

1. ਸਹੀ ਵਿਕਲਪ ਚੁਣੋ

1 ਇਸਤਰੀਆ ਦੀ ਵਾਸਤਵਿਕ ਸਥਿਤੀ ਦਾ ਮੁਲਾਕਣ ਕੀਤਾ ਜਾਂਦਾ ਹੈ।
(1)ਆਰਥਿਕ ਅਧਿਕਾਰਾਂ ਦੀ ਵਿਸ਼ਲੇਸ਼ਣ ਦੁਆਰਾ
(2)ਰਾਜਨਿਤਿਕ ਅਧਿਕਾਰਾ ਦੇ ਵਿਸ਼ਲੇਸ਼ਣ ਦੁਆਰਾ
(3)ਧਾਰਮਿਕ ਅਧਿਕਾਰਾਂ ਦੇ ਵਿਸ਼ਲੇਸ਼ਣ ਦੁਆਰਾ
(4)ਉਪਰੋਕਤ ਸਾਰੇ

2 ਕਿਸਨੇ ਸਿੱਖਿਅਤ ਅਣਵਿਆਹੀ ਕੰਨਿਆਵਾਂ ਨੂੰ ਵਿਦੁਸੀ ਕਿਹਾ ਹੈ
(1) ਹੇਮਾਦਰੀ (2) ਪ੍ਰਭਾਤੀ ਮੁਖਰਜੀ
(3)ਅਲਟੇਕਰ (4) ਉਪਰੋਕਤ ਸਾਰੇ

3 ਭਾਰਤ ਤੇ ਮੁਸਲਮਾਨਾ ਦਾ ਪਹਿਲਾ ਹਮਲਾ ਕਿਸ ਸ਼ਤਾਬਦੀ ਵਿੱਚ ਹੋਇਆ
(1) 6ਵੀਂ ਸ਼ਤਾਬਦੀ ਵਿੱਚ (2)8ਵੀਂ ਸ਼ਤਾਬਦੀ ਵਿੱਚ
(3) 7ਵੀਂ ਸ਼ਤਾਬਦੀ ਵਿੱਚ (4) ਇਨ੍ਹਾਂ ਵਿਚੋਂ ਕੋਈ ਨਹੀ

4 ਇਸਤਰੀਆ ਨੂੰ ਸਿੱਖਿਆ ਦਿੱਤੇ ਜਾਣ ਦੇਣ ਵਿਚਾਰ ਦਾ ਊਦੈ ਕਿਸ ਸ਼ਾਸ਼ਲ ਕਾਲ ਵਿੱਚ ਹੋਇਆ
(1) ਬੋਧ ਕਾਲ (2)ਬ੍ਰਿਟਿਸ਼ ਕਾਲ
(3) ਪੁਰਾਣਿਕ ਕਾਲ (4) ਇਨ੍ਹਾਂ ਵਿੱਚੋਂ ਕੋਈ ਨਹੀਂ

5 ਸਤੀ ਪ੍ਰਥਾ ਖ਼ਾਤਮਾ ਦੇ ਲਈ ਮਹੱਤਵਪੂਰਨ ਕਾਰਜ ਕਿਸਨੇ ਕੀਤਾ
(1) ਰਾਜਾਰਾਮ ਕੋਹਨ ਰਾਏ (2)ਨਿਆਂਮੂਰਤੀ ਗਨਾਡੇ
(3) ਈਸ਼ਵਰ ਚੰਦਰ ਵਿਦਿਆਸਾਗਰ (4) ਇਹਨਾਂ ਵਿਚੋਂ ਕੋਈ ਨਹੀਂ

## 10.3 ਕਹਿਲਾ ਸੰਗਠਨ ਦਾ ਊਦੈ (Growth of Women Organizations)

ਮਹਿਲਾਵਾਂ ਦਾ ਇਕ ਸੰਗਠਨ ਜਿਵੇਂ ਬੰਗ ਮਹਿਲਾ ਸਮਾਜ ਅਤੇ ਮਹਿਲਾ ਥਿਓਸੋਫਿਕਲ ਸੋਸਾਈਟੀ, ਇਸਤਰੀਆਂ ਦੇ ਲਈ ਆਧੁਨਿਕ ਆਦਰਸ਼ਾਂ ਦੇ ਲਈ ਸਥਾਨੀ ਸਤਰ ਤੇ ਕਾਰਜ ਕਰ ਰਹੇ ਸਨ। ਲੇਕਿਨ ਮੁਢਲੇ ਕਾਰਜ ਉਹਨਾ ਸੰਗਠਨਾ; ਤੁਆਰਾ ਕੀਤਾ ਗਿਆ ਜੋ ਰਾਸ਼ਟਰੀ ਸਤਰ ਤੇ ਕਾਰਜ ਕਰ ਰਹੇ ਸਨ। ਇਹਨਾ ਵਿੱਚ ਪੰਜ ਪ੍ਰਮੁੱਚਖ ਸੰਗਠਨ ਸਨ। ਭਾਰਤ ਮਹਿਲਾ ਪਰਿਸ਼ਟ (ਜੋ 1904 ਵਿੱਚ ਇਸਤਰੀ ਮਹਾਮੰਡਲ (1910 ਵਿੱਚ ਸਥਾਪਿਤ) ਮਹਿਲਾ ਭਾਰਤੀ ਸੰਘ (Women's Indian Association) (1917 ਵਿੱਚ ਐਨੀ ਵੇਸੇਨਟ ਦੁਆਰਾ ਸੰਚਾਲਿਤ ਭਾਰਤੀ ਮਹਿਲਾ ਰਾਸ਼ਟਰੀ ਪਰਿਸ਼ਦ (National Council of Women in India) (1925 ਵਿੱਚ ਲੇਡੀ ਐਬਰਡਨ ਅਤੇ ਲੇਡੀ ਟਾਟਾ ਦੁਆਰਾ ਆਰੰਭ ਕੀਤਾ ਗਿਆ) ਅਤੇ ਆਲ ਇੰਡੀਆ ਵੂਸੇਨਜ ਕਾਨਫਰੰਸ (ਮਾਗਰੇਟ ਕਜਿੰਸ ਅਤੇ ਹੋਰ ਦੁਆਰਾ 1927 ਵਿੱਓ ਸਥਾਪਿਤ) ਕਸਤੂਰਬਾ ਗਾਂਧੀ ਦੀ ਮੌਤ ਦੇ ਬਾਅਦ ਕਸਤੂਰਬਾ ਗਾਂਧੀ ਰਾਸ਼ਟਰੀ ਸਮਾਰਕ ਟਰੱਸਟ ਆਰੰਭ ਕੀਤਾ ਗਿਆ। ਇਨ੍ਹਾ ਸਭ ਸੰਗਠਨਾ ਨੇ ਇਸਤਰੀ ਦੀ ਸਿੱਖਿਆ, ਪਰਦਾ ਅਤੇ ਬਾਲ ਵਿਆਹ ਵਰਗੀਆ ਬੁਰਾਈਆ ਦਾ , ਹਿੰਦੂ ਅਧਿਨਿਯਮਾ ਵਿੱਚੋ ਸੁਧਾਰ, ਇਸਤਰੀਆ ਦੀ ਨੈਤਿਕ ਅਤੇ ਭੌਤਿਕ ਪ੍ਰਗਤੀ, ਅਧਿਕਾਰਾਂ ਅਤੇ ਅਵਸਰਾ ਦੀ ਸਮਾਨਤਾ ਅਤੇ ਇਸਤਰੀਆਂ ਦੇ ਸਭ ਅਧਿਕਾਰ ਵਰਗੇ ਮਾਮਲੇ ਉਾਏ ਕਿਹਾ ਜਾ ਸਕਦਾ ਹੈ ਕਿ ਭਾਰਤੀ ਇਸਤਰੀਆ ਦੇ ਅੰਦੋਲਨਾ ਨੇ ਦੋ ਲੱਛਨਾ ਦੀ ਪ੍ਰਾਪਤੀ ਦੇ ਲਈ ਕਾਰਗ ਕੀਤਾ: (1) ਇਸਤਰੀਆਂ ਦੇ ਉਥਾਨ ਲਈ ਅਰਥਾਤ ਸਮਾਜਿਕ ਰੀਤੀਆਂ ਵਿੱਚੋ ਸੁਧਾਰ ਕਰ ਇਸਤਰੀਆਂ ਨੂੰ ਸਮਾਜ ਵਿਚੋਂ ਰਚਨਾਤਮਕ ਭੂਮਿਕਾ ਦੇ ਲਈ ਯੋਗ ਬਨਾਉਣ (2) ਮਹਿਲਾਵਾਂ ਨੂੰ ਪੁਰਸ਼ਾਂ ਨੂੰ ਮਿਲੇ ਹੋਏ ਰਾਜਨਿਤਿਕ, ਆਰਥਿਕ ਅਤੇ ਨਾਗਰਿਕ ਅਧਿਕਾਰਾ ਨੂੰ ਇਸਤਰੀਆਂ ਨੂੰ ਵੀ ਉਪਲਬਧ ਕਰਾਉਣ। ਪਹਿਲੇ ਲੱਛਣ ਨੂੰ ਸਮੂਹਿਕ ਨਾਰੀਵਾਦੀ ਲੱਛਣ ਅਤੇ ਦੂਸਰੇ ਲੱਛਣ ਨੂੰ ਉਦਾਰ ਨਾਰੀਵਾਦੀ ਲੱਛਣ ਕਿਹਾ ਜਾ ਸਕਦਾ ਹੈ। ਇਨ੍ਹਾਂ ਮਹਿਲਾ ਸੰਗਠਨਾ ਨੇ ਜਿਨ੍ਹਾਂ ਰਣਨੀਤੀਆ ਨੂੰ ਅਪਣਾਇਆ ਉਹਨਾ ਜਨ ਸਭਾਵਾਂ ਵਿੱਚ ਮੰਗਾ ਰੱਖ ਕੇ ਸਰਕਾਰੀ ਅਧਿਕਾਰੀਆ ਦੇ ਸਨਮੁੱਖ ਵਿਚਾਰ ਰੱਖ ਕੇ। ਸੱਮਸਿਆਵਾਂ ਦੇ ਮੁਲਾਂਕਨ ਦੇ ਲਈ ਸਮਿਤਿਆ ਬਣਾਕੇ ਅਤੇ ਇਸਤਰੀਆਂ ਨੂੰ ਅੰਦੋਲਨ ਕਰਨ ਦੇ ਲਈ ਸਭਾਵਾਂ ਦਾ ਆਯੋਜਨ ਕਰਕੇ।

ਭਾਰਤੀ ਮਹਿਲਾ ਅੰਦੋਲਨਾ ਨੂੰ ਪ੍ਰੇਰਿਤ ਕਰਨ ਵਾਲਾ ਕਾਰਨ ਹੈ ਇਸਤਰੀਆ ਦੀ ਸਹਾਇਕ ਭੂਮਿਕਾ ਦੀ ਵਿਚਾਰ ਧਾਰਾ ਤੇ ਪੱਛਮੀ

ਨੋਟ

ਸਿੱਖਿਆ ਦਾ ਪ੍ਰਭਾਵ, ਸਿੱਖਿਅਤ ਅਤੇ ਕੁਲੀਨ ਇਸਤਰੀਆ ਦੁਆਰਾ ਕੁਸ਼ਲ ਅਗਵਾਈ ਪ੍ਰਦਾਨ ਕੀਤੀ ਜਾਣੀ, ਧਰਮ ਦੁਆਰਾ ਮਸਲਤਾ ਪ੍ਰਾਪਤ ;ਮਾਜਿਕ ਪ੍ਰਥਾਵਾਂ ਵਿੱਚੋ ਪਰਿਵਰਤਨ ਦੇ ਲਈ ਪੁਰਸ਼ ਸਮਾਜ ਸੁਧਾਰਨਾ ਦੁਆਰਾ ਰੂਚੀ ਲੈਣਾ। ਸਮਾਜਿਕ ਧਾਰਮਿਕ ਦਾ ਪੁਰਸ਼ਾ ਦੁਆਰਾ ਵਿਰੋਧ ਨਾ ਕਰਨਾ ਅਤੇ ਰਾਸ਼ਟਰੀ ਰਾਜਨਿਤਿਕ ਨੇਤਾਵਾਂ ਦਾ ਇਨ੍ਹਾਂ ਅੰਦੋਲਨਾ ਦਾ ਸਮਰਥਨ ਕਰਨਾ ਆਦਿ 1953 ਵਿੱਚ ਭਾਰਤ ਸਰਕਾਰ ਦੁਆਰਾ ਸਥਾਪਿਤ ਕੇਂਦਰੀ ਸਮਾਜ ਕਲਿਆਣ ਬੋਰਡ ਵੀ ਇਸਤਰੀਆ ਦੇ ਕਲਿਆਣ ਦੇ ਲਈ ਬੋਰਡ ਕੋਸ਼ਿਸ਼ਾ ਨੂੰ ਬਲ ਪ੍ਰਦਾਨ ਕਰਦਾ ਹੈ ਅਤੇ ਹੌਂਸਲਾ ਦਿੰਦਾ ਹੈ। ਭਾਰਤ ਸਰਕਾਰ ਦਾ ਕਲਿਆਣ ਮੰਤਰਾਲਾ ਵੀ ਨਗਰਾ ਵਿੱਚੋ ਕੰਮਕਾਜੀ ਮਹਿਲਾਵਾਂ ਦੀ ਗ੍ਰਹਿ ਨਿਰਮਾਣ ਅਤੇ ਵਿਸਤਾਰ ਲਈ ਸੰਗਠਨਾ ਨੂੰ ਅਨੁਦਾਨ ਦਿੰਦਾ ਹੈ। ਸਰਕਾਰਾਂ ਵੀ ਆਪਣੀਆ ਯੋਜਨਾਵਾਂ ਦੇ ਮਾਧਿਅਮ ਨਾਲ ਧਨ ਪ੍ਰਦਾਨ ਕਰਦੀ ਹੈ ਤਾਕਿ ਜਨ ਸਹਿਯੋਗ ਨਾਲ ਮਹਿਲਾ ਮੰਡਲ, ਗ੍ਰਹਿ ਕਲਿਆਣ ਕੇਦਰ, ਸਿੱਖਿਆ ਕੇਂਦਰ, ਗ੍ਰਾਮੀਣ ਕਹਿਲਾਵਾਂ ਦੇ ਲਈ ਟ੍ਰੇਨਿੰਗ ਕੈਂਪਾ ਦਾ ਆਯੋਜਨ ਅਤੇ ਕੇਵਲ ਮਹਿਲਾ ਮੈਂਬਰਾਂ ਦੇ ਸਹਿਯੋਗ ਨਾਲ ਸਰਕਾਰੀ ਸਮਤਿਆ ਦਾ ਸੰਚਾਲਨ ਕੀਤਾ ਜਾ ਸਕੇ।

### 10.3.1 ਸਮਾਜਿਕ ਬਿਲਾਂ ਦਾ ਪਾਸ ਕੀਤਾ ਜਾਣਾ

ਇਸਤਰੀਆਂ ਨਾਲ ਸਬੰਧਿਤ ਕੁੱਝ ਬਿਲਾ ਦਾ ਪਾਸ ਕੀਤਾ ਜਾਣਾ ਤਿੰਨ ਤੱਤਾ ਨਾਲ ਸਬੰਧਿਤ ਹੈ ਵਿਆਹ, ਸੰਪਤੀ, ਰੋਜਗਾਰ ਸਬੰਧੀ ਬਿਲ ਵਿਸ਼ੇਸ਼ ਰੂਪ ਨਾਲ ਵਿਆਹ ਦੀ ਉਮਰ, ਭੁਨਰ ਆਿਹ, ਵਿਆਹ ਦਾ ਸਰੂਪ ਜੀਵਨ ਅਤੇ ਜੀਵਨ ਸਾਥੀ ਦੇ ਚੁਨਾਵ ਦੀ ਸਵਤੰਤਰਤਾ ਨਾਲ ਸਬੰਧ ਹੈ। ਪਾਸ ਕੀਤੇ ਗਏ ਪ੍ਰਮੁੱਖ ਬਿਲ ਇਸ ਪ੍ਰਕਾਰ ਹਨ। 1929 ਦਾ ਬਾਲ ਵਿਆਹ ਰੋਕ ਨਿਯਮ 1955 ਦਾ ਹਿੰਦੂ ਵਿਆਹ ਨਿਯਮ ਅਤੇ 1954 ਦਾ ਵਿਸ਼ੇਸ਼ ਵਿਆਹ ਨਿਯਮ। ਸੰਪਤੀ ਬਿਲ ਹੈ। 1929 ਦਾ ਹਿੰਦੂ ਉੱਤਰਾਧਿਕਾਰ ਬਿਲ 1939 ਦਾ ਹਿੰਦੂ ਇਸਤਰੀਆਂ ਦਾ ਸੰਪਤੀ ਸਧਿਕਾਰ ਨਿਯਮ ਅਤੇ 1956 ਦਾ ਹਿੰਦੂ ਉਦਰਾਧਿਕਾਰ ਨਿਯਮ । ਰੋਜਗਾਰ ਵਿਸ਼ਅਕ ਬਿਲ ਹੈ 1948 ਦਾ ਫੈਕਟਰੀ ਨਿਯਮ 1948 ਦਾ ਕਰਮਚਾਰੀ ਰਾਜ ਬੀਮਾ ਨਿਯਮ ਅਤੇ ਨਿਯਮ 1948 ਦਾ ਫੈਕਟਰੀ ਨਿਯਮ ਕਾਰਜ ਅਵਦੀ (ਘੰਟੇ) ਬਰਾਬਰ ਤਨਖਾਹ ਗੱਲਾਂ ਨੂੰ ਨਿਯਮਿਤ ਕਰਦਾ ਹੈ। ਕਰਮਚਾਰੀ ਰਾਜ ਬੀਮਾ ਨਿਯਮ ਪੰਜ ਲਾਭ ਦਿੰਦਾ ਹੈ। ਬਿਮਾਰੀ ਅਯੋਗਤਾ ਅਤੇ ਸਿਹਤ ਲਾਭ। ਜਦਕਿ ਇਨ੍ਹਾਂ ਬਿਲਾਂ ਨੇ ਇਸਤਰੀਆ ਦੀ ਦਸ਼ਾ ਵਿੱਚ ਵੱਡੀ ਸੀਮਾ ਤੱਕ ਸੁਧਾਰ ਕੀਤਾ ਹੈ ਲੇਕਿਨ (ਬਿਲ ਅਤੇ ਸਮੱਸਿਆ ਨੂੰ ਬਾਹਰੀ ਸੀਮਾਂ ਤੱਕ ਹੀ ਸੰਪਰਕ ਕਰਦੇ ਹਨ (2) ਉਹ ਬਿਲ ਅਸੰਤੁਲਿਤ ਹਨ ਸਰਥਾਤ ਕੁੱਖ ਨਿਯਮ ਹੋਰ ਨਿਯਮਾਂ ਤੋਂ ਘੱਟ ਜਾ ਜਿਆਦਾ ਨਿਸ਼ਚਿਤ ਹੈ (3) ਕੁੱਝ ਬਿਲਾਂ ਦੀ ਬਨਾਵਟ ਏਨੀ ਢਿੱਲੀ ਹੈ ਕਿ ਉਹਨਾ ਨੂੰ ਠੀਕ ਨਾਲ ਲਾਗੂ ਨਹੀ ਕੀਤਾ ਜਾ ਸਕਦਾ ਅਤੇ (4) ਬਿਲਾ ਨੂੰ ਲਾਗੂ ਕਰਨ ਵਾਲੇ ਸਾਧਨ ਮਹਿੰਗੇ, ਆਕਰਸ਼ਕ ਅਤੇ ਜਟਿਲ ਹਨ। ਇਹ ਕਿਹਾ ਜਾ ਸਕਦਾ ਹੈ ਕਿ ਬਿਲਾਂ ਉਪਾਅ ਇਸਤਰੀਆਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਜਿਆਦਾ ਪ੍ਰਭਾਵੀ ਸਿੱਧ ਨਹੀ ਹੋਈ ਹੈ। ਸਿਧਾਂਤਕ ਰੂਪ ਨਾਲ ਇਸਤਰੀਆ ਨੂੰ ਜਿਆਦਾ ਸਵਤੰਤਰਤਾ ਦਿੱਤੀ ਜਾ ਸਕਦੀ ਸੀ। ਲੇਕਿਨ ਵਿਵਹਾਰਿਕ ਸੱਚ ਇਹ ਹੈ ਕਿ ਉਹ ਹੁਣ ਅਮਾਨਤੀ ਅਤੇ ਅਨਉਚਿਤ ਵਿਵਹਾਰ ਭੋਗ ਨਹੀ ਹੈ ਜੋ ਉਹਨਾ ਨੂੰ ਅਪਮਾਨ ਅਤੇ ਸ਼ਰਮ ਦੇ ਇਲਾਵਾ ਕੁੱਝ ਵੀ ਨਹੀ ਦੇ ਰਿਹਾ ਹੈ।

ਉਪਰੋਕਤ ਵਿਸ਼ਲੇਸ਼ਣ ਨਾਲ ਇਹ ਸੰਕੇਤ ਮਿਲਦਾ ਹੈ ਕਿ ਇਸਤਰੀਆਂ ਨੂੰ ਨਿਰੰਤਰ ਵਿਸ਼ਅਕ ਅਤੇ ਸ਼ੋਸ਼ਣ ਦੇ ਜਾਲ ਤੋ ਬਚਾਉਣ ਦੀਆਂ ਕੋਸ਼ਿਸ਼ਾ ਵਿੱਚ ਪਰਿਵਰਤਨ ਆ ਰਿਹਾ ਹੈ। ਜਦਕਿ ਇਹ ਪਰਿਵਰਤਨ ਹੌਲੀ ਅਤੇ ਯੋਜਨਾਬੰਦ ਨਹੀ ਹੋਇਆ ਹੈ।

## 10.4 ਆਜਾਦੀ ਦੇ ਬਾਅਦ ਦੇਸ਼ ਵਿੱਚ ਇਸਤਰੀਆਂ (Women in Post Independence Period)

ਭਾਰਤ ਵਿੱਚ 1940 ਤੱਕ ਇਸਤਰੀਆਂ ਦੀ ਨੀਵੀਂ ਦਸ਼ਾ ਦੇ ਮੁੱਖ ਕਾਰਨ ਜਾਤੀ ਬੰਧਨ ਕਾਰਨ ਅਨਪੜਤਾ, ਆਰਥਿਕ ਨਿਰਭਰਤਾ, ਧਾਰਮਿਕ ਨਿਸ਼ੇਦ ਜਾਤੀ ਬੰਧਨ ਇਸਤਰੀ ਅਗਵਾਈ ਦਾ ਕਮੀ ਅਤੇ ਪੁਰਸ਼ਾਂ ਦਾ ਉਹਨਾ ਦੇ ਪ੍ਰਤੀ ਅਣਉਚਿੱਤ ਦ੍ਰਿਸ਼ਟੀਕੋਣ ਆਦਿ ਸਨ। ਮੇਟਸਨ ਨੇ ਸਾਡੀ ਸੰਸਕ੍ਰਿਤੀ ਵਿੱਚ ਇਸਤਰੀਆਂ ਦੀ ਇਕਲਵੰਜਾ ਅਤੇ ਉਹਨਾ ਦੇ ਨਿਮਨ ਸਤਰ ਦੇ ਲਈ ਪੰਜ ਕਾਰਨਾ ਨੂੰ ਉੱਤਰਦਾਈ ਠਹਰਾਇਆ ਹੈ। ਇਹ ਹੈ ਹਿੰਦੂ ਧਰਮ, ਜਾਤੀ ਵਿਵਸਥਾ, ਸੰਯੁਕਤ ਪਰਿਵਾਰ ਇਸਲਾਮੀ ਸ਼ਾਸ਼ਨ ਅਤੇ ਬ੍ਰਿਟਿਸ਼ ਉਪਨਿਵੇਸ਼ਵਾਦ। ਹਿੰਦਤੂਵਾਨ ਦੇ ਆਦੇਸ਼ਾ ਦੇ ਅਨੁਸਾਰ ਪੁਰਸ਼ ਇਸਤਰੀਆਂ ਤੋਂ ਸਰਬੋਤਮ ਹੁੰਦੇ ਹਨ ਅਤੇ ਪੁਰਸ਼ ਨੂੰ ਅਲਗ-ਅਲਗ ਭੂਮਿਕਾਵਾਂ ਨਿਭਾਉਣੀਆ ਚਾਹੀਦੀਆਂ ਹਨ। ਇਸਤਰੀਆ ਤੋਂ ਮਾਤਾ ਤੇ ਗਰਿਹਣੀ ਦੀ ਭੂਮਿਕਾਵਾਂ ਦੀ ਅਤੇ ਪੁਰਸ਼ਾਂ ਤੋਂ ਰਾਜਨੀਤਕ ਤੇ ਆਰਥਿਕ ਭੂਮਿਕਾਵਾਂ ਦੀ ਆਸ਼ਾ ਕਿਤੀ ਜਾਂਦੀ ਸੀ। ਹਿੰਦੂ ਧਰਮ ਗ੍ਰੰਥਾਂ ਵਿੱਚ ਇਸਤਰੀਆ ਦੇ ਲਈ ਸਮਾਜ ਜੀਵਨ ਨਿਰਭਰ ਦੇ ਰੂਪ ਵਿੱਚ ਮੰਨਿਆ ਗਿਆ ਹੈ। ਜਾਤੀ ਵਿਵਸਥਾ ਨੇ ਵੀ ਜਨ ਕਾਰਜਾ ਅਤੇ ਸਰਵਜਤਿਕ ਮਾਮਲਿਆ ਵਿੱਚੋ ਇਸਤਰੀਆਂ ਦੀ ਭਾਗੀਦਾਰੀ ਤੇ ਰੋਕ ਲਗਾਏ। ਲੜਕੀਆ ਦੇ ਲਈ ਜਲਦੀ ਵਿਆਹ ਦਾ ਚਲਣ ਕੀਤਾ ਗਿਆ, ਦੂਸਰੇ ਪਾਸੇ ਵਿਧਵਾ ਵਿਆਹ ਦਾ ਅਤੇ ਸਤੀ ਪ੍ਰਥਾ ਚਲਾਈ ਗਈ। ਪਿੱਤਰ ਵੰਸੀ ਸੰਯੁਕਤ ਪਰਿਵਾਰ ਨੇ ਇਸਤਰੀਆਂ ਦੀ ਸਵਤੰਤਰਤਾ ਘੱਟ ਕਰ ਦਿੱਤੀ ਅਤੇ ਉਮਰ ਲਿੰਗ ਅਤੇ ਨਾਤੇਦਾਰੀ ਦੇ ਆਧਾਰ ਤੇ ਪਰਿਵਾਰ ਵਿੱਚ ਉਹਨਾ ਦੀ ਸਥਿਤੀ ਨਿਮਨ ਹੁੰਦੀ ਗਈ। ਮੁਸਲਿਮ ਯੁੱਗ ਵਿੱਚ ਇਸਤਰੀਆਂ ਦੀ ਦਸ਼ਾ ਵਿੱਚ ਹੋਰ ਵੀ ਪਤਨ ਹੋਇਆ ਇਸਲਾਮਿਕ ਸ਼ਾਸ਼ਨ ਵਿਚੋਂ ਸਮਾਜਿਕ-ਰਾਜਨੈਤਿਕ ਪ੍ਰਭਾਵਾ ਵਿਚੋਂ ਹਿੰਦੂਆ ਨੇ ਇਸਤਰੀਆਂ ਦੀ ਇਕੱਲੇਪਨ ਅਤੇ ਪਰਦਾ ਪ੍ਰਥਾ ਨੂੰ ਮੁਸਲਮਾਨਾਂ ਦੀ ਤਰ੍ਹਾ ਆਪਣਾ ਲਿਆ ਜਿਸਦੇ ਕਾਰਨ ਲਿੰਗ ਦੇ ਆਧਾਰ ਤੇ ਮਿਹਨਤ ਵੀ ਇਕ ਪੂਰਨ ਵੰਡ ਹੋ ਗਈ। ਮੁਸਲਿਮ ਨਵਾਬਾ ਅਤੇ ਜਾਗੀਰਦਾਰਾਂ ਬੁਰੀ ਨਜਰ ਵਿੱਚ ਹੋਣ ਲੱਗੇ। ਜਦਕਿ ਬ੍ਰਿਟਿਸ਼ ਸ਼ਾਸ਼ਨਾ ਨੇ ਹਿੰਦੂਆ ਦੇ ਸਮਾਜਿਕ ਦੇ ਅੰਤਿਮ ਦਸ਼ਕਾ ਅਤੇ ਵੀਹਵੀ ਸ਼ਤਾਬਦੀ ਦੇ ਆਰਭਿੰਕ 25 ਸਾਲਾਂ ਵਿੱਚ ਜਦ ਕੁਝ ਪੁਰਸ਼ ਸਮਾਜ ਸੁਧਾਰਕਾਂ ਨੇ ਕੋਸ਼ਿਸ਼ਾ ਨਾਲ ਮਹਿਲਾ ਸੰਦੋਲਨ ਨੂੰ ਬਲ ਮਿਲਿਆ। ਤਦ ਬ੍ਰਿਟਿਸ਼ ਸਰਕਾਰ ਕੁੱਝ ਵਿਧਾਨਿਕ ਕਦਮ

ਨੋਟ

ਉਠਾਏ ਅਤੇ ਕੁੱਝ ਸਮਾਜਿਕ ਪ੍ਰਥਾਵਾਂ ਨੂੰ ਸਮਾਪਤ ਕਰਨ ਜਾ ਉਹਨਾ ਵਿਚੋਂ ਪਰਿਵਰਤਨ ਕਰਨ ਦੇ ਲਈ ਸਹਿਮਤ ਹੋ ਗਏ। ਅੱਜ ਭਾਰਤ ਵਿੱਚ ਇਸਤਰੀਆਂ ਦੀ ਕੀ ਸਥਿਤੀ ਹੈ ? ਉਹਨਾ ਦੀ ਸਥਿਤੀ ਵਿੱਚ ਪਰਿਵਰਤਨ ਦਾ ਵਿਸ਼ਲੇਸ਼ਣ ਕਿਵੇਂ ਕਰਦੇ ਹਨ ? ਇਸਤਰੀਆਂ ਦੇ ਮੁਲਾਕਣ ਵਿੱਚੋ ਨਿਮਨ ਪੰਜ ਵਿਧੀਆਂ ਦਾ ਪ੍ਰਮੁੱਖ ਰੂਪ ਨਾਲ ਪ੍ਰਯੋਗ ਕੀਤਾ ਗਿਆ ਹੈ।

**1. ਇਤਿਹਾਸਕ ਵਿਧੀ** (Historical Method) : ਇਹ ਵਿਧੀ ਪ੍ਰਾਚੀਨ ਸਮਾਜ ਵਿਚੋਂ ਅਤੇ ਉਸਦੇ ਮੱਧਕਾਲ ਅਤੇ ਵਰਤਮਾਨ ਕਾਲ ਵਿੱਚ ਪਾਏਦਾਰੀ ਤੇ ਕੇਂਦਰਿਤ ਕਰਦੀ ਹੈ। ਸਮਾਜ ਵਿਗਿਆਨਿਕ ਮਹਿਲਾਵਾਂ ਦੀ ਸਥਿਤੀ ਦੇ ਬਾਰੇ ਵਿੱਚ ਮੁੱਖ ਹੱਲ ਪ੍ਰਮੁੱਖ ਕਰਵੇ ਆਦਿ ਅਤੇ ਦਾਰਸ਼ਨਿਕਾ ਜਿਵੇਂ ਅਲਟੇਕਰ, ਇੰਦਰਾਂ, ਦਾਮ ਅਤੇ ਕਰਵੇ ਆਦਿ ਦੇ ਲੇਖਾਂ ਚੋਂ ਨਿਕਾਲਦੇ ਹਨ। ਕੁੱਝ ਵਿਦਵਾਨਾ ਦਾ ਵਿਸ਼ਵਾਸ ਹੈ ਕਿ ਧਰਮ ਗ੍ਰੰਥਾਂ ਅਤੇ ਅਤੀਤ ਦੇ ਉਪਲਬਧ ਲੇਖਾਂ ਤੋਂ ਕੇਵਲ ਉਦਹਾਰਣ ਪੇਸ਼ ਕਰਨਾ ਹੈ। ਉਹ ਸਮਾਜਸ਼ਾਸ਼ਤਰੀ ਜਿਨ੍ਹਾਂ ਨੂੰ ਪਰਿਕਲਪਨਾ-ਨਿਮਨ ਵਿਧੀ (Hypothetic-deductive Method) ਦੁਆਰਾ ਅਵਿਆਖਿਆਵਾਦ ਵਿਧੀਆਂ (Reduction procedures) ਵਿੱਚ ਪ੍ਰਮਾਨਤਾ ਪ੍ਰਾਪਤ ਹਨ। ਉਹ ਵੀ ਇਤਿਹਾਸਕ ਸਮਗਰੀ ਦੇ ਆਧਾਰ 'ਤੇ ਇਸਤਰੀਆਂ ਦੀ ਸਥਿਤੀ ਦਾ ਅਧਿਐਨ ਕਰਨਾ ਜੇਕਰ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਮੰਨਦੇ ਹਨ।

2. **ਅਨੁਭਵਿਕ ਵਿਅਕਤਿਕ ਅਧਿਐਨ ਵਿਧੀ** (Non-Emperical Case Study Method): ਇਸ ਵਿਧੀ ਵਿੱਚ ਇਸਤਰੀਆਂ ਦੀ ਸਥਿਤੀ ਦਾ ਵਿਸ਼ਲੇਸ਼ਣ ਪਿੱਤਰ ਸੱਤਾਤਮਕ (Patriarchy) ਅਮਾਜਿਕ ਵਿਵਸਥਾ ਦੇ ਸੰਦਰਭ ਵਿੱਚ ਕਿਹਾ ਜਾਂਦਾ ਹੈ ਜਾਂ ਫਿਰ ਯੋਗ ਅਸਮਾਨਤਾ ਅਤੇ ਇਸਤਰੀਆਂ ਦੀ ਵਿਆਖਿਆ ਦਾ ਅਧਾਰ ਪੁਰਸ਼ਾ ਦਾ ਇਸਤਰੀਆਂ ਦੇ ਉਪਰ ਬਲਵਾਨ ਰਿਹਾ ਹੈ ਜੋ ਇਤਿਹਾਸ ਸਿੱਧ ਵੀ ਹੈ ਅਤੇ ਸੰਸਕ੍ਰਿਤਕ ਦ੍ਰਿਸ਼ਟੀਕੋਣ ਤੋ ਵੀ ਮੰਨਿਆ ਹੈ।

3. **ਅੰਤ ਵਿਅਕਤੀਗਤ ਸ਼ਕਤੀ ਦੇ ਮੁਲਾਕਣ ਸ਼ਕਤੀ ਦੇ ਮੁਲਾਕਣ ਦੀ ਅਨੁਭਵਿਕ ਵਿਧੀ** (Emperical Method of Assessing Inter-personal Power) : ਇਹ ਵਿਧੀ ਇਸਤਰੀਆ ਤੇ ਪੁਰਸ਼ਾ ਦੇ ਬੋਲ ਬਾਲੇ ਦਾ ਅਧਿਐਨ ਕਰਦੀ ਹੈ। ਲੇਕਿਨ ਉਸ ਪਿੱਤਰ ਸੱਤਾਤਮਕ ਵਿਵਸਥਾ ਤੋਂ ਵਾਂਝਾ ਜਿਸਦਾ ਕਿ ਇਹ ਇੱਕੋ ਭਾਗ ਹੈ। ਇਕ ਵਿਧੀ ਦੀ ਮਾਨਤਾ ਹੈ ਕਿ ਸਮੱਸਿਆ (ਨਿਮਨ ਸਥਿਤੀ ਦੀ ਸੋਮਣ ਦੀ) ਅਧਿਕਾਰਾ ਦੇ ਵਚਨਾ ਦੀ) ਇਸਤਰੀਆ ਤੇ ਬੋਲਬਾਲੇ ਦੀ ਹੈ ਅਤੇ ਇਸਦਾ ਹੱਲ ਇਸਦੇ ਵਿਰੁੱਧ ਸੰਘਰਸ਼ ਵਿੱਚਲੇ ਹੈ। ਇਸ ਕੇਂਦਰਿਤ ਨਹੀ ਕੀਤਾ ਹੈ, ਬਲਿਕ ਪਰਿਵਾਰ ਦੀ ਅੰਦਰ ਹੀ ਅਸਮਾਨਤਾ ਅਤੇ ਸ਼ਕਤੀ ਸੰਤੁਲਣ ਤੇ ਕੀਤਾ ਹੈ। ਇਸ ਵਿਧੀ ਵਿੱਚ ਇਸਤਰੀਆਂ ਦੀ ਉੱਚ ਸਥਿਤੀ ਦਾ ਸਬੰਧ ਸਮਤਾਬਦੀ ਫੈਸਲਾ ਕਰਨ ਤੋ ਹੈ ਅਤੇ ਨਿਮਨ ਸਥਿਤੀ ਦਾ ਸਬੰਧ ਗੈਰ ਸਮਤਾਬਾਦੀ ਨਾਲ। ਅਨੁਭਾਵਿਕ ਅਧਿਐਨ ਨਾਲ ਸਮੁਦਾਏ, ਵਰਗ ਅਤੇ ਸ਼੍ਰੇਣੀਆ ਦੀਆਂ ਉਨ੍ਹਾਂ ਇਸਤਰੀਆਂ ਦੇ ਨਾਲ ਗਹਰੀ ਮੁਲਾਕਾਤ ਸ਼ਾਮਿਲ ਹੈ, ਜਿਨ੍ਹਾਂ (ਇਸਤਰੀਆਂ) ਨੂੰ ਆਪਣੇ ਪਤੀਆ ਅਤੇ ਸਸੂਰਾਲ ਵਾਲੀਆ ਦੇ ਭਿੱਨ-ਭਿੱਨ ਪ੍ਰਕਾਰ ਦੇ ਵਿਵਹਾਰਾਂ ਦਾ ਅਨੁਭਵ ਹੈ। ਜਦਕਿ ਇਹ ਅਨੁਭਾਵਿਕ ਅਨੁਸਨਥਾਨ ਵਿਧੀ ਇਸਤਰੀਆਂ ਦੀ ਸਥਿਤੀ ਅਤੇ ਪਤੀਆਂ ਦੇ ਬੋਲਬਾਲੇ ਦੇ ਵਿੱਚ ਦੇ ਸਬੰਧਾ ਤੇ ਮੁੱਲਵਾਨ ਸਬੂਤ ਪ੍ਰਸਤੂਤ ਕਰਦੀ ਹੈ। ਪ੍ਰੰਤੂ ਇਸਦਾ ਕੇਂਦਰ ਬਿੰਦੂ ਬਹੁਤ ਸੀਮਿਤ ਹੈ ਅਤੇ ਇਹ ਸਮਾਜ ਵਿੱਚ ਇਸਤਰੀਆਂ ਦੀ ਆਮ ਸਥਿਤੀ ਦਾ ਵਾਸਤਵਿਕ ਕੀਤਾ ਪੇਸ਼ ਕਰਦੀ ਹੈ। ਉਹ ਪੁੱਤਰ ਸੱਤਾਮਤਕ, ਸਮਾਜਿਕ ਅਤੇ ਸੰਸਕ੍ਰਿਤਕ ਸੰਦਰਭ ਜਿਸ ਵਿੱਚੋ ਪਰਿਵਾਰ ਫਸਿਆ ਰਹਿੰਦਾ ਹੈ। ਅਤੇ ਜਿਸ ਵਿੱਚ ਵਿਵਾਹਿਕ ਸਬੰਧਾ ਦੀ ਭੂਮਿਕਾ ਚੱਲਣੀ ਕਹਿੰਦੀ ਹੈ, ਕਿ ਅਨਦੇਖੀ ਕੀਤੀ ਗਈ ਹੈ।

4. **ਨਾਰੀਵਾਦੀ ਪਰਿਣਾਮਆਤਮਕ ਖੋਜ ਵਿਧੀ** (Feminist Quantitative Research Methid) : ਇਸ ਅਨੁਭਵਿਕ ਵਿਧੀ ਵਿੱਚ ਇਸਤਰੀਆਂ ਦੀ ਤੁਲਨਾ ਪੁਰਸ਼ਾਂ ਦੀ ਸਥਿਤੀ ਨਾਲ ਮਹੱਤਵਪੂਰਨ ਪੱਧਰਾਂ ਵਿੱਚ ਕੀਤੀ ਗਈ ਹੈ। ਕੈਰਸਟੀ ਇਲੋ (Kersti Yllo, 1980) ਦੇ ਅਨੁਸਾਰ, ਇਸ ਪ੍ਰਕਾਰ ਦੇ ਆਯਾਮ ਆਰਥਿਕ ਖਿਅਕ, ਰਾਜਨੈਤਿਕ ਅਤੇ ਵਿਧਾਨਿਕ ਵੀ ਹੋ ਸਕਦੇ ਹਨ। ਅਲੱਗ-2 ਮੱਦ (Item) ਸੂਚੀ (Index) ਵਿੱਚ ਹਰ ਚਾਰਾਂ ਆਯਾਮਾਂ ਦੇ ਲਈ ਅਤੇ ਸੰਪੂਰਨ ਸੂਚੀ ਦੇ ਲਈ ਮਿਸਰਿਤ ਕਰ ਦਿੱਤੇ ਜਾਂਦੇ ਹਨ। ਇਹ ਸੂਚੀਆਂ ਸਰਵਾਸਧਿਕ (most) ਤੋ ਨਿਊਨਤਮ (least) ਸਮਾਨਤਾ ਦੇ ਲਈ ਪਦ ਪ੍ਰਦਾਨ ਕਰਦੀ ਹੈ।

5. **ਅਨੁਭਾਵਿਕ ਪਰਿਣਾਮਆਤਮਕ ਅਤੇ ਗੁਣਾਤਮਕ ਪ੍ਰਸ਼ਾਨਵਲੀ ਵਿਧੀ** (Emperical Quantitative and Qualitative Questionary Method) : ਇਸ ਵਿਧੀ ਵਿੱਚ ਤੋ ਪਰਿਵਾਰ ਤੋ ਬਾਹਰ ਅਤੇ ਅੰਦਰ ਅੰਨਤ ਵਿਅਕਤੀਮਤ ਸਬੰਧਾ ਅਤੇ ਉੱਤਰ ਦਾਤਾ ਨਾਲ ਵਿਵਹਾਰ ਅਤੇ ਵਿਸ਼ੇਗਤ ਵਿਸ਼ੇਸ਼ ਅਧਿਕਾਰ ਚੁਣੇ ਹੋਏ ਮਸਲੇ ਤੇ ਪ੍ਰਸ਼ਨ ਪੁੱਛੇ ਜਾਂਦੇ ਹਨ। ਗੁਣਾਤਮਕ ਵਿਸ਼ਲੇਸ਼ਣ ਦੇ ਲਈ ਮਾਤਰਾਮੂਲਨ ਅੰਕੜਿਆ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਅਪਾਗਮ ਅਵਧ ਧਾਰਨਾਵਾਂ (concepts), ਕਲਪਨਾ ਅਤੇ ਸਿਧਾਂਤਾ ਦੀ ਖੋਜ ਵਿੱਚ ਰੋਕ ਨਹੀਂ ਲਗਾਉਂਦੇ।

ਉਪਰੋਕਤ ਵਿਧਿਆ ਦੇ ਇਲਾਵਾ ਇਸਤੀਆਂ ਦੀ ਵਰਤਮਾਨ ਸਥਿਤੀ ਦੇ ਮੁਲਾਕਣ ਦੇ ਤਿੰਨ ਸਿਧਾਤਿਕ ਪ੍ਰਮਤਾਵਾ ਦਾ ਪ੍ਰਯੋਗ ਵੀ (ਇਸਤਰੀਆਂ ਦੇ ਅਧਿਕਾਰਾਂ) ਤੇ ਕਿਤਾ ਜਾਂਦਾ ਹੈ। ਇਹ ਹੈ ਉਦਾਰਵਾਦੀ ਨਾਰੀਵਾਦ (Liberism feminism), ਮਾਰਕਸਵਾਦੀ ਨਾਰੀਵਾਦ (Marxist feminism) ਅਤੇ ਅਮੁੱਲ ਪਰਿਵਰਤਨਵਾਦੀ ਨਾਰੀਵਾਦ (Radical feminism)। ਉਦਾਰਵਾਦੀ ਨਾਰੀਵਾਦ ਲਿੰਗ ਸਮਾਨਤਾ (Gender equality) ਅਰਥਾਤ ਇਸਤਰੀ ਪੁਰਸ਼ਾ ਦੇ ਬਰਾਬਰ ਅਧਿਕਾਰ ਮੰਨਣ ਦੀ ਧਾਰਨਾ ਨੂੰ ਅਸਵਿਕਾਰ ਕਰਦਾ ਹੈ ਅਤੇ ਇਸਤਰੀਆਂ ਨੂੰ ਮਨੁੱਖ (human Being) ਮੰਨਣ ਦੇ ਸਥਾਨ ਤੇ ਯੋਨ ਵਸਤੂ ਨਹੀਂ ਮੰਨਦਾ। ਫਿਰ ਵੀ ਵਿਚਾਰ ਲਿੰਗ ਦੇ ਅਧਾਰ ਤੇ ਮਿਹਨਤ ਵੰਡ ਨੂੰ ਚੁਣੋਤੀ ਨਹੀਂ ਦਿੰਦਾ। ਇਸ ਵਿਚਾਰ ਦੇ ਅਨੁਸਾਰ ਇਸਤਰੀ ਘਰੇਲੂ ਤੇ ਮਿਹਨਤ ਕਾਜ ਅਤੇ ਪੁਰਸ਼ ਬਾਹਰੀ ਕੰਮਕਾਜ ਦੇ ਲਈ ਹੀ ਉਪਰੋਕਤ ਹੈ।

ਮਾਰਕਸ਼ਵਾਦੀ ਨਾਰੀਵਾਦੀ ਉਸ ਪੂਰਵੀ ਵਿਚਾਰਧਾਰਾ ਤੇ ਪ੍ਰਸਥਾਨ ਦੇ ਸੰਕੇਤ ਕਰਦਾ ਹੈ ਜੋ ਨਾਰੀਵਾਦੀ ਦੇ ਪੂੰਜੀ-ਪਤੀ ਮੰਨਣ ਤੋ

ਨੋਟ

ਇਨਕਾਰ ਕਰ ਦਿੰਦਾ ਹੈ। ਮਿਹਨਤੀ ਵਿਅਕਤੀ ਵਰਗ ਦੀ ਮਾਰਕਮ ਦੀ ਪਰਿਭਾਸ਼ਾ ਵਿੱਚ ਨਿਸ਼ਚਿਤ ਰੂਪ ਨਾਲ ਇਸਤਰੀਆਂ ਵਿੱਚ ਰੂਚੀ ਸੀਮਾਂਤਰੀ ਹੈ। ਐਂਜਿਲ ਦੁਆਰਾ ਇਸਤਰੀਆਂ ਦੇ ਦਮਨ ਨੂੰ ਸੰਪਤੀ ਦਾ ਵਿਸ਼ਵ ਇਤਿਹਾਸਿਕ ਪ੍ਰਭਾਵ ਮੰਨ ਕੇ ਵਿਆਖਿਆ ਦੇ ਵਿਵੇਕਪੂਰਣ ਕਰ ਲਿਆ ਗਿਆ ਹੈ।

ਐਂਜਿਲ ਦੀ ਮਾਨਤਾ ਸੀ ਕਿ ਇਸਤਰੀ ਅਧੀਨਤਾ ਨਿੱਜੀ ਸੰਪਤੀ ਦੇ ਉਦੈ ਅਤੇ ਉਤਪਾਦਨ ਦੇ ਸਬੰਧਾ ਨੂੰ ਮਲਕੀਅਤ ਦਾ ਪ੍ਰਤੀਪਾਲ ਹੈ। ਪੁਰਸ਼ ਦੇ ਅਸਮਾਨ ਇਸਤਰੀ ਦਾ ਕੰਮ ਉਪਯੋਗ (use) ਮੁੱਲ ਤਾਂ ਰੱਖਦਾ ਹੈ। ਲੇਕਿਨ ਉਸਦਾ ਆਦਾਨ-ਪ੍ਰਦਾਨ (exchange) ਮੁੱਲ ਨਹੀ ਹੁੰਦਾ। ਇਸ ਲਈ ਪੁਰਸ਼ ਇਸਤਰੀ ਦੀ ਤੁਲਨਾ ਵਿੱਚ ਜਿਆਦਾ ਸ਼ਕਤੀ ਦਾ ਸੁਆਮੀ ਹੁੰਦਾ ਹੈ ਜਾਂ ਫਿਰ ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਇਸਤਰੀ ਦਾ ਦਮਨ ਉਸਦੇ ਮੁਫ਼ਤ ਵਿੱਚ ਕੀਤੇ ਗਏ ਘਰ ਦੇ ਕੰਮ ਕਾਰਨ ਕੀਤਾ ਜਾਂਦਾ ਹੈ।

ਆਮੂਲ ਪਰਿਵਰਤਨਵਾਦੀ ਨਾਰੀਵਾਦ (radical feminism) ਜੇਕਰ ਯੌਨ ਸਮਾਨਤਾ ਵਿੱਚ ਵਿਸ਼ਵਾਸ ਰੱਖਦਾ ਹੇ ਅਤੇ ਇਹ ਮਿਹਨਤ ਦੇ ਪਰੰਪਰਾਗਤ ਵੰਡ ਨੂੰ ਅਸਵਿਕਾਰ ਕਰਦਾ ਹੈ। ਇਸਦੀ ਮਾਨਤਾ ਹੇ ਕਿ ਲਿੰਗ ਭੂਮਿਕਾ ਨਾ ਕੇਵਲ ਜੈਵਿਕ ਕਾਰਨਾ ਦਾ ਫਲ ਹੈ, ਬਲਕਿ ਇਹ ਸੰਸਕ੍ਰਿਤਕੀ ਦਾ ਵੀ ਫਲ ਹੈ। ਇਹ ਵਿਚਾਰਧਾਰਾ ਮੁਕਤ ਯੌਨ ਅਤੇ ਮਾਤਾ-ਪਿਤਾ ਦੁਆਰਾ ਬੱਚੇ ਦੀ ਸੰਯੁਕਤ ਦੇਖਭਾਲ ਵਿੱਚ ਵਿਸ਼ਵਾਸ਼ ਰੱਖਦੀ ਹੈ। ਇਸ ਪ੍ਰਕਾਰ ਉੱਨਵੀਂ ਸ਼ਤਾਵਦੀ ਵਿਚੋ ਜਦ ਮਾਰਕਸਵਾਦੀਆਂ ਨੇ ਇਸਤਰੀਆਂ ਦੇ ਪ੍ਰਸ਼ਨ ਤੇ ਵਾਦ-ਵਿਵਾਦ ਨੂੰ ਨਿਸ਼ਚਿਤ ਮੋੜ ਪ੍ਰਦਾਨ ਕੀਤਾ (ਕਿ ਇਸਤਰੀਆਂ ਦਾ ਦਮਨ ਉਤਪਾਦਨ ਦੇ ਪੂੰਜੀਵਾਦੀ ਤਰੀਕੇ ਦੀ ਵਿਸ਼ੇਸ਼ਤਾ ਹੈ) ਤਦ ਉਹ ਜ਼ਿਆਦਾ ਮਾਨਵਤਾਵਾਦੀ ਦ੍ਰਿਸ਼ਟੀਕੋਣ ਨਾਲ ਵਿਆਖਿਆ ਪੇਸ਼ ਕਰ ਰਹੇ ਹਨ।

| | |
|---|---|
| ਕੀ ਤੁਸੀ ਜਾਣਦੇ ਹੋ | ਸਮਕਾਲੀਨ ਨਾਰੀਵਾਦ ਦਾ ਓਦੈ ਨਵੇ ਵਾਂਮਪੰਥੀ ਅਤੇ 1960 ਦੇ ਦਸ਼ਕ ਦੇ ਵਿਦਿਆਰਥੀ ਅੰਦੋਲਨ ਦਾ ਪ੍ਰਤੀਫਲ ਹੈ। |

ਉਪਰੋਕਤ ਵਿਚਾਰਧਾਰਾਵਾਂ ਦੀ ਪਿੱਠਭੂਮੀ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਇਸਤਰੀਆਂ ਦੀ ਸਥਿਤੀ ਵਿੱਚ 1950 ਦੇ ਬਾਅਦ ਤੋਂ ਉਚਿਤ ਸੁਧਾਰ ਹੋਇਆ ਹੈ। ਸੰਰਚਨਾਤਮਕ ਅਤੇ ਸੰਸਕ੍ਰਿਤਕ ਦੋਨਾਂ ਹੀ ਪ੍ਰਕਾਰ ਦੇ ਪਰਿਵਰਤਨਾਂ ਨੇ ਇਸਤਰੀਆਂ ਨੂੰ ਨਾ ਕੇਵਲ ਸਿੱਖਿਆ, ਰੋਜ਼ਗਾਰ ਅਤੇ ਰਾਜਨੈਤਿਕ ਭਾਗੀਦਾਰੀ ਵਿੱਚ ਸਮਾਨ ਮੌਕੇ ਪ੍ਰਦਾਨ ਕੀਤੇ ਹਲ ਬਲਕਿ ਇਸਤਰੀਆਂ ਦੇ ਸ਼ੋਸ਼ਣ ਨੂੰ ਵੀ ਘੱਟ ਕੀਤਾ ਹੈ। ਅਤੇ ਉਹਨਾਂ ਨੂੰ ਆਪਣੇ ਸੰਗਠਨ ਬਣਾਉਣ ਦੇ ਮੌਕੇ ਪ੍ਰਦਾਨ ਕੀਤੇ ਹਨ। ਜਿਸ ਵਿਚ ਉਹ ਆਪਣੀਆਂ ਸਮੱਸਿਆਵਾਂ ਵਿੱਚ ਜ਼ਿਆਦਾ ਰੂਚੀ ਲੈ ਸਕੇ। ਇਸ ਤੋਂ ਜ਼ਿਆਦਾ ਇਸ ਗੱਲ ਨੂੰ ਵੀ ਜ਼ਿਆਦਾ ਅਨੁਭਵ ਕੀਤਾ ਜਾ ਰਿਹਾ ਹੈ ਕਿ ਖੋਜ ਕੇਂਦਰ, ਰਾਸ਼ਟਰੀ ਨੀਤੀ ਅਤੇ ਇਸਤਰੀ-ਪਰਕ ਪ੍ਰੋਗਰਾਮਾ ਦੇ ਵਿੱਚ ਇੱਕ ਸਮਤਾਲ ਹੋਣਾ ਚਾਹੀਦਾ ਹੈ। ਇਸਤਰੀਆਂ ਦੇ ਨਿਮਨ ਸਤਰ ਤੇ ਕਾਰਨਾ ਦੇ ਅਧਿਐਨ ਅਤੇ ਹਰ ਇੱਕ ਖੇਤਰ ਵਿੱਚ ਉਹਨਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਦੇ ਉਦੇਸ਼ ਨਾਲ ਕੇਂਦਰੀ ਅਤੇ ਰਾਜ ਸਰਕਾਰਾਂ ਨੇ ਵਿਭਿੰਨ ਕਮਿਸ਼ਨ ਦੀ ਨਿਯੁਕਤੀ ਕੀਤੀ ਹੈ। ਕੇਂਦਰ ਸਰਕਾਰ ਨੇ ਦੋ ਐਸੇ ਮਹੱਤਵਪੂਰਨ ਕਮਿਸ਼ਨ 1971 ਅਤੇ 1992 ਵਿੱਚ ਨਿਯੁਕਤ ਕੀਤੇ ਸਨ। 31 ਜਨਵਰੀ 1992 ਨੂੰ ਮਹਿਲਾਵਾਂ ਦੇ ਲਈ ਰਾਸ਼ਟਰੀ ਕਮਿਸ਼ਨ ਦਾ ਗਠਨ ਕੀਤਾ ਗਿਆ, ਜਿਸਦਾ ਉਦੇਸ਼ ਸੀ, ਮਹਿਲਾਵਾ ਨਾਲ ਸੰਬੰਧਿਤ ਮਾਮਲੇ ਨੂੰ ਦੇਖਣਾ, ਇਸਤਰੀਆਂ ਦੇ ਸਤਰ ਦੀ ਜਾਂਚ ਕਰਨਾ।

ਇਸ ਲੇਖਕ ਦਾ ਮੰਨਣਾ ਹੈ ਕਿ ਭਾਰਤੀ ਮਹਿਲਾਵਾਂ ਅੱਜ ਵੀ ਆਰਥਿਕ ਰੂਪ ਨਾਲ ਪੁਰਸ਼ ਦੇ ਬੋਲਵਾਲ ਤੋਂ ਮੁਕਤ ਨਹੀਂ ਹੈ। ਸਮਾਜਿਕ ਨੈਤਿਕ ਅਤੇ ਮਨੋਵਿਗਿਆਨਕ ਵਿੱਚ ਵੀ ਉਸਦੀ ਸਥਿਤੀ ਪੁਰਸ਼ ਦੇ ਸਮਰੂਪ ਨਹੀ ਹੈ। ਜਿਸ ਪ੍ਰਕਾਰ ਉਹ ਨੌਕਰੀ ਕਰਦੀ ਹੈ, ਘਰ ਦਾ ਕੰਮ ਕਰਦੀ ਹੈ, ਇਨ੍ਹਾਂ ਸਭ ਦੇ ਪ੍ਰਤੀ ਉਸਦੀ ਨਿਸ਼ਠਾ ਉਸਦੇ ਜੀਵਨ ਦੇ ਸਵਰੂਪ ਦੇ ਸੰਦਰਭ ਤੇ ਨਿਰਭਰ ਕਰਦੀ ਹੇ। ਜਦ ਉਹ ਆਪਣਾ ਪ੍ਰੌੜ੍ਹ ਜੀਵਨ ਆਰੰਭ ਕਰਦੀ ਹੈ ਤਦ ਉਸਦਾ ਅਤੀਤ ਵੈਸਾ ਨਹੀ ਹੁੰਦਾ ਜਿਵੇਂ ਪੁਰਸ਼ ਦਾ ਹੁੰਦਾ ਹੈ। ਸਮਾਜ ਦੇ ਦੁਆਰਾ ਉਸਦਾ ਮੁਲਾਕਣ ਬਿਲਕੁਲ ਭਿੰਨ ਦ੍ਰਿਸ਼ਟੀਕੋਣ ਵਿੱਚ ਹੁੰਦਾ ਹੈ। ਇੱਕ ਵੱਡੀ ਸੰਖਿਆ ਵਿੱਚ ਮਹਿਲਾਵਾਂ ਮੁਕਤੀ ਪ੍ਰਾਪਤ ਕਰਨ ਵਿੱਚ ਅਸਫ਼ਲ ਰਹਿੰਦੀ ਹੈ ਕਿਉਂਕਿ ਉਹ ਪਰੰਪਰਾਗਤ ਨਾਰੀ ਜਗਤ ਦੇ ਘੇਰੇ ਤੋਂ ਬਾਹਰ ਨਹੀ ਨਿਕਲ ਪਾਉਂਦੀ। ਉਨ੍ਹਾਂ ਨੇ ਨਾ ਤਾ ਸਮਾਜ ਤੋਂ ਹੀ ਅਤੇ ਨਾ ਆਪਣੇ ਪਤੀ ਤੋਂ ਹੀ ਪੁਰਸ਼ਾ ਦੇ ਬਰਾਬਰ ਹੋਣ ਦੇ ਲਈ ਜ਼ਰੂਰੀ ਸਹਾਇਤਾ ਮਿਲਦੀ ਹੈ। ਨਿਰਸੰਦੇਹ ਅੱਜ ਵੀ ਉਹ ਪੁਰਸ਼ ਦੇ ਅੱਤਿਆਚਾਰਾ ਦਾ ਸ਼ਿਕਾਰ ਹੈ।

ਇਸਤਰੀਆਂ ਨੂੰ ਅਧਿਕਾਰਾਂ ਤੋਂ ਵਾਂਝਾ ਰੱਖਣ ਦੇ ਲਈ ਵਿਅਕਤੀਕਵ, ਆਰਥਿਕ ਅਤੇ ਜਨਸੰਖਿਆ ਸੰਬੰਧੀ ਕਾਰਨ ਹੋ ਸਕਦੇ ਹਨ, ਵਿਅਕਤੀਕ ਕਾਰਨਾ ਦਾ ਸਬੰਧ ਉਨ੍ਹਾਂ ਪੁਰਸ਼ਾ ਦੇ ਵਿਅਕਤਿਤਵ ਦੀਆਂ ਵਿਸ਼ੇਸ਼ਤਾਵਾਂ ਨਾਲ ਹੈ। ਜੋ ਨਿਮਨ ਯੋਗਤਾ ( I.O) ਯੋਗਤਾ ਰੱਖ ਦੇ ਹਨ। ਜੋ ਕਚਿਆਈ, ਨਿਰਾਸਤਾ ਅਤੇ ਆਸਹੀਣਤਾ ਨਾਲ ਪ੍ਰੜਿਤ ਹੁੰਦੇ ਹਨ ਅਤੇ ਜੋ ਇਸਤਰੀਆਂ ਤੋਂ ਅਯਥਾਰਥਵਾਦੀ ਉੱਚੇ ਆਸ਼ਾਵਾ ਰੱਖਦੇ ਹਨ ਅਤੇ ਆਸ਼ਾ ਕਰਦੇ ਹਨ ਕਿ ਉਹ ਨਿਸ਼ਕਿਰਿਆ ਅਤੇ ਸੈਹਨਸ਼ੀਲ ਬਣੀ ਰਹੇ। ਜਿੱਥੋ ਤੱਕ ਆਰਥਿਕ ਕਾਰਨਾ ਦਾ ਸੰਬੰਧ ਹੈ, ਨਾ ਕਮਾਉਣ ਵਾਲੀਆਂ ਇਸਤਰੀਆਂ ਨੂੰ , ਕਮਾਉਣ ਵਾਲੀਆਂ ਮਹਿਲਾਵਾਂ ਦੀ ਤੁਲਨਾ ਵਿੱਚ ਅਧਿਕਾਰਾਂ ਤੋਂ ਜ਼ਿਆਦਾ ਵਾਂਝੇ ਰੱਖਿਆ ਜਾਂਦਾ ਹੇ, ਨਿਮਨ ਅਤੇ ਮੱਧ ਤਨਖਾਹ ਵਰਗ ਮਹਿਲਾਵਾਂ ਨੂੰ ਉੱਚ ਤਨਖਾਹ ਵਰਗੀ ਮਹਿਲਾਵਾਂ ਦੀ ਤੁਲਨਾ ਵਿੱਚ ਅਧਿਕਾਰਾ ਤੋਂ ਜ਼ਿਆਦਾ ਵਾਂਝਾ ਰੱਖਿਆ ਜਾਂਦਾ ਹੇ। ਅਤੇ ਨੌਕਰੀਆਂ ਵਿੱਚ ਨਿਮਨ ਸਤਰ ਦੀਆਂ ਨੌਕਰੀਆਂ ਵਿੱਚ ਲੱਗੀਆਂ ਇਸਤਰੀਆਂ ਨੂੰ ਉੱਚ ਪਦ ਵਾਲੀਆਂ ਨੌਕਰੀਆਂ ਵਿੱਚ ਲੱਗੀਆਂ ਮਹਿਲਾਵਾਂ ਦੀ ਤੁਲਨਾਂ ਘੱਟ

ਨੋਟ

ਅਧਿਕਾਰ ਹੁੰਦੇ ਹਨ। ਅੰਤ ਵਿਚ ਜਿਥੋ ਤੱਕ ਜਨਸੰਖਿਆ ਕਾਰਨਾਂ ਦਾ ਸੰਬੰਧ ਹੈ, ਵੂੱਚ ਜਾਤੀਆਂ ਦੀਆਂ ਮਹਿਲਾਵਾਂ ਨੂੰ ਨਿਮਨ ਅਤੇ ਮੱਧਜਾਤੀ ਦੀ ਮਹਿਲਾਵਾਂ ਦੀ ਤੁਲਨਾਂ ਵਿੱਚ ਘੱਟ ਵਾਂਝਾ ਕਰਦੇ ਹਨ। ਅਤੇ ਮਹਿਲਾਵਾਂ ਦੁਆਰਾ ਮਹਿਲਾਵਾਂ ਨੂੰ ਅਧਿਕਾਰਾਂ ਤੋਂ ਜ਼ਿਆਦਾ ਵਾਂਝਾ ਕੀਤਾ ਜਾਂਦਾ ਹੈ। ਤੁਲਨਾਤਮਕ ਪੁਰਸ਼ਾਂ ਦੁਆਰਾ ਮਹਿਲਾਵਾਂ ਨੂੰ। ਇਹ ਸਾਨੂੰ ਉਹਨਾ ਪੁਰਸ਼ਾਂ ਦੀ ਪਰਿਚਾਣ ਕਰਾਉਣ ਵਿੱਚ ਸਹਾਇਤਾ ਕਰਦਾ ਹੈ ਜੋ ਇਸਤਰੀਆਂ ਨੂੰ ਅਧਿਕਾਰ ਦੇਣ ਤੋਂ ਇਨਕਾਰ ਕਰਦੇ ਹਨ। ਇਹ ਉਹ ਪੁਰਸ਼ ਹੁੰਦੇ ਹਨ ਜੋ ਹੀਣ ਭਾਵਨਾ ਦੇ ਸ਼ਿਕਾਰ ਹੁੰਦੇ ਹਨ। ਨਿਰਾਸ਼ਾ ਨਾਲ ਭਰੇ ਹੁੰਦੇ ਹਨ ਬੁੱਧੀ ਅਤੇ ਯੋਗਤਾ ਘੱਟ ਰੱਖਦੇ ਹਨ ਜਾ ਫਿਰ ਸਮਾਜ ਕਰੂਪਤਾ ਅਤੇ ਮਨੋ-ਕਰੂਪਤਾ ਨਾਲ ਪੀੜਿਤ ਹੁੰਦੇ ਹਨ। ਅਰਥਾਤ ਉਨ੍ਹਾਂ ਦਾ ਵਿਅਕਤੀਤਵ ਅਸਥਿਰ ਹੁੰਦਾ ਹੈ, ਸੁਭਾਅ ਤੋਂ ਸ਼ੰਕਾ ਕਰਨ ਵਾਲ ਆਪਣੇ ਬਚਪਨ ਵਿੱਚ ਹਿੰਸਾ ਦੇ ਸ਼ਿਕਾਰ ਹੋਏ ਹੁੰਦੇ ਹਨ। ਅਤੇ ਪਰਿਵਾਰ ਵਿੱਚ ਤਣਾਅਪੂਰਨ ਸਥਿਤੀਆਂ ਦਾ ਸਾਹਮਣਾ ਕਰਦੇ ਰਹਿੰਦੇ ਹਨ। ਉਨ੍ਹਾਂ ਇਸਤਰੀਆਂ ਨੂੰ ਵੀ ਅਲੱਗ ਤੋਂ ਪਹਿਚਾਨਿਆ ਜਾਦਾ ਹੇ ਜਿਨ੍ਹਾਂ ਨੂੰ ਅਧਿਕਾਰਾਂ ਤਸਂ ਵਾਂਝਾ ਰੱਖਿਆ ਜਾਂਦਾ ਹੈ। ਉਹ ਇਸਤਰੀਆਂ ਖੁਦ ਨੂੰ ਬੇਬਸ ਅਨੁਭਵ ਕਰਦੀ ਹੈ, ਹੀਣ ਭਾਵਨਾ ਨਾਲ ਗ੍ਰਹਿਸਤ ਹੁੰਦੀ ਹੈ, ਖੁਦ ਦੇ ਵਿਸ਼ੇ ਵਿੱਚ ਹੀਨ ਧਾਰਨਾਵਾਂ ਰੱਖਦੀ ਹੇ, ਸਮਾਜਿਕ ਪਰਿਪੱਕਤਾ ਵਿੱਚ ਘਾਟ ਮਹਿਸੂਸ ਕਰਦੀ ਹੇ ਅਤੇ ਆਰਥਿਕ ਰੂਪ ਵਿਚ ਕਿਸੇ ਤੇ ਨਿਰਭਰ ਹੁੰਦੀ ਹੈ।

ਅਸੀ ਛੇ ਪ੍ਰਕਾਰ ਦੇ ਅਧਿਕਾਰਾਂ ਤੋਂ ਵੰਚਣ (deprivation) ਨੂੰ ਵੀ ਅਲੱਗ ਤੋ ਪਹਿਚਾਣ ਸਕਦੇ ਹਾਂ: ਧਨ ਦੇ ਪਰਕ (money oriented), ਆਨੰਦਪਰਕ (pleasure oriented) ਹੁੰਦੇ ਹਨ। ਸ਼ਕਤੀ ਪਰਕ (power oriented), ਪੀੜਿਤ ਇਸਤਰੀ ਪਰਕ (victim oriented), ਇਨਕਾਰ ਕਰਨ ਵਾਲੀ ਵਿਰਤੀ ਦੇ ਫਲਸਰੂਪ (denier's pathology oriented), ਅਤੇ ਪਰਿਵਾਰ ਦੀ ਤਣਾਅ ਪੂਰਣ ਸਥਿਤੀਆਂ ਦੇ ਫਲਸਰੂਪ (Stressful family situation oriented)।

## ਸਵੈ ਮੁਲਾਕਣ (Self Assessment)

2. **ਖਾਲੀ ਸਥਾਨਾਂ ਨੂੰ ਭਰੋ (Fill in the Blanks):**

1. .......... ਦੀ ਮੌਤ ਦੇ ਬਾਅਦ ਕਸਤੂਰਬਾ ਗਾਂਧੀ ਰਾਸਟਰੀ ਸਮਾਰਕ ਟਰੈਸਟ ਆਰੰਭ ਕੀਤਾ ਗਿਆ।
2. ............ ਦੇ ਆਦਰਸ਼ਾਂ ਦੇ ਅਨੁਸਾਰ ਪੁਰਸ਼ ਇਸਤਰੀਆਂ ਤੋਂ ਸਰੇਸ਼ਠ ਹੁੰਦੇ ਹਨ।
3. ............. ਅਨੁਭਾਵਿਕ ਖੋਜ ਵਿਧੀ ਇਸਤਰੀਆਂ ਦੀ ਸਥਿਤੀ ਅਤੇ ਪਤੀਆਂ ਦੇ ਬੋਲਬਾਲ ਦੇ ਵਿੱਚ ਦੇ ਸਬੰਧਾ ਤੇ ਮੁਲਾਂਕਣ ਸੰਕੇਤ ਪੇਸ਼ ਕਰਦੀ ਹੈ।
4. ............ ਦੇ ਲਈ ਮਾਤਰਾ ਮੂਲਕ ਅੰਕੜੇ ਦਾ ਪ੍ਰਯੋਗ ਕੀਤਾ ਜਾਂਦਾ ਹੈ।
5. ........... ਨੂੰ ਮਹਿਲਾਵਾਂ ਦੇ ਲਈ ਰਾਸ਼ਟਰੀ ਕਮਿਸ਼ਨ ਦਾ ਗਠਨ ਕੀਤਾ ਗਿਆ।

## 10.5 ਇਸਤਰੀਆਂ ਅਤੇ ਰੋਜਗਾਰ (Women and Employment)

ਮਿਹਨਤ ਦੇ ਬਾਜਾਰ ਵਿੱਚ ਇਸਤਰੀਆਂ ਨੂੰ ਹਾਨੀ ਉਠਾਉਣੀ ਪੈਂਦੀ ਹੈ। ਇਹ ਹਾਨੀ ਉਨਾਂ ਦੀ ਅਨਪੜ੍ਹਤਾ, ਸਮੱਰਥਾ ਦੀ ਘਾਟ, ਸਮਾਜ ਵਿਵਸਥਾ ਵਿੱਚ ਹੀਣ ਸਥਿਤੀ ਅਤੇ ਫੈਸਲਾ ਕਰਨ ਅਤੇ ਸ਼ਕਤੀ ਦੀ ਸੰਰਚਨਾ ਤੋਂ ਉਨ੍ਹਾਂ ਨੂੰ ਬਾਹਰ ਰੱਖਣ ਵਰਗੀਆਂ ਸਥਿਤੀਆਂ ਦਾ ਪ੍ਰਤੀਫਲ ਹੈ।

1. **ਕੰਮਕਾਜੀ ਮਹਿਲਾਵਾਂ (The Working Women)** : - 1991 ਦੀ ਜਨਗਣਨਾ ਕਮਿਸ਼ਨਰ ਦੀ ਰਿਪੋਰਟ ਦੇ ਅਨੁਸਾਰ ਸ਼ਹਿਰਾ ਅਤੇ ਪਿੰਡਾਂ ਵਿੱਚ ਹੀ ਘਰਾਂ ਦੀ ਚਾਰ ਦੀਵਾਰੀ ਤਸੀ ਬਾਹਰ ਆ ਕੇ ਕੰਮ ਕਰਨ ਵਾਲੀਆਂ, ਮਹਿਲਾਵਾਂ ਦੀ ਸੰਖਿਆ ਵਿੱਚ ਉਲੇਖ ਵਾਧਾ ਹੋਇਆ ਹੇ। 1971 ਦੀ ਜਨਗਣਨਾ ਦੇ ਅੰਕੜਿਆ ਦੇ ਅਨੁਸਾਰ ਦੇਸ਼ ਦੀ ਕੁੱਝ ਕੰਮ ਸ਼ਕਤੀ ਵਿੱਚ 13.0% ਮਹਿਲਾ ਮਜ਼ਦੂਰ ਸਨ। ਇਹ ਪ੍ਰਤੀਸ਼ਤ 1981 ਵਿੱਚ 25.89 ਅਤੇ 1991 ਵਿੱਚ 28.57 ਹੋ ਗਿਆ। ਲਗਪਗ 80% ਮਹਿਲਾਵਾਂ ਖੇਤੀ ਕੰਮਾਂ ਵਿੱਚ ਲੱਗੀਆਂ ਹਨ। ਕੇਵਲ 12.0% ਇਸਤਰੀਆਂ ਹੀ ਕੇਂਦਰੀ ਅਤੇ ਰਾਜ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਅਤੇ ਸਰਵਜਨਿਕ ਸਥਾਨਾ ਤੇ ਲੱਗੀ ਹੇ। ਸਾਰਣੀ 1 ਅਤੇ 2 ਕੁੱਲ ਮਹਿਲਾ ਜਨਸੰਖਿਆ ਅਤੇ ਅਨੈਤਨਿਕ ਮਜਦੂਰਾਂ ਦੀ ਸੁਝਾਉਣਾ ਹੈ, ਜੋ ਕਿ 1981 ਵਿੱਚ 20.76 ਮਿਲਿਅਨ ਤਸਂ ਵੱਧ ਕੇ 1991 ਵਿੱਚਸ 28.27 ਮਿਲੀਅਨ ਹੋ ਗਈ।

**ਤਾਲਿਕਾ 1**

ਭਾਰਤ ਵਿੱਚ ਇਸਤਰੀ ਜਨਸੰਖਿਆ ਅਤੇ ਮਹਿਲਾ ਕਾਮਗਰ

| ਸ਼੍ਰੇਣੀ | ਇਸਤਰੀ ਜਨਸੰਖਿਆ (ਮਿਲੀਅਨਾਂ ਵਿੱਚ) | | | | ਇਸਤਰੀ ਕਾਮਗਰ (ਮੁੱਖ ਤੇ ਸੀਮਾ) (ਮਿਲੀਅਨਾਂ ਵਿੱਚ) | | | ਇਸਤਰੀ ਕਾਮਗਰ ਦਾ ਕੰਮ ਭਾਗੀਦਾਰੀ ਦੀ ਦਰ | | |
|---|---|---|---|---|---|---|---|---|---|---|
| | 1961 | 1971 | 1981 | 1991 | 1971 | 1981 | 19761 | 1971 | 1981 | |
| ਕੁੱਲ | 206.2 | 255.0 | 318.2 | 406.5 | 57.5 | 36.2 | 66.3 | 5.57 | 3.62 | 6.63 |
| ਗ੍ਰਾਮੀਨ | 170.6 | 205.6 | 245.1 | 304.0 | 53.6 | 32.7 | 58.5 | 5.36 | 3.27 | 5.85 |
| ਸ਼ਹਿਰੀ | 35.6 | 49.4 | 73.1 | 102.5 | 3.9 | 3.5 | 7.8 | 0.39 | 0.35 | 0.78 |

ਨੋਟ

ਸਰੋਤ: Social Welfare Statistics , 1981, 103-105

1979 ਵਿੱਚ ਫੈਕਟਰੀ ਵਿੱਜ ਰੋਜ਼ਗਾਰ ਪ੍ਰਾਪਤ ਇਸਤਰੀਆਂ ਦੀ ਸੰਖਿਆ 5.14 ਲੱਖ ਸੀ, ਖਾਣਾ ਵਿੱਚ 0.8 ਲੱਖ ਅਤੇ ਬਾਗਾਂ ਨੂੰ 4.18 ਲੱਖ ਸੀ।

ਭਾਰਤ ਵਿੱਚ ਕੁੱਲ ਕੰਮਕਾਜੀ ਮਹਿਲਾਵਾਂ ਵਿੱਚੋਂ ਹਰ ਇੱਕ 100 ਸੇਵਾਯੁਕਤ ਮਹਿਲਾਵਾਂ ਵਿੱਚ 52.59 ਅਨਪੜ ਹਨ।28.56 ਪ੍ਰਾਪਇਮਰੀ ਅਤੇ ਮਿਡਲ ਸਤਰ ਤੱਕ ਸਿੱਖਿਅਤ, 13.78 ਸੈਕੰਡਰੀ ਸਤਰ ਤੱਕ ਸਿੱਖਿਆ ਅਤੇ 5.07 ਅਤੇ ਇਸ ਤੋਂ ਉੱਪਰ ਸਿੱਖਿਆ ਹਨ। (ਉਹੀ 124) ਸ਼ਹਿਰੀ ਖੇਤਰਾਂ ਵਿਚੋ ਹਰ ਇੱਕ 100 ਸੇਵਾ ਯੁਕਤ ਮਹਿਲਾਵਾਂ ਵਿੱਚੋ 25.83 ਅਨਪੜ 35.49 ਪ੍ਰਾਇਮਰੀ ਅਤੇ ਮਿਡਲ ਤੱਕ, 25.71 ਸਕੈਂਡਰੀ ਤੱਕ ਅਤੇ 12.97 ਸਨਾਤਕ ਅਤੇ ਜ਼ਿਆਦਾ ਤੱਕ ਸਿੱਖਿਅਤ ਹੈ। ਗ੍ਰਾਮੀਣ ਖੇਤਰਾਂ ਵਿੱਚ ਹਰ ਇੱਕ 100 ਸੇਵਾਯੁਕਤ ਮਹਿਲਾਵਾਂ ਵਿਚੋ 88.11 ਅਨਪੜ੍ਹ, 10.68 ਪ੍ਰਾਇਮਰੀ ਜਾ ਮਿਡਲ ਤੱਕ ਅਤੇ 1.21 ਮਿਡਲ ਤੋਂ ਉੱਪਰ ਸਿੱਖਿਅਤ ਹੈ।

ਤਾਲਿਕਾ-2

ਮਹਿਲਾ ਕਾਮਗਰ ਦੀ ਪ੍ਰਤੀਸ਼ਤ ਵਿੱਚ ਅਸਧਾਰਨਤਾ

| ਸ਼੍ਰੇਣੀ | 1961 | 1971 | 1981 |
|---|---|---|---|
| ਕਿਸਾਨ | 15.45 | 3.61 | 4.77 |
| ਖੇਤੀ ਮਜ਼ਦੂਰ | 6.87 | 6.18 | 6.58 |
| ਹੋਰ ਮਜ਼ਦੂਰ | 5.61 | 2.34 | 3.09 |
| ਕੁੱਝ ਮਹਿਲਾ | 27.93 | 12.13 | 14.44 |

2. ਕਾਰਜ ਪ੍ਰੇਰਣਾ (**Work Motivation**)-ਮਹਿਲਾਵਾਂ ਕੰਮ ਕਿਉਂ ਲੱਭਦੀਆਂ ਹਨ ? ਇਸਤਰੀਆਂ ਵਿੱਚ ਰੋਜ਼ਗਾਰ ਦੇ ਲਈ ਪ੍ਰੇਰਣਾ ਪੁਰਸ਼ਾ ਤੋਂ ਪਿੰਨ ਹੁੰਦੀ ਹੈ। ਸਪੱਸ਼ਟ ਕਾਰਨ ਤਾਂ ਇਹ ਹੇ ਧਨ ਦੀ ਜਰੂਰਤ, ਲੇਕਿਨ ਇਹ ਕਹਿਣਾ ਗਲਤ ਹੈ ਕਿ ਸਾਰੀਆਂ ਮਹਿਲਾਵਾਂ ਧਨ ਦੇ ਕਾਰਨ ਹੀ ਨੌਕਰੀ ਕਰਦੀਆਂ ਹਨ । ਇਕ ਅਧਿਐਨ ਵਿੱਚ 728 ਕੰਮਕਾਜੀ ਮਹਿਲਾਵਾ ਦੇ ਅਧਿਐਨ ਵਿੱਚ ਨੌਕਰੀ ਕਰਨ ਦੀ ਪ੍ਰਮੁੱਖ ਕਾਰਨ ਇਸ ਪ੍ਰਕਾਰ ਪਾਏ ਗਏ- ਪਤੀ ਦੁਆਰਾ ਤਿਆਗ ਅਤੇ ਘਰ ਤੋਂ ਬਾਹਰ ਕੰਮ ਕਰਨ ਦੀ ਤਰਜੀਹ ਦੇਣ ਦਾ ਕਾਰਨ। ਮੋਟੇ ਤੌਰ ਤੇ ਕਿਹਾ ਜਾਵੇ ਤਾਂ 89.0% ਮਹਿਲਾਵਾਂ ਆਰਥਿਕ ਜਰੂਰਤਾ ਦੇ ਕਾਰਨ ਹੀ ਨੌਕਰੀ ਕਰਦੀਆਂ ਹਨ।

ਦੀਪਾ ਮਾਥੁਰ (1992:23) ਨੇ ਜੇਪੁਰ (ਰਾਜਸਥਾਨ) ਵਿੱਚ 225 ਕੰਮਕਾਜੀ ਮਹਿਲਾਵਾਂ ਦੇ ਅਧਿਐਨ ਨਾਲ ਸਹਿਲਾਣਾ ਦੇ ਸੇਵਾਯੁਕਤ ਹੋਣ ਦੇ ਛੇ ਕਾਰਨ ਪਤਾ ਚਲਦੇ ਹਨ।ਆਰਥਿਕ ਜਰੂਰਤ ਜਾ ਪਰਿਵਾਰ ਦੀ ਆਮਦਨ ਵਿੱਚ ਸਹਿਯੋਗ (22.7%) ਭਾਵੀ ਕੁਸਮੇਂ ਤੋਂ ਸੁਰੱਖਿਆ (20%) ਰਹਿਣ ਸਹਿਣ ਦੇ ਸਤਰ ਨੂੰ ਉੱਚਾ ਉਠਾਉਣ ਦੇ ਲਈ (20.4%) ਮਨ ਬਹਿਲਾਉਣ ਅਤੇ ਸਮਾਜਿਕ ਸੰਪਰਕਾ ਦੇ ਕਾਰਨ (17.3%) ਵਿਅਕਤੀਗਤ ਸਨਮਾਨ ਅਤੇ ਆਰਜ਼ੂ ਦੇ ਕਾਰਨ (12.4%) ਆਤਮ ਸੰਮਾਨ ਦੀ ਪੂਰਤੀ (7.2%)। ਇਸ ਪ੍ਰਕਾਰ 63.0% ਇਸਤਰੀਆ ਆਰਥਿਕ ਜਰੂਰਤਾ ਦੇ ਕਾਰਣ ਕੰਮ ਕਰਦੀ ਸੀ ਅਤੇ 37.0% ਲਾਭਰਹਿਤ ਕਾਰਨਾ ਤੋਂ। ਜਦ ਉਹਨਾਂ ਇਸਤਰੀਆਂ ਤਸਂ ਪੁਛਿਆ ਗਿਆ ਕਿ ਜਦ ਉਹਨਾਂ ਨੇ ਸਵੈ ਇੱਛਾ ਪ੍ਰਦਾਨ ਕੀਤੀ ਜਾਵੇ ਕਿ ਉਹ ਪੂਰਨ ਸੰਸਾਰੀ ਸੇਵਾ ਯੁਕਤ ਬਣਨਾ ਪ੍ਰਸੰਦ ਕਰੇਗੀ ਜਾ ਪੂਰਨ ਸੰਸਾਰੀ ਗ੍ਰਹਿਣੀ, ਤਾਂ 52.0% ਨੇ ਕੇਵਲ ਗ੍ਰਹਿ ਕਾਰਜ ਪ੍ਰਸੰਦ ਕੀਤਾ ਅਤੇ 48.0% ਨੇ ਗ੍ਰਹਿ ਕਾਰਜ ਅਤੇ ਨੌਕਰੀ ਦਾ ਤਾਲ-ਮੇਲ (ਉਹੀ 24) 1 ਇਸ ਪ੍ਰਕਾਰ ਅੱਧੀ ਤੋਂ ਕੁੱਝ ਘੱਟ ਮਹਿਲਾਵਾਂ ਨੇ ਕੰਮ ਕਰਨ ਦੀ ਉਤਸੁਕਤਾ ਦਿਖਾਈ ਅਤੇ ਅੱਧੇ ਤੋਂ ਕੁੱਝ ਅਧਿਕ ਨੇ ਕੰਮ ਦੇ ਲਈ ਅਣਇੱਛਾ ਦਿਖਾਈ। ਪ੍ਰੇਰਣਾ ਸਤਰ ਦੇ ਮਾਪਨ ਤੋਂ ਪਤਾ ਲੱਗਦਾ ਹੇਂ ਕ 47.5% ਮਹਿਲਾਵਾਂ ਦਾ ਪ੍ਰੇਰਣਾ ਪੱਧਰ ਬਹੁਤ ਉੱਚਾ ਸੀ 35.1% ਦਾ ਮੱਧ ਸੀ, ਅਤੇ 17.3% ਦਾ ਨਿਮਨ ਸੀ। ਉੱਚ ਪ੍ਰੇਰਣਾ ਪੱਧਰ ਦਾ ਸੰਬੰਧ ਉੱਚ ਸਿੱਖਿਆ ਸਤਰ ਨਾਲ, ਨੌਕਰੀ ਦੇ ਉੱਚ ਸੰਤੋਖ ਨਾਲ ਅਤੇ ਘੱਟ ਉਮਰ ਨਾਲ ਸੀ। 24.0% ਮਾਮਲਿਆ ਵਿੱਚ ਪ੍ਰੇਰਣਾ ਦਾ ਸਰੋਤ ਸੀ ਜਨਕ ਪਰਿਵਾਰ (ਮਾਤਾ- ਪਿਤਾ, ਭਾਈ, ਭੈਣ 23.0%) ਮਾਮਲਿਆ ਵਿਚ ਸਰੋਤ ਸੀ ਜਨਨ ਪਰਿਵਾਰ, 9.0% ਮਾਮਲਿਆ ਵਿੱਓ ਮਿੱਤਰ ਅਤੇ ਅਧਿਆਪਕ ਸਨ ਅਤੇ 39% ਮਾਮਲਿਆ ਵਿੱਚ ਸਰੋਤ ਸਵੈ ਪ੍ਰੇਰਣਾ ਸੀ।

ਕੰਮ ਦੀ ਪ੍ਰੇਰਣਾ ਦੀ ਪ੍ਰਵਿਰਤੀ ਵਿੱਚ ਵਾਧਾ ਕਰਨ ਵਾਲੇ ਕਾਰਨਾ ਦੀ ਤਰ੍ਹਾਂ ਕੁੱਝ ਐਸੇ ਕਾਰਕ ਵੀ ਹਨ। ਜੋ ਇਸ ਪ੍ਰਵਿਰਤੀ ਨੂੰ ਘੱਟ ਕਰਦੇ ਹਨ। ਦੀਪਾ ਮਾਥੁਰ ਦੇ ਅਧਿਐਨ (ਉਹੀ 36%) ਵਿੱਚ ਪ੍ਰੇਰਣਾ ਕਰਨ ਵਾਲੇ ਕਾਰਨ ਸਨ। ਉਪਯੁਕਤ ਨੌਕਰੀਆਂ ਦਾ ਉਪਲਬਧ ਨਾ ਹੋਣਾ (49%), ਸਮਰੱਥਾ ਵਿੱਚ ਕਮੀ (20%), ਕੰਮ ਕਰਨ ਦੀ ਇੱਛਾ ਵਿੱਚ ਕਮੀ (18%), ਪਤੀ ਤੋਂ ਹੌਸਲਾ ਨਾ ਮਿਲਣਾ (8%) ਅਤੇ ਪਤੀ ਦੀ ਨੌਕਰੀ ਦੀਆ ਜਰੂਰਤਾ ਦੇ ਨਾਲ ਅਸੰਗਤੀ (5%)।

ਟਾਸਕ 1940 ਵਿੱਚ ਇਸਤਰੀਆਂ ਦੀ ਨੀਵੀਂ ਦਸ਼ਾ ਦੇ ਕੀ ਕਾਰਣ ਸਨ ?

ਨੋਟ

3. **ਦੋਹਰੀ ਭੂਮਿਕਾ ਦਾ ਸੰਤੋਸ਼** (Dual Role Satisfaction) — ਕਿੰਨੀਆ ਇਸਤਰੀਆਂ ਆਪਣੀ ਦੋਹਰੀ ਭੂਮਿਕਾ ਨਾਲ ਸੰਤੁਸ਼ਟ ਰਹਿੰਦੀ ਹੈ? ਜਦ ਧਨ ਕਮਾਉਣ ਵਾਲੀ ਮਹਿਲਾ ਮਾਂ ਅਤੇ ਪਤਨੀ ਦੀ ਭੂਮਿਕਾ ਵਿੱਚ ਵਿਲੀਨ ਕਰਨ ਦੀ ਕੋਸ਼ਿਸ਼ ਵਿੱਚ ਸਫ਼ਲ ਹੁੰਦੀ ਹੈ ਤਾਂ ਉਹ ਪਤਨੀ ਆਪਣੀ ਦੋਹਰੀ ਭੂਮਿਕਾ ਤੋਂ ਸੰਤੁਸ਼ਟ ਮੰਨੀ ਜਾਵੇਗੀ। (ਉੱਚ) ਸੰਤੋਖ ਕੰਮ ਕਰਨ ਵਾਲੇ ਅਤੇ ਘਰ ਬਣਾਉਣ ਵਾਲੀ ਭੂਮਿਕਾ ਪ੍ਰਸੰਨਤਾ ਪੂਰਵਕ ਨਿਭਾਉਣ ਵਿੱਚ ਸ਼ਾਮਲ ਹੈ। ਮੱਧ ਸੰਤੋਖ ਦਾ ਅਰਥ ਹੇ ਦੋਨਾਂ ਭੂਮਿਕਾਵਾਂ ਵਿੱਚ ਸੀਮਾਂਤ ਅਸੰਤੁਲਨ ਅਤੇ ਨਿਮਨ ਸੰਤੋਖ ਇੱਕ ਜਾ ਦੋਨੋਂ ਭੂਮਿਕਾਵਾਂ ਵਿੱਚ ਅਸੰਤੋਖ ਵਿੱਚ ਸ਼ਾਮਲ ਹੈ। ਦੀਪਾ ਮਾਥੁਰ ਦੇ ਅਧਿਐਨ ਵਿਚ 53% ਮਹਿਲਾਵਾਂ ਆਪਣੀ ਦੋਹਰੀ ਭੂਮਿਕਾਵਾਂ ਨਾਲ ਉਚ ਸੰਤੁਸ਼ਟ, 18% ਮੱਧ ਸੰਤੁਸ਼ਟ ਅਤੇ 29% ਅਸੰਤੁਸ਼ਟ ਪਾਈ ਗਈ।

ਦੋਹਰੀ ਭੂਮਿਕਾਵਾਂ ਦੇ ਨਾਲ ਸੰਤੋਖ/ਅਸੰਤੋਖ ਕੰਮਕਾਜੀ ਮਹਿਲਾਵਾਂ ਨੇ ਆਤਮ ਪ੍ਰਤੀਬਿੰਬ ਅਤੇ ਖੁਦ ਦੇ ਵਿਸ਼ੇ ਵਿੱਚ ਕੀਤੀਆਂ ਗਈਆ ਕਲਪਨਾਵਾਂ ਨੂੰ ਪ੍ਰਭਾਵਿਤ ਕਰਦਾ ਹੇ। ਖੁਦ ਦੇ ਵਿਸ਼ੇ ਵਿੱਚ ਉੱਚੇ ਪ੍ਰਤੀਬਿੰਬ ਬਣਾਉਣ ਦਾ ਅਰਥ ਹੈ ਕਿ ਮਹਿਲਾ ਇਹ ਅਨੁਭਵ ਕਰਦੀ ਹੇ ਕਿ ਕੰਮ ਕਰਨ ਦੇ ਕਾਰਨ ਉਸਦੀ ਵਿਅਕਤਿਤਵ ਵਿੱਚ ਸੁਧਾਰ ਹੋਇਆ ਹੈ। ਜਦਕਿ ਨਿਮਨ ਪ੍ਰਤੀਬਿੰਬ ਦਾ ਅਰਥ ਹੈ ਕਿ ਮਹਿਲਾ ਇਹ ਅਨੁਭਵ ਕਰੇ ਕਿ ਕੰਮ/ਨੌਕਰੀ ਨੇ ਉਸਦੇ ਵਿਅਕਤਿਤਵ ਤੇ ਚੰਗਾ ਪ੍ਰਭਾਵ ਨਹੀ ਪਾਇਆ ਹੈ।

ਮਿਨਮ ਪ੍ਰਤੀਬਿੰਬ ਅਤੇ ਦੋਹਰੀਆ ਭੂਮਿਕਾਵਾਂ, ਕੰਮਕਾਜੀ ਮਹਿਲਾਵਾਂ ਦੇ ਲਈ ਭੂਮਿਕਾ ਸੰਘਰਸ਼ ਵਰਗੀਆਂ ਸਮਾਜ ਸ਼ਾਸਤਰੀ ਸੰਪਰਦਾ ਪੈਦਾ ਕਰ ਦਿੰਦੀ ਹੇ। ਜਿਸਦਾ ਪ੍ਰਭਾਵ, ਪਰਿਵਾਰਿਕ ਸੰਬੰਧਾ, ਬੱਚੇ ਦੀ ਦੇਖਭਾਲ ਅਤੇ ਕਿਰਿਆਸ਼ੀਲ ਰੂਪ ਨਾਲ ਭੂਮਿਕਾਵਾਂ ਦੇ ਨਿਰਵਾਹ ਕਰਨ ਤੇ ਪੈਦਾ ਹੈ। ਲੱਜਾਸ਼ੀਲ ਅਤੇ ਨਰਮ ਸੁਭਾਅ ਦੀਆਂ ਇਸਤਰੀਆਂ ਨੂੰ ਪ੍ਰਭਾਵਸ਼ਾਲੀ ਵਿਅਕਤਿਤੱਵ ਵਾਲੀਆਂ ਇਸਤਰੀਆਂ ਦੀ ਤੁਲਨਾ ਦੋਹਰੀ ਭੂਮਿਕਾ ਵਿਆਹ ਵਿਚੋਂ ਜ਼ਿਆਦਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੀਪਾ ਮਾਥੁਰ (ਉਹੀ 87-88) ਨੇ ਆਪਣੇ ਅਧਿਐਨ ਵਿੱਚ ਦੇਖਿਆ ਕਿ 21.8% ਇਸਤਰੀਆਂ ਉੱਚ ਕੋਈ ਦੀ ਭੂਮਿਕਾ ਸੰਘਰਸ਼ ਦੀ ਸਥਿਤੀ ਵਿੱਚ ਸੀ, 44.4% ਨਿਮਨ ਕੋਟੀ ਦੇ, ਤੱਥ 33.8% ਕਿਸੇ ਵੀ ਪ੍ਰਕਾਰ ਦੇ ਭੂਮਿਕਾ ਸੰਘਰਸ਼ ਦੀ ਸਥਿਤੀ ਵਿੱਚ ਨਹੀ ਸੀ। ਕੰਮ ਕਰਨ ਦੇ ਪ੍ਰੇਰਣਾਤਮਕ ਪੱਧਰ, ਪਤਨੀ ਦੀ ਰੋਜ਼ਗਾਰ ਪ੍ਰਤੀ ਪਤੀ ਦਾ ਦ੍ਰਿਸ਼ਟੀਕੋਣ, ਕੰਮ ਦੇ ਸਥਾਨ ਤੇ ਅੰਤਰ-ਵਿਅਕਤੀਗਤ ਸਬੰਧ ਅਤੇ ਮਹਿਲਾਵਾਂ ਦੇ ਵਿਅਕਤਿੱਤਵ ਦੇ ਪ੍ਰਕਾਰ ਆਦਿ ਅੰਤਰ ਅਤੇ ਭੂਮਿਕਾ ਸੰਘਰਸ਼ ਦੇ ਵਿੱਚ ਮਹੱਤਵਪੂਰਨ ਮੱਧ ਅਤੇ ਕਮਜ਼ੋਰ ਸੰਬੰਧ ਪਾਏ ਗਏ।

ਭੂਮਿਕਾ ਸੰਘਰਸ਼ ਅਤੇ ਪ੍ਰੇਰਣਾ ਅਤੇ ਪਤੀ ਦੇ ਦ੍ਰਿਸ਼ਟੀਕੋਣ ਦੇ ਵਿੱਚ ਸੰਬੰਧ 'ਮਹੱਤਵਪੂਰਣ' ਹੈ, ਕੰਮ ਕਰਨ ਦੇ ਸਥਾਨ ਤੇ ਅਨੰਤਵਿਅਕਤੀਗਤ ਸੰਬੰਧਾ ਦੇ ਨਾਲ ਸੰਬੰਧ ਕਮਜ਼ੋਰ ਹਨ, ਅਤੇ ਬੱਚੇ ਦੀ ਸਥਿਤੀ ਦੀ ਦਸ਼ਾ ਦੇ ਨਾਲ ਸੰਬੰਧ ਮੱਧ ਹੈ।

ਰਾਮੂ (1989) ਦੀ ਮਤ ਹੈ ਕਿ ਨਵੀਨ ਆਰਥਿਕ ਅਤੇ ਘਰੇਲੂ ਭੂਮੀਕਾਵਾਂ ਦੇ ਵਿੱਚ ਦੇ ਸੰਘਰਸ਼ ਦਾ ਫਲ ਮਹਿਲਾਵਾਂ ਦੇ ਕਿਰਿਆ ਦੇ ਵਿਭਾਗੀਕਰਣ ਦੇ ਰੂਪ ਵਿੱਚ ਹੁੰਦਾ ਹੈ। ਜਦਕਿ ਇਹ ਅਸਥਾਈ ਹੀ ਹੁੰਦਾ ਹੈ ਕਿਉਂਕਿ ਕਿੱਤੇ ਅਤੇ ਗ੍ਰਹਿਸਥ ਦੇ ਵਿਚ ਸੰਪਰਦਾ ਦੀ ਮੰਗ ਹੁੰਦੀ ਹੇ ਕਿ ਉਹ ਅਨੁਭਵ ਕਰਦੀ ਹੈ ਕਿ ਜਾ ਤਾਂ ਉਹ ਆਪਣੇ ਕਿੱਤਾ ਅਕਾਂਗਸ਼ਾ ਨੂੰ ਥੱਲੇ ਲਿਆਇਆ ਜਾ ਫਿਰ ਆਪਣੇ ਗ੍ਰਹਿਸਥ ਜ਼ੁੰਮੇਵਾਰੀ ਵਿੱਚ ਕੁੱਝ ਕਮੀ ਕਰਨ।

4. **ਭੂਮਿਕਾ** (Role Adjustment): ਕੰਮਕਾਜੀ, ਮਹਿਲਾਵਾਂ ਨੂੰ ਆਪਣੇ ਪਰਿਵਾਰ ਅਤੇ ਕੰਮ ਦੇ ਸਥਾਨ ਦੇ ਵਿਚ ਆਪਣੀਆਂ ਨੂੰ ਫੇਰ-ਬਦਲ ਕਰਨਾ ਪੈਂਦਾ ਹੈ। ਫੇਰ-ਬਦਲ ਦਾ ਅਰਥ ਹੈ ਇਕ ਪਰਿਸਥਿਤੀ ਤੋਂ ਦੂਰੀ ਪਰਿਸਥਿਤੀ ਤੇ ਚਲੇ ਜਾਣਾ। ਭੂਮਿਕਾਵਾਂ ਦਾ ਦੂਸਰੇ ਅਵਸਥਾ ਤੋਂ ਅਵਲੋਕਨ ਅਤੇ ਭਿੰਨ-ਭਿੰਨ ਪ੍ਰਕਾਰ ਦੀ ਭੂਮਿਕਾਵਾਂ ਨੂੰ ਕੁਸ਼ਲਤਾ ਅਤੇ ਸੰਤੋਖਪਦ ਢੰਗ ਨਾਲ ਨਿਰਵਾਹ ਕਰਨਾ ਹੁੰਦਾ ਹੈ। ਸਰਲ ਸ਼ਬਦਾਂ ਵਿੱਚ 'ਭੂਮਿਕਾ ਫੇਰ-ਬਦਲ' ਭੂਮਿਕਾ ਦੀ ਮੰਗ ਅਤੇ ਵਿਅਕਤੀ ਦੀ ਭੂਮਿਕਾ ਨੂੰ ਕਰਨ ਤੇ ਨਿਰਭਰ ਕਰਦਾ ਹੈ।

ਇੱਕ ਕੰਮਕਾਜੀ ਮਹਿਲਾ ਨੂੰ ਅਨੇਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਦਾ ਹੈ। ਘਰ ਦੇ ਜੀਵਨ ਦਾ ਫੇਰ-ਬਦਲ ਦਫ਼ਤਰ ਦੀ ਦਿਨ ਕਿਰਿਆ ਤੋਂ ਕਰਨਾ ਪੈਦਾ ਹੈ। ਘਰ ਦੇ ਕੰਮਕਾਜ ਨੂੰ ਪਰੰਪਰਾਗਤ ਨਿੱਤ-ਨੇਮ ਤੋ ਭਿੰਨ ਬਿੰਦੂਆ ਤੇ ਵਿਵਸਥਿਤ ਕਰਨਾ ਹੁੰਦਾ ਹੈ। ਨਾਜ਼ਰਨਸ ਦੇ ਅਨੁਸਾਰ ਫੇਰ-ਬਦਲ ਦਰਸਨਾ ਵਾਲੇ ਚਾਰ ਪ੍ਰਮੁੱਖ ਸੂਚਕ ਹਨ: ਭੂਮਿਕਾਵਾਂ ਦਾ ਕੁਸ਼ਲ ਅਤੇ ਬੁੱਧੀਮਤਾ ਪੂਰਨ ਨਿਰਵਾਹ, ਮਨੋਵਿਗਿਆਨਿਕ ਸੁੱਖ ਦੀ ਸੀਮਾ, ਤਣਾਅ, ਲੱਛਣਾ ਦਾ ਇਹਸਾਸ ਅਤੇ ਵਿਵਹਾਰ ਦੀ ਸਮਾਜਿਕ ਰਜਾਮੰਦੀ।

ਫੇਰ-ਬਦਲ ਦਾ ਇਕ ਆਯਾਮੀ ਨੈਰੰਤਰ (unidimensional continuum )ਤੇ ਮਾਪ ਕੀਤਾ ਜਾਂਦਾ ਹੇ। ਨੈਰੰਤਰ ਵਿੱਚ ਵਿਅਕਤੀ ਦੀ ਸਥਿਤੀ ਉੱਚਤਮ ਬਿੰਦ ਤੋਂ ਨਿਉਨਤਮ ਬਿੰਦੂ ਤੱਕ ਕੀਤੀ ਜਾਂਦੀ ਹੈ। ਨਿਮਨ ਫੇਰ-ਬਦਲ ਨੂੰ ਬੰਦਸ਼ (maladjustment) ਨਾਲ ਨਿਖੇੜਨ ਕਰ ਲਿਆ ਜਾਂਦਾ ਹੈ ਕਿਉਂਕਿ ਦੋਨਾਂ ਹੀ ਗੁਣਾ ਦੇ ਆਧਾਰ ਤੇ ਇਕ ਦੂਸਰੇ ਤੋਂ ਪਿੰਨ ਹੁੰਦੇ ਹਨ। ਬੰਦਸ਼ ਵਿਚੋ ਰੋਗ ਅਨੁਕਿਰਿਆ (pathological responses) ਵਿਚਲੀ ਹੈ, ਜਦਕਿ ਨਿਮਨ ਫੇਰ-ਬਦਲ ਪਰਿਸਥਿਤੀ ਵਿੱਚ ਪੂਰਣ ਰੂਪ ਨਾਲ ਵਲੀਨ ਹੋਣ ਦੀ ਸਥਿਤੀ ਦਰਸਾਉਂਦਾ ਹੈ।

## 10.6 ਮਹਿਲਾਵਾਂ ਦੇ ਅਧਿਕਾਰ (Rights of Women)

ਐਸੇ ਸਮਾਜਾ ਵਿੱਚ ਜਿੱਥੇ ਕੁੱਲ ਜਨਸੰਖਿਆ ਦੀ ਅੱਧੀ ਅਤੇ ਤਿੰਨ-ਪੰਜ ਭਾਗ ਅਨਪੜ ਪਹਿਲਾਵਾਂ ਹਨ 1991 ਜਨਗਣਨਾ ਐਸੇ ਰੂੜੀਵਾਦੀ ਪਰੰਪਰਾਵਾ ਅਤੇ ਵਿਸ਼ਵਾਸਾ ਅਤੇ ਪ੍ਰਥਾਵਾ ਵਿੱਚ ਜਕੜੇ ਹੋਏ ਸਮਾਜ ਨੂੰ ਰਾਤੋ ਰਾਤ ਨਹੀ ਬਦਲਿਆ ਜਾ ਸਕਦਾ। ਨਾ ਹੀ ਇਹਨਾਂ ਦੇ ਵਿਰੁੱਧ ਮਜਬੂਤ ਜਨਮਤ ਤਿਆਰ ਕਰਨਾ ਸਰਲ ਹੈ। ਬਿਲਾ ਦਾ ਕੁੱਝ ਪ੍ਰਭਾਵ ਹੁੰਦਾ ਹੈ ਲੇਕਿਨ ਇਹਨਾਂ ਨੂੰ ਬੜੀ ਸਾਵਧਾਨੀ ਨਾਲ ਚਰਣਾਂ ਨੂੰ ਲਾਗੂ ਕਰਨਾ ਹੁੰਦਾ ਹੈ। ਬਿਲਾ ਦੀਆਂ ਪੁਸਤਕਾਂ ਵਿੱਚੋ ਮਹਿਲਾਵਾਂ ਨਾਲ ਸੰਬੰਧਿਤ ਕਿਨੇ ਬਿਲ ਹਨ? ਹਿੰਦੂ ਸਮਾਜ ਨੂੰ ਐਨਾ ਬਿਲਾ ਨੇ ਕਿਸ ਹੱਦ ਤੱਕ ਅੰਕਲਿਤ ਕੀਤਾ ਹੈ? ਕਿਸ ਸੀਮਾ ਤੱਕ ਉਹਨਾਂ ਬਿਲਾ ਨਾਲ ਸਮਾਜਿਕ

ਨੋਟ

ਪਰਿਵਰਤਨ ਆਇਆ ਹੈ ? ਇਨਾਂ ਬਿਲਾਂ ਦੇ ਮਾਧਿਅਮ ਨਾਲ ਪ੍ਰਾਪਤ ਮਹਿਲਾ ਅਧਿਕਾਰਾ ਦਾ ਵਿਵੇਚਨ ਅਸੀ ਇਥੇ ਸੰਖੇਪ ਵਿੱਚ ਕਰਾਂਗੇ।

ਪੁਰਸ਼ਾਂ ਦੇ ਬਰਾਬਰ ਇਸਤਰੀਆਂ ਨੂੰ ਵੀ ਭਾਰਤੀ ਸੰਵਿਧਾਨ ਦੁਆਰਾ ਪ੍ਰਮੁੱਖ ਅਧਿਕਾਰ ਇਸ ਪ੍ਰਕਾਰ ਹੈ।

1. ਸਮਾਨਤਾ ਦਾ ਅਧਿਕਾਰ, ਅਰਥਾਤ ਮੋਕਿਆਂ ਦੀ ਸਮਾਨਤਾ, ਕਾਨੂੰਨ ਦੇ ਅੱਗੇ ਸਮਾਨਤਾ, ਕਾਨੂੰਨਾਂ ਨੂੰ ਬਰਾਬਰ ਰੱਖਿਆ ਅਤੇ ਨੌਕਰੀਆਂ ਆਦਿ ਵਿੱਚ ਲਿੰਗ ਦੇ ਆਧਾਰ ਤੇ ਭੇਦ ਭਾਵ ਨਾ ਸਮਝਿਆ ਜਾਂਦਾ।
2. ਸਵਤੰਤਰਤਾ ਦਾ ਅਧਿਕਾਰ, ਅਰਥਾਤ ਭਾਸ਼ਣ ਦੀ ਸਵਤੰਤਰਤਾ, ਨਿਵਾਸ ਦੀ ਸਵਤੰਤਰਤਾ ਅਤੇ ਵਪਾਰ ਤੇ ਗਤੀਸ਼ੀਲਤਾ ਦੀ ਸੁਤੰਤਰਤਾ।
3. ਸ਼ੋਸ਼ਣ ਦੇ ਵਿਰੁੱਧ ਸਵਤੰਤਰ, ਅਰਥਾਤ 'ਬੇਗਾਰ' ਦੇ ਵਿਰੁੱਧ।
4. ਧਰਮ ਦੀ ਸੁਤੰਤਰਤਾ ਦਾ ਅਧਿਕਾਰ, ਅਰਥਾਤ ਉਪਦੇਸ਼ ਅਤੇ ਧਰਮ ਦਾ ਸਵਤੰਤਰਤਾ ਪੂਰਕ ਪਾਲਨ।
5. ਸੰਪਤੀ ਦਾ ਅਧਿਕਾਰ, ਅਰਥਾਤ ਸੰਪੱਤੀ ਪ੍ਰਾਪਤ ਕਰਨਾ, ਰੱਖਣ ਅਤੇ ਵੇਚਣ ਦਾ ਅਧਿਕਾਰ।
6. ਸੱਭਿਆਚਾਰਕ ਅਤੇ ਸਿੱਖਿਆ ਅਧਿਕਾਰ, ਅਰਥਾਤ ਸੰਸਕ੍ਰਿਤੀ ਦਾ ਰੱਖਿਆ ਅਤੇ ਸਿੱਖਿਆ ਸੰਸਥਾਨਾ ਵਿੱਚ ਪ੍ਰਵੇਸ਼ ਪ੍ਰਾਪਤ ਕਰਨ ਦਾ ਅਧਿਕਾਰ।
7. ਸੰਵਿਧਾਨਿਕ ਉਪਚਾਰ ਦਾ ਅਧਿਕਾਰ, ਅਰਥਾਤ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਦੇ ਲਹੀ ਅਦਾਲਤ ਦੀ ਸ਼ਰਣ ਵਿੱਚ ਜਾਣ ਦਾ ਅਧਿਕਾਰ।

ਇਨ੍ਹਾਂ ਮੂਲ ਅਧਿਕਾਰਾਂ ਦੇ ਵਿਸ਼ਵਾਸ ਦੇ ਇਲਾਵਾ ਰਾਜ ਸਰਕਾਰਾਂ ਨੂੰ ਵੀ ਇਹ ਅਧਿਕਾਰ ਦਿੱਤੇ ਗਏ ਹਨ ਕਿ ਸਮੇਂ-ਸਮੇਂ ਤੇ ਐਸੇ ਬਿਲ ਲਾਗੂ ਕਰੇ ਜੋ ਇਸਤਰੀਆਂ ਦੇ ਹੱਕਾਂ ਦੀ ਰੱਖਿਆ ਕਰਦੇ ਹੋਣ ਅਤੇ ਇਸਤਰੀਆਂ ਦੇ ਲਾਲ ਵਿਵਹਾਰ ਵਿੱਚ ਉਹਨਾਂ ਨੂੰ ਤਰਜੀਹ ਦਿੱਤੀ ਜਾਵੇ। ਇਸ ਆਧਾਰ ਤੇ ਸਰਕਾਰ ਸਮੇਂ-ਸਮੀ ਤੇ ਐਸੇ ਬਿਲ ਉਪਾਅ ਕਰਦੀ ਰਹੀ ਹੈ, ਜਿਸ ਨਾਲ ਸਮਾਜਿਕ ਵਿਵਸਥਾ ਅਤੇ ਨਿਆ ਬਣਿਆ ਰਹੇ।

ਪਿਛਲੇ ਤਿੰਨ ਜਾ ਚਾਰ ਦਸ਼ਕਾਂ ਵਿੱਚੋ ਕਾਫ਼ੀ ਸੰਖਿਆ ਵਿੱਚ ਬਿਲ ਲਾਗੂ ਕੀਤੇ ਗਏ ਹਨ ਅੰਤ ਕੁੱਝ ਵਿੱਚ ਸੁਧਾਰ ਕੀਤੇ ਗਏ ਹਨ। ਜਿਨ੍ਹਾਂ ਨਾਲ ਮਹਿਲਾਵਾਂ ਦੇ ਬਰਾਬਰ ਸਤਰ ਅਤੇ ਮੌਕਿਆ ਨੂੰ ਨਿਸ਼ਚਿਤ ਕੀਤਾ ਗਿਆ ਹੈ, ਇਨਾਂ ਬਿਲਾਂ ਦਾ ਮੁਲਾਕਣ ਤਿੰਨ ਪੱਧਰਾ ਤੇ ਕੀਤਾ ਜਾ ਸਕਦਾ ਹੇ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ।

### 10.6.1 ਸਮਾਜਿਕ ਬਿਲ

ਮਹਿਲਾਵਾ ਨਾਲ ਸਬੰਧਿਤ ਅਤੇ ਸਮਾਜਿਕ ਕਾਨੂੰਨਾ ਨਾਲ ਸਬੰਧਿਤ ਚਾਰ ਪ੍ਰਮੁੱਖ ਮਾਮਲੇ ਹਨ। ਵਿਆਹ, ਗੋਦ ਲੈਣਾ, ਨਿਗਰਾਨੀ ਅਤੇ ਗਰਭਪਾਤ। ਵਿਆਹ ਨਾਲ ਸਬੰਧਿਤ ਪ੍ਰਮੁੱਖ ਸਮੱਸਿਆਵਾਂ ਹਨ, 1. ਜੀਵਨ ਸਾਥੀ ਦੀ ਚੋਣ, 2. ਵਿਆਹ ਦੀ ਉਮਰ, 3. ਬਹੁ ਪਤਨੀ ਵਿਆਹ, 4. ਅਯੋਗ ਵਿਆਹ, 5. ਨਾਜ਼ਾਇਜ਼ ਵਿਆਹ, 6. ਵਿਆਹ ਭੇਦ, 7. ਦੰਪਤੀ-ਸੰਬੰਧੀ ਅਧਿਕਾਰਾ ਦਾ ਪੁਨਰ-ਸਥਾਪਨ, 8. ਗੁਜਾਰਾ ਭੱਤਾ, 9. ਬੱਚੇ ਦੀ ਰੱਖਿਆ, 10. ਦਹੇਜ, 11. ਪੁਨਰਵਿਆਹ। ਪੂਰਵ ਉਲਿਖਤ ਕੁੱਝ ਲਾਗੂ ਹੋ ਚੁੱਕੇ ਬਿਲ ਇਸ ਪ੍ਰਕਾਰ ਹਨ। 1955 ਦਾ ਹਿੰਦੂ ਅਧਿਨਿਯਮ 1954 ਦਾ ਵਿਸ਼ੇਸ਼ ਵਿਆਹ ਅਧਿਨਿਯਮ ਅਤੇ 1856 ਦਾ ਪੁਨਰਵਿਆਹ ਅਧਿਨਿਯਮ।

ਬੱਚਿਆਂ ਨੂੰ ਗੋਦ ਲੈਣ ਨਾਲ ਸੰਬੰਧਿਤ ਨਿਯਮ 1956 ਵਿੱਚ ਪਾਰਿਤ ਕੀਤਾ ਗਿਆ ਜਿਸਨੂੰ ਹਿੰਦੂ ਦਤਕ ਗ੍ਰਹਿਣ ਅਤੇ ਪਾਲਣ ਪੋਸ਼ਣ ਅਧਿਨਿਯਮ ਦਾ ਲਾਮ ਦਿੱਤਾ ਗਿਆ। ਨਾ ਕੇਵਲ ਵਿਆਹਿਤ ਇਸਤਰੀਆਂ ਨੂੰ ਬਲਕਿ ਕੁਵਾਰੀ ਇਸਤਰੀ, ਵਿਧਵਾ ਹਿਸਤਰੀ ਅਤੇ ਤਲਾਕਸ਼ੁਦਾ ਇਸਤਰੀ ਵੀ ਬੱਚੇ ਨੂੰ ਅਪਣਾਉਣ ਅਧਿਗ੍ਰਹਿਣ ਦਾ ਅਧਿਕਾਰ ਦਿੱਤਾ ਗਿਆ ਹੈ। ਕੇਵਲ ਅਵਿਵਾਹਿਤ ਅਤੇ ਪੰਦਰਾ ਸਾਲਾ ਤੋਂ ਘੱਟ ਉਮਰ ਦੇ ਬੱਚੇ ਦਾ ਹੀ ਅਪਣਾਇਆ ਬੱਚਾ ਗ੍ਰਹਿਣ ਕੀਤਾ ਜਾ ਸਕਦਾ ਹੈ।

1970 ਤੱਕ ਗਰਭਪਾਤ ਨੂੰ ਵਿਧਾਨਿਕ ਦ੍ਰਿਸ਼ਟੀ ਤੋਂ ਅਪਰਾਧ ਮੰਨਿਆ ਜਾਂਦਾ ਸੀ। 1971 ਵਿੱਚ ਸਿਹਤ ਗਰਭ ਸਮਾਪਤੀ ਅਧਿਨਿਯਮ ਪਾਰਿਤ ਕੀਤਾ ਗਿਆ ਜਿਸਦੇ ਮਾਧਿਅਮ ਨਾਲ ਗਰਭਵਤੀ ਮਹਿਲਾ ਅਤੇ ਗਰਭਪਾਤ ਕਿਰਿਆ ਦੋਨਾਂ ਨੂੰ ਹੀ ਗਰਭਪਾਤ ਦੀ ਆਗਿਆ ਪ੍ਰਦਾਨ ਕਰ ਦਿੱਤੀ ਗਈ। ਇਹ ਅਧਿਨਿਯਮ ਅਪ੍ਰੈਲ 1972 ਤੋਂ ਲਾਗੂ ਕੀਤਾ ਗਿਆ। ਅਤੇ ਇਹ ਕੇਵਲ ਬਾਰਾਂ ਹਫ਼ਤਿਆਂ ਤੱਕ ਦੇ ਗਰਭ ਦੇ ਗਰਭਪਾਤ ਦੀ ਆਗਿਆ ਕੇਵਲ ਰਜਿਸਟਡ ਡਾਕਟਰ ਨੂੰ ਦਿੱਤੀ ਹੈ। ਗਰਭ ਨੂੰ ਕੇਵਲ ਇਨਾਂ ਪਰਿਸਥਿਤੀਆਂ ਵਿੱਚ ਹੀ ਸਮਾਪਤ ਕਰਨ ਦੀ ਆਗਿਆ ਦਿੱਤੀ ਗਈ ਹੈ। ਜੇਕਰ ਗਰਭਵਤੀ ਮਹਿਲਾ ਦੇ ਜੀਵਨ ਨੂੰ ਖਤਰਾ ਹੋਵੇ, ਉਸਦੇ ਸਰੀਰਕ ਅਤੇ ਮਾਨਸਿਕ ਸਿਹਤ ਤੇ ਗੰਭੀਰ ਹਾਨੀ ਦੀ ਆਸ਼ੰਕਾ ਹੋਵੇ ਤਾਂ ਫਿਰ ਇਸ ਗੱਲ ਦਾ ਡਰ ਹੇ ਕਿ ਜਨਮ ਲੈਣ ਵਾਲਾ ਬੱਚਾ ਅਪੰਗ ਜਾ ਸਰੀਰਕ ਅਤੇ ਮਾਨਸਿਕ ਅਸਮਾਨਤਾਵਾਂ ਦੇ ਨਾਲ ਜਨਮ ਲਵੇਗਾ। ਗਰਭਪਾਤ ਐਸੇ ਮਾਮਲਿਆਂ ਵਿੱਚ ਵੀ ਸਵੀਕਾਰ ਹੁੰਦਾ ਹੈ। ਜਿੱਥੇ ਗਰਭ ਦਾ ਕਾਰਨ ਬਲਾਤਕਾਰ ਜਾ ਗਰਭ ਨਿਰੋਧਕ ਵਿਧਿਆਂ ਦੀ ਅਸਫ਼ਲਤਾ ਰਹੀ ਹੋਵੇ।

### 10.6.2 ਆਰਥਿਕ ਬਿਲ

ਆਰਥਿਕ ਬਿਲਾਂ ਨਾਲ ਸੰਬੰਧਿਤ ਵਿਸ਼ੇ ਹਨ, ਸੰਪੱਤੀ ਦਾ ਅਧਿਕਾਰ, ਸਮਾਨ ਪ੍ਰਤੀਫਲ ਦੇਣਾ, ਕੰਮ ਕਰਨ ਦੀ ਦਸ਼ਾ, ਪ੍ਰਸੂਤ ਲਾਭ, ਅਤੇ ਕੰਮ ਸੁਰੱਖਿਆ ਇੱਕ ਮਹਿਲਾ ਦੇ ਸੰਪੱਤੀ ਅਧਿਕਾਰ ਦਾ ਅਰਥ ਹੈ ਉਸਦਾ ਪਤਨੀ, ਪੁੱਤਰੀ, ਵਿਧਵਾ ਅਤੇ ਮਾਂ ਦੇ ਰੂਪ ਵਿੱਚ ਸੰਪੱਤੀ ਅਧਿਕਾਰ। ਹਿੰਦੂ ਉਤਰਾਧਿਕਾਰ ਅਧਿਨਿਯਮ , 1956 ਦੇ ਅਨੁਸਾਰ ਨਾ ਕੇਵਲ ਪੁੱਤਰੀ ਨੂੰ ਹੀ ਉਸਦੇ ਭਾਈ ਦੇ ਬਰਾਬਰ ਦਾ ਭਾਗ ਪਿਤਾ ਦੀ ਸੰਪੱਤੀ ਵਿਚ ਮਿਲਦਾ ਹੈ। ਬਲਕਿ ਇਕ ਵਿਧਵਾ ਨੂੰ ਵੀ ਆਪਣੇ ਮਰੇ ਪਤੀ ਦੀ ਸੰਪੱਤੀ ਵਿਚੋਂ ਉਸਦੇ ਪੁੱਤਰਾਂ ਅਤੇ

ਪੁੱਤਰੀਆਂ ਦੇ ਬਰਾਬਰ ਦਾ ਭਾਗ ਮਿਲਦਾ ਹੈ। ਇਸ ਵਿਧਾਨ ਨੇ 'ਇਸਤਰੀ ਧਨ' ਅਤੇ ਗੈਰ ਇਸਤਰੀ ਧਨ ਦੇ ਵਿੱਚ ਦਾ ਭੇਦ ਵੀ ਸਮਾਪਤ ਕਰ ਦਿੱਤਾ ਹੈ।

ਜਿੱਥੋਂ ਤੱਕ ਬਰਾਬਰ ਪ੍ਰਤੀਫਲ ਦੇਣ ਦਾ ਸੰਬੰਧ ਹੈ, ਸਮਾਨ ਪ੍ਰਤੀਫਲ ਦੇਣ ਅਧਿਨਿਯਮ 1976 ਮਹਿਲਾ ਅਤੇ ਪੁਰਸ਼ ਕਰਮੀਆਂ ਦੇ ਵਿੱਚ ਭੇਦ ਕਰਨ ਦੀ ਆਗਿਆ ਨਹੀ ਦਿੰਦਾ। ਜੋ ਮਾਇਕ ਇਨ੍ਹਾਂ ਵਿਧਾਨਾਂ ਦਾ ਪਾਲਨ ਨਹੀ ਕਰਦੇ ਉਨ੍ਹਾਂ ਦੇ ਲਈ ਦੰਡ ਦਾ ਸਮਾਨ ਹੈ।

ਕਾਰਜ ਅਵਧੀ ਵਿੱਚ ਕਾਰਜ ਦਸ਼ਾਵਾ ਦਾ ਨਿਯੰਤਰਣ ਫੇਕਟਰੀ ਅਧਿਨਿਯਮ, 1948 ਤੋਂ ਹੁੰਦਾ ਹੈ। ਫਿਰ ਕਾਰਜ ਘੰਟੇ, ਸਪਤਾਹਿਕ ਆਰਾਮ, ਸਫ਼ਾਈ ਦੇ ਸਤਰ, ਪ੍ਰਕਾਸ਼ ਵਿਵਸਥਾ, ਤਾਪਮਾਨ, ਮਸ਼ੀਨਾਂ ਦੀ ਸੀਮਾਬੰਦੀ, ਪ੍ਰਾਥਮਿਕ ਉਪਚਾਰ ਦੀ ਸੁਵਿਧਾ, ਆਰਾਮ ਘਰ ਆਦਿ ਸਮਾਨਾ ਦੇ ਇਲਾਵਾ ਇਸ ਬਿਲ ਵਿੱਚ ਬੱਚਿਆਂ ਦੇ ਸ਼ਿਸੂ ਘਰ ਸਥਾਪਿਤ ਕਰਨ ਦੀ ਅਤੇ ਮਹਿਲਾਵਾਂ ਦੇ ਲਈ ਨਿਖੇੜਨ ਤੋਂ ਬਣਾਉ-ਸ਼ਿੰਗਾਰ ਸਥਾਪਿਤ ਕਰਨ ਦਾ ਸਮਾਨ ਹੈ। ਮਹਿਲਾਵਾਂ ਦੇ ਲਈ ਇਕ ਦਿਨ ਵਿਚ ਜ਼ਿਆਦਾ ਤੋਂ ਜ਼ਿਆਦਾ 9 ਘੰਟੇ ਅਤੇ ਰਾਤ 10 ਵਜੇ ਤਸੀ ਸਵੇਰੇ 5 ਵਜੇ ਦੇ ਵਿਚ ਕੋਈ ਵੀ ਕਾਰਜ ਨਾ ਕਰਨ ਦੇਣ ਦਾ ਸਮਾਨ ਵੀ ਇਸ ਕਾਨੂੰਨ ਵਿੱਚ ਹੈ।

*ਟਾਸਕ* ਆਧੁਨਿਕ ਇਸਤਰੀ ਨੂੰ ਤੁਸੀ ਕਿਸ ਰੂਪ ਵਿੱਚ ਦੇਖਦੇ ਹੋ ?

### 10.6.3 ਰਾਜਨੀਤਿਕ ਅਧਿਕਾਰ

ਭਾਰਤੀ ਸੰਵਿਧਾਨ ਦੁਆਰਾ ਮਹਿਲਾਵਾਂ ਦੇ ਦੋ ਪ੍ਰਮੁੱਖ ਅਧਿਕਾਰ ਹਨ, ਮਹਿਲਾਵਾ ਨੂੰ ਮਤ ਅਧਿਕਾਰ ਅਤੇ ਵਿਧਾਨ ਮੰਡਲ ਦੇ ਲਈ ਯੋਗਤਾ। ਮਹਿਲਾ ਮਤ ਅਧਿਕਾਰ ਦੀ ਮੰਗ ਸਭ ਤੋਂ ਪਹਿਲਾ 1917 ਵਿੱਚ ਕੀਤੀ ਗਈ ਸੀ, ਕਿੰਤੂ ਸਾਉਥ ਬਰੋ ਫਰਨਚਾਇਜ਼ ਕਮੇਟੀ ਨੇ 1918 ਵਿੱਚ ਇਸ ਮੰਗ ਨੂੰ ਅਸਵੀਕਾਰ ਕਰ ਦਿੱਤਾ। 1919 ਵਿੱਚ ਸਰਕਾਰ ਨੇ ਰਾਜ ਸਰਕਾਰਾਂ ਨੂੰ ਅਧਿਕਾਰ ਦੇ ਦਿੱਤਾ ਕਿ ਉਹ ਇਸਤਰੀ ਮਤ ਅਧਿਕਾਰ ਦੇ ਸੰਬੰਧ ਵਿੱਚ ਆਪਣੇ ਅਲੱਗ ਬਿਲ ਲਾਗੂ ਕਰਨ। ਇਸ ਪ੍ਰਕਾਰ ਦੇ ਬਿਲ ਰਾਜਕੋਟ ਵਿੱਚ 1923 ਵਿੱਚ, ਟ੍ਰਾਵਨਕੋਰ ਕੋਚੀਨ ਵਿੱਚ 1924 ਵਿੱਚ, ਮਦਰਾਸ ਅਤੇ ਉੱਤਰ ਪ੍ਰਦੇਸ਼ ਵਿੱਚ 1925 ਵਿੱਚ, ਪੰਜਾਬ ਅਤੇ ਅਸਾਮ ਵਿੱਚ 1926 ਵਿੱਚ, ਅਤੇ ਬਿਹਾਰ ਤੇ ਉੜੀਸਾ ਵਿੱਚ 1929 ਵਿੱਚ ਪਾਸ ਕੀਤੇ ਗਏ। 1935 ਵਿੱਚ ਭਾਰਤ ਸਰਕਾਰ ਅਧਿਨਿਯਮ ਵਿੱਚ ਸਿੱਖਿਅਤ ਯੋਗਤਾ ਦੇ ਆਧਾਰ ਤੇ ਇਸਤਰੀ ਮਤ ਅਧਿਕਾਰ ਪ੍ਰਦਾਨ ਕੀਤਾ ਗਿਆ। ਫਲਸਰੂਪ 1937 ਵਿੱਚ 56 ਮਹਿਲਾਵਾਂ ਨੇ ਚੁਨਾਵ ਦੇ ਮਾਧਿਅਮ ਨਾਲ ਵਿਧਾਨ ਮੰਡਲ ਵਿੱਚ ਪ੍ਰਵੇਸ਼ ਕੀਤਾ। ਸਵਤੰਤਰਤਾ ਦੇ ਬਾਅਦ ਇਸਤਰੀ ਮਤਦਾਤਾਵਾਂ ਦੀ ਸੰਖਿਆ ਅਤੇ ਰਾਜ ਵਿਧਾਨ ਮੰਡਲਾਂ ਅਤੇ ਲੋਕ ਸਭਾ ਵਿੱਚੋਂ ਮਹਿਲਾਂ ਪ੍ਰਤੀਨਿਧੀਆਂ ਦੀ ਸੰਖਿਆ ਵਿੱਚ ਵਾਧਾ ਹੋਇਆ ਹੈ।

## 10.7 ਅਧਿਕਾਰ ਚੇਤਨਾ (Consciousness of Rights)

ਜਦਕਿ ਭਾਰਤ ਵਿੱਚ ਮਹਿਲਾਵਾਂ ਨੂੰ ਹੋਰ ਦੇਸ਼ਾ ਦੀਆਂ ਮਹਿਲਾਵਾਂ ਦੀ ਤੁਲਨਾ ਜ਼ਿਆਦਾ ਅਧਿਕਾਰ ਪ੍ਰਾਪਤ ਹਨ। ਕਿੰਤੂ ਕੀ ਸਾਡੇ ਦੇਸ਼ ਦੀਆਂ ਮਹਿਲਾਵਾਂ ਵਿੱਚ ਅਪਾਣੇ ਅਧਿਕਾਰਾਂ ਦੇ ਪ੍ਰਤੀ ਚੇਤਨਾ ਹੈ ? ਇਸ ਲੇਖਕ ਨੇ ਕੁੱਝ ਸਾਲ ਪਹਿਲਾਂ ਰਾਜਸਥਾਨ ਦੇ ਇਕ ਜਿਲੇ ਦੇ ਇਕ ਪਿੰਡ ਦੀਆਂ 18 ਤੋਂ 50 ਸਾਲ ਦੀ ਉਮਰ ਦੀਆਂ 753 ਇਸਤਰੀਆਂ ਦਾ ਇੱਕ ਅਧਿਐਨ ਕੀਤਾ ਸੀ। ਅਧਿਐਨ ਦਾ ਮੁੱਖ ਉਦੇਸ਼ ਇਸਤਰੀਆਂ ਵਿੱਚ ਅਧਿਕਾਰਾਂ ਦੇ ਲਈ ਚੇਤਨਾ ਦਾ ਮੁਲਾਂਕਣ ਅਤੇ ਸੰਵਿਧਾਨ ਤੇ ਭਿੰਨ-ਭਿੰਨ ਪ੍ਰਕਾਰ ਦੇ ਬਿਲਾ ਦੁਆਰਾ ਭੁਗਤਾਨ ਅਧਿਕਾਰਾਂ ਦੇ ਪ੍ਰਤੀ ਸੰਤੁਸ਼ਟ ਦੇ ਪੱਧਰ ਨੂੰ ਨਾਪਣਾ ਸੀ।

ਇਸ ਦੀ ਖੋਜ ਦਾ ਸ਼ਿਧਾਨਤਿਕ ਮਾਡਲ ਇਹ ਸੀ ਕਿ ਕਿਸੇ ਵਿਸ਼ੇਸ਼ ਖੇਤਰ ਵਿੱਚ, (ਜਿਵੇਂ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ) ਮਹਿਲਾਵਾਂ ਦੀ ਅਧਿਕਾਰ ਚੇਤਨਾ ਦਾ ਸਤਰ ਚਾਰ ਗੱਲਾਂ ਤੇ ਲਿਰਭਰ ਕਰਦਾ ਹੈ। ਇਸਤਰੀ ਦੀ ਵਿਅਕਤੀਗਤ ਪਿੱਠਭੂਮੀ, (ਸਿੱਖਿਅਤ ਸਤਰ, ਅਭਿਲਾਸ਼ਾ ਦਾ ਸਤਰ ਅਤੇ ਵਿਅਕਤੀਗਤ ਜਰੂਰਤਾ) ਉਸਦੀਆਂ ਸਮਾਜਿਕ ਪਰਿਸਥਿਤੀਆਂ ਰਿਸ਼ਤੇਦਾਰਾ ਦੀਆਂ ਉਮੀਦਾ, ਪਤੀ ਦੇ ਆਦਰਸ਼ ਅਤੇ ਪਰਿਵਾਰ ਦੇ ਮੈਬਰਾਂ ਦਾ ਦ੍ਰਿਸ਼ਟੀਕੋਣ, ਉਸਦਾ ਆਰਥਿਕ ਆਧਾਰ ਵਰਗ ਦਾ ਸਤਰ। ਸਾਡੇ ਵਿਸ਼ਲੇਸ਼ਣ ਵਿੱਚ ਵਿਭਿੰਨ ਪ੍ਰਕਾਰ ਦੇ ਅਧਿਕਾਰਾ ਦੇ ਪ੍ਰਤੀ ਚੇਤਨਾ ਅਤੇ ਅਧਿਕਾਰਾ ਦੇ ਉਪਭਗ ਦੇ ਸ਼ੰਤੁਸਟ ਪੱਧਰ ਤੇ ਸੰਬੰਧਿਤ ਨਿਮਨਲਿਖਿਤ ਤੱਥ ਸਾਹਮਣੇ ਆਏ।

### 10.7.1 ਸਮਾਜਿਕ ਅਧਿਕਾਰਾ ਦੀ ਚੇਤਨਾ

1. ਮਹਿਲਾਵਾਂ ਨੂੰ ਵਿਆਹ ਸੰਬੰਧੀ ਕਾਨੂੰਨਾ ਦੀ ਜਾਣਕਾਰੀ ਬਹੁਤ ਘੱਟ ਹੈ। ਸਾਡੇ ਸਰਵੇਖਣ ਵਿੱਚ ਕੇਵਲ ਦਸ ਵਿੱਚੋ ਇਕ ਮਹਿਲਾ ਨੂੰ ਹੀ ਆਪਣੇ ਜੀਵਨ ਸਾਥੀ ਦੇ ਚੁਨਾਵ ਦੇ ਅਧਿਕਾਰ ਦੀ ਜਾਣਕਾਰੀ ਸੀ, ਲਗਭਗ 50 ਵਿੱਚੋਂ ਇਕ ਨੂੰ ਵਿਆਹ ਦੀ ਸਹੀ ਉਮਰ ਦੀ ਜਾਣਕਾਰੀ ਸੀ ਪੰਜ ਵਿੱਚੋ ਇੱਕ ਤੋਂ ਵੀ ਘੱਟ ਨੂੰ ਤਲਾਕ ਦਾ ਗਿਆਨ ਸੀ, ਪੰਜ ਵਿਚੋ ਇੱਕ ਤੋਂ ਵੀ ਘੱਟ ਨੂੰ ਵਿਧਵਾ ਪੁਨਰ ਵਿਆਹ ਅਧਿਕਾਰ ਦਾ ਅਤੇ ਪੰਜ ਵਿੱਚ ਇਕ ਤੋਂ ਵੀ ਘੱਟ ਨੂੰ ਦਹੇਜ ਕਾਨੂੰਨ ਦਾ ਗਿਆਨ ਸੀ। ਇਨ੍ਹਾਂ ਸਾਰੇ ਪੱਖਾਂ ਨੂੰ ਇੱਕ ਰੱਖਣ ਤੇ ਅਸੀ ਕਹਿ ਸਕਦੇ ਹਾਂ ਕਿ ਦਸ ਵਿੱਚੋਂ ਇਕ ਮਹਿਲਾ ਨੂੰ ਹੀ ਵਿਆਹ ਕਾਨੂੰਨਾ ਦੀ ਕੁੱਝ ਜਾਣਕਾਰੀ ਸੀ।
2. ਪਰਿਵਾਰ ਵਿੱਚ ਫੈਸਲੇ ਲੈਣ ਦੇ ਵਿਸ਼ੇ ਵਿੱਚ ਮਹਿਲਾਵਾਂ ਦੀ ਭੂਮਿਕਾ ਕਿਨਾਰੇ ਦੀ ਹੁੰਦੀ ਸੀ। ਪਤਨੀ ਦੇ ਨਾਲ ਪਤੀ ਮਹੱਤਵਹੀਣ ਵਿਸ਼ਿਆ ਵਿੱਚ ਹੀ ਸਲਾਹ ਕਰਦੇ ਹਨ।

ਨੋਟ

3. ਪਤੀ ਪਤਨੀ ਦੇ ਵਿੱਚ ਦੰਪਤੀ ਸੰਬੰਧਾ ਦਾ ਕੋਈ ਮਹੱਤਵਪੂਰਨ ਸਥਾਨ ਨਹੀ ਹੋ ਸਕਿਆ ।
4. ਮਹਿਲਾਵਾਂ ਦੀ ਪਰਿਵਾਰ ਵਿੱਚ ਸਥਿਤੀ ਕ੍ਰਿੰਠਾਗ੍ਰਸਤ ਨਾ ਹੋ ਕੇ ਜੀਵਨ ਅਨੁਭਵਾ ਦੇ ਵਿੱਚ ਸੰਤੋਖ ਦੀ ਹੁੰਦੀ ਹੈ।
5. ਲਗਭਗ ਦੋ ਤਿਹਾਈ ਮਹਿਲਾਵਾਂ ਆਪਣੇ ਵਿਆਹਿਕ ਅਤੇ ਪਰਿਵਾਰਿਕ ਜੀਵਨ ਤੋਂ ਸੰਤੁਸ਼ਟ ਹੁੰਦੀ ਹੈ।
6. ਘਰ ਦੇ ਕੰਮ ਤੋਂ ਸੰਤੁਸ਼ਟੀ ਦਾ ਸਤਰ ਉਮਰ, ਸਿੱਖਿਆ ਅਤੇ ਉਮਰ ਦੇ ਨਾਲ-ਨਾਲ ਬਦਲਦਾ ਰਹਿੰਦਾ ਹੈ।

### 10.7.2 ਆਰਥਿਕ ਅਧਿਕਾਰਾ ਦੀ ਚੇਤਨਾ

1. ਜਦਕਿ ਬਹੁਤ ਘੱਟ ਮਹਿਲਾਵਾਂ ਨੂੰ ਆਪਣੇ ਪਿਤਾ ਦੀ ਸੰਪੱਤੀ ਵਿਚ ਭਾਗ ਲੈਣ ਦੇ ਅਧਿਕਾਰ ਦਾ ਗਿਆਨ ਹੇ, ਕਿੰਤੂ ਆਪਣੇ ਪਤੀ ਦੀ ਸੰਪੱਤੀ ਵਿਚੋ ਆਪਣੇ ਭਾਗ ਦੇ ਅਧਿਕਾਰ ਦਾ ਗਿਆਨ ਜ਼ਿਆਦਾ ਸੰਖਿਆ ਵਿਚ 80% ਇਸਤਰੀਆਂ ਨੂੰ ਹੈ।
2. ਥੋੜੀ ਸੰਖਿਆ ਵਿਚੋਂ ਇਕ ਤਿਹਾਈ ਮਹਿਲਾਵਾਂ ਨੂੰ ਆਪਣੇ ਪਤੀ ਦੀ ਸੰਪੱਤੀ ਵਿੱਚ ਉਤਰਧਿਕਾਰੀ ਪ੍ਰਾਪਤ ਹੁੰਦਾ ਹੈ ਪਰ ਪਿਤਾ ਦੀ ਸੰਪੱਤੀ ਤੋਂ ਭਾਗ ਪ੍ਰਾਪਤ ਕਰਨ ਵਾਲੀਆਂ ਮਹਿਲਾਵਾਂ ਦੀ ਸੰਖਿਆ 0.5% ਹੈ।
3. ਪਿੰਡਾਂ ਵਿੱਚ ਦਸ ਵਿਚੋ ਕੇਵਲ ਇੱਕ ਮਹਿਲਾ ਹੀ ਕੰਮਕਾਜੀ ਹੈ ਅਤੇ ਆਰਥਿਕ ਦ੍ਰਿਸ਼ਟੀ ਤੋਂ ਸੁਤੰਤਰ ਹੈ।
4. ਕੰਮਕਾਜੀ ਮਹਿਲਾਵਾ ਵੀ ਗ੍ਰਹਿ ਕੰਮਾਂ ਅਤੇ ਗ੍ਰਹਿਸਥੀ ਨਿਰਮਾਤਾ ਦੇ ਰੂਪ ਵਿਚ ਆਪਣੀ ਭੂਮਿਕਾ ਦਾ ਮੁਲਾਂਕਣ ਉਹਨੀ ਹੀ ਸਖੇਪਤਾ ਨਾਲ ਕਰਦੀ ਹੇ ਜਿਨ੍ਹੀ ਕਿ ਘਰੇਲੂ ਮਹਿਲਾਵਾ।
5. ਕੰਮਕਾਜੀ ਮਹਿਲਾਵਾਂ ਵਿਚੋ ਦਸ ਵਿਚੋ ਨੌ ਆਪਣੀ ਆਮਦਨ ਤੋਂ ਅਸੰਤੁਸ਼ਟੀ ਹੁੰਦੀ ਹੈ। ਇਹ ਅਸੰਤੋਖ ਕੰਮ ਦੇ ਵਿਚਾਰ ਨਾਲ ਉਨ੍ਹਾਂ ਨਹੀ ਹੁੰਦਾ ਜਿਨ੍ਹਾ ਕਿ ਕਾਰਜ ਦਿਸਾਵਾ ਜਾ ਮਿਹਨਤ ਨਾਲ।
6. ਜੋ ਮਹਿਲਾਵਾਂ ਆਪਣੇ ਪਰਿਵਾਰ ਦੀ ਅਰਥ ਵਿਵਸਥਾ ਵਿਚ ਯੋਗਦਾਨ ਕਰਦੀ ਹੈ ਉਹ ਆਪਣੀ ਆਇਆ ਨੂੰ ਆਪਣੀ ਇੱਛਾ ਨਾਲ ਕਾਰਜ ਕਰਨ ਦੇ ਲਈ ਸੁਤੰਤਰ ਨਹੀ ਹੁੰਦੀ।

### 10.7.3 ਰਾਜਨੀਤਿਕ ਅਧਿਕਾਰਾ ਦੀ ਚੇਤਨਾ

1. ਬਹੁਤ ਘੱਟ ਸੰਖਿਆ ਲਗਭਗ 20 ਵਿੱਚ ਮਹਿਲਾਵਾਂ ਨੂੰ ਆਪਣੇ ਰਾਜਨੀਤਿਕ ਅਧਿਕਾਰਾ ਦਾ ਗਿਆਨ ਹੈ।
2. ਸਤਧਿਕਾਰ ਪ੍ਰਾਪਤ ਮਹਿਲਾਵਾ ਵਿੱਚ ਲਗਭਗ ਤਿੰਨ ਚੋਥਾਈ ਹੀ ਉਸਦਾ ਪ੍ਰਯੋਗ ਕਰਦੀਆਂ ਹਲ। ਰੌਚਕ ਗੱਲ ਇਹ ਹੈ ਕਿ ਮਹਿਲਾਵਾਂ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਵੋਟ ਦੇਣ ਨਹੀ ਜਾਂਦੀਆਂ, ਬਲਕਿ ਘੁੰਮਣ ਦੇ ਵੁਦੇਸ਼ ਨਾਲ ਜਾਂਦੀ ਹੈ।
3. ਮਹਿਲਾਵਾਂ ਦਾ ਮਤ ਦੇਣ ਦਾ ਵਿਵਹਾਰ ਨਾ ਤਾ ਰਾਜਨੀਤਿਕ ਗਤੀਸ਼ੀਲਤਾ ਤੋਂ ਅਤੇ ਨਾ ਹੀ ਰਾਜਨੀਤਿਕ ਸਮਾਜੀਕਰਨ ਤੋਂ ਜੁੜੀਅ ਾਂ ਹੁੰਦਾ ਹੈ, ਬਲਕਿ ਆਪਣੇ ਪਤੀ ਦੇ ਰਾਜਨੀਤਿਕ ਵਿਸ਼ਵਾਸ ਅਤੇ ਰੂਚੀ ਨਾਲ ਜੁੜੀਆਂ ਹੁੰਦਾ ਹੈ।
4. ਚੁਨਾਉ ਦਾ ਉਦਾਰ ਸਿਧਾਂਤ ਜੋ ਮੱਤਦਾਤਾ ਵੋਟ ਨੂੰ ਉਸਦੇ ਤਰਤੀਬ ਵਾਰ ਪਸੰਦ ਜਾਂ ਉਮੀਦਵਾਰ ਜਾਂ ਪਾਰਟੀ ਦੇ ਲਈ ਰੁਚੀ ਨਾਲ ਜੋੜਦਾ ਹੈ। ਉਹ ਮਹਿਲਾਵਾਂ ਦੇ ਮੱਤ ਪਾਉਣ ਦੇ ਵਿਚਾਰ ਦੇ ਲਈ ਤਰਕਸਿੱਧ ਨਹੀਂ ਹੈ।
5. ਆਮ ਤੌਰ 'ਤੇ ਮਹਿਲਾਵਾਂ ਕਿਸੇ ਵੀ ਰਾਜਨੀਤਕ ਦਲ ਦੀ ਸਕਰੀਏ ਮੈਂਬਰ ਨਹੀਂ ਹੋ ਸਕਦੀ। ਕੁੱਝ ਮਹਿਲਾਵਾਂ ਕਿਸੇ ਰਾਜਨੀਤਕ ਦਲ ਦੀ ਸਮਰਥਕ ਜ਼ਰੂਰ ਹੁੰਦੀ ਹੈ।

### 10.7.4 ਕਾਰਜ ਯੋਜਨਾ-

ਜੇਕਰ ਪਰਿਵਾਰ ਵਿੱਚ ਪੁਰਸ਼ ਮਹਿਲਾਵਾਂ ਨੂੰ ਉਨ੍ਹਾਂ ਦੇ ਦੇਹ ਅਧਿਕਾਰ ਪ੍ਰਦਾਨ ਨਾ ਕਰੇ ਤਾਂ ਪੁਰਸ਼ਾਂ ਮਹਿਲਾਵਾਂ ਦੇ ਪ੍ਰਤੀ ਅਨਿਆਂ ਦੇ ਇਸ ਨੂੰ ਕਿਵੇਂ ਸਮਾਪਤ ਕੀਤਾ ਜਾਵੇ, ਭਲੇ ਹੀ ਉਹ ਇਹ ਮੰਨਦੇ ਹਨ ਕਿ ਇਹ ਸੰਸਕ੍ਰਿਤਿਕ ਮਾਨਤਾ ਪ੍ਰਾਪਤ ਹੈ, ਫਿਰ ਕਿਉਂਕਿ ਉਨ੍ਹਾਂ ਨੂੰ ਦੰਡ ਨਹੀਂ ਮਿਲਦਾ ਜਾਂ ਕਿਉਂਕਿ ਮਹਿਲਾਵਾਂ ਇਸ ਪ੍ਰਕਾਰ ਦੇ ਅਨਿਆ ਨੂੰ ਚੁੱਪਚਾਪ ਸਹਿਣ ਕਰਦੀ ਹੈ ਇਸਦੇ ਵਿਰੁੱਧ ਆਵਾਜ਼ ਨਹੀਂ ਉਠਾਉਂਦੀ ਜਾਂ ਕਿਉਂਕਿ ਅਧਿਕਾਰਾਂ ਦੀ ਵੰਚਣਾ ਜੋ ਲਾਭ ਪੁਰਸ਼ ਨੂੰ ਮਿਲਦੇ ਹਨ ਉਨ੍ਹਾਂ ਦਾ ਮੁੱਲ ਕਿਓ ਜ਼ਿਆਦਾ ਹੁੰਦਾ ਹੈ, ਆਦਿ ? ਮਹਿਲਾਵਾਂ ਦੇ ਹਿੱਤਾ ਦੀ ਰੱਖਿਆ ਕਿਸ ਪ੍ਰਕਾਰ ਕੀਤੀ ਜਾਵੇ ? ਕਿਹੜੀਆਂ ਨੀਤੀਆਂ ਅਤੇ ਪ੍ਰੋਗਰਾਮ ਪੁਰਸ਼ ਨੂੰ ਨਿਆਪੂਰਨ ਅਤੇ ਉਦਾਰ ਬਣਾ ਸਕਦੇ ਹਨ ? ਉਪਚਾਰ ਸਮਾਜਿਕ, ਕਾਨੂੰਨੀ ਅਤੇ ਆਰਥਿਕ ਹੋ ਸਕਦੇ ਹਨ ?

### 10.7.5 ਕਾਨੂੰਨੀ ਉਪਚਾਰ

ਮਹਿਲਾਵਾਂ ਦੇ ਪ੍ਰਤੀ ਨਿਆਂ ਦੇ ਲਈ ਜਨ ਸਮਰਥਨ ਚਾਹੀਦਾ ਤਾਂ ਕਿ ਮਨੁੱਖ ਸੇਵਾ ਵਿੱਚ ਲੱਗੇ ਕਿੱਤਾ ਜਨ ਉਚਿਤ ਕਾਰਵਾਈ ਕਰ ਸਕੇ ।ਆਜ਼ਾਦੀ ਦੇ ਬਾਅਦ ਦੇ ਪਹਿਲੇ ਦਹਾਕੇ ਵਿੱਚ ਲਿੰਗ ਸਮਾਨਤਾ ਨੂੰ ਇੱਕ ਮਹੱਤਵਪੂਰਮ ਸਮੱਸਿਆ ਮੰਨਿਆ ਗਿਆ ਹੈ। ਅਤੇ ਇਸ ਵੱਲ ਕੀਤੀਆਂ ਕੋਸ਼ਿਸ਼ਾਂ ਦਾ ਜ਼ਿਆਦਾਤਰ ਭਾਹ ਇਹ ਵਿਸ਼ਵਾਸ ਦਵਾਉਣ ਵਿੱਚ ਲਗਾਇਆ ਗਿਆ ਕਿ ਮਹਿਲਾਵਾਂ ਦੇ ਸ਼ੋਸ਼ਣ ਦੇ ਮਾਮਲੇ ਵਿੱਚ ਪਹਿਚਾਣਿਆ ਜਾਏਗਾ ਅਤੇ ਉਚਿਤ ਕਾਰਵਾਈ ਕੀਤੀ ਜਾਵੇਗੀ। 1952 ਅਤੇ 1962 ਦੇ ਵਿੱਚ ਅਨੇਕ ਕਾਨੂੰਨ ਇਸਤਰੀਆਂ ਦੇ ਲਈ ਸਮਾਨਤਾ ਲਿਆਉਣ ਦੇ ਲਈ ਬਣ ਗਏ। ਇਨ੍ਹਾਂ ਕਾਨੂੰਨਾਂ ਦੇ ਲਾਗੂ ਕਰਨ ਤੋਂ ਪਹਿਲਾਂ ਕਿੱਤਾ ਅਤ ਰਾਜਨੀਤਿਕ ਵਿੱਚ ਇਸ ਪ੍ਰਾਕਾਰ ਦੀ ਸਮੱਸਿਆ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਪਹਿਚਾਣਨ ਵਿੱਚ ਕੋਈ ਰੁਚੀ ਨਹੀਂ ਸੀ ।

ਲੇਕਿਨ ਭਾਰਤ ਦੇ ਆਜ਼ਾਦ ਹੋ ਜਾਣ ਦੇ ਬਾਅਦ ਸਾਡੇ ਨਵੇਂ ਸ਼ਕਤੀਸ਼ਾਲੀ ਨੇਤਾਵਾਂ ਨੂੰ ਵਿਸ਼ਵਾਸ ਹੋਣ ਲੱਗਾ ਕਿ ਇਤਰੀਆਂ ਦੀ ਸਮਾਨਤਾ ਦਾ ਪ੍ਰਸ਼ਨ ਪਰਿਵਾਰਿਕ ਨਾ ਹੋਕੇ ਸਮਾਜਿਕ ਹੈ। ਅੰਤ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਵਿਵਹਾਰ ਦੇਣ ਦੇ ਸੰਬੰਧ ਵਿੱਚ ਕਈ ਰਾਜਾਂ ਵਿੱਚ ਬਿਲ ਲਾਗੂ ਕੀਤੇ ਗਏ। ਪਰ ਜਿਵੇਂ ਉਮੀਦ ਸੀ, ਸਮਾਜਿਕ ਕਾਨੂੰਨਾਂ ਨਾਲ ਠੀਕ ਤਰ੍ਹਾਂ ਨਾਲ ਲਾਗੂ ਨਹੀਂ ਕੀਤਾ ਗਿਆ। ਅਦਾਲਤ ਸਮਾਜਿਕ ਬਿਲਾਂ ਦਾ ਅਜੇ ਵੀ ਪਰੰਪਰਾਗਤ ਅਰਥ ਹੀ ਪ੍ਰਯੋਗ ਕਰਦੇ ਹਨ, ਅਪਰਾਧਿਕ ਨਿਆਂ ਵਿਵਸਥਾ ਨੂੰ ਇਸਤਰੀਆਂ ਦੇ ਸ਼ੋਸ਼ਨ ਨੂੰ ਸਮਾਜ ਸ਼ਾਸ਼ਤਰੀ ਪਰਿਪੇਕਸ਼ ਵਿੱਚ ਦੇਖਣਾ ਪਏਗਾ। ਕੁੱਝ ਬਿਲਾਂ ਨੂੰ ਸੁਧਾਰਨਾ ਹੋਵੇਗਾ ਤਾਂਕਿ ਪੁਲਿਸ ਨੂੰ

ਨੋਟ

ਮਹਿਲਾਵਾਂ ਦੇ ਵਿਰੁਧ ਅਪਰਾਧ ਕਰਨ ਵਾਲੇ ਨੂੰ ਫੜਣ ਵਿੱਚ ਜ਼ਰੂਰੀ ਪ੍ਰਕਿਰਿਆ ਦੀ ਉਡੀਕ ਨਾ ਕਰਨੀ ਪਵੇ। ਕਈ ਪੁਲਿਸ ਅਧਿਕਾਰੀ ਅਨੇਕ ਉਧਾਰਨਾਂ ਦਿੰਦੇ ਹਨ। ਜਿਨ੍ਹਾਂ ਵਿੱਚ ਮੁਕੱਦਮੇ ਦੀ ਅਵਧੀ ਵਿੱਚ ਇਸਤਰੀਆਂ ਅਰੋਪਾਂ ਨੂੰ ਵਿੱਚ ਹੀ ਸਮਾਪਤ ਕਰਨਾ ਚੰਗਾ ਸਮਝਦੀ ਹੈ ਜਾਂ ਉਹ ਦੋਸ਼ਾਂ ਨੂੰ ਸਿੱਧ ਕਰਨ ਵਿੱਚ ਅਸਫ਼ਲ ਰਹਿੰਦੀ ਹੈ। ਕਾਨੂੰਨ, ਵਕੀਲ, ਪੁਲਿਸ ਪੀੜਿਤ ਇਸਤਰੀਆਂ ਨੂੰ ਆਪਣੇ ਭਾਈਆਂ ਦੇ ਵਿਰੁਧ ਕਾਨੂੰਨੀ ਕਾਰਨ ਦੀ ਸਲਾਹ ਨਹੀਂ ਦਿੰਦੀ ਜੋ ਉਨ੍ਹਾਂ ਨੂੰ ਪਿਤਾਪੁਰਖੀ ਸੰਪਤੀ ਵਿਚੋਂ ਉਨ੍ਹਾਂ ਦਾ ਭਾਗ ਦੇਣ ਤੋਂ ਇਨਕਾਰ ਕਰ ਦਿੰਦੇ ਹਨ ਜਾਂ ਉਨ੍ਹਾਂ ਪਤੀਆਂ ਦੇ ਵਿਰੁਧ ਜੋ ਉਨ੍ਹਾਂ ਦਾ ਵਿਆਹ ਕਰ ਦਿੰਦੇ ਹਨ। ਜਾਂ ਉਨ੍ਹਾਂ ਪਤੀਆਂ ਦੇ ਵਿਰੁਧ ਜੋ ਉਨ੍ਹਾਂ ਨੂੰ ਗਰਭਪਾਤ ਦੇ ਲਈ ਮਜ਼ਬੂਰ ਕਰਦੇ ਹਨ। ਮਹਿਲਾਵਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਮਹਿਲਾਵਾਂ ਦੇ ਸੰਗਠਤ ਸਮੂਹ ਅੱਗੇ ਆਕੇ ਸਹਾਇਤਾ ਕਰਦੇ ਹਨ।

### 10.7.6 ਸਮਾਜਿਕ ਉਪਚਾਰ

ਸਮਾਜਿਕ ਉਪਚਾਰਾਂ ਵਿੱਚ ਮਹਿਲਾ ਕਲਿਆਣ ਸੇਵਾਵਾਂ, ਇੱਛੁਕ ਸੰਗਠਣਾ ਨੂੰ ਉਤਸ਼ਾਹਿਤ ਅਤੇ ਜਨਸੰਚਾਰ ਮਾਧਿਅਮ ਦੁਆਰਾ ਮਹਿਲਾਵਾਂ ਦੀ ਕਾਨੂੰਨੀ ਟ੍ਰੇਨਿੰਗ ਆਦਿ ਸ਼ਾਮਿਲ ਹੈ। ਇੱਛੁਕ ਸੰਗਠਣਾ ਨੂੰ ਅਜਿਹੀਆਂ ਮਹਿਲਾਵਾਂ ਦਾ ਪਤਾ ਲਗਾਉਣ ਦਾ ਕੰਮ ਕਰਨਾ ਪੈਂਦਾ ਹੈ ਜਿਨ੍ਹਾਂ ਨੂੰ ਇਸ ਪ੍ਰਕਾਰ ਦੀਆਂ ਸੇਵਾਵਾਂ ਦੀ ਜ਼ਰੂਰਤ ਹੈ। ਗੁਆਂਢੀਆਂ ਨੂੰ ਚਾਹੀਦਾ ਹੈ ਕਿ ਉਹ ਮਹਿਲਾਵਾਂ 'ਤੇ ਅਤਿਆਚਾਰ ਦੇ ਮਾਮਲਿਆਂ ਵਿੱਚ ਸੰਗਠਨਾਂ ਅਤੇ ਸੇਵਾ ਸੰਸਥਾਵਾਂ ਨੂੰ ਸੂਚਨਾ ਦੇ ਕੇ ਸਹਿਯੋਗ ਕਰੇ। ਜਨਸੰਖਿਆ ਅਤੇ ਜਾਗ੍ਰਿਤੀ ਪ੍ਰੋਗਰਾਮ ਇਸਤਰੀਆਂ ਦੀ ਸਹਾਇਤਾ ਅਨਿਆਂ ਦੇ ਵਿਰੁਧ ਖੜ੍ਹੇ ਹੋਣ ਦੇ ਉਦੇਸ਼ ਨਾਲ ਕਰ ਸਕਦੇ ਹਨ। ਅਤੇ ਸੇਵਾ ਸੰਸਥਾਵਾਂ ਦਾ ਸਹਿਯੋਗ ਉਨ੍ਹਾਂ ਦੇ ਅਧਿਕਾਰਾਂ ਨੂੰ ਦਿਵਾਉਣ ਦੇ ਲਈ ਲਿਆ ਜਾ ਸਕਦਾ ਹੈ।

ਮਹਿਲਾ ਕਲਿਆਣ ਸੰਸਥਾਵਾਂ ਦੇ ਲਈ ਅਨੁਕੂਲ ਸਥਿਤੀ ਇਹ ਹੈ ਕਿ ਮਹਿਲਾਵਾਂ ਦੇ ਪ੍ਰਤੀ ਕੀਤੇ ਗਏ ਅਨਿਆਂ ਦੀਆਂ ਸਮੱਸਿਆਵਾਂ ਨੂੰ ਛੇਤੀ ਪਰਭਾਵਿਤ ਢੰਗ ਨਾਲ ਨਿਵਾਰਨ ਕਰਨ ਦੀ ਕੋਸ਼ਿਸ਼ ਆਰੰਭ ਕਰਦੇ ਅਤੇ ਸਮੱਸਿਆਵਾਂ ਦੇ ਕਾਰਣਾ ਨੂੰ ਲੱਛਣਮਾਣ ਨਾ ਸਮਝੇ। ਪੁਰਸ਼ਾਂ ਨੂੰ ਵੀ ਇਹ ਅਨੁਭਵ ਕਰਾਉਣਾ ਹੈ ਕਿ ਬਦਲਦੇ ਪਰਿਵੇਸ਼ ਵਿੱਚ ਉਨ੍ਹਾਂ ਦੀ ਭੂਮਿਕਾ ਕੀ ਹੈ ਅਤੇ ਪਰਿਵਾਰ ਦੇ ਜਵਿਨ ਅਤੇ ਘਰ ਦੇ ਕੰਮ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਜ਼ਰੂਰਤ ਹੈ।

### 10.7.8 ਆਰਥਿਕ ਉਪਚਾਰ

ਸਿਖਿਆ ਅਤੇ ਕਿੱਤਾ ਟ੍ਰੇਨਿੰਗ ਮਹਿਲਾਵਾਂ ਨੂੰ ਕੰਮ ਲੱਭਣ ਦੇ ਯੋਗ ਬਣਾਉਣਗੇ ਜਿਸ ਨਾਲ ਉਹ ਆਰਥਿਕ ਰੂਪ ਨਾਲ ਆਜ਼ਾਦ ਹੋ ਸਕਣਗੀਆਂ। ਆਰਥਿਕ ਸੁਤੰਤਰਤਾ ਨਾਲ ਉਨ੍ਹਾਂ ਦਾ ਤਣਾਓ ਘੱਟ ਹੋਵੇਗਾ, ਉਨ੍ਹਾਂ ਦੇ ਆਦਰਸ਼ਾ ਵਿੱਚ ਮਲ ਰੂਪ ਨਾਲ ਪਰਿਵਰਤਨ ਆਵੇਗਾ ਅਤੇ ਉਹ ਆਪਣੇ ਅਧਿਕਾਰਾਂ ਅਤੇ ਮੰਗਾਂ ਦੇ ਪ੍ਰਤੀ ਜ਼ਿਆਦਾ ਸਾਹਸਪੂਰਵਕ ਖੜ੍ਹੀ ਹੋ ਸਕੇਗੀ। ਮਹਿਲਾਵਾਂ ਨੂੰ ਆਪਣੇ ਤੇ ਆਪਣੇ ਪਰਿਵਾਰ ਦੀ ਜੀਵਨ ਦਸ਼ਾ ਨੂੰ ਸੁਧਾਰਨ ਦੇ ਲਈ ਸਹਾਇਤਾ ਅਤੇ ਸਾਧਨਾਂ ਦੀ ਜ਼ਰੂਰਤ ਹੈ। ਬੁਲਡਿੰਗ ਦੇ ਅਨੁਸਾਰ ਮਹਿਲਾਵਾਂ ਦੀ ਲਈ ਦਸ ਸਾਧਨਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ, ਤਕਨੀਕੀ ਸਹਾਇਤਾ ਜੋ ਮਹਿਨਤ ਬਚਾਉਣ ਵਾਲੇ ਸਾਧਨ ਪ੍ਰਦਾਨ ਕਰਨ, ਜੋ ਮਹਿਲਾਵਾਂ ਦੇ ਰੋਜ਼ਾਨਾ ਦੇ ਭਾਰੀ ਕਾਰਜਾਂ ਨੂੰ ਹਲਕਾ ਕਰੇ, ਪਹਿਲੀਆਂ ਸਮੂਹਿਕ ਸੁਭਿਧਾਵਾਂ, ਲੜਕੀਆਂ ਨੂੰ ਸਕੂਲ ਜਾਣ ਅਤੇ ਸਿੱਖਿਆ ਤੇ ਟ੍ਰੇਨਿੰਗ ਪ੍ਰਾਪਤ ਕਰਨ ਦੇ ਲਈ ਉਤਸ਼ਾਹਿਤ ਕਰਨ, ਕਿੱਤਾ ਟ੍ਰੇਨਿੰਗ ਦੇ ਲਈ ਮੌਕੇ ਪ੍ਰਦਾਨ ਕਰਨਾ, ਕਰਜ਼ ਦੀਆਂ ਸੁਭਿਧਾਵਾਂ, ਅਧਿਕਾਰਾਂ ਦੀ ਕਾਨੂੰਨੀ ਸੁਰੱਖਿਆ, ਸਵੈ-ਇਛੁਕ ਸੰਸਥਾਵਾਂ ਅਤੇ ਮਹਿਲਾਵਾਂ ਨੂੰ ਵਿਵਿਧ ਪੱਧਰਾਂ 'ਤੇ ਸਥਾਪਿਤ ਕਰਨ ਦੇ ਪ੍ਰੋਗਰਾਮ।

ਅੰਤ ਕੰਮਾਂ ਨਿਸ਼ਕਰਮ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਗ੍ਰਾਮੀਨ ਖੇਤਰਾਂ ਵਿੱਚ ਆਪਣੇ ਅਧਿਕਾਰਾਂ ਦੇ ਪ੍ਰਤੀ ਜਾਗ੍ਰਿਤ ਕਰਨ ਦੇ ਲਈ ਇੱਕ ਤਿੰਨ ਪ੍ਰਕਾਰ ਦੀ ਯੋਜਨਾ ਅਤੇ ਵਿਧੀ ਦੀ ਜ਼ਰੂਰਤ ਹੈ। ਤੁਲਨਾ ਵਿਚ ਸ਼ਹਿਰੀ ਮਹਿਲਾਵਾਂ ਦੇ ਨਾਲ ਹੀ ਸਾਨੂੰ ਸਹਿਮਤ ਹੋਣਾ ਪਏਗਾ ਕਿ ਕਾਨੂੰਨੀ ਉਪਾਵਾਂ ਨਾਲ ਉਨ੍ਹਾਂ ਦੀ ਸਥਿਤੀ ਅਤੇ ਉਨ੍ਹਾਂ ਦੀ ਦਸ਼ਾ ਨੂੰ ਉੱਚਾ ਨਹੀਂ ਕੀਤਾ ਜਾ ਸਕਦਾ। ਕੇਵਲ ਸੰਯੁਕਤ ਪਦਿਤੀ ਨਾਲ ਹੀ ਸਾਡੇ ਸਮਾਜ ਵਿੱਚ ਮਹਿਲਾਵਾਂ ਨੂੰ ਨਿਆਂ ਮਿਲ ਸਕਦਾ ਹੈ।

## ਸਵੈ-ਮੁਲਾਂਕਣ (Self Assessment)

3. ਨਿਮਨ ਲਿਖਿਤ ਕਥਨਾਂ ਵਿੱਚ [✓] ਜਾਂ [ ] ਦਾ ਨਿਸ਼ਾਨ ਲਗਾਓ–

1. ਸਮਾਯੋਜਨ ਦਾ ਅਰਥ ਹੈ ਇੱਕ ਪਰਿਸਥਿਤੀ ਤੋਂ ਦੂਸਰੀ ਪਰਿਸਥਿਤੀ ਤੱਕ ਚਲੇ ਜਾਣਾ। [ ]
2. ਨੈਰੰਤਰ ਵਿੱਚ ਵਿਅਤਕਤੀ ਦੀ ਸਥਿਤੀ ਨਿਊਤਮ ਬਿੰਦੂ ਤੋਂ ਉੱਚਤਮ ਬਿੰਦੂ ਤੱਕ ਸਥਿਤ ਕੀਤੀ ਜਾਂਦੀ ਹੈ। [ ]
3. ਬੱਚਿਆਂ ਨੂੰ ਗੋਦ ਲੈਣ ਨਾਲ ਸੰਬੰਧਿਤ ਨਿਯਮ 1958 ਵਿੱਚ ਪਾਸ ਕੀਤਾ ਗਿਆ। [ ]
4. ਦੋ ਤਿਹਾਈ ਇਸਤਰੀਆਂ ਆਪਣੇ ਵਿਵਹਾਰਿਕ ਅਤੇ ਪਰਿਵਾਰਿਕ ਜੀਵਨ ਤੋਂ ਸੰਤੁਸ਼ਟ ਹੁੰਦੀਆਂ ਹਨ। [ ]

ਨੋਟ

5. ਕੰਮਕਾਜ਼ੀ ਮਹਿਲਾਵਾਂ ਵਿੱਚ ਦਸ ਵਿੱਚੋਂ ਨੌਂ ਆਪਣੀ ਆਮਦਨ ਤੋਂ ਸੰਤੁਸ਼ਟ ਹੁੰਦੀਆਂ ਹਨ। ☐

6. ਆਜ਼ਾਦੀ ਦੇ ਬਾਅਦ ਦੇ ਪਹਿਲੇ ਦਹਾਕੇ ਵਿੱਚ ਲਿੰਗ ਸਮਾਨਤਾ ਨੂੰ ਇੱਕ ਮਹੱਤਵਪੂਰਨ ਸਮੱਸਿਆ ਮੰਨਿਆ ਗਿਆ ਹੈ। ☐

## 10.8 ਸਾਰ ਅੰਸ਼ (Summary)

- ਆਰਥਿਕ ਖੇਤਰ ਵਿੱਚ ਵੀ ਇਸਤਰੀਆਂ ਨੂੰ ਪੂਰਨ ਸੁਤੰਤਰਤਾ ਪ੍ਰਾਪਤ ਸੀ। ਉਹ ਨਾ ਕਿਤੇ ਨੌਕਰੀ ਕਰਦੀ ਸੀ ਅਤੇ ਨਾ ਧਨ ਕਮਾਉਂਦੀ ਸੀ ਕਿਉਂਕਿ ਉਹਨਾ ਦੇ ਲਈ ਇਹ ਜਰੂਰੀ ਨਹੀ ਸੀ। ਘਰ ਉਤਪਾਦਨ ਦਾ ਕੇਂਦਰ ਸੀ, ਕਪੜੇ ਬਨਾਉਣ ਦਾ ਕੰਮ ਘਰ ਵਿੱਚ ਹੀ ਹੁੰਦਾ ਸੀ। ਇਸਤਰੀਆਂ ਖੇਤੀ ਕਾਰਜਾ ਵਿੱਚ ਵੀ ਆਪਣੇ ਪਤੀ ਦੀ ਸਹਾਇਤਾ ਕਰਦੀ ਸੀ। ਕੁੱਝ ਕੁ ਇਸਤਰੀਆ ਸਿਖਲਾਈ ਕਾਰਜ ਵਿੱਚ ਵੀ ਵਿਅਸਤ ਹੁੰਦੀਆ ਸਨ।
- ਵੈਦਿਕ ਭਾਰਤ ਵਿੱਚੋ ਇਸਤਰੀਆਂ ਦੀ ਸਥਿਤੀ ਨਿਮਨ ਨਹੀ ਸੀ। ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਉਹਨਾਂ ਨੂੰ ਜਿਆਦਾ ਅਧਿਕਾਰ ਪ੍ਰਾਪਤ ਸਨ ਲੇਕਿਨ ਆਰਥਿਕ ਅਤੇ ਰਾਜਨਿਤਿਕ ਖੇਤਰਾਂ ਨਹੀ ਮੰਨਿਆ ਜਾਂਦਾ ਸੀ ਬਲਿਕ ਪੁਰਸ਼ਾ ਦੇ ਬਰਾਬਰ ਸਮਝਿਆ ਜਾਂਦਾ ਸੀ।
- ਭਾਰਤ ਵਿੱਚ 1940 ਤੱਕ ਇਸਤਰੀਆਂ ਦੀ ਨੀਵੀਂ ਦਸ਼ਾ ਦੇ ਮੁੱਖ ਕਾਰਨ ਜਾਤੀ ਬੰਧਨ ਕਾਰਨ ਅਨਪੜਤਾ, ਆਰਥਿਕ ਨਿਰਭਰਤਾ, ਧਾਰਮਿਕ ਨਿਸ਼ੇਦ ਜਾਤੀ ਬੰਧਨ ਇਸਤਰੀ ਅਗਵਾਈ ਦਾ ਕਮੀ ਅਤੇ ਪੁਰਸ਼ਾਂ ਦਾ ਉਹਨਾ ਦੇ ਪ੍ਰਤੀ ਅਣਉਚਿੱਤ ਦ੍ਰਿਸ਼ਟੀਕੋਣ ਆਦਿ ਸਨ। ਮੇਟਸਨ ਨੇ ਸਾਡੀ ਸੰਸਕ੍ਰਿਤੀ ਵਿੱਚ ਇਸਤਰੀਆਂ ਦੀ ਇਕਲਵੰਜਾ ਅਤੇ ਉਹਨਾ ਦੇ ਨਿਮਨ ਸਤਰ ਦੇ ਲਈ ਪੰਜ ਕਾਰਨਾ ਨੂੰ ਉਤਰਦਾਈ ਠਹਰਾਇਆ ਹੈ।
- ਐਸੇ ਸਮਾਜਾ ਵਿੱਚ ਜਿੱਥੇ ਕੁੱਲ ਜਨਸੰਖਿਆ ਦੀ ਅੱਧੀ ਅਤੇ ਤਿੰਨ–ਪੰਜ ਭਾਗ ਅਨਪੜ ਪਹਿਲਾਵਾਂ ਹਨ 1991 ਜਨਗਣਨਾ ਐਸੇ ਰੂੜੀਵਾਦੀ ਪਰੰਪਰਾਵਾ ਅਤੇ ਵਿਸ਼ਵਾਸਾ ਅਤੇ ਪ੍ਰਥਾਵਾ ਵਿੱਚ ਜਕੜੇ ਹੋਏ ਸਮਾਜ ਨੂੰ ਰਾਤੋ ਰਾਤ ਨਹੀ ਬਦਲਿਆ ਜਾ ਸਕਦਾ। ਨਾ ਹੀ ਇਹਨਾਂ ਦੇ ਵਿਰੁੱਧ ਮਜਬੂਤ ਜਨਮਤ ਤਿਆਰ ਕਰਨਾ ਸਰਲ ਹੈ। ਬਿਲਾ ਦਾ ਕੁੱਝ ਪ੍ਰਭਾਵ ਹੁੰਦਾ ਹੈ ਲੇਕਿਨ ਇਹਨਾਂ ਨੂੰ ਬੜੀ ਸਾਵਧਾਨੀ ਨਾਲ ਚਰਣਾਂ ਨੂੰ ਲਾਗੂ ਕਰਨਾ ਹੁੰਦਾ ਹੈ।
- ਭਾਰਤੀ ਸੰਵਿਧਾਨ ਦੁਆਰਾ ਮਹਿਲਾਵਾਂ ਦੇ ਦੋ ਪ੍ਰਮੁੱਖ ਅਧਿਕਾਰ ਹਨ, ਮਹਿਲਾਵਾ ਨੂੰ ਮਤ ਅਧਿਕਾਰ ਅਤੇ ਵਿਧਾਨ ਮੰਡਲ ਦੇ ਲਈ ਯੋਗਤਾ। ਮਹਿਲਾ ਮਤ ਅਧਿਕਾਰ ਦੀ ਮੰਗ ਸਭ ਤੋਂ ਪਹਿਲਾ 1917 ਵਿੱਚ ਕੀਤੀ ਗਈ ਸੀ, ਕਿੰਤੂ ਸਾਊਥ ਬਰੋ ਫਰਨਚਾਇਜ਼ ਕਮੇਟੀ ਨੇ 1918 ਵਿੱਚ ਇਸ ਮੰਗ ਨੂੰ ਅਸਵੀਕਾਰ ਕਰ ਦਿੱਤਾ। 1919 ਵਿੱਚ ਸਰਕਾਰ ਨੇ ਰਾਜ ਸਰਕਾਰਾਂ ਨੂੰ ਅਧਿਕਾਰ ਦੇ ਦਿੱਤਾ ਕਿ ਉਹ ਇਸਤਰੀ ਮਤ ਅਧਿਕਾਰ ਦੇ ਸੰਬੰਧ ਵਿੱਚ ਆਪਣੇ ਅਲੱਗ ਬਿਲ ਲਾਗੂ ਕਰਨ।
- ਜਦਕਿ ਭਾਰਤ ਵਿੱਚ ਮਹਿਲਾਵਾਂ ਨੂੰ ਹੋਰ ਦੇਸ਼ਾ ਦੀਆਂ ਮਹਿਲਾਵਾਂ ਦੀ ਤੁਲਨਾ ਜ਼ਿਆਦਾ ਅਧਿਕਾਰ ਪ੍ਰਾਪਤ ਹਨ। ਕਿੰਤੂ ਕੀ ਸਾਡੇ ਦੇਸ਼ ਦੀਆਂ ਮਹਿਲਾਵਾਂ ਵਿੱਚ ਅਪਾਣੇ ਅਧਿਕਾਰਾਂ ਦੇ ਪ੍ਰਤੀ ਚੇਤਨਾ ਹੈ ? ਇਸ ਲੇਖਕ ਨੇ ਕੁੱਝ ਸਾਲ ਪਹਿਲਾਂ ਰਾਜਸਥਾਨ ਦੇ ਇਕ ਜਿਲੇ ਦੇ ਇਕ ਪਿੰਡ ਦੀਆਂ 18 ਤੋਂ 50 ਸਾਲ ਦੀ ਉਮਰ ਦੀਆਂ 753 ਇਸਤਰੀਆਂ ਦਾ ਇੱਕ ਅਧਿਐਨ ਕੀਤਾ ਸੀ। ਅਧਿਐਨ ਦਾ ਮੁੱਖ ਉਦੇਸ਼ ਇਸਤਰੀਆਂ ਵਿੱਚ ਅਧਿਕਾਰਾਂ ਦੇ ਲਈ ਚੇਤਨਾ ਦਾ ਮੁਲਾਂਕਣ ਅਤੇ ਸੰਵਿਧਾਨ ਤੇ ਭਿੰਨ–ਭਿੰਨ ਪ੍ਰਕਾਰ ਦੇ ਬਿਲਾ ਦੁਆਰਾ ਭੁਗਤਾਨ ਅਧਿਕਾਰਾਂ ਦੇ ਪ੍ਰਤੀ ਸੰਤੁਸ਼ਟ ਦੇ ਪੱਧਰ ਨੂੰ ਨਾਪਣਾ ਸੀ।
- ਗ੍ਰਾਮੀਨ ਖੇਤਰਾਂ ਵਿੱਚ ਆਪਣੇ ਅਧਿਕਾਰਾਂ ਦੇ ਪ੍ਰਤੀ ਜਾਗ੍ਰਿਤ ਕਰਨ ਦੇ ਲਈ ਇੱਕ ਤਿੰਨ ਪ੍ਰਕਾਰ ਦੀ ਯੋਜਨਾ ਅਤੇ ਵਿਧੀ ਦੀ ਜ਼ਰੂਰਤ ਹੈ। ਤੁਲਨਾ ਵਿਚ ਸ਼ਹਿਰੀ ਮਹਿਲਾਵਾਂ ਦੇ ਨਾਲ ਹੀ ਸਾਨੂੰ ਸਹਿਮਤ ਹੋਣਾ ਪਏਗਾ ਕਿ ਕਾਨੂੰਨੀ ਉਪਾਵਾਂ ਨਾਲ ਉਨ੍ਹਾਂ ਦੀ ਸਥਿਤੀ ਅਤੇ ਉਨ੍ਹਾਂ ਦੀ ਦਸ਼ਾ ਨੂੰ ਉੱਚਾ ਨਹੀਂ ਕੀਤਾ ਜਾ ਸਕਦਾ। ਕੇਵਲ ਸੰਯੁਕਤ ਪਦਿਤੀ ਨਾਲ ਹੀ ਸਾਡੇ ਸਮਾਜ ਵਿੱਚ ਮਹਿਲਾਵਾਂ ਨੂੰ ਨਿਆਂ ਮਿਲ ਸਕਦਾ ਹੈ।

## 10.9. ਸ਼ਬਦਕੋਸ਼ (Keywords)

- ਨਿਦ੍ਰਿਸ਼ਟ : ਦਿਖਾਉਣਾ, ਪ੍ਰਦ੍ਰਿਸ਼ਿਤ ਕਰਨਾ, ਇਸ਼ਾਰਾ ਕਰਨਾ
- ਸੰਸੂਚਕ : ਭੇਦ ਪ੍ਰਗਟ ਕਰਨਾ, ਗੋਲਾ, ਰਹਾਸੋਦਘਾਟਨ
- ਪੰਚਮੋਸ਼ : ਪੰਜਵਾਂ ਭਾਗ, ਪੰਜਵਾਂ ਅੰਸ਼

## 10. 10 ਅਭਿਆਸ ਪ੍ਰਸ਼ਨ (Review Questions)

1. ਪ੍ਰਾਚੀਨ ਕਾਲ ਵਿੱਚ ਇਸਤਰੀਆਂ ਦੀ ਸਥਿਤੀ ਦਾ ਵੇਰਵਾ ਦਿਓ।
2. ਬ੍ਰਿਟਿਸ਼ ਸ਼ਾਸ਼ਨ ਕਾਲ ਵਿੱਚ ਇਸਤਰੀਆਂ ਦੀ ਸਥਿਤੀ ਵਿੱਚ ਕੀ ਤਬਦੀਲੀਆਂ ਆਈਆਂ ?
3. ਮਹਿਲਾਵਾਂ ਦੇ ਅਧਿਕਾਰਾਂ ਦੀ ਖੁੱਲ੍ਹ ਕੇ ਵਿਆਖਿਆ ਕਰੋ।
4. ਅਧਿਕਾਰ ਚੇਤਨਾ ਨਾਲ ਤੁਸੀਂ ਕੀ ਸਮਝਦੇ ਹੋ ? ਮੁਲਾਂਕਣ ਕਰੋ।

## ਉਤਰ : ਸਵੈ-ਮੁਲਾਂਕਣ (Answer : Self Assessment)

1. (1) 4 (2) 1 (3) 3 (4) 2 (5) 1
2. 1. ਕਸਤੂਰਬਾ ਗਾਂਧੀ 2. 1929 3. ਹਿੰਦੂਵਾਦ
   4. ਅਨੁਭਾਵਿਕ ਅਨੁਸੰਧਾਨ 5. ਗੁਨਾਤਮਕ ਵਿਸ਼ਲੇਸ਼ਣ 6. 31 ਜਨਵਰੀ, 1922
3. 1. ☑ 2. ☐ 3. ☐
   4. ☑ 5. ☐ 6. ☑

## 10.11 ਸੰਦਰਭ ਪੁਸਤਕਾਂ (Further Readings)

ਬੁਕਸ

1. ਅਹੁਜਾ, ਰਾਮ, ਰਾਈਟਸ ਆਫ਼ ਵੂਮੇਨ : ਏ ਕੇਮਿਨਿਸਟ ਰਾਵਤ ਪਬਲਿਕੇਸ਼ਨ, ਜੈਪੁਰ, 1992।
2. ਇੰਦਰਾ, ਸਟੇਟਸ ਆਫ਼ ਵੂਮੇਨ ਇੰਨ ਏਸਿਏਂਟ ਇੰਡੀਆ, ਬੰਬੇ, 1951।

ਨੋਟ

# ਇਕਾਈ-11: ਸਮਾਜਿਕ ਗਤੀਸ਼ੀਲਤਾ (Social Mobility)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

11.1 ਸਮਾਜਿਕ ਗਤੀਸ਼ੀਲਤਾ ਅਤੇ ਸਮਾਜਿਕ ਗਤੀਸ਼ੀਲਤਾ ਦੇ ਨਿਰਧਾਰਕ (Social Mobility and Determinants of Social Mobility)

11.2 ਜਾਤ ਅਤੇ ਵਰਗਾਂ ਵਿੱਚ ਸਮਾਜਿਕ ਗਤੀਸ਼ੀਲਤਾ ਦੇ ਨਮੂਨੇ (Patterns of Social Mobility in Cast and Class)

11.3 ਸਾਰ ਅੰਸ਼ (Summary)

11.4 ਸ਼ਬਦਕੋਸ਼ (Keywords)

11.5 ਅਭਿਆਸ ਪ੍ਰਸ਼ਨ (Review Questions)

11.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਸਮਾਜਿਕ ਗਤੀਸ਼ੀਲਤਾ ਦੇ ਨਿਰਧਾਰਕ ਨੂੰ ਸਮਝਣ ਵਿੱਚ।
- ਜਾਤ ਅਤੇ ਵਰਗਾਂ ਵਿੱਚ ਸਮਾਜਿਕ ਗਤੀਸ਼ੀਲਤਾ ਦੇ ਨਮੂਨਿਆਂ ਨੂੰ ਸਫ਼ਲਤਾਪੂਰਨ ਸਮਝਣ ਵਿੱਚ।

## ਜਾਣਕਾਰੀ (Introduction)

ਸਮਾਜਿਕ ਗਤੀਸ਼ੀਲਤਾ ਦਾ ਅਰਥ ਹੈ ਵਿਅਕਤੀਆਂ ਦਾ ਕਿਸੇ ਇੱਕ ਸਮਾਜਿਕ ਸਥਿਤੀ ਤੋਂ ਦੂਸਰੀ ਸਮਾਜਿਕ ਸਥਿਤੀ ਵਿੱਚ ਸੰਚਾਲਣ। ਸਮਾਜਸ਼ਾਸ਼ਤਰ ਵਿੱਚ ਇੱਕ ਧਾਰਨਾ ਦੇ ਰੂਪ ਵਿੱਚ ਸਮਾਜਿਕ ਗਤੀਸ਼ੀਲਤਾ ਦਾ ਬਹੁਤ ਜ਼ਿਆਦਾ ਮਹੱਤਵ ਹੈ। ਕਿਸੇ ਵਿਅਕਤੀ ਜਾਂ ਸਮੂਹ ਦੁਆਰਾ ਸਮਾਜ ਦੀ ਸਥਿਤੀ ਵਿੱਚ ਅਨੁਭਵ ਕੀਤਾ ਗਿਆ ਕੋਈ ਪਰਿਵਰਤਨ ਨਾ ਉਸ ਵਿਅਕਤੀ ਜਾਂ ਸਮੂਹ 'ਤੇ ਪ੍ਰਭਾਵ ਪਾਉਂਦਾ ਹੈ ਬਲਕਿ ਉਸਦੇ ਨਾਲ-ਨਾਲ ਸੰਪੂਰਨ ਸਮਾਜ 'ਤੇ ਵੀ ਪਾਉਂਦਾ ਹੈ। ਸਮਾਜਿਕ ਗਤੀਸ਼ੀਲਤਾ ਦੀ ਧਾਰਨਾ ਦੀ ਵਿਆਖਿਆ ਅਸਿੱਧੇ ਰੂਪ ਨਾਲ ਸਮਾਜ ਵਿੱਚ ਵਰਗੀਕਰਨ ਦੀ ਪਹਿਚਾਣ ਕਰਾਉਂਦੀ ਹੈ।

## 11.1 ਸਮਾਜਿਕ ਗਤੀਸ਼ੀਲਤਾ ਅਤੇ ਸਮਾਜਿਕ ਗਤੀਸ਼ੀਲਤਾ ਦੇ ਨਿਧਾਰਕ (Social Mobility and Determinants of Social Mobility)

ਹਰ ਇੱਕ ਸਮਾਜ ਵਿੱਚ, ਲੋਕਾਂ ਨੂੰ ਆਯੋਜਿਤ ਸਮਾਜਿਕ ਥਾਵਾਂ 'ਤੇ ਸਥਿਤ ਕੀਤਾ ਜਾਂਦਾ ਹੈ। ਹੁਨਰ, ਗਿਆਨ, ਮੌਕੇ ਅਤੇ ਵਸੀਲੇ ਤੱਕ ਪਹੁੰਚ ਕੇ ਵੱਖਰੀ ਵੰਡ ਦੇ ਕਾਰਨ ਲੋਕਾਂ ਦੇ ਲਈ ਉੱਚੇ ਅਤੇ ਨੀਵੇਂ ਅਹੁਦੇ-ਸਥਾਨਾਂ 'ਤੇ ਬਣੇ ਰਹਿਣ ਦੀ ਬੰਧਨ ਪੈਦਾ ਹੁੰਦੇ ਹਨ। ਜੋ ਵਿਅਕਤੀ ਉੱਚੇ ਅਤੇ ਲਾਭਕਾਰੀ ਅਹੁਦਿਆਂ 'ਤੇ ਬੈਠੇ ਹਨ, ਉਹ ਸਮਾਜ ਦੇ ਨੀਵੇਂ ਸਥਾਨਾਂ 'ਤੇ ਕੰਮ ਕਰਨ ਵਾਲੇ ਸਦੱਸਿਆਂ ਦੇ ਲਈ ਉੱਪਰ ਦੀ ਤਰਫ਼ ਗਤੀਸ਼ੀਲਤਾ ਵਿੱਚ ਅੜਚਨਾਂ ਪੈਦਾ ਕਰਨ ਦਾ ਜਤਨ ਕਰਦੇ ਹਨ। ਉਨ੍ਹਾਂ ਦਾ ਜਤਨ ਰਹਿੰਦਾ ਹੈ ਕਿ ਜੋ ਉੱਚੇ ਅਹੁਦੇ-ਸਥਾਨ ਅਤੇ ਵਿਸ਼ੇਸ਼-ਅਧਿਕਾਰ ਉਨ੍ਹਾਂ ਕੋਲ ਹੈ, ਉਸ ਵਿੱਚ ਆਕਾਂਸ਼ਕਾਰੀ (ਉੱਪਰ ਉੱਠਣ ਵਾਲੇ ਲੋਕ) ਕੋਈ ਨਿਸ਼ਾਨਾ ਨਾ ਲਗਾ ਸਕਣ। ਕੁੱਝ ਦ੍ਰਿਸ਼ਟੀਆਂ ਵਿੱਚ ਲੋਕਾਂ ਨੂੰ ਆਪਣੇ ਸਮਾਜਿਕ ਰੁਤਬੇ ਨੂੰ ਬਦਲਣ ਵਿੱਚ ਪੀੜੀਆਂ ਲੱਗ ਜਾਂਦੀਆਂ ਹਨ। ਇੱਕ ਬੰਦ ਜਾਂ ਭਰੀ ਦਰਜ਼ਾਬੰਦੀ ਵਿਵਸਥਾ ਨੀਵੇਂ ਰੁਤਬੇ ਦੇ ਲੋਕਾਂ ਦੀ ਸਮਾਜਿਕ ਗਤੀਸ਼ੀਲਤਾ ਵਿੱਚ ਰੋਕਾਂ ਪੈਦਾ ਕਰਦੀ ਹੈ, ਜਦਕਿ ਇੱਕ

ਨੋਟ

ਖੁਲ੍ਹੀ ਵਿਵਸਥਾ ਦੇ ਅੰਤਰਗਤ ਸਮਾਜਿਕ ਗਤੀਸ਼ੀਲਤਾ ਬਹੁਾ ਜ਼ਿਆਦਾ ਹੁੰਦੀ ਹੈ। ਯੋਗਤਾ, ਸਮਤਾਵਾਦ ਅਤੇ ਇਤਿਹਾਸਿਕ ਸਮਤਾਵਾਦ ਅਤੇ ਇਤਿਹਾਸਿਕ ਸਮਾਜਿਕ ਗਤੀਸ਼ੀਲਤਾ ਦੇ ਤਿੰਨ ਆਧਾਰ ਹੋ ਸਕਦੇ ਹਨ। ਜਿਨ੍ਹਾਂ ਲੋਕਾਂ ਦੇ ਕੋਲ ਲੋੜ ਅਨੁਸਾਰ ਯੋਗਤਾਵਾਂ ਹਨ, ਉਹ ਆਪਣਾ ਰੁਤਬਾ ਬਦਲ ਕੇ ਉੱਪਰ ਉੱਠਣ ਦਾ ਜਤਨ ਕਰਦੇ ਹਨ। ਸਭ ਲੋਕਾਂ ਨੂੰ ਬਰਾਬਰ ਪਹੁੰਚ ਪ੍ਰਾਪਤ ਹੋਣੀ ਚਾਹੀਦੀ ਹੈ ਅਤੇ ਉੱਚੇ ਰੁਤਬੇ ਨੂੰ ਪ੍ਰਾਪਤ ਕਰਨ ਵਿੱਚ ਕਿਸੇ ਵੀ ਪ੍ਰਕਾਰ ਦੀਆਂ ਰੋਕਾਂ ਨਹੀਂ ਆਉਣੀਆਂ ਚਾਹੀਦੀਆਂ। ਮਨੁੱਖੀ ਇਤਿਹਾਸ ਗਵਾਹ ਹੈ ਕਿ ਇੱਕ ਵਕਤ ਵਿੱਚ ਜ਼ਿਆਦਾ ਅਤੇ ਜਨ-ਸੰਖਿਆਤਮਕ ਕਾਰਣਾਂ ਦੁਆਰਾ ਵਿਅਕਤੀਆਂ, ਪਰਿਵਾਰਾਂ ਅਤੇ ਸਮਾਜ ਦਾ ਮੁੜ ਭੁਗਤਾਨ ਹੁੰਦਾ ਹੈ।

ਭਗੋਲਿਕ ਗਤੀਸ਼ੀਲਤਾ ਜ਼ਿਆਦਾ ਪ੍ਰਚੱਲਿਤ ਅਤੇ ਜਨਪੂਰਨ ਹੈ। ਇਸਦੇ ਅੰਰਤਗਤ, ਇੱਕ ਵਿਅਕਤੀ ਪਿੰਡ ਤੋਂ ਸ਼ਹਿਰ ਅਤੇ ਸ਼ਹਿਰ ਤੋਂ ਪਿੰਡ , ਸ਼ਹਿਰ ਦੇ ਇੱਕ ਭਾਗ ਤੋਂ ਦੂਸਰੇ ਭਾਗ ਵਿੱਚ, ਦੇਸ਼ ਦੇ ਇੱਕ ਭਾਗ ਤੋਂ ਦੂਸਰੇ ਭਾਗ ਵਿੱਚ ਅਤੇ ਇੱਕ ਦੇਸ਼ ਤੋਂ ਦੂਸਰੇ ਭਾਗ ਵਿੱਚ ਅਤੇ ਦੇਸ਼ ਤੋਂ ਦੂਸਰੇ ਦੇਸ਼ ਵਿੱਚ ਵੱਸ ਜਾਂਦੇ ਹਨ। ਇਹ ਕੂਚ ਕਰਨ ਦਾ ਖ਼ਾਸਕਰ ਪਿੰਡ ਤੋਂ ਸਹਿਰ ਦੀ ਤਰਫ਼ ਜਾ ਕੇ ਵਸਣ ਦਾ, ਸਮਾਜ-ਸ਼ਾਸ਼ਤਰੀ ਦ੍ਰਿਸ਼ਟੀ ਤੋਂ ਬਹੁਤ ਮਹੱਤਵ ਹੈ। ਦੂਸਰੇ ਪ੍ਰਕਾਰ ਦੀ ਵੀ ਪਰਿਵਰਤਨ ਪ੍ਰਵਿਰਤੀਆਂ ਹਨ-ਉਸੇ ਕੰਪਨੀ ਵਿੱਚ ਇੱਕ ਧੰਦੇ ਤੋਂ ਦੂਜਾ ਧੰਦਾ ਕਰਨਾ, ਇੱਕ ਹੋਰ ਸੰਗਠਨ ਵਿੱਚ ਉਸੇ ਤਰ੍ਹਾਂ ਦੇ ਜਾਂ ਹੋਰ ਕੰਮ ਕਰਨਾ, ਅਤੇ ਹੋਰ ਉਦਯੋਗ ਜਾਂ ਮਿਹਨਤ ਬਜ਼ਾਰ ਵਿੱਚ ਉਸੇ ਕੰਮ ਜਾਂ ਹੋਰ ਅਹੁਦਾ-ਸਥਾਨ 'ਤੇ ਕੰਮ ਕਰਨਾ। ਗਤੀਸ਼ੀਲਤਾ ਦੇ ਅਜਿਹੇ ਵੀ ਉਦਾਹਰਣ ਹਨ, ਜਿਨ੍ਹਾਂ ਵਿੱਚ ਇੱਕ ਵਿਅਕਤੀ ਦੀ ਆਰਥਿਕ ਜਾਂ ਸਮਾਜਿਕ ਅਹੁਦਾ ਸਥਿਤੀ ਵਿੱਚ ਤਬਦੀਲ ਨਹੀਂ ਹੁੰਦਾ। ਇਸ ਪ੍ਰਕਾਰ ਗਤੀਸ਼ੀਲ਼ਤਾ ਦੁਆਰਾ ਇੱਕ ਵਿਆਕਤੀ ਜਾਂ ਪੱਧਰ ਦੀ ਆਰਥਿਕ ਅਤੇ ਰਾਜਨੀਤਕ ਅਹੁਦਾ ਸਥਿਤੀ ਵਿੱਚ ਮਹੱਤਵਪੂਰਨ ਪਰਿਵਰਤਨ ਹੁੰਦਾ ਹੈ।

ਸਮਾਜਿਕ ਗਤੀਸ਼ੀਲਤਾ ਦੇ ਅਧਿਐਨ ਵਿੱਚ ਨਿਮਨ ਮਹੱਤਵਪੂਰਨ ਬਿੰਦੂ ਹਨ-

1. ਇੱਕ ਸਮਾਜ ਦੀ ਕਠੋਰਤਾ ਅਤੇ ਲਚੀਲੇਪਨ ਨੂੰ ਜਾਣਨ ਦੇ ਲਈ ਉਸਦਾ ਵਰਣਨ।
2. ਵਿਅਕਤੀਆਂ ਨੂੰ ਆਪਣੇ ਹੁਨਰ ਦੇ ਉਯੋਗ ਲਈ ਉਪਲਬਧ ਮੌਕਿਆਂ ਦੇ ਬਾਰੇ ਜਾਣਕਾਰੀ।
3. ਸਮਾਜ ਵਿੱਚ ਜਾਤ-ਅਹੁਦਿਆਂ 'ਤੇ ਬਿਰਾਜਮਾਨ ਹੋਣ ਦੇ ਬਾਰੇ ਵਿੱਚ ਜਾਣਕਾਰੀ।
4. ਸਮਾਜ ਦੇ ਮਿਹਨਤੀ ਵਰਗਾਂ ਦੀ ਗਤੀਸ਼ੀਲਤਾ ਨੂੰ ਸਮਝਣਾ।
5. ਵਰਗ ਮਨੋਵਿਰਤੀਆਂ ਅਤੇ ਵਰਗ ਚੇਤਨਾ (ਖ਼ਾਸਕਰ ਮਿਹਨਤੀ ਵਰਗ ਦੇ ਜ਼ਿਕਰ ਵਿੱਚ) 'ਤੇ ਗਤੀਸ਼ੀਲਤਾ ਦੇ ਪ੍ਰਭਾਵਾਂ ਨੂੰ ਸਮਝਣਾ।
6. ਇੱਕ ਵਿਅਕਤੀ ਜਾਂ ਸਮੂਹ ਦੀ ਗਤੀਸ਼ੀਲਤਾ ਦੀ ਸੰਭਾਵਨਾਵਾਂ ਦੇ ਜ਼ਿਕਰ ਵਿੱਚ ਵਰਗ ਮਨੋਵਿਰਤੀਆਂ ਅਤੇ ਲੱਛਣਾਂ 'ਤੇ ਗਤੀਸ਼ੀਲਤਾ ਦੇ ਪ੍ਰਭਾਵ।
7. ਇੱਕ ਗਤੀਮਾਨ ਵਿੱਚ 'ਤੇ ਗਤੀਸ਼ੀਲਤਾ ਦੇ ਪ੍ਰਭਾਵ।

"ਇੱਕ ਪਰਿਵਾਰ ਜਾਂ ਇੱਕ ਵਿਅਕਤੀ ਦੀ ਗਤੀਸ਼ੀਲਤਾ ਨੂੰ ਮਾਪਿਆ ਜਾਂਦਾ ਹੈ।" ਪਰਿਵਾਰ ਦੇ ਜ਼ਿਕਰ ਵਿੱਚ, ਅੰਤਰ-ਪੀੜੀਆਂ ਗਤੀਸ਼ੀਲ ਪਾਈਆਂ ਜਾਂਦੀਆਂ ਹਨ। ਇੱਕ ਵਿਅਕਤੀ ਦੇ ਜ਼ਿਕਰ ਵਿੱਚ, ਮਤਲਬ ਪੀੜੀਆਂ ਗਤੀਸ਼ੀਲਤਾ ਹੁੰਦੀਆਂ ਹਨ। ਪੱਧਰ ਗਤੀਸ਼ੀਲਤਾ ਅਕਸਰ ਲਾਪਰਵਾਹ ਰਹਿੰਦੀ ਹੈ। ਪਰ ਭਾਰਤੀ ਸਮਾਜ ਵਿੱਚ ਜਾਤ ਗਤੀਸ਼ੀਲਤਾ ਦੀ ਮਨਸ਼ਾ ਸਮੂਹ/ਪੱਧਰ ਗਤੀਸ਼ੀਲਤਾ ਤੋਂ ਹੈ। ਲਗਾਤਾਰ, ਸਥਿਰ ਅਤੇ ਉਚਾਈ ਦੇ ਆਧਾਰ 'ਤੇ ਗਤੀਸ਼ੀਲਤਾ ਦਾ ਮਾਪਦੰਡ ਤਹਿ ਕੀਤਾ ਜਾ ਸਕਦਾ ਹੇ। ਗਤੀਸ਼ੀਲਤਾ ਦੇ ਮਾਪਦੰਡਾਂ ਦੀਆਂ ਇਨ੍ਹਾਂ ਕਸੌਟੀਆਂ ਦੁਆਰਾ ਆਰਥਿਕ, ਸਮਾਜਿਕ ਅਤੇ ਰਾਜਨੀਤਕ ਗਤੀਸ਼ੀਲਤਾ 'ਤੇ ਧਿਆਨ ਦਿੱਤਾ ਜਾ ਸਕਦਾ ਹੈ। ਸਭ ਸਮਾਜਾਂ ਵਿੱਚ ਵਪਾਰਕ ਗਤੀਸ਼ੀਲਤਾ ਇੱਕ ਮਹੱਤਵਪੂਰਨ ਪੈਮਾਨਾ/ਕਸੌਟੀ ਰਹਿੰਦੀ ਹੈ, ਲੇਕਿਨ ਆਮਦਨ, ਹੁਨਰ ਅਤੇ ਨਿਰਦੇਸ਼ਨ ਸਥਿਤੀ/ਅਹੁਦਾ, ਸ਼ਾਨੋ-ਸ਼ੌਕਤ ਅਤੇ ਵਿਅਕਤੀਗਤ ਹਿੱਤਾਂ ਦੇ ਹਵਾਲੇ ਵਿੱਚ ਇਸਦਾ ਮਾਪ ਬਹੁਤ ਮੁਸ਼ਕਿਲ ਕੰਮ ਹੈ।

## ਸਮਾਜਿਕ ਗਤੀਸ਼ੀਲਤਾ ਦੇ ਬਾਰੇ ਵਿੱਚ ਸੋਰੋਕਿਨ ਦਾ ਦ੍ਰਿਸ਼ਟੀਕੋਣ

ਪੀ.ਏ. ਸੋਰੋਕਿਨ ਦੀ ਸ਼ਾਸ਼ਤਰੀ ਕ੍ਰਿਤ ਸ਼ੋਸਲ ਐਂਡ ਕਲਚਰਲ ਮੋਬਿਲਿਟੀ ਵਿੱਚ ਸਮਾਜਿਕ ਗਤੀਸ਼ੀਲਤਾ ਅਤੇ ਉਸਦੀ ਵੰਡ ਦੀ ਧਾਰਨਾ ਦਾ ਸਪੱਸ਼ਟ ਵਿਖਿਆਨ ਪ੍ਰਾਪਤ ਹੈ। ਸੋਰੋਕਿਨ ਦੇ ਅਨੁਸਾਰ, "ਸਮਾਜਿਕ ਗਤੀਸ਼ੀਲਤਾ ਦੀ ਮਨਸ਼ਾ ਇੱਕ ਵਿਅਕਤੀ

ਨੋਟ

ਸਮਾਜਿਕ ਵਸਤੂ ਜਾਂ ਮੁੱਲ ਦੇ ਕਿਸੇ ਸੰਕ੍ਰਮਣ ਤੋਂ ਹੈ–ਕੋਈ ਵੀ ਵਸਤੂ ਜੋ ਮਨੁੱਖ ਕਿਰਿਆ ਦੁਆਰਾ ਇੱਕ ਸਮਾਜਿਕ ਸਥਿਤੀ ਤੋਂ ਦੂਜੀ ਤੱਕ ਰਚਿਤ ਜਾਂ ਸੰਸ਼ੋਧਿਤ ਹੋਈ ਹੈ।

ਸਮਾਜਿਕ ਦਰਜ਼ਾਬੰਦੀ ਸੋਰੋਕਿਨ ਦਾ ਮੱਤ ਹੈ ਕਿ ਸਮਾਜਿਕ ਗਤੀਸ਼ੀਲਤਾ ਦੇ ਦੋ ਮੁੱਖ ਪ੍ਰਕਾਰ ਹਨ–ਦਿਗਮੰਡਲ ਅਤੇ ਸਧਾਰਨ ਗਠਨਾਤਮਕ ਰੂਪ। ਦਿਗਮੰਡਲ ਸਮਾਜਿਕ ਗਤੀਸ਼ੀਲਤਾ ਦੀ ਮਨਸ਼ਾ ਇੱਕ ਹੀ ਪੱਧਰ 'ਤੇ ਸਥਿਰ ਇੱਕ ਵਿਅਕਤੀ (ਜਾਂ ਸਮਾਜਿਕ ਵਸਤੂ) ਦੇ ਸੰਕ੍ਰਮਣ ਤੋਂ ਹੈ। ਸਧਾਰਨ ਗਠਨਾਤਮਕ ਰੂਪ ਸਮਾਜਿਕ ਗਤੀਸ਼ੀਲਤਾ ਦੀ ਮਨਸ਼ਾ ਇੱਕ ਵਿਅਕਤੀ (ਜਾਂ ਸਮਾਜਿਕ ਵਸਤੂ) ਦੇ ਇੱਕ ਪੱਧ੍ਰ ਤੋਂ ਦੂਜੇ ਵਿੱਚ ਜਾਣ ਦੇ ਸੰਕ੍ਰਮਨ ਵਿੱਚ ਸਾਮਿਲ ਸੰਬੰਧਾਂ ਤੋਂ ਹੈ। ਦੋ ਪ੍ਰਕਾਰ ਦੀ ਸਧਾਰਨ ਗਠਨਾਤਮਕ ਗਤੀਸ਼ੀਲਤਾ ਵੀ ਹੈ–ਉੱਪਰ ਉੱਠਣ ਵਾਲੀ ਅਤੇ ਨੀਚੇ ਆਉਣ ਵਾਲੀ ਜਾਂ ਸਮਾਜਿਕ ਚੜਾਈ ਅਤੇ ਸਮਾਜਿਕ ਗਿਰਾਵਟ। ਦਰਜ਼ਾਬੰਦੀ ਦੀ ਪ੍ਰਕਿਰਤੀ ਦੇ ਆਧਾਰ 'ਤੇ, ਅਸੀਂ ਆਰਥਿਕ, ਰਾਜਨੀਤਕ ਅਤੇ ਵਪਾਰਕ ਗਤੀਸ਼ੀਲਤਾ ਦੇ ਉੱਪਰ ਦੀ ਤਰਫ਼ ਅਤੇ ਨੀਚੇ ਦੀ ਤਰਫ਼ ਦੇ ਪ੍ਰਵਾਹਾਂ ਨੂੰ ਦੇਖ ਸਕਦੇ ਹਾਂ।

ਉੱਪਰ ਦੀ ਤਰਫ਼ ਦੇ ਪ੍ਰਵਾਹਾਂ ਦੇ ਦੋ ਮੁੱਖ ਰੂਪ ਹਨ– (i) ਨੀਵੇਂ ਪੱਧਰ ਦੇ ਵਿਅਕਤੀਆਂ ਦਾ ਮੌਜੂਦ ਉੱਚੇ ਪੱਧਰ ਵਿੱਚ ਘੁਸਪੈਠ/ਪ੍ਰਵੇਸ਼, ਅਤੇ (ii) ਇੱਕ ਨਵੇਂ ਸਮੂਹ ਦੀ ਰਚਨਾ ਦੁਆਰਾ ਵਿਅਕਤੀ ਅਤੇ ਉਸਦੇ ਸਮੂਹ ਦੁਆਰਾ ਇੱਕ ਉੱਚ ਪੱਧਰ ਵਿੱਚ ਪ੍ਰਵੇਸ਼, ਨਾ ਕਿ ਮੌਜੂਦ ਸਮੂਹਾਂ ਦੇ ਪੱਧਰ ਵਿੱਚ ਪ੍ਰਵੇਸ਼ ਜਾਂ ਫੇਰ-ਬਦਲ। ਇਸ ਪ੍ਰਕਾਰ ਬਦਲਦੇ ਪ੍ਰਵਾਹਾਂ ਦੇ ਵੀ ਦੋ ਰੂਪ ਹਨ– (i) ਵਿਅਕਤੀਆਂ ਦਾ ਇੱਕ ਉੱਚਾ ਸਮਾਜਿਕ ਸਥਿਤੀ ਵਿੱਚ ਇੱਕ ਮੌਜੂਦਾ ਨਿਮਨ ਸਥਿਤੀ ਵਿੱਚ ਆਉਣਾ, ਅਤੇ (ii)ਇੱਕ ਸਮਾਜਿਕ ਸਮੂਹ ਦਾ ਮੁੜ ਪਤਨ, ਹੋਰ ਸਮੂਹਾਂ ਦੇ ਵਿੱਚਅਹੁਦੇ ਦੇ ਆਧਾਰ ਦੀ ਸਮਾਪਤੀ ਜਾਂ ਉਸਦਾ ਇੱਕ ਸਮਾਜਿਕ ਇਕਾਈ ਦੇ ਰੂਪ ਵਿੱਚ ਵਿਘਟਨ। ਪਹਿਲੇ ਵਿੱਚ, ਇੱਕ ਵਿਅਕਤੀ ਦੀ ਗਿਰਾਵਟ ਹੈ, ਅਤੇ ਦੂਜੇ ਵਿੱਚ , ਇੱਕ ਪੱਧਰ/ਇਕਾਈ ਦਾ ਪਤਨ/ਗਿਰਾਵਟ ਹੈ। ਇਸ ਪ੍ਰਕਾਰ ਦੋ ਪ੍ਰਤੀਮਾਨ ਹਨ– (i) ਇੱਕ ਵਿਅਕਤੀ ਦੀ ਚੜਾਈ/ਗਿਰਾਵਟ, ਅਤੇ (ii)ਸਮੂਹਾਂ ਦੀ ਚੜਾਈ/ਗਿਰਾਵਟ।

ਸੋਰੋਕਿਨ ਨੇ ਸਧਾਰਨ ਗਠਨਾਤਮਕ ਗਤੀਸ਼ੀਲਤਾ ਦੀ ਗਹਿਰਾਈ ਅਤੇ ਬਰਾਬਰੀ ਦੇ ਮੱਧ ਵੀ ਅੰਤਰ ਕੀਤਾ ਹੈ। ਗਹਿਰਾਈ ਦਾ ਅਰਥ ਨਿਸ਼ਚਿਤ ਸਮੇਂ ਵਿੱਚ ਚੜਾਈ ਜਾਂ ਗਿਰਾਵਟ ਦੀ ਕਿਰਿਆ ਤੋਂ ਹੈ। ਬਰਾਬਰੀ ਦੀ ਮਨਸ਼ਾ ਉਨ੍ਹਾਂ ਵਿਅਕਤੀਆਂ ਦੀ ਸੰਖਿਆ ਤੋਂ ਹੈ, ਜਿਨ੍ਹਾਂ ਨੇ ਇੱਕ ਨਿਸ਼ਚਿਤ ਵਕਤ ਵਿੱਚ ਸਧਾਰਨ ਗਠਨਾਤਮਕ ਦਿਸ਼ਾ ਵਿੱਚ ਆਪਣੇ ਸਮਾਜਿਕ ਸਥਾਨ ਨੂੰ ਪਰਿਵਰਤਿਤ ਕਰ ਦਿੱਤਾ ਹੈ। ਗਤੀਮਾਨ ਵਿਅਕਤੀਂ ਦੀ ਪੂਰਨ ਸੰਖਿਆ ਜਾਂ ਪੂਰਨ ਜਨ-ਸੰਖਿਆ ਵਿੱਚ ਵਿਸ਼ੇਸ਼ ਵਿਅਕਤੀਆਂ ਦੇ ਮੁਕਾਬਲੇ ਦੇ ਹਵਾਲੇ ਵਿੱਚ ਸਧਾਰਨ ਗਠਨਾਤਮਕ ਗਤੀਸ਼ੀਲਤਾ ਨੂੰ ਸੰਪੂਰਨ ਬਰਾਬਰੀ ਅਤੇ ਰਿਸ਼ਤੇਦਾਰ ਬਰਾਬਰੀ ਦੇ ਰੂਪ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਵਿਸ਼ੇਸ਼ ਖੇਤਰ ਵਿੱਚ ਸਧਾਰਨ ਗਠਨਾਤਮਕ ਗਤੀਸ਼ੀਲਤਾ ਨਾਲ ਜੁੜੀ ਗਹਿਰਾਈ ਅਤੇ ਰਿਸ਼ਤੇਦਾਰੀ ਬਰਾਬਰੀ 'ਤੇ ਆਧਾਰਿਤ ਅੰਕੜਿਆਂ ਦੁਆਰਾ ਇੱਕ ਵਿਸ਼ੇਸ਼ ਸਮਾਜ ਦੀ ਸਧਾਰਨ ਗਠਨਾਤਮਕ ਗਤੀਸ਼ੀਲਤਾ ਦੀ ਔਸਤ ਸੂਚੀ ਦੀ ਜਾਣਕਾਰੀ ਕਰ ਸਕਦੇ ਹਨ।

### ਸਮਾਜਿਕ ਗਤੀਸ਼ੀਲਤਾ

ਨਿਮਨ ਯੋਜਨਾ ਵਿੱਚ ਗਤੀਸ਼ੀਲਤਾ ਨੂੰ ਸਥਿਤੀ ਵਿੱਚ ਪੇਸ਼ ਕੀਤਾ ਗਿਆ ਹੈ–

| | | | | |
|---|---|---|---|---|
| (a) ਵਿਆਕਤੀਆਂ ਦੀ | ਦਿਗਮੰਡਲ | ਖੇਤਰੀ, ਧਾਰਮਿਕ, ਰਾਜਨੀਤਕ ਦਲ, ਪਰਿਵਾਰ ਵਪਾਰਕ,ਅਤੇ ਹੋਰ ਦਿਮੰਡਲੀ ਪਰਿਵਰਤਨ ਸਧਾਰਨ ਗਠਨਾਤਮਕ ਸਥਿਤੀ ਵਿੱਚ ਬਿਨਾਂ ਕਿਸੇ ਖ਼ਾਸ ਪਰਿਵਰਤਨ ਦੇ | | |
| (b) ਸਮਾਜਿਕ ਵਸਤੂਆਂ ਦੀ | ਸਧਾਰਨ ਗਠਨਾਤਮਕ | ਚੜਾਈ | ਵਿਅਕਤੀ ਵਿਸ਼ੇਸ਼ ਸੰਪੂਰਨ ਸਮੂਹ ਦੀ ਰਚਨਾ ਅਤੇ ਉਠਾਅ | ਆਰਥਿਕ, ਵਪਾਰਕ, ਰਾਜਨੀਤਕ, ਆਦਿ। |
| | | ਗਿਰਾਵਟ | ਵਿਅਕਤੀਗਤ ਗਿਰਾਵਟ ਸੰਪੂਰਨ ਸਮੂਹ ਦੀ ਵਿਘਟਨ ਜਾਂ ਗਿਰਾਵਟ | ਆਰਥਿਕ, ਵਪਾਰਕ, ਰਾਜਨੀਤਕ, ਆਦਿ। |

ਨੋਟ

ਦਿਗਮੰਡਲ ਜਾਂ ਸਧਾਰਨ ਗਠਨਾਤਮਕ ਗਤੀਸ਼ੀਲਤਾ ਅਤੇ ਗਹਿਰਾਈ ਅਤੇ ਬਰਾਬਰੀ ਦੀ ਪ੍ਰਕਿਰਤੀ ਦੇ ਆਧਾਰ 'ਤੇ ਇੱਕ ਸਮਾਜ ਦੀ ਪਰਖ਼ ਕੀਤੀ ਜਾ ਸਕਦੀ ਹੈ। ਜੇਕਰ ਚੜਾਈ ਜਾਂ ਉਤਰਾਅ ਨਹੀਂ ਹੈ ਅਤੇ ਨਾ ਹੀ ਮੈਂਬਰਾਂ ਦੇ ਚੱਕਰ ਹਨ, ਤਾਂ ਇੱਕ ਵਿਅਕਤੀ ਆਪਣੇ ਜਨਮ ਦੇ ਆਧਾਰ 'ਤੇ ਇੱਕ ਪੱਧਰ ਨਾਲ ਜੁੜਿਆ ਰਹਿੰਦਾ ਹੈ। "ਇਸ ਪ੍ਰਕਾਰ ਦੇ ਦਰਜ਼ਾਬੰਦੀ ਨੂੰ ਪੂਰਨ ਤੌਰ 'ਤੇ ਬੰਦ, ਕਠੋਰ, ਸਥਿਰ ਜਾਂ ਰੁਕਿਆ ਕਹਿ ਹਾਂ।" ਇਸਦੇ ਉਲਟ ਇੱਕ ਪਰਕਾਰ ਦਾ ਸਮਾਜ ਉਹ ਵੀ ਹੋ ਸਕਦਾ ਹੈ ਜਿਸ ਵਿੱਚ ਸਧਾਰਨ ਗਠਨਾਤਮਕ ਗਤੀਸ਼ੀਲਤਾ ਬਹੁਤ ਗਹਿਰੀ ਅਤੇ ਬਰਾਬਰ ਹੈ। ਅਜਿਹੇ ਸਮਾਜ ਵਿੱਚ, ਵਿਅਕਤੀ ਇੱਕ ਪੱਧਰ ਤੋਂ ਦੂਜੇ ਵਿੱਚ ਉੱਪਰ ਅਤੇ ਥੱਲੇ ਦੋਨੋਂ ਤਰਫ਼ ਜਾ ਸਕਦਾ ਹੈ। ਇਨ੍ਹਾਂ ਦੋ ਉਲਟ ਪ੍ਰਕਾਰਾਂ ਦੇ ਵਿੱਚ ਦਰਜ਼ਾਬੰਦੀ ਦੇ ਅਨੇਕਾਂ ਮੱਧ ਜਾਂ ਵਿੱਚ ਦੇ ਪ੍ਰਕਾਰ ਹੋ ਸਕਦੇ ਹਨ।"

ਉੱਕਾ ਅਤੇ ਰੂੜੀਵਾਦੀ ਸਮਾਜਾਂ ਦੀ ਤੁਲਨਾ ਵਿੱਚ ਪ੍ਰਜਾਤੰਤਰ ਸਮਾਜਾਂ ਵਿੱਚ ਕਿਤੇ ਜ਼ਿਆਦਾ ਗਹਿਰੀ ਸਧਾਰਨ ਗਠਨਾਤਮਕ ਗਤੀਸ਼ੀਲਤਾ ਪਾਈ ਜਾਂਦੀ ਹੈ। ਇੱਕ ਪਰਜਾਤੰਤਰ ਸਮਾਜ ਵਿੱਚ ਜਨਮ 'ਤੇ ਆਧਾਰਿਤ ਭਰੇ ਰੁਤਬੇ ਦਾ ਕੋਈ ਮਹੱਤਵਪੂਰਨ ਸਥਾਨ ਨ੍ਹੀਨ ਹੁੰਦਾ ਹੈ।

ਖੁਲ੍ਹਾਪਨ ਅਤੇ ਮੌਕਿਆਂ ਦੀ ਬਰਾਬਰੀ ਪਾਈ ਜਾਂਦੀ ਹੈ। ਉੱਪਰ ਜਾਣ ਅਤੇ ਥੱਲੇ ਆਉਣ ਦੇ ਅਨੇਕ ਗਲਿਆਰੇ (ਰਸਤੇ) ਅਤੇ ਪੌੜੀਆਂ ਹਨ। ਸੋਰੋਕਿਨ ਨੇ ਸਧਾਰਨ ਗਠਨਾਤਮਕ ਗਤੀਸ਼ੀਲਤਾ ਦੇ ਹੇਠ ਲਿਖੇ ਆਮ ਸਿਧਾਂਤ ਦਾ ਸੁਝਾਵ ਦਿੱਤਾ ਹੈ–

1. ਮੁਸ਼ਕਿਲ ਨਾਲ ਹੀ ਅਜਿਹਾ ਸਮਾਜ ਰਿਹਾ ਹੈ, ਜਿਸਦੇ ਪੱਧਰ ਪੂਰਨ ਤੌਰ 'ਤੇ ਬੰਦ ਸਨ, ਜਾਂ ਜਿਸਦੇ ਤਿੰਨ ਭਾਵ ਰਾਜਨੀਤਕ ਅਤੇ ਵਪਾਰਿਕ ਸਰੂਪਾਂ ਵਿੱਚ ਸਧਾਰਨ ਗਠਨਾਤਮਕ ਗਤੀਸ਼ੀਲਤਾ ਨਹੀਂ ਸੀ।
2. ਕਦੀ ਵੀ ਅਜਿਹਾ ਸਮਾਜ ਨਹੀਂ ਰਿਹਾ ਹੋਵੇਗਾ, ਜਿਸ ਵਿੱਚ ਸਧਾਰਨ ਗਠਨਾਤਮਕ ਗਤੀਸ਼ੀਲਤਾ ਪੂਰਨ ਤੌਰ 'ਤੇ ਆਜ਼ਾਦ (ਖੁਲ੍ਹੀ) ਰਹੀ ਹੈ ਅਤੇ ਇੱਕ ਪੱਧਰ ਤੋਂ ਦੂਜੇ ਵਿੱਚ ਪ੍ਰਵੇਸ਼ ਦੇ ਮਾਰਗ ਵਿੱਚ ਵਿਰੋਦ ਨਹੀਂ ਰਿਹਾ ਹੈ ਜਾਂ ਨਹੀਂ ਸੀ।
3. ਸਧਾਰਨ ਗਠਨਾਤਮਕ ਗਤੀਸ਼ੀਲਤਾ ਦੀ ਗਹਿਰਾਈ ਅਤੇ ਬਰਾਬਰੀ ਦੋਨਾਂ ਦਾ ਸਰੂਪ ਸਮਾਜਾਂ ਵਿੱਚ (ਸਥਾਨ ਦੇ ਆਧਾਰ ਗਤੀਸ਼ੀਲਤਾ ਦਾ ਉਤਰਾਅ–ਚੜਾਅ) ਭਿੰਨ ਰਿਹਾ ਹੈ।
4. ਇੱਕ ਹੀ ਸਮਾਜ ਵਿੱਚ ਅਲੱਗ–ਅਲੱਗ ਸਮਿਆਂ 'ਤੇ ਸਧਾਰਨ ਗਠਨਾਤਮਕ ਗਤੀਸ਼ੀਲਤਾ ਆਰਥਿਕ, ਰਾਜਨੀਤਕ ਅਤੇ ਵਪਾਰਕ ਗਹਿਰਾਈ ਅਤੇ ਬਰਾਬਰੀ ਵਿੱਚ ਉਤਰਾਅ–ਚੜਾਅ ਪਾਏ ਗਏ ਹਨ।
5. ਇਤਿਹਾਸਿਕ ਅਤੇ ਹੋਰ ਸਰੋਤਾਂ (ਸਮੱਗਰੀ) ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਸਧਾਰਨ ਗਠਨਾਤਮਕ ਗਤੀਸ਼ੀਲਤਾ ਦੇ ਤਿੰਨ ਪ੍ਰਮੁੱਖ ਖੇਤਰਾਂ ਵਿੱਚ ਗਤੀਸ਼ੀਲਤਾ ਦੀ ਗਹਿਰਾਈ ਅਤੇ ਬਰਾਬਰੀ ਵਿੱਚ ਵਾਧਾ ਜਾਂ ਗਿਰਾਵਟ ਦੀ ਇੱਕ ਨਿਸ਼ਚਿਤ ਅਤੇ ਲਗਾਤਾਰ ਪ੍ਰਵਿਰਤੀ ਦਿਖਾਈ ਨਹੀਂ ਦਿੰਦੀ ਹੈ। ਇੱਕ ਦੇਸ਼ ਦੇ ਇਤਿਹਾਸ ਦੇ ਲਈ, ਇੱਕ ਵੱਡੀ ਸਮਾਜਿਕ ਵਿਵਸਥਾ ਦੇ ਲਈ, ਅਤੇ ਅੰਤ ਵਿੱਚ ਮਨੁੱਖ ਜਾਤ ਦੇ ਇਤਿਹਾਸ ਦੇ ਲਈ, ਸਧਾਰਨ ਗਠਨਾਤਮਕ ਗਤੀਸ਼ੀਲਤਾ ਵੈਧ ਪ੍ਰਤੀਤ ਹੁੰਦੀ ਹੈ।

ਇਸ ਪ੍ਰਕਾਰ ਸੋਰੋਕਿਨ ਦੇ ਅਨੁਸਾਰ, ਸਮਾਜਿਕ ਗਤੀਸ਼ੀਲਤਾ ਦੇ ਪ੍ਰਮੁੱਖ ਪ੍ਰਕਾਰ ਹਨ– ਦਿਗਮੰਡਲ ਅਤੇ ਸਧਾਰਨ ਗਠਨਾਤਮਕ ਰੂਪ। ਜਿਵੇਂ ਕਿ ਪਹਿਲਾਂ ਵਿਆਖਿਆ ਕੀਤੀ ਗਈ ਹੈ ਕਿ ਸਧਾਰਨ ਗਠਨਾਤਮਕ ਗਤੀਸ਼ੀਲਤਾ ਵਿੱਚ ਚੜਾਅ ਅਤੇ ਉਤਰਾਅ ਦੋਨੋਂ ਪ੍ਰਵਾਹ ਪਾਏ ਜਾਂਦੇ ਹਨ। ਹੋਰ ਸਮੂਹਾਂ ਦੀ ਵਿਵਸਥਾ ਦੇ ਅੰਦਰ ਦੋਨਾਂ ਵਿੱਚ ਵਿਅਕਤੀ ਪਰਵੇਸ਼ ਸੰਪੂਰਨ ਸਮੂਹ ਦਾ ਸਮੂਹਿਕ ਚੜਾਅ ਜਾਂ ਉਤਰਾਅ ਪਾਇਆ ਜਾਂਦਾ ਹੈ। ਗਤੀਸ਼ੀਲਤਾ ਦੇ ਚੱਕਰ ਦੀ ਸੀਮਾ ਦੇ ਆਧਾਰ 'ਤੇ, ਅਸੀਂ ਰੁਕਿਆ ਅਤੇ ਗਤੀਸ਼ੀਲ ਸਮਾਜ ਦੇ ਪ੍ਰਕਾਰਾਂ ਦਾ ਭੇਦ ਕਰ ਸਕਦੇ ਹਾਂ, ਪਰ ਕੋਈ ਸਮਾਜ ਪੂਰਨ ਤੌਰ 'ਤੇ ਬੰਦ ਨਹੀਂ ਹੈ।ਸਧਾਰਨ ਗਠਨਾਤਮਕ ਗਤੀਸ਼ੀਲਤਾ ਆਸਾਨ ਨਹੀਂ ਹੈ, ਅਤੇ ਸਾਧਾਰਨਤਾ ਇਸਦੇ ਮਾਰਗ ਵਿੱਚ ਰੁਕਾਵਟਾਂ ਆਉਂਦੀਆਂ ਹਨ।ਸਧਾਰਨ ਗਠਨਾਤਮਕ ਗਤੀਸ਼ੀਲਤਾ ਦੇ ਸਮੇਂ ਅਤੇ ਸਥਾਨ ਤੇ ਗਹਿਰਾਈ ਅਤੇ ਬਰਾਬਰੀ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਇਸਦੇ ਵਾਧੇ ਜਾਂ ਗਿਰਾਵਟ ਦੀ ਇੱਕ ਨਿਰਨਤ ਪ੍ਰਵਿਰਤੀ ਨਹੀਂ ਪਾਈ ਜਾਂਦੀ ਹੈ। ਸਮਾਨ ਪ੍ਰਜਾਤੰਤਰ ਸਮਾਜ ਉੱਕਾ ਸਮਾਜਾਂ ਦੀ ਤੁਲਨਾ ਵਿੱਚ ਅਕਸਰ ਜ਼ਿਆਦਾ ਗਤੀਸ਼ੀਲ ਹੁੰਦਾ ਹੈ।

ਕਿਸੇ ਵੀ ਸਮਾਜ ਵਿੱਚ ਕੁੱਝ ਸੀਮਾ ਤੱਕ ਸਧਾਰਨ ਗਠਨਾਤਮਕ ਗਤੀਸ਼ੀਲਤਾ ਪਾਈ ਜਾਂਦੀ ਹੈ। ਹਰ ਸਮਾਜ ਵਿੱਚ, 'ਪੱਧਰਾਂ', 'ਦਰਾਰਾਂ', 'ਪੌੜੀਆਂ', ਉੱਚੀ ਪੌੜੀ' ਜਾਂ 'ਵੱਡੇ ਰਸਤਿਆਂ' ਦੇ ਵਿੱਚਕਾਰ 'ਪਤਲੀਆਂ ਦਰਾਰਾਂ' ਹੁੰਦੀਆਂ ਹਨ, ਜਿਸਦੇ ਦੁਆਰਾ ਵਿਅਕਤੀ ਇੱਕ ਪੱਧਰ ਤੋਂ ਦੂਜੇ ਪੱਧਰ ਵਿੱਚ ਜਾ ਸਕਦਾ ਹੈ।

ਨੋਟ

ਸਮਾਜਿਕ ਚੱਕਰ ਦੇ ਨਿਮਨ ਮਹੱਤਵਪੂਰਨ ਸਾਧਨ (ਮਾਰਗ) ਹਨ-

1. ਸੇਨਾ
2. ਚਰਚ
3. ਸਕੂਲ
4. ਪਰਿਵਾਰ
5. ਰਾਜਨੀਤਕ, ਆਰਥਿਕ ਅਤੇ ਵਪਾਰਿਕ ਸੰਗਠਨ

ਸਧਾਰਨ ਗਠਨਾਤਮਕ ਗਤੀਸ਼ੀਲਤਾ ਹਵਾਈ ਜ਼ਹਾਜ ਵਿੱਚ ਯਾਤਰਾ ਕਰਨ ਵਾਲੇ ਲੋਕਾਂ ਦੇ ਲਈ ਇਹ ਸ਼ਾਧਨ ਬਹੁਤ ਆਮ ਅਤੇ ਸੁਵਿਧਾਜਨਕ ਪੌੜੀਆਂ ਹਮੇਸ਼ਾਂ ਰਹੀਆਂ ਹਨ, ਜਿਸ ਨਾਲ ਲੋਕ ਉੱਪਰ ਜਾ ਚੜਦੇ ਅਤੇ ਉੱਤਰਦੇ ਹਨ। ਉਦਾਹਰਣ ਦੇ ਲਈ ਸੇਨਾ ਯੁੱਧ ਅਤੇ ਸਮਾਜਿਕ ਪੁਆੜੇ ਦੇ ਕਾਲ ਵਿੱਚ ਅਹਿਮ ਭੂਮੀਕਾ ਅਦਾ ਕਰਦੀ ਹੈ ਅਤੇ ਸ਼ਾਂਤੀ ਦੇ ਸਮੇਂ ਵਿੱਚ ਸਧਾਰਨ ਭੂਮੀਕਾ ਦਾ ਨਿਰਵਾਹ ਕਰਦੀ ਹੈ। ਮੱਧਯੁੱਗ ਵਿੱਚ ਚਰਚ ਦਾ ਬਹੁਤ ਜ਼ਿਆਦਾ ਮਹੱਤਵ ਸੀ।ਅੱਜ, ਭਾਰਤੀ ਸਮਾਜ ਵਿੱਚ ਇਸਲਾਮ, ਇਸਾਈ ਧਰਮ ਅਤੇ ਹਿੰਦੂ ਧਰਮ ਨੇ ਲੋਕਾਂ ਦੇ ਸਮਾਜਿਕ ਅਹੁਦਿਆਂ ਅਤੇ ਗਤੀਸ਼ੀਲਤਾ ਨੂੰ ਪ੍ਰਭਾਵਿਤ ਕੀਤਾ ਹੈ। ਵਰਤਮਾਨ ਵਿੱਚ ਸਮਾਜਿਕ-ਆਰਥਿਕ ਅਤੇ ਰਾਜਨੀਤਕ ਪੌੜੀ-ਦਰ-ਪੌੜੀ ਸਿਧਾਂਤ ਵਿੱਚ ਉੱਪਰ ਉੱਠਣ ਦੇ ਲਈ ਰਾਜਨੀਤੀ ਵਿੱਚ ਹਿੱਸੇਦਾਰੀ ਮਹੱਤਵਪੂਰਨ ਕਾਰਣ ਮੰਨਿਆ ਜਾਂਦਾ ਹੈ।

## ਦਿਗਮੰਡਲ ਗਤੀਸ਼ੀਲਤਾ

ਪੱਛਮ ਦੇ ਸਮਾਜਾਂ ਵਿੱਚ ਦਿਗਮੰਡਲ ਗਤੀਸ਼ੀਲਤਾ ਦੇ ਉਦਾਹਰਣਾਂ ਵਿੱਚ ਸੋਰੋਕਿਨ ਨੇ ਵਿਅਕਤਿਆਂ ਦੇ ਖੇਤਰ ਚੱਕਰ, ਵਸਤੂਆਂ ਅਤੇ ਮੂਲਾਂ ਦੇ ਚੱਕਰ, ਵਿਅਕਤੀਆਂ ਦਾ ਭਾਵ ਵਪਾਰਕ ਚੱਕਰ, ਅੰਤਰ-ਪਰਿਵਾਰ ਚੱਕਰ, ਵਿਅਕਤੀਆਂ ਵਿੱਚ ਨਾਗਰਿਕਤਾਵਾਂ ਦਾ ਪਰਿਵਰਤਨ, ਅੰਤਰ-ਧਾਰਮਿਕ ਚੱਕਰ, ਅਤੇ ਅੰਤਰ-ਰਾਜਨੀਤਕ ਦਲ ਚੱਕਰ, ਦਾ ਉਲੇਖ ਕੀਤਾ ਹੇ। ਦਿਲਮੰਡਲ ਗਤੀਸ਼ੀਲਤਾ ਵਿੱਚ ਬਹੁਤ ਜ਼ਿਆਦਾ ਮਾਤਰਾ ਵਿੱਚ ਗਤੀਵਾਦ ਹੁੰਦਾ ਹੈ। ਦਿਗਮੰਡਲ ਗਤੀਸ਼ੀਲਤਾ ਦਾ ਮੁੱਖ ਬਿੰਦੂ ਇਹ ਹੈ ਕਿ ਸਮਾਜਿਕ ਦਰਜ਼ਾਬੰਦੀ ਦੇ ਵੱਡੇ ਸ਼ਾਨੋਂ-ਸ਼ੋਕਤ ਸਾਂਚੇ ਵਿੱਚ ਲੋਕ ਉੱਪਰ ਉੱਠ ਸਕਦੇ ਹਨ ਜਾਂ ਥੱਲੇ ਆ ਸਕਦੇ ਹਨ। ਸਿੱਖਿਆ, ਵਪਾਰ, ਪ੍ਰਵਾਸ, ਨਵੇਂ ਮੌਕਿਆਂ ਅਤੇ ਜੀਵਨ ਸ਼ੈਲੀਆਂ ਨੂੰ ਬਿਹਤਰ ਬਣਾਉਣ ਦੀ ਬੇਚੇਨੀ ਦੁਆਰਾ ਇਹ ਸੰਭਵ ਹੈ। ਦਿਗਮੰਡਲ ਗਤੀਸ਼ੀਲਤਾ ਮਤਲਬ ਵਪਾਰਕ ਹੈ- ਇਹ ਵਿਵਸਥਾ ਦੇ ਅੰਦਰ ਪਰਿਵਰਨ ਨੂੰ ਇਸ਼ਾਰਾ ਕਰਦੀ ਹੈ ਨਾ ਕਿ ਵਿਵਸਥਾ ਦੇ ਪਰਿਵਰਤਨ ਨੂੰ। ਇੱਕ ਵਿਅਕਤੀ ਦੇ ਹਵਾਲੇ ਵਿੱਚ ਅਹੁਦਾ-ਸਥਾਨਾਂ ਵਿੱਚ ਉੱਪਰ ਦੀ ਤਰਫ਼ ਉਠਾ ਦੁਆਰਾ ਅਜਿਹੀ ਗਤੀਸ਼ੀਲਤਾ ਦਾ ਵਰਣਨ ਕਰ ਸਕਦੇ ਹਨ। ਤਾਰਕਿਕ ਦ੍ਰਿਸ਼ਟੀ ਨਾਲ ਥੱਲੇ ਦੀ ਤਰਫ਼ ਖਿਸਕਣ ਵਾਲੇ ਲੋਕ ਵੀ ਹੁੰਦੇ ਹਨ। ਜਦ ਲੋਕ ਬਦਲਦੀਆਂ ਹੋਈਆਂ ਪ੍ਰਸਥਿਤੀਆਂ ਦੇ ਨਾਲ ਚਾਲ ਮਿਲਾਉਣ ਵਿੱਚ ਅਸਮਰੱਥ ਹੁੰਦੇ ਹਨ, ਤਦ ਲੋਕ ਆਪਣੇ ਜੀਵਨ ਕਾਲ ਵਿੱਚ, ਅਨੇਕਾਂ ਤਰੀਕਿਆ ਨਾਲ ਪ੍ਰਗਤੀ ਕਰਦੇ ਹਨ। ਜਦਕਿ ਹੋਰ ਲੋਕਾਂ ਨੂੰ ਉੱਪਰ ਦੀ ਤਰਫ਼ ਗਤੀਮਾਨ ਹੋਣ ਵਿੱਚ ਦੋ ਪੀੜੀਆਂ ਤੋਂ ਜ਼ਿਆਦਾ ਦਾ ਸਮਾ ਲੱਗ ਜਾਂਦਾ ਹੈ। ਹੌਲੀ-ਹੌਲੀ ਇਨ੍ਹਾਂ ਦੋ ਪ੍ਰਤੀਮਾਨਾਂ ਨੂੰ ਭਾਵ ਗਤੀਸ਼ੀਲਤਾ ਅਤੇ ਅੰਤਰਪੀੜੀ ਗਤੀਸ਼ੀਲਤਾ ਕਿਹਾ ਜਾਂਦਾ ਹੈ।

ਸਧਾਰਨ ਗਠਨਾਤਮਕ ਗਤੀਸ਼ੀਲਤਾ ਅਤੇ ਦਿਗਮੰਡਲ ਗਤੀਸ਼ੀਲਤਾ ਦੇ ਇਲਾਵਾ, ਉਦਯੋਗਿਕ ਗਤੀਸ਼ੀਲਤਾ ਵੀ ਪਾਈ ਜਾਂਦੀ ਹੈ, ਜਦਕਿ ਸਧਾਰਨ ਗਠਨਾਤਮਕ ਗਤੀਸ਼ੀਲਤਾ ਅਤੇ ਦਿਗਮੰਡਲ ਗਤੀਸ਼ੀਲਤਾ ਦੇ ਆਮ ਪ੍ਰਤੀਮਾਨਾਂ ਦੀ ਤੁਲਨਾ ਵਿੱਚ ਇਸਦਾ ਅਨੁਪਾਤ ਬਹੁਤ ਘੱਟ ਹੁੰਦਾ ਹੈ। ਪੱਛਮੀ ਸਮਾਜਾਂ ਵਿੱਚ ਅਕਸਰ ਉਦਯੋਗਿਕ ਗਤੀਸ਼ੀਲਤਾ ਮਨੋਵਿਗਿਆਨਿਕ ਸਮੱਸਿਆਵਾਂ ਅਤੇ ਚਿੰਤਾਵਾਂ ਦੇ ਕਾਰਣ ਘਟਦੀਆਂ ਹਨ। ਕਿਉਂਕਿ ਲੋਕ ਜੋ ਜੀਵਨ-ਪ੍ਰਣਾਲੀਆਂ ਦੇ ਆਦੀ ਹੋ ਜਾਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਨਿਭਾਉਣ ਵਿੱਚ ਅਸਮਰੱਥ ਹੁੰਦੇ ਹਨ, ਤਾਂ ਅਜਿਹਾ ਹੁੰਦਾ ਹੈ। ਮਹੱਤਵਹੀਣਤਾ ਵੀ ਉਦਯੋਗਿਕ ਗਤੀਸ਼ੀਲਤਾ ਦਾ ਇੱਕ ਹੋਰ ਕਾਰਣ ਹੈ। ਭਾਰਤ ਵਿੱਚ ਪ੍ਰਕਿਰਤਿਕ ਮੁਸ਼ਕਿਲਾਂ, ਮਹਾਂਮਾਰੀ ਅਤੇ ਭਿਆਂਕਰ ਅਵਸਥਾਵਾਂ ਦੇ ਕਾਰਣ ਤਬਾਹੀ ਹੁੰਦੀ ਹੈ। ਅਤੇ ਸਮਾਜਿਕ ਵਿਵਸਥਾਵਾਂ ‘ਤੇ ਮਾੜਾ ਪ੍ਰਭਾਵ ਪੈਂਦਾ ਹੈ। ਮਨੁੱਖੀ ਵੱਡੇ-ਰਚਨਾਤਮਕ ਪਰਿਵਰਤਨ, ਜਿਵੇਂ ਕਿ ਸਾਮੰਤਵਾਦ ਦਾ ਨਾਸ਼, ਪਰੰਪਰਾਤਮਕ ਤੌਰ ‘ਤੇ ਪਰਿਵਾਰਾਂ ਅਤੇ ਵਿਅਕਤੀਆਂ ਦੇ ਵਿਸ਼ੇਸ਼-ਅਧਿਕਾਰਾਂ ਦੀ ਸਮਾਪਤੀ, ਪ੍ਰੌੜ , ਮੌਲਿਕ ਅਧਿਕਾਰਾਂ ਆਦਿ ਦੇ

ਨੋਟ

ਵਿਧਾਨਕ ਸਮੱਗਰੀ ਦੁਆਰਾ ਸਮਤਾਵਾਦ ਉੱਭਰਦਾ ਹੈ ਅਤੇ ਸਮਾਜ ਦੇ ਪੂਰਬ ਤੋਂ ਫ਼ਾਇਦਾ ਵਾਲੇ ਵਰਗ ਵਿੱਚ ਉਦਯੋਗਿਤ ਗਤੀਸ਼ੀਲਤਾ ਆਈ ਹੈ।

### 11.1.1ਸਮਾਜਿਕ ਗਤੀਸ਼ੀਲਤਾ ਦੇ ਪ੍ਰਮੁੱਖ ਤੱਤ

ਸਮਾਜਿਕ ਗਤੀਸ਼ੀਲਤਾ ਦੇ ਪ੍ਰਮੁੱਖ ਨਿਰਧਾਰਕ ਨਿਮਨ ਪ੍ਰਕਾਰ ਹਨ:

1 **ਜੰਨ-ਸੰਖਿਆ ਤੱਤ (Demographic Components)** : ਜੰਨ-ਸੰਖਿਆ ਤੱਤ ਸਾਰੇ ਸਮਾਜਾਂ ਵਿੱਚ ਗਤੀਸ਼ੀਲਤਾ ਨੂੰ ਪ੍ਰਭਾਵਿਤ ਕਰਦਾ ਹੈ।ਅਕਸਰ ਉ ੱਚੇ ਵਰਗ ਵਿੱਚ ਜਨਮ-ਦਰ ਨੀਵੇਂ ਵਰਗਾਂ ਦੀ ਜਨਮ-ਦਰ ਦੇ ਮੁਕਾਬਲੇ ਘੱਟ ਹੁੰਦੀ ਹੈ।ਜਦਕਿ ਮੌਤ-ਦਰ ਵੀ ਨੀਵੇਂ ਵਰਗਾਂ ਵਿੱਚ ਜ਼ਿਆਦਾ ਹੁੰਦੀ ਹੈ।ਪਰ ਕੁੱਲ ਮਿਲਾਕੇ ਪੈਦਾ ਕਰਨ ਦੀ ਦਰ ਜ਼ਿਆਦਾ ਹੁੰਦੀ ਹੈ।ਇਸ ਸੰਬੰਧ ਵਿੱਚ ਅਨੇਕ ਅਧਿਐਨ ਕੀਤਾ ਗਿਆ ਹੈ।

ਪੇਰੇ ਨੇ ਆਪਣੇ ਅਧਿਐਨ ਵਿੱਚ ਪਾਇਆ ਹੈ ਕਿ ਫਰਾਂਸ ਦੇ ਕੁੱਝ ਖੇਤਰਾਂ ਵਿੱਚ 12000 ਸੰਖਿਆ 215 ਰਈਸ ਖਾਨਦਾਨਾਂ ਵਿੱਚੋਂ ਇੱਕ ਸਦੀ ਬਾਅਦ ਕੇਵਲ 149 ਦੀ ਸੰਖਿਆ ਰਹਿ ਗਈ।ਆਮ ਤੌਰ 'ਤੇ ਵੰਸ਼ਾਵਲੀਆਂ ਦਾ ਜੀਵਨਕਾਲ ਤਿੰਨ ਤੋਂ ਚਾਰ ਪੀੜੀਆਂ ਤੱਕ ਹੀ ਰਿਹਾ।ਇਸ ਤੋਂ ਬਾਅਦ ਉਹ ਜਾਂ ਤਾਂ ਪੈਦਾ ਗੈਰ-ਰਈਸ ਵੰਸ਼ਾਂ ਦੁਆਰਾ ਅਤੇ ਸਮਾਨਅੰਤਰ ਵੰਸ਼ਾਂ ਦੁਆਰਾ ਵਿਕਲਪ ਕਰ ਦਿੱਤੇ ਗਏ। ਸੋਵਿਅਤ ਸੰਘ ਦੇ ਦਰਜ਼ਾਬੰਦੀ ਦੇ ਸੰਬੰਧ ਵਿੱਚ ਏਲੇਕਸ ਇੰਕਲੇਸ ਨੇ ਇਹ ਪਾਇਆ ਕਿ ਇਸ ਸਦੀ ਦੇ ਮੱਧ ਵਿੱਚ ਭਾਰੀ ਗਤੀਸ਼ੀਲਤਾ ਹੋਈ।ਇਸਦੇ ਦੋ ਕਾਰਣ ਸਨ:

(i) ਇਸ ਸਮੇਂ ਯੁੱਧ ਵਿੱਚ ਬਹੁਤ ਸਾਰੇ ਲੋਕ ਆਪਣੀ ਜਾਨ ਗੁਆ ਚੁੱਕੇ ਸਨ।ਇਹ ਸਮੇਂ ਦੀ ਜ਼ਰੂਰਤ ਸੀ।

(ii) ਦੂਜਾ ਕਾਰਣ ਤੇਜ਼ ਉਦਯੋਗੀਕਰਨ ਰਿਹਾ।

ਇਸ ਤਰ੍ਹਾਂ ਪੇਂਡਾਂ ਵਿੱਚ ਪ੍ਰਵਾਸ ਦਰ ਉੱਚੀ ਰਿਹਾ ਕਰਦੀ ਸੀ।ਪਰ ਸ਼ਹਿਰੀ ਜੰਨ-ਸੰਖਿਆ ਪੇਂਡੂ ਜੰਨ-ਸੰਖਿਆ ਦੀ ਤੁਲਨਾ ਵਿੱਚ ਜ਼ਿਆਦਾ ਤੇਜ਼ੀ ਨਾਲ ਵਧੀ ਹੈ ਇਸਦਾ ਕਾਰਣ ਵੱਡੀ ਸੰਖਿਆ ਵਿੱਚ ਸ਼ਹਿਰੀ ਪ੍ਰਵਾਸ ਦਾ ਹੋਣਾ ਹੈ।ਜੰਨ-ਸੰਖਿਆਈ ਤੱਤ ਆਪਣੇ ਆਪ ਵਿੱਚ ਸ਼ੁੱਧ ਰੂਪ ਜੈਵਿਕ ਘਟਨਾ ਨਹੀਂ ਹੈ ਕਿਉਂਕਿ ਇਸ ਵਿੱਚ ਆਮ ਤੌਰ 'ਤੇ ਸਮਾਜਿਕ ਤੱਤ ਵੀ ਹਨ।ਮੈਂਡੇਬਾਮ ਅਤੇ ਹੋਰ ਵਿਦਵਾਨਾਂ ਨੇ ਲਿਖਿਆ ਹੈ ਕਿ ਸੰਸਕ੍ਰਿਤਿਕ ਤੱਤ ਜਿਵੇਂ ਕਿ ਇੱਕ ਪੁੱਤਰ ਦੀ ਉਮੀਦ ਜੰਨ-ਸੰਖਿਆ ਰਚਨਾ 'ਤੇ ਪ੍ਰਭਾਵ ਪਾਉਂਦੇ ਹਨ।

2. **ਪ੍ਰਤਿਭਾ ਅਤੇ ਯੋਗਤਾ (Talent and Ability)** – ਸੋਰੋਕਿਨ ਦੇ ਅਨੁਸਾਰ ਅਕਸਰ ਮਾਂ-ਪਿਉ ਅਤੇ ਬੱਚਿਆਂ ਦੀਆਂ ਯੋਗਤਾਵਾਂ ਬਰਾਬਰ ਨਹੀਂ ਹੁੰਦੀਆਂ ਹਨ।ਦੋਸ਼ੀ ਅਤੇ ਖਾਨਦਾਨੀ ਸਮਾਜਾਂ ਵਿੱਚ ਬੱਚੇ ਆਮ ਤੌਰ 'ਤੇ ਆਪਣੇ ਮਾਤਾ-ਪਿਤਾ ਦੀ ਤਰ੍ਹਾਂ ਆਪਣੀ ਵੰਸ਼ਾਨੁਗਤ ਸਥਿਤੀ ਦੇ ਲਈ ਹਮੇਸ਼ਾਂ ਉਯੁਕਤ ਨਹੀਂ ਹੁੰਦੇ।ਕਦੀ-ਕਦੀ ਕੁੱਝ ਬੱਚੇ ਆਪਣੇ ਮਾਂ-ਪਿਉ ਤੋਂ ਪ੍ਰਾਪਤ ਸੰਪਤੀ ਜਾਂ ਅਹੁਦਾ ਸੰਭਾਲ ਨਹੀਂ ਪਾਉਂਦੇ ਤੇ ਉਨ੍ਹਾਂ 'ਤੇ ਬਹੁਤ ਜ਼ਿਆਦਾ ਦਵਾਉ ਪੈਂਦਾ ਹੈ ਕਿ ਉਹ ਇਸ ਸਥਿਤੀ ਨੂੰ ਛੱਡ ਦੇਣ।ਇਸ ਲਈ ਪਹਿਲਾਂ ਤੋਂ ਹੀ ਅਧਿਕਾਰ-ਪ੍ਰਾਪਤ ਨਵਾਂ-ਦਰਸ਼ਕ ਕੋਰੀ ਸਥਿਤੀ ਨੂੰ ਅਪਣਾਉਂਦਾ ਜਾਂਦਾ ਹੈ। ਲਿਪਸੇਟ ਅਤੇ ਬੈਂਡਿਕਸ ਦੇ ਅਨੁਸਾਰ ਨਵੇਂ ਪ੍ਰਤਿਭਾਸ਼ਾਲੀ ਲੋਕ ਆਉਂਦੇ ਰਹਿੰਦੇ ਹਨ ਜਾਂ ਜੰਮਦੇ ਰਹਿੰਦੇ ਹਨ ਅਤੇ ਕਿਤੇ-ਨਾ-ਕਿਤੇ ਉਨ੍ਹਾਂ ਦਾ ਸੰਮੇਲਣ ਹੋ ਜਾਂਦਾ ਹੈ।ਪਿਤਾ-ਪੁਰਖੀ ਅਹੁਦਾ ਅਤੇ ਸਥਿਤੀ ਪ੍ਰਾਪਤ ਪਿਤਾ-ਪੁਰਖੀ ਸਮਾਜਾਂ ਵਿੱਚ ਵੀ ਵਿਅਕਤੀਗਤ ਰੂਪ ਨਾਲ ਪ੍ਰਤਿਭਾਸ਼ਾਲੀ ਵਿਅਕਤੀਆਂ ਦੇ ਪੱਧਰ ਦੀ ਗਤੀਸ਼ੀਲਤਾ ਦੇ ਮੌਕੇ ਮਿਲਦੇ ਰਹਿੰਦੇ ਹਨ।ਬੇਰਗਲ ਦਾ ਮੱਤ ਹੈ ਕਿ ਰੂੜੀਵਾਦੀ ਪੌੜੀ-ਦਰ-ਪੌੜੀ ਸਾਮੰਤੀ ਵਿਵਸਥਾ ਵਿੱਚ ਵੀ ਨੀਵੀਂ ਜਾਤ ਵਿੱਚ ਜੰਮੇ ਵਿਅਕਤੀ ਨੂੰ ਵੀ ਪ੍ਰਤਿਭਾ ਦੇ ਜ਼ੋਰ 'ਤੇ ਉੱਚਾ ਪੱਧਰ ਉਨ੍ਹਾਂ ਦੀ ਦੀ ਗਤੀਸ਼ੀਲਤਾ ਦਾ ਮੌਕਾ ਮਿਲਦਾ ਹੈ। ਸਾਮੰਤਵਾਦ ਵਿੱਚ ਜੋ ਮਜ਼ਦੂਰਾਂ ਅਤੇ ਨੌਕਰਾਂ ਨੂੰ ਉਨ੍ਹਾਂ ਦੀ ਸਵਾਮੀ-ਭਗਤੀ ਦੇ ਕਾਰਣ 'ਕਲਰਕੀ ਵਰਗ' ਵਿੱਚ ਸ਼ਾਮਿਲ ਕੀਤਾ ਗਿਆ ਸੀ।ਇਸ ਪ੍ਰਕਾਰ ਘਰ ਵਿੱਚ ਸੇਵਾ ਕਰਨ ਵਾਲੇ ਨੌਕਰਾਂ-ਚਾਕਰਾਂ ਨੂੰ ਵੀ ਸੇਵਾ ਦੇ ਪੁਰਸਕਾਰ ਦੇ ਰੂਪ ਵਿੱਚ ਜਗੀਰਾਂ ਤੱਕ ਵੀ ਦਿੱਤੀਆਂ ਜਾਂਦੀਆਂ ਸਨ।ਟਰਨਰ ਨੇ ਆਪਣੇ ਅਧਿਐਨ ਵਿੱਚ ਇਸ ਪ੍ਰਕਾਰ ਦੀ ਗਤੀਸ਼ੀਲਤਾ ਨੂੰ 'ਪੇਸ਼ਕਾਰ ਗਤੀਸ਼ੀਲਤਾ' ਕਿਹਾ ਜਾਂਦਾ ਹੈ ਫਿਰ ਵੀ ਨਵੀਂ ਪ੍ਰਤਿਭਾ ਦਾ ਸੰਮੇਲਣ ਸਰਲ ਨਹੀਂ ਹੁੰਦਾ।ਸਮਾਜਾਂ ਵਿੱਚ ਇੱਥੇ ਤੱਕ ਖੁੱਲ੍ਹੇ ਸਮਾਜਾਂ ਵਿੱਚ ਵੀ ਨਵੀਂ ਪ੍ਰਤਿਭਾ ਦੇ ਸੰਮੇਲਣ ਨੂੰ ਸਮੱਸਿਆ ਮੂਲਕ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ, ਇਸ ਨੂੰ ਆਸਾਨੀ ਨਾਲ ਸਵੀਕਾਰ ਨਹੀਂ ਕੀਤਾ ਜਾਂਦਾ ਹੈ।ਵਿਅਕਤੀਆਂ ਦੀ ਯੋਗਤਾ ਦੇ ਜ਼ਿਕਰ ਵਿੱਚ ਵਿਦਵਾਨਾਂ ਨੇ ਇਹ ਪਾਇਆ ਕਿ ਪਹਿਲਾਂ ਕਥਿਤ ਖੁਲ੍ਹੇ ਸਮਾਜ ਕਿਤੇ ਨਾ ਕਿਤੇ ਜ਼ਿਆਦਾ ਰੂੜੀਵਾਦੀ ਹੁੰਦੇ ਹਨ, ਜੋ ਵਿਅਕਤੀਆਂ ਨੂੰ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਸਮਾਜਿਕ ਸਥਿਤੀ ਪ੍ਰਦਾਨ ਕਰਦੇ ਹਨ। ਪੀੜੀ ਦਰ ਪੀੜੀ

ਮੌਕਿਆਂ ਦੀ ਨਾ-ਬਰਾਬਰੀ ਜਿਹੀ ਸਥਿਤੀ ਦਾ ਦੁਬਾਰਾ ਜਨਮ ਹੁੰਦਾ ਰਹਿੰਦਾ ਹੈ। ਮੌਕਿਆਂ ਦੀ ਨਾ-ਬਰਾਬਰੀ ਦਾ ਅਰਥ ਹੈ- ਨੀਵੇਂ ਵਰਗ ਦਾ ਜ਼ਿਆਦਾ ਯੋਗ ਵਿਅਕਤੀ ਵੀ ਉੱਨਤੀ ਕਰਨ ਦੇ ਮੌਕੇ ਪ੍ਰਾਪਤ ਨਹੀਂ ਕਰ ਸਕਦੇ। ਮਾਈਕਲ ਯੰਗ ਨੇ ਇਸ ਮਨ-ਘੜਤ ਕਹਾਣੀ ਦਾ ਖੰਡਨ ਕਰ ਦਿੱਤਾ ਹੈ ਕਿ ਪ੍ਰਤਿਭਾ ਅਤੇ ਯੋਗਤਾ ਦਾ ਜਨਮ ਮੂਲ ਸਮਾਜਾਂ ਵਿੱਚ ਹੁੰਦਾ ਹੈ। ਵਰਗ ਦੀ ਉਤਪਤੀ ਸਭ ਤੋਂ ਜ਼ਿਆਦਾ ਉੱਚੀਆਂ ਸਥਿਤੀਆਂ ਅਤੇ ਸਭ ਤੋਂ ਨੀਵੀਆਂ ਸਥਿਤੀਆਂ ਵਿੱਚ ਅੱਜ ਵੀ ਬਣੀ ਹੋਈ ਹੈ ਅਤੇ ਖ਼ੁਦ ਹੀ ਸਥਾਪਿਤ ਹੋ ਜਾਂਦੀ ਹੈ। ਇਸੇ ਕਰਕੇ ਗਤੀਸ਼ੀਲਤਾ ਨੂੰ ਸਪੱਸ਼ਟ ਕਰਨ ਦੇ ਲਈ ਪ੍ਰਤਿਭਾ ਜਿਹੇ ਤੱਤ ਦੀ ਭੂਮੀਕਾ ਸਧਾਰਣ ਹੀ ਹੁੰਦੀ ਹੈ।

3. **ਰਈਸ ਸਿਧਾਂਤ (Elite Theory)** – ਪੈਰੇਟੋ ਦੇ ਅਨੁਸਾਰ 'ਇਤਿਹਾਸ ਰਈਸ ਵੰਸ਼ਾਂ ਦਾ ਕਬਰਿਸਤਾਨ' ਹੈ। ਇਹ ਰਈਸਾਂ ਦੀ ਗਤੀਸ਼ੀਲਤਾ ਨਾਲ ਪ੍ਰਸਿੱਧ ਹੈ। ਪੈਰੇਟੋ ਦੇ ਸਿਧਾਂਤ ਵਿੱਚ ਗਤੀਸ਼ੀਲਤਾ ਅਤੇ ਰਚਨਾ ਦੋ ਪ੍ਰਕਾਰ ਦੀ ਹੈ-

(i) ਪਹਿਲਾ, ਪ੍ਰਤਿਭਾਸ਼ਾਲੀ ਵਿਅਕਤੀ ਜੋ ਨੀਵੇਂ ਪੱਧਰ ਤੋਂ ਆਉਂਦਾ ਹੈ ਅਤੇ ਉੱਚੇ ਪੱਧਰ ਵਿੱਚ ਪ੍ਰਵੇਸ਼ ਕਰਦਾ ਹੈ।

(ii) ਦੂਜਾ, ਬਹੁਤ ਵਾਰ ਵਕਤ ਵਿੱਚ ਜਦ ਉੱਚੇ ਸਮੂਹਾਂ ਦੀ ਯੋਗਤਾ 'ਤੇ ਪ੍ਰਸ਼ਨ-ਚਿੰਨ ਲਗਾਇਆ ਜਾਂਦਾ ਹੈ ਭਾਵ ਅਕਸਰ ਨੀਵੇਂ ਪੱਧਰ ਦੀ ਤਰਫ਼ ਤੋਂ ਉੱਚੇ ਵਰਗਾਂ ਨੂੰ ਚੁਨੌਤੀ ਦਿੱਤੀ ਜਾਂਦੀ ਅਤੇ ਸ਼੍ਰੇਸ਼ਠ ਨੂੰ ਨਕਾਰਿਆ ਜਾਂਦਾ ਹੈ।

ਮੈਕਸ ਕਲੂਕਮੈਨ ਨੇ ਇਸ ਨੂੰ 'ਵਾਰ-ਵਾਰ ਪਰਿਵਰਤਨ' ਦਾ ਨਾਮ ਦਿੱਤਾ ਹੈ, ਜਿਸ ਨੂੰ ਅਫ਼ਰੀਕਾ ਸਰਕਾਰ ਦੇ ਪਰਿਵਰਤਨਾਂ ਵਿੱਚ ਦੇਖਿਆ ਜਾ ਸਕਦਾ ਹੈ। ਮਾਰਿਸ ਡੁਵੇਰਜਰ ਨੇ ਇਸ ਨੂੰ 'ਸਮਾਜਿਕ ਵਿਵਸਥਾ' ਵਿੱਚ ਅਤੇ 'ਸਮਾਜਿਕ ਵਿਵਸਥਾ ਤੋਂ ਪਰ੍ਹੇ' ਸੰਘਰਸ਼ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ।

### 11.1.2 ਸਮਾਜਿਕ ਵਾਤਾਵਰਨ ਵਿੱਚ ਪਰਿਵਰਤਨ ਲਿਆਉਣ ਵਾਲੇ ਕਾਰਣ

ਸਮਾਜਿਕ ਗਤੀਸ਼ੀਲਤਾ ਵਿੱਚ ਤਬਦੀਲੀ ਲਿਆਉਣ ਵਾਲੇ ਪ੍ਰਮੁੱਖ ਤੱਤਾਂ ਦਾ ਵਰਣਨ ਨਿਮਨ ਪ੍ਰਕਾਰ ਹੈ-

1. **ਉਦਯੋਗੀਕਰਨ (Industrialisation)** – ਲਿਪਸੇਟ ਅਤੇ ਬੈਂਡਿਕਸ ਦੇ ਅਨੁਸਾਰ ਪੂਰਵ-ਉਦਯੋਗਿਕ ਗਤੀਸ਼ੀਲਤਾ ਦਰਾਂ ਵਿੱਚ ਉਦਯੋਗੀਕਰਨ ਨੇ ਗਤੀਸ਼ੀਲਤਾ ਵਿੱਚ ਬਹੁਤ ਜ਼ਿਆਦਾ ਵਾਧਾ ਕੀਤਾ ਹੈ। ਇੱਕ ਵਾਰ ਤਾਂ ਸਾਰੇ ਉਦਯੋਗੀਕਰਨ ਦੇ ਇੱਕ ਵਿਸ਼ੇਸ਼ ਪੱਧਰ ਤੱਕ ਜ਼ਰੂਰ ਪਹੁੰਚੇ ਹਨ। ਇਸ ਤਰ੍ਹਾਂ ਸਮਾਜਿਕ ਗਤੀਸ਼ੀਲਤਾ ਦਾ ਉਨ੍ਹਾਂ ਦਾ ਵਾਧਾ ਇੱਕ ਸਮਾਨ ਹੈ। ਇਸ ਹਵਾਲੇ ਵਿੱਚ ਕੇਰ ਅਤੇ ਹੋਰ ਲੋਕਾਂ ਨੇ 'ਸਮਾਨਰੂਪ ਸਿਧਾਂਤ' ਦਾ ਅਨੁਵਾਦ ਕੀਤਾ ਹੈ। ਇਸਦੇ ਅਨੁਸਾਰ ਸਾਰਾ ਉਦਯੋਗਿਕ ਸਮਾਜ ਗਤੀਸ਼ਲਿਤਾ ਦੇ ਇੱਕ ਆਮ ਢਾਂਚੇ ਦੀ ਤਰਫ਼ ਕੂਚ ਕਰਦਾ ਹੈ, ਜਿਸ ਵਿੱਚ ਬਾਕੀ ਤੱਤਾਂ ਦੇ ਨਾਲ-ਨਾਲ ਸਮੁੱਚਾ ਦਰਜ਼ਾਬੰਦੀ ਦਾ ਰੂਪ ਵੀ ਬਰਾਬਰ ਹੁੰਦਾ ਹੈ। ਇਸਦੇ ਉਲਟ ਲਿਪਸੇਟ ਅਤੇ ਬੈਂਡਿਕਸ ਨੇ ਯੂਰਪ ਅਤੇ ਅਮਰੀਕਾ ਦੇ ਅਨੇਕਾਂ ਦੇਸ਼ਾਂ ਵਿੱਚ ਤੁਲਨਾਤਮਕ ਅਧਿਐਨ ਕਰਕੇ ਦੋ ਮੁੱਖ ਪ੍ਰਮੁੱਖ ਕਲਪਨਾਵਾਂ ਨੂੰ ਜਾਂਚ ਲਈ ਸਾਡੇ ਸਾਹਮਣੇ ਰੱਖਿਆ ਹੈ:-

ਪਹਿਲਾ ਸਿਧਾਂਤ ਹੈ ਕਿ ਇੱਕ ਵਾਰ ਤਾਂ ਸਾਰੇ ਸਮਾਜਾਂ ਨੇ ਉਦਯੋਗੀਕਰਨ ਦੇ ਖ਼ਾਸ ਪੱਧਰ ਨੂੰ ਪ੍ਰਾਪਤ ਕੀਤਾ ਹੈ ਅਤੇ ਉਨ੍ਹਾਂ ਵਿੱਚ ਗਤੀਸ਼ਲਿਤਾ ਦੀ ਪੂਰਬ-ਉਦਯੋਗੀਕਰਨ ਤੋਂ ਕਾਫ਼ੀ ਜ਼ਿਆਦਾ ਸੀ।

ਦੂਜਾ, ਅਮਰੀਕਾ ਨੇ ਯੂਰਪੀਅਨ ਦੇਸ਼ਾਂ ਦੀ ਤੁਲਨਾ ਵਿੱਚ ਗਤੀਸ਼ਲਿਤਾ ਲਈ ਜ਼ਿਆਦਾ ਮੌਕੇ ਦਿੱਤੇ ਹਨ। ਇਨ੍ਹਾਂ ਵਿਚਾਰਾਂ ਨੇ ਉਦਯੋਗਿਕ ਸਮਾਜ ਵਿੱਚ ਗਤੀਸ਼ੀਲਤਾ ਦੇ ਤੱਤਾਂ ਨੂੰ ਹੇਠ ਲਿਖਿਤ ਪੰਜ ਮੁੱਖ ਤੱਤਾਂ ਵਿੱਚ ਵੰਡਿਆ ਹੈ:-

(1) ਉਪਲਬਧ ਅਸਾਮੀਆਂ ਦੀ ਸੰਖਿਆ ਵਿੱਚ ਤਬਦੀਲ ਹੋਣਾ।

(2) ਉਤਪਤੀ ਦੀਆਂ ਵੱਖ-ਵੱਖ ਦਰਾਂ ਹੋਣੀਆਂ।

(3) ਕਿੱਤੇ ਅਨੁਸਾਰ ਸਥਿਤੀਆਂ ਵਿੱਚ ਤਬਦੀਲ ਹੋਣਾ।

(4) ਵਿਰਾਸਤ ਵਿੱਚ ਮਿਲੀ ਸਥਿਤੀਆਂ ਦੀ ਸੰਖਿਆ ਵਿੱਚ ਤਬਦੀਲ ਹੋਣਾ।

(5) ਸੰਭਾਵਿਤ ਮੌਕਿਆਂ ਨਾਲ ਸੰਬੰਧਿਤ ਕਾਨੂੰਨੀ ਰੋਕਾਂ ਵਿੱਚ ਤਬਦੀਲ ਹੋਣਾ।

2. **ਉਪਲਬਧ ਅਸਾਮੀਆਂ (Available Vacancy)** – ਉਦਯੋਗੀਕਰਨ ਕਿਸਾਨ ਤੋਂ ਵਪਾਰਿਕ ਰਚਨਾ ਵਿੱਚ ਅਤੇ ਇਸ ਤੋਂ ਬਾਅਦ ਸੇਵਾ ਖੇਤਰ ਵਿੱਚ ਸੰਚਾਰ ਹੋਇਆ ਹੈ। ਉਦਯੋਗ ਵਿੱਚ ਸੰਚਾਰ ਹੁੰਦੇ ਹੀ ਸਮਾਜ ਵਿੱਚ ਅਚਾਨਕ ਤੇਜ਼ ਗਤੀ ਨਾਲ ਆਰਥਿਕ ਗਤੀਵਿਧੀਆਂ ਦਾ ਜਨਮ ਹੋਇਆ ਅਤੇ ਸਮਾਜ ਵਿੱਚ ਬਿਰਾਜ਼ਮਾਨ ਅਹੁਦੇ ਜਾਂ ਸਥਿਤੀ ਦੀ ਸੰਖਿਆ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ। ਪੇਂਡੂ ਖੇਤਰਾਂ ਵਿੱਚ ਲੋਕਾਂ ਦਾ ਨਗਰਾਂ ਅਤੇ ਸ਼ਹਿਰਾਂ ਵੱਲ ਬਹੁਤ ਜ਼ਿਆਦਾ ਉਤਪਤੀ ਹੋਈ, ਕਿਉਂਕਿ ਪਿੰਡਾਂ ਦੇ ਲੋਕ

ਨੋਟ

ਫੈਕਟਰੀਆਂ ਵਿੱਚ ਰੁਜ਼ਗਾਰ ਦੀ ਖੋਜ਼ ਵਿੱਚ ਸ਼ਹਿਰਾਂ ਵੱਲ ਨਿਕਲ ਪਏ, ਜੋ ਸਮਾਜਿਕ ਗਤੀਸ਼ੀਲਤਾ ਦਾ ਇੱਕ ਰੂਪ ਹੈ। ਇਸ ਵਿੱਚ ਭੂਗੋਲਿਕ ਪਹਿਲੂ ਦੇ ਨਾਲ ਹੀ ਉਧਰਵ ਪੱਧਰ ਵੀ ਇੱਕ ਮਹੱਤਵਪੂਰਨ ਪੱਖ ਹੈ।

(i) ਪੇਂਡੂ ਲੋਕਾਂ ਨੂੰ ਸ਼ਹਿਰ ਵਿੱਚ ਰੁਜ਼ਗਾਰ ਮਿਲਣ ਨਾਲ ਉਨ੍ਹਾਂ ਦਾ ਅਹੁਦਾ, ਸਥਿਤੀ ਅਤੇ ਮਾਨ-ਸਨਮਾਨ ਵਿੱਚ ਲਾਜ਼ਮੀ ਹੀ ਵਾਧਾ ਹੋਵੇਗਾ, ਜਿਸ ਨਾਲ ਉਨ੍ਹਾਂ ਦਾ ਪੱਧਰ ਉੱਚਾ ਹੋਵੇਗਾ ਅਤੇ ਸਮਾਜ ਦੀ ਗਤੀਸ਼ੀਲਤਾ ਉੱਚੇ ਪੱਧਰ ਦੀ ਤਰਫ਼ ਵੱਧੇਗੀ।

(ii) ਅਨੇਕ ਸਫ਼ੈਦ-ਪੋਸ਼ਾਂ ਦਾ ਜਨਮ ਹੋਇਆ, ਜਿਵੇਂ ਕਿ ਕੰਪਿਊਟਰ ਦੇ ਕਿੱਤੇ ਵਿੱਚ।

3. **ਕਾਨੂੰਨੀ ਰੋਕ (Legal Restrictions)** – ਪਹਿਲਾਂ ਜਾਤ ਪ੍ਰਥਾ ਕਾਰਣ ਲੋਕਾਂ ਵਿੱਚ ਪਰੰਪਰਿਕ ਕੰਮਾਂ ਦਾ ਬਟਵਾਰਾ ਕਤਿਾ ਹੋਇਆ ਸੀ। ਕੁੱਝ ਕੰਮ ਜਿਵੇਂ ਕਿ ਪੜ੍ਹਣ-ਪੜ੍ਹਾਉਣ ਦੀ ਨੀਵੇਂ ਵਰਗ ਦੇ ਲੋਕਾਂ ਲਈ ਕਾਨੂੰਨੀ ਜਾਂ ਪਰੰਪਰਿਕ ਰੂਪ ਵਿੱਚ ਮਨਾਹੀ ਸੀ। ਹੁਣ ਨਾਗਰਿਕਾਂ ਲਈ ਬਰਾਬਰ ਅਧਿਕਾਰਾਂ ਦੀ ਕਲਪਨਾਂ ਅਤੇ ਸਮਾਜਿਕ ਗਤੀਸ਼ੀਲਤਾ ਵਿੱਚ ਰੁਕਾਵਟਾਂ ਨੂੰ ਕਾਨੂੰਨ ਦੁਆਰਾ ਖ਼ਤਮ ਕਰ ਦਿੱਤਾ ਹੈ। ਨਾਗਰਿਕਾਂ ਨੂੰ ਬਰਾਬਰ ਅਧਿਕਾਰ ਅਤੇ ਪੰਚਾਇਤੀ ਰਾਜ ਦੀ ਵਿਵਸਥਾ ਵਗੈਰਾ ਦੀ ਸਥਾਪਨਾ ਕਰਕੇ ਰਾਜਨੈਤਿਕ ਖੇਤਰ ਵਿੱਚ ਸਾਰੇ ਨਾਗਰਿਕਾਂ ਲਈ ਬਰਾਬਰ ਰੂਪ ਨਾਲ ਪ੍ਰਗਤੀ ਅਤੇ ਵਿਕਾਸ ਦੇ ਦਰਬਾਜ਼ੇ ਖੋਲ੍ਹ ਦਿੱਤੇ ਗਏ।

4. **ਅਹੁਦਾ ਅਤੇ ਉੱਨਤੀ (Rank and Status)** ਕਿਸੇ ਵਿਅਕਤੀ ਦੀ ਸਥਿਤੀ ਵਿੱਚ ਬਿਨਾਂ ਕਿਸੇ ਤਬਦੀਲੀ ਦੇ ਵੀ ਗਤੀਸ਼ੀਲਤਾ ਆ ਸਕਦੀ ਹੈ, ਜੇਕਰ ਉਸਦੀ ਸਥਿਤੀ ਦੇ ਰੈਂਕ ਵਿੱਚ ਤਬਦੀਲੀ ਹੋ ਜਾਏ। ਉਦਾਹਰਣ ਦੇ ਤੌਰ 'ਤੇ ਅਮਰੀਕਾ ਵਿੱਚ ਪੰਜਾਹ ਦੇ ਦਹਾਕੇ ਵਿੱਚ ਵੀਹਵੇਂ ਦਹਾਕੇ ਦੀ ਤੁਲਨਾ ਵਿੱਚ ਸਰਕਾਰੀ ਅਹੁਦਿਆਂ ਵਿੱਚ ਮਾਨ-ਸਨਮਾਨ ਸੀ। ਇਸ ਤਰ੍ਹਾਂ ਸਰਕਾਰੀ ਨੌਕਰਾਂ ਨੇ ਆਪਣੇ ਕੰਮ ਵਿੱਚ ਤਬਦੀਲੀ ਕੀਤੇ ਬਿਨਾਂ ਉੱਚੀ ਸਮਾਜਿਕ ਗਤੀਸ਼ੀਲਤਾ ਦਾ ਅਨੁਭਵ ਕੀਤਾ। ਇਸ ਪ੍ਰਾਕਰ ਕਦੇ-ਕਦੇ ਕੰਮਾਂ ਦਾ ਮਾਨ-ਸਨਮਾਨ ਘੱਟ ਹੋ ਜਾਣ ਨਾਲ ਉਹ ਪਹਿਲਾਂ ਦੀ ਮੁਕਾਬਲੇ ਸਮਾਜ ਅਤੇ ਅਰਥਵਿਵਸਥਾ ਵਿੱਚ ਘੱਟ ਮਹਾਤਵਪੂਰਨ ਹੋ ਜਾਂਦੇ ਹਨ।

5. **ਮਿਲਦੀ-ਜੁਲਦੀ ਕਲਪਨਾ (Similar Hypothesis)** – ਕੈਰ ਆਦਿ ਵਿਚਾਰਕਾਂ ਦੇ ਅਨੁਸਾਰ ਅੱਜ ਦੀ ਦੁਨੀਆ ਵਿੱਚ ਉਦਯੋਗੀਕਰਨ ਪੂਰੇ ਬਣਾਏ ਉਦਯੋਗ ਸਮਾਜਾਂ ਨੂੰ ਭਵਿੱਖ ਦੇ ਇਕ ਆਮ ਸਮਾਜ ਵੱਲ ਪ੍ਰਿਤ ਕਰਦਾ ਹੈ, ਜਿਸ ਨੂੰ ਉਹ ਬਹੁਵਾਦੀ ਅਮਦਨਭੋਗੀ ਉਦਯੋਗਿਕ ਸਮਾਜ ਦੇ ਨਾਮ ਨਾਲ ਬੁਲਾਉਂਦੇ ਹਨ। ਇਨ੍ਹਾਂ ਸਮਾਜਾਂ ਵਿੱਚ ਦਰਜ਼ਾਬੰਦੀ ਦਾ ਬਰਾਬਰ ਢਾਂਚੇ ਨਾਲ ਹੀ ਗਤੀਸ਼ੀਲਤਾ ਦਾ ਵੀ ਸਮਾਨ ਰੂਪ ਹੁੰਦਾ ਹੈ।

ਉਪਰੋਕਤ ਕਥਨ ਦੇ ਉਲਟ ਗੋਲਡ ਥਾਰਪ ਨੇ ਇਹ ਸਪੱਸ਼ਟ ਕੀਤਾ ਹੈ ਕਿ ਉਦਯੋਗਿਕ ਸਮਾਜਾਂ ਵਿੱਚ ਗਤੀਸ਼ੀਲਤਾ ਦੀਆਂ ਦਰਾਂ ਇੱਕ ਸਮਾਨ ਨਹੀਂ ਹਨ। ਇਸਦਾ ਤਰਕ ਹੈ ਕਿ ਉਦਯੋਗੀਕਰਨ ਹੀ ਨਹੀਂ, ਬਲਕਿ ਇਸਦੇ ਨਾਲ ਹੋਰ ਤੱਤਾਂ ਜਿਹੇ ਕਿ ਸੰਸਕ੍ਰਿਤਿਕ ਸਿੱਖਿਆ ਵਗੈਰਾ ਵੀ ਹਨ, ਜੋ ਸਮਾਜਿਕ ਗਤੀਸ਼ੀਲਤਾ ਨੂੰ ਪ੍ਰਭਾਵਿਤ ਕਰਦੇ ਹਨ।

### 11.1.3 ਗਤੀਸ਼ੀਲਤਾ ਦੇ ਆਯਾਮ

ਦੋ ਤਰੀਕੇ (Two Methods) – ਸਮਾਜਿਕ ਗਤੀਸ਼ੀਲਤਾ ਦੇ ਅਧਿਐਨ ਦੇ ਦੋ ਤਰੀਕੇ ਹਨ–

(1) **ਬਦਲੀ ਪਰੰਪਰਾਗਤ ਗਤੀਸ਼ੀਲਤਾ (Changed Traditional Mobility)** – ਵਿਅਕਤੀ ਇਸ ਗੱਲ ਦਾ ਅਧਿਐਨ ਕਰ ਸਕਦਾ ਹੈ ਕਿ ਇੱਕ ਵਿਅਕਤੀ ਆਪਣੇ ਕੰਮ-ਕਾਜੀ ਜੀਵਨ ਦੇ ਦੌਰਾਨ ਆਪਣੇ ਕਿੱਤੇ ਵਿੱਚ ਸਮਾਜਿਕ ਮਾਪਦੰਡ ਦੇ ਅਨੁਸਾਰ ਕਿੰਨਾ ਉੱਪਰ ਜਾਂ ਨੀਚੇ ਜਾਂਦਾ ਹੈ।

(2) **ਅਪਰੰਪਰਾਗਤ ਗਤੀਸ਼ੀਲਤਾ (Inter-Traditional Mobility)** – ਇਸ ਗੱਲ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਕਿ ਬੱਚੇ ਆਪਣੇ ਪਿਤਾ ਜਾਂ ਦਾਦੇ ਵਾਂਗ ਉਸੇ ਪ੍ਰਕਾਰ ਦੇ ਕੰਮ ਵਿੱਚ ਕਿੱਥੇ ਤੱਕ ਜਾਂਦੇ ਹਨ। ਪੀੜੀ ਤੋਂ ਬਾਅਦ ਗਤੀਸ਼ੀਲਤਾ ਨੂੰ ਅਪਰੰਪਰਾਗਤ ਕਿਹਾ ਜਾਂਦਾ ਹੈ।

ਕਿਸੇ ਵਿਅਕਤੀ ਦੇ ਜੀਵਨਕਾਲ ਵਿੱਚ ਤਬਦੀਲੀਆਂ ਦੇ ਕਿਸੇ ਇੱਕ ਬਿੰਦੂ 'ਤੇ ਕੀਤਾ ਗਿਆ ਅਧਿਐਨ ਤਬਦੀਲ ਪਰੰਪਰਿਕ ਗਤੀਸ਼ੀਲਤਾ ਦਾ ਅਧਿਐਨ ਦਾ ਵਿਸ਼ਾ ਹੈ। ਜੇਕਰ ਅਧਿਐਨ ਦੋ ਜਾਂ ਤਿੰਨ ਪੀੜੀਆਂ ਦੇ ਬਾਅਦ ਪਰਿਵਾਰ ਵਿੱਚ ਹੋਏ ਪਰਿਵਰਤਨ ਨੇ ਕਿਸੇ ਇੱਕ ਬਿੰਦੂ ਤੋਂ ਕੀਤਾ ਜਾਵੇ, ਤਾਂ ਉਹ ਅਪਰੰਪਰਾਗਤ ਗਤੀਸ਼ੀਲਤਾ ਦਾ ਵਿਸ਼ਾ ਹੈ।

ਨੋਟ

> ਕੀ ਤੁਸੀਂ ਜਾਣਦੇ ਹੋ? ਤਬਦੀਲ ਪਰੰਪਰਾਗਤ ਗਤੀਸ਼ੀਲਤਾ ਨੂੰ ਪ੍ਰਮੁੱਖ ਰੂਪ ਵਿੱਚ ਵਪਾਰਕ ਗਤੀਸ਼ੀਲਤਾ ਵੀ ਜਾਣਿਆ ਜਾਂਦਾ ਹੈ।

**ਕਾਰਣ (Factors)** – ਬਲੋ ਅਤੇ ਡੰਕਨ (1976) ਦੇ ਅਨੁਸਾਰ ਕਿਸੇ ਵਿਅਕਤੀ ਨੂੰ ਆਪਣੇ ਕੰਮ ਦੇ ਪੌੜੀ-ਦਰ-ਪੌੜੀ ਸਿਧਾਂਤ 'ਤੇ ਉੱਪਰ ਚੜ੍ਹਣ ਵਿੱਚ ਹੇਠ ਲਿਖਿਤ ਗੱਲਾਂ ਦਾ ਪ੍ਰਭਾਵ ਪੈਂਦਾ ਹੈ :-

1. ਸਿੱਖਿਆ ਦੀ ਮਾਤਰਾ।
2. ਵਿਅਕਤੀ ਦੇ ਪਹਿਲੇ ਕੰਮ ਦੀ ਸਥਿਤੀ, ਅਤੇ
3. ਪਿਤਾ ਦਾ ਕਿੱਤਾ।

**ਗਤੀਸ਼ੀਲਤਾ ਦੀ ਸੀਮਾ (Range of Mobility)** – ਵਿਅਕਤੀ ਸਮਾਜਿਕ ਪੈਮਾਨੇ ਨਾਲ ਉੱਪਰ ਜਾਂ ਨੀਚੇ ਵੱਲ ਜਾਂਦੇ ਸਮੇਂ ਇੱਕ ਜਾਂ ਅਨੇਕਾਂ ਪੱਧਰਾਂ ਤੋਂ ਗੁਜ਼ਰ ਸਕਦਾ ਹੈ। ਇਸ ਪ੍ਰਕਾਰ ਨਿਸ਼ਚਿਤ ਕੀਤੀ ਗਈ ਸਮਾਜਿਕ ਸੀਮਾ ਦੀ ਰੇਂਜ (ਸੀਮਾ) ਦਾ ਨਾਮ ਦਿੱਤਾ ਗਿਆ ਹੈ। ਇਸ ਤਰ੍ਹਾਂ ਦੀ ਗਤੀ ਵਿੱਚ ਸੀਮਤ ਸਮਾਜਿਕ ਸੀਮਾ ਮਹੱਤਵ ਘੱਟ ਦੂਰੀ ਤੱਕ ਤਬਦੀਲ ਹੋ ਸਕਦਾ ਹੈ।

ਬਲੋ ਅਤੇ ਡੰਕਨ ਨੇ ਅਧਿਐਨ ਵਿੱਚ ਇਹ ਪਾਇਆ ਹੈ ਕਿ ਅਮਰੀਕਾ ਵਿੱਚ ਜ਼ਿਆਦਾ ਦੇਚ ਸ਼੍ਰੇਣੀਤਾ ਦੀ ਗਤੀਸ਼ੀਲਤਾ ਹੈ ਅਤੇ ਜ਼ਿਆਦਾ ਸੀਮਾ ਵਾਲੀ (ਲਾਂਗ ਰੇਂਜ) ਗਤੀਸ਼ੀਲਤਾ ਨਾ ਬਰਾਬਰ ਹੈ। ਫ੍ਰੈਂਕ ਪਾਰਕਿੰਨ ਨੇ ਆਪਣੇ ਅਧਿਐਨ (1963) ਵਿੱਚ ਹੰਗਰੀ ਵਿੱਚ ਪੂਰਵ ਸਮਾਜਿਕ ਸ਼ਾਸਨ ਵਿੱਚ ਜ਼ਿਆਦਾ ਸੀਮਾ ਵਾਲੀ (ਲਾਂਗ ਰੇਂਜ) ਗਤੀਸ਼ੀਲਤਾ ਦੇ ਜ਼ਿਆਦਾ ਉਦਹਾਰਣ ਦੇਖੇ।

**ਥੱਲੇ ਵੱਲ ਗਤੀਸ਼ੀਲਤਾ (Descending Mobility)** :- ਏਨਟੋਨੀ ਹਿੰਡਨ ਦੇ ਅਨੁਸਾਰ ਥੱਲੇ ਵੱਲ ਗਤੀਸ਼ੀਲਤਾ ਉੱਪਰ ਵੱਲ ਦੀ ਗਤੀਸ਼ੀਲਤਾ ਦੀ ਤੁਲਨਾ ਵਿੱਚ ਘੱਟ ਪ੍ਰਤੀਸ਼ਤ ਹੈ। ਉਸਦੀ ਖੋਜ ਦੇ ਅਨੁਸਾਰ, ਇੰਗਲੈਂਡ ਵਿੱਚ 20 ਪ੍ਰਤੀਸ਼ਤ ਤੋਂ ਜ਼ਿਆਦਾ ਵਿਅਕਤੀ ਥੱਲੇ ਵੱਲ ਅਪਰੰਪਰਿਕ ਰੂਪ ਵਿੱਚ ਗਤੀਸ਼ੀਲ ਹਨ। ਪਰ ਜ਼ਿਆਦਾਤਰ, ਗਤੀਸ਼ੀਲਤਾ ਸੀਮਤ ਹੈ। ਥੱਲੇ ਵੱਲ ਤਬਦੀਲ ਗਤੀਸ਼ੀਲਤਾ ਆਮ ਗੱਲ ਹੈ। ਦੇਖਿਆ ਗਿਆ ਹੈ ਕਿ ਅਧੇੜ ਵਿਅਕਤੀ ਤੇ ਉਹ ਵਿਅਕਤੀ ਜਿਨ੍ਹਾਂ ਦਾ ਕੰਮ ਛੁੱਟ ਗਿਆ ਹੈ, ਉਹ ਪਹਿਲਾਂ ਤੋਂ ਘੱਟ ਆਮਦਨ ਵਾਲੇ ਕੰਮ ਕਰਨ ਲੱਗਦੇ ਹਨ।

ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਤਬਦੀਲ ਗਤੀਸ਼ੀਲਤਾ ਦੇ ਹਵਾਲੇ ਵਿੱਚ ਥੱਲੇ ਵੱਲ ਗਤੀਸ਼ੀਲਤਾ ਵਿੱਚ ਜ਼ਿਆਦਾਤਰ ਇਸਤਰੀਆਂ ਹੁੰਦੀਆਂ ਹਨ, ਕਿਉਂਕਿ ਜ਼ਿਆਦਾਤਰ ਇਸਤਰੀਆਂ ਆਪਣਾ ਚਾਹੀਦਾ ਕੰਮ ਬੱਚੇ ਦੇ ਜਨਮ ਸਮੇਂ ਛੱਡ ਦਿੰਦੀਆਂ ਹਨ। ਪਰਿਵਾਰ ਦਾ ਪਾਲਣ-ਪੋਸ਼ਣ ਕਰਕੇ ਉਹ ਕੁੱਝ ਸਾਲਾਂ ਬਾਅਦ ਉਹ ਆਮਦਨ ਭੋਗੀ ਕੰਮ ਕਰਨ ਲੱਗ ਜਾਂਦੀਆਂ ਹਨ, ਪਰ ਇਹ ਕੰਮ ਜਾਂ ਅਹੁਦਾ ਅਕਸਰ ਪਹਿਲਾਂ ਤੋਂ ਘੱਟ ਆਮਦਨ ਵਾਲਾ ਹੁੰਦਾ ਹੈ।

ਉੱਪਰ ਵੱਲ ਗਤੀਸ਼ੀਲਤਾ (Ascending Mobility) :- ਆਧੁਨਿਕ ਸਮਾਜਾਂ ਵਿੱਚ ਧਨ ਅਤੇ ਸੰਪਤੀ ਪ੍ਰਾਪਤ ਕਰਨਾ ਸਿਖਰ ਦੇ ਮੁੱਖ ਸਾਧਨ ਹੈ। ਉਦਾਹਰਣ ਦੇ ਤੌਰ 'ਤੇ, ਇੱਜ਼ਤਦਾਰ ਕੰਮ (ਜਿਵੇਂਕਿ ਜੱਜ ਦਾ ਕੰਮ) ਕਰਨਾ, ਡਾਕਟਰ ਦੀ ਉਪਾਧੀ ਪ੍ਰਾਪਤ ਕਰਨਾ, ਜਾਂ ਫਿਰ ਅਮੀਰ ਪਰਿਵਾਰ ਵਿੱਚ ਵਿਆਹ ਕਰਨਾ ਆਦਿ।

**ਗਤੀਸ਼ੀਲਤਾ ਦੀਆਂ ਸੰਭਾਵਨਾਵਾਂ (Possibilties of Mobility)** ਕਿਸੇ ਸਮਾਜ ਦੀ ਸ਼੍ਰੇਣੀਵਾਰ ਰਚਨਾ ਵਿੱਚ ਕਿਸੇ ਸੰਚਾਰ ਦੀ ਇਜਾਜ਼ਤ ਨਾ ਹੋਣ 'ਤੇ ਉਸ ਵਿੱਚ ਗਤੀਸ਼ੀਲਤਾ ਸੰਭਵ ਨਹੀਂ ਹੈ। ਇਸਦੇ ਉਲਟ ਜੋ ਸਮਾਜ ਲਚੀਲਾ ਹੁੰਦਾ ਹੈ, ਉਸ ਵਿੱਚ ਗਤੀਸ਼ੀਲਤਾ ਆਸਾਨੀ ਨਾਲ ਹੋ ਜਾਂਦੀ ਹੈ।

ਤੰਗ ਸਮਾਜ ਵਿੱਚ ਉੱਚੀ ਗਤੀਸ਼ੀਲਤਾ ਬੇਫ਼ਿਕਰ ਹੁੰਦੀ ਹੈ। ਕੋਲੰਬੀਆ ਅਤੇ ਭਾਰਤ ਵਿੱਚ ਆਧੁਨਿਕਤਾ ਤੋਂ ਪਹਿਲਾਂ ਕਮੋਵਸ਼ ਸਮਾਜ ਇਸ ਤਰ੍ਹਾਂ ਦਾ ਸਨ। ਇੱਕ ਮੁਕਤ ਸਮਾਜ ਵਿੱਚ ਜ਼ਿਆਦਾ ਉੱਚੀ ਸਮਾਜਿਕ ਗਤੀਸ਼ੀਲਤਾ ਹੁੰਦੀ ਹੈ, ਕਿਉਂਕਿ ਖੁੱਲ੍ਹੇ ਸਮਾਜ ਵਿੱਚ ਵੀ ਲੋਕ ਇੱਕ ਪੱਧਰ ਤੋਂ ਦੂਜੇ ਪੱਧਰ ਵਿੱਚ ਬਿਨਾਂ ਰੁਕਾਵਟ ਦੇ ਨਹੀਂ ਜਾ ਸਕਦੇ। ਹਰ ਇੱਕ ਸਮਾਜ ਵਿੱਚ ਇੱਕ ਸਥਾਪਿਤ ਮਾਪਦੰਡ ਹੁੰਦਾ ਹੈ, ਜੋ ਉਚਿਤ ਸ਼ਿਸ਼ਟਾਚਾਰ ਪਰਿਵਾਰ ਦੀ ਸ਼੍ਰੇਣੀ ਜਾਂ ਜਾਤ ਸੰਬੰਧ ਆਦਿ ਦੇ ਰੂਪ ਵਿੱਚ ਹੀ ਹੋ ਸਕਦਾ ਹੈ। ਉੱਚ

ਨੋਟ

ਸਮਾਜਿਕ ਪੱਧਰ ਵਿੱਚ ਜਾਣ ਤੋਂ ਪਹਿਲਾਂ ਲੋਕਾਂ ਦੁਆਰਾ ਇਸਨੂੰ ਪੂਰਾ ਕਰਨਾ ਹੁੰਦਾ ਹੈ।

ਜ਼ਿਆਦਾਤਰ ਮੁਕਤ ਸਮਾਜਾਂ ਵਿੱਚ ਉੱਚ ਉਦਯੋਗੀਕਰਨ ਦਾ ਰੁਝਾਨ ਹੁੰਦਾ ਹੈ। ਸਮਾਜ ਦੇ ਉਦਯੋਗਿਕ ਹੋਣ ਦੇ ਨਾਲ-ਨਾਲ ਨਵੇਂ ਸ਼ਿਲਪ ਅਤੇ ਕਿੱਤੇ ਜ਼ਰੂਰੀ ਹੋ ਜਾਂਦੇ ਹਨ। ਨਵੇਂ ਕਿਤਿਆਂ ਦਾ ਅਰਥ ਹੈ-ਜ਼ਿਆਦਾ ਵਰਗ ਦੇ ਲੋਕਾਂ ਲਈ ਗਤੀਸ਼ੀਲਤਾ ਦੇ ਜ਼ਿਆਦਾ ਮੌਕੇ।

ਸ਼ਹਿਰੀਕਰਨ ਨਾਲ ਉੱਚੀ ਗਤੀਸ਼ੀਲਤਾ ਵਿੱਚ ਵਾਧਾ ਹੋਣ ਦੇ ਮੁੱਖ ਲਕਾਰਣ ਹੇਠ ਲਿਖਿਤ ਹਨ-

(1) ਦੋਸ਼ੀ ਮਾਪਦੰਡ ਸ਼ਹਿਰ ਦੇ ਪਹਿਚਾਣ-ਰਹਿਤ ਵਾਤਾਵਰਣ ਵਿੱਚ ਘੱਟ ਮਹੱਤਵਪੂਰਨ ਹੋ ਜਾਂਦੇ ਹਨ।

(2) ਲੋਕ ਉਪਲਬਧੀਕਰਨ, ਧਾਰਮਿਕ ਅਤੇ ਚੰਗੀ ਸਥਿਤੀ ਲਈ ਕੋਸ਼ਿਸ਼ ਕਰਦੇ ਹਨ।

(3) ਉਦਯੋਗਿਕ ਸਮਾਜਾਂ ਵਿੱਚ ਸਰਕਾਰ ਵੀ ਕਲਿਆਨਕਾਰੀ ਪ੍ਰੋਗਰਾਮ ਚਲਾਉਂਦੀ ਹੈ, ਜਿਸ ਨਾਲ, ਗਤੀਸ਼ੀਲਤਾ ਉਤਸ਼ਾਹਿਤ ਹੁੰਦੀ ਹੈ।

## ਤੁਲਨਾਤਮਕ ਸਮਾਜਿਕ ਗਤੀਸ਼ੀਲਤਾ (Comparative Social Mobility)

ਗਿਰਹਰਡ ਲੇਂਸਕੀ (1965) ਨੇ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਅੰਕੜਿਆਂ ਦੇ ਆਧਾਰ 'ਤੇ ਹੱਥੀਂ ਅਤੇ ਮਸ਼ੀਨੀ ਕੰਮਾਂ ਦੀ ਇੱਕ ਤਾਲੀਕਾ ਤਿਆਰ ਕਰਕੇ ਇਹ ਪਾਇਆ ਕਿ ਪਹਿਲੇ ਸਥਾਨ 'ਤੇ ਅਮਰੀਕਾ ਵਿੱਚ ਗਤੀਸ਼ੀਲਤਾ ਦੀ ਦਰ 34 ਫੀਸਦੀ ਹੈ, ਪਰ ਪੰਜ ਯੂਰਪੀ ਦੇਸ਼ ਲਗਭਗ ਉਸਦੇ ਨੇੜੇ ਹਨ। ਇਹ ਹਨ- ਸਵੀਡਨ (32 ਫੀਸਦੀ), ਇੰਗਲੈਂਡ (31 ਫੀਸਦੀ), ਡੇਨਮਾਰਕ (30 ਫੀਸਦੀ), ਨਾਰਵੇ (30 ਫੀਸਦੀ) ਅਤੇ ਫਰਾਂਸ (20 ਫੀਸਦੀ)। ਇਸ ਤਰ੍ਹਾਂ ਉਦਯੋਗਿਕ ਦੇਸ਼ਾਂ ਵਿੱਚ ਗਤੀਸ਼ੀਲਤਾ ਦੀ ਦਰ ਇੱਕ ਬਰਾਬਰ ਹੀ ਹੈ।

ਫ੍ਰੈਂਕ ਪਾਰਕਿੰਨ ਨੇ ਸਮਾਜਿਕ ਗਤੀਸ਼ੀਲਤਾ ਦੇ ਸੰਬੰਧ ਵਿੱਚ ਪੂਰਬੀ ਯੂਰਪ ਦੇ ਪ੍ਰਾਚੀਨ ਖੱਬੇ ਪੱਖੀ ਸਮਾਜ ਦੇ ਅੰਕੜਿਆਂ ਨੂੰ ਇਕੱਠਾ ਕਰਕੇ ਇੱਕ ਤੁਲਨਾ ਪੇਸ਼ ਕਰਕੇ ਹੇਠ ਲਿਖਿਤ ਨਤੀਜੇ ਕੱਢੇ-

(1) ਪੂੰਜੀਵਾਦੀ ਸਮਾਜਾਂ ਦੀ ਤਰ੍ਹਾਂ ਪ੍ਰਭਾਵ ਵਾਲਾ ਪ੍ਰਬੰਧਕ ਅਤੇ ਵਪਾਰੀ ਵਰਗ ਆਪਣੇ ਬੱਚਿਆਂ ਲਈ ਤੁਲਨਾਤਮਕ ਜ਼ਿਆਦਾ ਲਾਭ ਪਹੁੰਚਾਉਂਦੇ ਹਨ, ਅਤੇ

(2) ਵਿਸ਼ੇਸ਼ ਅਧਿਕਾਰ ਵਾਲੇ ਵਰਗ ਆਪਣੇ ਬੱਚਿਆਂ ਲਈ ਉੱਚ ਸਥਿਤੀ ਨਿਸ਼ਚਿਤ ਕਰਦੇ ਹਨ, ਕਿਉਂਕਿ, ਇਨ੍ਹਾਂ ਸਮਾਜਾਂ ਵਿੱਚ ਕਿਸਾਨ ਅਤੇ ਹੱਥਾਂ ਨਾਲ ਕੰਮ ਕਰਨ ਵਾਲੇ ਮਿਹਨਤੀਆਂ ਲਈ ਜ਼ਿਆਦਾ ਗਤੀਸ਼ੀਲਤਾ ਹੁੰਦੀ ਹੈ।

ਪਾਰਕਿੰਨ ਨੇ ਹੰਗਰੀ ਵਿੱਚ ਅਧਿਐਨ ਕਰਕੇ ਹੇਠਲੇ ਨਤੀਜੇ ਕੱਢੇ-

(i) 77 ਫੀਸਦੀ ਪ੍ਰਬੰਦਕ, ਪਰਸ਼ਾਸ਼ਨਿਕ ਅਤੇ ਵਪਾਰੀ ਸਥਿਤੀ ਵਾਲੇ ਪੁਰਸ਼ ਅਤੇ ਇਸਤਰੀਆਂ ਕਿਸਾਨ ਅਤੇ ਮੂਲ ਤੌਰ 'ਤੇ ਮਿਹਨਤੀ ਵਰਗ ਦੇ ਸਨ

(ii) 53 ਫੀਸਦੀ ਡਾਕਟਰ, ਵਿਗਿਆਨੀ ਅਤੇ ਇੰਜਨੀਅਰ ਵੀ ਅਜਿਹੇ ਪਰਿਵਾਰਾਂ ਤੋਂ ਸਨ।

ਸਮਾਜਿਕ ਗਤੀਸ਼ੀਲਤਾ ਦੇ ਅਧਿਐਨ ਵਿੱਚ ਹੇਠ ਲਿਖਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ-

(1) ਸਮੇਂ ਅਨੁਸਾਰ ਕਾਰਜਾਂ ਦੀ ਪ੍ਰਕਿਰਤੀ ਬਦਲ ਜਾਣ ਦੇ ਕਾਰਣ ਇਹ ਸਪੱਸ਼ਟ ਨਹੀਂ ਹੁੰਦਾ ਕਿ ਇੱਕੋ ਜਿਹੇ ਕਿੱਤਿਆਂ ਨੂੰ ਅਸਲੀਅਤ ਵਿੱਚ ਕਦੇ ਕਿਸ ਰੂਪ ਵਿੱਚ ਮੰਨਿਆ ਜਾਂਦਾ ਹੈ। ਉਦਹਾਰਣ ਦੇ ਤੌਰ 'ਤੇ, ਇਹ ਸਪੱਸ਼ਟ ਨਹੀਂ ਹੈ ਕਿ ਨੀਲਪੋਸ਼ ਕੰਮ ਤੋਂ ਸਫ਼ੈਦ-ਪੋਸ਼ ਕੰਮ ਦੀ ਗਤੀਸ਼ੀਲਤਾ ਸਦਾ ਉੱਚ ਗਤੀਸ਼ੀਲਤਾ ਹੀ ਹੋਵੇ। ਇਹ ਵੀ ਸੰਭਵ ਨਹੀਂ ਕਿ ਨੀਲ-ਪੋਸ਼ ਨਿਪੁੰਨ ਕੰਮ ਕਰਨ ਵਾਲੇ ਜ਼ਿਆਦਾਤਰ ਵਿਅਕਤੀਆਂ ਤੋਂ ਚੰਗੀ ਆਰਥਿਕ ਸਥਿਤੀ ਵਿੱਚ ਹੋਣ।

(2) ਅੰਤ ਵਿੱਚ ਪਰੰਪਰਿਕ ਗਤੀਸ਼ੀਲਤਾ ਦੇ ਅਧਿਐਨ ਵਿੱਚ ਇਸ ਗੱਲ ਦਾ ਫ਼ੈਸਲਾ ਕਰਨਾ ਔਖਾ ਹੁੰਦਾ ਹੈ ਕਿ ਕਿਸ ਬਿੰਦੂ 'ਤੇ ਤੁਲਨਾਤਮਕ ਕਿੱਤਿਆਂ ਦੀ ਤੁਲਨਾ ਕੀਤੀ ਜਾਏ। ਇਸ ਵਿੱਚ ਅਨੇਕਾਂ ਸਮੱਸਿਆਵਾਂ ਹੋ ਸਕਦੀਆਂ ਹਨ। ਜਿਵੇਂਕਿ, (1) ਸੰਭਵ ਹੈ ਕਿ ਪਿਤਾ ਆਪਣੇ ਕਿੱਤੇ ਦੇ ਮੱਧ ਵਿੱਚ ਹੋਵੇ, ਜਦਕਿ ਉਸਦੀ ਸੰਤਾਨ ਆਪਣਾ ਕਾਰਜ-ਜੀਵਨ ਆਰੰਭ ਕਰ ਰਹੀ ਹੋਵੇ। (2) ਮਾਂ-ਪਿਉ ਅਤੇ ਬੱਚੇ ਇਕੱਠੇ ਗਤੀਸ਼ੀਲ ਹੋਣ। (3) ਉਹ ਇੱਕ ਹੀ ਦਿਸ਼ਾ ਵਿੱਚ ਜਾਂ (ਉਸ ਤੋਂ ਘੱਟ) ਵੱਖ-ਵੱਖ ਦਿਸ਼ਾਵਾਂ ਵਿੱਚ ਹੋਣ। ਹੁਣ ਸਮੱਸਿਆ ਆਉਂਦੀ ਹੈ ਕਿ ਉਨ੍ਹਾਂ ਦੇ ਕੰਮਾਂ ਦੀ ਸ਼ੁਰੂ ਤੋਂ ਅੰਤ ਤੱਕ ਕਿਸ ਰੂਪ ਵਿੱਚ ਤੁਲਨਾ ਕੀਤੀ ਜਾਏ।

ਨੋਟ

**ਹੱਲ (Solution)**

1. ਇਹ ਸਾਫ਼ ਹੋ ਜਾਣ 'ਤੇ ਕਿ ਕਿਸ ਇੱਕ ਅਧਿਐਨ ਵਿੱਚ ਸ਼ਾਮਿਲ ਕੰਮ ਦੇ ਸਨਮਾਨ ਅਤੇ ਪ੍ਰਕਿਰਤੀ ਵਿੱਚ ਸਮਾਂ ਪੈਣ 'ਤੇ ਸੰਪੂਰਨ ਤਬਦੀਲੀ ਆ ਜਾਂਦੀ ਹੈ, ਕਿੱਤਾ ਸ਼੍ਰੇਣੀਆਂ ਦਾ ਵਰਗੀਕਰਨ ਕਰਦੇ ਸਮੇਂ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਜਾ ਸਕਦਾ ਹੈ ਕਿ ਦੂਜੀ ਸਮੱਸਿਆ ਵੀ ਅੰਕੜਿਆਂ ਦੇ ਧਿਆਂਨ ਰੱਖਕੇ ਦੂਰ ਕੀਤੀ ਜਾ ਸਕਦੀ ਹੈ। ਇਹ ਕੰਮ ਮਾਂ-ਪਿਉ ਅਤੇ ਬੱਚਿਆਂ ਦੇ ਸੰਬੰਧਿਤ ਕਿੱਤਿਆਂ ਦੀ ਸ਼ੁਰੂ ਤੋਂ ਅੰਤ ਤੱਕ ਤੁਲਨਾ ਕਰਕੇ ਸੰਭਵ ਹੈ।

**ਸਵੈ-ਮੁਲਾਂਕਣ (Self-Assessment)**

1. **ਖ਼ਾਲੀ ਥਾਂਵਾਂ ਭਰੋ (Fill in the Blanks) -**

(i) ਇੱਕ ਬੰਦ ਜਾਂ ਪ੍ਰਦਾਨ ਕਰੀ ਦਰਜ਼ਾਬੰਦੀ ਦੀ ਵਿਵਸਥਾ ਨੀਵੇਂ ਰੁਤਬੇ ਦੇ ਲੋਕਾਂ ਦੀ........................ਵਿੱਚ ਰੁਕਾਵਟਾਂ ਪੈਦਾ ਕਰਦੀ ਹੈ।

(ii) ........................ ਵਿੱਚ ਜਾਤ ਗਤੀਸ਼ੀਲਤਾ ਦੀ ਮੰਨਸ਼ਾ ਸਮੂਹ/ਦਰਜ਼ਾਬੰਦੀ ਗਤੀਸ਼ੀਲਤਾ ਤੋਂ ਹੈ।

(iii) ........................ਦੇ ਅਨੁਸਾਰ, "ਸਮਾਜਿਕ ਗਤੀਸ਼ੀਲਤਾ ਦੀ ਮੰਨਸ਼ਾ ਇੱਕ ਵਿਅਕਤੀ ਜਾਂ ਸਮਾਜਿਕ ਵਸਤੂ ਜਾਂ ਮੂਲ ਦੇ ਕਿਸੇ ਛੂਤ ਤੋਂ ਹੈ।

(iv) ਉੱਕਾ ਅਤੇ ਰੂੜੀਵਾਦੀ ਸਮਾਜਾਂ ਦੀ ਤੁਲਨਾ ਵਿੱਚ ਪ੍ਰਜਾਤੰਤਰ ਸਮਾਜਾਂ ਵਿੱਚ ਕਿਤੇ ਜ਼ਿਆਦਾ ਗਹਿਰੀ ........................ਪਾਈ ਜਾਂਦੀ ਹੈ।

(v) ਸੇਨਾ ਯੁੱਧ ਸਮਾਜਿਕ ਪੁਆੜੇ ਦੇ ਕਾਲ ਵਿੱਚ ਅਹਿਮ ........................ਅਦਾ ਕਰਦੀ ਹੈ।

(vi) ........................ਵਿੱਚ ਅਕਸਰ ਦਰਜ਼ਾ ਗਤੀਸ਼ੀਲਤਾ ਮਨੋਵਿਗਿਆਨਿਕ ਸਮੱਸਿਆਵਾਂ ਅਤੇ ਚਿੰਤਾਵਾਂ ਕਾਰਣ ਘੱਟਦੇ ਹਨ।

## 11.2 ਜਾਤ ਅਤੇ ਵਰਗਾਂ ਵਿੱਚ ਸਮਾਜਿਕ ਗਤੀਸ਼ੀਲਤਾ ਦੇ ਨਮੂਨੇ (Patterns of Social Mobility in Cast and Class)

ਅਕਸਰ ਇਹ ਕਹਿ ਦਿੱਤਾ ਜਾਂਦਾ ਹੈ ਕਿ ਜਾਤ ਵਿੱਚ ਗਤੀਸ਼ੀਲਤਾ ਦਾ ਕਮੀ ਹੁੰਦੀ ਹੈ ਅਤੇ ਇਹ ਰੁਕੀ ਜਾਂ ਸਥਿਰ ਵਿਵਸਥਾ ਹੈ, ਪਰ ਇਹ ਧਾਰਨਾ ਉਪਯੁਕਤ ਨਹੀਂ ਹੈ। ਪਰੰਪਰਿਕ ਰਚਨਾ ਵਿੱਚ ਵੀ ਜਿੱਥੇ ਪਾਠਪੂਜਾ ਹੀ ਕਿਸੇ ਵਿਅਕਤੀ ਦੇ ਧਾਰਮਿਕ ਯੱਗ ਅਤੇ ਉਸਦੀ ਵਪਾਰੀ ਸਥਿਤੀ ਦਾ ਅਤੇ ਉਸਦੀ ਮਿਹਨਤ ਨਿਰਧਾਰਨ ਦਾ ਮੁੱਖ ਤੱਤ ਸਨ, ਉਥੇ ਵੀ ਥੱਲੇ ਅਤੇ ਉੱਪਰ ਦੋਨਾਂ ਵੱਲ ਦੀ ਸਮਾਜਿਕ ਗਤੀਸ਼ੀਲਤਾ ਸੀ।

**ਸਰੋਤ (Sources)** - ਸ਼੍ਰੀਨਿਵਾਸ ਦੇ ਅਨੁਸਾਰ ਪ੍ਰਾਚੀਨ ਸਮੇਂ ਵਿੱਚ ਗਤੀਸ਼ੀਲਤਾ ਦੇ ਦੋ ਮੁੱਖ ਸਰੋਤ ਸਨ-

1. ਅਸਥਿਰ ਰਾਜਨੀਤਕ ਵਿਵਸਥਾ- ਇਸ ਵਿੱਚ ਕਈ ਜਾਤਾਂ ਦੁਆਰਾ ਮਿਹਨਤੀਆਂ ਦੇ ਪੱਧਰ ਅਤੇ ਸ਼ਕਤੀ ਪ੍ਰਯੋਗ ਦੀ ਸਥਿਤੀ ਨੂੰ ਸਵਕਿਾਰ ਕਰਨਾ ਆਸਾਨ ਕਰ ਦਿੱਤਾ ਗਿਆ।
2. ਕਿਸਾਨੀ-ਯੋਗ ਘੱਟ ਭੂਮੀ ਉਪਲਬਧ ਉੱਚ ਗਤੀਸ਼ੀਲਤਾ ਦੇ ਇਨ੍ਹਾਂ ਦੋ ਮਾਰਗਾਂ ਦੇ ਨਤੀਜੇ ਵਜੋਂ ਪ੍ਰਭਾਵਸ਼ਾਲੀ ਜਾਤਾਂ, ਜਿਵੇਂ ਕਿ- ਰੇਡੀ ਅਤੇ ਮਰਾਠਾ ਜਾਤਾਂ ਦੇ ਨੇਤਾ ਰਾਜਨੀਤਕ ਸ਼ਕਤੀ ਅਤੇ ਜਾਤ ਦੀ ਸਥਿਤੀ ਦੀ ਇੱਛਾ ਕਰਨ ਲੱਗੇ। ਇਸ ਤਰ੍ਹਾਂ ਮੱਧਕਾਲੀਨ ਬੰਗਾਲ ਦੇ ਪਾਲਵੰਸ਼ੀ ਮੂਲ ਰੂਪ ਦੇ ਸ਼ੂਦਰ ਵਰਗ ਦੇ ਸਨ, ਗੁਜ਼ਰਾਤ ਦੇ ਪੱਟੀਦਾਰ ਲੋਕ ਵੀ ਮੂਲ ਰੂਪ ਵਿੱਚ ਕਿਸਾਨ ਵਰਗ ਦੇ ਸਨ।

**ਗਤੀਸ਼ੀਲਤਾ ਦਾ ਪੱਧਰ (Stages of Mobility) -**

1. **ਪਰਿਵਾਰ ਵਿੱਚ ਵਿਅਕਤੀ ਗਤੀਸ਼ੀਲਤਾ (Indivial Mobility in Life)** - ਹਰ ਇੱਕ ਪਰਿਵਾਰ ਵਿੱਚ ਕੋਈ ਮੈਂਬਰ ਹੋਰਾਂ ਦੀ ਤੁਲਨਾ ਬਿਹਤਰ ਪੱਧਰ ਪ੍ਰਾਪਤ ਕਰ ਲੈਂਦਾ ਹੈ। ਉਹ ਉੱਚ ਸਿੱਖਿਆ, ਸੱਚੀ-ਨਿਸ਼ਟਾ ਜਾਂ ਹੋਰ ਉਪਲਬਧੀਆਂ ਦੇ ਕਾਰਣ ਹੁੰਦਾ ਹੈ। ਇੱਕ ਉੱਚੀ ਜਾਤ ਦੇ ਵਿਅਕਤੀ ਵੀ ਆਪਣੇ ਮਾੜੇ ਕਰਮਾਂ ਦੇ ਕਾਰਣ ਆਪਣਾ ਪੱਧਰ ਨੀਚੇ ਗਿਰਾ ਸਕਦਾ ਹੈ, ਆਪਣਾ ਮਾਨ-

ਨੋਟ

ਸਨਮਾਨ ਗੁਆ ਸਕਦਾ ਹੈ। ਇਹ ਇੱਕ ਵਿਅਕਤੀ ਦੀ ਗਤੀਸ਼ੀਲਤਾ ਦੀ ਗਿਰਾਵਟ ਮੰਨੀ ਜਾ ਸਕਦੀ ਹੈ। ਇਸ ਗਿਰਾਵਟ ਨੂੰ ਪੂਰੀ ਜਾਤ ਦੀ ਗਿਰਾਵਟ ਨਹੀਂ ਮੰਨਿਆ ਜਾ ਸਕਦਾ ਹੈ ਕਿਉਂਕਿ ਇਸਦਾ ਪ੍ਰਭਾਵ ਵਿਆਪਕ ਨਾ ਹੋ ਕੇ ਵਿਅਕਤੀਗਤ ਪੱਧਰ ਤੱਕ ਹੀ ਸੀਮਤ ਰਹਿੰਦਾ ਹੈ।

2. **ਜਾਤ ਵਿੱਚ ਘੱਟ ਗਿਣਤੀ ਪਰਿਵਾਰਾਂ ਦੀ ਗਤੀਸ਼ੀਲਤਾ (Mobility of Minority Families in a Caste)**– ਇਸ ਤਰ੍ਹਾਂ ਦੀ ਗਤੀਸ਼ੀਲਤਾ ਪਰਿਵਾਰਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪੱਖ ਵਿੱਚ ਸਪੱਸ਼ਟ ਹੁੰਦੀ ਹੈ। ਇਸ ਤਰ੍ਹਾਂ ਦੇ ਪੱਧਰਾਂ ਵਿੱਚ ਉੱਨਤੀ ਹੋਣ ਦੇ ਅਨੇਕਾਂ ਕਾਰਣ ਹੋ ਸਕਦੇ ਹਨ। ਜਿਵੇਂ ਕਿ ਭੂਮੀ ਪ੍ਰਾਪਤ ਕਰ ਲੈਣਾ ਵਾਸਤੇ ਉੱਚ ਸਿੱਖਿਆ ਲੈ ਲੈਣਾ। ਇਨ੍ਹਾਂ ਨੂੰ ਪ੍ਰਾਪਤ ਕਰਕੇ ਵਿਅਕਤੀ ਉੱਚ ਜਾਤਾਂ ਦੀ ਤਰ੍ਹਾਂ ਭਿੰਨ-ਭਿੰਨ ਪ੍ਰਕਾਰ ਦੇ ਕੰਮ ਕਰਨ, ਜਿਵੇਂ ਕਿ ਮਹਿੰਗੇ ਕੱਪੜੇ ਪਾਉਣਾ, ਪੋਰਸ਼ ਕਲੋਨੀ ਵਿੱਚ ਘਰ ਬਣਕੇ ਰਹਿਣਾ, ਹੋਰ ਜੀਵਨ-ਸ਼ੈਲੀ ਨੂੰ ਅਪਣਾਉਣਾ ਅਤੇ ਧਾਰਮਿਕ ਕੰਮ ਕਰਨੇ ਸ਼ੁਰੂ ਕਰ ਦਿੰਦੇ ਹਨ। ਇਨ੍ਹਾਂ ਨੂੰ ਪੱਧਰ ਗਤੀਸ਼ੀਲਤਾ ਹੀ ਮੰਨਣਾ ਚਾਹੀਦਾ, ਪੌੜੀ-ਦਰ-ਪੌੜੀ ਗਤੀਸ਼ੀਲਤਾ ਨਹੀਂ, ਕਿਉਂਕਿ ਇਹ ਸਿਰਫ਼ ਪੱਧਰ ਵਿਸ਼ੇਸ਼ਤਾਵਾਂ ਨੂੰ ਹੀ ਪੂਰਾ ਕਰਦੀਆਂ ਹਨ। ਇਸ ਤਰ੍ਹਾਂ ਦੀ ਪਰਵਿਰਤੀ ਮੱਧਕਾਲ ਵਿੱਚ ਕਾਫ਼ੀ ਰੂਪਾਂ ਵਿੱਚ ਪ੍ਰਚੱਲਿਤ ਸੀ।

3. **ਜ਼ਿਆਦਾ ਪਰਿਵਾਰਾਂ ਦੀ ਜਾਂ ਸਮੂਹਾਂ ਦੀ ਗਤੀਸ਼ੀਲਤਾ (Mobility of Many Families or Group)**– ਇਸ ਤਰ੍ਹਾਂ ਦੀ ਗਤੀਸ਼ੀਲਤਾ ਵੱਡੇ ਪੱਧਰ ਦੀ ਹੁੰਦੀ ਹੈ। ਇਸ ਵਿੱਚ ਸਮੂਹਿਕ ਰੂਪ ਵਿੱਚ ਸਾਂਝਾ ਮਾਨ-ਸਨਮਾਨ, ਪੱਧਰ ਅਤੇ ਸਨਮਾਨ ਵਿਚਲਾ ਹੁੰਦਾ ਹੈ। ਅਕਸਰ ਦੇਖਿਆ ਗਿਆ ਹੈ ਕਿ ਅਸ਼ੁੱਧ ਜਾਤਾਂ ਆਪਣੇ ਅਸ਼ੁੱਧ ਵਿਉਹਾਰ ਅਤੇ ਅਪਵਿਤਰਤਾ ਪ੍ਰਗਟ ਕਰਨ ਵਾਲੇ ਕੰਮਾਂ ਨੂੰ ਤਿਆਗ ਕੇ ਆਪਣੀ ਸਥਿਤੀ ਵਿੱਚ ਸੁਧਾਰ ਕਰਦੀਆਂ ਹਨ। ਦਰਜ਼ਾਬੰਦੀ ਦੀ ਪ੍ਰਕਿਰਿਆ ਇਨ੍ਹਾਂ ਜਾਤਾਂ ਨੂੰ ਸਮਾਜਿਕ ਕ੍ਰਮ ਵਿੱਚ ਉੱਚਾ ਜਾਂ ਉੱਚ ਸ਼੍ਰੇਣੀ ਵਿੱਚ ਲਈਆਂ ਜਾਂਦੀਆਂ ਹਨ ਅਤੇ ਉੱਚ ਗਤੀਸ਼ੀਲਤਾ ਦੇ ਦਾਅਵੇ ਨੂੰ ਠੀਕ ਬਣਾਉਂਦੀਆਂ ਹਨ।

ਸੰਸਕ੍ਰਿਤੀਕਰਨ ਸਮਾਜਿਕ ਗਤੀਸ਼ੀਲਤਾ ਦਾ ਵਾਹਕ (Sankritisation as Carier of Social Mobility) ਸੰਸਕ੍ਰਿਤੀਕਰਨ ਸਮਾਜਿਕ ਤਬਦੀਲੀ ਦੀ ਇੱਕ ਪ੍ਰਕਿਰਿਆ ਹੈ। ਸੰਸਕ੍ਰਿਤੀਕਰਨ ਦੀ ਧਾਰਨਾ ਸਿਰਫ਼ ਭਾਰਤੀ ਸਮਾਜ ਵਿੱਚ ਹੀ ਲਾਗੂ ਹੁੰਦੀ ਹੈ, ਕਿਉਂਕਿ ਇਸਦਾ ਸਿੱਧਾ ਸੰਬੰਧ ਭਾਰਤੀ ਸਮਾਜਿਕ ਦਰਜ਼ਾਬੰਦੀ ਦੀ ਵਿਸ਼ੇਸ਼ ਪ੍ਰਣਾਲੀ ਨਾਲ ਹੈ।

**ਸੰਸਕ੍ਰਿਤੀਕਰਨ ਦਾ ਸ਼ਬਦੀ ਅਰਥ (Literal Meaning of Sankritisation)** – ਸੰਸਕ੍ਰਿਤੀਕਰਨ ਦਾ ਸ਼ਬਦਾਂ ਵਿੱਚ ਅਰਥ ਹੈ, ਉਹ ਪ੍ਰਕਿਰਿਆ ਜਿਸਦੇ ਜ਼ਰੀਏ ਉਨ੍ਹਾਂ ਖੇਤਰਾਂ ਜਾਂ ਸਮੂਹਾਂ ਦਾ ਪ੍ਰਸਾਰ ਹੁੰਦਾ ਹੈ, ਜਿੱਥੇ ਸੰਸਕ੍ਰਿਤ ਦੀ ਕਮੀ ਹੈ।

ਸੰਸਕ੍ਰਿਤੀਕਰਨ ਦਾ ਸਮਾਜਸ਼ਾਸ਼ਤਰੀ ਅਰਥ (Social Meaning of Sankritisation) – ਸਮਾਜਸ਼ਾਸ਼ਤਰ ਵਿੱਚ ਇਸ ਧਾਰਨਾ ਦਾ ਪ੍ਰਯੋਗ ਵੱਖ-ਵੱਖ ਅਰਥਾਂ ਵਿੱਚ ਹੋਇਆ ਹੈ। ਸਮਾਜਸ਼ਾਸ਼ਤਰ ਵਿੱਚ ਸੰਸਕ੍ਰਿਤੀਕਰਨ ਸਮਾਜਿਕ ਸੰਸਕ੍ਰਿਤਿਕ ਤਬਦੀਲੀ ਦੀ ਇੱਕ ਪ੍ਰਕਿਰਿਆ ਹੈ, ਜੋ ਭਾਰਤੀ ਸਮਾਜਿਕ ਦਰਜ਼ਾਬੰਦੀ ਨੂੰ ਪ੍ਰਭਾਵਿਤ ਕਰਦੀ ਹੈ। ਇਹ ਪ੍ਰਕਿਰਿਆ ਵੱਖ-ਵੱਖ ਨੀਵੀਆਂ ਜਾਤਾਂ, ਜਨਜਾਤਾਂ ਅਤੇ ਹੋਰ ਸਮੂਹਾਂ ਵਿੱਚ ਕਿਰਿਆਸ਼ੀਲ ਹੈ। ਇਸ ਪ੍ਰਕਿਰਿਆ ਦੇ ਅੰਦਰ ਵੱਖ-ਵੱਖ ਨੀਵੀਆਂ ਜਾਤਾਂ ਆਪਣੇ ਸਮਾਜਿਕ ਸੰਸਕ੍ਰਿਤਿਕ ਜੀਵਨ ਨੂੰ ਉੱਚ ਜਾਤਾਂ ਦੇ ਜੀਵਨ ਦੇ ਅਨੁਕੂਲ ਤਬਦੀਲ ਕਰਦੀਆਂ ਹਨ।

ਭਾਰਤ ਵਿੱਚ ਸੰਸਕ੍ਰਿਤੀਕਰਨ ਦੀ ਪ੍ਰਕਿਰਿਆ ਅਤਿ-ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਹੈ। ਅਤਿ-ਪ੍ਰਚੀਨਕਾਲ ਵਿੱਚ ਜਦ ਭਾਰਤ ਵਿੱਚ ਆਰੀਆ ਜਾਤਾਂ ਦੀ ਸਮਾਜਿਕ ਸਥਿਤੀ ਉੱਚ ਅਤੇ ਗੈਰ-ਆਰੀਆ ਜਾਤਾਂ ਦੀ ਸਥਿਤੀ ਨੀਵੀਂ ਮੰਨੀ ਜਾਂਦੀ ਸੀ, ਉਦੋਂ ਵੀ ਜਾਤਾਂ ਆਪਣੇ ਰਹਿਣ-ਸਹਿਣ ਅਤੇ ਆਚਾਰ-ਵਿਹਾਰ ਨੂੰ ਆਰੀਆ ਦੇ ਅਨੁਕੂਲ ਬਦਲਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਸੰਸਕ੍ਰਿਤੀਕਰਨ ਦੀ ਪਰਿਭਾਸ਼ਾ ਦਿੰਦੇ ਹੋਏ ਡਾ.ਐਮ.ਐਨ.ਸ੍ਰੀਨੀਵਾਸ ਨੇ ਆਪਣੀ ਪੁਸਤਕਾਂ ਆਧੁਨਿਕ ਭਾਰਤ ਵਿੱਚ ਸਮਾਜਿਕ ਪਰਿਵਰਤਨ (Social Changes in Modern India) ਵਿੱਚ ਲਿਖੀਆ ਹੈ, "ਸੰਸਕ੍ਰਿਤੀਕਰਨ ਉਹ ਪ੍ਰਕਿਰਿਆ ਹੈ ਜਿਸਦੇ ਦੁਆਰਾ ਕੋਈ ਨੀਵੀਂ ਹਿੰਦੂ ਜਾਤ ਕੋਈ ਜਨਜਾ ਜਾਂ ਹੋਰ ਸਮੂਹ ਕਿਸੇ ਉੱਚ ਅਤੇ ਅਕਸਰ ਅਮੀਰ ਜਾਤ ਦੀ ਦਿਸ਼ਾ ਵਿੱਚ ਆਪਣੇ ਰੀਤੀ-ਰਿਵਾਜ਼ਾਂ, ਕੰਮਾਂ, ਵਿਚਾਰਧਾਰਾ ਅਤੇ ਜੀਵਨ ਅਦਾਇਗੀ ਨੂੰ ਬਦਲਣਾ ਹੈ।"

ਸੰਸਕ੍ਰਿਤੀਕਰਨ ਦੀ ਇਹ ਪਰਿਭਾਸ਼ਾ ਵਿੱਚ ਇਸ ਪ੍ਰਕਿਰਿਆ ਦੀ ਹੇਠ ਲਿਖਿਤ ਵਿਸ਼ੇਸ਼ਤਾਵਾਂ 'ਤੇ ਜ਼ੋਰ ਦਿੱਤਾ ਗਿਆ ਹੈ–

1. ਸੰਸਕ੍ਰਿਤੀਕਰਨ ਦੇ ਦੁਆਰਾ ਕੋਈ ਵੀ ਜਾਤ, ਜਨਜਾਤ ਜਾਂ ਸਮੂਹ ਉਤਰਾਅ-ਚੜਾਅ ਦੇ ਸਮਾਜੀ ਕ੍ਰਮ ਵਿੱਚ ਵਰਤਮਾਨ ਤੋਂ ਉੱਚਾ ਸਥਾਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਨੋਟ

2. ਸੰਸਕ੍ਰਿਤੀਕਰਨ ਦੀ ਪ੍ਰਕਿਰਿਆ ਨੀਵੀਆਂ ਜਾਤਾਂ ਦੁਆਰਾ ਉੱਚ ਜਾਤ ਦੀ ਰਸਿ ਕਰਨ ਚੱਲਦੀ ਹੈ।
3. ਸੰਸਕ੍ਰਿਤੀਕਰਨ ਦੀ ਪਰਕਿਰਿਆ ਸਿਰਫ਼ ਜਾਤ ਵਿੱਚ ਹੀ ਨਹੀਂ, ਬਲਕਿ ਜਨਜਾਤਾਂ ਜਾਂ ਹੋਰ ਸਮੂਹਾਂ ਵਿੱਚ ਵੀ ਦੇਖੀ ਜਾ ਸਕਦੀ ਹੈ।
4. ਸੰਸਕ੍ਰਿਤੀਕਰਨ ਵਿੱਚ ਸਿਰਫ਼ ਬ੍ਰਾਹਮਣਾਂ ਦੀ ਹੀ ਰੀਸ ਨਹੀਂ ਕੀਤੀ ਜਾਂਦੀ ਬਲਕਿ ਯੋਧਿਆਂ ਜਾਂ ਵੈਸ਼ਿਆ ਦੀ ਵੀ ਰੀਸ ਕੀਤੀ ਜਾ ਸਕਦੀ ਹੈ, ਪਰ ਹਰ ਇੱਕ ਸਥਿਤੀ ਵਿੱਚ ਨੀਵੀਂ ਜਾਤ–ਉੱਚ ਜਾਤ ਦੀ ਰੀਸ ਕਰਦੀ ਹੈ।
5. ਸੰਸਕ੍ਰਿਤੀਕਰਨ ਦੀ ਪ੍ਰਕਿਰਿਆ ਵਿੱਚ ਜਾਤ ਜਾਂ ਸਮੂਹ ਦੇ ਰੀਤੀ–ਰਿਵਾਜ਼, ਕੰਮ, ਵਿਚਾਰਧਾਰਾ ਅਤੇ ਜੀਵਨ ਅਦਾਇਗੀ ਕਿਸੇ ਦੁਬਾਰਾ ਪੈਦਾ ਹੋਈਆਂ ਜਾਤ ਦੇ ਅਨੁਕੂਲ ਬਦਲ ਜਾਂਦੇ ਹਨ।

**ਸੰਸਕ੍ਰਿਤੀਕਰਨ ਅਤੇ ਸਮਾਜਿਕ ਗਤੀਸ਼ੀਲਤਾ (Sankritisation and Social Mobility)** – ਡਾ. ਸ਼੍ਰੀਨਿਵਾਸ ਦੁਆਰਾ ਪੇਸ਼ ਅਧਿਐਨ ਦੇ ਆਧਾਰ ‘ਤੇ ਸੰਸਕ੍ਰਿਤੀਕਰਨ ਦੀ ਸਮਾਜਿਕ ਗਤੀਸ਼ੀਲਤਾ ਵਿੱਚ ਭੂਮਿਕਾ ਹੇਠ ਲਿਖੇ ਤੋਂ ਸਪੱਸ਼ਟ ਹੁੰਦੀ ਹੈ–

(1) **ਜਾਤ ਗਤੀਸ਼ੀਲ਼ਤਾ ਦੀ ਕੋਸ਼ਿਸ਼ (Efforts of Caste Mobility)** – ਸੰਸਕ੍ਰਿਤੀਕਰਨ ਜਾਤ ਗਤੀਸ਼ੀਲਤਾ ਦੀ ਕੋਸ਼ਿਸ਼ ਦੀ ਪ੍ਰਕਿਰਿਆ ਹੈ।

(2) **ਮੰਦ ਗਤੀ ਦੀ ਪ੍ਰਕਿਰਿਆ (A Slow Moving Process)** – ਸੰਸਕ੍ਰਿਤੀਕਰਨ ਦੀ ਪ੍ਰਕਿਰਿਆ ਸਮਾਜਿਕ ਪਰਿਵਰਤਨ ਦੀ ਇੱਕ ਮੰਦ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਨਾਲ ਬਹੁਤ ਹੌਲੀ ਸਮਾਜਿਕ ਗਤੀਸ਼ੀਲਤਾ ਆਉਂਦੀ ਹੈ। ਸੰਸਕ੍ਰਿਤੀਕਰਨ ਜ਼ਰੀਏ ਨੀਵੀਂ ਜਾਤ ਨੂੰ ਉੱਚ ਦੇਵ–ਸ਼੍ਰੇਣੀ ਪਾਉਣ ਲਈ ਬਹੁਤ ਸਮੇਂ ਤੱਕ ਕੋਸ਼ਿਸ਼ ਕਰਨੀ ਪੈਂਦੀ ਹੈ। ਉਨ੍ਹਾਂ ਨੂੰ ਸਮਾਜ ਵਿੱਚ ਉੱਚਤਾ ਦੀ ਇਜ਼ਾਜਤ ਆਸਾਨੀ ਨਾਲ ਨਹੀਂ ਮਿਲਦੀ। ਡਾ. ਸ਼੍ਰੀਨਿਵਾਸ ਦਾ ਕਹਿਣਾ ਹੈ, “ਆਮ ਤੌਰ ‘ਤੇ ਬਹੁਤ ਦਿਨਾਂ ਤੱਕ ਬਲਕਿ, ਅਸਲੀਅਤ ਵਿੱਚ ਇੱਕ ਦੋ ਪੀੜੀਆਂ ਤੱਕ ਦਾਅਵਾ ਕਰਨ ਤੋਂ ਬਾਅਦ ਹੀ ਉਨ੍ਹਾਂ ਨੂੰ ਮਿਲਦੀ ਹੈ।”

(3) **ਉਸਤਾਦ ਜਾਤ ਦੀ ਪੈਰਵੀ (Imitation of Master Caste)** – ਦਰਜ਼ਾਬੰਦੀ ਦੀ ਪ੍ਰਕਿਰਿਆ ਵੱਖ–ਵੱਖ ਨੀਵੀਆਂ ਜਾਤਾਂ ਉੱਚੀਆਂ ਜਾਤਾਂ ਦੀ ਪੈਰਵੀ ਕਰਦੀਆਂ ਹਨ, ਉੱਚ ਜਾਤ ਮਨਸ਼ਾ ਉੱਚ ਜਾਤ ਮਤਲਬ ਬ੍ਰਾਹਮਣਾਂ ਤੋਂ ਨਹੀਂ ਹੈ। ਉੱਚ ਜਾਤ ਦਾ ਨਿਰਧਾਰਕ ਪਰੰਪਰਾਮਿਕ ਹੁੰਦਾ ਹੈ। ਕੋਈ ਵੀ ਜਾਤ ਵੱਖ–ਵੱਖ ਸਾਧਨਾਂ ਨਾਲ ਪੂਰੀ ਹੋਣ ‘ਤੇ ਉਥੋਂ ਦੀ ਉੱਚ ਜਾਤ ਦਾ ਅਹੁਦਾ ਪ੍ਰਾਪਤ ਕਰ ਲੈਂਦੀ ਹੇ। ਇਸ ਸਥਾਨਕ ਨੂੰ ਜਾਤ ਕਿਹਾ ਜਾਂਦਾ ਹੈ। ਸੰਸਕ੍ਰਿਤੀਕਰਨ ਦੇ ਅੰਦਰ ਇਸ ਪ੍ਰਭੂ ਜਾਤ ਦੀ ਪੈਰਵੀ ਕੀਤੀ ਜਾਂਦੀ ਹੈ।

(4) **ਇੱਕ ਅਹੁਦਾ ਅਸਲੀ ਤਬਦੀਲੀ ਹੈ, ਰਚਨਾ ਅਸਲੀ ਨਹੀਂ (Change in Statics not in Structure)-** ਸੰਸਕ੍ਰਿਤੀਕਰਨ ਜਾਤ ਗਤੀਸ਼ੀਲਤਾ ਦੀ ਇੱਕ ਪ੍ਰਕਿਰਿਆ ਹੈ। ਪਰ ਸਿਰਫ਼ ਅਹੁਦਾ ਓਸਲੀ ਹੈ ਮਤਲਬ ਸੰਸਕ੍ਰਿਤੀਕਰਨ ਨਤੀਜੇ ਦੇ ਰੂਪ ਵਿੱਚ ਵੱਖ–ਵੱਖ ਜਾਤਾਂ ਦੀ ਆਪਣੀ ਸਮਾਜਿਕ ਸਥਿਤੀ ਤਾਂ ਬਦਲ ਜਾਂਦੀ ਹੈ, ਪਰ ਇਸ ਨਾਲ ਸਾਰੀ ਜਾਤ ਵਿਵਸਥਾ ‘ਤੇ ਕੋਈ ਅਸਰ ਨਹੀਂ ਪੈਂਦਾ ਭਾਵ ਵੱਖ–ਵੱਖ ਜਾਤਾਂ ਦਾ ਕ੍ਰਮ–ਪੌੜੀ– ਦਰ–ਪੌੜੀ ਉਹੀ ਰਹਿੰਦਾ ਹੈ। ਇਸ ਲਈ ਸੰਸਕ੍ਰਿਤੀਕਰਨ ਅਹੁਦਾ ਅਸਲੀ ਤਬਦੀਲੀ ਹੈ, ਰਚਨਾ ਮੂਲ ਤਬਦੀਲੀ ਨਹੀਂ ਹੈ। ਡਾ. ਸ਼੍ਰੀਨਿਵਾਸ ਨੇ ਕਿਹਾ ਹੈ।

ਨੋਟਸ — ਸੰਸਕ੍ਰਿਤੀਕਰਨ ਨਾਲ ਸੰਬੰਧਿਤ ਗਤੀਸ਼ੀਲਤਾ ਦੇ ਨਤੀਜੇ ਦੇ ਰੂਪ ਵਿੱਚ ਸਿਰਫ਼ ਅਹੁਦਾ ਮੂਲ ਤਬਦੀਲੀ ਹੁੰਦੇ ਹਨ, ਕੋਈ ਰਚਨਾ–ਮੂਲ ਤਬਦੀਲੀ ਨਹੀਂ ਭਾਵ ਇੱਕ ਜਾਤ ਆਪਣ ਆਸ–ਪਾਸ ਦੀਆਂ ਜਾਤਾਂ ਤੋਂ ਉੱਪਰ ਉੱਠ ਜਾਂਦੀ ਹੈ ਅਤੇ ਦੂਜੀ ਨੀਚੇ ਆ ਜਾਂਦੀ ਹੈ, ਪਰ ਇਹ ਸਭ ਇੱਕ ਮੂਲ਼ ਨਿਸ਼ਚਿਤ ਦੇਵ–ਸ਼੍ਰੇਣੀ ਵਿੱਚ ਘਟਿਤ ਹੁੰਦਾ ਹੈ। ਆਪਣੇ ਆਪ ਵਿਵਸਥਾ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ ਹੈ।

ਨੋਟ

(5) **ਦ੍ਰਿੜ ਸੰਸਕ੍ਰਿਤੀਕਰਨ ਤਬਦੀਲੀ (Consisted Cultural Change)** – ਸੰਸਕ੍ਰਿਤੀਕਰਨ ਦੇ ਨਤੀਜੇ ਦੇ ਰੂਪ ਵਿੱਚ ਸਿਰਫ਼ ਜਾਤਾਂ ਦੀ ਸਮਾਜਿਕ ਸਥਿਤੀ ਵਿੱਚ ਹੀ ਤਬਦੀਲ ਨਹੀਂ ਹੁੰਦੀ, ਬਲਕਿ ਨਾਲ ਦੀ ਨਾਲ ਸੰਸਕ੍ਰਿਤੀ ਪਰਿਵਰਤਨ ਵੀ ਹੁੰਦੇ ਹਨ। ਨੀਵੀਆਂ ਜਾਤਾਂ ਉੱਚ ਜਾਤਾਂ ਦੇ ਸੰਸਕ੍ਰਿਤ ਨਮੂਨਿਆਂ ਨੂੰ ਅਪਣਾ ਲੈਂਦੀਆਂ ਹਨ। ਉਨ੍ਹਾਂ ਦਾ ਰਹਿਣ–ਸਹਿਣ, ਭੇਸ਼–ਭੂਸ਼ਾ ਅਤੇ ਰੀਤੀ–ਰਿਵਾਜ਼ ਵੀ ਬਦਲ ਜਾਂਦੇ ਹਨ।ਸੰਸਕ੍ਰਿਤੀਕਰਨ ਨੇ ਭਾਰਤੀ ਸਮਾਜ ਵਿੱਚ ਸਮਾਜਿਕ ਗਤੀਸ਼ੀਲਤਾ ਨੂੰ ਉਤਸਾਹਿਤ ਕੀਤਾ ਹੈ। ਸਵਿਧਾਨਿਕ ਰੂਪ ਵਿੱਚ ਸਮਾਜਿਕ ਵਿਵਸਥਾ ਇੱਕ ਬੰਦ ਵਿਵਸਥਾ ਹੈ, ਜਿਸ ਵਿੱਚ ਗਤੀਸ਼ੀਲਤਾ ਦੀ ਕੋਈ ਸੰਭਾਵਨਾ ਨਹੀਂ ਹੈ, ਪਰ ਸੰਸਕ੍ਰਿਤੀਕਰਨ ਰਾਹੀਂ ਨੀਵੀਂਆਂ ਜਾਤਾਂ ਨੂੰ ਆਪਣੀ ਸੀਥਤੀ ਦੇ ਰੂਪ ਵਿੱਚ ਆਧੁਨਿਕ ਭਾਰਤ ਵਿੱਚ ਕਾਫ਼ੀ ਸਮਾਜਿਕ ਗਤੀਸ਼ਲਿਤਾ ਦੇਖੀ ਜਾ ਸਕਦੀ ਹੈ

ਪੱਛਮੀਕਰਨ ਸਮਾਜਿਕ ਗਤੀਸ਼ੀਲਤਾ ਦਾ ਵਾਹਕ ਹੇਠ ਲਿਖਿਤ ਹੈ–

**ਪੱਛਮੀਕਰਨ ਦਾ ਅਰਥ ਅਤੇ ਪਰਿਭਾਸ਼ਾ (Meanings and Definition of Westernisation)-** ਸ਼ਬਦਾਂ ਵਿੱਚ ਪੱਛਮੀਕਰਨ ਸਮਾਜਿਕ ਤਬਦੀਲੀ ਦੀ ਉਹ ਪ੍ਰਕਿਰਿਆ ਹੈ ਜੋ ਪੱਛਮੀ ਪ੍ਰਭਾਵ ਨਾਲ ਭਾਰਤ ਵਿੱਚ ਪੂਰੀ ਹੋਈ ਹੈ। ਪਰ ਇੱਥੇ 'ਪੱਛਮੀ ਸਮਾਜ' ਅਸਪੱਸ਼ਟ ਅਤੇ ਵਿਸਥਾਰ ਪੂਰਵਕ ਅਰਥ ਵਿਆਨ ਕਰਨ ਵਾਲਾ ਸ਼ਬਦ ਪ੍ਰਤੀਤ ਹੁੰਦਾ ਹੈ। ਅਨੇਕ ਪੱਛਮੀ ਦੇਸ਼ਾਂ ਦੀ ਸਮਾਜਿਕ ਅਤੇ ਸੰਸਕ੍ਰਿਤਿਕ ਮਾਨਤਾਵਾਂ ਕਾਫ਼ੀ ਵੱਖ–ਵੱਖ ਹਨ। ਅਹਿਜੀ ਸਥਿਤੀ ਵਿੱਚ ਭਾਰਤ ਵਿੱਚ ਪੂਰੇ ਹੋਣ ਵਾਲੇ ਕਿਸੇ ਪਰਿਵਰਤਨ ਦੀ ਪ੍ਰਕਿਰਿਆ ਦੀ ਵਿਆਖਿਆ ਸਿਰਫ਼ 'ਪੱਛਮੀ ਸਮਾਜ' ਦੇ ਪ੍ਰਭਾਵ ਦੇ ਰੂਪ ਵਿੱਚ ਨਹੀਂ ਕੀਤੀ ਜਾ ਸਕਦੀ। ਇਸ ਪਰਿਵਰਤਨਸ਼ੀਲ ਸਥਿਤੀ ਨੂੰ ਸਪੱਸ਼ਟ ਕਰਨ ਲਈ

ਡਾ. ਸ਼੍ਰੀ ਨਿਵਾਸ ਨੇ ਸਪੱਸ਼ਟ ਰੂਪ ਵਿੱਚ ਕਿਹਾ ਹੈ, "ਮੈਂ ਪੱਛਮੀਕਰਨ ਸ਼ਬਦ ਨੂੰ ਹੋਰ ਥਾਂ 'ਤੇ ਬ੍ਰਿਟਿਸ਼ ਰਾਜ ਦੇ ਡੇੜ ਸੌ ਸਾਲ ਦੇ ਸ਼ਾਸਨ ਦੇ ਨਤੀਜੇ ਦੇ ਰੂਪ ਵਿੱਚ ਭਾਰਤੀ ਸਮਾਜ ਅਤੇ ਸੰਸਕ੍ਰਿਤੀ ਵਿੱਚ ਪੈਦਾ ਹੋਏ ਪਰਿਵਰਤਨਾਂ ਲਈ ਪ੍ਰਯੋਗ ਕੀਤਾ ਹੈ, ਅਤੇ ਇਹ ਸ਼ਬਦ ਤਕਨੀਕੀ ਸੰਸਥਾਵਾਂ, ਵਿਚਾਰਧਾਰਾਵਾਂ ਅਤੇ ਮੂਲਾਂ 'ਤੇ ਵੱਖ–ਵੱਖ ਪੱਧਰਾਂ 'ਤੇ ਉਪਲਬਧ ਹੋਣ ਵਾਲੇ ਪਰਿਵਰਤਨ ਸ਼ਾਮਿਲ ਹਨ।" ਡਾ.ਸ਼੍ਰੀਨਿਵਾਸ ਦੇ ਪੇਸ਼ ਕਥਨ ਵਿੱਚ ਪੱਛਮੀਕਰਨ ਦਾ ਅਰਥ ਸਪੱਸ਼ਟ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਇਹ ਕਿਹਾ ਜਾ ਸਕਦਾ ਹੈ ਕਿ 'ਪੱਛਮੀਕਰਨ' ਤੋਂ ਮਨਸ਼ਾ ਉਨ੍ਹਾਂ ਸਮਾਜਿਕ ਤਬਦੀਲੀਆਂ ਨਾਲ ਹੈ, ਜੋ ਭਾਰਤੀ ਸਮਾਜ ਵਿੱਚ ਬ੍ਰਿਟਿਸ਼ ਸੰਸਕ੍ਰਿਤਿਕ ਸਿਧਾਂਤਾਂ ਦੇ ਨਤੀਜੇ ਦੇ ਰੂਪ ਵਿੱਚ ਘਟੀਆਂ ਹਨ। ਇਨ੍ਹਾਂ ਤੋਂ ਇਲਾਵਾ ਪੱਛਮੀਕਰਨ ਦੇ ਅੰਦਰ ਉਹ ਸਾਰੇ ਪਰਿਵਰਤਨ ਦ੍ਰਿੜ ਹਨ। ਜਿਨ੍ਹਾਂ ਦਾ ਸੰਬੰਧ ਤਕਨੀਕੀ, ਸਮਾਜਿਕ ਸੰਸਥਾਵਾਂ, ਵਿਚਾਰਧਾਰਾਵਾਂ ਅਤੇ ਵੱਖ–ਵੱਖ ਨੈਤਿਕ ਮੁੱਲਾਂ ਨਾਲ ਹੈ। ਭਾਰਤ ਵਿੱਚ ਪੱਛਮੀਕਰਨ ਦੀ ਸ਼ੁਰੂਆਤ ਬ੍ਰਿਟਿਸ਼ ਸ਼ਾਸਨਕਾਲ ਤੋਂ ਸ਼ੁਰੂ ਹੋਈ।

**ਪੱਛਮੀਕਰਨ ਅਤੇ ਸਮਾਜਿਕ ਗਤੀਸ਼ੀਲਤਾ (Westernisation and Social Mobility)** – ਬ੍ਰਿਟਿਸ਼ ਸ਼ਾਸਨਕਾਲ ਵਿੱਚ ਪੱਛਮੀਕਰਨ ਨੇ ਸਮਾਜਿਕ ਗਤੀਸ਼ੀਲਤਾ ਵਿੱਚ ਵੱਖ–ਵੱਖ ਪ੍ਰਕਾਰ ਦੇ ਯੋਗਦਾਨ ਦਿੱਤੇ:–

(1) ਅੰਗਰੇਜ਼ਾਂ ਨੇ ਨਵੇਂ ਵਿਦਿਆਲੇ ਅਤੇ ਕਾਲਜਾਂ ਦੀ ਸਥਾਪਨਾ ਕੀਤੀ, ਜਿਸ ਵਿੱਚ ਬਿਨਾਂ ਕਿਸੇ ਜਾਤ ਭੇਦ ਤੋਂ ਸਭਨੂੰ ਦਾਖਲਾ ਦਿੱਤਾ ਗਿਆ।

(2) ਸੇਨਾ, ਸ਼ਾਸਨ, ਵਿਧੀ ਅਦਾਲਤਾਂ ਵਿੱਚ ਯੋਗਤਾ ਦੇ ਆਧਾਰ 'ਤੇ ਨਿਯੁਤੀਆਂ ਕੀਤੀਆਂ ਜਾਣ ਲੱਗੀਆਂ। ਇਸ ਨਾਲ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਬਰਾਬਰ ਅਧਿਕਾਰ ਮਿਲਣ ਲੱਗੇ, ਜਿਸ ਨਾਲ ਕਾਫ਼ੀ ਸਮਾਜਿਕ ਗਤੀਸ਼ੀਲਤਾ ਹੋਈ।

(3) ਆਰਥਿਕ ਖੇਤਰ ਵਿੱਚ ਵੱਖ–ਵੱਖ ਮੌਕੇ ਪੈਦਾ ਕੀਤੇ ਗਏ। ਉੱਚ ਜਾਤ ਦੇ ਲੋਕਾਂ ਨੇ ਸੰਸਥਾਨਾਂ ਤੋਂ ਉੱਚ ਸਿੱਖਿਆ ਪ੍ਰਾਪਤ ਕਰਕੇ ਆਰਥਿਕ ਲਾਭ ਦੇ ਮੌਕਿਆਂ ਦਾ ਭਰਭੂਰ ਲਾਭ ਉਠਾਇਆ। ਛੋਟੀ ਜਾਤ ਦੇ ਲੋਕ ਵੀ ਪ੍ਰਭਾਵਿਤ ਹੋਏ। ਬੇਲੇ ਦੇ ਅਨੁਸਾਰ ਅੰਗਰੇਜ਼ ਦੀ ਬੰਧਸ਼ੀ ਨੀਤੀ ਨੇ ਗਾਂਜਾ ਅਤੇ ਬੋਰਡ ਸ਼ਰਾਬ ਕਾਰਖਾਨਿਆਂ ਨੂੰ ਇਸ ਤਰ੍ਹਾਂ ਪ੍ਰਭਾਵਿਤ ਕੀਤਾ ਕਿ ਨੀਵੇਂ ਵਰਗ ਧਨੀ ਬਣ ਗਏ ।

(4) ਰੇਲ, ਸੜਕ ਅਤੇ ਨਵੀਆਂ ਨਹਿਰਾਂ ਦਾ ਨਿਰਮਾਣ ਕੀਤਾ ਗਿਆ। ਪੱਛਮੀ ਉੱਤਰ ਪ੍ਰਦੇਸ਼ ਦੇ ਨੋਨੀਯਾਸ ਅਤੇ ਸੂਰਤ ਦੇ ਸਮੁੰਦਰੀ ਕਿਨਾਰੇ ਦੇ ਕੋਲਿਆਂ ਨੇ ਇਸ ਨਵੀਂ ਵਿਵਸਥਾ ਵਿੱਚ ਵਿਸਥਾਰ ਰੁਜ਼ਗਾਰ ਦੇ ਮੌਕਿਆਂ ਦਾ ਲਾਭ ਉਠਾਇਆ ਅਤੇ ਉਹ ਆਰਥਿਕ ਪੱਧਰ 'ਤੇ ਭਾਗਸ਼ਾਲੀ ਬਣ ਗਏ।

ਨੋਟ

(5) ਆਜ਼ਾਦੀ ਤੋਂ ਬਾਅਦ ਪੱਛਮੀਕਰਨ ਦੀ ਪ੍ਰਕਿਰਿਆ ਤੇਜ਼ ਗਤੀ ਨਾਲ ਅੱਗੇ ਵੱਧ ਰਹੀ ਹੈ। ਆਜ਼ਾਦ ਭਾਰਤ ਨੇ ਚਤੁਰ ਖ਼ਿਆਲੀ ਸਮਾਨਤਾਵਾਦੀ ਅਤੇ ਇਨਸਾਨੀ ਸਿਧਾਂਤਾਂ ਨੂੰ ਬਰਾਬਰ ਰੂਪ ਵਿਚ ਅਪਣਾਇਆ ਹੈ, ਜਿਸ ਕਾਰਣ ਗਤੀਸ਼ੀਲਤਾ ਲਈ ਅੱਗੇ ਹੋਰ ਮਾਰਗ ਖੁੱਲ੍ਹ ਗਏ।

1. **ਨਵੀਂ ਵਿਧੀ ਵਿਵਸਥਾ (New Legal System)**– ਬ੍ਰਿਟਿਸ਼ ਸ਼ਾਸਨਕਾਲ ਰਾਜਨੀਤਕ ਰੂਪ ਨਾਲ ਪੂਰੇ ਦੇਸ਼ ਵਿੱਚ ਇਕੱਲੀ ਸ਼ਾਸਨ ਵਿਵਸਥਾ ਦੀ ਇਕਾਈ ਸੀ। ਉਸਦਾ ਸ਼ਾਸਨ ਕਾਨੂੰਨ ਵਿਵਸਥਾ ਦੀ ਚਤੁਰ ਖ਼ਿਆਲੀ ਸਮਾਨਤਾਵਾਦੀ ਅਤੇ ਇਨਸਾਨੀ ਸਿਧਾਂਤਾਂ 'ਤੇ ਆਧਾਰਿਤ ਸੀ। ਇਹ ਬਿਨਾਂ ਕਿਸੇ ਜਾਤ ਭੇਦਭਾਵ ਦੇ ਆਪਣਾ ਫ਼ੈਸਲਾ ਦਿੰਦੀ ਸੀ।

ਆਜ਼ਾਦ ਭਾਰਤ ਵਿੱਚ ਬਰਾਬਰ ਰੂਪ ਵਿੱਚ ਮੱਤ ਅਧਿਕਾਰ ਦੇ ਸਿਧਾਂਤ ਨਾਲ ਪੰਚਾਇਤੀ ਰਜਿ ਵਿਵਸਥਾ ਨੂੰ ਲਾਗੂ ਕਰਕੇ ਸ਼ਕਤੀ ਦਾ ਵਿਕੇਂਦਰੀਕਰਨ ਕੀਤਾ ਗਿਆ ਹੈ। ਇਸਦਾ ਉਦੇਸ਼ ਕਮਜ਼ੋਰ ਵਰਗਾਂ ਦੇ ਲੋਕਾਂ ਦੇ ਹੱਥ ਮਜ਼ਬੂਤ ਕਰਨਾ ਅਤੇ ਉੱਚੀ ਜਾਤ ਦੇ ਲੋਕਾਂ ਦੇ ਪ੍ਰਭਾਵ ਨੂੰ ਘੱਟ ਕਰਨਾ ਹੈ।

ਇਸ ਤਰ੍ਹਾਂ ਹੱਦਬੰਦੀ ਲਾਗੂ ਕਰਕੇ ਜਿਮੀਂਦਾਰੀ ਵਿਵਸਥਾ 'ਤੇ ਵੱਡੀ ਸੱਟ ਮਾਰੀ ਗਈ ਹੈ। ਛੋਟੇ ਕਿਸਾਨਾਂ (ਜਿਨ੍ਹਾਂ ਨੇ ਭੂਮੀ ਪ੍ਰਾਪਤ ਕੀਤੀ ਹੈ) ਨੂੰ ਖੇਤੀ ਕਰਨ ਦੇ ਅਧਿਕਾਰ ਅਤੇ ਭੂਮੀ ਮਾਲਕ ਬਣਨ ਦੇ ਅਧਿਕਾਰ ਦਿੱਤੇ ਗਏ ਹਨ। ਇਨ੍ਹਾਂ ਅਧਿਕਾਰਾਂ ਨਾਲ ਜਾਤ ਗਤੀਸ਼ੀਲਤਾ ਵਿੱਚ ਨਿਸ਼ਚਿਤ ਰੂਪ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ।

2. **ਸਮਾਜ ਸੁਧਾਰ (Social Reform)**–

(1) ਇਸਾਈ ਮਿਸ਼ਨਰੀਆ ਨੇ ਸਭ ਤੋਂ ਦਲਿਤ ਜਾਤ ਦੇ ਲੋਕਾਂ ਵਿੱਚ ਧਰਮ-ਪਰਿਵਰਤਨ ਕਰਵਾਇਆ। ਇਸ ਤਰ੍ਹਾਂ ਜੋ ਅਛੂਤ ਮੰਨੇ ਜਾਂਦੇ ਸਨ, ਉਨ੍ਹਾਂ ਦੇ ਜੀਵਨ ਵਿਚੋਂ ਗਰੀਬੀ ਅਤੇ ਸ਼ੋਸ਼ਨ ਨੂੰ ਦੂਰ ਕੀਤਾ ਅਤੇ ਉਨ੍ਹਾਂ ਨੂੰ ਸਿੱਖਿਆ ਦਿੱਤੀ। ਇਸ ਨਾਲ ਉਨ੍ਹਾਂ ਦਾ ਸਮਾਜਿਕ ਪੱਧਰ ਅਤੇ ਉਨ੍ਹਾਂ ਨੂੰ ਮਾਨ-ਸਨਮਾਨ ਮਿਲਿਆ।

(2) ਕੁੱਝ ਪੜ੍ਹੇ-ਲਿਖੇ ਉਦਾਰਵਾਦੀ ਸੁਧਾਰਕ ਜਿਵੇਂਕਿ ਰਾਜਾ ਰਾਮ ਮੋਹਨ ਰਾਏ, ਕੇਸ਼ਵ ਚੰਦਰ ਸੇਨ, ਸਵਾਮੀ ਵਿਵੇਕਾਨੰਦ, ਸਵਾਮੀ ਦਿਆਨੰਦ ਆਦਿ ਨੇ ਸਮਾਜ ਵਿੱਚ ਵਿਆਪਕ ਅੰਧਵਿਸ਼ਵਾਸਾਂ, ਬੁਰਾਈਆਂ ਦੇ ਰੱਦ ਅਤੇ ਹਾਸ਼ੀਏ ਤੇ ਦਲਿਤਾਂ ਅਤੇ ਨੀਵੀਆਂ ਜਾਤਾਂ ਦੇ ਲੋਕਾਂ ਵਿੱਚ ਅਤਿਆਚਾਰ ਨੂੰ ਘੱਟ ਕਰਨ ਅਤੇ ਉਨ੍ਹਾਂ ਦੇ ਪੱਧਰ ਨੂੰ ਸੁਧਾਰਨ ਲਈ ਤਰਕਸੰਗਤ ਬਣਾਕੇ ਅਤੇ ਹਿੰਦੂ ਧਰਮ ਨੂੰ ਆਧੁਨਿਕ ਬਣਾਉਣ ਦੇ ਯਤਨ ਕੀਤੇ।

(3) ਮਹਾਤਮਾ ਗਾਂਧੀ ਅਤੇ ਡਾ. ਭੀਮਰਾਵ ਅੰਬੇਦਕਰ ਦੇ ਯਤਨਾਂ ਦੇ ਨਤੀਜੇ ਦੇ ਰੂਪ ਵਿੱਚ ਛੂਆ-ਛੂਤ ਨੂੰ ਜੜ੍ਹ ਤੋਂ ਮਿਟਾਉਣ ਲਈ ਛੂਆ-ਛੂਤ ਨੂੰ ਰੱਦ ਅਤੇ ਅਤਿਆਚਾਰਾਂ ਤੋਂ ਬਚਾਉਣ ਲਈ ਸਰਕਸ਼ਨਾਤਮਿਕ ਐਕਟਾਂ ਨੂੰ ਬਣਾਇਆ ਗਿਆ। ਇਸ ਨਾਲ ਨੀਵੇਂ ਵਰਗਾਂ ਦੇ ਲੋਕਾਂ ਵਿੱਚ ਵਿਆਪਕ ਰੂਪ ਨਾਲ ਓੱਚ ਪੱਧਰ ਸਮਾਜਿਕ ਗਤੀਸ਼ੀਲਤਾ ਪੈਦਾ ਹੋਈ।

ਧਰਮ-ਪਰਿਵਰਤਨ, ਸਿੱਖਿਆ, ਉਦਯੋਗੀਕਰਨ, ਸ਼ਹਿਰੀਕਰਨ ਅਤੇ ਸਮਾਜਿਕ ਗਤੀਸ਼ੀਲਤਾ ਨੂੰ ਹੇਠ ਲਿਖਿਤਾਂ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ-

**ਧਰਮ-ਪਰਿਵਰਨ (Secularism)** – ਧਰਮ-ਪਰਿਵਰਤਨ ਵਿੱਚ ਧਾਰਮਿਕ ਤੋਂ ਇਲਾਵਾ ਸਮਾਜਿਕ, ਆਰਥਿਕ, ਰਾਜਨੀਤਕ ਕਾਨੂੰਨ ਅਤੇ ਨੈਤਿਕਤਾ ਦੇ ਵੱਖ-ਵੱਖ ਪੱਖਾਂ ਵਿੱਚ ਪਰੰਪਰਿਕ ਮੱਤਭੇਦ ਵਧਾਉਣ ਨਾਲ ਇੱਕ ਦੂਜੇ ਦੇ ਸੰਬੰਧ ਕਰੜੇ ਹੋਣ ਦਾ ਭਾਵ ਵੀ ਵਿਰਾਸਤੀ ਹੈ। ਪੁਰਾਣੇ ਧਾਰਮਿਕ ਢਾਂਚੇ ਵਿੱਚ ਪੱਧਰ, ਅਹੁਦਾ, ਕਿੱਤਾ ਜਾਂ ਪੇਸ਼ਾ ਅਤੇ ਬਰਾਬਰ ਜੀਵਨ-ਸ਼ੈਲੀ ਦਾ ਨਿਰਧਾਰਕ ਸ਼ੁੱਧਤਾ ਅਤੇ ਅਸ਼ੁੱਧਤਾ ਦੇ ਸਿਧਾਂਤ ਦੇ ਆਧਾਤ 'ਤੇ ਕੀਤਾ ਜਾਂਦਾ ਹੈ।

ਤਰਕਸੰਗਤ ਵਿਚਾਰਾਂ ਅਤੇ ਸਿੱਖਿਆ ਦੇ ਪ੍ਰਭਾਵ ਦੇ ਕਾਰਣ ਅੱਜ ਸ਼ੁੱਧਤਾ ਅਤੇ ਅਸ਼ੁੱਧਤਾ ਵਰਗੇ ਵਿਚਾਰਾਂ ਨੂੰ ਪ੍ਰਭਾਵਿਤ ਨਹੀਂ ਕੀਤਾ ਗਿਆ ਹੈ। ਇਸ ਵਿਚਾਰ ਨੂੰ ਤਿਆਗਣ ਨਾਲ ਲੋਕ ਇੱਕ-ਦੂਜੇ ਦੇ ਨੇੜੇ ਆ ਗਏ ਹਨ।

**ਸਿੱਖਿਆ (Education)** – ਪੁਰਾਣੀ ਸਮਾਜਿਕ ਵਿਵਸਥਾ ਵਿੱਚ ਸਿੱਖਿਆ 'ਤੇ ਬ੍ਰਾਹਮਣ ਅਤੇ 'ਧਨਾਡਾਂ' ਦਾ ਹੀ ਅਧਿਕਾਰ ਸੀ। ਬ੍ਰਿਟਿਸ਼ ਸ਼ਾਸ਼ਨਕਾਲ ਵਿੱਚ ਅੰਗਰੇਜ਼ਾਂ ਨੇ ਸਿੱਖਿਅਕ ਸੰਸਥਾਵਾਂ ਨੂੰ ਸਭ ਲਈ ਖੋਲ੍ਹ ਦਿੱਤਾ ਸੀ। ਅਤੇ ਉਨ੍ਹਾਂ ਨੇ ਧਰਮ-ਪਰਿਵਰਤਨ ਅਤੇ ਯੁਗਤੀਸੰਗਤਾ ਦੇ ਆਧਾਰ 'ਤੇ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ। ਜਿਨ੍ਹਾਂ ਲੋਕਾਂ ਨੇ ਆਧੁਨਿਕ ਸਿੱਖਿਆ ਵਿੱਚ ਟ੍ਰੇਨਿੰਗ ਪ੍ਰਾਪਤ ਕੀਤੀ ਸੀ, ਉਹ ਸੇਨਾ ਅਤੇ ਨੌਕਰਸ਼ਾਹੀ ਵਿੱਚ ਨਿਯੁਕਤੀ ਪ੍ਰਾਪਤ ਕਰ ਸਕਦੇ ਸਨ। ਨਤੀਜੇ ਦੇ ਤੌਰ 'ਤੇ ਉੱਚ ਪੱਧਰ 'ਤੇ ਗਤੀਸ਼ੀਲਤਾ ਵਿੱਚ ਤੇਜ਼ੀ

ਨੋਟ

ਆਈ। ਇਸ ਸਿੱਖਿਆ ਦੇ ਕਾਰਣ ਲੋਕਾਂ ਦੇ ਵਿਚਾਰਾਂ ਵਿੱਚ ਬਦਲਾਓ ਆਇਆ ਅਤੇ ਨਿਆਂ, ਆਜ਼ਾਦੀ ਅਤੇ ਬਰਾਬਰਤਾ ਦੇ ਸਿਧਾਂਤ ਲਾਗੂ ਹੋਏ। ਉੱਚ ਕਲੀਨ ਪੜ੍ਹੇ-ਲਿਖੇ ਲੋਕਾਂ ਨੇ ਜਾਂਤ ਦੇ ਆਧਾਰ 'ਤੇ ਅਤਿਆਚਾਰ ਅਤੇ ਸ਼ੋਸ਼ਨ ਨੂੰ ਖ਼ਤਮ ਕਰਨ ਲਈ ਆਪਣੀ ਆਵਾਜ਼ ਬੁਲੰਦ ਕੀਤੀ। ਸਿੱਖਿਆ ਨੇ ਗਤੀਸ਼ੀਲਤਾ ਦੀ ਪ੍ਰਗਤੀ ਅਤੇ ਰੂਪ ਨੂੰ ਇੰਨੇ ਗਹਿਰੇ ਰੂਪ ਵਿੱਚ ਪ੍ਰਭਾਵਿਤ ਕੀਤਾ ਕਿ ਇੱਕ ਨਵੇਂ ਵਰਗ ਦਾ ਉਦੈ ਹੋਇਆ। ਆਜ਼ਾਦੀ ਤੋਂ ਬਾਅਦ, ਅਨੁਸੂਚਿਤ ਜਨਜਾਤੀ ਅਤੇ ਹੋਰ ਪੱਛੜੇ ਵਰਗਾਂ ਲਈ ਸਿੱਖਿਆ ਸਮਸਥਾਨਾਂ ਵਿੱਚ ਇਨ੍ਹਾਂ ਲਈ ਸਥਾਨ ਰਾਂਖਵੇਂ ਕੀਤੇ ਗਏ।

**ਉਦਯੋਗੀਕਰਨ ਅਤੇ ਸਮਾਜਿਕ ਗਤੀਸ਼ੀਲਤਾ (Industrialisation and Social Mobility)**– ਉਦਯੋਗੀਕਰਨ ਆਧੁਨਿਕ ਯੁੱਗ ਦੀ ਇੱਕ ਮਹੱਤਵਪੂਰਨ ਸਮਾਜਿਕ-ਆਰਥਿਕ ਪ੍ਰਤੀਕਰਿਆ ਹੈ। ਮਸ਼ੀਨਾਂ ਦੁਆਰਾ ਵੱਡੇ ਪੱਧਰ 'ਤੇ ਉਤਪਾਦਨ ਕੰਮਾਂ ਦਾ ਸੰਪਾਦਨ ਅਤੇ ਉਦਯੋਗ-ਧੰਦਿਆਂ ਦੇ ਇੱਕ ਸਥਾਨ ਵਿੱਚ ਵਿਕਾਸ ਦੀ ਪ੍ਰਕਿਰਿਆ ਨੂੰ ਉਦਯੋਗੀਕਰਨ ਕਹਿੰਦੇ ਹਨ।

ਡਾ. ਵਿਬਾਸੇ ਦੇ ਸ਼ਬਦਾਂ ਵਿੱਚ, "ਉਦਯੋਗੀਕਰਨ ਦਾ ਮਤਲਬ ਵੱਡੇ ਪੈਮਾਨੇ ਦੇ ਨਵੀਨ ਉਦਯੋਗਾਂ ਦੀ ਸ਼ੁਰੂਆਤ ਅਤੇ ਛੋਟੇ ਉਦਯੋਗਾਂ ਨੂੰ ਵੱਡੇ ਪੱਧਰ ਦੇ ਉਦਯੋਗਾਂ ਵਿੱਚ ਬਦਲਣ ਤੋਂ ਹੈ।

ਵਾਸਤਵਿਕ ਤੌਰ 'ਤੇ ਉਦਯੋਗਕਿਰਨ ਉਦਯੋਗਾਂ ਦੇ ਵੱਡੇ ਪੱਧਰ 'ਤੇ ਵਿਕਾਸ ਦੀ ਇੱਕ ਪ੍ਰਕਿਰਿਆ ਹੈ, ਜਿਸ ਦੇ ਅੰਦਰ ਕਇਲਾ, ਤੇਲ, ਕੁਦਰਤੀ ਗੈਸਾਂ ਅਤੇ ਹੋਰ ਖਨਿਜ ਪਦਾਰਥਾਂ ਦੀ ਜ਼ਿਆਦਾ ਤੋਂ ਜ਼ਿਆਦਾ ਪ੍ਰਾਪਤੀ ਅਤੇ ਉਨ੍ਹਾਂ ਨੂੰ ਕੰਮ ਵਿੱਚ ਲਿਆਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸਦੇ ਨਾਲ ਹੀ ਕਪਾਹ, ਤਿਲਹਨ, ਪਟਸਨ, ਆਦਿ ਹੋਰ ਕਿਸਾਨੀ ਦੁਆਰਾ ਪੈਦਾ ਹੋਣ ਵਾਲੀ ਵਸਤੂਆਂ ਨੂੰ ਉਤਪਾਦਨ ਦੇ ਕੱਚੇ ਮਾਲ ਦੇ ਰੂਪ ਵਿੱਚ ਅਨੁਕੂਲ ਕੀਤਾ ਜਾਂਦਾ ਹੈ, ਤਾਂਕਿ ਇਨ੍ਹਾਂ ਸਾਰਿਆਂ ਦੇ ਸੰਬੰਧਿਤ ਉਦਯੋਗ-ਧੰਦਿਆਂ ਦਾ ਵਿਕਾਸ ਵੱਡੇ ਪੱਧਰ 'ਤੇ ਹੋ ਸਕੇ।

ਉਦਯੋਗੀਕਰਨ ਵੱਖ-ਵੱਖ ਪ੍ਰਕਾਰ ਦੇ ਸਮਾਜਿਕ ਗਤੀਸ਼ੀਲਤਾ ਲਿਆਉਂਦਾ ਹੈ–

1. ਉਦਯੋਗੀਕਰਨ ਨਾਲ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ਬਿਨਾਂ ਜਾਤ ਭੇਦਭਾਵ ਦੀ ਉਪਲਬਧੀ ਅਤੇ ਸਿੱਖਿਆ 'ਤੇ ਜ਼ੋਰ ਦਿੱਤਾ ਜਾਂਦਾ ਹੈ।

2.ਉਦਯੋਗਾਂ ਵਿੱਚ ਨੌਕਰੀਆਂ ਦਾ ਮਿਲਣਾ ਕਰਮਚਾਰੀ ਦੀ ਸਿੱਖਿਆ ਅਤੇ ਅਨੁਭਵਾਂ 'ਤੇ ਆਧਾਰਿਤ ਹੁੰਦਾ ਹੈ, ਕਿਸੇ ਜਾਤੀ ਉੱਚਤਾ 'ਤੇ ਨਹੀਂ।

3. ਇਸ ਵਿਵਸਥਾ ਵਿੱਚ ਰੁਜ਼ਗਾਰ ਦੇ ਮੌਕਾ ਸਭ ਲਈ ਖੁੱਲ੍ਹੇ ਹੁੰਦੇ ਹਨ।

4. ਇਨ੍ਹਾਂ ਵਿੱਚ ਭੂਮੀਹੀਣ ਮਜ਼ਦੂਰਾਂ ਨੂੰ ਉੱਚ ਪੱਧਰ ਗਤੀਸ਼ੀਲਤਾ ਲਈ ਮੌਕੇ ਉਪਲਬਧ ਹੁੰਦੇ ਹਨ।

5. ਉਦਯੋਗੀਕਰਨ ਵਿੱਚ ਇੱਕ ਨਵੀਨ ਪ੍ਰਕਾਰ ਦੀ ਕਾਰਜ ਰਚਨਾ ਹੁੰਦੀ ਹੈ, ਜਿਹੜੀ ਮਿਹਨਤੀਆਂ ਦੀ ਤਕਨੀਕੀ ਵੰਡ ਅਤੇ ਬਰਾਬਰ ਜਾਂ ਇੱਕਰੂਪ ਦੇ ਪੱਧਰ 'ਤੇ ਆਧਾਰਿਤ ਹੁੰਦੀ ਹੈ।

6. ਉਦਯੋਗਾਂ ਵਿੱਚ ਵੱਖ-ਵੱਖ ਜਾਤਾਂ ਦੇ ਮਿਹਨਤੀ ਇੱਕ ਦੂਜੇ ਨਾਲ, ਨੇੜੇ ਹੀ ਮਸ਼ੀਨ 'ਤੇ ਬਿਨਾਂ ਕਿਸੇ ਜਾਤ ਭੇਦਭਾਵ ਦੇ ਇੱਕ ਦੂਜੇ ਨਾਲ ਕੰਮ ਕਰਦੇ ਹਨ। ਇਸ ਕੰਮ ਵਿੱਚ ਕਿਸੇ ਤਰ੍ਹਾਂ ਦੀ ਪਵਿਤਰਤਾ ਜਾਂ ਸ਼ੁੱਧਤਾ ਦਾ ਵਿਚਾਰ ਨਹੀਂ ਕੀਤਾ ਜਾਂਦਾ।

ਟਾਸਕ ਅਪਰੰਪਰਿਕ ਗਤੀਸ਼ੀਲਤਾ ਤੋਂ ਤੁਸੀਂ ਕੀ ਸਮਝਦੇ ਹੋ ?

**ਸ਼ਹਿਰੀਕਰਨ ਅਤੇ ਸਮਾਜਿਕ ਗਤੀਸ਼ੀਲਤਾ (Urbanisation and Social Mobility)** – ਸ਼ਹਿਰਾਂ ਵਿੱਚ ਗਤੀਸ਼ੀਲਤਾ ਦੇ ਮੁੱਖ ਕਾਰਣ ਇਸ ਤਰ੍ਹਾਂ ਹਨ–

(1) ਸਿੱਖਿਆ ਦੁਆਰਾ ਉਪਲੱਬਧੀਆਂ ਪ੍ਰਾਪਤ ਕਰਨਾ।

(2) ਨਵੇਂ ਕਿੱਤਿਆਂ ਦੇ ਮੌਕੇ।

(3) ਜਾਤ ਦੇ ਸਥਾਨ 'ਤੇ ਦਰਜ਼ਾਬੰਦੀ ਦੀ ਪ੍ਰਣਾਲੀ ਦਾ ਵਰਗ ਦੇ ਰੂਪ ਵਿੱਚ ਉੱਭਰਨਾ।

ਨੋਟ

(4) ਜਾਤਾਂ ਦਾ ਐਸੋਸੀਏਸ਼ਨ ਅਤੇ ਸੰਘ ਆਦਿ ਦੇ ਰੂਪ ਵਿੱਚ ਜਾਤ–ਵੰਡ।

ਇਸ ਤਰ੍ਹਾਂ ਸ਼ਹਿਰੀਕਰਨ ਦੇਵ–ਸ਼੍ਰੇਣੀ ਅਤੇ ਸਮਤਲਰੇਖਾ ਦੀ ਰਚਨਾ ਕਰਦਾ ਹੈ।

**ਵਰਗ ਗਤੀਸ਼ੀਲਤਾ–ਵਰਗ ਨਿਰਮਾਨ, ਉਦਯੋਗੀਕਰਨ ਅਤੇ ਸਿੱਖਿਆ ਦੀ ਭੂਮਿਕਾ** (Class Mobility-Role of Class Formation, Indusrialisation and Education) – ਵਰਗ ਗਤੀਸ਼ੀਲਤਾ ਦਾ ਮਹੱਤਵ ਹੇਠ ਲਿਖਿਤਾਂ ਵਾਂਗ ਸਪੱਸ਼ਟ ਕੀਤਾ ਜਾ ਸਕਦਾ ਹੈ–

(1) ਇਹ ਵਰਗ ਦਰਜ਼ਾਬੰਦੀ ਦਾ ਮਹੱਤਵਪੂਰਨ ਅਤੇ ਵਿਆਪਕ ਆਯਾਮ ਹਨ।

(2) ਇਹ ਵਰਗ ਦਰਜ਼ਾਬੰਦੀ ਦੀ ਆਖਰੀ ਅਵਸਥਾ ਹੈ।

(3) ਇਹ ਹੋਰ ਸਮਾਜਿਕ ਪ੍ਰਤੀਕਿਰਿਆ ਨੂੰ ਪ੍ਰਗਟ ਕਰਦਾ ਹੈ।

(4) ਗਤੀਸ਼ੀਲਤਾ ਦੀ ਵਿਆਪਕਤਾ ਦਾ ਪ੍ਰਯੋਗ ਉਦਯੋਗਿਕ ਸਮਾਜ ਦੇ 'ਖੁੱਲ੍ਹੇਪਨ' ਲਈ ਕੀਤਾ ਜਾਂਦਾ ਹੈ।

(5) ਇਸਦਾ ਇਸਤੇਮਾਲ ਉਥੇ ਵੀ ਕੀਤਾ ਜਾਂਦਾ ਹੈ, ਜਿੱਥੇ ਗਤੀਸ਼ੀਲਤਾ ਦੀ ਉੱਚੀ ਦਰ ਧਰਮ ਦੀ ਆਸ਼ਾ ਸਮਾਜਿਕ ਉਪਲਬਧਤਾ ਦਾ ਸੰਕੇਤ ਕਰਦੀ ਹੈ। ਇਸ ਵਿਵਸਥਾ ਵਿੱਚ ਵਿਅਕਤੀ ਦੀ ਪ੍ਰਤਿਭਾ ਅਤੇ ਯੋਗਤਾ ਦੇ ਆਧਾਰ 'ਤੇ ਵਿਅਕਤੀ ਨੂੰ ਇਨਾਮ ਦਿੱਤਾ ਜਾਂਦਾ ਹੈ ਜਾਂ ਉਸਤੋਂ ਲੱਭ ਮਿਲਦਾ ਹੈ ਨਾ ਕਿ ਇਸ ਵਿੱਚ ਕੋਈ ਇੱਕ ਵਿਅਕਤੀ ਨੂੰ ਉੱਤਰਅਧਿਕਾਰ ਵਿੱਚ ਬਹੁਤ ਸਾਰੀ ਸੰਪਤੀ ਅਤੇ ਸਮਾਜਿਕ ਪੱਧਰ ਪ੍ਰਾਪਤ ਹੋਇਆ ਹੈ।

(6) ਵਰਗ ਗਤੀਸ਼ੀਲਤਾ ਨਿਰਮਾਣ ਨੂੰ ਸਮਝਣ ਲਈ ਇੱਕ ਵਿਸ਼ੇਸ਼ ਤੱਤ ਹੈ।

(7) ਸਮਾਜ ਦੇ ਮੈਂਬਰਾਂ ਦੇ ਜੀਵਨ ਵਿੱਚ ਮੌਕਿਆਂ ਦੀ ਉਪਲਬਧਤਾ ਦੇ ਸੰਕੇਤਾਂ ਦਾ ਵਰਗ ਗਤੀਸ਼ੀਲਤਾ ਅਧਿਐਨ ਤੋਂ ਵੀ ਪਤਾ ਲਾਇਆ ਜਾ ਸਕਦਾ ਹੈ।

(8) ਸਮਾਜਿਕ ਸਥਿਰਤਾ ਅਤੇ ਵਿਸਥਾਰ ਦੇ ਵਿਸ਼ਲੇਸ਼ਣ ਲਈ ਉਨ੍ਹਾਂ ਲੋਕਾਂ ਦੀ ਜੋ ਗਤੀਸ਼ੀਲਤਾ ਦੇ ਦੌਰ ਤੋਂ ਗੁਜ਼ਰ ਰਹੇ ਹਨ, ਦੀ ਕਿਰਿਆ ਅਤੇ ਪ੍ਰਤੀਕਿਰਿਆ ਨੂੰ ਜਾਣਨਾ ਬਹੁਤ ਮਹੱਤਵਪੂਰਨ ਹੈ, ਜੋਕਿ ਵਰਗ ਗਤੀਸ਼ੀਲਤਾ ਤੋਂ ਜਾਣੂ ਹੁੰਦੇ ਹਨ।

(9) ਸਮਾਜਿਕ ਗਤੀਸ਼ੀਲਤਾ ਦੀ ਸੀਮਾ ਨੂੰ ਉਦਯੋਗਿਕ ਸਮਾਜ ਦੇ 'ਖੁੱਲ੍ਹੇਪਨ' ਦੇ ਹੱਲਾਂ ਦੇ ਰੂਪ ਵਿੱਚ ਇਸਤੇਮਾਲ ਕੀਤਾ ਗਿਆ ਹੈ।

**ਵਰਗ ਗਤੀਸ਼ੀਲਤਾ ਅਤੇ ਵਰਗ–ਨਿਰਮਾਣ (Class Mobility and Class Formation)**– ਵਰਗ ਗਤੀਸ਼ੀਲਤਾ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ–ਵਰਗ ਨਿਰਮਾਣ ਦੀ ਪਰਕਿਰਿਆ।

ਇਸ ਦਿਸ਼ਾ ਵਿੱਚ ਮੁੱਖ ਅਧਿਐਨ ਹੇਠ ਲਿਖੇ ਹਨ–

(1) **ਮਾਰਕਸ (Marx) -** ਕਾਰਲ ਮਾਰਕਸ ਨੇ ਇੱਕ ਹੋਰ ਵਰਗ–ਨਿਰਮਾਣ ਅਤੇ ਉਸਦੇ ਕੰਮ ਅਤੇ ਦੂਸਰੀ ਤਰਫ਼ ਗਤੀਸ਼ੀਲਤਾ ਦਾ ਵਿਸਥਾਰ ਅਤੇ ਵਰਗ–ਵਿਵਸਥਾ ਦੇ ਮੱਧ ਦੇ ਸੰਬੰਧਾਂ ਬਾਰੇ ਇਸਦਾ ਵਿਸ਼ਲੇਸ਼ਣ ਕੀਤਾ ਹੈ।

(2) **ਵੇਬਰ (Weber)** – ਵੇਬਰ ਨੇ ਵਰਗ ਨਿਰਮਾਣ ਲਈ ਸਮਾਜਿਕ ਗਤੀਸ਼ੀਲਤਾ ਦੇ ਮਹੱਤਵ ਨੂੰ ਪ੍ਰਗਟ ਕਰਦੇ ਹੋਏ ਉਸ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਵੇਬਰ ਨੇ ਸਮਾਜਿਕ ਅਤੇ ਸੰਗਠਿਤ ਪਹਿਚਾਣ ਲਈ ਸਥਿਰਤਾ ਨੂੰ ਮੁੱਖ ਤੱਤ ਨੂੰ ਸਵੀਕਾਰ ਕੀਤਾ ਹੈ।

(3) **ਵੇਸਟਰਗਾਰਡ (Westguard)** – ਵੇਸਟਰਗਾਰਡ ਨੇ ਗਤੀਸ਼ੀਲਤਾ ਦੇ ਮਹੱਤਵ ਨੂੰ ਮਾਨਤਾ ਦਿੱਤੀ ਹੈ ਅਤੇ ਵਰਗ–ਸਥਿਤੀ, ਵਰਗ–ਜਾਗਰੂਕਤਾ ਅਤੇ ਬਰਗ–ਸੰਗਠਨ ਦੇ ਜ਼ਿਕਰ ਵਿੱਚ ਲੋਕਾਂ ਦੀ ਪ੍ਰਤੀਕਿਰਿਆ 'ਤੇ ਪੈਣ ਵਾਲੇ ਪ੍ਰਭਾਵ ਦੇ ਰੂਪ ਗਤੀਸ਼ੀਲਤਾ ਦੀ ਉਪਸਥਿਤੀ ਅਤੇ ਅਣ–ਉਪਸਥਿਤੀ ਦੇ ਮਹੱਤਵ ਨੂੰ ਪ੍ਰਗਟ ਕੀਤਾ ਹੈ।

4) **ਗਿੱਡਨਸ (Giddens)** – ਗਿੱਡਨਸ ਦਾ ਮੱਤ ਹੈ ਕਿ ਗਤੀਸ਼ੀਲਤਾ 'ਤੇ ਜਿੰਨੀਆਂ ਜ਼ਿਆਦਾ ਰੋਕਾਂ ਹੋਣਗੀਆਂ, ਓਨੀ ਹੀ ਸਥਿਰਤਾ ਨਾਲ ਜੀਵਨ ਮੌਕਿਆਂ ਦੇ ਪੁਨਰ–ਸਥਾਨ ਦੇ ਹਵਾਲੇ ਵਿੱਚ ਵਿਸ਼ੇਸ਼ ਵਰਗ ਨਿਰਮਾਣ ਦੇ ਅਤੇ ਵਰਗ ਨਿਰਮਾਤਾ ਅਤੇ ਸੰਪਤੀ ਦੇ ਜ਼ਿਆਦਾ ਮੌਕੇ ਹੋਣਗੇ।

**ਉਦਯੋਗੀਕਰਨ ਅਤੇ ਗਤੀਸ਼ੀਲਤਾ (Industrialisation and Mobility)** – ਗਤੀਸ਼ੀਲਤਾ ਦੀ ਪ੍ਰਕਿਰਿਆ ਅਤੇ ਉਸਦੇ ਰਚਨਾ ਰੂਪਾਂ ਦੇ ਵਿਸ਼ਲੇਸ਼ਣ ਵਿੱਚ ਵਰਗ ਦਾ ਮਹੱਤਵ ਕਿੱਤਾ ਸਮੂਹਾਂ ਤੋਂ ਹੈ। ਇਸਦਾ ਕਾਰਣ ਇਹ ਹੈ ਕਿ ਕਿੱਤਾ ਕਿਸੇ ਵਿਅਕਤੀ

ਨੋਟ

ਦੀ ਪਾਰਤਾ, ਯੋਗਤਾ, ਸਿੱਖਿਆ ਦਾ ਇੱਕ ਪੱਖ ਹੈ ਅਤੇ ਉਦਯੋਗੀਕਰਨ ਨੇ ਸਿਰਫ਼ ਆਰਥਿਕ ਖੇਤਰ ਵਿੱਚ ਹੀ ਨਹੀਂ, ਬਲਕਿ ਸਮਾਜ ਦੇ ਸਾਰੇ ਖੇਤਰਾਂ ਵਿੱਚ ਹੇਠਾਂ ਲਿਖੇ ਵਿਆਪਕ ਪਰਿਵਰਤਨ ਕੀਤੇ ਹਨ–

(1) ਸਮਾਜ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ।

(2) ਉਦਯੋਗੀ ਸਮਾਜਾਂ ਵਿੱਚ ਗਤੀਸ਼ੀਲਤਾ ਲਈ ਜ਼ਿਆਦਾ ਮੌਕੇ ਮਿਲਦੇ ਹਨ।

(3) ਉਦਯੋਗੀ ਸਮਾਜਾਂ ਵਿੱਚ ਗਤੀਸ਼ੀਲਤਾ ਦੀ ਬਹੁਤ ਉੱਚੀ ਦਰ ਹੁੰਦੀ ਹੈ। ਇਹ ਦਰ ਤੇਜ਼ ਆਰਥਿਕ ਪਰਿਵਰਤਾਂ ਨੂੰ ਜਨਮ ਦਿੰਦੀ ਹੈ। ਜਿਸਦੇ ਲਈ ਵਪਾਰਕ, ਭੂਗੋਲਿਕ ਅਤੇ ਸਮਾਜਿਕ ਗਤੀਸ਼ੀਲਤਾ ਬਹੁਤ ਜ਼ਰੂਰੀ ਹੈ

(4) ਲਿਪਸੇਟ ਅਤੇ ਜੈਟਰਬਰਗ ਦਾ ਮੰਨਣਾ ਹੈ ਕਿ ਉਦਯੋਗਵਾਦ ਇੱਕ ਬਰਾਬਰ ਗਤੀਸ਼ੀਲਤਾ ਦੀ ਰਚਨਾ ਪੈਦਾ ਕਰਦੇ ਹਨ।

(5) ਡੰਕਨ ਅਤੇ ਬਲਾਉ ਨੇ ਉਦਯੋਗੀਕਰਨ ਦੁਆਰਾ ਬਣਾਏ ਅਨੇਕਾਂ ਤੱਤਾਂ 'ਤੇ ਜ਼ੋਰ ਦਿੱਤਾ ਹੈ, ਜਿਨ੍ਹਾਂ ਦੀ ਗਤੀਸ਼ੀਲਤਾ 'ਤੇ ਪ੍ਰਭਾਵ ਪੈਂਦਾ ਹੈ।

(6) ਉਦਯੋਗੀਕਰਨ, ਵਾਧੇ ਦੇ ਵਿਕਾਸ ਨਾਲ ਜੁੜਿਆ ਹੁੰਦਾ ਹੈ, ਜੋ ਚੁਣਾਉ ਅਤੇ ਮਿਹਨਤੀਆਂ ਦੇ ਵਪਾਰਕ ਵੰਡ ਵਿਸ਼ਵ–ਵਿਆਪੀ ਮਾਪਦੰਡਾਂ ਦੀ ਸ਼ੁਰੂਆਤ ਕਰਦਾ ਹੈ।

(7) ਇਹ ਪਰਿਵਾਰਵਾਦ ਅਤੇ ਗੁਆਂਢੀਵਾਦ ਨੂੰ ਕਮਜ਼ੋਰ ਕਰਦਾ ਹੈ।

(8) ਉਦਯੋਗਕਿਰਨ ਵਪਾਰਕ ਰੂਪਾਂ 'ਤੇ ਹੇਠ ਲਿਖਿਤਾਂ ਦੀ ਤਰ੍ਹਾਂ ਆਪਣਾ ਪ੍ਰਭਾਵ ਪਾਉਂਦਾ ਹੈ। ਹਰ ਇੱਕ ਉਦਯੋਗੀਕ੍ਰਿਤ ਜਾਂ ਉਦਯੋਗੀਸ਼ੀਲ ਸਮਾਜ ਵਿੱਚ ਸਮ–ਤੁਲ ਰੂਪਾਂ ਨਾਲ ਦੋ ਪ੍ਰਭਾਵ ਪੈਂਦੇ ਹਨ।

(i) ਨਿਪੁੰਨ ਦਫ਼ਤਰੀ ,ਪ੍ਰਬੰਧਕੀ ਅਤੇ ਸਫ਼ੈਦ–ਪੋਸ਼ ਸਥਿਤੀਆਂ ਵਿੱਚ ਵਾਧਾ ਹੁੰਦਾ ਹੈ।

(ii) ਅਕੁਸ਼ਲ ਮਿਹਨਤੀ ਕਾਮੇ ਕੰਮਾਂ ਵਿੱਚ ਅਪੇਕਸ਼ਾਕ੍ਰਿਤ ਕਮੀ ਹੋ ਜਾਂਦੀ ਹੈ।

**ਸਿੱਖਿਆ ਅਤੇ ਸਮਾਜਿਕ ਗਤੀਸ਼ੀਲਤਾ (Education and Social Mobility)** – ਸਿੱਖਿਆ ਗਤੀਸ਼ੀਲਤਾ ਅਤੇ ਸਮਾਜਿਕ ਗਤੀਸ਼ੀਲਤਾ ਖ਼ਾਸਕਰ ਉਦਯੋਗਿਕ ਸਮਾਜਾਂ ਵਿੱਚ, ਗਤੀਸ਼ੀਲਤਾ ਦੇ ਵਾਧੇ ਲਈ ਪਹਿਲੀ ਅਤੇ ਮਹੱਤਵਪੂਰਨ ਸ਼ਰਤ ਹੈ ਕਿ ਯੋਗਤਾ ਪ੍ਰਾਪਤ ਕਰਮਚਾਰੀਆਂ ਦੀ ਵਿਦਿਆ ਮਾਨਤਾ ਜੋ ਵਿਸ਼ੇਸ਼ ਕੰਮਾਂ ਦੀ ਰਚਨਾ ਵਿੱਚ ਯੋਗ ਹੋਣ। ਇਹ ਤਜ਼ੁਰਬੇਕਾਰ ਗਿਆਨ ਦੇ ਵਿਸ਼ੇਸ਼ ਖੇਤਰਾਂ ਵਿੱਚ ਨਿਪੁੰਨ ਹੁੰਦੇ ਹਨ।ਇਸ ਤਰ੍ਹਾਂ ਦੀ ਸਿੱਖਿਆ ਅਤੇ ਟ੍ਰੇਨਿੰਗ ਦੀਆਂ ਸੁਵਿਧਾਵਾਂ ਉਦਯੋਗਿਕ ਸਮਾਜਾਂ ਵਿੱਚ ਸਭ ਲਈ ਖੁੱਲ੍ਹੀਆਂ ਹੁੰਦੀਆਂ ਹਨ। ਸਿੱਖਿਆ ਉੱਚ ਪੱਧਰ ਦੀ ਗਤੀਸ਼ੀਲਤਾ ਪ੍ਰਾਪਤ ਕਰਨ ਲਈ ਮਹੱਤਵਪੂਰਨ ਮਾਰਗ ਰਹੀ ਹੈ। ਸਿੱਖਿਆ ਪ੍ਰਾਪਤ ਕਰਨਾ ਰੁਜ਼ਗਾਰ ਗਤੀਸ਼ੀਲਤਾ ਲਈ ਇੱਕ ਮੁੱਖ ਨਿਰਧਾਰਕ ਮੰਨਿਆ ਜਾਂਦਾ ਹੈ। ਇਹ ਅਪਰੰਪਰਿਕ ਅਤੇ ਅਪਰਿਵਰਤਿਤ ਗਤੀਸ਼ੀਲਤਾ 'ਤੇ ਆਪਣਾ ਗਹਿਰਾ ਪ੍ਰਭਾਵ ਛੱਡਦੀ ਹੈ।

**ਅਪਰੰਪਰਿਕ ਅਤੇ ਅਪਰਿਵਰਤਿਤ ਗਤੀਸ਼ੀਲਤਾ (Inter-Traditional and Inter-Changed Mobility)-** ਇਸ ਵਿੱਚ ਵਿਅਕਤੀ ਦੇ ਪੈਤਰਿਕ ਵਰਗ ਦੀ ਗਤੀਸ਼ੀਲਤਾ ਤੇ ਸੰਚਾਰ ਅਤੇ ਸੰਚਾਰ ਤੇ ਗਤੀਸ਼ੀਲਤਾ (ਉੱਪਰ ਵੱਲ ਜਾਂ ਨੀਚੇ ਵੱਲ) ਦਾ ਗਿਆਨ ਹੁੰਦਾ ਹੈ।

(1) ਜੇਕਰ ਕਿਸੇ ਸੁਪਰਵਾਈਜ਼ਰ ਦਾ ਪੁੱਤਰ ਜਾਂ ਪੁੱਤਰੀ ਅਕੁਸ਼ਲ ਬਣ ਜਾਂਦਾ ਹੈ, ਤਾਂ ਇਸਨੂੰ ਨੀਵੇਂ ਪੱਧਰ ਦੀ ਗਤੀਸ਼ੀਲਤਾ ਕਹਾਂਗੇ।

(2) ਉਸੇ ਵਿਅਕਤੀ ਦਾ ਪੁੱਤਰ ਜਾਂ ਪੱਤਰੀ ਪ੍ਰਬੰਧਕ ਬਣ ਜਾਂਦੇ ਹਨ, ਤਾਂ ਅਜਿਹੀ ਸਥਿਤੀ ਵਿੱਚ ਅਸੀਂ ਉਸਨੂੰ ਉੱਚ ਪੱਧਰ ਦੀ ਗਤੀਸ਼ੀਲਤਾ ਕਹਾਂਗੇ।

ਇੰਗਲੈਂਡ ਅਤੇ ਵਾਲੇਸ ਵਿੱਚ ਡੇਵਿਡ ਗਲਾਸ ਨੇ ਆਪਣੇ ਅਧਿਐਨ (1949) ਵਿੱਚ ਇਹ ਪਾਇਆ ਹੈ ਕਿ ਅਪਰੰਪਰਿਕ ਸ਼੍ਰੇਣੀਆਂ ਦੇ ਵਿਆਕਤੀਆਂ ਵਿੱਚ ਮੁਲਾਕਾਤ ਕਰਕੇ ਇਹ ਪਾਇਆ ਕਿ ਲਗਭਗ ਦੋ–ਤਿਹਾਈ ਲੋਕ ਆਪਣੇ ਪਿਤਾ ਦੀ ਤੁਲਨਾ ਵਿੱਚ ਇੱਕ ਗਤੀਸ਼ੀਲਤਾ ਦੀ ਸ਼੍ਰੇਣੀ ਵਿੱਚ ਸਨ। ਜ਼ਿਆਦਾਤਰ ਗਤੀਸ਼ੀਲਤਾ ਬਹੁਤ ਛੋਟੇ ਖੇਤਰ ਵਿੱਚ ਸੀ, ਭਾਵ, ਅਜਿਹੇ ਲੋਕ ਜ਼ਿਆਦਾਤਰ ਪਾਏ ਗਏ ਜਿਨ੍ਹਾਂ ਦੀ ਸ਼੍ਰੇਣੀ ਲਗਭਗ ਆਪਣੇ ਪਿਤਾ ਦੀ ਸ਼੍ਰੇਣੀ ਦੇ ਆਸ–ਪਾਸ ਹੀ ਸੀ, ਇਸਦੇ ਇਲਾਵਾ ਨੀਵੇਂ ਪੱਧਰ ਦੀ ਗਤੀਸ਼ੀਲਤਾ ਦੀ ਤੁਲਨਾ ਵਿੱਚ ਉੱਚ ਪੱਧਰ ਦੀ ਗਤੀਸ਼ੀਲਤਾ ਜ਼ਿਆਦਾ ਪਾਈ ਗਈ ਹੈ।

ਨੋਟ

ਕੁੱਝ ਸਮੇਂ ਪਿੱਛੋਂ ਪੱਛਮੀ ਯੂਰਪ ਅਤੇ ਅਮਰੀਕਾ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਹੇਠ ਲਿਖਿਤ ਨਤੀਜੇ ਕੱਢੇ ਗਏ–

(1) ਸਾਰੀ ਪੱਛਮੀ ਉਦਯੋਗਿਕ ਸਮਾਜਾਂ ਵਿੱਚ ਲਗਭਗ 30 ਫੀਸਦੀ ਗਤੀਸ਼ੀਲਤਾ ਵਰਗ ਤੋਂ ਬਾਹਰ ਹੋਈ ਸੀ। ਇਹ ਸੀਮਤ ਖੇਤਰ ਵਿੱਚ ਸੀ। ਸਿੱਖਿਆ ਪਰਾਪਤ ਲੋਕ ਗੈਰ–ਸਰੀਰਕ ਮਿਹਨਤ ਦੇ ਕੰਮਾਂ ਵਿੱਚ ਲੱਗੇ ਹੋਏ ਸਨ।

(2) ਇਹੋ ਜਿਹੀ ਯੋਗਤਾ ਵਾਲੇ ਕੁੱਝ ਸਰੀਰਕ ਮਿਹਨਤੀ ਹੱਥ ਦੂਜੇ ਕੰਮਾਂ ਵਿੱਚ ਲੱਗ ਗਏ।

(3) ਕੁੱਝ ਲੋਕ ਪਹਿਲਾਂ ਗੈਰ–ਸਰਰਿਕ ਮਿਹਨਤ ਵਿੱਚ ਲੱਗੇ ਹੋਏ ਸਨ, ਬਾਅਦ ਵਿੱਚ ਉਨ੍ਹਾਂ ਨੂੰ ਸਰੀਰਕ ਮਿਹਨਤ ਵਿੱਚ ਆਉਣਾ ਪਿਆ।

(4) ਸਿਰਫ਼ ਕਾਲਜ ਪੱਧਰ ਦੀ ਸਿੱਖਿਆ ਹੀ ਸਰੀਰਕ ਮਿਹਨਤ ਤੋਂ ਗੈਰ–ਸਰੀਰਕ ਕੰਮਾਂ ਵਿੱਚ ਆਉਣ ਵਿੱਚ ਸਹਾਇਕ ਹੋਈ। ਲਿਪਸੇਟ ਅਤੇ ਬੇਨਡਿਕਸ ਦਾ ਮੰਨਣਾ ਹੈ ਕਿ ਗਰੀਬੀ, ਸਿੱਖਿਆ ਦੀ ਘਾਟ ਅਤੇ ਖੁੱਲ੍ਹੇਪਨ ਦੀ ਘਾਟ ਦਾ ਪ੍ਰਭਾਵ ਗਤੀਸ਼ੀਲਤਾ 'ਤੇ ਪੈਂਦਾ ਹੈ।

**ਅਪਰਿਵਤਿਤ ਗਤੀਸ਼ੀਲਤਾ** – ਗਤੀਸ਼ੀਲਤਾ ਦਾ ਮਤਲਬ ਉਸ ਗਤੀਸ਼ੀਲਤਾ ਤੋਂ ਹੈ, ਜਿਸ ਵਿੱਚ ਆਪਣੇ ਸੇਵਾ ਕਾਲ ਵਿੱਚ ਆਪਣੀ ਸਮਾਜਿਕ ਸਥਿਤੀ ਵਿੱਚ ਬਦਲਾਉ ਕਰ ਲੈਂਦਾ ਹੈ। ਜਿਵੇਂ ਸਵਰਗ ਕਲਰਕ ਦੇ ਕੰਮ ਕਰਨ ਵਾਲੇ ਵਿਅਕਤੀ ਆਪਣੇ ਸੇਵਾ ਕਾਲ ਵਿੱਚ ਹੀ ਪਰਬੰਧਕ ਅਹੁਦਾ ਪ੍ਰਾਪਤ ਕਰ ਲੈਣ।

**ਸੇਵਾਕਾਲੀਨ ਗਤੀਸ਼ੀਲਤਾ** – ਇਹ ਗਤੀਸ਼ੀਲਤਾ ਆਮ ਤੌਰ 'ਤੇ ਅਪਰੰਪਰਿਕ ਗਤੀਸ਼ੀਲਤਾ ਦੇ ਮੁਕਾਬਲੇ ਘੱਟ ਹੁੰਦੀ ਹੈ। ਸੇਵਾਕਾਲੀਨ ਗਤੀਸ਼ੀਲਤਾ ਉਸਦੇ ਪਹਿਲੇ ਕੰਮ ਦੀ ਪ੍ਰਕਿਰਤੀ 'ਤੇ ਨਿਰਭਰ ਕਰਦੀ ਹੈ।

ਸੇਵਾਕਾਲੀਨ ਗਤੀਸ਼ੀਲਤਾ ਉਮਰ ਨਾਲ ਘੱਟਦੀ ਰਹਿੰਦੀ ਹੈ। ਅਕਸਰ ਵਿਅਕਤੀ ਦੀ 35 ਸਾਲ ਦੀ ਉਮਰ ਦੇ ਬਾਅਦ ਇਸ ਵਿੱਚ ਕਮੀ ਆ ਜਾਂਦੀ ਹੈ।

ਸੇਵਾਕਾਲੀਨ ਗਤੀਸ਼ੀਲਤਾ ਉੱਪਰ ਵੱਲ ਜ਼ਿਆਦਾ ਜਾਂਦੀ ਹੈ। ਇਸਤੋਂ ਇਲਾਵਾ ਅਪਰੰਪਰਿਕ ਗਤੀਸ਼ੀਲਤਾ ਸਿੱਖਿਅਕ ਯੋਗਤਾ ਨਾਲ ਵੀ ਸੰਬੰਧ ਰੱਖਦੀ ਹੈ। ਜਿੰਨੀ ਜ਼ਿਆਦਾ ਖ਼ਾਸ ਸਿੱਖਿਆ ਅਤੇ ਟ੍ਰੇਨਿੰਗ ਹੋਵੇਗੀ, ਓਨੀ ਹੀ ਗਤੀਸ਼ੀਲਤਾ ਘੱਟ ਹੋਵੇਗੀ।

**ਕਿਸਾਨ ਵਰਗਾਂ ਵਿੱਚ ਸਮਾਜਿਕ ਗਤੀਸ਼ੀਲਤਾ (Social Mobility among peasantry classes)-** ਭਾਰਤ ਵਿੱਚ ਕਿਸਾਨ ਵਰਗਾਂ ਵਿੱਚ ਸਮਾਜਿਕ ਗਤੀਸ਼ੀਲਤਾ ਹੇਠ ਲਿਖਿਤ ਕਾਰਣਾਂ ਕਰਕੇ ਹੈ–

(1) **ਭੂਮੀ ਸੁਧਾਰ ਕਾਨੂੰਨ** 1950 **(Land Reform Act,** 1950**)**– ਸੰਨ 1950 ਵਿੱਚ ਭੂਮੀ ਸੁਧਾਰ ਕਾਨੂੰਨ ਲਾਗੂ ਹੋਇਆ। ਇਸ ਨਿਯਮ ਦਾ ਉਦੇਸ਼ ਭੂਮੀ ਵਿਚੋਲਿਆਂ ਨੂੰ ਖ਼ਤਮ ਕਰਨਾ ਅਤੇ ਮੂਲ ਕਾਸ਼ਤਕਾਰਾਂ ਨੂੰ ਦੇਣਾ ਸੀ। ਇਸ ਤਰ੍ਹਾਂ ਨਾਲ ਪੌੜੀ–ਦਰ–ਪੌੜੀ ਗਤੀਸ਼ੀਲਤਾ ਉੱਚ ਪੱਧਰ ਅਤੇ ਨੀਵੇਂ ਪੱਧਰ ਦੋਨਾਂ ਤਰ੍ਹਾਂ ਦੀ ਗਤੀਸ਼ੀਲਤਾ ਪੈਦਾ ਹੋਈ।

(i) **ਉੱਚ ਗਤੀਸ਼ੀਲਤਾ (Ascending Mobility)** – ਕਾਸ਼ਤਕਾਰਾਂ ਨੇ ਫਾਲਤੂ ਭੂਮੀ ਖਰੀਦ ਲਈ, ਜਿਸਦੇ ਫਲਸਰੂਪ ਵਿੱਚ ਉੱਚ ਗਤੀਸ਼ੀਲਤਾ ਦੀ ਤਰਫ਼ ਵਧੇ।

**(ii) ਨੀਵੀਂ ਗਤੀਸ਼ੀਲਤਾ (Descending Mobility)** ਕੁੱਝ ਕਿਸਾਨਾਂ ਨੇ ਭੂਮੀ ਤੋਂ ਬੇਦਖ਼ਲ ਕਰ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਦੀ ਗਤੀਸ਼ੀਲਤਾ ਨੀਵੇਂ ਪੱਧਰ ਵੱਲ ਚੱਲ ਪਈ। ਭੂਮੀਹੀਣ ਮਿਹਨਤੀਆਂ ਦੀ ਸੰਖਿਆ ਵਿੱਚ ਜ਼ਿਆਦਾ ਵਾਧਾ ਹੋਇਆ, ਜਿਸ ਨਾਲ ਉਹ ਹੋਰ ਵੀ ਗਰੀਬ ਹੋ ਗਏ।

ਇਸ ਪ੍ਰਕਾਰ ਭੂਮੀ ਸੁਧਾਰ ਨਿਯਮ ਜਿਮੀਂਦਾਰਾਂ ਲਈ ਨੀਵੀਂ ਸਮਾਜਿਕ ਗਤੀਸ਼ੀਲਤਾ ਦਾ ਸਾਧਨ ਬਣ ਗਿਆ। ਉਨ੍ਹਾਂ ਕਾਸ਼ਤਕਾਰਾਂ ਤੋਂ ਭੂਮੀ ਕਰ ਅਤੇ ਫਸਲ ਦਾ ਹਿੱਸਾ ਪ੍ਰਾਪਤ ਕਰਨ ਦੇ ਅਧਿਕਾਰ ਤੋਂ ਬਾਂਝੇ ਹੋ ਗਏ। ਉਨ੍ਹਾਂ ਕੋਲ ਸਿਰਫ਼ ਸੀਮਤ ਭੂਮੀ ਰਹਿ ਗਈ, ਜਿਸ ਨਾਲ ਰਾਜਸੀ ਜੀਵਨ–ਸ਼ੈਲੀ ਬਿਤਾਉਣ ਵਿੱਚ ਅਸਮਰੱਥ ਹੋ ਗਏ।

(2) **ਹਰੀ ਕ੍ਰਾਂਤੀ ਪ੍ਰੋਗਰਾਮ (Green Revolution Programme)** – ਸਰਕਾਰ ਨੇ 1960 ਈ. ਦਹਾਕੇ ਵਿੱਚ ਹਰੀ ਕ੍ਰਾਂਤੀ ਪ੍ਰੋਗਰਾਮ ਸ਼ੁਰੂ ਕੀਤਾ। ਇਸ ਪ੍ਰੋਗਰਾਮ ਦਾ ਮੁੱਖ ਜ਼ੋਰ ਉੱਚ ਪੈਦਾਵਾਰ ਵਧਾਉਣ ਵਾਲੇ ਬੀਜ਼ਾਂ ਦੇ ਪ੍ਰਯੋਗ ਅਤੇ ਉਤਪਾਦਨ ਵੱਲ ਜ਼ਿਆਦਾ ਗਤੀ ਦੇਣ ਵਾਲੀ ਖਾਦ ਦੀ ਕੋਸ਼ਿਸ਼ ਨਾਲ ਸੀ। ਪਰ ਉੱਚ ਕਿਸਮ ਦੀਆਂ ਖਾਦਾਂ ਅਤੇ ਬੀਜ਼ਾਂ ਦੇ ਪ੍ਰਯੋਗ ਕਰਨ ਲਈ ਲਗਾਤਾਰ ਪਾਣੀ ਦੀ ਪੂਰਤੀ ਲਈ ਟਿਊਵੈਲ ਆਦਿ ਦੀ ਜ਼ਰੂਰਤ ਪਈ। ਇਨ੍ਹਾਂ ਸਭ ਸੁਵਿਧਾਵਾਂ ਦੀ ਵਿਵਸਥਾ ਕਰਨ ਵਿੱਚ ਛੋਟੇ

ਨੋਟ

ਕਿਸਾਨ ਅਸਮਰੱਥ ਸਨ।

**(i) ਉੱਚ ਗਤੀਸ਼ਲਿਤਾ (Ascending Mobility)-** ਇੱਕ ਨਵਾਂ ਵਰਗ ਸਮਾਹਣੇ ਆਇਆ। ਇਹ ਗਤੀਸ਼ੀਲਤਾ ਕਿਸਾਨ ਜ਼ਿਆਦਾ ਭੂਮੀ ਅਤੇ ਉਸ ਵਿੱਚ ਕੰਮ ਆਉਣ ਵਾਲੇ ਸਾਧਨ ਜਿਵੇਂ ਕਿ ਟਰੈਕਟਰ, ਪੰਮਪਸੈਟ, ਪੌਵਰ ਥ੍ਰੈਸ਼ਰ, ਆਦਿ ਦੀ ਵਿਵਸਥਾ ਵੀ ਕਰ ਸਕਦੇ ਸਨ। ਉਹ ਲੋਕ ਬੜੇ ਉੱਦਮੀ ਬਣ ਗਏ, ਜੋ ਆਪਣੀ ਭੂਮੀ ਵਿੱਚ ਜ਼ਿਆਦਾ ਤੋਂ ਜ਼ਿਆਦਾ ਧਨ ਲਾ ਕੇ ਬਹੁਤ ਜ਼ਿਆਦਾ ਲਾਭ ਕਮਾ ਸਕਦੇ ਸਨ।

**(ii) ਨੀਵੀਂ ਗਤੀਸ਼ੀਲਤਾ (Descending Mobility)** – ਕੁਝ ਭੂਮੀ ‘ਤੇ ਕਿਸਾਨ ਮਜ਼ਦੂਰ ਰਹਿ ਗਏ।

ਸਾਡੇ ਦੇਸ਼ ਵਿੱਚ ਉਦਯੋਗੀਕਰਨ ਕੁੱਝ ਦੇਰ ਬਾਅਦ ਸ਼ੁਰੂ ਹੋਇਆ। ਉਦਯੋਗੀਕਰਨ ਦੇ ਨਤੀਜੇ ਦੇ ਰੂਪ ਵਿੱਚ ਸ਼ਹਿਰਾਂ ਵੱਲ ਲੋਕਾਂ ਦਾ ਆਉਣਾ ਜ਼ਿਆਦਾ ਅਤੇ ਤੇਜ਼ ਹੋ ਗਿਆ। ਅੰਤ ਇਸਨੇ ਸਾਰੇ ਸਮਾਸਿਕ ਵਰਗਾਂ ਦੀ ਪਹਿਚਾਣ ਕੀਤੀ ਗਈ ਹੈ–

**1. ਮਿਹਨਤੀ ਕਿਸਾਨ (Agricultural Labour)** – ਇਸ ਵਰਗ ਵਿੱਚ ਉਹ ਨਿਰਧਨ ਕਿਸਾਨ ਮਜ਼ਦੂਰ ਸਨ, ਜਿਨ੍ਹਾਂ ਕੋਲ ਭੂਮੀ ਨਹੀਂ ਹੁੰਦੀ ਸੀ, ਭਾਵ ਭੂਮੀਹੀਣ ਕਿਸਾਨ ਜਾਂ ਗਰੀਬ ਕਿਸਾਨ ਸਨ। ਕੁੱਝ ਕਿਸਾਨ ਵਰਗਵਿੱਚ ਥੋੜੇ ਸਮੇਂ ਲਈ ‘ਟੀਚਾ ਮਿਹਨਤ’ (ਟਾਰਗੈਟ ਵਰਕਸ) ਦੇ ਰੂਪ ਵਿੱਚ ਸ਼ਾਮਿਲ ਹੋ ਗਏ।

ਇਸ ਤਰ੍ਹਾਂ ਕੁੱਝ ਲੋਕ ਖੇਤੀ–ਬਾੜੀ ਵਿੱਚ ਕੰਮ ਦੀ ਘਾਟ ਜਾਂ ਮੰਦੀ ਹੋਣ ਨਾਲ ਕੰਮ ਦੀ ਤਲਾਸ਼ ਵਿੱਚ ਅਸਥਾਈ ਮਿਨਹਤੀ ਬਣ ਗਏ। ਇਹ ਮਿਨਹਤੀ ਵਿਅਕਤੀ ਫੈਕਟਰੀਆਂ, ਟੈਕਸਟਾਈਲ ਮਿਲਾਂ, ਬਾਗਬਾਨੀ ਅਤੇ ਅਣਉਪਚਾਰਿਕ ਖੇਤਰਾਂ ਵਿੱਚ ਕੰਮ ਕਰਨ ਲੱਗੇ। ਇਹ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਵਿੱਚ ਰਹਿੰਦੇ ਸਨ। ਇਨ੍ਹਾਂ ਦਾ ਜੀਵਨ ਦਲਿਤ ਅਤੇ ਦਰਦ ਭਰਿਆ ਹੁੰਦਾ ਹੈ, ਕਿਉਂਕਿ ਜਿਨ੍ਹਾਂ ਨਗਰਾਂ ਵਿੱਚ ਉਦਯੋਗ ਦੇ ਕੇਂਦਰ ਸਥਾਪਿਤ ਹੋ ਗਏ ਹਨ, ਉਥੇ ਉਹ ਲੋਕ ਹੁਣ ਸੰਗਠਿਤ ਹੋ ਗਏ ਹਨ। ਇਨ੍ਹਾਂ ਨੇ ਯੂਨੀਅਨਾਂ ਬਣਾ ਲਈਆਂ ਹਨ, ਤਾਂਕਿ ਆਪਣੀਆਂ ਨਿਯੁਕਤੀਆਂ ਤੋਂ ਚੰਗੀ ਆਮਦਨ ਦੀਆਂ ਸ਼ਰਤਾਂ ਮਨਾ ਸਕਣ। ਉਹ ਟਰੇਡ ਯੂਨੀਅਨਾਂ ਰਾਜਨਤਿਕ ਸੰਗਠਨਾਂ ਜਾਂ ਦਲਾਂ ਨਾਲ ਸੰਬੰਧਿਤ ਹੋ ਗਈਆਂ ਹਨ, ਇਨ੍ਹਾਂ ਦਾ ਉਦੇਸ਼ ਆਪਣੇ ਸ਼ਕਤੀਸ਼ਾਲੀ ਨੇਤਾਵਾਂ ਦੇ ਰਾਹੀਂ ਆਪਣੀਆਂ ਮੰਗਾਂ ਲਈ ਜ਼ੋਰ ਪਾਉਣਾ ਹੈ।

**2. ਵਪਾਰਕ ਵਰਗ (Professional Class)** – ਇਸ ਵਰਗ ਵਿੱਚ ਡਾਕਟਰ, ਇੰਜਨੀਅਰ, ਵਕੀਲ, ਪ੍ਰਬੰਧਕ, ਪ੍ਰਸ਼ਾਸ਼ਕ, ਵਿਗਿਆਨਿਕ, ਖੋਜਕਰਤਾ, ਆਦਿ ਸ਼ਾਮਿਲ ਸਨ। ਤਕਨੀਕੀ ਖੇਤਰ ਦੇ ਵਿਕਾਸ ਨਾਲ ਇਸ ਵਰਗ ਦੀ ਸੰਖਿਆ ਅਤੇ ਮਾਨ–ਸਨਮਾਨ ਵਿੱਚ ਲਗਾਤਾਰ ਵਾਧਾ ਹੋਇਆ ।ਇਨ੍ਹਾਂ ਲੋਕਾਂ ਨੂੰ ਅਹੁਦਿਆਂ ਦੀ ਪ੍ਰਾਪਤੀ ਚੰਗੀ ਸਿੱਖਿਆ ਦੇ ਕਾਰਣ ਹੀ ਸੰਭਵ ਹੋਈ ਹੈ, ਜਿਸ ਨਾਲ ਇਨ੍ਹਾਂ ਲੋਕਾਂ ਨੇ ਆਪਣੀ ਸਥਿਤੀ ਵਿੱਚ ਸੁਧਾਰ ਕਤਿਾ ਹੈ।

**3. ਪੂੰਜੀਵਾਦੀ/ਬਜੁਰੁਆ ਵਰਗ (Capitalist/Bourgeois Classes)** – ਭਾਰਤ ਵਿੱਚ ਅੰਗਰੇਜ਼ਾਂ ਨੇ ਆਧੁਨਿਕ ਉਦਯੋਗੀਕਰਨ ਦੀ ਸਥਾਪਨਾ ਕੀਤੀ। ਉਦਯੋਗ, ਮੁਕਤ ਵਪਾਰ ਅਤੇ ਨਵੇਂ ਬਜ਼ਾਰਾਂ ਦੀ ਸਥਾਪਨਾ ਨੇ ਵਪਾਰ ਅਤੇ ਕਿੱਤੇ ਨੂੰ ਪ੍ਰੇਰਿਤ ਕੀਤਾ। ਵਪਾਰੀ ਧਨੀ ਬਣ ਗਏ ਅਤੇ ਉਦਯੋਗਾਂ ਦੀ ਸਥਾਪਨਾ ਕੀਤੀ। ਅੱਜ ਵੀ ਵੱਡੀ ਸੰਖਿਆ ਵਿੱਚ ਉਦਯੋਗਪਤੀ ਕੁੱਝ ਖ਼ਾਸ ਵਪਾਰਿਕ ਜਾਤਾਂ ਅਤੇ ਸਮੂਹਾਂ ਵਿੱਚੋਂ ਹਨ। ਰਾਜਸਥਾਨ ਦੇ ਮਾਰਵਾੜੀ, ਗੁਜ਼ਰਾਤੀ ਬਾਣੀਏ ਅਤੇ ਪੱਛਮ ਵਿੱਚ ਜੈਨ ਅਤੇ ਦੱਖਣ ਵਿੱਚ ਚੇਤੀਅਰ ਲੋਕ ਇਸੇ ਪ੍ਰਕਾਰ ਦੇ ਵਰਗ ਹਨ। ਸਭ ਤੋਂ ਪਹਿਲਾਂ ਵਪਾਰੀ ਵਰਗ ਪੂੰਜੀਪਤੀ ਬਣੇ। ਉਨ੍ਹਾਂ ਨੇ ਕੁੱਝ ਕਾਰੀਗਰ ਅਤੇ ਸ਼ਿਲਤਕਾਰ, ਜਿਨ੍ਹਾਂ ਨਵੇਂ ਆਰਥਿਕ ਮੌਕਿਆਂ ਦਾ ਲਾਭ ਉਠਾਇਆ, ਉਨ੍ਹਾਂ ਨੇ ਛੋਟੇ ਉਦਯੋਗ ਸਥਾਪਿਤ ਕੀਤੇ। ਉਦਹਾਰਣ ਦੇ ਤੌਰ ‘ਤੇ ਆਗਰਾ ਦੇ ਜਾਟਵ ਜੁੱਤੇ ਬਣਾਉਣ ਵਾਲੇ ਉਦਯੋਗਪਤੀ ਬਣ ਗਏ ਹਨ।

**4 ਉੱਦਮੀ–ਵਪਾਰੀ ਅਤੇ ਦੁਕਾਨਦਾਰ (Industrialist Merchant and Shopkeepers) -** ਸ਼ਹਿਰੀ ਸਮਾਜ ਉੱਦਮੀਆਂ ਨਾਲ ਬਣਦਾ ਹੈ। ਇਹ ਵਰਗ ਸ਼ਹਿਰਾਂ ਅਤੇ ਨਗਰਾਂ ਦੇ ਵਿਕਾਸ ਦੇ ਨਾਲ ਵੱਧਦਾ–ਫੁਲਦਾ ਹੈ। ਇਹ ਲੋਕ ਸ਼ਹਿਰਾਂ ਵਿੱਚ ਨਵੀਆਂ ਚੀਜ਼ਾਂ ਅਤੇ ਸੇਵਾਵਾਂ ਦੀ ਮੰਗ ਪੂਰੀ ਕਰਕੇ ਧਨ ਕਮਾਉਂਦੇ ਹਨ। ਇਸ ਵਰਗ ਵਿੱਚ ਰੈਸਟੋਰੈਂਟ ਮਾਲਕ, ਵੀਡੀਓ ਲਾਈਬ੍ਰੇਰੀ, ਪ੍ਰਾਪਰਟੀ ਡੀਲਰ, ਪੰਸਾਰੀ, ਲਾਂਡਰੀ, ਡਰਾਈਕਲੀਨਰਸ, ਆਦਿ ਕਿੱਤੇ ਸ਼ਾਮਿਲ ਹਨ। ਉਹ ਇਨ੍ਹਾਂ ਵਸਤੂਆਂ ਅਤੇ ਸੇਵਾਵਾਂ ਉਪਲਬਧ ਕਰਾਉਣ ਅਤੇ ਗਰਾਹਕਾਂ ਦੇ ਮੱਧ ਸੰਖਿਆ ਸਥਾਪਿਤ ਕਰਕੇ ਉੱਚ ਗਤੀਸ਼ੀਲਤਾ ਦਾ ਆਨੰਦ ਲੈ ਸਕਦੇ ਹਨ।

ਨੋਟ

## ਸਵੈ–ਮੁਲਾਂਕਣ (Self-Assessment)

2. ਸਹੀ ਉੱਤਰ ਚੁਣੋ (Choose the Correct Answer) –

1. ਸਾਰੇ ਸਮਾਜਾਂ ਵਿੱਚ ਗਤੀਸ਼ੀਲਤਾ ਨੂੰ ਪ੍ਰਭਾਵਿਤ ਕਰਦਾ ਹੈ–
   (i) ਜਨਸੰਖਿਅਕ ਤੱਤ (ii) ਪ੍ਰਤਿਭਾ ਅਤੇ ਯੋਗਤਾ
   (iii) ਜੈਵਿਕ ਘਟਨਾ (iv) ਇਨ੍ਹਾਂ ਵਿੱਚੋਂ ਕੋਈ ਨਹੀਂ
2. ਕਿਸ ਦੇ ਅਨੁਸਾਰ 'ਇਤਿਹਾਸ ਰਈਸ ਖਾਨਦਾਨੀਆਂ ਦਾ ਕਬਰਿਸਤਾਨ ਹੈ'–
   (i) ਮੈਕਸ ਕਲੂਕਮੈਨ (ii) ਪੈਰੇਟੋ
   (iii) ਲਿਪਸੇਟ (iv) ਇਨ੍ਹਾਂ ਵਿੱਚੋਂ ਕੋਈ ਨਹੀਂ
3. ਗਤੀਸ਼ੀਲਤਾ ਦੇ ਮੁੱਖ ਪੱਧਰ ਹਨ–
   (i) ਪਰਿਵਾਰ ਵਿੱਚ ਵਿਅਕਤੀਗਤ ਗਤੀਸ਼ੀਲਤਾ (ii) ਇੱਕ ਜਾਤ ਵਿੱਚ ਜਲਪ–ਸੰਖਿਅਕ ਪਰਿਵਾਰਾਂ ਦੀ ਗਤੀਸ਼ੀਲਤਾ
   (iii) ਸਮੂਹ ਦੀ ਗਤੀਸ਼ੀਲਤਾ (iv) ਉਪਯੁਕਤ ਸਾਰੇ
4. ਆਧੁਨਿਕ ਭਾਰਤ ਵਿੱਚ ਸਮਾਜਿਕ ਤਬਦੀਲੀ ਇਹ ਪੁਸਤਕ ਕਿਸਨੇ ਲਿਖੀ ਹੈ–
   (i) ਸ਼੍ਰੀਨਿਵਾਸ (ii) ਪੈਰੇਟੋ
   (iii) ਲਿਪਸੇਟ (iv) ਇਨ੍ਹਾਂ ਵਿੱਚੋਂ ਕੋਈ ਨਹੀ
5. ਗਤੀਸ਼ੀਲਤਾ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ–
   (i) ਵਰਗ ਨਿਰਮਾਣ ਦੀ ਪ੍ਰਕਿਰਿਆ (ii) ਵਰਗ ਜਾਗਰੂਕਤਾ ਦੀ ਪ੍ਰਕਿਰਿਆ
   (iii) ਵਰਗ ਸੰਗਠਨ ਦੀ ਪ੍ਰਕਿਰਿਆ (iv) ਇਨ੍ਹਾਂ ਵਿੱਚੋਂ ਕੋਈ ਨਹੀ

## 11.3 ਸਾਰ ਅੰਸ਼ (Summary)


- ਹਰ ਇੱਕ ਸਮਾਜ ਵਿੱਚ, ਲੋਕਾਂ ਨੂੰ ਆਯੋਜਿਤ ਸਮਾਜਿਕ ਥਾਵਾਂ 'ਤੇ ਸਥਿਤ ਕੀਤਾ ਜਾਂਦਾ ਹੈ। ਹੁਨਰ, ਗਿਆਨ, ਮੌਕੇ ਅਤੇ ਵਸੀਲੇ ਤੱਕ ਪਹੁੰਚ ਕੇ ਵੱਖਰੀ ਵੰਡ ਦੇ ਕਾਰਣ ਲੋਕਾਂ ਦੇ ਲਈ ਉੱਚੇ ਅਤੇ ਨੀਵੇਂ ਅਹੁਦੇ–ਸਥਾਨਾਂ 'ਤੇ ਬਣੇ ਰਹਿਣ ਦੀ ਬੰਧਨ ਪੈਦਾ ਹੁੰਦੇ ਹਨ। ਜੋ ਵਿਅਕਤੀ ਉੱਚੇ ਅਤੇ ਲਾਭਕਾਰੀ ਅਹੁਦਿਆਂ 'ਤੇ ਬੈਠੇ ਹਨ, ਉਹ ਸਮਾਜ ਦੇ ਨੀਵੇਂ ਸਥਾਨਾਂ 'ਤੇ ਕੰਮ ਕਰਨ ਵਾਲੇ ਸਦੱਸਿਆਂ ਦੇ ਲਈ ਉੱਪਰ ਦੀ ਤਰਫ਼ ਗਤੀਸ਼ੀਲਤਾ ਵਿੱਚ ਅੜਚਨਾਂ ਪੈਦਾ ਕਰਨ ਦਾ ਜਤਨ ਕਰਦੇ ਹਨ।
- ਪੀ.ਏ. ਸੋਰੋਕਿਨ ਦੀ ਸ਼ਾਸ਼ਤਰੀ ਕ੍ਰਿਤ ਸ਼ੋਸਲ ਐਂਡ ਕਲਚਰਲ ਮੋਬਿਲਿਟੀ ਵਿੱਚ ਸਮਾਜਿਕ ਗਤੀਸ਼ੀਲਤਾ ਅਤੇ ਉਸਦੀ ਵੰਡ ਦੀ ਧਾਰਨਾ ਦਾ ਸਪੱਸ਼ਟ ਵਿਖਿਆਨ ਪ੍ਰਾਪਤ ਹੈ। ਸੋਰੋਕਿਨ ਦੇ ਅਨੁਸਾਰ, "ਸਮਾਜਿਕ ਗਤੀਸ਼ੀਲਤਾ ਦੀ ਮਨਸ਼ਾ ਇੱਕ ਵਿਅਕਤੀ ਸਮਾਜਿਕ ਵਸਤੂ ਜਾਂ ਮੁੱਲ ਦੇ ਕਿਸੇ ਸੰਕ੍ਰਮਣ ਤੋਂ ਹੈ–ਕੋਈ ਵੀ ਵਸਤੂ ਜੋ ਮਨੁੱਖ ਕਿਰਿਆ ਦੁਆਰਾ ਇੱਕ ਸਮਾਜਿਕ ਸਥਿਤੀ ਤੋਂ ਦੂਜੀ ਤੱਕ ਰਚਿਤ ਜਾਂ ਸੰਸ਼ੋਧਿਤ ਹੋਈ ਹੈ। "
- ਸੋਰੋਕਿਨ ਦਾ ਮੱਤ ਹੈ ਕਿ ਸਮਾਜਿਕ ਗਤੀਸ਼ੀਲਤਾ ਦੇ ਦੋ ਮੁੱਖ ਪ੍ਰਕਾਰ ਹਨ–ਦਿਗਮੰਡਲ ਅਤੇ ਸਧਾਰਨ ਗਠਨਾਤਮਕ ਰੂਪ।
- ਸਧਾਰਨ ਗਠਨਾਤਮਕ ਗਤੀਸ਼ੀਲਤਾ ਅਤੇ ਦਿਗਮੰਡਲ ਗਤੀਸ਼ੀਲਤਾ ਦੇ ਇਲਾਵਾ, ਉਦਯੋਗਿਕ ਗਤੀਸ਼ੀਲਤਾ ਵੀ ਪਾਈ ਜਾਂਦੀ ਹੈ, ਜਦਕਿ ਸਧਾਰਨ ਗਠਨਾਤਮਕ ਗਤੀਸ਼ੀਲਤਾ ਅਤੇ ਦਿਗਮੰਡਲ ਗਤੀਸ਼ੀਲਤਾ ਦੇ ਆਮ ਪ੍ਰਤੀਮਾਨਾਂ ਦੀ ਤੁਲਨਾ ਵਿੱਚ ਇਸਦਾ ਅਨੁਪਾਤ ਬਹੁਤ ਘੱਟ ਹੁੰਦਾ ਹੈ। ਪੱਛਮੀ ਸਮਾਜਾਂ ਵਿੱਚ ਅਕਸਰ ਉਦਯੋਗਿਕ ਗਤੀਸ਼ੀਲਤਾ ਮਨੋਵਿਗਿਆਨਿਕ ਸਮੱਸਿਆਵਾਂ ਅਤੇ ਚਿੰਤਾਵਾਂ ਦੇ ਕਾਰਣ ਘਟਦੀਆਂ ਹਨ।
- ਸਮਾਜਿਕ ਗਤੀਸ਼ੀਲਤਾ ਦੇ ਅਧਿਐਨ ਦੇ ਦੋ ਤਰੀਕੇ ਹਨ–
  1. ਬਦਲੀ ਪਰੰਪਰਾਗਤ ਗਤੀਸ਼ੀਲਤਾ

ਨੋਟ

2. ਅਪਰੰਪਰਾਗਤ ਗਤੀਸ਼ੀਲਤ

- ਅਕਸਰ ਇਹ ਕਹਿ ਦਿੱਤਾ ਜਾਂਦਾ ਹੈ ਕਿ ਜਾਤ ਵਿੱਚ ਗਤੀਸ਼ੀਲਤਾ ਦਾ ਕਮੀ ਹੁੰਦੀ ਹੈ ਅਤੇ ਇਹ ਰੁਕੀ ਜਾਂ ਸਥਿਰ ਵਿਵਸਥਾ ਹੈ, ਪਰ ਇਹ ਧਾਰਨਾ ਉਪਯੁਕਤ ਨਹੀਂ ਹੈ। ਪਰੰਪਰਿਕ ਰਚਨਾ ਵਿੱਚ ਵੀ ਜਿੱਥੇ ਪਾਠਪੂਜਾ ਹੀ ਕਿਸੇ ਵਿਅਕਤੀ ਦੇ ਧਾਰਮਿਕ ਯੱਗ ਅਤੇ ਉਸਦੀ ਵਪਾਰੀ ਸਥਿਤੀ ਦਾ ਅਤੇ ਉਸਦੀ ਮਿਹਨਤ ਨਿਰਧਾਰਨ ਦਾ ਮੁੱਖ ਤੱਤ ਸਨ, ਉਥੇ ਵੀ ਥੱਲੇ ਅਤੇ ਉੱਪਰ ਦੋਨਾਂ ਵੱਲ ਦੀ ਸਮਾਜਿਕ ਗਤੀਸ਼ੀਲਤਾ ਸੀ।
- ਸਮਾਜਿਕ ਤਬਦੀਲੀ ਦੀ ਇੱਕ ਪ੍ਰਕਿਰਿਆ ਹੈ। ਸੰਸਕ੍ਰਿਤੀਕਰਨ ਦੀ ਧਾਰਨਾ ਸਿਰਫ਼ ਭਾਰਤੀ ਸਮਾਜ ਵਿੱਚ ਹੀ ਲਾਗੂ ਹੁੰਦੀ ਹੈ, ਕਿਉਂਕਿ ਇਸਦਾ ਸਿੱਧਾ ਸੰਬੰਧ ਭਾਰਤੀ ਸਮਾਜਿਕ ਦਰਜ਼ਾਬੰਦੀ ਦੀ ਵਿਸ਼ੇਸ਼ ਪ੍ਰਣਾਲੀ ਨਾਲ ਹੈ।
- "ਸੰਸਕ੍ਰਿਤੀਕਰਨ ਉਹ ਪ੍ਰਕਿਰਿਆ ਹੈ ਜਿਸਦੇ ਦੁਆਰਾ ਕੋਈ ਨੀਵੀਂ ਹਿੰਦੂ ਜਾਤ ਕੋਈ ਜਨਜਾ ਜਾਂ ਹੋਰ ਸਮੂਹ ਕਿਸੇ ਉੱਚ ਅਤੇ ਅਕਸਰ ਅਮੀਰ ਜਾਤ ਦੀ ਦਿਸ਼ਾ ਵਿੱਚ ਆਪਣੇ ਰੀਤੀ-ਰਿਵਾਜ਼ਾਂ, ਕੰਮਾਂ, ਵਿਚਾਰਧਾਰਾ ਅਤੇ ਜੀਵਨ ਅਦਾਇਗੀ ਨੂੰ ਬਦਲਣਾ ਹੈ।"
- ਸੰਸਕ੍ਰਿਤੀਕਰਨ ਦੇ ਨਤੀਜੇ ਦੇ ਰੂਪ ਵਿੱਚ ਸਿਰਫ਼ ਜਾਤਾਂ ਦੀ ਸਮਾਜਿਕ ਸਥਿਤੀ ਵਿੱਚ ਹੀ ਤਬਦੀਲ ਨਹੀਂ ਹੁੰਦੀ, ਬਲਕਿ ਨਾਲ ਦੀ ਨਾਲ ਸੰਸਕ੍ਰਿਤੀ ਪਰਿਵਰਤਨ ਵੀ ਹੁੰਦੇ ਹਨ। ਨੀਵੀਆਂ ਜਾਤਾਂ ਉੱਚ ਜਾਤਾਂ ਦੇ ਸੰਸਕ੍ਰਿਤ ਨਮੂਨਿਆਂ ਨੂੰ ਅਪਣਾ ਲੈਂਦੀਆਂ ਹਨ। ਉਨ੍ਹਾਂ ਦਾ ਰਹਿਣ-ਸਹਿਣ, ਭੇਸ਼-ਭੂਸ਼ਾ ਅਤੇ ਰੀਤੀ-ਰਿਵਾਜ਼ ਵੀ ਬਦਲ ਜਾਂਦੇ ਹਨ।
- ਉਦਯੋਗੀਕਰਨ ਆਧੁਨਿਕ ਯੁੱਗ ਦੀ ਇੱਕ ਮਹੱਤਵਪੂਰਨ ਸਮਾਜਿਕ-ਆਰਥਿਕ ਪ੍ਰਤੀਕਰਿਆ ਹੈ। ਮਸ਼ੀਨਾਂ ਦੁਆਰਾ ਵੱਡੇ ਪੱਧਰ 'ਤੇ ਉਤਪਾਦਨ ਕੰਮਾਂ ਦਾ ਸੰਪਾਦਨ ਅਤੇ ਉਦਯੋਗ-ਧੰਦਿਆਂ ਦੇ ਇੱਕ ਸਥਾਨ ਵਿੱਚ ਵਿਕਾਸ ਦੀ ਪ੍ਰਕਿਰਿਆ ਨੂੰ ਉਦਯੋਗੀਕਰਨ ਕਹਿੰਦੇ ਹਨ।
- ਵਾਸਤਵਿਕ ਤੌਰ 'ਤੇ ਉਦਯੋਗਕਿਰਨ ਉਦਯੋਗਾਂ ਦੇ ਵੱਡੇ ਪੱਧਰ 'ਤੇ ਵਿਕਾਸ ਦੀ ਇੱਕ ਪ੍ਰਕਿਰਿਆ ਹੈ, ਜਿਸ ਦੇ ਅੰਦਰ ਕਇਲਾ, ਤੇਲ, ਕੁਦਰਤੀ ਗੈਸਾਂ ਅਤੇ ਹੋਰ ਖਨਿਜ ਪਦਾਰਥਾਂ ਦੀ ਜ਼ਿਆਦਾ ਤੋਂ ਜ਼ਿਆਦਾ ਪ੍ਰਾਪਤੀ ਅਤੇ ਉਨ੍ਹਾਂ ਨੂੰ ਕੰਮ ਵਿੱਚ ਲਿਆਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸਦੇ ਨਾਲ ਹੀ ਕਪਾਹ, ਤਿਲਹਨ, ਪਟਸਨ, ਆਦਿ ਹੋਰ ਕਿਸਾਨੀ ਦੁਆਰਾ ਪੈਦਾ ਹੋਣ ਵਾਲੀ ਵਸਤੂਆਂ ਨੂੰ ਉਤਪਾਦਨ ਦੇ ਕੱਚੇ ਮਾਲ ਦੇ ਰੂਪ ਵਿੱਚ ਅਨੁਕੂਲ ਕੀਤਾ ਜਾਂਦਾ ਹੈ, ਤਾਂਕਿ ਇਨ੍ਹਾਂ ਸਾਰਿਆਂ ਦੇ ਸੰਬੰਧਿਤ ਉਦਯੋਗ-ਧੰਦਿਆਂ ਦਾ ਵਿਕਾਸ ਵੱਡੇ ਪੱਧਰ 'ਤੇ ਹੋ ਸਕੇ।
- ਵਰਗ ਗਤੀਸ਼ੀਲਤਾ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ-ਵਰਗ-ਨਿਰਮਾਣ ਦੀ ਪਰਕਿਰਿਆ।
- ਕਾਰਲ ਮਾਰਕਸ ਨੇ ਇੱਕ ਹੋਰ ਵਰਗ-ਨਿਰਮਾਣ ਅਤੇ ਉਸਦੇ ਕੰਮ ਅਤੇ ਦੂਸਰੀ ਤਰਫ਼ ਗਤੀਸ਼ੀਲਤਾ ਦਾ ਵਿਸਥਾਰ ਅਤੇ ਵਰਗ-ਵਿਵਸਥਾ ਦੇ ਮੱਧ ਦੇ ਸੰਬੰਧਾਂ ਬਾਰੇ ਇਸਦਾ ਵਿਸ਼ਲੇਸ਼ਣ ਕੀਤਾ ਹੈ।
- ਗਤੀਸ਼ੀਲਤਾ ਦੀ ਪ੍ਰਕਿਰਿਆ ਅਤੇ ਉਸਦੇ ਰਚਨਾ ਰੂਪਾਂ ਦੇ ਵਿਸ਼ਲੇਸ਼ਣ ਵਿੱਚ ਵਰਗ ਦਾ ਮਹੱਤਵ ਕਿੱਤਾ ਸਮੂਹਾਂ ਤੋਂ ਹੈ। ਇਸਦਾ ਕਾਰਣ ਇਹ ਹੈ ਕਿ ਕਿੱਤਾ ਕਿਸੇ ਵਿਅਕਤੀ ਦੀ ਪਾਰਤਾ, ਯੋਗਤਾ, ਸਿੱਖਿਆ ਦਾ ਇੱਕ ਪੱਖ ਹੈ ਅਤੇ ਉਦਯੋਗੀਕਰਨ ਨੇ ਸਿਰਫ਼ ਆਰਥਿਕ ਖੇਤਰ ਵਿੱਚ ਹੀ ਨਹੀਂ, ਬਲਕਿ ਸਮਾਜ ਦੇ ਸਾਰੇ ਖੇਤਰਾਂ ਵਿੱਚ ਹੇਠਾਂ ਲਿਖੇ ਵਿਆਪਕ ਪਰਿਵਰਤਨ ਕੀਤੇ ਹਨ।

## 11.4 ਸ਼ਬਦਕੋਸ਼ (Key-Words)

- ਪ੍ਰਵਾਸ : ਆਪਣੇ ਦੇਸ਼ ਜਾਂ ਪ੍ਰਦੇਸ਼ ਦੇ ਬਾਹਰ ਨਿਵਾਸ ਕਰਨਾ।
- ਰਈਸ : ਕੁਲੀਨ, ਉੱਚ ਵਰਗ।

## 11.5 ਅਭਿਆਸ ਪ੍ਰਸ਼ਨ (Review Questions)

1. ਸਮਾਜਿਕ ਗਤੀਸ਼ੀਲਤਾ 'ਤੇ ਪ੍ਰਕਾਸ਼ ਪਾਓ।

ਨੋਟ

2. ਸਮਾਜਿਕ ਗਤੀਸ਼ੀਲਤਾ ਦੇ ਬਾਰੇ ਵਿੱਚ ਸੋਰੋਕਿਨ ਦਾ ਕੀ ਦ੍ਰਿਸ਼ਟੀਕੋਣ ਸੀ ?
3. ਸਮਾਜਿਕ ਗਤੀਸ਼ੀਲਤਾ ਦੇ ਨਿਰਧਾਰਕਾਂ ਦਾ ਸਪੱਸ਼ਟ ਵਿਵੇਚਨ ਕਰੋ।
4. ਸਮਾਜਿਕ ਵਾਤਵਰਨ ਵਿੱਚ ਪਰਿਵਰਤਨ ਲਿਆਉਣ ਵਾਲੇ ਕਾਰਣਾਂ ਦੀ ਪੜਤਾਲ ਕਰੋ।
5. ਜਾਤ ਵਿੱਚ ਗਤੀਸ਼ਲਿਤਾ ਦੇ ਪੱਧਰਾਂ ਦਾ ਵਰਣਨ ਕਰੋ।
6. ਵਰਗ ਗਤੀਸ਼ੀਲਤਾ ਦਾ ਕੀ ਅਰਥ ਹੈ ? ਵਰਗ ਗਤੀਸ਼ੀਲਤਾ ਵਿੱਚ ਵਰਗ ਨਿਰਮਾਣ, ਉਦਯੋਗਿਕ ਅਤੇ ਸਿੱਖਿਆ ਦੀ ਭੂਮਿਕਾ ਸਪੱਸ਼ਟ ਕਰੋ।
7. ਹੇਠ ਲਿਖੇ 'ਤੇ ਟਿੱਪਣੀ ਕਰੋ–

    1. ਗਤੀਸ਼ੀਲਤਾ ਦੇ ਆਯਾਮ
    2. ਸੰਸਕ੍ਰਿਤਿਕ ਅਤੇ ਸਮਾਜਿਕ ਗਤੀਸ਼ੀਲਤਾ
    3. ਪੱਛਮੀਕਰਨ ਅਤੇ ਸਮਾਜਿਕ ਗਤੀਸ਼ੀਲਤਾ

**ਉੱਤਰ: ਸਵੈ ਮੁਲਾਂਕਣ (Answer: Self Assessment)**

1. 1. ਸਮਾਜਿਕ ਗਤੀਸ਼ੀਲਤਾ  2. ਭਾਰਤੀ ਸਮਾਜ  3. ਸੋਰੋਕਿਨ
   4. ਸਧਾਰਨ ਗਠਨਾਤਮਕ ਰੂਪ  5. ਭੂਮਿਕਾ  6. ਪੱਛਮੀ ਸਮਾਜਾਂ
2. 1. (i)  2. (ii)  3. (iv)  4. (i)  5. (i)

## 11.6 ਸੰਦਰਭ ਪੁਸਤਕਾਂ (Further Readings)



ਬੁਕਸ

1. ਦੀਪਾਂਕਰ ਗੁਪਤਾ, ਸੋਸ਼ਲ ਸਟ੍ਰੈਟੀਫਿਕੇਸ਼ਨ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਦਿੱਲੀ ਕੇ. ਐਲ. ਸ਼ਰਮਾ, 1980, ਐਸੇ ਔਨ ਸੋਸ਼ਲ ਸਟ੍ਰੈਟੀਫਿਕੇਸ਼ਨ, ਰਾਵਤ ਪਬਲੀਕੇਸ਼ਨਸ, ਜੈਪੁਰ ਐਂਡ ਦਿੱਲੀ

# ਇਕਾਈ–12: ਸਮਾਜਿਕ ਦਰਜ਼ਾਬੰਦੀ ਦੀ ਖੁੱਲ੍ਹੀ ਅਤੇ ਬੰਦ ਵਿਵਸਥਾਵਾਂ ਵਿੱਚ ਗਤੀਸ਼ੀਲਤਾ (Mobility in Closed and Open System of Stratification)

ਨੋਟ

ਵਿਸ਼ੇ ਵਸਤੂ **(Contents)**

ਉਦੇਸ਼ (Objectives)
ਜਾਣਕਾਰੀ (Introduction)
1.1 ਸਮਾਜਿਕ ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਵਿੱਚ ਗਤੀਸ਼ੀਲਤਾ (Mobility in Open System of Stratification)
1.2 ਸਮਾਜਿਕ ਦਰਜ਼ਾਬੰਦੀ ਦੀ ਬੰਦ ਵਿਵਸਥਾ ਵਿੱਚ ਗਤੀਸ਼ੀਲਤਾ (Mobility in Closed System of Stratification)
1.3 ਭਾਰਤ ਵਿੱਚ ਸਮਾਜਿਕ ਦਰਜ਼ਾਬੰਦੀ (Social Mobility In India)
1.4 ਸਾਰ ਅੰਸ਼ (Summary)
1.5 ਸ਼ਬਦਕੋਸ਼ (Keywords)
1.6 ਅਭਿਆਸ ਪ੍ਰਸ਼ਨ (Review Questions)
1.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਸਮਾਜਿਕ ਦਰਜ਼ਾਬੰਦੀ ਦੀ ਖੁਲ੍ਹੀ ਅਤੇ ਬੰਦ ਵਿਵਸਥਾ ਦੀ ਗਤੀਸ਼ੀਲਤਾ ਨੂੰ ਜਾਣਨ ਵਿੱਚ।
- ਭਾਰਤ ਵਿੱਚ ਸਮਾਜਿਜਕ ਨੂੰ ਸਮਝਣ ਵਿੱਚ।

## ਜਾਣਕਾਰੀ (Introduction)

ਦਰਜ਼ਾਬੰਦੀ ਦੁਆਰਾ ਲੋਕਾਂ ਨੂੰ ਭਿੰਨ–ਭਿੰਨ ਭਾਗਾਂ ਜਾਂ ਸ਼੍ਰੇਣੀਆਂ ਵਿੱਚ ਰੱਖਿਆ ਜਾਂਦਾ ਹੈ। ਦਰਜ਼ਾਬੰਦੀ ਦੇ ਇਲਾਵਾ ਵੰਡ ਦੀਆਂ ਧਾਰਨਾਵਾਂ 'ਤੇ ਲੋਕਾਂ ਨੂੰ ਸਥਿਤ ਕਰਨਾ ਇੱਕ ਅਲੱਗ ਤਰੀਕਾ ਹੈ। ਦੀਪਾਂਕਰ ਗੁਪਤਾ ਲਿਖਦੇ ਹਨ "ਜਦ ਅਸਮਾਨਤਾ ਮੁੱਖ ਲੱਛਣ ਹਨ, ਤਦ ਦਰਜ਼ਾਬੰਦੀ ਵਿਵਸਥਾਵਾਂ ਨੂੰ ਦੇਣ–ਸ਼੍ਰੇਣੀ ਕਿਹਾ ਜਾ ਸਕਦਾ ਹੈ। ਜਦ ਵੰਡ ਮਹੱਤਵਪੂਰਨ ਹੈ ਤਦ ਭਿੰਨ–ਭਿੰਨ ਸਮਾਜਿਕ ਵਿਵਸਥਾਵਾਂ ਇੱਕ–ਦੂਜੇ ਦੇ ਸਹਮਣੇ ਦਿਗਮੰਡਲੀ ਧਾਰਾ ਜਿਹੀ ਖੜ੍ਹੀ ਦਿਖਾਈ ਦਿੰਦੀ ਹੈ। ਇੱਕ ਸ਼੍ਰੇਣੀਵਾਦ ਪੌੜੀ–ਦਰ–ਪੌੜੀ ਸਿਧਾਂਤ ਦਾ ਇੱਥੇ ਬਹੁਤ ਜ਼ਿਆਦਾ ਅਰਥ ਨਹੀਂ ਹੈ।" "ਆਮਦਨ ਜਾਂ ਸ਼੍ਰੇਣੀ (ਅਹੁਦਾ) 'ਤੇ ਆਧਾਰਰਿਤ ਅਸਮਾਨਤਾਵਾਂ ਸਪੱਸ਼ਟ ਦਰਜ਼ਾਬੰਦੀ ਦੀ ਪੌੜੀ–ਦਰ–ਪੌੜੀ ਸਿਧਾਂਤਕ ਵਿਵਸਥਾ ਨਾਲ ਜੁੜੀ ਹੋਈ ਹੈ।" ਇਸ ਦੇ ਉਲਟ ਉਧਾਰਣ ਦੇ ਲਈ ਭਾਸ਼ਾਈ ਅੰਤਰਾਂ ਨੂੰ ਇੱਕ ਪੌੜੀ–ਦਰ–ਪੌੜੀ ਸਿਧਾਂਤਕ ਵਿਵਸਥਾ ਵਿੱਚ ਨਹੀਂ ਰੱਖਿਆ ਜਾ ਸਕਦਾ। ਪਰ ਸਮਾਨਤਾਵਾਂ ਪੁਰਸ਼ਾਂ ਅਤੇ ਇਸਤਰੀਆਂ ਦੇ ਵਿੱਚ ਅੰਤਰ ਨੂੰ ਦਿਗਮੰਡਲੀ ਨਹੀਂ ਮੰਨਿਆ ਜਾਂਦਾ ਹੈ, ਬਲਕਿ ਉਨ੍ਹਾਂ ਨੂੰ ਸਧਾਰਨ ਗਠਨਾਤਮਕ ਰੂਪ ਵਿੱਚ 'ਸ਼੍ਰੇਣੀਵਾਦ' ਸੰਬੰਧ ਦੇ ਰੂਪ ਵਿੱਚ 'ਅਸਮਾਨਤਾ' ਅਤੇ 'ਅੰਤਰ' ਦੋਨੋਂ ਪਾਏ ਜਾਂਦੇ ਹਨ। ਅਤੇ ਦੋਨੋਂ ਇੱਕ–ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ।

ਦੀਪਾਂਕਰ ਗੁਪਤਾ ਦੇ ਅਨੁਸਾਰ, "ਸਮਾਜਿਕ ਦਰਜ਼ਾਬੰਦੀ ਲੋਕਾਂ ਨੂੰ ਭਿੰਨ–ਭਿੰਨ ਪੱਧਰਾਂ ਵਿੱਚ ਵੰਡੇ ਜਾਣ ਦੀ ਮਾਤਰਾ ਹੀ ਨਹੀਂ ਹੈ।" "ਸਮਾਜਿਕ ਦਰਜ਼ਾਬੰਦੀ ਦੁਆਰਾ ਸਮਾਜਿਕ ਵਿਵਸਥਾ ਅਤੇ ਸਮਾਜਿਕ ਗਤੀਸ਼ੀਲਤਾ ਦੋਨਾਂ ਨੂੰ ਸਮਝਣ ਦੇ ਲਈ, ਇੱਕ ਵਿਸ਼ਲੇਸ਼ਨਾਤਮਕ ਆਧਾਰ ਪ੍ਰਾਪਤ ਹੁੰਦਾ ਹੈ।" ਇਸ ਤਰ੍ਹਾਂ, ਸਮਾਜਿਕ ਦਰਜ਼ਾਬੰਦੀ ਦੁਆਰਾ ਸਮਾਜਿਕ ਸਥਿਰ ਸੰਤੁਲਨਾਂ ਅਤੇ ਸਮਾਜਿਕ ਤਬਦੀਲੀਆਂ ਦੇ ਨਿਯਮਾਂ ਦੇ ਬਾਰੇ ਵਿੱਚ ਸਾਨੂੰ ਸਮਝ ਮਿਲਦੀ ਹੈ। ਸਮਾਜਿਕ ਵਿਵਸਥਾ ਅਤੇ ਸਮਾਜਿਕ ਗਤੀਸ਼ੀਲਤਾ ਦੇ ਬਾਰੇ ਵਿੱਚ ਸਾਨੂੰ ਜਾਨਣ ਦੀ ਜ਼ਰੂਰਤ ਹੈ। ਕੁਦਰਤੀ ਵੰਡ 'ਸਮਾਜਿਕ' ਬਣ ਜਾਂਦੀ ਹੈ, ਜਦ ਅਸੀਂ ਉਨ੍ਹਾਂ ਨੂੰ ਸਮਾਜ ਸ਼ਾਸ਼ਤਰੀ ਸ਼੍ਰੇਣੀਆਂ ਸਮਝਣ ਲੱਗਦੇ ਹਾਂ। 'ਪੌੜੀ–ਦਰ–ਪੌੜੀ ਸਿਧਾਂਤ' ਬਰਾਬਰੀ ਇੱਕ ਸਥਿਰ ਸ਼੍ਰੇਣੀ ਵਿਵਸਥਾ ਹੈ, ਜਦਕਿ 'ਵੰਡ' ਦਾ ਮਤਲਬ

ਨੋਟ

ਸਥਿਰ ਸਮਾਜਿਕ ਵਿਵਸਥਾ ਵਿੱਚ 'ਤਬਦੀਲੀ' ਤੋਂ ਹੈ। ਸਮਾਜਿਕ ਦਰਜ਼ਾਬੰਦੀ ਵਿੱਚ ਦਰਜ਼ਾਬੰਦੀ ਵਿੱਚ ਪੌੜੀ-ਦਰ-ਪੌੜੀ ਸਿਧਾਂਤ ਅਤੇ ਵੰਡ ਦੋਨੋਂ ਸ਼ਾਮਿਲ ਹਨ। ਭਾਰਤ ਜਿਹੇਦੇਸ਼ ਵਿੱਚ ਮਹੰਤਮਈ ਗਤੀਸ਼ੀਲਤਾ ਜ਼ਿਆਦਾ ਪਾਈ ਜਾਂਦੀ ਹੈ। ਵਰਗ-ਅਧਾਰਿਤ ਸਮਾਜਾਂ ਵਿੱਚ ਬਰਾਬਰੀ ਦੀ ਗਤੀਸ਼ੀਲਤਾ ਜ਼ਿਆਦਾ ਪਾਈ ਜਾਂਦੀ ਹੈ। ਇਸ ਪ੍ਰਕਾਰ, ਸਮਾਜਿਕ ਦਰਜ਼ਾਬੰਦੀ ਦੇ ਹਵਾਲੇ ਵਿੱਚ ਸਮਝੀ ਜਾਂਦੀ ਹੈ।

## 12.1 ਸਮਾਜਿਕ ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਵਿੱਚ ਗਤੀਸ਼ੀਲਤਾ (Mobility in Open System of Stratification)

ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਨੂੰ ਇੱਕ ਇੱਛਾਧਾਰੀ ਵਿਅਕਤੀ ਦੀ ਗਤੀਸ਼ੀਲਤਾ ਦੁਆਰਾ ਵਰਣਨ ਕੀਤਾ ਜਾਂਦਾ ਹੈ। ਗਤੀਸ਼ੀਲਤਾ ਨੂੰ ਨਿਰਉਤਸ਼ਾਹਤ ਕਿਹਾ ਗਿਆ ਹੈ। ਦੋਨੋਂ ਵਿਵਸਥਾਵਾਂ ਵਿੱਚ ਉੱਤਰ ਦੀ ਤਰਫ਼ ਗਤੀਸ਼ੀਲਤਾ ਦੇ ਲਈ ਲੋਕਾਂ ਦੁਆਰਾ ਜ਼ਤਨ ਕੀਤੇ ਜਾਂਦੇ ਹਨ। ਦੂਸਰੇ ਸ਼ਬਦਾਂ ਵਿੱਚ, ਜੋ ਲੋਕ ਅੱਗੇ ਵੱਧਣਾ ਚਾਹੁੰਦੇ ਹਨ, ਅਤੇ ਨਵੇਂ ਅਹੁਦੇ-ਸਥਾਨਾਂ 'ਤੇ ਆਪਣੇ ਦਾਅਵਿਆਂ ਦੀ ਘੋਸ਼ਣਾ ਕਰਦੇ ਹਨ, ਜਾਂ ਉਨ੍ਹਾਂ ਲੋਕਾਂ ਦੇ ਅਹੁਦੇ-ਸਥਾਨਾਂ 'ਤੇ ਦਾਅਵਾ ਕਰਦੇ ਹਨ, ਜਿਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਹਾਲਾਤ ਅਤੇ ਸਨਮਾਨ ਪ੍ਰਾਪਤ ਹਨ। ਖੁੱਲ੍ਹੀ ਵਿਵਸਥਾ ਵਿੱਚ, ਗਤੀਸ਼ੀਲਤਾ ਦੁਆਰਾ ਜ਼ਿਆਦਾ ਅੰਤਰ ਅਤੇ ਵੱਖਰੇਵੇਂ ਉਭਰਦੇ ਹਨ ਅਤੇ ਦਾਅਵੇਦਾਰ ਇਸ ਕਾਰਵਾਈ ਨੂੰ ਮੁਨਾਸਿਬ ਠਹਿਰਾਉਂਦੇ ਹਨ। ਗੁਪਤਾ ਦੀ ਸੋਚ ਹੈ ਕਿ "ਇੱਕ ਖੁੱਲ੍ਹੀ ਦਰਜ਼ਾਬੰਦੀ ਦੀ ਵਿਵਸਥਾ ਜਾਂ ਸ਼੍ਰੇਣੀ ਵੱਖਰੇਵੇਂ ਦੀ ਪਾਲਣਾ ਕਰਕੇ ਅੱਗੇ ਵੱਧ ਸਕਦੇ ਹਨ।" ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਵਿੱਚ, ਪੌੜੀ-ਦਰ-ਪੌੜੀ ਸਿਧਾਂਤ ਸਥਿਰ ਅਤੇ ਦ੍ਰਿੜ ਹੋ ਸਕਦਾ ਹੈ, ਪਰ ਵਿਅਕਤੀ ਪੌੜੀ-ਦਰ-ਪੌੜੀ ਸਿਧਾਂਤ ਵਿੱਚ ਉੱਤਰ ਉੱਠ ਸਕਦੇ ਹਨ ਜਾਂ ਥੱਲੇ ਵੀ ਆ ਸਕਦੇ ਹਨ। ਜੇਕਰ ਇੱਕ ਵਿਅਕਤੀ ਆਪਣੇ ਜੀਵਨ ਕਾਲ ਵਿੱਚ ਉੱਚੇ ਅਹੁਦਿਆਂ ਦੇ ਲਈ ਯੋਗਤਾਵਾਂ ਉਜਾਗਰ ਕਰ ਲੈਂਦਾ ਹੈ ਤਾਂ ਉਹ ਇੱਕ ਸੰਗਠਨ/ਵਿਭਾਗ/ਉਦਯੋਗ ਵਿੱਚ ਆਪਣੇ ਵਰਤਮਾਨ ਨੀਵੇਂ ਅਹੁਦੇ/ਸਥਾਨ ਤੋਂ ਉੱਤਰ ਉੱਠ ਸਕਦਾ ਹੈ।

ਗਤੀਸ਼ੀਲਤਾ ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਦਾ ਇੱਕ ਉਚਿਤ ਲੱਛਣ ਐਸੀ ਵਿਵਸਥਾ ਵਿੱਚ, ਅਕਸਰ ਦਿਰਮੰਡਲ ਗਤੀਸ਼ੀਲਤਾ ਘਟਦੀ ਹੈ, ਜਿਸ ਤੋਂ ਵਿਵਸਥਾ ਦੇ ਵਿਚਾਰਧਾਰਕ/ਰਚਨਾਤਮਕ ਆਧਾਰ ਨੂੰ ਕੋਈ ਚੁਨੌਤੀ ਦਾ ਖ਼ਤਰਾ ਨਹੀਂ ਹੁੰਦਾ ਹੈ। ਇਸ ਤਰ੍ਹਾਂ, ਵਿਵਸਥਾ ਬਣੀ ਰਹਿੰਦੀ ਹੈ ਅਤੇ ਵਿਅਕਤੀ ਦਿਗਮੰਡਲੀ ਰੂਪ ਵਿੱਚ ਉੱਪਰ ਜਾਂ ਨੀਚੇ ਹੁੰਦਾ ਰਹਿੰਦਾ ਹੈ। ਗਤੀਸ਼ੀਲਤਾ ਹਮੇਸ਼ਾਂ ਵਿਅਕਤੀ ਦੇ ਪੱਧਰ 'ਤੇ, ਬਲਕਿ ਸਮੂਹਿਕ ਤੌਰ 'ਤੇ ਜਾਂ ਪੂਰੇ ਪਰਿਵਾਰ ਦੇ ਆਧਾਰ 'ਤੇ ਪੂਰੀ ਕੀਤੀ ਜਾਂਦੀ ਹੈ। "ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਵਿੱਚ, ਪੌੜੀ-ਦਰ-ਪੌੜੀ ਹੀ ਇੱਕ ਮਾਤਰ ਪਰਿਵਰਤਨਸ਼ੀਲ ਹੋਣਾ ਚਾਹੀਦਾ ਹੈ, ਤਾਂਕਿ ਇਸ ਪਰਿਵਰਤਨ ਵਿੱਚ ਸੰਖਿਆਤਮਕ ਅੰਤਰਾਂ ਨੂੰ ਸ਼੍ਰੇਣੀਵਾਰ ਮਾਪਿਆ ਜਾ ਸਕੇ।" ਐਸੀ ਗਤੀਸ਼ੀਲਤਾ ਜਾਂ ਸ਼੍ਰੇਣੀਆਂ ਦੁਆਰਾ ਦਰਜ਼ਾਬੰਦੀ ਵਿਵਸਥਾ ਵਿੱਚ ਸਪੱਸ਼ਟ ਅੰਤਰ ਘਟਦਾ ਨਹੀਂ ਹੁੰਦਾ ਹੈ। ਇੱਕ ਲਗਾਤਾਰ ਪੌੜੀ-ਦਰ-ਪੌੜੀ ਸਿਧਾਂਤ ਵਿੱਚ ਵਪਾਰ, ਸਿੱਖਿਆ, ਸਕੂਲ ਦਾ ਅਧਿਐਨ, ਵਿਸ਼ਰਾਮ-ਘਰ ਆਮਦਨ ਦਾ ਸਰੋਤ ਆਦਿ ਵੱਖ ਕਾਰਕ ਹੋ ਸਕਦੇ ਹਨ, ਜੋ ਸੰਖਿਆਤਮਕ ਅਤੇ ਮਾਪਣਯੋਗ ਹਨ। ਐਲ. ਵਾਰਨਰ ਅਤੇ ਉਸਦੇ ਸਾਥੀਆਂ ਨੇ ਇੱਕ ਉਚਿਤ ਸੂਚੀ ਬਣਾਕੇ ਅਮਰੀਕਨ ਲੋਕਾਂ ਨੂੰ ਉੱਚ ਮੱਧ ਵਰਗ, ਹੇਠਲੇ ਉੱਚ ਮੱਧ ਵਰਗ, ਉੱਚ ਵਰਗ, ਅਤੇ ਹੇਠਲੇ-ਨੀਵੇਂ ਵਰਗ ਵਿੱਚ ਦਰਜ਼ਾਵੰਡ ਕੀਤੀ ਹੈ। ਵਾਰਨਰ ਅਤੇ ਉਸਦੇ ਸਾਥੀਆਂ ਦੁਆਰਾ ਅਲੱਗ-ਅਲੱਗ ਅਤੇ ਭਿੰਨ-ਭਿੰਨ ਵਪਾਰਾਂ ਅਤੇ ਸਿੱਖਿਆ, ਆਦਿ ਨੂੰ ਮਾਪਣ ਦੀ ਚੋਣਵੀਆਂ ਕਸੌਟੀਆਂ ਤੋਂ ਚਾਹੇ ਸਹਿਮਤ ਨਾ ਹੋਏ, ਪਰ ਇਹ ਸਹੀ ਹੈ ਕਿ ਦੌਲਤ, ਸ਼ਕਤੀ ਜਾਂ ਭੂਮੀ ਮਾਲਕ ਬਹੁਤ ਜ਼ਿਆਦਾ ਸੰਖਿਆਤਮਕ ਅਤੇ ਮਾਪਣਯੋਗ ਹੈ। "ਦਰਜ਼ਾਬੰਦੀ ਦੀ ਇੱਕ ਖੁੱਲ੍ਹੀ ਵਿਵਸਥਾ ਅੰਤ ਬਹੁਤ ਜ਼ਿਆਦਾ ਤਦ ਹੁੰਦੀ ਹੈ, ਜਦ ਗਤੀਸ਼ੀਲਤਾ ਅਤੇ ਵਰਗ ਹਾਲਾਤ ਨੂੰ ਇੱਕ ਮਾਤਰ ਸੰਖਿਆਤਮਕ ਪਰਿਵਰਤਨ 'ਤੇ ਰੱਖਿਆ ਜਾ ਸਕਦਾ ਹੈ।" ਇੱਕ ਖੁੱਲ੍ਹੀ ਵਿਵਸਥਾ ਜਟਿਲ ਬਣ ਜਾਂਦੀ ਹੈ, ਜਦ ਇਸਦੇ ਉੱਪਰ ਬਿਨਾਂ ਤਾਲਮੇਲ ਯੋਗ ਅੰਤਰਾਂ ਦੇ ਤੱਥਾਂ ਨੂੰ ਥੋਪ ਦਿੱਤਾ ਜਾਂਦਾ ਹੈ।" ਅਮਰੀਕਾ ਵਿੱਚ ਵਿਅਕਤੀ ਪਰਮ-ਉੱਚ ਹੈ। "ਇਸ ਤੋਂ ਦਰਜ਼ਾਬੰਦੀ ਦੀ ਵਿਵਸਥਾ ਵਿੱਚ ਆਪਣੇ ਆਪ ਨੂੰ ਪ੍ਰਦਰਸ਼ਿਤ ਕਰਨ ਦੇ ਲਈ ਇੱਕ ਅਰਦਰਸ਼ ਜਗ੍ਹਾ ਬਣ ਜਾਂਦੀ ਹੈ।" ਅਮਰੀਕਾ ਵਿੱਚ ਲੋਕਾਂ ਵਿਚਕਾਰ ਇੱਕ ਨਿਸ਼ਚਿਤ ਪ੍ਰਕਾਰ ਦਾ ਇੱਕੋ-ਜਿਹਾਪਣ ਸਵੀਕਾਰ ਕੀਤਾ ਜਾਂਦਾ ਹੈ। ਗੁਪਤਾ ਦਾ ਮੱਤ ਹੈ ਕਿ "ਦਰਜ਼ਾਬਮਦੀ ਦੀ ਇੱਕ ਖੁੱਲ੍ਹੀ ਵਿਵਸਥਾ ਵਿੱਚ ਸਧਾਰਨ ਗਠਨਾਤਮਕ ਗਤੀਸ਼ੀਲਤਾ ਦਾ ਮਤਲਬ ਇਹ ਨਹੀਂ ਹੈ ਕਿ ਇਸਦੇ ਨਤੀਜੇ ਰੂਪ ਕਿਸੇ ਅਲੱਗ ਵਿਅਕਤੀ ਨੂੰ ਆਪਣੇ ਹਾਲਾਤ ਖੋਣੇ ਪੈਂਦੇ ਹਨ।" ਵਿਚਾਰ ਇਹ ਹੈ

ਨੋਟ

ਕਿ ਸਭ ਲੋਕ ਅਤੇ ਗਤੀਸ਼ੀਲਤਾ ਉਸੀ ਸੀਮਾ ਤੱਕ ਘਟਿਤ ਹੁੰਦੀ ਹੈ, ਜਿੱਥੇ ਤੱਕ ਲੋਕ ਆਪਣੀ ਕਾਬਲੀਅਤ ਦੀ ਪੂਰਤੀ ਕਰ ਸਕਦੇ ਹਨ।

| | |
|---|---|
| ਕੀ ਤੁਸੀਂ ਜਾਣਦੇ ਹੋ? | ਅਮਰੀਕਾ ਨੂੰ ਸਮਾਜਿਕ ਦਰਜ਼ਾਬੰਦੀ ਦੀ ਇੱਕ ਖੁੱਲ੍ਹੀ ਵਿਵਸਥਾ ਦਾ ਆਦਰਸ਼ ਉਧਾਹਰਣ ਸਮਝਿਆ ਜਾਂਦਾ ਹੈ। |

## 12.2 ਸਮਾਜਿਕ ਦਰਜ਼ਾਬੰਦੀ ਦੀ ਬੰਦ ਵਿਵਸਥਾ (Mobility in Closed System of Startification)

ਦਰਜ਼ਾਬੰਦੀ ਦੀ ਬੰਦ ਵਿਵਸਥਾ ਵਿੱਚ ਜਾਤ, ਨਸਲ, ਧਰਮ, ਸੰਬੰਧ ਆਦਿ ਪ੍ਰਮੁੱਖ ਵਿਚਾਰਨਯੋਗ ਪਹਿਲੂ ਹਨ। ਇਸ ਤਰ੍ਹਾਂ ਦੀ ਵਿਵਸਥਾ ਵਿੱਚ ਅਦਾਇਗੀ ਲੱਛਣਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ ਪਰ ਐਸੇ ਲੱਛਣਾਂ 'ਤੇ ਹਮੇਸ਼ਾਂ ਵਿੱਚ ਸੰਖਿਆ/ਚਿੰਨ ਲਗਾਏ ਜਾਂਦੇ ਹਨ ਅਤੇ ਉਹ ਵਿਵਾਦਪੂਰਨ ਹੁੰਦੇ ਹਨ। ਇੱਕ ਖੁੱਲ੍ਹੀ ਵਿਵਸਥਾ ਵਿੱਚ ਸੰਖਿਆ/ਮਾਤਰਾ ਮੁੱਖ ਮਾਪਦੰਡ ਹੁੰਦੇ ਹਨ, ਜਦਕਿ ਦਰਜ਼ਾਬੰਦੀ ਦੀ ਬੰਦ ਵਿਵਸਥਾ ਵਿੱਚ ਗੁਣਵਤਾ ਫ਼ੈਸਲਾ ਕਰਨ ਵਾਲੀ ਕਸੌਟੀ ਹੁੰਦੀ ਹੈ, ਬੰਦ ਵਿਵਸਥਾ ਵਿੱਚ ਜਾਤੀਆਂ/ਨਸਲਾਂ ਜਿਵੇਂ ਸਮੂਹ ਦੇ ਲੋਕਾਂ ਵਿੱਚ ਵੰਡ 'ਤੇ ਜ਼ੋਰ ਦਿੱਤਾ ਜਾਂਦਾ ਹੈ। ਅੰਤਰ ਅਤੇ ਪੌੜੀ-ਦਰ-ਪੌੜੀ ਸਿਧਾਂਤ ਦੋਨੋਂ ਐਸੀ ਵਿਵਸਥਾ ਨੂੰ ਮਹੱਤਵਪੂਰਨ ਬਣਾਉਂਦੇ ਹਨ। ਦੋਨਾਂ ਤੋਂ ਵਿਵਸਥਾ ਕਠੋਰ ਹੁੰਦੀ ਹੈ। ਇਸ ਲਈ ਗਤੀਸ਼ੀਲ ਇੱਕ ਮੁਸ਼ਕਿਲ ਕਿਰਿਆ ਹੋ ਜਾਂਦੀ ਹੈ। ਭਾਰਤ ਦੀ ਕਠੋਰ ਜਾਤ ਵਿਵਸਥਾ ਵਿੱਚ ਤਬਦੀਲੀ ਲਿਆਉਣ ਦੇ ਲਈ ਅਨੇਕ ਗਤੀਸ਼ੀਲਤਾ ਅੰਦੋਲਨ ਹੋਏ ਹਨ। ਦੀਪਾਂਕਰ ਗੁਪਤਾ ਦੇ ਅਨੁਸਾਰ, ਦਰਜ਼ਾਬੰਦੀ ਦੇ ਫ਼ਰਕ 'ਤੇ ਹੀ ਪੌੜੀ-ਦਰ-ਪੌੜੀ ਬਣਾਇਆ ਹੈ। ਅਸਲ ਫ਼ਰਕ ਬੇ-ਮੇਲਜੋਲ ਅਤੇ ਗੈਰ-ਸ਼੍ਰੇਣੀ ਯੋਗ ਹੁੰਦੇ ਹਨ, ਇਸ ਲਈ ਸਧਾਰਨ ਗਠਨਾਤਮਕ ਗਤੀਸ਼ੀਲਤਾ ਵਿੱਚ ਬਹੁਤ ਜ਼ਿਆਦਾ ਅੜਚਣਾਂ ਆਉਂਦੀਆ ਹਨ।

ਦਰਜ਼ਾਬੰਦੀ ਦੀ ਇੱਕ ਬੰਦ ਵਿਵਸਥਾ ਵਿੱਚ, ਪੌੜੀ-ਦਰ-ਪੌੜੀ ਸਿਧਾਂਤ ਵਿੱਚ ਉਨ੍ਹਾਂ ਸਭ ਲੋਕਾਂ ਦੀ ਭਾਗੀਦਾਰੀ/ਸਿਹਮਤੀ ਨਹੀਂ ਹੁੰਦੀ ਹੈ ਜੋ ਉਸ ਨਾਲ ਜੁੜੇ ਹੋਏ ਹਨ। "ਮੁੱਖ ਕਾਰਣ ਇਹ ਹੈ ਕਿ ਵਿਅਕਤੀ ਵਜਾਏ, ਇੱਕ ਸਮੂਹ ਜਾਂ ਇੱਕ ਉੱਚ-ਸਮੂਹ ਨੂੰ ਉੱਚੇ ਜਾਂ ਨੀਵੇਂ ਰੂਪ ਵਿੱਚ ਸ਼੍ਰੇਣੀਵਾਰ ਕੀਤਾ ਜਾਂਦਾ ਹੈ। ਇਸਦੇ ਕਾਰਣ ਗਤੀਸ਼ੀਲਤਾ ਵਿਰਲੀ ਅਤੇ ਮੁਸ਼ਕਿਲ ਸੰਭਾਵਨਾ ਹੈ ਅਤੇ ਜਦ ਇਹ ਘਟਦੀ ਵੀ ਹੁੰਦੀ ਹੈ ਤਾਂ ਇਹ ਮਾਪਣਯੋਗ/ਸੰਖਿਆਤਮਕ ਨਹੀਂ ਹੋ ਪਾਉਂਦੀ। ਨਸਲ ਅਤੇ ਜਾਤ ਜਿਵੇਂ ਕਿ ਦਰਜ਼ਾਬੰਦੀ ਦੀ ਬੰਦ ਵਿਵਸਥਾ ਵਿੱਚ ਗਤੀਸ਼ੀਲਤਾ ਇੱਕ ਆਮ ਘਟਣਾ ਵਿੱਚ ਬਹੁਤ ਦੂਰ ਕੀ ਗੱਲ ਹੈ।

ਸਾਨੂੰ ਇਹ ਵੀ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਇੱਕ ਬੰਦ ਵਿਵਸਥਾ ਕਦੀ ਵੀ ਪੂਰਨ ਸਥਿਰ ਨਹੀਂ ਰਹੀ ਹੈ ਅਤੇ ਨਾ ਹੀ ਇੱਕ ਖੁੱਲ੍ਹੀ ਵਿਵਸਥਾ ਇੱਕ ਬੰਦ ਵਿਵਸਥਾ ਦੇ ਬਿਲਕੁਲ ਉਲਟ ਹੈ। ਕਦੀ-ਕਦੀ, ਇੱਕ ਖੁੱਲ੍ਹੀ ਵਿਵਸਥਾ ਵਿੱਚ, ਤਬਦੀਲੀ ਅਤੇ ਗਤੀਸ਼ੀਲਤਾ ਦੇ ਵਿਰੋਧ ਦੀ ਪਰਵਿਰਤੀ ਵਿਕਸਿਤ ਹੋ ਜਾਂਦੀ ਹੈ, ਅਤੇ ਇਸੇ ਤਰ੍ਹਾਂ, ਬਹੁਤ ਤੇਜ਼ ਤਾਕਤਾਂ ਅਤੇ ਦਵਾਓ ਦੇ ਕਾਰਣ ਇੱਕ ਬੰਦ ਵਿਵਸਥਾ ਵੀ, ਤਬਦੀਲੀ ਅਤੇ ਗਤੀਸ਼ੀਲਤਾਦੀ ਤਰਫ਼ ਝੁਕਦੀ ਹੈ। ਪ੍ਰਚੀਨ ਅਤੇ ਮੱਧ ਯੁੱਗਾਂ ਵਿੱਚ, ਜਾਤ ਵਿਵਸਥਾ ਨੂੰ ਵੀ ਚੁਨੌਤੀ ਦਿੱਤੀ ਗਈ ਸੀ, ਅਤੇ ਇਸ ਵਿੱਚ ਪ੍ਰਸ਼ਾਸ਼ਨ ਅਤੇ ਗਤੀਸ਼ੀਲ ਦ੍ਰਿਸ਼ਟੀ ਹੁੰਦੀ ਸੀ। ਅੱਜ ਅੰਤਰ-ਜਾਤੀ ਸੰਬੰਧ, ਜੋ ਜਾਤ ਵਿਵਸਥਾ ਦੀ ਤਹਿ ਵਿੱਚ ਸੀ, ਉਹ ਲੁਪਤ ਹੋ ਗਏ ਹਨ। ਖਾਣ-ਪੀਣ ਦੇ ਬੰਧਨ ਵੀ ਲਗਭਗ ਸਮਾਪਤ ਹੋ ਚੁੱਕੇ ਹਨ ਵਿਆਹ ਦੇ ਨਿਯਮ ਕਮਜ਼ੋਰ ਹੋ ਰਹੇ ਹਨ, ਪਰ ਜਾਤ ਅਸਮਾਨਤਾਵਾਂ, ਗੈਰ-ਜਾਤੀ ਕਾਰਣਾਂ ਤੋਂ ਦ੍ਰਿੜ ਹੋ ਰਹੀ ਹੈ। ਇਸ ਪ੍ਰਕਾਰ, ਸਮਾਜਿਕ ਦਰਜ਼ਾਬੰਦੀ ਦੀ ਬੰਦ ਅਤੇ ਖੁੱਲ੍ਹੀ ਵਿਵਸਥਾਵਾਂ ਇੱਕ-ਦੂਜੇ ਦੇ ਉਲਟ ਨਹੀਂ ਹਨ, ਦੋਨੋਂ ਇੱਕ ਸਕੇ ਹਨ, ਇੱਕ ਵਿੱਚ ਦੂਸਰੇ ਦੇ ਕੁੱਝ ਲੱਛਣ ਹਨ।

ਦਰਜ਼ਾਬੰਦੀ ਦੀ ਬੰਦ ਅਤੇ ਖੁੱਲ੍ਹੀ ਵਿਵਸਥਾਵਾਂ ਦੀ ਇੱਕ ਆਲੋਚਨਾਤਮਕ ਤੁਲਨਾ

| ਖੁੱਲ੍ਹੀ ਵਿਵਸਥਾ | ਬੰਦ ਵਿਵਸਥਾ |
|---|---|
| ਗਤੀਸ਼ੀਲਤਾ ਇੱਕ ਉਚਿਤ ਘਟਨਾ ਹੈ। | ਗਤੀਸ਼ੀਲਤਾ ਕਠੋਰਤਾ ਤੋਂ ਹੌਂਸਲਾ ਹਾਰ ਜਾਂਦੀ ਹੈ। |

ਨੋਟ

| | |
|---|---|
| ਵਿਅਕਤੀ ਉੱਪਰ ਉੱਠਦਾ ਹੈ ਅਤੇ ਥੱਲੇ ਆਉਂਦਾ ਹੈ। | ਸਮੂਹ ਸ਼੍ਰੇਣੀ ਦੀ ਇਕਾਈ ਹੈ। |
| ਪੌੜੀ–ਦਰ–ਪੌੜੀ ਸਥਿਰ ਅਤੇ ਦ੍ਰਿੜ ਹੋ ਸਕਦੇ ਹਨ, ਪਰ ਵਿਅਕਤੀ ਉੱਪਰ ਉੱਠਦੇ ਹਨ। | ਜਨਮ ਆਦਿ ਦੇਣ ਕਾਰਣ ਪੌੜੀ–ਦਰ–ਪੌੜੀ ਸਿਧਾਂਤ ਨਿਰਧਾਰਰਿਤ ਹੁੰਦਾ ਹੈ। ਵਿਅਕਤੀਆਂ ਦੇ ਲਈ ਉੱਪਰ ਉੱਠਣਾ ਮੁਸ਼ਕਿਲ ਹੁੰਦਾ ਹੈ। |
| ਪੌੜੀ–ਦਰ–ਪੌੜੀ ਕਰਨ ਕੁਦਰਤੀ (ਸਭਾਵਿਕ) ਹੈ। | ਜਾਤੀਆਂ, ਨਸਲਾਂ, ਬਰਾਦਰੀਆਂ ਆਦਿ ਤੋਂ ਪੌੜੀ–ਦਰ–ਪੌੜੀ ਸਿਧਾਂਤ ਬਣਦਾ ਹੈ। |
| ਅੰਤਰ ਦਾ ਸਿਧਾਂਤ ਮਹੱਤਵਪੂਰਨ ਹੈ। | ਅੰਤਰ ਅਤੇ ਪੌੜੀ–ਦਰ–ਪੌੜੀ ਦੋਨੋਂ ਸਿਧਾਂਤ ਮਹੱਤਵਪੂਰਨ ਹਨ। |
| ਅਮਰੀਰਾ ਵਿੱਚ ਵਰਗ ਦਰਜ਼ਾਬੰਦੀ, ਖੁੱਲ੍ਹੀ ਵਿਵਸਥਾ ਦੀ ਇੱਕ ਉਧਾਹਰਣ ਹੈ। | ਭਾਰਤੀ ਅਤੇ ਜਾਤ ਦਰਜ਼ਾਬੰਦੀ, ਬੰਦ ਵਿਵਸਥਾ ਦੀ ਇੱਕ ਉਧਾਹਰਣ ਹੈ। |
| ਪੌੜੀ–ਦਰ–ਪੌੜੀ ਸਿਧਾਂਤ ਨਿਰੰਤਰ ਹੈ। | ਪੌੜੀ–ਦਰ–ਪੌੜੀ ਸਥਿਰ ਅਤੇ ਉਚਿਤ ਹੈ। |
| ਇਹ ਸਰਲ ਹੈ। | ਇਹ ਜਟਿਲ ਹੈ। |
| ਇਸ ਵਿੱਚ ਗਤੀ ਹੈ। | ਗਤੀਸ਼ਲਿਤਾ ਹੌਲੀ ਹੈ, ਅਤੇ ਇਸ ਵਿੱਚ ਮੁਸ਼ਕਿਲਾਂ ਵੀ ਹਨ। |
| ਵਿਵਸਥਾ ਵਿੱਚ ਸ਼੍ਰੇਣੀਆਂ ਮੁੱਖ ਹਨ। | ਸੰਬੰਧ ਵਿਵਸਥਾ ਨੂੰ ਮਹੱਤਵਪੂਰਨ ਕਰਦੇ ਹਨ। |

## 12.3 ਭਾਰਤ ਵਿੱਚ ਸਮਾਜਿਕ ਗਤੀਸ਼ਲਿਤ (Social Mobility in India)

ਕਿਉਂਕਿ ਭਾਰਤ ਵਿੱਚ ਜਾਤ ਵਿਵਸਥਾ ਇੱਕ ਧੁਰੀ ਬਣੀ ਹੋਈ ਹੈ, ਇਸ ਲਈ, ਸਮਾਜਿਕ ਗਤੀਸ਼ੀਲਤਾ ਇਸਦੇ ਇਰਦ–ਗਿਰਦ ਰਹਿੰਦੀ ਹੈ। ਪਰਿਭਾਸ਼ਾ ਦੀ ਦ੍ਰਿਸ਼ਟੀ ਤੋਂ, ਸਮਾਜਿਕ ਗਤੀਸ਼ਲਿਤਾ ਜਾਂ ਤਾਂ ਇੱਕ ਨਿਯੰਤ੍ਰਿਤ ਅਤੇ ਸਾਂਝੇ ਤੌਰ 'ਤੇ ਸਥਿਰ ਵਿਵਸਥਾ ਨੂੰ ਇੱਕ ਚੁਨੌਤੀ ਦਾ ਬੋਧ ਕਰਾਉਂਦੀ ਹੈ, ਜਾਂ ਇੱਕ ਸਮਾਜ ਦੇ ਮੈਂਬਰਾਂ ਦਾ ਰੁਤਬਾ ਅਤੇ ਭੂਮੀਕਾਵਾਂ ਵਿੱਚ ਥੋੜੀਆਂ ਤਬਦੀਲੀਆਂ ਨੂੰ ਸੱਦਾ ਦਿੰਦੀ ਹੈ, ਜਾਂ ਇੱਕ ਦ੍ਰਿੜ/ਦੂਰਗਾਮੀ/ਹੱਲ ਦੇ ਰੂਪ ਵਿੱਚ ਸਥਿਤ ਵਿਵਸਥਾ ਨੂੰ ਮਿਟਾਉਂਦੀ ਹੈ ਅਤੇ ਉਸਦੇ ਸਥਾਨ 'ਤੇ ਇੱਕ ਨਵੀਂ ਵਿਵਸਥਾ ਨੂੰ ਕਾਇਮ ਕਰਦੀ ਹੈ। ਦਰਜ਼ਾਬੰਦੀ ਦੀ ਇੱਕ ਵਿਸ਼ੇਸ਼ ਵਿਵਸਥਾ ਵਿੱਚ, ਵਿਵਸਥਾਵਾਂ ਅਤੇ ਤਬਦੀਲੀਆਂ ਨੂੰ ਦਿਗਮੰਡਲ ਗਤੀਸ਼ੀਲ ਜਾਂ ਪਰ–ਸਥਾਨ ਤਬਦੀਲੀ ਦਾ ਨਾਮ ਦਿੱਤਾ ਜਾਂਦਾ ਹੈ, ਮੂਲ ਪਰਿਵਰਤਨ ਸਧਾਰਨ ਗਠਨਾਤਮਕ/ਰਚਨਾਤਮਕ ਪ੍ਰਕਿਰਤੀ ਦੇ ਹੁੰਦੇ ਹਨ, ਅਤੇ ਉਨ੍ਹਾਂ ਤੋਂ ਇੱਕ ਵਿਵਸਥਾ ਨੂੰ ਚੁਨੌਤੀ ਮਿਲਦੀ ਹੈ। ਭਾਰਤੀ ਸਮਾਜ ਵਿੱਚ ਦਿਗਮੰਡਲ

ਅਤੇ ਸਧਾਰਨ ਗਠਨਾਤਮਕ ਦੋਨੋਂ ਗਤੀਸ਼ਲਿਤਾ ਪਾਈਆਂ ਜਾਂਦੀਆਂ ਹਨ। ਜਾਤ ਵਿਵਸਥਾ ਦੇ ਅੰਦਰ ਤਬਦੀਲੀ ਨੂੰ ਸਥਾਨਿਕ ਤਬਦੀਲੀ ਕਿਹਾ ਜਾਂਦਾ ਹੈ

ਅਤੇ ਵਿਵਸਥਾ ਦੇ ਪਰਿਵਰਤਨਾਂ ਨੂੰ ਸਧਾਰਨ ਗਠਨਾਤਮਕ ਜਾਂ ਰਚਨਾਤਮਕ, ਸਥਾਨੀਕਰਨ ਦੁਆਰਾ ਮਹੱਤਵਪੂਰਨ ਸਮਾਜਿਕ ਗਤੀਸ਼ਲਿਤਾ ਦਾ ਮਤਲਬ ਭਾਰਤੀ ਸਮਾਜ ਦੇ ਸੰਸਕ੍ਰਿਤ ਖੇਤਰ ਵਿੱਚ ਸਥਾਨਿਕ ਪਰਿਵਰਤਨ ਤੋਂ ਹੈ।

ਨੋਟਸ ਸੰਸਕ੍ਰਿਤਕਰਨ, ਪੱਛਮੀਕਰਨ, ਸਰਵਭੂਮੀਕਰਨ, ਸਥਾਨੀਕਰਨ ਦੁਆਰਾ ਮਹੱਤਵਪੂਰਨ ਸਮਾਜਿਕ ਗਤੀਸ਼ੀਲਤਾ ਦਾ ਮਤਲਬ ਭਾਰਤੀ ਸਮਾਜ ਦੇ ਸੰਸਕ੍ਰਿਤ ਸਮਾਜ ਖੇਤਰ ਵਿੱਚ ਸਥਾਨਕ ਤਬਦੀਲੀਆਂ ਤੋਂ ਹੈ।

ਨੋਟ

ਸਮਾਜਿਕ ਗਤੀਸ਼ੀਲਤਾ ਦੇ ਤਿੰਨ ਇਨਸਾਨੀ ਢੁੱਕ ਦੇ ਚਿੰਨ ਕੀਤੇ ਜਾ ਸਕਦੇ ਹਨ। ਇਹ ਹਨ–(i) ਰਚਨਾਤਮਕ–ਇਤਿਹਾਸਿਕ, (ii) ਮਾਰਕਸਵਾਦੀ, ਅਤੇ (iii) ਅਧੁਨੀਕਰਨ/ਸੰਸਕ੍ਰਿਤ। ਰਚਨਾਤਮਕ–ਇਤਿਹਾਸਿਕ ਇਨਸਾਨੀ ਢੁੱਕ ਵਿੱਚ ਰੁਤਬਾ (ਪੁਰਾਣੇ) ਸ਼ਹਿਰੀ ਪ੍ਰਭਾਵਸ਼ਾਲੀ ਲੋਕਾਂ ਨੂੰ ਹਟਾਕੇ ਪਿੰਡ ਵਿੱਚੋਂ ਗਤੀਸ਼ੀਲ ਲੋਕਾਂ ਨੂੰ ਉਨ੍ਹਾਂ ਦੀ ਥਾਂ ਸਥਾਪਿਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਰਾਜਨੀਤਕ ਚੇਤਨਾ ਅਤੇ ਰਾਜਨੀਤੀ ਦੇ ਜਾਤੀਕਰਨ ਦੁਆਰਾ ਐਸਾ ਸਮਾਜਿਕ ਬਦਲਾਵ ਹੋਇਆ ਹੈ। ਭੂਮੀ ਸੁਧਾਰਾਂ ਅਤੇ ਵੱਡੇ ਸੰਚਾਈ ਯੋਜਨਾ ਦੇ ਫਲ ਸਰੂਪ ਸਾਬਕਾ ਕਿਸਾਨਾਂ ਦੀ ਆਜ਼ਾਦੀ ਦਾ ਪੂੰਜੀਵਾਦਕਰਨ ਹੋਇਆ ਹੈ। ਸਮੰਤਵਾਦ ਦੇ ਨਾਸ਼ ਨਾਲ ਪੇਂਡੂ ਭਾਰਤ ਵਿੱਚ ਇੱਕ ਨਵੇਂ ਸਮਾਜਿਕ ਢਾਂਚੇ ਦੀ ਰਚਨਾ ਹੋਈ ਹੈ। ਇਹ ਵੀ ਤੱਥ ਹੈ ਕਿ ਰਚਨਾਤਮਕ ਤਬਦੀਲੀ ਦੇ ਕਾਰਣ ਧਨਵਾਨ ਗਰੀਬ, ਪੇਂਡੂ ਅਤੇ ਨਗਰ ਵਾਲੇ, ਅਤੇ ਸਥਾਨਕ, ਇਲਾਕਾਈ ਅਤੇ ਰਾਸ਼ਟਰੀ ਰਚਨਾਵਾਂ ਦੇ ਬਟਵਾਰੇ ਤੋਂ ਨਵੇਂ ਤਣਾਓ ਅਤੇ ਮੱਤਭੇਦ ਪੈਦਾ ਹੋਏ ਹਨ।

ਸਿੱਖਿਆ, ਨੌਕਰੀ ਅਤੇ ਚੁਨਾਉ ਵਿੱਚ ਆਰਕਸ਼ਨ ਨੀਤੀ ਦੇ ਕਾਰਣ ਭਾਰਤੀ ਸਮਾਜ ਦੇ ਪੂਰਵ–ਪਿਛੜੇ ਹੋਏ ਵਰਗਾਂ ਵਿੱਚੋਂ ਸ਼ਕਤੀ ਰਈਸ ਅਤੇ ਸਫ਼ੈਦਪੋਸ਼ ਲੋਕਾਂ ਦਾ ਇੱਕ ਨਵਾਂ ਵਰਗ ਵੀ ਉੱਭਰਿਆ ਹੈ। ਅਧੁਨੀਕਰਨ/ਸੰਸਕ੍ਰਿਤੀ ਇਨਸਾਨੀ ਢੁੱਕ ਵਿੱਚ ਮੁੱਲਾਂ ਅਤੇ ਪੱਧਰਾਂ ਦੀ ਰਚਨਾ ਵਿੱਚ ਪਰਿਵਰਤਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਐਮ.ਐਨ. ਸ਼੍ਰੀਨਿਵਾਸ ਅਤੇ ਮੈਕਿਮ ਮੈਰਿਅਟ ਨੇ ਸਹਿਜੇ ਸੰਸਕ੍ਰਿਤੀਕਰਨ ਅਤੇ ਪੱਛਮੀਕਰਨ, ਸਰਵਭੂਮੀਕਰਨ ਦੀਆਂ ਧਾਰਨਾਵਾਂ ਦੁਆਰਾ ਸੰਸਕ੍ਰਿਤਿਕ ਗਤੀਸ਼ੀਲਤਾ ਦਾ ਵਿਸ਼ਲੇਸ਼ਣ ਕੀਤਾ ਹੈ। ਮਾਰਕਸਵਾਦੀ ਇਨਸਾਨੀ ਢੁੱਕ ਦੇ ਅੰਤਰਗਤ, ਉਤਪਾਦਨ ਦੀ ਗਿਣਤੀ ਦਾ ਅਨੁਪਾਤ (ਵਿਵਸਥਾ), ਸਮਾਜਿਕ ਵਰਗਾਂ ਅਤੇ ਰਾਜ 'ਤੇ ਆਧਾਰਿਤ ਅੰਤਰ–ਸਮੂਹ ਸੰਬੰਧਾਂ ਦੀ ਵਿਆਖਿਆ ਕੀਤੀ ਹੈ। ਪੂੰਜੀਵਾਦੀ ਅਵਸਥਾ ਦੀ "ਭੂਮੀਕਾ ਦੇ ਹਵਾਲੇ ਵਿੱਚ, ਇਸ ਇਨਸਾਨੀ ਢੁੱਕ ਦੇ ਮੁੱਖ ਬਿੰਦੂ ਦਾ ਸੰਬੰਧ, ਆਧਾਰ ਅਤੇ ਜੱਥੇਬੰਦੀ ਜਾਂ ਕੇਂਦਰ ਅਤੇ ਸੀਮਾਂ ਦੇ ਵਿੱਚ ਸੰਬੰਧਾਂ ਤੋਂ ਹੈ।"

ਸਧਾਰਨਤਾ ਜਾਤ ਵਿਵਸਥਾ ਵਿੱਚ ਸਮਾਜਿਕ ਗਤੀਸ਼ੀਲਤਾ, ਰੁਤਬਾ ਨਿਰਧਾਰਨ ਦੀਆਂ ਕਸੌਟੀਆਂ ਵਿੱਚ ਪਰਿਵਰਤਨ, ਪਿਤਾ–ਪੁਰਖੀ ਕਿੱਤਾ, ਉਤਰ–ਅਧਿਕਾਰੀਆਂ, ਵਿਸ਼ੇਸ਼ ਧਾਰਮਿਕ ਕਾਰਵਾਈ ਦੀ ਪਾਲਣਾਂ, ਅਧੁਨਿਕ ਵਿਵਸਥਾਵਾਂ ਨੂੰ ਅਪਣਾਉਣ, ਸਿੱਖਿਆ, ਪ੍ਰਵਾਸ ਅਤੇ ਰਾਜਨੀਤਕ ਇਕਾਈਆਂ ਵਿੱਚ ਸ਼ਕਤੀ ਅਹੁਦਾ–ਸਥਾਨਾਂ ਦੇ ਮਾਧਿਅਮ ਤੋਂ ਦੇਖਦੇ ਹਨ। ਜਾਤ ਵਿਵਸਥਾ ਦੇ ਹਵਾਲੇ ਵਿੱਚ ਵੀ ਸਮਾਜਿਕ ਗਤੀਸ਼ੀਲਤਾ ਬਿਨਾਂ ਵੰਡ ਦੇ ਨਹੀਂ ਹੈ। ਸਮਾਜਿਕ ਗਤੀਸ਼ੀਲਤਾ ਪਰਿਵਾਰ, ਸਮੂਹ ਅਤੇ ਵਿਅਕਤੀ ਤਿੰਨਾਂ ਪੱਧਰਾਂ 'ਤੇ ਘਟਿਤ ਹੁੰਦੀ ਹੈ। ਇਨ੍ਹਾਂ ਤਿੰਨਾਂ ਪੱਧਰਾਂ 'ਤੇ ਵਿਸ਼ਲੇਸ਼ਣ ਦੁਆਰਾ ਹੀ ਅਸੀਂ ਗਤੀਸ਼ੀਲਤਾ ਦੇ ਸੰਪੂਰਣ ਘੇਰੇ (ਖੇਤਰ) ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਸਮਾਜਿਕ ਗਤੀਸ਼ੀਲਤਾ ਦੀ ਸੀਮਾ, ਸੰਖਿਆ ਅਤੇ ਗੁਣਵੱਤਾ ਨੂੰ ਵਿਅਕਤੀ, ਪਰਿਵਾਰ ਅਤੇ ਸਮੂ੍ ਨੂੰ ਵਿਸ਼ਲੇਸ਼ਣਾਤਮਿਕ ਦ੍ਰਿਸ਼ਟੀ ਤੋਂ ਅਲੱਗ–ਅਲੱਗ ਰੱਖ ਕੇ ਅਤੇ ਅਸਲੀਅਤ ਵਿੱਚ ਸਮਾਜਿਕ ਗਤੀਸ਼ੀਲਤਾ ਦੀ ਅੰਤਰ–ਸੰਬੰਧਿਤ ਇਕਾਈਆਂ ਮੰਨ ਕੇ ਦੇਖਿਆ–ਪਰਖਿਆ ਜਾ ਸਕਦਾ ਹੈ। ਗਤੀਸ਼ੀਲਤਾ ਦੇ ਤਿੰਨ ਪੱਧਰ ਵਿਸ਼ੇਸ਼ ਹਨ ਅਤੇ ਇੱਕ–ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ।

ਟਾਕਸ ਸਮਾਜਿਕ ਗਤੀਸ਼ੀਲਤਾ ਦੇ ਮੁੱਖ ਇਨਸਾਨੀ ਢੁੱਕ ਕੀ ਹਨ ?

ਮੋਟੇ ਤੌਰ 'ਤੇ, ਜਾਤ ਰਚਨਾ ਵਿੱਚ ਗਤੀਸ਼ੀਲਤਾ ਦੇ ਤਿੰਨ ਨਮੂਨਿਆਂ ਦਾ ਅਰਥ ਇਸ ਪ੍ਰਕਾਰ ਕਰ ਸਕਦੇ ਹੋ–(੧) ਉਹ ਪਰਿਵਾਰ ਅਤੇ ਸਮੂਹ ਹਨ, ਜਿਨ੍ਹਾਂ ਨੇ ਆਪਣੀਆਂ ਜਾਤੀਆਂ ਵਿੱਚ ਆਪਣੇ ਰੁਤਵੇ ਨੂੰ ਅਗਾਂਗਵਧੂ ਰੂਪ ਵਿੱਚ ਵਧਾਇਆ ਹੈ, (੧੧) ਐਸੇ ਪਰਿਵਾਰ ਅਤੇ ਸਮੂਹ ਹਨ ਜੋ ਅਗਾਂਹਵਧੂ ਰੂਪ ਤੋਂ ਨੀਵੇਂ ਪਾਏ ਗਏ ਹਨ; ਅਤੇ (੧੧੧) ਉਹ ਪਰਿਵਾਰ ਅਤੇ ਸਮੂਹ ਹਨ, ਜੋ ਉਲਟ ਦਸ਼ਾਵਾਂ ਦੇ ਵਾਵਜੂਦ ਵੀ, ਸਿੱਖਿਆ, ਲਾਭਕਾਰੀ ਕੰਮਾਂ, ਅਤੇ ਰਸਮੀ ਸ਼ਕਤੀ (ਸੱਤਾ) ਦੀ ਪ੍ਰਾਪਤੀ ਦੁਆਰਾ ਆਪਣਾ ਰੁਤਬਾ ਬਣਾਉਂਦੇ ਹਨ।

ਇਸ ਪ੍ਰਕਾਰ ਅਖੀਰਲੇ ਕੁੱਝ ਦਹਾਕਿਆਂ ਵਿੱਚ, ਸਿੱਖਿਆ, ਪ੍ਰਵਾਸ, ਅਧੁਨਿਕ ਕਿੱਤਿਆਂ ਤਕਨੀਕੀ ਉੱਨਤੀ ਰਾਜਨੀਤਕ ਚੇਤਨਾ

ਨੋਟ

ਅਤੇ ਭਾਗੀਦਾਰੀ, ਅਨੁਸੂਚਿਤ ਜਾਤਾਂ, ਅਨੁਸੂਚਿਤ ਛੋਟੀਆਂ ਜਾਤਾਂ, ਹੋਰ ਪਿੱਛੜੇ ਵਰਗਾਂ ਇਸਤਰੀਆਂ, ਅਪਾਹਿਜ ਆਦਿ ਦੇ ਲਈ ਆਰਕਸ਼ਨ ਨੀਤੀ ਦੁਆਰਾ ਬੇਸ਼ੱਕ ਸਮਾਜਿਕ ਗਤੀਸ਼ੀਲਤਾ ਵਿੱਚ ਵਾਧਾ ਹੋਇਆ ਹੈ। ਅਹੁਦਾ ਸਥਾਨਕ ਤਬਦੀਲੀ ਮੂਲ ਰਚਨਾਤਮਕ ਤਬਦੀਲੀ ਦੀ ਤੁਲਣਾ ਵਿੱਚ ਜ਼ਿਆਦਾ ਤੇਜ਼ ਗਤੀ ਨਾਲ ਹੁੰਦੀ ਹੈ। ਕੁੱਲ ਮਿਲਾਕੇ ਵਿਵਸਥਾ ਸਥਿਰ ਬਣੀ ਹੋਈ ਹੈ। ਵਿਵਸਥਾ ਵਿੱਚ ਪਰਿਵਰਤਨ ਹੈ, ਵਿਵਸਥਾ ਦੇ ਪਰਿਵਰਤਨ ਨਹੀਂ ਹਨ। ਜਾਤ ਵਿਵਸਥਾ ਦਾ ਪਿੱਛਾ ਕਰਦੀ ਅਤੇ ਜਾਤ ਪਹਿਚਾਣ ਦੀ ਮੁੜ ਰਚਨਾ, ਆਰਥਿਕ ਸਿਧਾਂਤਕ ਸਾਧਨਾਂ ਅਤੇ ਪ੍ਰਕਿਰਿਆਵਾਂ ਦੀ ਮੁੜ ਕਥਿਤ ਅਤੇ ਸ਼ਕਤੀ ਅਹੁਦਾ-ਸਥਾਨਾਂ 'ਤੇ ਕੁੱਝ ਲੋਕਾਂ ਦੀ ਪਕੜ ਦੇ ਕਾਰਨ ਭਾਰਤੀ ਸਮਾਜ ਵਿੱਚ ਮੂਲ ਰਚਨਾਤਮਕ ਪਰਿਵਰਤਨ ਨਹੀਂ ਹੋ ਰਹੇ ਹਨ।

## ਸਵੈ ਮੁਲਾਂਕਣ (Self Assessment)

1. ਖ਼ਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks) -

(i) ............ ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਦਾ ਇੱਕ ਉਚਿਤ ਲੱਛਣ ਹੈ।

(ii) ............ ਦੀ ਖੁੱਲ੍ਹੀ ਵਿਵਸਥਾ ਅੰਤ ਬਹੁਤ ਜ਼ਿਆਦਾ ਤਦ ਹੁੰਦੀ ਹੈ, ਜਦ ਗਤੀਸ਼ੀਲਤਾ ਅਤੇ ਵਰਗ ਰੁਤਬਾ ਨੂੰ ਇੱਕ ਮਾਤਰ ਸੰਖਿਆਜਨਕ ਪਰਿਵਰਤਨ 'ਤੇ ਰੱਖਿਆ ਜਾਂਦਾ ਹੈ।

(iii) ............ ਨੂੰ ਦਰਜ਼ਾਬੰਦੀ ਦੀ ਉਚਿਤ ਉਧਾਰਣ ਸਮਾਝਿਆ ਜਾਂਦਾ ਹੈ।

(iv) ............ ਦੇ ਅਨੁਸਾਰ, ਦਰਜ਼ਾਬੰਦੀ ਦੀ ਬੰਦ ਵਿਵਸਥਾ ਵਿੱਚ ਅੰਤਰ ਬੁਨਿਆਦੀ ਹੈ, ਅਤੇ ਪੌੜੀ-ਦਰ-ਪੌੜੀ ਸਿਧਾਂਤ ਇਨ੍ਹਾਂ 'ਤੇ ਅਧਾਰਿਤ ਹੈ।

(v) ............ ਵਿੱਚ, ਦਿਗਮੰਡਲ ਅਤੇ ਸਧਾਰਨ ਗਠਨਾਤਮਕ ਗਤੀਸ਼ੀਲਤਾ ਦੋਨੋਂ ਪਾਇਆਂ ਜਾਂਦੀਆਂ ਹਨ।

(vi) ਅਹੁਦਾ ਸਧਾਨਕ ਪਰਿਵਰਤਨ ਮੂਲ ............ ਪਰਿਵਰਤਨ ਦੀ ਤੁਲਣਾ ਵਿੱਚ ਜ਼ਿਆਦਾ ਤੇਜ਼ ਗਤੀ ਨਾਲ ਹੋਇਆ ਹੈ।

## 12.4 ਸਾਰ ਅੰਸ਼ (Summary)


- ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਨੂੰ ਇੱਕ ਇੱਛਾਧਾਰੀ ਵਿਅਕਤੀ ਦੀ ਗਤੀਸ਼ੀਲਤਾ ਦੁਆਰਾ ਵਰਣਨ ਕੀਤਾ ਜਾਂਦਾ ਹੈ। ਗਤੀਸ਼ੀਲਤਾ ਨੂੰ ਨਿਰਉਤਸ਼ਾਹਤ ਕਿਹਾ ਗਿਆ ਹੈ। ਦੋਨੋਂ ਵਿਵਸਥਾਵਾਂ ਵਿੱਚ ਉੱਤਰ ਦੀ ਤਰਫ਼ ਗਤੀਸ਼ੀਲਤਾ ਦੇ ਲਈ ਲੋਕਾਂ ਦੁਆਰਾ ਜ਼ਤਨ ਕੀਤੇ ਜਾਂਦੇ ਹਨ।
- ਗਤੀਸ਼ੀਲਤਾ ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਦਾ ਇੱਕ ਉਚਿਤ ਲੱਛਣ ਐਸੀ ਵਿਵਸਥਾ ਵਿੱਚ, ਅਕਸਰ ਦਿਗਮੰਡਲ ਗਤੀਸ਼ੀਲਤਾ ਘਟਦੀ ਹੈ, ਜਿਸ ਤੋਂ ਵਿਵਸਥਾ ਦੇ ਵਿਚਾਰਧਾਰਕ/ਰਚਨਾਤਮਕ ਆਧਾਰ ਨੂੰ ਕੋਈ ਚੁਨੌਤੀ ਦਾ ਖ਼ਤਰਾ ਨਹੀਂ ਹੁੰਦਾ ਹੈ। ਇਸ ਤਰ੍ਹਾਂ, ਵਿਵਸਥਾ ਬਣੀ ਰਹਿੰਦੀ ਹੈ ਅਤੇ ਵਿਅਕਤੀ ਦਿਗਮੰਡਲੀ ਰੂਪ ਵਿੱਚ ਉੱਪਰ ਜਾਂ ਨੀਚੇ ਹੁੰਦਾ ਰਹਿੰਦਾ ਹੈ।
- ਦਰਜ਼ਾਬੰਦੀ ਦੀ ਬੰਦ ਵਿਵਸਥਾ ਵਿੱਚ ਜਾਤ, ਨਸਲ, ਧਰਮ, ਸੰਬੰਧ ਆਦਿ ਪ੍ਰਮੁੱਖ ਵਿਚਾਰਨਯੋਗ ਪਹਿਲੂ ਹਨ। ਇਸ ਤਰ੍ਹਾਂ ਦੀ ਵਿਵਸਥਾ ਵਿੱਚ ਅਦਾਇਗੀ ਲੱਛਣਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ ਪਰ ਐਸੇ ਲੱਛਣਾਂ 'ਤੇ ਹਮੇਸ਼ਾਂ ਵਿੱਚ ਸੰਖਿਆ/ਚਿੰਨ ਲਗਾਏ ਜਾਂਦੇ ਹਨ ਅਤੇ ਉਹ ਵਿਵਾਦਪੂਰਨ ਹੁੰਦੇ ਹਨ।
- ਦਰਜ਼ਾਬੰਦੀ ਦੀ ਇੱਕ ਬੰਦ ਵਿਵਸਥਾ ਵਿੱਚ, ਪੌੜੀ-ਦਰ-ਪੌੜੀ ਸਿਧਾਂਤ ਵਿੱਚ ਉਨ੍ਹਾਂ ਸਭ ਲੋਕਾਂ ਦੀ ਭਾਗੀਦਾਰੀ/ਸਿਹਮਤੀ ਨਹੀਂ ਹੁੰਦੀ ਹੈ ਜੋ ਉਸ ਨਾਲ ਜੁੜੇ ਹੋਏ ਹਨ। "ਮੁੱਖ ਕਾਰਣ ਇਹ ਹੈ ਕਿ ਵਿਅਕਤੀ ਵਜਾਏ, ਇੱਕ ਸਮੂਹ ਜਾਂ ਇੱਕ ਉੱਚ-ਸਮੂਹ ਨੂੰ ਉੱਚੇ ਜਾਂ ਨੀਵੇਂ ਰੂਪ ਵਿੱਚ ਸ਼੍ਰੇਣੀਵਾਰ ਕੀਤਾ ਜਾਂਦਾ ਹੈ।
- ਸਮਾਜਿਕ ਦਰਜ਼ਾਬੰਦੀ ਦੀ ਬੰਦ ਅਤੇ ਖੁੱਲ੍ਹੀ ਵਿਵਸਥਾਵਾਂ ਇੱਕ-ਦੂਜੇ ਦੇ ਉਲਟ ਨਹੀਂ ਹਨ, ਦੋਨੋਂ ਇੱਕ ਸਕੇ ਹਨ, ਇੱਕ ਵਿੱਚ ਦੂਸਰੇ ਦੇ ਕੁੱਝ ਲੱਛਣ ਹਨ।
- ਕਿਉਂਕਿ ਭਾਰਤ ਵਿੱਚ ਜਾਤ ਵਿਵਸਥਾ ਇੱਕ ਧੁਰੀ ਬਣੀ ਹੋਈ ਹੈ, ਇਸ ਲਈ, ਸਮਾਜਿਕ ਗਤੀਸ਼ੀਲਤਾ ਇਸਦੇ ਇਰਦ-ਗਿਰਦ ਰਹਿੰਦੀ ਹੈ। ਪਰਿਭਾਸ਼ਾ ਦੀ ਦ੍ਰਿਸ਼ਟੀ ਤੋਂ, ਸਮਾਜਿਕ ਗਤੀਸ਼ਲਿਤਾ ਜਾਂ ਤਾਂ ਇੱਕ ਨਿਯੰਤ੍ਰਿਤ ਅਤੇ ਸਾਂਝੇ

ਨੋਟ

ਤੌਰ 'ਤੇ ਸਥਿਰ ਵਿਵਸਥਾ ਨੂੰ ਇੱਕ ਚੁਨੌਤੀ ਦਾ ਬੋਧ ਕਰਾਉਂਦੀ ਹੈ, ਜਾਂ ਇੱਕ ਸਮਾਜ ਦੇ ਮੈਂਬਰਾਂ ਦਾ ਰੁਤਬਾ ਅਤੇ ਭੂਮੀਕਾਵਾਂ ਵਿੱਚ ਥੋੜੀਆਂ ਤਬਦੀਲੀਆਂ ਨੂੰ ਸੱਦਾ ਦਿੰਦੀ ਹੈ।

- ਸਮਾਜਿਕ ਗਤੀਸ਼ੀਲਤਾ ਦੇ ਤਿੰਨ ਇਨਸਾਨੀ ਢੁੱਕ ਦੇ ਚਿੰਨ ਕੀਤੇ ਜਾ ਸਕਦੇ ਹਨ। ਇਹ ਹਨ-(i) ਰਚਨਾਤਮਕ-ਇਤਿਹਾਸਿਕ, (ii) ਮਾਰਕਸਵਾਦੀ, ਅਤੇ (iii) ਅਧੁਨੀਕਰਨ/ਸੰਸਕ੍ਰਿਤ। ਰਚਨਾਤਮਕ-ਇਤਿਹਾਸਿਕ ਇਨਸਾਨੀ ਢੁੱਕ ਵਿੱਚ ਰੁਤਬਾ (ਪੁਰਾਣੇ) ਸ਼ਹਿਰੀ ਪ੍ਰਭਾਵਸ਼ਾਲੀ ਲੋਕਾਂ ਨੂੰ ਹਟਾਕੇ ਪਿੰਡ ਵਿੱਚੋਂ ਗਤੀਸ਼ੀਲ ਲੋਕਾਂ ਨੂੰ ਉਨ੍ਹਾਂ ਦੀ ਥਾਂ ਸਥਾਪਿਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ।

## 12.5 ਸ਼ਬਦਕੋਸ਼ (Keywords)

- ਰਈਸ : ਭਲੀ ਯੋਗ
- ਅਸਮਾਨਤਾਵਾਂ : ਗਰੂਰ, ਘਮੰਡ

## 12.6 ਅਭਿਆਸ-ਪ੍ਰਸ਼ਨ (Review Questions)

1. ਸਮਾਜਿਕ ਦਰਜ਼ਾਬੰਦੀ ਦੀ ਕੀ ਪਰਿਭਾਸ਼ਾ ਹੈ ? ਸਮਾਜਿਕ ਦਰਜ਼ਾਬੰਦੀ ਦੀ ਖੁੱਲ੍ਹੀ ਵਿਵਸਥਾ ਦੀ ਗਤੀਸ਼ੀਲਤਾ ਦੀ ਵਿਆਖਿਆ ਕਰੋ।
2. ਸਮਾਜਿਕ ਦਰਜ਼ਾਬੰਦੀ ਦੀ ਬੰਦ ਵਿਵਸਥਾ ਦੀ ਗਤੀਸ਼ੀਲਤਾ ਦੇ ਅਰਥ ਕਰੋ ਅਤੇ ਅਤੇ ਦਰਜ਼ਾਬੰਦੀ ਦੀ ਬੰਦ ਅਤੇ ਖੁੱਲ੍ਹੀ ਵਿਵਸਥਾਵਾਂ ਦੀ ਅਲੋਚਨਾਤਮਕ ਤੁਲਨਾ ਕਰੋ।
3. ਭਾਰਤ ਵਿੱਚ ਪਾਈ ਜਾਣ ਵਾਲੀ ਸਮਾਜਿਕ ਗਤੀਸ਼ੀਲਤਾ 'ਤੇ ਪ੍ਰਕਾਸ਼ ਪਾਓ।

### ਉੱਤਰ: ਸਵੈ ਮੁਲਾਂਕਣ (Answers: Self Assessment)

(i) ਗਤੀਸ਼ੀਲਤਾ  (ii) ਦਰਜ਼ਾਬੰਦੀ

(iii) ਦੀਪਾਂਕਰ ਗੁਪਤਾ  (iv) ਭਾਰਤੀ ਸਮਾਜ

## 12.7 ਸੰਬੰਧਿਤ ਪੁਸਤਕਾਂ (Further Readings)

ਬੁਕਸ


1. ਸ਼ਰਮਾ, ਕੇ.ਐਲ., 1980 ਏਸੇ ਆਨ ਸ਼ਪੇਸ਼ਲ ਸਟ੍ਰੈਟੀਫਿਕੇਸ਼ਨ, ਰਾਵਤ ਪਬਲਿਕੇਸ਼ਨ, ਜੈਪੁਰ।
2. ਸ਼ਰਮਾ, ਕੇ.ਐਲ., 1997 ਸ਼ਪੈਸ਼ਲ ਸਟ੍ਰੈਟੀਫਿਕੇਸ਼ਨ ਐਂਡ ਮੋਬਾਈਲਟੀ, (ਰੀਪ੍ਰਿੰਟ) ਰਾਵਤ ਪਬਲਿਕੇਸ਼ਨਜ਼, ਜੈਪੁਰ ਐਂਡ ਦਿੱਲੀ।

ਨੋਟ

# ਇਕਾਈ 13: ਸਮਾਜਿਕ ਦਰਜਾਬੰਦੀ ਦੇ ਆਯਾਮ ਵਿੱਚ ਪਰਿਵਰਤਨ (Changing Dimensions of Social Stratification)

ਵਿਸ਼ੇ ਵਸਤੂ (**Contents**)


ਉਦੇਸ਼ (Objectives)

ਜਾਣਕਾਰੀ (Introduction)

13.1 ਭਾਰਤ ਵਿੱਚ ਸਮਾਜਿਕ ਦਰਜਾਬੰਦੀ ਦੇ ਨਮੂਨੇ ਦਾ ਪ੍ਰਗਟਾਵਾ (Emerging Patterns of Social Stratification in India)

13.2 ਸਾਰ ਅੰਸ਼ (Summary)

13.3 ਸ਼ਬਦਕੋਸ਼ (Keywords)

13.4 ਅਭਿਆਸ ਪ੍ਰਸ਼ਨ (Review Questions)

13.5 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਭਾਰਤ ਵਿੱਚ ਸਮਾਜਿਕ ਦਰਜਾਬੰਦੀ ਦੇ ਨਮੂਨੇ ਦਾ ਪ੍ਰਗਟਾਵੇ ਦੀ ਵਿਆਖਿਆ ਕਰਨ ਵਿੱਚ।

## ਜਾਣਕਾਰੀ (Introduction)

ਹੁਣ ਤੱਕ ਅਸੀਂ ਦਰਜਾਬੰਦੀ ਨਾਲ ਸੰਬੰਧਿਤ ਕੁੱਝ ਬੁਨਿਆਦੀ ਧਾਰਣਾਵਾਂ, ਜਿਵੇਂ ਕਿ ਸਮਾਨਤਾ, ਅਸਮਾਨਤਾ, ਪੌੜੀ-ਦਰ-ਪੌੜੀ ਸਿਧਾਂਤ, ਅਲਹਿਦਗੀ, ਗਰੀਬੀ ਅਤੇ ਵੰਚਣ ਦੀ ਵਿਆਖਿਆ ਕੀਤੀ ਹੈ। ਅਸੀਂ ਸਮਾਜਿਕ ਦਰਜਾਬੰਦੀ ਦੇ ਸਿਧਾਂਤ, ਭਾਵ ਮਾਰਕਸਵਾਦੀ, ਵੇਬਰਵਾਦੀ ਅਤੇ ਰਚਨਾਤਮਕ-ਵਿਵਹਾਰਕ ਸਿਧਾਂਤਾਂ ਦੀ ਜਾਂਚ ਵੀ ਕੀਤੀ ਹੈ। ਕਿਉਂਕਿ, ਸਾਡਾ ਮੁੱਖ ਧਿਆਨ ਉਪਯੁਕਤ ਧਾਰਨਾਵਾਂ 'ਤੇ ਹੈ, ਅਸੀਂ ਭਾਰਤੀ ਸਮਾਜ ਦੇ ਆਪਣੇ ਅਨੁਭਵ ਅਤੇ ਸਮਝ 'ਤੇ ਇਨ੍ਹਾਂ ਨੂੰ ਆਧਾਰਿਤ ਕੀਤਾ ਹੈ, ਤਾਂ ਕਿ ਇਨ੍ਹਾਂ ਧਾਰਨਾਵਾਂ ਅਤੇ ਸਿਧਾਂਤਾਂ ਨੂੰ ਭਾਰਤੀ ਸਮਾਜ ਨਾਲ ਜੋੜ ਸਕਣ। ਇਸ ਇਕਾਈ ਵਿੱਚ ਅਸੀਂ ਭਿੰਨ-ਭਿੰਨ ਵਿਚਾਰ, ਵਿਵਸਥਾਵਾਂ ਅਤੇ ਰਚਨਾਵਾਂ ਦੀਆਂ ਧਾਰਣਾਵਾਂ ਤੋਂ ਪ੍ਰੇਰਿਤ ਹੋ ਕੇ, 'ਸਮਾਜਿਕ ਦਰਜਾਬੰਦੀ' ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਦੂਜਾ, ਸਮਾਜਿਕ ਦਰਜਾਬੰਦੀ ਦੇ ਮੁੱਖ ਆਯਾਮ, ਜਿਵੇਂ ਕਿ ਮੈਕਸ ਵੇਬਰ ਨੇ ਕਿਹਾ ਹੈ-ਆਰਥਿਕ, ਸਮਾਜਿਕ ਅਤੇ ਰਾਜਨੀਤਕ ਹਨ, ਅਤੇ ਕਾਰਲ ਮਾਰਕਸ ਦੇ ਅਨੁਸਾਰ, 'ਕੇਵਲ ਵਰਗ' ਹੈ, ਉਨ੍ਹਾਂ 'ਤੇ ਜ਼ੋਰ ਦਿੱਤਾ ਹੈ।ਵਰਗ, ਪਰਿਸਥਿਤੀ ਅਤੇ ਸ਼ਕਤੀ ਜਿਹੇ ਨਿਰੰਤਰਿਤ ਆਯਾਮਾਂ ਅਤੇ ਸਾਮਾਜਿਕ ਦਰਜਾਬੰਦੀ ਦੇ ਸਿਧਾਂਤ ਦੇ ਨਾਲ ਯੌਨ ਵੀ ਇੱਕ ਆਯਾਮ ਦੇ ਰੂਪ ਵਿੱਚ ਜੋੜ ਦਿੱਤਾ ਗਿਆ ਹੈ। ਦੋ ਹੋਰ ਆਯਾਮ, ਭਾਵ ਸਮਜਾਤੀ ਅਤੇ ਨਸਲ ਦਰਜਾਬੰਦੀ ਦੇ ਸੰਸਕ੍ਰਿਤਿਕ ਆਯਾਮਾਂ ਦੇ ਰੂਪ ਵਿੱਚ ਚਰਚਿਤ ਹੈ।

## 13.1 ਭਾਰਤ ਵਿੱਚ ਸਮਾਜਿਕ ਦਰਜਾਬੰਦੀ ਦੇ ਨਮੂਨੇ ਦਾ ਪ੍ਰਗਟਾਵਾ (Emeging Patterns of Social Stratification in India)

ਸਮਾਜਿਕ ਦਰਜਾਬੰਦੀ ਦੇ ਆਯਾਮਾਂ ਦੀ ਅਸੀਂ ਨਿਮਨ ਢੰਗਾਂ ਵਿੱਚ ਵਿਆਖਿਆ ਕਰਾਂਗੇ-

1. ਵਰਗ

ਨੋਟ

2. ਦਰਜਾ ਸਮੂਹ ਜਾਂ ਜਾਤੀਆਂ
3. ਸ਼ਕਤੀ
4. ਲਿੰਗ ਭੇਦ
5. ਸਮਜਾਤੀਵਾਦ
6. ਪ੍ਰਜਾਤੀ

ਇਨ੍ਹਾਂ ਆਯਾਮਾਂ ਤੇ ਵਿਵੇਚਨ ਨਾਲ ਨਾ ਕੇਵਲ ਸਮਾਜਿਕ ਦਰਜਾਬੰਦੀ ਦੇ ਆਰਥਿਕ, ਸਮਾਜਿਕ ਰਾਜਨੀਤਿਕ ਅਤੇ ਸੱਭਿਆਚਾਰਕ ਪਹਿਲੂਆਂ ਦੀ ਹੀ ਸਮਝ ਪ੍ਰਾਪਤ ਹੋਵੇਗੀ, ਬਲਕਿ ਇਸ ਨਾਲ ਵਿਸ਼ਿਸ਼ਟ ਪਰਿਸਥਿਤੀਆਂ ਅਤੇ ਕਾਰਕਾਂ ਦੀ ਜਾਣਕਾਰੀ ਵੀ ਹੋਵੇਗੀ, ਜਿਸ ਨਾਲ ਵਿਸ਼ਿਸ਼ਟ ਕਾਰਕਾਂ ਦੀ ਮਿਲੀ-ਜੁਲੀ ਪ੍ਰਕਿਰਤੀ ਅਤੇ ਸਭ ਪ੍ਰਕਾਰਾਂ ਦੀ ਦਰਜਾਬੰਦੀ ਵਿਵਸਥਾਵਾਂ ਦੀ ਵੀ ਸਮਝ ਪ੍ਰਾਪਤ ਹੋਵੇਗੀ। ਸਮਾਜਿਕ ਦਰਜਾਬੰਦੀ ਦੇ ਇਨ੍ਹਾਂ ਸਭ ਖੇਤਰਾਂ/ਆਯਾਮਾਂ ਨੂੰ ਵਰਤਮਾਨ ਭਾਰਤੀ ਸਮਾਜ ਦੇ ਸੰਦਰਭ ਵਿਚ ਉਹਨਾਂ ਦੇ ਮਹੱਤਵ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇਗਾ।

### 1. ਵਰਗ (Class)

ਕਾਰਲ ਮਾਰਕਸ ਅਤੇ ਮੈਕਸ ਵੇਬਰ ਤੋਂ ਬਹੁਤ ਪਹਿਲਾਂ, ਐਡਮ ਸਮਿਥ ਨੇ ਆਪਣੇ ਨਿਬੰਧ-'ਐਨ ਇਨਕੁਆਰੀ ਇਨ ਟੂ ਦਿ ਨੇਚਰ ਐਂਡ ਕਾਲੇਜ ਓਫ ਦਿ ਵੈਲਦ ਓਫ ਨੇਸ਼ਨਜ਼' ਵਿਚ ਪੂੰਜੀਪਤੀਆਂ ਅਤੇ ਮਜ਼ਦੂਰਾਂ ਦੀ ਚਰਚਾ ਕੀਤੀ ਸੀ। ਅਸੀਂ ਅਨੁਮਾਨਿਤ ਕਰਦੇ ਹਾਂ ਕਿ ਮਾਰਕਸ ਆਪਣੇ ਵਰਗ, ਵਰਗ ਸੰਘਰਸ਼ ਅਤੇ ਵਰਗ ਚੇਤਨਾ ਦੇ ਸਿਧਾਂਤ ਦੀ ਰਚਨਾ ਵਿੱਚ ਸਮਿਥ ਤੋਂ ਕਾਫ਼ੀ ਪ੍ਰੇਰਿਤ ਹੋਏ ਸਨ। ਸਮਿਥ ਨੇ ਮਿਹਨਤ ਅਤੇ ਮਿਹਨਤ ਸ਼ਕਤੀ ਦੇ ਮਹੱਤਵ ਦੀ ਅਨੁਭੂਤੀ ਉਸ ਸਮੇਂ ਕੀਤੀ ਜਦ ਮਜ਼ਦੂਰ ਇੱਕ ਭੂ ਸਵਾਮੀ ਜਾ ਇਕ ਮਾਲਕ ਦੇ ਅਧੀਨ ਨਹੀਂ ਸੀ। ਜਦੋਂ ਭੂਮੀ ਇਕ ਨਿਜੀ ਸੰਪਤੀ ਬਣੀ, ਤਾਂ ਭੂ ਸਵਾਮੀ ਨੇ ਲਗਭਗ ਪੂਰੀ ਉਪਜ ਵਿੱਚ ਹਿੱਸੇ ਦੀ ਮੰਗ ਕੀਤੀ। ਜਿਸ ਨੂੰ ਮਜ਼ਦੂਰ ਨੇ ਵਧਾਇਆ ਸੀ ਜਾਂ ਸੰਚਿਤ ਕੀਤਾ ਸੀ। ਭੂਮੀਵਾਸੀ ਦਾ ਲਗਾਨ ਸਭ ਤੋਂ ਪਹਿਲਾਂ ਉਪਜ ਵਿੱਚੋਂ ਕੱਢਿਆ ਜਾਂਦਾ ਸੀ, ਜੋ ਮਜ਼ਦੂਰ ਜ਼ਮੀਨ ਤੋਂ ਪੈਦਾ ਕਰਦਾ ਸੀ।

ਦੂਸਰਾ ਮੁੱਦਾ ਇਹ ਸੀ ਕਿ ਜੋ ਵਿਅਕਤੀ ਖੇਤੀ ਕਰਦਾ ਸੀ, ਉਸ ਨੂੰ ਫ਼ਸਲ ਤਿਆਰ ਹੋਣ ਤੱਕ ਆਪਣੇ ਆਪ ਨੂੰ ਕਾਰਜਸ਼ੀਲ ਰੱਖਣ ਦੇ ਲਈ ਅਤੇ ਖੇਤੀ ਦੇ ਲਈ ਜ਼ਰੂਰੀ ਧਨ ਆਦਿ ਜੁਟਾਓਣਾ ਪੈਂਦਾ ਸੀ। ਮਾਲਿਕ ਆਪਣੇ ਅਸਤਿਤਵ ਦੇ ਲਈ ਅਗ੍ਰਿਮ ਰਾਸ਼ੀ ਦਿੰਦਾ ਸੀ ਅਤੇ ਉਸ ਦੇ ਬਦਲੇ ਵਿਚੋਂ ਕਿਸਾਨ ਦੀ ਮਿਹਨਤ ਤੇ ਆਧਾਰਿਤ ਉਪਜ ਵਿੱਚ ਹਿੱਸਾ ਲੈਂਦਾ ਸੀ। ਤੀਸਰੀ ਗੱਲ ਇਹ ਸੀ ਕਿ ਲਗਭਗ ਹਰ ਪ੍ਰਕਾਰ ਦੇ ਕਿੱਤੇ ਤੇ ਆਧਾਰਿਤ ਉਪਜ ਤੇ ਮਾਲਿਕ ਆਪਣਾ ਹਿੱਸਾ ਲਾਭ ਸਮਝ ਕੇ ਵਸੂਲ ਕਰਦਾ ਸੀ। ਸਮਿਥ ਦੇ ਅਨੁਸਾਰ, "ਸਭ ਤਰ੍ਹਾਂ ਦੇ ਕੰਮਾਂ ਅਤੇ ਉਤਪਾਦਾਂ ਵਿੱਚ ਜ਼ਿਆਦਾਤਰ ਕਾਰੀਗਰਾਂ ਨੂੰ ਇਕ ਮਾਲਿਕ ਦੀ ਜ਼ਰੂਰਤ ਹੁੰਦੀ ਸੀ, ਜੋ ਉਹਨਾਂ ਨੂੰ ਅਗ੍ਰਿਮ ਤੌਰ ਤੇ ਕੰਮ ਦੇ ਲਈ ਮਾਲ (ਸਮਾਨ), ਵੇਤਨ ਅਤੇ ਭੱਤਾ, ਕੰਮ ਪੂਰਾ ਹੋਣ ਤੱਕ ਦੇ ਸਕੇ। ਉਹਨਾਂ ਦੀ (ਮਜ਼ਦੂਰਾਂ) ਮਿਹਨਤ ਦੀ ਉਪਜ ਵਿੱਚੋਂ ਮਾਲਿਕ ਦਾ ਹਿੱਸਾ ਹੁੰਦਾ ਸੀ, ਜਾਂ ਅਗ੍ਰਿਮ ਸਾਮਾਨ ਦੇ ਕਾਰਣ ਮੁੱਲ ਵਿੱਚ ਵਾਧਾ ਤੇ ਆਪਣਾ ਲਾਭ ਮੰਗ ਕੇ ਹਿੱਸਾ ਲੈਂਦੇ ਸਨ।"

ਅਜਿਹੇ ਸੁਤੰਤਰ ਵਿਅਕਤੀ ਬਹੁਤ ਘੱਟ ਹਨ ਜੋ ਮਾਲਿਕ ਅਤੇ ਮਜ਼ਦੂਰ ਦੋਨਾਂ ਦੀਆਂ ਭੂਮੀਕਾਵਾਂ ਨਿਭਾਉਂਦੇ ਹਨ। ਮਾਲਿਕ ਆਸਾਨੀ ਨਾਲ ਕਾਨੂੰਨ ਅਤੇ ਸੱਤਾ ਦੇ ਪਦ ਤੇ ਅਸੀਨ ਹੋ ਸਕਦੇ ਹਨ, ਪਰੰਤੂ ਮਜ਼ਦੂਰ ਅਜਿਹਾ ਨਹੀਂ ਕਰ ਸਕਦਾ। ਮਜ਼ਦੂਰ ਕੇਵਲ ਇਕ ਕੰਮ ਨਾਲ ਜੀਵਨ ਨਿਰਵਾਹ ਨਹੀਂ ਕਰ ਸਕਦਾ, ਜਦ ਕਿ ਮਾਲਿਕ ਭੂ ਸਵਾਮੀ, ਮਾਲਿਕ ਉਤਪਾਦਨ ਕਰਤਾ ਅਤੇ ਵਪਾਰੀ ਖੁਦ ਤੇ ਬਹੁਤ ਲੰਬੇ ਸਮੇਂ ਤੱਕ ਨਿਰਭਰ ਰਹਿ ਸਕਦੇ ਹਨ। ਇਸ ਪ੍ਰਕਾਰ ਸਮਿਥ ਨੇ ਸਪੱਸ਼ਟ ਰੂਪ ਵਿੱਚ ਸਮਾਜ ਦੇ ਵਰਗਾਂ (ਵਿਸ਼ੇਸ਼ਃ ਦੋ) ਵਿੱਚ ਵੰਡਿਆ ਹੈ।

ਐਡਮ ਸਮਿੱਥ ਦੇ ਵਰਗਾਂ, ਅਰਥਾਤ, ਪੂੰਜੀਪਤੀਆਂ ਅਤੇ ਮਜ਼ਦੂਰਾਂ ਦੇ ਵਿਚਾਰ ਤੇ ਸਹਿਮਤੀ ਪ੍ਰਗਟ ਕਰਦੇ ਹੋਏ ਸਮਿਥ ਦੇ ਸਮਕਾਲੀਨ ਥੋਮਸ, ਆਰ. ਮਾਲਥਸ ਨੇ ਲਿਖਿਆ ਹੈ – "ਹਰ ਸਮਾਜ, ਜੋ ਆਦਮ ਅਵਸਥਾ ਤੋਂ ਉੱਪਰ ਉੱਠ ਚੁੱਕਾ ਹੈ, ਉਸ ਵਿੱਚ ਜ਼ਰੂਰ ਹੀ ਇਕ ਵਰਗ ਮਾਲਕਾਂ ਦਾ ਅਤੇ ਇੱਕ ਵਰਗ ਮਜ਼ਦੂਰਾਂ ਦਾ ਹੋਣਾ ਚਾਹੀਦਾ ਹੈ।" ਇਸ ਦਾ ਅਰਥ ਇਹ ਨਹੀਂ ਕਿ ਵਰਤਮਾਨ

ਨੋਟ

ਸੰਪਤੀ ਤੇ ਆਧਾਰਿਤ ਅਤਿਅੰਤ ਅਸਮਾਨਤਾ ਜਾ ਤਾਂ ਜ਼ਰੂਰੀ ਹੈ ਜਾਂ ਸਮਾਜ ਦੇ ਲਈ ਲਾਭਦਾਇਕ ਹੈ। ਸਮਝਣਾ ਚਾਹੀਦਾ ਹੈ ਕਿ ਇਹ ਇਕ ਬੁਰਾਈ ਹੈ। ਅਤੇ ਹਰ ਸੰਸਥਾ, ਜੋ ਇਸ ਨੂੰ ਸ਼ੈਅ ਦਿੰਦੀ ਹੈ ਉਹ ਜ਼ਰੂਰ ਹੀ ਖਰਾਬ ਅਤੇ ਅਸੱਭਿਅ ਹੈ, ਮਾਲਥਸ ਨੇ ਮਾਰਕਸ ਤੋਂ ਬਹੁਤ ਪਹਿਲਾਂ ਗਰੀਬ ਦੇ ਸਮਰਥਨ ਵਿੱਚ ਮਾਰਕਸਵਾਦੀ ਭਾਸ਼ਾ ਦਾ ਉਪਯੋਗ ਕੀਤਾ ਹੈ। ਮਾਲਥਸ ਨੇ ਕਿਹਾ ਹੈ ਕਿ ਮਜ਼ਦੂਰਾਂ ਦੇ ਵਰਗ ਦੀ ਇਕ ਮਾਤਰ ਸੰਪਤੀ ਉਹਨਾਂ ਦੀ ਮਿਹਨਤ ਹੈ। ਮਜ਼ਦੂਰਾਂ ਦੇ ਕੋਲ ਕੇਵਲ ਇਹੀ ਵਸਤੂ ਹੈ, ਜੋ ਉਹ ਆਪਣੇ ਜੀਵਨ ਦੀਆਂ ਜ਼ਰੂਰਤਾਂ ਦੇ ਬਦਲੇ ਵਿੱਚ ਦਿੰਦਾ ਹੈ।

### ਮਾਰਕਸਵਾਦੀ ਵਰਗ ਦੀ ਧਾਰਨਾ

ਮਾਰਕਸ ਦੇ ਅਨੁਸਾਰ ਮਜ਼ਦੂਰ, ਪੂੰਜੀਪਤੀ ਅਤੇ ਭੂ-ਸਵਾਮੀ, ਤਿੰਨ ਵਰਣ ਪਾਏ ਜਾਂਦੇ ਹਨ। ਮੱਧ ਅਤੇ ਵਿਚਕਾਰ ਦੇ ਦਰਜੇ ਵੀ ਹਨ, ਪਰੰਤੂ ਪੂੰਜੀਪਤੀ ਉਤਪਾਦਨ ਵਿਵਸਥਾ ਵਿੱਚ ਭੂ-ਸਵਾਮੀ ਲੁਪਤ ਹੋ ਜਾਂਦੇ ਹਨ। ਕੇਵਲ ਪੂੰਜੀਪਤੀ ਅਤੇ ਵੇਤਨ ਮਜ਼ਦੂਰ, ਦੋ ਵਰਗ ਹੀ ਰਹਿ ਜਾਂਦੇ ਹਨ, ਜਿਨ੍ਹਾਂ ਨੂੰ ਮਾਰਕਸ ਨੇ ਮਾਲਿਕ (ਬੁਜ਼ੁਰੂਆ) ਅਤੇ ਮਿਹਨਤੀ ਵਿਅਕਤੀ (ਪ੍ਰੋਲਿਤੇਰਿਅਤ) ਦਾ ਨਾਮ ਦਿੱਤਾ ਹੈ। ਬੁਜ਼ੁਰੂਆ ਦੇ ਕੋਲ ਪੂੰਜੀ ਹੈ, ਇਸ ਲਈ ਉਹ ਸ਼ਾਸਕ ਹੋ ਜਾਂਦੇ ਹਨ। ਪ੍ਰੋਲਿਤੇਰਿਅਤ (ਮਿਹਨਤੀ ਵਿਅਕਤੀ) ਪੂੰਜੀ ਵਿਹੀਣ ਹੈ, ਇਸ ਲਈ ਉਹ ਇਕ ਸ਼ੋਸ਼ਿਤ ਵਰਗ ਹੁੰਦੇ ਹਨ। ਇਹਨਾਂ ਦੋ ਵਰਗਾਂ ਦੇ ਵਿੱਚ ਸਬੰਧ ਉਤਪਾਦਨ ਦੀ ਪੂੰਜੀਵਾਦੀ ਵਿਵਸਥਾ ਵਿੱਚ ਉਹਨਾਂ ਦੇ ਆਪਣੇ ਪਦ-ਸਥਾਨਾਂ ਤੇ ਨਿਰਧਾਰਿਤ ਹੁੰਦੇ ਹਨ। ਸਮਾਜ ਵਿੱਚ ਹੋਰ ਸਭ ਸੰਬੰਧ ਇਨ੍ਹਾਂ ਆਧਾਰ ਭੂਤ ਸੰਬੰਧਾਂ ਦੁਆਰਾ ਨਿਰਧਾਰਿਤ ਹੁੰਦੇ ਹਨ। ਮਾਰਕਸ ਨੇ ਆਧਾਰ ਭੂਤ ਸੰਬੰਧਾਂ ਦੇ ਆਧਾਰ ਅਤੇ ਇਨ੍ਹਾਂ ਤੇ ਆਧਾਰਿਤ ਸੰਬੰਧਾਂ ਨੂੰ ਅਧਿਸੰਰਚਨਾ ਦਾ ਨਾਮ ਦਿੱਤਾ ਹੈ।

ਕਾਰਲ ਮਾਰਕਸ ਅਤੇ ਫ੍ਰੈਡਰਿਕ ਐਂਜਲਸ ਨੇ ਮੈਨੀਫੈਸਟੋ ਓਫ ਦਿ ਕਮਿਊਨਿਸਟ ਪਾਰਟੀ ਵਿੱਚ ਇਨ੍ਹਾਂ ਦੋ ਵਰਗਾਂ ਅਰਥਾਤ ਪੂੰਜੀਪਤੀ ਅਤੇ ਮਿਹਨਤੀ ਵਿਅਕਤੀ ਦਾ ਇਕ ਸਪੱਸ਼ਟ ਉਲੇਖ ਕੀਤਾ ਹੈ ਉਹ ਲਿਖਦੇ ਹਨ ਕਿ "ਅੱਜ ਤੱਕ ਸਾਰੇ ਮੌਜੂਦ ਸਮਾਜ ਦਾ ਇਤਿਹਾਸ ਵਰਗ ਸੰਘਰਸ਼ ਦਾ ਇਤਿਹਾਸ ਹੈ।" ਇਸ ਦੇ ਅੱਗੇ ਉਹਨਾਂ ਨੇ ਕਿਹਾ ਹੈ ਕਿ "ਬੁਜ਼ੁਰੂਆ (ਪੂੰਜੀਪਤੀ) ਦਾ ਅਰਥ ਆਧੁਨਿਕ ਪੂੰਜੀਪਤੀਆਂ ਦੇ ਵਰਗ, ਸਮਾਜਿਕ ਉਤਪਾਦਨ ਦੇ ਸਾਧਨਾਂ ਦੇ ਮਾਲਕਾਂ ਅਤੇ ਮਜ਼ਦੂਰਾਂ ਦੇ ਰੋਜ਼ਗਾਰਦਾਤਾਵਾਂ ਤੋਂ ਹੈ। ਪ੍ਰੋਲਿਤੇਰਿਅਤ (ਮਿਹਨਤੀ ਵਿਅਕਤੀ) ਦਾ ਅਰਥ ਆਧੁਨਿਕ ਵੇਤਨ ਮਜ਼ਦੂਰਾਂ ਤੋਂ ਹੈ ਜਿਨ੍ਹਾਂ ਦੇ ਕੋਲ ਉਤਪਾਦਨ ਦੇ ਸਾਧਨ ਨਹੀਂ ਹਨ ਅਤੇ ਉਹਨਾਂ ਨੂੰ ਜਿਉਂਦੇ ਰਹਿਣ ਲਈ ਆਪਣੀ ਮਿਹਨਤ ਸ਼ਕਤੀ ਨੂੰ ਵੇਚਣ ਦੇ ਲਈ ਮਜਬੂਰ ਹੋਣਾ ਪੈਂਦਾ ਹੈ।" ਇਸ ਤਰ੍ਹਾਂ ਨਾਲ ਸਮਾਜ ਮੁੱਖ ਦੋ ਵਰਗਾਂ ਵਿੱਚ, ਅਰਥਾਤ, ਸੁਤੰਤਰ ਵਿਅਕਤੀ ਅਤੇ ਗੁਲਾਮ, ਭੱਦਰ ਪੁਰਸ਼ ਅਤੇ ਆਮ ਆਦਮੀ, ਸਵਾਮੀ ਅਤੇ ਦਾਸ, ਕਾਰਖ਼ਾਨੇ ਦਾ ਮਾਲਿਕ ਅਤੇ ਸਧਾਰਣ ਕਰਮੀ ਵਿੱਚ ਵੰਡਿਆ ਗਿਆ ਹੈ। ਇਹ ਵਰਗ ਸ਼ੋਸ਼ਕ ਅਤੇ ਸ਼ੋਸ਼ਿਤ ਲੋਕਾਂ ਦਾ ਹੈ ਅਤੇ ਹਮੇਸ਼ਾਂ ਉਹਨਾਂ ਵਿੱਚ ਹਿੱਤਾਂ ਦਾ ਟਕਰਾਅ ਰਿਹਾ ਹੈ। ਵਰਗ ਸੰਘਰਸ਼ ਦੁਆਰਾ ਸਮਾਜ ਦਾ ਕ੍ਰਾਂਤੀਕਾਰੀ ਪੁਨਰ ਨਿਰਮਾਣ ਹੋਇਆ ਹੈ ਜਾਂ ਫਿਰ ਵਿਰੋਧੀ ਵਰਗਾਂ ਦੀ ਬਰਾਬਰ ਹਾਨੀ ਹੋਈ ਹੈ।

ਮਾਰਕਸ ਅਤੇ ਐਂਜਲਸ ਨੇ ਕਿਹਾ ਹੈ ਕਿ "ਆਧੁਨਿਕ ਪੂੰਜੀਵਾਦੀ ਸਮਾਜ ਜੋ ਸਾਮੰਤਵਾਦੀ ਸਮਾਜ ਦੇ ਵਿਘਟਨ ਤੋਂ ਉੱਭਰਿਆ ਹੈ। ਉਸ ਨੇ ਵਰਗ-ਵਿਰੋਧਾਂ ਨੂੰ ਸਮਾਪਤ ਨਹੀਂ ਕੀਤਾ ਹੈ। ਇਸ ਨੇ ਨਵੇਂ ਵਰਗ ਸਥਾਪਿਤ ਕੀਤੇ ਹਨ, ਸ਼ੋਸ਼ਣ ਦੀਆਂ ਨਵੀਆਂ ਅਵਸਥਾਵਾਂ ਉਤਪੰਨ ਕੀਤੀਆਂ ਹਨ ਅਤੇ ਪੁਰਾਣੇ ਸੰਘਰਸ਼ ਦੇ ਸਥਾਨ ਤੇ ਨਵੇਂ ਪ੍ਰਕਾਰ ਦੇ ਸੰਘਰਸ਼ਾਂ ਨੂੰ ਜਨਮ ਦਿੱਤਾ ਹੈ।" ਪੂੰਜੀਵਾਦ ਦੇ ਵਰਤਮਾਨ ਯੁੱਗ ਨੇ ਵਰਗ-ਵਿਰੋਧਾਂ ਨੂੰ ਸਰਲ ਬਣਾ ਦਿੱਤਾ ਹੈ।

"ਪੂਰਾ ਸਮਾਜ ਦਿਨ ਪ੍ਰਤੀ ਦਿਨ ਦੋ ਵੱਡੇ ਵਿਰੋਧੀ ਦਲਾਂ ਵਿੱਚ ਵੰਡਿਆ ਜਾ ਰਿਹਾ ਹੈ, ਪੂੰਜੀਪਤੀ ਅਤੇ ਮਿਹਨਤੀ ਵਿਅਕਤੀ ਦੋ ਵੱਡੇ ਵਰਗ ਆਮਹਣੇ-ਸਾਹਮਣੇ ਖੜੇ ਹਨ।"

### ਪੂੰਜੀਪਤੀ ਵਰਗ

ਵਰਗ ਸੰਰਚਨਾ ਇੱਕ ਉਦਭਵੀ ਪ੍ਰਕਿਰਿਆ ਹੈ। ਬੰਧੂਆ (ਦਾਸਾਂ) ਤੋਂ ਸ਼ਹਿਰ ਵਿੱਚ ਰਹਿਣ ਵਾਲਿਆਂ ਤੱਕ ਅਤੇ ਅੱਗੇ ਪੂੰਜੀਪਤੀਆਂ ਤੱਕ ਇਹ ਪ੍ਰਕਿਰਿਆ ਦੇਖੀ ਜਾ ਸਕਦੀ ਹੈ। ਸਾਮੰਤੀ ਸਮਾਜ ਵਿਘਟਿਤ ਹੋਇਆ, ਕਿਉਂਕਿ ਨਵੇਂ ਬਾਜ਼ਾਰਾਂ ਦੇ ਲਈ, ਧੰਦਿਆਂ (ਕਿੱਤੇ) ਦੇ ਸੰਗਠਨ ਕਾਫੀ ਨਹੀਂ ਸਨ। ਕਾਰਖ਼ਾਨਿਆਂ ਤੇ ਨਿਰਮਿਤ ਮੱਧ ਵਰਗ ਅਤੇ ਵਿਭਿੰਨ ਸਹਿਕਾਰੀ ਕਾਰਜ-ਸੰਘਾਂ ਦੇ ਵਿੱਚ

ਨੋਟ

ਮਿਹਨਤ ਵੰਡ ਲੁਪਤ ਹੋ ਗਈ। ਕਿਉਂਕਿ ਹਰ ਕਾਰਖ਼ਾਨੇ ਵਿੱਚ ਅੰਤਰਿਕ ਮਿਹਨਤ ਵਿਭਾਜਨ ਉੱਭਰ ਆਇਆ। ਇਸ ਪ੍ਰਕਾਰ, ਉਤਪਾਦਨ ਕਰਤਾ ਦੇ ਸਥਾਨ ਤੇ ਵਿਸ਼ਾਲ ਆਧੁਨਿਕ ਉਦਯੋਗਾਂ, ਉਦਯੋਗਿਕ ਕਰੋੜਪਤੀਆਂ, ਵੱਡੀਆਂ ਉਦਯੋਗਿਕ ਸੈਨਾਵਾਂ ਨੇ ਨੇਤਾਵਾਂ ਅਰਥਾਤ ਆਧੁਨਿਕ ਪੂੰਜੀਪਤੀਆਂ ਦਾ ਉਦੇ ਹੋਇਆ।

ਆਧੁਨਿਕ ਉਦਯੋਗ ਦੁਆਰਾ ਵਿਸ਼ਵ ਬਾਜ਼ਾਰ ਦਾ ਵਿਕਾਸ ਹੋਇਆ। ਇਸ ਦੇ ਪਰਿਣਾਮ ਸਰੂਪ ਵਪਾਰ, ਸਮੁੰਦਰੀ ਆਵਾਜਾਈ ਅਤੇ ਥਲ ਸੰਚਾਰ ਦਾ ਬਹੁਤ ਵਿਕਾਸ ਹੋਇਆ। ਇਸ ਪ੍ਰਕਾਰ ਦੇ ਵਿਕਾਸ ਦੇ ਅਨੁਪਾਤ ਵਿੱਚੋਂ ਪੂੰਜੀਪਤੀ ਵਿਕਸਿਤ ਹੋਏ। ਉਸ ਦੀ ਪੂੰਜੀ ਵਿੱਚ ਵਾਧਾ ਹੋਇਆ ਅਤੇ ਉਸਨੇ ਪਹਿਲਾਂ ਦੇ ਹਰ ਵਰਗ ਨੂੰ ਪਿੱਛੇ ਧੱਕ ਦਿੱਤਾ। ਮਾਰਕਸ ਅਤੇ ਐਂਜਲਸ ਕਹਿੰਦੇ ਹਨ ਕਿ "ਅਸੀਂ ਇਸ ਲਈ ਦੇਖਦੇ ਹਾਂ ਕਿ ਕਿਵੇਂ ਆਧੁਨਿਕ ਪੂੰਜੀਪਤੀ ਵਿਕਾਸ ਦੀ ਇੱਕ ਲੰਬੀ ਪ੍ਰਕ੍ਰਿਆ ਦਾ ਪਰਿਣਾਮ ਹਨ, ਜਿਸ ਵਿੱਚ ਉਤਪਾਦਨ ਅਤੇ ਆਦਾਨ-ਪ੍ਰਦਾਨ ਦੀਆਂ ਪੱਧਤੀਆਂ ਵਿੱਚੋਂ ਕ੍ਰਾਂਤੀ ਦੀ ਇਕ ਲੰਬੀ ਲੜੀ ਦੇਖੀ ਜਾ ਸਕਦੀ ਹੈ।" ਉਹ ਅੱਗੇ ਲਿਖਦੇ ਹਨ ਕਿ "ਪੂੰਜੀਪਤੀ ਦੇ ਵਿਕਾਸ ਦੇ ਹਰ ਕਦਮ ਵਿੱਚ ਉਸ ਵਰਗ ਦੇ ਅਨੁਰੂਪ ਰਾਜਨੀਤਿਕ ਵਿਕਾਸ ਵੀ ਹੋਇਆ ਸੀ।" ਸਾਮੰਤਵਾਦ ਦੀ ਅਵਧੀ ਵਿੱਚੋਂ ਇਕ ਸ਼ੋਸ਼ਿਤ ਵਰਗ ਵਿਕਸਿਤ ਹੋਇਆ। ਇਸ ਕਾਲ ਵਿੱਚ ਨਿਰੰਕੁਸ਼ ਰਾਜ ਤੰਤਰ ਦੇ ਅੰਤਰਗਤ, ਮੱਧਕਾਲੀਨ ਸਮੁਦਾਏ/ਸੁਤੰਤਰ ਸ਼ਹਿਰੀ ਗਣਤੰਤਰ, ਕਰ ਦੇਣ ਵਾਲੇ 'ਤੀਜੀ ਸੰਪਦਾ', ਇਕ ਮਜ਼ਬੂਤ ਸਵੈਸ਼ਾਸਿਤ ਸੰਗਠਨ ਦੇ ਰੂਪ ਵਿੱਚ ਉੱਭਰੇ। ਕਾਰਖਾਨਾ-ਉਤਪਾਦਕ, ਪਰਾ-ਸਾਮੰਤੀ ਜਾਂ ਨਿਰੰਕੁਸ਼ ਰਾਜਤੰਤਰ ਦੇ ਲਈ, ਕੰਮ ਕਰਦੇ ਹਨ ਅਤੇ ਇਸ ਪ੍ਰਕਾਰ ਗਤੀਸ਼ੀਲਤਾ ਦੇ ਵਿਰੁੱਧ ਸਨ। ਅੰਤ ਵਿੱਚ ਆਧੁਨਿਕ ਉਦਯੋਗ ਅਤੇ ਵਿਸ਼ਵ ਬਾਜ਼ਾਰ ਦੇ ਅਸਤਿਤਵ ਅਤੇ ਆਧੁਨਿਕ ਪ੍ਰਤੀਨਿਧੀਕਾਰੀ ਰਾਜ ਦੀ ਸਥਾਪਨਾ ਦੇ ਫਲਸਰੂਪ ਪੂੰਜੀਪਤੀ ਪੂਰੀ ਤਰਾਂ ਹਾਵੀ ਹੋ ਗਿਆ। ਮਾਰਕਸ ਨੇ ਕਿਹਾ ਹੈ ਕਿ, 'ਆਧੁਨਿਕ ਰਾਜ ਦੀ ਕਾਰਜਕਾਰਿਣੀ ਸੰਪੂਰਨ ਪੂੰਜੀਪਤੀਆਂ ਦੇ ਸਾਧਾਰਣ ਕਾਰਜਾਂ ਦੇ ਪ੍ਰਬੰਧ ਦੇ ਲਈ ਮਾਤਰ ਇਕ ਸਮਿਤੀ ਹੈ।' ਇਤਿਹਾਸਿਕ ਦ੍ਰਿਸ਼ਟੀ ਤੋਂ ਪੂੰਜੀਪਤੀਆਂ ਨੇ ਬਹੁਤ ਕ੍ਰਾਂਤੀਕਾਰੀ ਭੂਮਿਕਾ ਦਾ ਨਿਰਵਾਹਣ ਕੀਤਾ ਹੈ। ਨਿਮਨ ਬਿੰਦੂ ਇਸ ਸੰਦਰਭ ਵਿੱਚ ਮਹੱਤਵਪੂਰਨ ਹਨ।

1. ਪੂੰਜੀਪਤੀ ਨੇ ਤਮਾਮ ਸਾਮੰਤਵਾਦੀ, ਪਿੱਤਰਸੱਤਾਤਮਕ ਅਤੇ ਸੁੱਖ ਸ਼ਾਂਤੀ ਦੇ ਰਿਸ਼ਤੇ ਦਾ ਅੰਤ ਕਰ ਦਿੱਤਾ ਹੈ। ਕੋਈ ਵੀ 'ਸੁਭਾਵਿਕ ਸ਼ਰੇਸ਼ਠ' ਨਹੀਂ ਰਹੇ ਹਨ, ਕੇਵਲ ਇਕ ਮਾਤਰ ਸਵਾਰਥ ਅਤੇ 'ਨਕਦ ਭੁਗਤਾਨ' ਨੂੰ ਮਹੱਤਵ ਦਿੱਤਾ ਜਾਂਦਾ ਹੈ। ਵਿਅਕਤਿਗਤ ਯੋਗਤਾ ਦੇ ਮਹੱਤਵ ਦੇ ਸਥਾਨ ਤੇ ਮਾਤਰ ਵਿਨਿਮਰ ਮੁੱਲ ਅਤੇ ਸੁਤੰਤਰ ਵਪਾਰ ਅਤੇ ਨਗਨ, ਬੇਸ਼ਰਮ, ਪ੍ਰਤੱਖ, ਕਰੂਰ ਸ਼ੋਸ਼ਣ ਪਟਲ ਤੇ ਆ ਚੁੱਕੇ ਹਨ।
2. ਸਨਮਾਨਿਤ ਅਤੇ ਇੱਛਿਤ ਕਿੱਤਿਆਂ ਦਾ ਨਾਮ ਸਮਾਪਤ ਹੋ ਚੁੱਕਾ ਹੈ, ਪੂੰਜੀਵਾਦ ਨੇ ਡਾਕਟਰ, ਵਕੀਲ, ਪੰਡਿਤ (ਪਾਦਰੀ), ਵਿਗਿਆਨੀ ਨੂੰ ਆਪਣੇ ਵੇਤਨ ਮਜ਼ਦੂਰਾਂ ਵਿੱਚ ਪਰਿਵਰਤਿਤ ਕਰ ਦਿੱਤਾ ਹੈ।
3. ਪੂੰਜੀਵਾਦ ਨੇ ਪਰਿਵਾਰ ਤੋਂ ਭਾਵਨਾਤਮਕ ਪਰਦਾ ਹਟਾ ਦਿੱਤਾ ਹੈ। ਪਰਿਵਾਰ ਨੂੰ ਮਾਤਰ ਧਨ ਸਬੰਧ ਤੱਕ ਪਹੁੰਚਾ ਦਿੱਤਾ ਹੈ।
4. ਪੂੰਜੀਵਾਦ ਨੇ ਇਹ ਦਿਖਾ ਦਿੱਤਾ ਹੈ ਕਿ ਮਨੁੱਖ ਦੇ ਕੰਮ ਨਾਲ ਕੀ ਹੋ ਸਕਦਾ ਹੈ।
5. ਪੂੰਜੀਪਤੀ ਨੇ ਨਿਰੰਤਰ, ਉਤਪਾਦਨ ਦੇ ਸਾਧਨਾਂ ਵਿੱਚ ਆਮੂਲਚੂਲ ਪਰਿਵਰਤਨ ਕੀਤਾ ਹੈ, ਅਤੇ ਉਸ ਨਾਲ ਉਤਪਾਦਨ ਦੇ ਸੰਬੰਧਾਂ ਨੂੰ ਪਰਿਵਰਤਿਤ ਕੀਤਾ ਹੈ। ਅਤੇ ਉਸ ਦੇ ਕਾਰਨ ਸਮਾਜ ਦੇ ਸਭ ਸੰਬੰਧ ਬਦਲੇ ਹਨ। ਇਸ ਦੇ ਕਾਰਨ ਉਤਪਾਦਾਂ ਦੇ ਲਈ ਬਾਜ਼ਾਰ ਦਾ ਵਿਸਥਾਰ ਵੀ ਨਿਰੰਤਰ ਹੋਇਆ ਹੈ।
6. ਵਿਸ਼ਵ ਬਾਜ਼ਾਰ ਦੇ ਸ਼ੋਸ਼ਣ ਦੇ ਦੁਆਰਾ, ਪੂੰਜੀਪਤੀ ਨੇ ਹਰ ਇੱਕ ਦੇਸ਼ ਵਿਚ ਉਤਪਾਦਨ ਅਤੇ ਉਪਭੋਗ ਨੂੰ ਅੰਤਰਰਾਸ਼ਟਰੀ ਸਰੂਪ ਦਿੱਤਾ ਹੈ। ਨਵੇਂ ਉਦਯੋਗ ਅਤੇ ਨਵੀਆਂ ਜ਼ਰੂਰਤਾਂ ਅੱਜ ਇਕ ਆਮ ਗੱਲ ਬਣ ਗਈ ਹੈ। ਰਾਸ਼ਟਰੀ ਸੀਮਾਵਾਂ ਟੁੱਟ ਚੁੱਕੀਆਂ ਹਨ। ਰਾਸ਼ਟਰੀ ਅੱਲਗ-ਥੱਲਗਪਨ ਅਤੇ ਆਤਮ ਕਸ਼ਟ ਪੁਰਾਣੇ ਪੈ ਚੁੱਕੇ ਹਨ।
7. ਪੂੰਜੀਪਤੀ ਨੇ ਸੰਚਾਰ ਦੇ ਅਤਿਅੰਤ ਸੁਵਿਧਾਜਨਕ ਸਾਧਨਾਂ ਦੁਆਰਾ ਉਤਪਾਦਨ ਦੇ ਸੰਸਾਧਨਾਂ ਵਿੱਚ ਤੇਜ਼ ਸੁਧਾਰ ਕੀਤਾ ਹੈ। ਇਕ ਨਵੀਂ ਸੱਭਿਅਤਾ ਦਾ ਉਦੈ ਹੋਇਆ ਹੈ। ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਪੂੰਜੀਪਤੀ ਨੇ ਆਪਣੀ ਕਲਪਨਾ ਦੇ ਅਨੁਸਾਰ ਦੁਨਿਆਂ ਦੀ ਰਚਨਾ ਕੀਤੀ ਹੈ।

ਨੋਟ

8. ਪੂੰਜੀਪਤੀ ਨਾਲ ਦੇਸ਼, ਸ਼ਹਿਰਾਂ ਦੇ ਸ਼ਾਸਨ ਦੇ ਅਧੀਨ ਹੋ ਗਿਆ ਹੈ। ਇਸ ਦੇ ਕਾਰਨ ਮਹਾ ਨਗਰਾਂ ਦਾ ਨਿਰਮਾਣ ਹੋਇਆ ਹੈ।
9. ਪੂੰਜੀਪਤੀ ਨੇ ਜਨ-ਸੰਖਿਆ, ਉਤਪਾਦਨ ਦੇ ਸਾਧਨਾਂ ਅਤੇ ਸੰਪਤੀ ਦੇ ਵਿਖਰਾਓ ਦੀ ਅਵਸਥਾ ਨੂੰ ਨਿਰੰਤਰ ਘੱਟ ਕੀਤਾ ਹੈ। ਪੂੰਜੀਵਾਦ ਨੇ ਜਨ-ਸੰਖਿਆ ਨੂੰ ਕੇਂਦਰਤ ਕੀਤਾ ਹੈ, ਉਤਪਾਦਨ ਦੇ ਸਾਧਨਾ ਨੂੰ ਕੇਂਦਰਿਤਕ੍ਰਿਤ ਕੀਤਾ ਹੈ ਅਤੇ ਸੰਪਤੀ ਕੁੱਝ ਲੋਕਾਂ ਦੇ ਕੋਲ ਜਮਾਂ ਹੋ ਗਈ ਹੈ। ਇਸ ਤਰ੍ਹਾਂ ਦੀ ਸਥਿਤੀ ਦੇ ਕਾਰਨ "ਰਾਜਨੀਤਿਕ ਕੇਂਦਰੀਕਰਣ" ਹੋਇਆ ਹੈ।
10. ਪੂੰਜੀਵਾਦ ਨੇ ਪੂਰਬ ਦੀਆਂ ਪੀੜੀਆਂ ਦੀ ਤੁਲਨਾ ਵਿੱਚੋਂ ਕਿਤੇ ਜ਼ਿਆਦਾ ਵਿਸਥਾਰ ਅਤੇ ਭਾਰੀ ਉਤਪਾਦਨ ਸ਼ਕਤੀਆਂ ਨੂੰ ਜਨਮ ਦਿੱਤਾ ਹੈ।

"ਕਾਲਾਂਤਰ ਵਿੱਚ ਲਗਭਗ 100 ਸਾਲਾਂ ਵਿੱਚ ਜ਼ਿਆਦਾ ਸੱਭਿਅਤਾ, ਜੀਵਨ ਜਿਉਣ ਦੇ ਜ਼ਿਆਦਾ ਸਾਧਨ, ਜ਼ਿਆਦਾ ਉਦਯੋਗ, ਅਤੇ ਜ਼ਿਆਦਾ ਵਪਾਰ ਦੇ ਕਾਰਨ ਪੂੰਜੀਵਾਦੀ ਸੰਪਤੀ ਦੇ ਵਿਕਾਸ ਦੀਆਂ ਅਵਸਥਾਵਾਂ ਤੇ ਲਗਾਮ ਲੱਗੇਗੀ। ਪਰਿਣਾਮਸਰੂਪ ਪੂੰਜੀਵਾਦੀ ਸਮਾਜ ਵਿੱਚ ਅਵਿਵਸਥਾ ਦੁਆਰਾ ਇਸ ਦੇ ਅਸਤਿਤਵ ਨੂੰ ਖਤਰਾ ਪੈਦਾ ਹੋ ਗਿਆ ਹੈ।" ਜਿਨ੍ਹਾਂ ਸ਼ਾਸਤਰਾਂ ਦੁਆਰਾ ਪੂੰਜੀਵਾਦ ਨੇ ਸਾਮੰਤਵਾਦ ਨੂੰ ਸਮਾਪਤ ਕੀਤਾ, ਉਹ ਹੀ ਹੁਣ ਪੂੰਜੀਵਾਦ ਦੇ ਵਿਰੁੱਧ ਹੋਣਗੇ।

### ਮਿਹਨਤੀ ਵਿਅਕਤੀ

ਮਾਰਕਸ ਅਤੇ ਐਂਜਲਸ ਨੇ ਮਿਹਨਤੀ ਵਿਅਕਤੀ ਦੇ ਅਸਤਿਤਵ ਬਾਰੇ ਵਿੱਚ ਲਿਖਿਆ ਹੈ ਕਿ "ਪੂੰਜੀਪਤੀ ਨੇ ਨਾ ਕੇਵਲ ਆਪਣੀ ਮੌਤ ਦੇ ਸ਼ਸਤਰਾਂ ਨੂੰ ਤਿਆਰ ਕੀਤਾ ਹੈ ਬਲਕਿ ਉਹ ਉਨ੍ਹਾਂ ਲੋਕਾਂ ਨੂੰ ਵੀ ਅਸਤਿਤਵ ਵਿੱਚੋਂ ਲਿਆਇਆ ਹੈ, ਜੋ ਉਨ੍ਹਾਂ ਹਥਿਆਰਾਂ ਨੂੰ ਕੰਮ ਵਿੱਚ ਲਿਆਉਣਗੇ। ਉਹ ਲੋਕ ਆਧੁਨਿਕ ਮਜ਼ਦੂਰ ਵਰਗ, ਅਰਥਾਤ ਮਿਹਨਤੀ ਵਿਅਕਤੀ ਹੈ।" ਪੂੰਜੀਪਤੀ ਵਰਗ ਦੇ ਅਨੁਪਾਤ ਵਿੱਚ ਮਿਹਨਤੀ ਵਿਅਕਤੀ (ਮਜ਼ਦੂਰਾਂ ਦਾ ਵਰਗ) ਉੱਭਰਿਆ ਹੈ। ਉਹ ਇਕ ਵਸਤੂ ਹੈ, ਵਪਾਰ ਦੀ ਕਿਸੇ ਹੋਰ ਵਸਤੂ ਦੀ ਤਰ੍ਹਾਂ, ਜੋ ਪ੍ਰਤੀਯੋਗਿਤਾ ਦੀਆਂ ਪਰਿਵਰਤਿਤ ਪਰਸਥਿਤੀਆਂ ਅਤੇ ਬਾਜ਼ਾਰ ਦੇ ਉਤਾਰ ਚੜ੍ਹਾਅ ਤੋਂ ਪ੍ਰਭਾਵਿਤ ਹੁੰਦਾ ਹੈ।

"ਮਸ਼ੀਨ ਦੇ ਜਿਆਦਾ ਉਪਯੋਗ ਅਤੇ ਮਿਹਨਤ ਵੰਡ ਦੇ ਕਾਰਨ, ਮਿਹਨਤੀ ਵਿਅਕਤੀ ਦੇ ਕਾਰਜ ਵਿੱਚ ਉਸ ਦੇ ਵਿਅਕਤੀਤਵ ਦੀ ਛਾਪ ਸਮਾਪਤ ਹੋ ਚੁੱਕੀ ਹੈ, ਅਤੇ ਉਸ ਦੇ ਕਾਰਨ ਮਜ਼ਦੂਰ ਦੇ ਲਈ, ਕੰਮ ਦਾ ਆਕਰਸ਼ਣ ਵੀ ਨਹੀਂ ਰਿਹਾ ਹੈ। ਉਹ ਮਸ਼ੀਨ ਦਾ ਇਕ ਪੁਰਜ਼ਾ ਬਣ ਜਾਂਦਾ ਹੈ।" ਉਸ ਦਾ ਕੰਮ, ਸਧਾਰਨ, ਉਦਾਸੀ ਯੁਕਤ ਅਤੇ ਆਸਾਨ ਹੈ। ਉਸ ਨੂੰ ਮਾਤਰ ਜੀਵਿਤ ਰਹਿਣ ਦੇ ਲਈ ਤਨਖਾਹ ਮਿਲਦੀ ਹੈ, ਜਦਕਿ ਇਕ ਵਸਤੂ ਦਾ ਮੁੱਲ ਉਸ ਦੇ ਉਤਪਾਦਨ ਦੀ ਲਾਗਤ ਦੇ ਲਗਭਗ ਬਰਾਬਰ ਹੈ। ਕੰਮ ਤੋਂ ਦੂਰ ਹੋਣ ਦੀ ਭਾਵਨਾ ਵਧਦੀ ਹੈ।ਅਤੇ ਉਸ ਦੀ ਆਮਦਨ ਘਟਦੀ ਹੈ। ਮਸ਼ੀਨ ਦਾ ਉਪਯੋਗ ਵਧਣ ਦੇ ਕਾਰਣ ਮਿਹਨਤੀਆਂ 'ਤੇ ਕੰਮ ਦਾ ਭਾਰ ਵੀ ਵਧਦਾ ਹੈ। ਕਾਰਜ ਨੂੰ ਕਰਨ ਵਿੱਚ ਜ਼ਿਆਦਾ ਵਕਤ ਲਗਦਾ ਹੈ। ਮਿਹਨਤੀ ਵਿਅਕਤੀ ਦੇ ਬਾਰੇ ਵਿੱਚ ਨਿਮਨ ਬਿੰਦੂ ਮਹੱਤਵਪੂਰਨ ਹਨ-

1. ਇੱਕ ਪ੍ਰਕਾਰ ਦਾ ਨਿਰੰਕੁਸ਼ਵਾਦ ਮੌਜੂਦ ਹੈ। ਪਿਤਰਸੱਤਾਤਮਕ ਮਾਲਕ ਹੁਣ ਵੱਡੇ ਵੱਡੇ ਉਦਯੋਗਿਕ ਪੂੰਜੀਪਤੀ ਦੇ ਰੂਪ ਵਿੱਚ ਵਿਵਹਾਰ ਕਰਦਾ ਹੈ। ਆਮ ਆਦਮੀ ਨੂੰ ਗੁਲਾਮ ਸਮਝਿਆ ਜਾਂਦਾ ਹੇ।
2. ਕਾਰਜ ਵਿੱਚ ਕੁਸ਼ਲਤਾ ਦੀ ਘਟਦੀ ਜ਼ਰੂਰਤ ਦੇ ਕਾਰਣ ਉਮਰ ਅਤੇ ਲਿੰਗ, ਸ਼ੋਸ਼ਣ ਦੇ ਸਾਧਨ ਬਣ ਜਾਂਦੇ ਹਨ। ਕਾਰਖ਼ਾਨਿਆਂ ਵਿੱਚ, ਪੁਰਸ਼ਾਂ ਤੋਂ ਜ਼ਿਆਦਾ ਇਸਤਰੀਆਂ ਰੱਖੀਆਂ ਜਾਂਦੀਆਂ ਹਨ।
3. ਮਿਹਨਤੀ ਵਿਅਕਤੀਆਂ ਦੇ ਨਾਲ, ਉਤਪਾਦਨ ਕਰਤਾ ਇੱਕ ਭੂਮੀ ਮਾਲਕ, ਦੁਕਾਨਦਾਰ ਅਤੇ ਸੂਦ ਖੋਰ ਦੀ ਤਰਾਂ ਵਿਵਹਾਰ ਕਰਦਾ ਹੈ।
4. ਮੱਧ ਵਰਗ ਦੇ ਨਿਮਨ ਪੱਧਰਾਂ ਦੇ ਲੋਕ-ਛੋਟੇ ਵਪਾਰੀ, ਦੁਕਾਨਦਾਰ ਅਤੇ ਪ੍ਰਤੀਯੋਗਤਾ ਦੇ ਕਾਰਣ ਹੌਲੀ-ਹੌਲੀ ਮਿਹਨਤੀ ਵਰਗ ਵਿੱਚ ਮਿਲ ਜਾਂਦੇ ਹਨ। ਉਹ ਬੇਕਾਰ ਹੋ ਜਾਂਦੇ ਹਨ। ਉਨ੍ਹਾਂ ਦੀ ਰਚਨਾਤਮਕ ਯੋਗਤਾ ਸਮਾਪਤ ਹੋ ਜਾਂਦੀ ਹੈ।
5. ਮਿਹਨਤੀ ਵਰਗ ਵਿੱਚ ਸਹਿਯੋਗ ਦੀ ਕਮੀ ਹੈ।

ਨੋਟ

6. ਮਿਹਨਤੀਆਂ ਦਾ ਇੱਕ ਵਰਗ ਵਿੱਚ ਸੰਗਠਿਤ ਹੋਣਾ ਅਤੇ ਉਸ ਦੇ ਬਾਅਦ ਇੱਕ ਰਾਜਨੀਤਕ ਦਲ ਵਿੱਚ ਤਬਦੀਲ ਹੋਣਾ ਲਗਾਤਾਰ ਗੜਬੜਾਉਂਦਾ ਹੈ।
7. ਪੁਰਾਣੇ ਸਮਾਜ ਦੀਆਂ ਰੂੜੀਆਂ/ਧਾਰਨਾਵਾਂ ਵੀ ਵਰਗ ਆਧਾਰਿਤ ਧੁਰੀਕਰਨ ਦੀ ਪ੍ਰਕਿਰਿਆ ਵਿੱਚ ਰੁਕਾਵਟਾਂ ਬਣਦੀਆਂ ਹਨ।
8. ਜਦ ਮਿਹਨਤੀ ਵਿਅਕਤੀ ਆਪਣੀ ਨਿਰਣਾਇਕ ਜਿੱਤ ਦੇ ਕੋਲ ਪਹੁੰਚਦਾ ਹਨ, ਤਾਂ ਪੂੰਜੀਪਤੀਆਂ ਦਾ ਇੱਕ ਛੋਟਾ ਵਰਗ ਕ੍ਰਾਂਤੀ ਦੀ ਉਪਲਬਧੀਆਂ ਨੂੰ ਖੰਡਿਤ ਕਰਨ ਦੇ ਲਈ ਉਨ੍ਹਾਂ ਦੇ ਨਾਲ ਹੋ ਜਾਂਦਾ ਹੈ।
9. ਪਰੰਤੂ ਮਿਹਨਤੀ ਵਿਅਕਤੀ ਹੀ ਹਕੀਕਤ ਵਿੱਚ ਇੱਕ ਮਾਤਰ ਕ੍ਰਾਂਤੀਕਾਰੀ ਵਰਗ ਹੈ। ਉਦਯੋਗ ਨੇ ਮਿਹਨਤੀਆਂ ਨੂੰ ਆਪਣੇ ਖ਼ਾਸ ਅਤੇ ਜ਼ਰੂਰੀ ਉਤਪਾਦਨ ਦੇ ਰੂਪ ਵਿੱਚ ਉਤਪਾਦਿਤ ਕੀਤਾ ਹੈ।

ਇਸ ਪ੍ਰਕਾਰ ਮਾਰਕਸਵਾਦੀ ਵਰਗ ਦੀ ਧਾਰਨਾ ਵਿੱਚ ਮਨੁੱਖਤਾ ਦੇ ਲਈ ਇੱਕ ਸਮਤਾਵਾਦੀ ਅਤੇ ਪ੍ਰਜਾਤੰਤਰਿਕ ਭਵਿੱਖ ਦੀ ਸੋਚ ਹੈ। ਇਹ ਇੱਕ ਭਾਵਨਾਤਮਕ ਧਾਰਨਾ ਹੈ, ਜਿਸ ਦੀ ਜੜ, ਨਿਰਦਈ ਸੁਭਾਅ, ਸ਼ੋਸ਼ਣ ਅਤੇ ਬੋਲਬਾਲਾ ਦੇ ਵਿਚਾਰਾਂ ਵਿੱਚ ਹੈ। ਇੱਕ ਵਰਗਹੀਣ ਸਮਾਜ ਦਾ ਸੁਪਨਾ ਇਸ ਦਾ ਸਾਰ ਹੈ। ਮਾਰਕਸਵਾਦੀ ਵਿਸ਼ਾਲ ਸਿਧਾਂਤ ਦਾ ਅਨੁਭਾਵਿਕ ਪ੍ਰਮਾਣੀਕਰਨ ਲਗਭਗ ਅਸੰਭਵ ਹੈ।

### ਵੇਬਰ ਦੀ ਵਰਗ ਧਾਰਨਾ

ਮੈਕਸ ਵੇਬਰ 'ਵਰਗ' ਨੂੰ ਸਮੂਹ ਨਹੀਂ ਮੰਨਦੇ ਹਨ, ਵਰਗ ਸਿਰਫ਼ ਸੰਭਾਵਿਤ ਅਤੇ ਲਗਾਤਾਰ ਸਮੁਦਾਇਕ ਕਿਰਿਆ ਦਾ ਪ੍ਰਤੀਨਿਧਿੱਤਵ ਕਰਦੇ ਹਨ। ਵੇਬਰ ਦੇ ਅਨੁਸਾਰ, ਇੱਕ 'ਵਰਗ' ਤਦ ਪਾਇਆ ਜਾਂਦਾ ਹੈ, ਜਦ (1) ਬਹੁਤ ਸਾਰੇ ਲੋਕਾਂ ਦੇ ਕੋਲ ਆਪਣੇ ਜੀਵਨ ਮੌਕਿਆਂ ਵਿੱਚ ਇੱਕ ਜਿਹਾ ਖ਼ਾਸ ਕਾਰਜ-ਕਾਰਣ ਤੱਤ ਹੁੰਦਾ ਹੈ, ਅਤੇ ਜਿਥੇ ਤੱਕ ਹੋ ਸਕੇ, (2) ਇਹ ਤੱਤ, ਪੂਰੇ ਤੌਰ 'ਤੇ ਆਰਥਿਕ ਹਿੱਤਾਂ ਦਾ, ਸੰਪਤੀ (ਸਾਮਾਨ) ਦੇ ਮਾਲਕ ਅਤੇ ਆਮਦਨ ਦੇ ਮੌਕਿਆਂ ਦੁਆਰਾ ਪ੍ਰਤੀਨਿੱਧਤਵ ਕਰਦੇ ਹਨ, ਅਤੇ (3) ਇਹ ਤੱਤ ਵਸਤੂ (ਪਦਾਰਥ) ਜਾਂ ਮਿਹਨਤ ਬਜ਼ਾਰ ਦੀ ਅਵਸਥਾਵਾਂ ਦੇ ਤਹਿਤ ਕੰਮ ਕਰਦਾ ਹੈ।

ਇਨ੍ਹਾਂ ਬਿੰਦੂਆਂ ਦੁਆਰਾ 'ਵਰਗ ਪਰਿਸਥਿਤੀ' ਸੰਕੇਤ ਹੁੰਦਾ ਹੈ। ਵਰਗ ਸਥਿਤੀ-ਸਾਮਾਨ ਦੀ ਪੂਰਤੀ, ਬਾਹਰੀ ਜੀਵਨ ਅਵਸਥਾਵਾਂ ਅਤੇ ਨਿਜੀ ਜੀਵਨ ਅਨੁਭਵਾਂ ਲਈ ਇੱਕ ਪ੍ਰਕਾਰ ਦਾ ਅਵਸਰ ਹੈ। ਉਥੇ ਤੱਥ ਅਜਿਹਾ ਹੈ, ਜਦ ਤੱਕ ਇਹ ਮੌਕਾ ਇੱਕ ਆਰਥਿਕ ਵਿਵਸਥਾ ਵਿੱਚ ਆਮਦਨ ਦੇ ਲਈ, ਸ਼ਕਤੀ ਦੀ ਤਾਦਾਦ ਅਤੇ ਪ੍ਰਕਾਰ, ਜਾਂ ਇਨ੍ਹਾਂ ਦੀ ਕਮੀ ਨੂੰ ਸਮਾਨ ਜਾਂ ਕੌਸ਼ਲ ਦੇ ਉਪਯੋਗ ਦੁਆਰਾ, ਨਿਰਧਾਰਿਤ ਹੁੰਦਾ ਹੈ। 'ਵਰਗ' ਸ਼ਬਦ ਦਾ ਮਤਲਬ ਲੋਕਾਂ ਦੇ ਕਿਸੇ ਵੀ ਸਮੂਹ ਨਾਲ ਹੈ, ਜੋ ਇੱਕ ਜਿਹੀ ਵਰਗ ਸਥਿਤੀ ਵਿੱਚ ਪਾਇਆ ਜਾਂਦਾ ਹੈ। ਮਾਰਕਸ ਦੀ ਤਰਾਂ ਵੇਬਰ ਦੇ ਲਈ ਵੀ ਵਰਗ ਇੱਕ ਆਰਥਿਕ ਘਟਨਾ ਹੈ। ਉਹ ਲੋਕ, ਜੋ ਆਰਥਿਕ ਲਾਭ ਦੇ ਲਈ ਬਜ਼ਾਰ ਵਿੱਚ ਕਰਤਾ ਹਨ, ਆਪਣੀ ਭੂਮਿਕਾ ਅਤੇ ਯੋਗਤਾ ਦੁਆਰਾ ਨਿਰਧਾਰਿਤ ਹੋ ਕੇ ਵੱਖ ਵੱਖ ਵਰਗਾਂ ਦਾ ਨਿਰਮਾਣ ਕਰਦੇ ਹਨ। ਬਜ਼ਾਰ ਕਰਤਾ ਭਾਵ, ਖਰੀਦਾਰ ਅਤੇ ਵਿਕਰੇਤਾ ਇੱਕ ਪ੍ਰਤੀ ਯੋਗਤਾ ਦੀ ਸਥਿਤੀ ਵਲ ਇਸ਼ਾਰਾ ਕਰਦੇ ਹਨ। ਇਹ ਦੋਨੋਂ ਵੱਖਰੇ ਨਹੀਂ ਹਨ, ਇਸ ਲਈ ਕੁੱਝ ਖ਼ਾਸ ਲਾਭ ਅਤੇ ਏਕਾਧਿਕਾਰੀ ਤੇ ਹੋਰ ਘਾਟੇ ਵਾਲੇ ਬਣਦੇ ਹਨ। ਵੇਬਰ ਦਾ ਮਤ ਹੈ ਕਿ ਸਭ ਵਰਗ ਪਰਸਥਿਤੀਆਂ ਵਿੱਚ, 'ਸੰਪਤੀ ਦੀ ਕਮੀ' ਮੁੱਖ ਸ਼੍ਰੇਣੀਆਂ ਹਨ। ਬਜ਼ਾਰ ਦੀ ਸਥਿਤੀਆਂ ਵਾਲੇ ਹਰੇਕ ਖੇਤਰ ਵਿੱਚ ਇਹ ਸਹੀ ਹੈ। ਇਸ ਲਈ, 'ਸੰਪਤੀ' ਅਤੇ 'ਸੰਪਤੀ ਦੀ ਕਮੀ' ਸਭ ਵਰਗ ਪਰਸਥਿਤੀਆਂ ਦੀਆਂ ਮੂਲ ਸ਼੍ਰੇਣੀਆਂ ਹਨ।

ਵਰਗ ਪਰਸਥਿਤੀਆਂ ਦੋ ਸ਼੍ਰੇਣੀਆਂ ਵਿੱਚ ਵੰਡੀਆਂ ਜਾਂਦੀਆਂ ਹਨ-(i) ਸੰਪਤੀ ਦੇ ਪ੍ਰਕਾਰ ਦੇ ਅਨੁਸਾਰ, ਜੋ ਲਾਭ ਕਮਾਉਣ ਦੇ ਲਈ ਉਪਯੋਗ/ਯੋਗ ਹੈ, ਅਤੇ (ii) ਸੇਵਾਵਾਂ ਦੇ ਪ੍ਰਕਾਰ ਦੇ ਅਨੁਸਾਰ, ਜੋ ਬਜ਼ਾਰ ਦੇ ਕੰਮ ਵਿੱਚ ਆ ਸਕਦੀ ਹੈ। ਪਹਿਲਾਂ, ਉਹ ਸੰਪਤੀ ਹੈ ਜੋ ਰੁਪਏ ਦੇ ਬਰਾਬਰ ਹੈ। ਸੰਪਤੀਵਾਨ ਜਾਂ ਤਾਂ ਕਿਰਾਇਆ/ਲਗਾਨ ਵਸੂਲ ਕਰਨ ਵਾਲੇ ਵਰਗ ਵਿੱਚ ਹੁੰਦੇ ਹਨ, ਜਾਂ ਉਹ ਕੰਮ/ਮਿਹਨਤੀ ਵਰਗ ਦੇ ਲੋਕ ਹਨ। ਦੂਜੇ ਤੇ, ਸੰਪਤੀਹੀਣ ਲੋਕ ਹਨ, ਪਰ ਉਹ ਆਪਣੀ ਸੇਵਾਵਾਂ ਦਿੰਦੇ ਹਨ। ਉਹ ਲੋਕ ਜੋ ਬਜ਼ਾਰ ਵਿੱਚ ਆਪਣੀ ਸੇਵਾਵਾਂ ਦਿੰਦੇ ਹਨ, ਉਨ੍ਹਾਂ ਦਾ ਆਪਣਾ ਇੱਕ ਸਤਰ ਹੁੰਦਾ ਹੈ, ਜਦਕਿ ਉਹ ਲੋਕ ਵੱਖ-ਵੱਖ ਮਹੱਤਵ ਅਤੇ ਮੁੱਲ ਦੀ ਬਹੁ-ਪ੍ਰਕਾਰੀ ਸੇਵਾਵਾਂ ਪ੍ਰਦਾਨ ਕਰਦੇ ਹਨ। 'ਵਰਗ ਸਥਿਤੀ', ਇਸ ਪ੍ਰਕਾਰ, ਅਖੀਰ 'ਚ 'ਬਜ਼ਾਰ ਸਥਿਤੀ' ਹੈ। ਸ਼ਾਹੂਕਾਰ-ਕਰਜ਼ਦਾਰ ਸੰਬੰਧ,

ਨੋਟ

'ਵਰਗ ਸਥਿਤੀ' ਦਾ ਅਧਾਰ ਹੁੰਦਾ ਹੈ, ਜਿੱਥੇ ਇੱਕ 'ਸ਼ਾਹੂਕਾਰ ਬਜ਼ਾਰ' ਇੱਕ ਧਨੀ ਵਰਗ ਦੁਆਰਾ ਵਿਕਸਿਤ ਕਿਤਾ ਜਾਂਦਾ ਹੈ। ਇਸ ਪ੍ਰਕਾਰ ਦੀ ਪਰਿਸਥਿਤੀ ਵਿੱਚ 'ਵਰਗ ਸੰਘਰਸ਼' ਸ਼ੁਰੂ ਹੁੰਦਾ ਹੈ।

ਜਿਨ੍ਹਾਂ ਲੋਕਾਂ ਦਾ ਭਾਗ ਬਜ਼ਾਰ ਵਿੱਚ ਖ਼ੁਦ ਦੇ ਲਈ ਸਮਾਨ ਜਾਂ ਸੇਵਾਵਾਂ ਦੇ ਉਪਯੋਗ ਦੇ ਅਵਸਰ ਬਿਨਾਂ ਤੈਅ ਹੁੰਦਾ ਹੈ, ਉਹ ਦਾਸ (ਗੁਲਾਮ) ਹੁੰਦੇ ਹਨ, ਨਾ ਕਿ ਇੱਕ 'ਵਰਗ', ਉਹ ਇੱਕ 'ਦਰਜਾ ਸਮੂਹ' ਹੁੰਦੇ ਹਨ।

ਹਰ ਇੱਕ ਵਰਗ ਨੂੰ ਸੰਭਾਵਿਤ ਅਨੇਕ ਪ੍ਰਕਾਰਾਂ ਦੇ 'ਵਰਗ ਕਾਰਜ' ਵਿੱਚੋਂ ਇੱਕ ਦਾ ਨਿਰਵਾਹਨ ਕਰਨਾ ਪੈਂਦਾ ਹੈ, ਪਰੰਤੂ ਜ਼ਰੂਰੀ ਰੂਪ ਵਿੱਚ ਅਜਿਹਾ ਨਹੀਂ ਹੈ। ਕਿਸੇ ਵੀ ਤਰਾਂ ਨਾਲ ਇੱਕ ਵਰਗ ਆਪਣੇ ਆਪ ਵਿੱਚ ਇੱਕ ਸਮੂਹ ਨਹੀਂ ਹੁੰਦਾ ਹੈ। ਇੱਕੋ ਜਿਹੀ ਵਰਗ ਸਥਿਤੀ ਵਿੱਚ ਆਰਥਿਕ ਹਿੱਤਾਂ ਦੇ ਕਾਰਣ, ਲੋਕ ਇੱਕ 'ਸਮੁਦਾਇਕ' ਤਰੀਕੇ ਨਾਲ ਕਾਰਜ ਕਰਨ ਲਈ ਮਜਬੂਰ ਹੋ ਸਕਦੇ ਹਨ, ਕਿਉਂਕਿ 'ਵਰਗ' ਆਪਣੇ ਹਿੱਤਾਂ ਦੇ ਲਈ 'ਗਲਤ' ਨਹੀਂ ਹੋ ਸਕਦਾ। ਜਦਕਿ ਇਸ ਪ੍ਰਕਾਰ ਵਰਗ ਸਮੂਹ ਨਹੀਂ ਹੈ, ਫਿਰ ਵੀ, ਸਮੁਦਾਈਕਰਣ ਦੇ ਆਧਾਰ 'ਤੇ ਹੀ ਵਰਗ ਪਰਿਸਥਿਤੀਆਂ ਬਣਦੀਆਂ ਹਨ, ਉਹ ਕੰਮ ਮੁੱਖ ਤੌਰ 'ਤੇ ਇੱਕ ਹੀ ਵਰਗ ਦੇ ਮੈਂਬਰਾਂ ਦੇ ਵਿੱਚ ਨਹੀਂ ਹਨ, ਬਲਕਿ ਭਿੰਨ ਭਿੰਨ ਵਰਗਾਂ ਦੇ ਵਿਅਕਤੀਆਂ ਦੇ ਵਿੱਚ ਹੈ। ਮਿਹਨਤ ਬਜ਼ਾਰ, ਵਸਤੂ ਬਜ਼ਾਰ ਅਤੇ ਪੂੰਜੀਵਾਦੀ ਵਪਾਰ ਸਮੁਦਾਇਕ ਕਾਰਜਾਂ (ਕਿਰਿਆਵਾਂ) ਦੇ ਉਦਾਹਰਣ ਹਨ। ਉਹ ਬਹੁਤ ਖ਼ਾਸ ਸਮੂਹ ਕਾਰਜ ਹਨ, ਜਿਨ੍ਹਾਂ ਦੁਆਰਾ ਵਿਅਕਤੀਆਂ ਨੂੰ ਉਤਪਾਦਨ ਦੇ ਸਾਧਨਾਂ 'ਤੇ ਨਿਯੰਤ੍ਰਣ ਕਰਨ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਬਜ਼ਾਰ ਵਿੱਚ ਸੰਪਤੀ ਦੀ ਸ਼ਕਤੀ ਦੇ ਉਪਯੋਗ ਨੂੰ ਅਤਿਅੰਤ ਸਾਰਵਭੌਮ ਮਹੱਤਵ ਪ੍ਰਾਪਤ ਹੁੰਦਾ ਹੈ।

## ਮਾਰਕਸਵਾਦੀ ਅਤੇ ਵੇਬਰਵਾਦੀ ਵਰਗ ਉਪਾਗਮਾਂ ਦੀ ਤੁਲਣਾ

ਮਾਰਕਸ ਅਤੇ ਵੇਬਰ ਦੁਆਰਾ ਪ੍ਰਤੀਪਾਦਿਤ ਵਰਗ ਦੇ ਉਪਾਗਮ ਸ਼ੈਕਸ਼ਣਿਕ ਵਿਚਾਰ-ਵਿਮਰਸ਼ਾਂ ਅਤੇ ਸੰਵਾਦਾਂ ਵਿੱਚ ਛਾਏ ਹੋਏ ਹਨ, ਪਰੰਤੂ ਕੁੱਝ ਵਿਦਵਾਨਾਂ ਨੇ ਮਾਰਕਸ ਅਤੇ ਵੇਬਰ ਦੋਨਾਂ ਤੋਂ ਚੋਣਵੇਂ ਤੱਤਾਂ ਨੂੰ ਲੈ ਕੇ ਉਨ੍ਹਾਂ ਉਪਗਮਾਂ ਦਾ ਇੱਕ ਮਿਸ਼ਰਣ ਤਿਆਰ ਕੀਤਾ ਹੈ। ਉਦਾਹਰਣ ਦੇ ਲਈ, ਏਰਿਕ ਓਲਿਨ ਰਾਈਟ ਨੇ ਕਿਹਾ ਹੈ ਕਿ ਆਰਥਿਕ ਸੰਸਾਧਨਾਂ 'ਤੇ ਨਿਯੰਤ੍ਰਣ ਦੇ ਤਿੰਨ ਆਯਾਮ ਹਨ, ਜਿਨ੍ਹਾਂ ਦੁਆਰਾ ਪ੍ਰਮੁੱਖ ਵਰਗਾਂ ਨੂੰ ਚਿੰਨਿਤ ਕੀਤਾ ਜਾ ਸਕਦਾ ਹੈ। ਉਹ ਇਹ-

1. ਵਿਨਿਯੋਜਨਾਂ 'ਤੇ ਨਿਯੰਤ੍ਰਣ ਜਾਂ ਧਨ (ਰੁਪਏ) ਪੂੰਜੀ।
2. ਉਤਪਾਦਨ ਦੇ ਭੌਤਿਕ ਸਾਧਨਾਂ 'ਤੇ ਨਿਯੰਤ੍ਰਣ (ਭੂਮੀ, ਕਾਰਖ਼ਾਨੇ, ਦਫ਼ਤਰ ਆਦਿ)
3. ਮਿਹਨਤ ਸ਼ਕਤੀ 'ਤੇ ਨਿਯੰਤ੍ਰਣ

ਪੂੰਜੀਪਤੀ ਵਰਗ ਦਾ ਤਿੰਨਾਂ ਆਯਾਮਾਂ 'ਤੇ ਨਿਯੰਤ੍ਰਣ ਰਹਿੰਦਾ ਹੈ। ਮਿਹਨਤੀ ਵਰਗ ਦਾ ਨਿਯੰਤ੍ਰਣ ਇਨ੍ਹਾਂ ਵਿੱਚੋਂ ਕਿਸੇ 'ਤੇ ਵੀ ਨਹੀਂ ਹੁੰਦਾ। ਇਨ੍ਹਾਂ ਦੋ ਵਰਗਾਂ ਦੇ ਵਿਚਕਾਰ ਵਿਰੋਧਤਾ ਵਰਗ ਸਥਾਨ ਹੁੰਦਾ ਹੈ, ਜਿਨ੍ਹਾਂ ਵਿੱਚ ਰਾਈਟ ਨੇ ਸਫ਼ੇਦਪੋਸ਼ ਕਾਮੇ ਅਤੇ ਵਿਵਸਾਈ ਲੋਕਾਂ ਨੂੰ ਸ਼ਾਮਿਲ ਕੀਤਾ ਹੈ। ਇਹ ਲੋਕਾਂ ਨਾ ਤਾਂ ਪੂੰਜੀਪਤੀ ਹਨ, ਅਤੇ ਨਾ ਹੱਥ ਨਾਲ ਕੰਮ ਕਰਨ ਵਾਲੇ ਮਿਹਨਤੀ, ਪਰੰਤੂ ਉਨ੍ਹਾਂ ਦੋਨਾਂ ਵਿੱਚ ਕੁੱਝ ਸਮਾਨ ਲੱਛਣ ਪਾਏ ਜਾਂਦੇ ਹਨ।

ਇੱਕ ਹੋਰ ਉਪਾਗਮ ਫ੍ਰੇਂਕ ਪਾਰਕਿਨ ਦੁਆਰਾ ਪੇਸ਼ ਕੀਤਾ ਗਿਆ ਹੈ। ਪਾਰਕਿਨ ਦੇ ਅਨੁਸਾਰ, ਸੰਪਤੀ ਕੇਵਲ ਇੱਕ ਪ੍ਰਕਾਰ ਦੀ ਸਮਾਜਿਕ ਬੰਦ ਅਵਸਥਾ ਹੈ। ਪਾਰਕਿਨ ਨੇ ਸਮਾਜਿਕ ਬੰਦ ਅਵਸਥਾ ਨੂੰ ਕਿਸੇ ਅਜਿਹੀ ਪ੍ਰਕ੍ਰਿਆ ਦੁਆਰਾ ਪਰਿਭਾਸ਼ਿਤ ਕੀਤਾ ਹੈ, ਜਿਨ੍ਹਾਂ ਦੁਆਰਾ ਕੁੱਝ ਸਮੂਹ ਸੰਸਧਾਨਾਂ 'ਤੇ ਪੂਰਨ ਨਿਯੰਤ੍ਰਣ ਕਰਨ ਦੇ ਯਤਨ ਕਰਦੇ ਹਨ ਅਤੇ ਹੋਰ ਲੋਕਾਂ ਦੇ ਲਈ ਪਹੁੰਚ ਨੂੰ ਸੀਮਤ ਕਰਦੇ ਹਨ। ਸੰਪਤੀ ਜਾਂ ਦੌਲਤ ਦੇ ਇਲਾਵਾ ਸਜਾਤੀ ਉਤਪਤੀ, ਭਾਸ਼ਾ ਜਾਂ ਧਰਮ ਵੱਤੇ ਆਧਾਰਿਤ ਪਰਿਸਥਿਤੀ ਅੰਤਰਾਂ ਨੂੰ ਵੀ ਸਮਾਜਿਕ ਬੰਦ ਅਵਸਥਾ ਦੇ ਲਈ ਉਪਯੋਗ ਵਿੱਚ ਲਿਆਂਦਾ ਜਾ ਸਕਦਾ ਹੈ। ਸਮਾਜਿਕ ਬੰਦ ਅਵਸਥਾ ਵਿੱਚ ਦੋ ਪ੍ਰਕਾਰ ਦੀ ਪ੍ਰਕਿਰਿਆ ਸ਼ਾਮਿਲ ਹੈ- (1) ਅਲਹਿਦਗੀ, ਅਤੇ (2) ਉਲੰਘਣਾ। ਪਹਿਲ ਦਾ ਇਰਾਦਾ ਹੋਰ ਲੋਕਾਂ ਨੂੰ ਕੀਮਤੀ ਸੰਸਾਧਨਾਂ ਤੱਕ ਪਹੁੰਚਣ ਤੋਂ ਰੋਕਣਾ ਹੈ। ਦੂਜੇ ਦਾ ਮਤਲਬ ਘੱਟ ਲਾਭਕਾਰੀ ਲੋਕਾਂ ਦੁਆਰਾ ਜ਼ਿਆਦਾ ਲਾਭਦਾਇਕ ਲੋਕਾਂ ਤੋਂ ਸੰਸਾਧਨਾਂ ਦੀ ਪ੍ਰਾਪਤੀ ਦੇ ਲਈ ਯਤਨਾਂ ਨਾਲ ਹੈ। ਨਿਮਨ ਅਤੇ ਪੱਛੜੀ ਜਾਤੀਆਂ ਉਲੰਘਣਾ ਦਾ ਇੱਕ ਉਪਯੁਕਤ ਉਦਾਹਰਣ ਹਨ। ਦੋਹਰੀ ਬੰਦ ਅਵਸਥਾ ਵੀ ਪਾਈ ਜਾਂਦੀ ਹੈ।ਇੱਕ ਪਾਸੇ ਲੋਕਾਂ ਦਾ ਸਮੂਹ ਵਿਚਲਨ ਕਰਦਾ ਹੈ, ਦੂਜੇ ਪਾਸੇ ਉਹੀ ਸਮੂਹ ਹੋਰ ਸਮੂਹਾਂ ਨੂੰ ਲਾਭ ਵਿੱਚ ਭਾਗੀਦਾਰੀ ਤੋਂ ਰੋਕਦਾ ਹੈ।

ਸਾਧਾਰਨ ਤੌਰ 'ਤੇ ਸਾਰੇ ਸਮਾਜ, ਉੱਚ, ਮੱਧ ਅਤੇ ਮਿਹਨਤੀ (ਨਿਮਨ) ਵਰਗਾਂ ਵਿੱਚ ਦੌਲਤ, ਵੇਤਨ ਅਤੇ ਸਮਾਜਿਕ ਸੰਸਾਧਨਾਂ ਤੱਕ ਪਹੁੰਚ ਦੇ ਆਧਾਰ 'ਤੇ, ਵੰਡਿਆ ਗਿਆ ਹੈ, ਪਰ ਇਨ੍ਹਾਂ ਵਿੱਚੋਂ ਕੋਈ ਵੀ ਵਰਗ ਵੱਖਰੇਵਾਂ ਅਤੇ ਸਮਰੂਪੀ ਇਕਾਈ ਨਹੀਂ ਹੈ। ਅੰਦਰੂਨੀ ਰੂਪ ਵਿੱਚ, ਉਹ ਉੱਚ, ਮੱਧ, ਨੀਵੇਂ ਮੱਧ, ਉੱਚ ਮਿਹਨਤੀ ਅਤੇ ਨੀਵੇਂ ਮਿਹਨਤੀ ਵਰਗਾਂ ਵਿੱਚ ਵੰਡੇ ਹੋਏ ਹਨ। ਵਰਗ ਸਵੈ-ਸੋਚ ਦਾ ਵੀ ਮੁੱਦਾ ਹੈ। ਬ੍ਰਿਟੇਨ ਵਿੱਚ, ਇੱਕ ਅਧਿਐਨ ਦੇ ਅਨੁਸਾਰ ਲੋਕ ਆਪਣੇ ਆਪ ਨੂੰ ਉੱਚ ਮੱਧ, ਉੱਚ ਮਿਹਨਤੀ ਸਥਿਤੀ ਦੇ ਬਾਰੇ ਵਿੱਚ ਵਿਅਕਤੀਗਤ ਦ੍ਰਿਸ਼ਟੀ ਤੋਂ ਸੋਚਦੇ ਹਨ, ਜਦਕਿ ਉਹਨਾਂ ਦਾ ਰੁਤਬਾ ਸੰਪਤੀ, ਦੌਲਤ, ਕਿੱਤੇ, ਤਨਖ਼ਾਹ ਆਦਿ ਯਥਾਰਥਕ ਕਾਰਕਾਂ 'ਤੇ ਆਧਾਰਿਤ ਹੈ।

### ਮਾਰਕਸ, ਵੇਬਰ ਅਤੇ ਭਾਰਤ ਵਿੱਚ ਵਰਗਾਂ ਦਾ ਅਧਿਆਨ

ਭਾਰਤ ਵਿੱਚ ਵਰਗ ਜਾਤ ਅਤੇ ਸ਼ਕਤੀ ਦੇ ਨਾਲ ਭਰਪੂਰ ਰਿਹਾ ਹੈ। ਜਾਤ ਵਿਵਸਥਾ ਵਿੱਚ ਪਰਿਵਰਤਨ ਨੂੰ ਸਾਧਾਰਨ ਤੌਰ 'ਤੇ ਵਰਗ-ਆਧਾਰਿਤ ਸੰਬੰਧਾਂ ਦੇ ਉਭਰਨ ਦਾ ਸੂਚਕ ਸਮਝਿਆ ਗਿਆ ਹੈ।

ਕੁੱਝ ਵਿਦਵਾਨਾਂ ਨੇ ਭਾਰਤੀ ਸਮਾਜ ਦਾ ਵਰਗ ਵਿਸ਼ਲੇਸ਼ਣ ਕਰਦੇ ਹੋਏ ਮੱਤ ਪੇਸ਼ ਕੀਤਾ ਕਿ ਵਰਗ ਸੰਬੰਧ ਓਨੇ ਹੀ ਪ੍ਰਾਚੀਨ ਹਨ, ਜਿੰਨੇ ਜਾਤ ਸੰਬੰਧ ਹਨ। ਨਵੇਂ ਰਾਜਾਂ ਦੀ ਸਥਾਪਨਾ ਸਥਾਈ ਕਿਸਾਨ, ਵਪਾਰ, ਸ਼ਹਿਰਾਂ ਦਾ ਨਿਰਮਾਣ, ਬੈਂਕਿੰਗ ਅਤੇ ਵਪਾਰਕ/ਕਿੱਤਾ ਸੰਗਠਨ ਆਦਿ ਦੁਆਰਾ, ਵਰਗ ਰੂਪਾਂਤਰਣ ਇੱਕ ਸੰਭਵ ਤੱਥ ਰਿਹਾ ਹੈ, ਪਰ ਕੁੱਝ ਵਿਦਵਾਨਾਂ ਦੇ ਅਨੁਸਾਰ, ਨਿਸ਼ਚਿਤ ਯੁਗਤਾਂ ਦੇ ਰੂਪ ਵਿੱਚ, ਵਰਗ ਇੱਕ ਨਿਰਾਕਾਰ ਸ਼੍ਰੇਣੀ ਹੈ। ਅਜਿਹੇ ਉਪਾਗਮ ਨੂੰ ਆਧਾਰ ਮੰਨਣ 'ਤੇ ਵਰਗ ਸਮਾਜ ਵਿੱਚ ਉੱਚ, ਮੱਧ ਅਤੇ ਨੀਵੇਂ ਪੱਧਰਾਂ ਦੇ ਰੂਪ ਵਿੱਚ ਵਿਸ਼ਲੇਸ਼ਣ ਲਈ ਨਿਰਮਿਤ ਕੀਤੇ ਜਾਂਦੇ ਹਨ।

ਵਰਗ, ਵਰਗ ਸੰਘਰਸ਼ ਅਤੇ ਵਰਗ ਚੇਤਨਾ ਨੂੰ ਸਮਝਣ ਲਈ ਉਤਪਾਦਨ ਦੀ ਪ੍ਰਵਿਰਤੀ (ਆਵਿਰਤੀ) ਅਤੇ ਵਰਗ ਵਿਰੋਧ, ਮਾਰਕਸਵਾਦੀ ਉਪਾਗਮ ਦੇ ਜ਼ਰੂਰੀ ਲੱਛਣ ਹਨ। ਜਾਤ, ਭਾਈਚਾਰਾ, ਪਰਿਵਾਰ, ਵਿਆਹ ਅਤੇ ਧਾਰਮਿਕ ਕੁਰੀਤੀਆਂ ਵਿੱਚ ਵੀ ਉਤਪਾਦਨ ਦੀਆਂ ਸ਼ਕਤੀਆਂ ਅਤੇ ਉਤਪਾਦਨ ਦੇ ਸੰਬੰਧਾਂ ਨੂੰ ਦੇਖਿਆ ਜਾ ਸਕਦਾ ਹੈ। ਭਾਰਤੀ ਸਮਾਜ ਵਿੱਚ ਨਵੇਂ-ਪੂੰਜੀਪਤੀਆਂ ਦਾ ਉਦੇ, ਕਿਸਾਨ ਸਮਾਜ ਦਾ ਕੇਂਦਰੀਕਰਨ ਅਤੇ ਮਿਹਨਤ ਵਰਗ ਦੀ ਗਰੀਬੀ ਦੇ ਬਾਰੇ ਵਿੱਚ ਵਰਣਨ ਕੀਤਾ ਗਿਆ ਹੈ। ਅੱਜ ਮੁੱਖ ਵਰਗ ਇਹ ਹਨ-ਕਿਸਾਨ, ਉਦਯੋਗਿਕ, ਵਪਾਰਿਕ, ਦੁਕਾਨਦਾਰ ਅਤੇ ਵਪਾਰੀ।

ਇਨ੍ਹਾਂ ਵਰਗੀਕਰਨ ਵਿੱਚ ਵਿਚਾਰਕ ਧੁਨਾਂ ਹਨ। ਭੂਮੀ-ਮਾਲਕਾਂ, ਮਹਾਜਨਾਂ ਅਤੇ ਕਿਸਾਨਾਂ ਨੂੰ ਸਾਧਾਰਨ ਰੂਪ ਵਿੱਚ ਵਰਗਾਂ ਦੇ ਨਾਮ ਨਾਲ ਵਰਗ ਵਿਰੋਧ ਨਹੀਂ ਝਲਕਦਾ ਹੈ, ਪਰ ਪੂੰਜੀਪਤੀ, ਗੈਰਹਾਜ਼ਿਰ ਕਾਸ਼ਤਕਾਰ, ਧਨੀ ਕਿਸਾਨ, ਭੂਮੀਹੀਣ ਕਾਸ਼ਤਕਾਰ, ਖੇਤੀਹਰ ਮਜ਼ਦੂਰ ਆਦਿ ਸ਼ਬਦਾਂ ਦੇ ਉਪਯੋਗ ਨਾਲ ਵਰਗ ਅੰਤਰ ਕਿਰਿਆ, ਨਿਯੰਤਰਣ ਅਤੇ ਸੰਘਰਸ਼, ਵਰਗ ਰਚਨਾ ਦੇ ਵਿਸ਼ੇਸ਼ ਲੱਛਣਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ।

ਜਾਤ ਆਮ ਤੌਰ ਤੇ ਵਰਗ ਨੂੰ ਢਕ ਦਿੰਦੀ ਹੈ, ਕਿਉਂਕਿ ਜਾਤ ਅਸੀਮਤਾ ਅਤੇ ਜੁੜਾਓ ਦੇ ਸਾਧਨ ਦੇ ਰੂਪ ਵਿੱਚ ਪਾਈ ਜਾਂਦੀ ਹੈ। ਜਾਤ ਅਤੇ ਵਰਗ ਦੋਨੋਂ ਵਾਸਤਵਿਕ ਹਨ, ਪਰ ਇਨ੍ਹਾਂ ਦੋਨਾਂ ਵਿਵਸਥਾਵਾਂ ਦੇ ਵਿੱਚ ਅਨੁਰੂਪਤਾ ਇਨ੍ਹਾਂ ਦੀ ਤਰ੍ਹਾਂ ਨਹੀਂ ਪਾਈ ਜਾਂਦੀ। ਮੱਧ ਜਾਤਾਂ ਜ਼ਰੂਰੀ ਰੂਪ ਵਿੱਚ ਮੱਧ ਵਰਗ ਨਹੀਂ ਹਨ। ਮੱਧ ਵਰਗਾਂ ਵਿੱਚ ਨੀਵੀਂਆਂ ਜਾਤਾਂ ਦੇ ਲੋਕ ਹੋ ਸਕਦੇ ਹਨ। ਮੱਧ ਅਤੇ ਨੀਵੇਂ ਵਰਗਾਂ ਵਿੱਚ ਉੱਚ ਜਾਤਾਂ ਦੇ ਮੈਂਬਰ ਹੋ ਸਕਦੇ ਹਨ। ਮੱਧ ਜਾਤਾਂ ਮੱਧ ਅਤੇ ਉੱਚ ਵਰਗਾਂ ਵਿੱਚ ਹੋ ਸਕਦੀਆਂ ਹਨ। ਅੱਜ ਦੇ ਭਾਰਤੀ ਸਮਾਜ ਵਿੱਚ ਜਾਤ ਅਤੇ ਵਰਗ ਦੇ ਅਜਿਹੇ ਮਿਸ਼ਰਨ ਪਾਏ ਜਾਂਦੇ ਹਨ। ਭਾਰਤ ਦੇ ਮੱਧ ਵਰਗ, ਉਤਪਾਦਨ ਦੀ ਸ਼ਕਤੀਆਂ ਅਤੇ ਉੱਚ ਅਤੇ ਨੀਵੇਂ ਵਰਗਾਂ ਦੇ ਆਕਾਰ ਦੇ ਅਨੁਪਾਤ ਦੇ ਅਨੁਸਾਰ ਨਹੀਂ ਹੈ, ਉਹ ਕਿਤੇ ਜ਼ਿਆਦਾ ਹਨ। ਮੱਧ ਵਰਗ ਅਵਿਭੇਦੀਕ੍ਰਿਤ ਵੀ ਨਹੀਂ ਹੈ। ਨਵੇਂ ਰੁਤਬਿਆਂ ਵਾਲੇ ਸਮੂਹ ਵਰਗਾਂ ਦੇ ਰੂਪ ਵਿੱਚ ਉਭਰ ਰਹੇ ਹਨ।

ਨੋਟਸ ਪ੍ਰਵਾਸ, ਗਤੀਸ਼ੀਲਤਾ, ਆਧੁਨਿਕ ਵਪਾਰ, ਸਿੱਖਿਆ ਆਦਿ ਨੂੰ ਰਗ ਰਚਨਾ ਦੇ ਸ਼ੁਰੂਆਂਤ ਦੇ ਸੂਚਕਾਂ ਦੀ ਸ਼ੰਖਿਆ ਦਿੱਤੀ ਗਈ ਹੈ।

ਨੋਟ

**2. ਦਰਜਾ ਸਮੂਹ (Caste Group)**

'ਵਰਗ, ਪਰਿਸਥਿਤੀ ਅਤੇ ਦਲ' ਦੇ ਵਿੱਚ ਆਰਥਕ, ਸਮਾਜਕ ਅਤੇ ਰਾਜਨੀਤਕ ਵਿਵਸਥਾਵਾਂ ਦੇ ਰੂਪ ਵਿੱਚ ਫਰਕ ਕਰਦੇ ਹੋਏ, ਮੈਕਸ ਵੇਬਰ ਨੇ, 'ਦਰਜਾ ਸਮੂਹਾਂ' ਦੀ ਧਾਰਨਾ ਨੂੰ ਲਾਗੂ ਕੀਤਾ ਹੈ। ਵੇਬਰ ਨੇ 'ਸਮਾਜਿਕ ਦਰਜੇ' ਨੂੰ ਸਮਾਜਿਕ ਮਾਣ ਸਨਮਾਨ ਦੇ ਸੰਦਰਭ ਵਿੱਚ ਸਕਾਰਾਤਮਕ ਜਾਂ ਨਕਾਰਾਤਮਕ ਵਿਸ਼ੇਸ਼ ਲਾਭ ਲਈ ਇੱਕ ਪ੍ਰਕਾਰ ਨਾਲ ਪ੍ਰਭਾਵਕਾਰੀ ਦਾਅਵੇ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਹੈ। ਇਸ ਤਰਾਂ ਦੇ ਦਾਅਵੇ ਦੇ ਇੱਕ ਜਾ ਇੱਕ ਤੋਂ ਜ਼ਿਆਦਾ ਹੇਠਲੇ ਆਧਾਰ ਹਨ।–

(ੳ) ਜਿਉਣ ਦਾ ਤਰੀਕਾ

(ਅ) ਸਿੱਖਿਆ ਦੀ ਔਪਚਾਰਿਕ ਪ੍ਰਕਿਰੀਆ ਦੁਆਰਾ ਅਨੁਭਾਵਿਕ ਜਾਂ ਜਥੋਚਿਤ ਟ੍ਰੇਨਿੰਗ ਅਤੇ ਉਸ ਦੇ ਅਨੁਰੂਪ ਜਿਉਣ ਦੀ ਪ੍ਰਣਾਲੀ ਦੀ ਪ੍ਰਾਪਤੀ।

(ੲ) ਜਨਮ ਜਾਂ ਇੱਕ ਕਿੱਤੇ ਤੇ ਆਧਾਰਿਤ ਮਾਣ–ਸਨਮਾਨ।

ਅਸਲੀ ਜੀਵਨ ਦੇ ਸ਼ੁਰੂ ਦੇ ਸਪਸ਼ਟ ਨਤੀਜੇ, ਵਿਆਹ ਦੇ ਨਿਯਮਾਂ ਦੇ ਪਾਲਣ ਅਤੇ ਖਾਸ ਜਿਆਦਾ ਲਾਭ ਦੇ ਆਰਥਕ ਅਵਸਰਾਂ ਦੇ ਪੂਰਨ ਉਪਯੋਗ ਅਤੇ ਲਾਭ ਪ੍ਰਾਪਤੀ ਦੇ ਕੁਝ ਤਰੀਕਿਆਂ 'ਤੇ ਰੋਕ ਆਦਿ ਦੁਆਰਾ ਦੇਖੇ ਜਾ ਸਕਦੇ ਹਨ। ਸਮਾਜਿਕ ਅਹੁਦੇ ਨਾਲ ਜੁੜੀਆਂ ਹੋਈਆਂ ਕੁਝ ਪ੍ਰਥਾਵਾਂ ਅਤੇ ਪਰੰਪਰਾਵਾਂ ਵੀ ਹਨ।

ਜਾਤ ਇੱਕ ਦਰਜਾ ਸਮੂਹ ਦਾ ਉੱਤਮ ਉਦਾਹਰਣ ਹੈ। ਜਾਤ ਦੁਆਰਾ ਵਰਣਿਤ ਇੱਕ ਦਰਜਾਬੰਦੀ ਦੀ ਵਖਰੇਵਾਂ ਅਤੇ ਲਗਾਓ, ਜਨਮ 'ਤੇ ਆਧਾਰਿਤ ਵਿਰਾਸਤ, ਜੱਦੀ ਕਿੱਤੇ, ਨੀਵੀਂਆਂ ਜਾਤਾਂ ਦੀ ਖਾਸ ਜੀਵਨ ਪ੍ਰਣਾਲੀਆਂ ਅਤੇ ਦਰਜਾ ਅਤੇ ਮਾਣ–ਸੰਮਾਨ ਦੀ ਸਥਿਰ ਧਾਰਨਾ ਵਰਗੀਆਂ ਕਸੌਟੀਆਂ ਦੁਆਰਾ ਚਰਿਤਰਿਤ ਕੀਤਾ ਜਾਂਦਾ ਹੈ। ਸੰਪਤੀ, ਤਨਖਾਹ ਜਾਂ ਗਰੀਬੀ ਵੀ ਉੱਚ ਸਮਾਜਿਕ ਮਾਣ–ਸਨਮਾਨ ਲਈ ਅਯੋਗਤਾ ਨਹੀਂ ਮੰਨੀ ਜਾਂਦੀ ਹੈ।

ਜਦਕਿ ਆਰਥਿਕ ਕਾਰਨ, ਸਮਾਜਿਕ ਅਹੁਦੇ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਇਸ ਦੇ ਉਲਟ ਵੀ ਸਥਿਤੀ ਹੋ ਸਕਦੀ ਹੈ। ਸਮਾਜਿਕ ਦਰਜ਼ਾ ਆਂਸ਼ਿਕ ਰੂਪ ਵਿੱਚ ਜਾਂ ਪੂਰੀ ਤਰ੍ਹਾਂ ਵਰਗ ਦਰਜੇ ਨੂੰ ਨਿਰਧਾਰਿਤ ਕਰ ਸਕਦੀ ਹੈ, ਪਰ ਬਿਨਾਂ ਵਰਗ ਦੇ ਬਰਾਬਰ ਬਣੇ, ਲੋਕਾਂ ਨੂੰ ਵੱਖ–ਵੱਖ ਵਰਗ ਦਰਜੇ ਜਾਂ ਆਰਥਿਕ ਸਥਾਨ ਹੋ ਸਕਦੇ ਹਨ, ਪਰ ਇੱਕ ਹੀ ਪ੍ਰਕਾਰ ਦੇ ਮਹੱਤਵਪੂਰਨ ਸੰਦੰਰਭ ਵਿੱਚ ਆਮ ਜੀਵਨ ਸ਼ੈਲੀ ਦੇ ਆਧਾਰ ਤੇ ਉਨ੍ਹਾਂ ਦੀ ਆਮ ਸਮਾਜਿਕ ਪਰਿਸਥਿਤੀ ਹੋ ਸਕਦੀ ਹੈ। ਅਜਿਹਾ ਉਨ੍ਹਾਂ ਦੀ ਇੱਕੋ ਜਿਹੀ ਸਿੱਖਿਆ ਦੇ ਨਤੀਜੇ ਦੇ ਰੂਪ ਵਿੱਚ ਹੋ ਸਕਦੀ ਹੈ, ਕਿਉਂਕਿ ਪਰਿਸਥਿਤੀ ਸਮੂਹ ਸਿਰਫ਼ ਬਾਜ਼ਾਰੀ ਸਿਧਾਂਤ ਦੁਆਰਾ ਕੰਮ ਨਹੀਂ ਕਰਦੇ ਹਨ।

**ਦਰਜ਼ਾ ਸਨਮਾਨ**

ਵਰਗਾਂ ਦੇ ਉਲਟ, ਦਰਜ਼ਾ ਸਮੂਹ ਅਕਸਰ ਸਮੂਹ ਹਨ ਅਤੇ ਸਾਧਾਰਨ ਤੌਰ ਤੇ ਅਸਪਸ਼ਟ ਜਾਂ ਬਿਨਾਂ ਕਿਸੇ ਰੂਪ ਦੇ ਹਨ।'ਵਰਗ ਪਰਸਥਿਤੀ' ਦੇ ਉਲਟ, ਵੇਬਰ ਨੇ 'ਦਰਜਾ ਪਰਿਸਥਿਤੀ' ਦੇ ਅਸਤਿੱਤਵ ਦਾ ਉਲੇਖ ਕੀਤਾ ਹੈ, ਜੋ ਇੱਕ ਪ੍ਰਦੱਤ ਸਨਮਾਨ ਦੇ ਸਮਾਜਿਕ ਮਾਪ (ਮੁਲਾਂਕਣ) ਤੇ ਆਧਾਰਿਤ ਹੁੰਦਾ ਹੈ ਅਤੇ ਉਹ ਇੱਕ ਖਾਸ ਸਕਾਰਾਤਮਕ ਜਾਂ ਨਕਾਰਾਤਮਕ ਪ੍ਰਕਾਰ ਦਾ ਹੁੰਦਾ ਹੈ। ਇੱਕ ਪ੍ਰਦੱਤ ਦਰਜ਼ਾ ਪਰਿਸਥਿਤੀ ਵਿੱਚ ਬਹੁਤ ਲੋਕਾਂ ਦੀ ਭਾਗੀਦਾਰੀ ਹੁੰਦੀ ਹੈ ਅਤੇ ਇਹ ਇੱਕ ਵਰਗ ਪਰਿਸਥਿਤੀ ਦੇ ਨੇੜੇ ਹੋ ਸਕਦੀ ਹੈ। ਵਰਗ–ਭੇਦ ਬਹੁਤ ਜ਼ਿਆਦਾ ਵੱਖ–ਵੱਖ ਤਰੀਕਿਆਂ ਵਿੱਚ ਪਰਿਸਥਿਤੀ ਭੇਦਾਂ ਨਾਲ ਜੁੜੇ ਰਹਿੰਦੇ ਹਨ। ਸੰਪਤੀ ਨੂੰ ਸਦਾ ਪਰਿਸਥਿਤੀ ਲਈ ਯੋਗਤਾ ਨਹੀਂ ਮੰਨਿਆ ਜਾਂਦਾ ਹੈ, ਪਰ ਲੰਮੇ ਸਮੇਂ ਵਿੱਚ ਅਜਿਹਾ ਹੁੰਦਾ ਹੈ ਅਤੇ ਉਹ ਵੀ ਜ਼ਿਆਦਾ ਨਿਰੰਤਰਤਾ ਦੇ ਨਾਲ। ਸਮਾਜਿਕ ਸਨਮਾਨ ਲਈ ਸੱਮਾਨਜਨਕ ਨਾਮ/ਪਦ ਨੂੰ ਮੁੱਖ ਸੂਚਕ ਮੰਨਿਆ ਜਾਂਦਾ ਹੈ। ਮੁੱਦੇ ਦੀ ਗੱਲ ਇਹ ਹੈ ਕਿ ਮਾਣ ਸੰਮਾਣ ਨੂੰ 'ਵਰਗ ਦਰਜੇ' ਨਾਲ ਜੋੜਨ ਦੀ ਜ਼ਰੂਰਤ ਨਹੀਂ ਹੈ।ਇਸ ਦੇ ਉਲਟ, ਪਰਿਸਥਿਤੀ ਸੰਮਾਣ, ਆਮ ਤੌਰ, ਤੇ ਸਿਰਫ਼ ਸੰਪਤੀ ਦੇ ਦਾਅਵਿਆਂ ਦੇ ਬਿਲਕੁਲ ਉਲਟ ਹੈ।

ਸੰਪਤੀ ਵਾਲੇ ਅਤੇ ਸੰਪਤੀਹੀਣ ਦੋਨੋਂ ਲੋਕ ਇੱਕ ਹੀ ਪਰਿਸਥਿਤੀ ਸਮੂਹ ਵਿੱਚ ਹੋ ਸਕਦੇ ਹਨ, ਅਤੇ ਆਮ ਤੌਰ ਤੇ ਅਜਿਹਾ ਬਹੁਤ ਸਪਸ਼ਟ ਪਰਿਮਾਣ ਨਾਲ ਹੁੰਦਾ ਹੈ।ਸਮਾਜਿਕ ਇੱਜ਼ਤ ਦੀ ਇਹ 'ਸਮਾਨਤਾ' ਕਾਲਾਂਅਤਰ ਵਿੱਚ ਬਹੁਤ ਅਨਿਸ਼ਚਿਤ ਅਸੁਰਖਿੱਅਤ ਹੋ ਸਕਦੀ ਹੈ।ਇੱਕ ਧਨੀ ਵਿਅਕਤੀ ਆਪਣੇ ਨੌਕਰ ਨੂੰ ਆਪਣੇ ਬਰਾਬਰ ਨਹੀਂ ਮੰਨ ਸਕਦਾ, ਚਾਹੇ ਉਹ ਉਹਨਾਂ ਹੀ ਪੜ੍ਹਿਆ ਲਿਖਿਆ ਹੈ, ਜਿੰਨਾ ਉਸ ਦਾ ਮਾਲਿਕ।

ਨੋਟ

ਵਿਵਹਾਰੀਕ ਤੌਰ ਤੇ ਸਮਾਜਿਕ ਸਨਮਾਨ ਵਿੱਚ ਸਾਧਾਰਨ ਤੌਰ ਤੇ ਹੋਰ ਬਿੰਦੂਆਂ ਤੋ ਇਲਾਵਾ ਇੱਕ ਪਰਿਸਥਿਤੀ ਚੱਕਰ ਵਿੱਚ ਆਉਣ ਵਾਲਿਆਂ ਤੋ ਉਮੀਦ ਕੀਤੀ ਜਾਂਦੀ ਹੈ ਕਿ ਉਹ ਖਾਸ ਜੀਵਨ ਸ਼ੈਲੀ ਦਿਖਾਉਣ।ਇਸ ਆਸ਼ਾ ਨਾਲ 'ਸਮਾਜਿਕ' ਪਾਰਸਪਰਿਕ ਵਿਵਹਾਰ ਤੇ ਰੋਕਾਂ ਹੁੰਦੀਆਂ ਹਨ। ਉਹ ਰੋਕਾਂ ਪਰਿਸਥਿਤੀ ਘੇਰੇ ਵਿੱਚ ਸਾਧਾਰਨ ਤੋਰ ਤੇ ਵਿਆਹ ਕਰਨ ਤੱਕ ਮਜਬੂਰ ਕਰ ਸਕਦੇ ਹਨ ਅਤੇ ਇਸ ਨਾਲ ਪੂਰੀ ਤਰਾਂ ਅੰਤਰ ਸਮੂਹ ਵਿਆਹ ਦਾ ਘੇਰਾ ਬਣ ਸਕਦਾ ਹੈ।ਭਾਰਤ ਦੀ ਜਾਤ ਵਿਵਸਥਾ ਵਿੱਚ, ਅੰਤਰ-ਜਾਤੀ ਅਤੇ ਬਹਿ ਗੋਤਰ ਵਿਆਹਾਂ ਤੇ ਅਜਿਹੀਆਂ ਹੀ ਰੋਕਾਂ ਲਾਗੂ ਹਨ।ਇੱਕ ਜਾਤ ਦੇ ਮੈਂਬਰਾਂ ਨੂੰ ਆਪਣੀ ਹੀ ਜਾਤ, ਉਪ-ਜਾਤ ਅਤੇ ਆਪਣੇ, ਆਪਣੀ ਮਾਤਾ, ਦਾਦੀ ਅਤੇ ਨਾਨੀ ਦੇ ਗੋਤਾਂ ਦੇ ਬਾਹਰ ਵਿਆਹ ਕਰਨਾ ਪੈਂਦਾ ਹੈ।ਇਸ ਪ੍ਰਕਾਰ 'ਪਰਿਸਥਿਤੀ ਸਮੂਹਾਂ ਦੁਆਰਾ ਦਰਜਾਬੰਦੀ ਸਹਿਮਤ' ਤੇ ਆਧਾਰਿਤ ਸਮੂਹਿਕ ਕੰਮ ਅਤੇ ਪਰੰਪਰਾਤਮਕ ਜੀਵਨ ਸ਼ੈਲੀ ਵਿਕਸਿਤ ਹੁੰਦੀ ਹੈ।

ਵੇਬਰ ਦਾ ਮਤ ਹੈ ਕਿ ਕੁਝ ਜ਼ਿਆਦਾ ਅਸਾਧਾਰਨ ਤੋਰ 'ਤੇ ਕਹਿ ਸਕਦੇ ਹਾਂ ਕਿ 'ਵਰਗ' ਆਪਣੇ ਉਤਪਾਦਨ ਦੇ ਨਾਲ ਸੰਬੰਧਾਂ ਅਤੇ ਪਦਾਰਥਾਂ (ਵਸਤੂਆਂ) ਦੀ ਪ੍ਰਾਪਤੀ ਦੇ ਅਨੁਸਾਰ ਸਤਰੀਕ੍ਰਿਤ ਹੁੰਦੇ ਹਨ, ਜਦਕਿ 'ਪਰਿਸਥਿਤੀ ਸਮੂਹ'ਵਸਤੂਆਂ ਦੇ ਉਪਭੋਗ ਦੇ ਸਿਧਾਂਤਾਂ ਦੇ ਅਨੁਸਾਰ ਸਤਰੀਕ੍ਰਿਤ ਕੀਤੇ ਜਾਂਦੇ ਹਨ ਅਤੇ ਇਹ ਉਹਨਾਂ ਦੀ ਖਾਸ ਜੀਵਨ ਸ਼ੈਲੀ ਵਿੱਚ ਦਿਖਾਈ ਦਿੰਦਾ ਹੈ।

ਇੱਕ 'ਕਾਰੋਬਾਰਿਕ ਸਮੂਹ'ਵੀ ਇੱਕ ਪਰਿਸਥਿਤੀ ਸਮੂਹ ਹੈ।ਸਾਧਾਰਨ ਤੋਰ ਤੇ, ਇੱਕ 'ਕਾਰੋਬਾਰਿਕ ਸਮੂਹ' ਸਫਲਤਾਪੂਰਣਕ ਸਮਾਜਿਕ ਸਨਮਾਨ ਦਾ ਦਾਅਵਾ ਆਪਣੇ ਆਪ ਦੁਆਰਾ ਨਿਰਧਾਰਿਤ ਸਿਰਫ਼ ਇੱਕ ਖਾਸ ਜੀਵਨ ਸ਼ੈਲੀ ਦੁਆਰਾ ਕਰਦਾ ਹੈ।ਵਰਗਾਂ ਅਤੇ ਪਰਿਸਥਿਤੀ ਸਮੂਹਾਂ ਵਿੱਚ ਅੰਤਰ ਸਪਸ਼ਟ ਨਹੀਂ ਹੁੰਦੇ ਹਨ।ਭਾਰਤ ਵਿੱਚ ਜਾਤਾਂ ਇੱਕ ਪ੍ਰਕਾਰ ਦੇ ਪਰਿਸਥਿਤੀ ਸਮੂਹ ਹਨ।ਉਦਾਹਰਣ ਦੇ ਤੋਰ ਤੇ ਪਹਿਲਾਂ ਬ੍ਰਾਹਮਣ ਆਰਥਿਕ ਤਨਖ਼ਾਹ ਲਈ ਪਾਰੰਪਰਿਕ ਤੋਰ ਤੇ ਜਿਆਦਾ ਅਰੁਚਿ ਰੱਖਦੇ ਸਨ ਉਹ ਜਾਤ ਪਾਤ ਵਿੱਚ ਸਭ ਤੋਂ ਉਪਰ ਸਨ।ਪਰਿਸਥਿਤੀ ਦਰਜਾਬੰਦੀ ਨੂੰ ਸਮਰਥਨ, ਵਸਤੂਆਂ ਦੀ ਪ੍ਰਾਪਤੀ ਅਤੇ ਵਿਤਰਨ ਦੇ ਆਧਾਰਾਂ ਦੇ ਸਾਪੇਖਿਕ ਰੂਪ ਵਿੱਚ ਸਥਿਰ ਰਹਿਣ ਤੇ ਪ੍ਰਾਪਤ ਹੁੰਦਾ ਹੈ।ਤਕਨੀਕੀ ਹਮਲੇ ਅਤੇ ਆਰਥਿਕ ਪਰਿਵਰਤਨ ਨਾਲ ਪਰਿਸਥਿਤੀ ਦਰਜਾਬੰਦੀ ਨੂੰ ਖ਼ਤਰੇ/ਚੁਨੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ।

### ਦਰਜ਼ਾ ਦਰਜਾਬੰਦੀ ਦੀ ਸੁਰੱਖਿਆ (ਗਾਰੰਟੀਆਂ)

ਜਿਵੇਂ ਕਿ, ਪਹਿਲਾਂ ਹੀ ਅਸੀਂ ਕਹਿ ਚੁੱਕੇ ਹਾਂ ਕਿ ਇੱਕ ਪਰਿਸਥਿਤੀ ਸਮੂਹ ਦੀ ਮੁੱਖ ਵਿਸ਼ੇਸ਼ਤਾ ਉਸ ਦੀ ਖਾਸ ਜੀਵਨ-ਸ਼ੈਲੀ ਹੈ।ਇਸ ਤਰਾਂ ਦੀ ਜੀਵਣ-ਸ਼ੈਲੀ ਦਾ ਅਨੁਪਾਲਣ ਪਰਿਸਥਿਤੀ ਸਮੂਹ ਦੇ ਮੈਂਬਰ ਕੁਝ ਖਾਸ ਮਾਣਕਾਂ ਅਤੇ ਨਿਯਮਾਂਕਣਾਂ ਦੇ ਦੁਆਰਾ ਕਰਦੇ ਹਨ।ਸਮਾਜਿਕ ਸੱਮਾਨ ਦਾ ਅਨੁਮਾਨ, ਵਿਅਕਤਿਕ ਮੈਂਬਰਾਂ ਦੁਆਰਾ ਜਾਂ ਪਰਿਸਥਿਤੀ ਸਮੂਹ ਦੇ ਦੁਆਰਾ ਇਕੱਠੇ ਰੂਪ ਵਿੱਚ ਮਾਣਕਾਂ ਦੇ ਅਨੁਪਾਲਣ ਦੇ ਆਧਾਰ ਤੇ ਕੀਤਾ ਜਾਂਦਾ ਹੈ।ਪਰਿਸਥਿਤੀ ਸਮੂਹਾਂ ਦੇ ਦਾਇਰੀਕਰਨ ਦੇ ਉਦਾਹਰਣ, ਖਾਸ ਗਲੀਆਂ, ਮਹੱਲਿਆਂ, ਸਮੂਹਾਂ ਆਦਿ ਵਿੱਚ ਜਾਣਾ ਅਤੇ ਭੇਂਟ ਕਰਨਾ ਵੀ ਹੈ।ਪਰਿਸਥਿਤੀ ਦਾ ਉਦਭਵ/ਵਿਕਾਸ ਜ਼ਰੂਰੀ ਰੂਪ ਵਿੱਚ ਘੇਰਾਓ ਤੇ ਆਧਾਰਿਤ ਦਰਜਾਬੰਦੀ ਦਾ ਪ੍ਰਸ਼ਨ ਹੈ।ਲਗਭਗ ਸਭ ਪਰਿਸਥਿਤੀ ਸਨਮਾਨ ਦੀ ਸਾਧਾਰਣ ਉਤਪਤੀ ਵਿੱਚ ਅਜਿਹਾ ਘੇਰਾਵ (usurpation) ਹੀ ਹੈ।ਇੱਕ ਦਰਜਾਬੰਦੀ ਵਿਵਸਥਾ ਨੂੰ ਸਥਿਰਤਾ ਕਾਨੂੰਨ ਦੁਆਰਾ ਮਾਣਕ ਸਮਾਜਿਕ ਸੰਗਠਨ ਤੋਂ ਪ੍ਰਾਪਤ ਹੁੰਦੀ ਹੈ।

### 'ਸਮਜਾਤੀ' ਭੇਦਭਾਵ ਅਤੇ 'ਜਾਤ'

ਵੇਬਰ ਨੇ ਜਾਤਾਂ ਨੂੰ ਪਰਿਸਥਿਤੀ ਸਮੂਹਾਂ ਦਾ ਉਦਾਹਰਣ ਸਮਝਿਆ ਹੈ।ਜਦ ਪਰਿਸਥਿਤੀ ਸਮੂਹ ਇੱਕ ਬੰਦ 'ਜਾਤ' ਵਿੱਚ ਵਿਕਸਿਤ ਹੁੰਦਾ ਹੈ, ਤਦ ਇਸ ਦੇ ਉਦੇਸ਼ ਪੂਰਨ ਰੂਪ ਵਿੱਚ ਪੂਰੇ ਹੋ ਜਾਂਦੇ ਹਨ।ਪਰਿਸਥਿਤੀ-ਵਿਭੇਦ ਤਦ ਨਾ ਸਿਰਫ਼ ਪਰੰਪਰਾਵਾਂ ਅਤੇ ਕਾਨੂੰਨਾਂ ਨਾਲ ਹੀ ਸੁਰੱਖਿਅਤ/ਸਮਰਪਿਤ ਰਹਿੰਦੇ ਹਨ, ਬਲਕਿ ਧਾਰਮਿਕ ਬੁਰਾਈਆਂ ਦੀ ਵੀ ਗਰੰਟੀ ਰਹਿੰਦੀ ਹੈ।, ਸੰਸਕਾਰਿਕ ਅਪਵਿੱਤਰਤਾ ਅਤੇ ਦਾਗ ਜਾਂ ਸਾਪੇਖਕ ਪਵਿੱਤਰਤਾ ਅਤੇ ਸਨਮਾਨ ਦੁਆਰਾ ਜਾਤ ਸੋਪਾਨ ਪਵਿੱਤਰ ਅਤੇ ਅਪਵਿੱਤਰ ਦੇ ਸਿਧਾਂਤ ਤੇ ਆਧਾਰਿਤ ਸਮਾਜਿਕ ਸਨਮਾਨ ਨੂੰ ਉਲੇਖਿਤ ਕਰਦੇ ਹਨ।ਵੇਬਰ ਦੇ ਅਨੁਸਾਰ, 'ਜਾਤ' ਇੱਕ ਸਾਧਾਰਨ ਰੂਪ ਹੈ, ਜਿਸ ਦੇ ਅੰਦਰ ਸਜਾਤੀ ਸਮੂਦਾਏ ਇੱਕ 'ਸਮਾਜੀਕ੍ਰਿਤ' ਢੰਗ ਨਾਲ ਇੱਕ-ਦੂਜੇ ਦੇ ਕੋਲ-ਕੋਲ ਰਹਿੰਦੇ ਹਨ।ਜਾਤ ਵਰਗੇ ਪਰਿਸਥਿਤੀ-ਵਿਭੇਦ ਪੂਰੇ ਸੰਸਾਰ ਵਿੱਚ ਸਭ ਥਾਂ ਵਿਆਪਤ ਹਨ।

ਪਰ ਜੇਕਰ ਇੱਕ 'ਦਰਜ਼ਾ' ਭੇਦਭਾਵ 'ਜਾਤ' ਦਾ ਰੂਪ ਧਾਰਨ ਕਰ ਲੈਂਦੀ ਹੈ ਤਾਂ ਫੇਰ ਉਹ ਆਪਣੀ ਸੰਰਚਨਾ ਵਿੱਚ ਮਾਤਰ ਇੱਕ 'ਸਜਾਤੀ' ਭੇਦਭਾਵ ਤੋਂ ਵੱਖ ਹੁੰਦਾ ਹੈ।ਜਾਤ ਵੱਖ-ਵੱਖ ਜਾਤਾਂ ਸਮੂਹਾਂ ਦੇ ਵਿੱਚ ਉੱਚ ਅਤੇ ਨੀਵੇਂ ਸੰਬੰਧਾਂ ਦੀ ਇੱਕ ਲੰਬ ਰੂਪੀ

ਨੋਟ

ਸਮਾਜਿਕ ਵਿਵਸਥਾ ਹੈ।ਇੱਕ ਸਜਾਤੀਆ ਸਮੂਹ ਦਾ ਆਪਣੇ ਆਪ ਦਾ ਸਨਮਾਨ ਉੱਚਤਮ ਹੁੰਦਾ ਹੈ।'ਜਾਤ' ਨੇ ਸਨਮਾਨ ਦੇ ਸੋਪਾਨ ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਇਹ ਵੀ ਵਿਸ਼ੇਸ਼ ਅਧਿਕਾਰਾਂ ਜਾ ਉੱਚ ਜਾਤਾਂ ਅਤੇ ਪਰਿਸਥਿਤੀ ਸਮੂਹਾਂ ਦੇ ਵੱਲ ਹੁੰਦਾ ਹੈ।ਇਸ ਦਾ ਅਰਥ ਇਹ ਵੀ ਹੈ ਕਿ ਅਸਲੀਅਤ ਵਿੱਚ ਨਕਾਰਾਤਮਕ ਰੂਪ ਵਿੱਚ ਵਿਸ਼ੇਸ਼ ਅਧਿਕਾਰ ਰੁਤਬਾ ਸਮੂਹ ਹਨ, ਜਿਸ ਨਾਲ ਨਫ਼ਰਤ ਅਤੇ ਭੇਦਭਾਵ ਕੀਤਾ ਜਾਂਦਾ ਹੈ ਅਤੇ ਉਸ ਨੂੰ ਸਮਾਜ ਦੇ ਸੰਸਾਧਨਾਂ ਤੱਕ ਪਹੁੰਚਣ ਤੋਂ ਰੋਕਿਆ ਜਾਂਦਾ ਹੈ।

ਅੰਤ ਵਿੱਚ ਸਮਜਾਤੀ ਸਮੂਹ (ਜਾਤਾਂ ਸਮੇਤ) ਨਾਲ ਸਮਜਾਤੀ ਸਮੂਹਾਂ ਵਿੱਚ ਵਿਕਸਿਤ ਹੋਣਾ ਇੱਕ ਆਮ ਅਤੇ ਆਸਾਨ ਘਟਨਾ ਨਹੀਂ ਹੈ। ਇੱਕ ਸਮਜਾਤੀ ਸਮੂਹ ਦੀ ਹਰ ਮਨੋ ਭਾਵਨਾ ਲਈ 'ਉਦੇਸ਼' ਪ੍ਰਜਾਤਿ ਅੰਤਰ ਬੁਨਿਆਦੀ ਨਹੀਂ ਹੈ। ਇੱਕ ਰੁਤਬਾ ਸਮੂਹ ਬਹੁਤ ਪ੍ਰਭਾਵੀ ਢੰਗ ਨਾਲ ਜਿਆਦਾ ਪ੍ਰਕਾਰਾਂ ਦੇ ਸਮੂਹ ਪੈਦਾ ਕਰ ਸਕਦਾ ਹੈ। ਇਸ ਦੇ ਨਾਲ ਇਹ ਵੀ ਅਕਸਰ ਹੁੰਦਾ ਹੈ ਕਿ ਇੱਕ ਰੁਤਬਾ ਸਮੂਹ ਦੇ ਮੈਂਬਰਾਂ ਲਈ ਆਸ਼ਾ ਜਨਕ ਜੀਵਨ ਸ਼ੈਲੀ ਦੀ ਸੰਭਾਵਨਾ ਵਿੱਚ ਵਰਗ ਰੁਤਬਾ ਸਭ ਤੋਂ ਪ੍ਰਭਾਵਿਤ ਕਰਦਾ ਹੈ।

**ਰੁਤਬਾ ਵਿਸ਼ੇਆਧਿਕਾਰ**

ਵਿਵਹਾਰਿਕ ਉਦੇਸ਼ਾਂ ਦੀ ਦ੍ਰਿਸ਼ਟੀ ਤੋਂ, ਇੱਕ ਖਾਸ ਢੰਗ ਨਾਲ ਰੁਤਬਾ ਦਰਜਾਬੰਦੀ, ਆਦਰਸ਼ ਅਤੇ ਭੌਤਿਕ ਪਦਾਰਥ ਜਾਂ ਅਵਸਰ ਏਕਾਧਿਕਾਰ ਇੱਕਠੇ ਪਾਏ ਜਾਂਦੇ ਹਨ। ਦੂਰੀ ਅਤੇ ਅਲੈਦਗੀ 'ਤੇ ਆਧਾਰਿਤ ਵਿਸ਼ੇਸ਼ ਰੁਤਬਾ, ਸਨਮਾਨ ਤੋਂ ਇਲਾਵਾ, ਸਮਾਜ ਵਿੱਚ ਹਰ ਪ੍ਰਕਾਰ ਦੇ ਭੌਤਿਕ (ਆਰਥਿਕ) ਏਕਾਧਿਕਾਰ ਵੀ ਪਾਏ ਜਾਂਦੇ ਹਨ। ਇਸ ਤਰ੍ਹਾਂ ਨਾਲ ਸਨਮਾਨ ਸੂਚਕਾਂ ਵਿੱਚ ਵਿਸ਼ੇਸ਼ ਤਰ੍ਹਾਂ ਦੀ ਪੋਸ਼ਾਕ ਪਹਿਨਣ ਦਾ ਵਿਸ਼ੇਸ਼ ਅਧਿਕਾਰ, ਖਾਸ ਤਰ੍ਹਾਂ ਦਾ ਭੋਜਨ, ਦੂਜਿਆਂ ਲਈ ਨਿਸ਼ੇਧ, ਹਥਿਆਰ ਰੱਖਣਾ, ਕੁਝ ਕਲਾਤਮਕ ਕ੍ਰਿਆਵਾਂ ਦਾ ਅਧਿਕਾਰ, ਵਿਸ਼ੇਸ਼ ਸੰਗੀਤ ਵਜਾਉਣ/ਗਾਉਣ ਦਾ ਵਿਸ਼ੇਸ਼ਾਧਿਕਾਰ ਆਦਿ ਹੈ। ਉਦਾਹਰਨ ਦੇ ਤੌਰ 'ਤੇ ਜਾਤ ਵਿਵਸਥਾ ਦੇ ਅੰਦਰ ਨੀਵੀਂਆਂ ਜਾਤਾਂ ਨੂੰ ਸਿਖਿਆ ਪ੍ਰਾਪਤ ਕਰਨ ਦਾ ਅਵਸਰ, ਉੱਚ ਜਾਂ ਸਾਫ਼ ਸੁਥਰੀਆਂ ਜਾਤਾਂ ਦੇ ਮੁਹਲਿਆਂ ਦੇ ਨੇੜੇ ਵਿਆਹ, ਜਲੂਸ ਆਦਿ ਦੀ ਮਨਾਹੀ ਸੀ। ਨੀਵੀਂਆਂ ਜਾਤਾਂ ਲਈ ਪਾਬੰਦੀਆਂ ਦੀ ਇੱਕ ਲੰਬੀ ਸੂਚੀ ਸੀ, ਜਿਸ ਵਿੱਚ ਧਾਰਮਿਕ ਕ੍ਰਿਆਵਾਂ ਕਰਨਾ, ਕਿੱਤਿਆਂ, ਅੰਦੋਲਨਾਂ, ਪ੍ਰਵਸਨ ਅਤੇ ਗਤੀਸ਼ੀਲਤਾ 'ਤੇ ਰੋਕ ਸੀ।

ਇੱਕ ਰੁਤਬਾ ਚੱਕਰ ਵਿੱਚ ਸੰਭਾਵਿਤ ਦੁਲਹਨਾਂ ਅਤੇ ਪੁੱਤਰੀਆਂ ਉੱਤੇ ਵੀ, ਇੱਕ ਵਿਆਹ ਚੱਕਰ ਸੰਦਰਭ ਵਿੱਚ, ਏਕਾਧਿਕਾਰ ਹੈ। ਸਾਮੰਤਵਾਦ ਅਤੇ ਜਾਤ ਵਿਵਸਥਾ ਦੇ ਅੰਦਰ, ਗੁਲਾਮ ਜਾਂ ਬੰਧੂਆ ਲੋਕਾਂ ਤੋਂ ਬੇਗਾਰ ਜਾਂ ਵਿਸ਼ੇਸ਼ ਔਖੇ ਕੰਮ ਕਰਵਾਉਣਾ ਇੱਕ ਆਮ ਗੱਲ ਸੀ। ਸਾਮੰਤ ਅਤੇ ਪੁਜਾਰੀ ਜਾਂ ਯੋਧੇ, ਖਾਸ ਰੁਤਬੇ ਸਮੂਹ ਹੋਣ ਦੇ ਕਾਰਨ ਕੁਝ ਸੇਵਾਵਾਂ ਅਤੇ ਵਸਤੂਆਂ ਦੇ ਬੋਲ ਬਾਲੇ ਅਤੇ ਪ੍ਰਬੰਧਨ ਦੇ ਅਧਿਕਾਰੀ ਸਨ। ਜਿਨ੍ਹਾਂ ਵਿੱਚ ਦੂਜੇ ਲੋਕ ਵਾਂਝੇ ਸਨ।

ਦੂਜੇ ਸ਼ਬਦਾਂ ਵਿੱਚ, ਰੁਤਬਾ ਸਮੂਹ ਸਭ ਪਰੰਪਰਾਵਾਂ ਦੇ ਖਾਸ ਵਾਹਕ ਹਨ। ਜੀਵਨ ਦਾ ਸਾਰਾ 'ਸ਼ੈਕਲੀਕਰਨ' ਜਾਂ ਤਾਂ ਰੁਤਬਾ ਸਮੂਹਾਂ ਵਿੱਚ ਪਣਪਦਾ ਹੈ, ਜਾਂ ਓਹਨਾਂ ਦੁਆਰਾ 'ਪ੍ਰਤੀਰੱਖਿਅਤ' ਹੁੰਦਾ ਹੈ। ਸਭ ਤੋ ਜਿਆਦਾ ਵਿਸ਼ੇਸ਼ ਅਧਿਕਾਰ ਪ੍ਰਾਪਤ ਪੱਧਰਾਂ ਵਿੱਚ ਕੁਝ ਖਾਸ ਲੱਛਣ ਹੁੰਦੇ ਹਨ। ਸਰਫ਼ ਧਨ ਲਈ ਕੰਮ, ਜਾਂ ਅਜਿਹਾ ਕੰਮ ਜਿਸ ਵਿੱਚ ਉੱਚ ਗੁਣਵੱਤਾ ਜਾਂ ਵਿਸ਼ਿਸ਼ਟਤਾ ਦਾ ਅਭਾਵ ਹੈ, ਇਹ ਸਨਮਾਨ ਚਿੰਨ੍ਹ ਜਾਂ ਜੀਵਨ ਸ਼ੈਲੀ ਦੇ ਵਿਰੁਧ ਸਮਝਿਆ ਜਾਂਦਾ ਹੈ।

**3. ਸ਼ਕਤੀ (Power)**

ਸ਼ਕਤੀ ਸਰਵਵਿਆਪਕ ਹੈ। ਇਹ ਦੈਨਿਕ ਜੀਵਨ, ਵਿਅਕਤੀ ਦੇ ਪੂਰਨ- ਸੰਸਾਰ, ਸਕੂਲ ਅਤੇ ਕੰਮ ਕਾਜ ਦੇ ਸਥਾਨ ਵਿੱਚ ਬਿਰਾਜਮਾਨ ਹੈ। ਸ਼ਕਤੀ ਸੰਬੰਧ ਨਾਲ ਜੁੜੀ ਹੈ, ਕੁਝ ਕੋਲ ਘਟ ਸ਼ਕਤੀ ਹੈ, ਅਤੇ ਦੂਜਿਆਂ ਕੋਲ ਲਗਭਗ ਪੂਰੀ ਸ਼ਕਤੀ ਹੈ। ਸ਼ਕਤੀ ਦੇ ਸਾਧਨ ਸਰੀਰਕ ਤਾਕਤ ਤੋਂ ਲੈ ਕੇ ਚੰਗੀ ਖੁਸ਼ਾਮ/ਫੁਸਲਾਉਣ ਤੱਕ ਹੁੰਦੇ ਹਨ। ਵੱਡੇ ਪੱਧਰ 'ਤੇ ਰਾਜ ਜਾਂ ਸਰਕਾਰ ਵਰਗੀ ਸ਼ਕਤੀ ਅਤੇ ਸੱਤਾ ਜਿਹੀਆਂ ਸੰਸਥਾਵਾਂ ਹਨ।

ਸ਼ਕਤੀ ਸਮਾਜ ਵਿੱਚ ਹੈ ਅਤੇ ਸਮਾਜ, ਸ਼ਕਤੀ ਅਤੇ ਸੱਤਾ ਵਿੱਚ ਪਰਿਲੱਖਿਅਤ ਹੁੰਦਾ ਹੈ। ਸਮਾਜ ਸ਼ਾਸਤਰ ਵਿੱਚ ਸ਼ਕਤੀ ਕੋਈ ਨਵਾਂ ਵਿਸ਼ਾ ਨਹੀਂ ਹੈ। ਦੋ ਉਪਾਗਮ ਇੱਕ ਮੈਕਸ ਵੇਬਰ ਅਤੇ ਦੂਜਾ ਵਿਲਫ੍ਰੇਡੋ ਪੈਰੇਟੋ ਦੁਆਰਾ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਸ਼ਕਤੀ ਦੀ ਸਮਾਜ ਸ਼ਾਸਤਰੀ ਵਿਆਖਿਆ ਦੀ ਬੁਨਿਆਦੀ ਸ਼੍ਰੇਣੀਆਂ ਦਿੱਤੀਆਂ ਗਈਆਂ ਹਨ।

**ਵੇਬਰਵਾਦੀ ਉਪਾਗਮ**

ਵੇਬਰ ਅਨੁਸਾਰ, "ਸ਼ਕਤੀ ਇੱਕ ਸੰਭਾਵਨਾ ਹੈ, ਜੋ ਇੱਕ ਕਰਤਾ, ਇੱਕ ਸਮਾਜਿਕ ਸੰਬੰਧ ਦੇ ਤਹਿਤ, ਆਪਣੀ ਇੱਛਾ ਦੇ ਅਨੁਸਾਰ,

ਨੋਟ

ਪੂਰਾ ਕਰਨ ਦੀ ਸਥਿਤੀ ਵਿੱਚ ਰਹਿੰਦਾ ਹੈ, ਚਾਹੇ ਉਸ ਦਾ ਵਿਰੋਧ ਹੁੰਦਾ ਰਹੇ, ਅਤੇ ਉਸ ਸੰਭਾਵਨਾ ਦਾ ਆਧਾਰ ਚਾਹੇ ਜੋ ਹੋਵੇ।" ਵੇਬਰ ਨੇ ਸ਼ਕਤੀ ਦੇ ਵਿਸ਼ਲੇਸ਼ਣ ਵਿੱਚ ਆਦੇਸ਼ ਅਤੇ ਅਨੁਪਾਲਣ ਮੁੱਖ ਸ਼ਬਦ / ਧਾਰਨਾਵਾਂ ਹਨ। ਸ਼ਕਤੀ ਦੀ ਧਾਰਨਾ ਜਿਆਦਾ ਵਿਆਪਕ ਹੈ। "ਇੱਕ ਵਿਅਕਤੀ ਸਾਰੀਆਂ ਸੋਚਣਯੋਗ ਯੋਗਤਾਵਾਂ ਅਤੇ ਹਾਲਾਤਾਂ ਦੇ ਸਾਰੇ ਸੋਚਣ ਯੋਗ ਸੰਮਿਸ਼ਰਣਾਂ ਦੁਆਰਾ ਇੱਕ ਖਾਸ ਹਾਲਤ ਵਿੱਚ ਆਪਣੀ ਇੱਛਾ ਨੂੰ ਥੋਪਣ ਦੀ ਸਥਿਤੀ ਵਿੱਚ ਹੋ ਸਕਦਾ ਹੈ।" ਜ਼ਰੂਰੀ ਨਿਯੰਤਰਨ ਦਾ ਕੰਮ ਕਰਦਾ ਹੈ, ਜਦ ਇੱਕ ਸੱਤਾ ਵਾਲਾ ਵਿਅਕਤੀ ਦੂਜੇ ਵਿਅਕਤੀ ਨੂੰ ਅਨੁਪਾਲਣ ਦਾ ਹੁਕਮ ਦਿੰਦਾ ਹੈ। ਸੱਤਾ ਵੈਧ ਹੈ। ਪਰ ਸਾਰੀਆਂ ਸ਼ਕਤੀਆਂ ਅਜਿਹੀਆਂ ਨਹੀਂ ਹਨ।

ਵੇਬਰ ਦੀ ਵਿਆਖਿਆ ਵਿੱਚ, ਮੁੱਖ ਬਿੰਦੂ ਇਹ ਹੈ ਕੇ ਵਿਰੋਧ ਦੇ ਬਾਵਜੂਦ ਵੀ ਸ਼ਕਤੀ ਮੌਜੂਦ ਰਹਿ ਸਕਦੀ ਹੈ। ਜੇਕਰ ਵਿਰੋਧ ਹੁੰਦਾ ਹੈ ਤਾਂ ਉਸ 'ਤੇ ਕਾਬੂ ਕੀਤਾ ਜਾ ਸਕਦਾ ਹੈ। ਸ਼ਕਤੀ 'ਅਗਵਾਈ' ਤੋਂ ਵੱਖ ਹੈ। ਅਗਵਾਈ ਇੱਕ ਸਮੂਹ ਸੰਗਠਨ 'ਤੋਂ ਪੈਦਾ ਹੁੰਦਾ ਹੈ, ਉਸ ਦਾ ਆਧਾਰ, ਇੱਕ ਖਾਸ ਢੰਗ ਅਤੇ ਨਿਰਦੇਸ਼ਨ ਦੁਆਰਾ ਲੋਕਾਂ ਨੂੰ ਅਗਵਾਈ ਪ੍ਰਧਾਨ ਕਰਨ ਲਈ, ਕੁਝ ਕਸੌਟੀਆਂ ਹੁੰਦੀਆਂ ਹਨ। ਕ੍ਰਿਆਂਵਿਤੀ ਦੇ ਸਾਧਨਾਂ 'ਤੇ ਸ਼ਕਤੀ ਨਿਰਭਰ ਕਰਦੀ ਹੈ, ਜੋ ਸਿਰਫ਼ ਕਲਪਨਾ ਅਤੇ ਵਿਰੋਧ ਦੇ ਸੁਭਾਅ ਵਿੱਚ ਦਿਖਦੀ ਹੈ। ਸ਼ਕਤੀ ਨੇੜੇ ਤੋ ਸਮਾਜਿਕ ਨਿਯੰਤਰਣ ਨਾਲ ਸੰਬੰਧਿਤ ਹੈ, ਕਿਉਂਕਿ ਸ਼ਕਤੀ ਵਿੱਚ ਆਗਿਆਕਾਰੀ ਵਿਅਕਤੀਆਂ ਅਤੇ ਸਮੂਹ ਦੇ ਵਿਰੁਧ ਸਮਾਜਿਕ ਤਾਕਤਾਂ/ਦਬਾਅ ਪਾਇਆ ਜਾਂਦਾ ਹੈ, ਪਰ ਦੋਨਾਂ ਵਿੱਚ ਵੱਖ ਵੱਖ ਇਰਾਦੇ ਹਨ। ਸਮਾਜਿਕ ਨਿਯੰਤਰਣ ਇੱਕ ਨਕਾਰਾਤਮਕ ਸ਼੍ਰੇਣੀ ਹੈ। ਇਸ ਦਾ ਇਰਾਦਾ ਓਹਨਾਂ ਸਮਾਜਿਕ ਹੱਲਾਂ ਤੋ ਹੈ ਜੋ ਵਿਚਲਿਤ ਜਾਂ ਵਿਨਾਸ਼ਕਾਰੀ ਆਚਰਣ ਨੂੰ ਰੋਕਣ ਲਈ ਕੀਤੇ ਜਾਂਦੇ ਹਨ। ਸ਼ਕਤੀ ਵਿੱਚ ਜਿਆਦਾ ਸਕਾਰਾਤਮਕ ਪ੍ਰਕਿਰਿਆਵਾਂ ਹਨ। ਸ਼ਕਤੀ ਦਾ ਇਰਾਦਾ ਇੱਕ ਵਿਅਕਤੀ ਜਾਂ ਇੱਕ ਸਮੂਹ ਦੀ ਇੱਛਾ ਨੂੰ ਲਾਗੂ ਕਰਨ ਤੋ ਹੈ, ਸਮਾਜਿਕ ਨਿਯੰਤਰਣ ਦੁਆਰਾ, ਵਿਅਕਤੀਆਂ ਅਤੇ ਸਮੂਹਾਂ ਨੂੰ ਓਹਨਾਂ ਦੀਆਂ ਸੀਮਾਵਾਂ ਵਿੱਚ ਰੱਖਿਆ ਜਾਂਦਾ ਹੈ। ਇਸ ਦੇ ਉਲਟ ਸ਼ਕਤੀ ਧਰਨਾ / ਸ਼੍ਰੇਣੀ ਵਿੱਚ ਸੰਘਰਸ਼ ਨਿਹਿਤ ਹੈ। ਇੱਕ ਵਿਅਕਤੀ ਦੀ ਇੱਛਾ ਦੇ ਕਾਰਣ ਦੂਜੇ ਵਿਅਕਤੀ ਦੀ ਉਸੇ ਤਰ੍ਹਾਂ ਦੀ ਮੰਸ਼ਾ ਹੋਣ ਨਾਲ ਝਗੜਾ ਜੋ ਸਕਦਾ ਹੈ ਅਤੇ ਇਹ ਤਰਕ ਸਮੂਹਾਂ, ਸੰਸਥਾਵਾਂ ਅਤੇ ਸਾਰੇ ਸਮਾਜਾਂ 'ਤੇ ਲਾਗੂ ਹੁੰਦਾ ਹੈ। ਇਸ ਤਰ੍ਹਾਂ ਸਾਰੇ ਮਨੁੱਖ ਸਮਾਜਾਂ ਵਿੱਚ ਦੋਨੋਂ ਮਤਲਬ ਸ਼ਕਤੀ ਅਤੇ ਸਮਾਜਿਕ ਨਿਯੰਤਰਣ ਪਾਏ ਜਾਂਦੇ ਹਨ। ਸਾਰੇ ਸਮਾਜਾਂ ਵਿੱਚ ਸ਼ਕਤੀ ਲਈ ਸੰਘਰਸ਼ ਹੁੰਦੇ ਹਨ।

ਅਸਲੀਅਤ ਵਿੱਚ ਵੇਬਰ ਨੇ 'ਸ਼ਕਤੀ' ਅਤੇ 'ਪ੍ਰਭੁੱਤਵ' ਵਿੱਚ ਇੱਕ ਸਪਸ਼ਟ ਅੰਤਰ ਕੀਤਾ ਹੈ। ਸ਼ਕਤੀ ਇੱਕ ਆਮ ਘਟਨਾ ਹੈ, ਜਦ ਕੇ ਪ੍ਰਭੁੱਤਵ ਇੱਕ ਜਿਆਦਾ ਖਾਸ ਪਹਿਲੂ ਹੈ। ਜਿਵੇਂ ਕਿ ਅਸੀਂ ਪਹਿਲਾਂ ਵਰਣਨ ਕੀਤਾ ਹੈ ਕਿ ਸ਼ਕਤੀ ਇੱਕ ਅਵਸਰ ਹੈ ਜਿਸ ਦੇ ਦੁਆਰਾ ਇੱਕ ਸਮਾਜਿਕ ਸੰਬੰਧ ਵਿੱਚ ਇੱਕ ਕਰਤਾ ਦੂਜੇ ਭਾਗੀਦਾਰਾਂ 'ਤੇ ਆਪਣੀ ਇੱਛਾ ਥੋਪਦਾ ਹੈ, ਚਾਹੇ ਓਹ ਉਸ ਦਾ ਵਿਰੋਧ ਕਿਓਂ ਨਾ ਕਰੇ ਸ਼ਕਤੀ ਨੂੰ ਇੱਕ ਵਿਅਕਤੀ ਜਾਂ ਸਮੂਹ ਦੇ ਉਸ ਅਵਸਰ ਦੁਆਰਾ ਮਾਪਦੇ ਹਨ, ਜਿਸ ਵਿੱਚ ਓਹਨਾਂ ਦੀ ਇੱਛਾ ਪੂਰੀ ਹੁੰਦੀ ਹੈ। ਇੱਕ ਕਰਤਾ ਆਪਣੇ ਕੰਮਾਂ ਦੁਆਰਾ ਸ਼ਕਤੀ ਦਾ ਉਦੇਸ਼ ਪੂਰਾ ਕਰਦਾ ਹੈ ਅਤੇ ਇਹ ਤਾਕਤ ਸਿਰਫ਼ ਅਚਾਨਕ ਜਾਂ ਅਨਿਸ਼ਚਿਤ ਹਾਲਾਤਾਂ ਨਾਲ ਹੀ ਨਿਰਧਾਰਿਤ ਨਹੀਂ ਹੁੰਦੀ। ਬਲਕਿ ਇੱਕ ਕਰਤਾ ਨੂੰ ਰਚਨਾਤਮਕ ਦ੍ਰਿਸ਼ਟੀ 'ਤੋਂ ਪਰਿਭਾਸਥਿਤ ਅਵਸਰਾਂ ਅਤੇ ਯੋਗਤਾਵਾਂ ਦੁਆਰਾ ਵੀ ਨਿਰਧਾਰਿਤ ਹੁੰਦੀ ਹੈ। ਸ਼ਕਤੀ ਦੇ ਵਿਵਸਥਾਤਮਕ ਨਿਰਧਾਰਕ ਦੀ ਮਨਸ਼ਾ ਸੰਸਾਧਨਾਂ ਦੇ ਸਮਾਜਿਕ ਵਿਤਰਨ ਤੋਂ ਹੈ। ਇਸ ਤਰ੍ਹਾਂ ਸ਼ਕਤੀ ਮਨੁੱਖ ਕ੍ਰਿਆ ਦਾ ਅਨੋਖਾ ਤਥ ਹੈ, ਜਿਸ ਵਿੱਚ ਘਟਨਾਤਾਮਕ ਅਤੇ ਰਚਿਤ ਦੋਨੋਂ ਨਿਰਧਾਰਕ ਪਾਏ ਜਾਂਦੇ ਹਨ। ਵੇਬਰ ਸ਼ਕਤੀ ਦੇ ਓਹਨਾਂ ਪ੍ਰਕਰਾਂ ਦੀ ਚਰਚਾ ਕਰਦੇ ਹਨ, ਜਿਨ੍ਹਾਂ ਦੁਆਰਾ ਸਥਿਰ ਅਤੇ ਲਗਾਤਾਰ ਸਮਾਜਿਕ ਸੰਬੰਧ ਸਥਾਪਿਤ ਹੁੰਦੇ ਹਨ। ਇਸ ਤਰ੍ਹਾਂ ਨਾਲ ਰਚੀ ਸ਼ਕਤੀ ਨੂੰ ਵੇਬਰ ਨੇ 'ਪ੍ਰਭੁੱਤਵ' ਕਿਹਾ ਹੈ। ਸ਼ਕਤੀ, ਪ੍ਰਭੁੱਤਵ ਦੇ ਖਾਸ ਤਰ੍ਹਾਂ ਦੇ ਰੂਪ ਵਿੱਚ ਔਚਿਤਕਰਣ ਦੀ ਪ੍ਰਕਿਰਿਆਵਾਂ ਦੁਆਰਾ ਰਚੀ ਹੋਈ ਹੁੰਦੀ ਹੈ। ਦੋ ਪ੍ਰਕਾਰ ਦੇ ਔਚਿਤਕਰਣ ਹਨ– 'ਸਾਧਨਾਤਮਕ ਔਚਿਤਕਰਣ' ਅਤੇ 'ਮੂਲ ਔਚਿਤਕਰਣ'। ਪਹਿਲੇ ਵਿੱਚ ਆਪਣੇ ਲਾਭ ਦਾ ਮਾਪ ਤੋਲ ਅਤੇ ਲਾਭ-ਪ੍ਰਾਪਤੀ ਨਿਹਿਤ ਹੈ ਅਤੇ ਦੂਜੇ ਵਿੱਚ ਅਦ੍ਰਿਸ਼ਕਾਰੀ ਪ੍ਰਥਾ ਆਦਤ ਨੂੰ ਸ਼ਾਮਿਲ ਕਰਦੇ ਹਨ, ਜਿਨ੍ਹਾਂ ਨੂੰ ਸਮਾਜਿਕ ਵਿਵਸਥਾ ਦੀ ਵੈਧਤਾ ਦੀ ਧਾਰਨਾ ਦੁਆਰਾ ਬਣਾਈ ਰੱਖਦੇ ਹਨ। ਲਾਭ-ਪ੍ਰਾਪਤੀ ਅਤੇ ਵੈਧਤਾਾ ਦੇ ਵਿੱਚ ਅੰਤਰ ਹੈ, ਕਿਉਂਕਿ ਦੋਨੋਂ ਇੱਕ ਦੂਜੇ ਦੇ ਉਲਟ ਪ੍ਰਕਾਰ ਦੇ ਹਨ। ਜਦ ਕੇ ਪਹਿਲੇ ਪ੍ਰਕਾਰ ਦੇ ਪ੍ਰਭੁੱਤਵ ਵਿੱਚ, ਹਿੱਤਾਂ / ਸਵਾਰਥਾਂ ਦਾ ਵਿਵੇਕ ਪੂਰਨ ਅਤੇ ਮਾਪਣਯੋਗ ਸੰਜੋਗ ਹੈ, ਅਜਿਹਾ ਪ੍ਰਤਿਯੋਗੀ ਲੈਣ ਦੇਣ ਸੰਬੰਧਾਂ ਵਿੱਚ ਪਾਇਆ ਜਾਂਦਾ ਹੈ। ਦੂਜੇ ਪ੍ਰਕਾਰ ਦਾ ਪ੍ਰਭੁੱਤਵ, 'ਸੱਤਾ ਦੇ ਅਧਿਕਾਰ ਦੁਆਰਾ' ਪ੍ਰਗਟ ਕੀਤਾ ਜਾਂਦਾ ਹੈ। ਇਹ

ਨੋਟ

ਸੱਤਾ ਸੰਬੰਧਿਤ ਆਦੇਸ਼ ਅਤੇ ਅਨੁਪਾਲਨ ਦਾ ਮਾਮਲਾ ਹੈ। ਆਦੇਸ਼ਾਂ ਦੀ ਵੈਧਤਾ ਦਾ ਦਾਅਵਾ ਇੱਕ ਮੰਨੋਰੋਗ ਵਿਵਸਥਾ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਔਚਿਤਪਰਕਤਾ ਅਤੇ ਸੱਤਾ ਦੀ ਵੈਧਤਾ 'ਤੇ ਅਧਾਰਿਤ ਪ੍ਰਭੁੱਤਵ ਤੋਂ ਇਲਾਵਾ, ਇੱਕ ਤੀਜਾ ਪ੍ਰਕਾਰ ਵੀ ਹੈ, ਜਿਸ ਨੂੰ ਮਾਣ-ਸੰਮਾਨ ਦੇ ਆਧਾਰ ਤੇ ਪ੍ਰਭੁੱਤਵ 'ਜਾਂ ਪ੍ਰਗਟਕਾਰੀ ਔਚਿਤਕਰਣ ਦਾ ਨਾਂ ਦਿੱਤਾ ਗਿਆ ਹੈ। ਇਹ 'ਕ੍ਰਿਸ਼ਮਈ ਪ੍ਰਕਾਰ ਦੇ ਸਮੂਹਾਂ ਦੀ ਅਵਸਥਾ ਵਿੱਚ ਪਾਇਆ ਜਾਂਦਾ ਹੈ ਅਤੇ ਪ੍ਰਭਾਵ, ਵਿਸ਼ਵਾਸ ਅਤੇ ਉਦਾਹਰਣ ਦੁਆਰਾ ਲਾਗੂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪ੍ਰਭੁੱਤਵ (ਸੱਤਾ) ਦੇ ਪ੍ਰਕਾਰ ਹਨ–

1. ਔਚਿਤਪੂਰਣ
2. ਵੈਧ ਜਾਂ ਕਾਨੂੰਨੀ
3. ਕ੍ਰਿਸ਼ਮਈ

ਇਹ ਆਦਰਸ਼ ਪ੍ਰਕਾਰ ਹਨ ਅਤੇ ਆਪਣੇ ਸ਼ੁੱਧ ਰੂਪ ਵਿੱਚ ਵਿਰਲੇ ਘਟਿਤ ਹੁੰਦੇ ਹਨ। ਅਸਲ ਜੀਵਨ ਵਿੱਚ ਇੱਕ ਵਿਸ਼ੇਸ਼ ਸੰਮਿਸ਼ਰਣ ਵਰਗ ਵਿੱਚ ਘਟਿਤ ਹੋ ਸਕਦੇ ਹਨ। ਸੱਤਾ ਦੇ ਮੁਤਾਬਿਕ ਇੱਕ ਵਿਅਕਤੀ ਦਾ ਮਾਣ ਸੰਮਾਨ ਵੀ ਹੁੰਦਾ ਹੈ। ਕ੍ਰਿਸ਼ਮਾ ਦਾ ਵੀ ਮਾਣ-ਸੰਮਾਨ ਅਤੇ ਸੱਤਾ ਦੇ ਨਾਲ ਸਗਾ ਸੰਬੰਧ ਉੱਸਰ ਜਾਂਦਾ ਹੈ। ਅਸਲ ਵਿੱਚ, ਅਜੇਹਾ ਪ੍ਰਕਾਰੀਕਰਣ ਦਾ ਮਨਸ਼ਾ ਸ਼ਕਤੀ ਦੇ ਸਮਾਜਿਕ ਫੈਲਾਉ ਨਾਲ ਹੁੰਦਾ ਹੈ ਅਤੇ ਸ਼ਕਤੀ ਦੇ ਵਿਤਰਣ ਸਮਾਜਿਕ ਸਤਰਣਾਂ ਦਾ ਨਿਰਮਾਣ ਪ੍ਰਭੁੱਤਵ ਦੀਆਂ ਸੰਰਚਨਾਵਾਂ ਦੇ ਰੂਪ ਵਿੱਚ ਨਿਹਿਤ ਹੈ।

ਵੇਬਰ ਦੀ ਸ਼ਕਤੀ ਦੀ ਪਰਿਭਾਸ਼ਾ ਵਿੱਚ, ਪੀਟਰ ਐਲ. ਵਰਜਰ ਅਤੇ ਬ੍ਰਿਟਿਸ਼ ਵਰਜਰ ਨੇ ਤਿੰਨ ਮੁੱਖ ਤਥ ਦਸੇ ਹਨ। ਇਹ ਹਨ– 1. ਸੰਭਾਵਨਾ, 2. ਆਗਿਆ ਪਾਲਣ ਅਤੇ ਸੱਤਾ ਦੀ ਆਦਤ, 3. ਵੈਧਤਾ। ਸੰਭਾਵਨਾ, ਸ਼ਕਤੀ ਦੇ ਪ੍ਰਯੋਗ ਵਿੱਚ, 'ਅਵਸਰ' ਦੇ ਕਾਰਕ ਨੂੰ ਇਸ਼ਾਰਾ ਕਰਦੀ ਹੈ, ਜੋ ਇੱਕ ਵਿਸ਼ੇਸ਼ ਰੂਪ ਵਿੱਚ ਵੀ ਹੋ ਸਕਦੀ ਹੈ ਅਤੇ ਨਹੀਂ ਵੀ ਹੋ ਸਕਦੀ ਹੈ। ਆਦਤ ਦੇ ਮਿਜ਼ਾਜ ਤੋਂ ਇਲਾਵਾ ਵੈਧਤਾ ਇੱਕ ਮਹੱਤਵਪੂਰਣ ਕਾਰਕ ਹੈ। ਸ਼ਕਤੀ ਦੀ ਨਿਆਂਚਿਤਤਾ ਵੈਧੱਤਾ ਤੋਂ ਸਿੱਧ ਹੁੰਦੀ ਹੈ। ਅਸਲ ਜੀਵਨ ਦੇ ਹਾਲਾਤਾਂ ਵਿੱਚ ਤਿੰਨੋਂ ਅੰਤਰ ਸੰਬੰਧਿਤ ਹਨ ।ਸ਼ਕਤੀ ਅਤੇ ਵੈਧਤਾ ਇੱਕ ਦੂਜੇ ਨੂੰ ਸਮਰਥਨ ਦਿੰਦੇ ਹਨ ਅਤੇ ਇੱਕ ਮਜ਼ਬੂਤ ਢੰਗ ਨਾਲ ਜੁੜੇ ਹਨ। ਜਦ ਕਦੇ ਸ਼ਕਤੀ ਦੀ ਵੈਧਤਾ 'ਤੇ ਪ੍ਰਸ਼ਨ ਚਿੰਨ੍ਹ ਲਗਦਾ ਹੈ, ਤਦ ਜ਼ੋਰ ਜਬਰਦਸਤੀ ਅਤੇ ਹਿੰਸਾ ਦੇ ਉਪਯੋਗ ਦੁਆਰਾ ਸੱਤਾ ਨੂੰ ਦੁਬਾਰਾ ਸਥਾਪਿਤ ਕਰਨਾ ਜ਼ਰੂਰੀ ਹੁੰਦਾ ਹੈ। ਸਾਰੇ ਸਮਾਜਾਂ ਵਿੱਚ ਤਿੰਨੇ ਮੁੱਖ ਪ੍ਰਕਰਾਂ ਦੀ ਸੱਤਾ ਪਰੰਪਰਾਤਮਕ, ਕ੍ਰਿਸ਼ਮਈ ਅਤੇ ਕਾਨੂੰਨੀ ਵੈਧ ਪਾਈ ਗਈ ਹੈ, ਜਦਕਿ ਇੱਕ ਵਰਗੇ ਢੰਗ ਅਤੇ ਡੂੰਘਾਈ ਵਿੱਚ ਨਹੀਂ ਪਾਈ ਜਾਂਦੀ ਹੈ।

### ਸ਼ਕਤੀ ਲਈ ਪੈਰੇਟੋ ਦਾ ਉਪਾਗਮ

ਸ਼ਕਤੀ ਦੇ ਅਧਿਐਨ ਲਈ ਪੈਰੇਟੋ ਦੇ ਉਪਾਗਮ ਵਿੱਚ ਸ਼ਾਸਕਾਂ ਅਤੇ ਪਰਜਾ ਦੀ ਇੱਕ ਸਰਲ ਅਤੇ ਸਰਵਿਆਪੀ ਵੰਡ ਹੈ। ਸ਼ਾਸਕਾਂ ਨੂੰ ਪੈਰੇਟੋ ਨੇ ਰਈਸ ਦਾ ਨਾਮ ਦਿੱਤਾ ਹੈ, ਪੈਰੇਟੋ ਦੇ ਅਨੁਸਾਰ, ਸ਼ਕਤੀ ਮਨੁੱਖ ਜੀਵਨ ਦੀ ਇੱਕ ਕਠੋਰ ਅਤੇ ਜ਼ਰੂਰੀ ਅਸਲੀਅਤ ਹੈ। ਪੈਰੇਟੋ ਦੇ ਸਮਕਾਲੀ ਗਾਏਤਾਨੋ ਮੌਸਕਾ ਦਾ ਮੱਤ ਵੀ ਪੈਰੇਟੋ ਵਾਂਗ ਹੀ ਹੈ ਅਤੇ ਦੋਨੋਂ ਇਟਲੀ ਦੇ ਰਾਜਨੀਤਿਕ ਵਿਚਾਰ ਦੀ ਸ਼ਾਸਤਰੀ ਪਰੰਪਰਾ ਨਾਲ ਜੁੜੇ ਹੋਏ ਹਨ।

ਪੈਰੇਟੋ ਦੇ ਰਈਸਾਂ ਨੂੰ ਦੋ ਪ੍ਰਕਾਰਾਂ ਵਿੱਚ ਵੰਡਿਆ ਗਿਆ ਹੈ। ਇੱਕ ਨੂੰ ਸ਼ੇਰ ਅਤੇ ਦੂਜੇ ਨੂੰ ਲੂੰਬੜੀ ਕਿਹਾ ਗਿਆ ਹੈ। ਦੋਨਾਂ ਦੀ ਅਭਿਪ੍ਰੇਰਨਾਵਾਂ ਅਤੇ ਮਨੋਵਿਗਿਆਨਕ ਲੱਛਣ ਬਹੁਤ ਵੱਖ ਹਨ ਜਿਨ੍ਹਾਂ ਨੂੰ ਪੈਰੇਟੋ ਲਗਾਤਾਰ ਅਭਿਪ੍ਰੇਰਨਾ ਪੁੰਜ (ਗਕਤਜਦਚਕਤ) ਕਹਿੰਦੇ ਹਨ। ਰੇਜ਼ਿਡਯੂਜ਼ ਸ਼ਬਦ ਦਾ ਅਰਥ ਮਾਨਵ ਇਤਿਹਾਸ ਵਿੱਚ ਓਨਾਂ ਅਭਿਪ੍ਰੇਰਣਾਵਾਂ ਦੇ ਪੁੰਜਾਂ ਤੋਂ ਹੈ, ਜੋ ਨਿਰੰਤਰ ਘਟਿਤ ਹੁੰਦੇ ਰਹਿੰਦੇ ਹਨ ।ਸ਼ੇਰਾਂ ਦੀ ਸ਼੍ਰੇਣੀ ਦੇ ਅਭਿਜਾਤ ਵਿੱਚ ਪੁੰਜ ਪਾਏ ਜਾਂਦੇ ਹਨ, ਜਿਨ੍ਹਾਂ ਨੂੰ ਪੈਰੇਟੋ ਨੇ 'ਸੰਕਲਨਾਂ ਦੀ ਨਿਰੰਤਰਤਾ' ਦੇ ਨਾਮ ਨਾਲ ਸੰਬੋਧਿਤ ਕੀਤਾ ਹੈ। ਮੁੱਖ ਤੌਰ ਤੇ ਇਹ ਰੂੜ੍ਹੀਵਾਦੀ ਧਾਰਨਾ ਅਤੇ ਇੱਕ ਨਿਸ਼ਚਿਤ ਸੋਚ ਵੱਲ ਇਸ਼ਾਰਾ ਕਰਦੇ ਹਨ। ਇਹਨਾਂ ਦੇ ਅਨੁਸਾਰ ਸਮਾਜ ਨੂੰ ਸਹੀ ਥਾਂ 'ਤੇ ਰੱਖਣਾ, ਸ਼ਕਤੀ ਦੇ ਅਧਾਰ 'ਤੇ ਕੰਮ ਕਰਨਾ ਅਤੇ ਗਹਿਰੇ ਵਿਚਾਰ ਨੂੰ ਨਜ਼ਰ-ਅੰਦਾਜ਼ ਕਰਨਾ ਚਾਹੀਦਾ ਹੈ। ਇਹਨਾਂ ਦੇ ਉਲਟ ਲੂੰਬੜੀਆਂ ਦੇ ਰਈਸਾਂ ਦੇ ਆਧਾਰ 'ਤੇ ਇੱਕ ਅਲਗ ਪ੍ਰਕਾਰ ਦੇ ਅਭਿਪ੍ਰੇਰਨਾ ਪੁੰਜ ਨੂੰ ਮੰਨਦੇ ਹਨ। ਇਹਨਾਂ ਵਿੱਚ 'ਜੁੜਾਓ ਦੀ ਭਾਵਨਾ' ਪਾਈ ਜਾਂਦੀ ਹੈ।

ਬੌਧਿਕ ਦ੍ਰਿਸ਼ਟੀ 'ਤੋਂ ਲੂੰਬੜੀਆਂ ਘੱਟ ਕਠੋਰ ਹਨ, ਉਹ ਜਿਆਦਾ ਨਵਾਂਚਾਰੀ ਅਤੇ ਸੰਵੇਦਨਸ਼ੀਲ ਹਨ, ਪਰ ਕੰਮ ਵਿੱਚ ਬਹੁਤ ਘੱਟ

ਫੈਸਲੇ ਵਾਲੇ ਹਨ। ਪੈਰੇਟੋ ਦੇ ਅਨੁਸਾਰ ਸ਼ੇਰ ਮੁੱਖ ਤੌਰ 'ਤੇ ਤਾਕਤ ਨਾਲ ਸ਼ਾਸਨ ਕਰਦੇ ਹਨ ਅਤੇ ਲੂੰਬੜੀਆਂ ਚਲਾਕੀ ਨਾਲ ਰਾਜ ਕਰਦੀਆਂ ਹਨ। ਇਹ ਲੱਛਣ ਸਾਧਾਰਣ ਮਨੋਵ੍ਰਿਤੀਆਂ ਹਨ, ਪਰ ਇਹਨਾਂ ਰਈਸਾਂ ਦੇ ਦੋਨੋਂ ਸਮੂਹਾਂ ਦੀ ਚੇਤਨਾ ਵਿੱਚ ਐਨੀ ਗਹਿਰੀ ਬੈਠੀ ਹੈ। ਚੇਤਨਾ ਦੀ ਕਠੋਰਤਾ ਦੇ ਕਾਰਨ ਹਰ ਰਈਸ ਕੁਝ ਖਾਸ ਹਾਲਾਤਾਂ ਵਿੱਚ ਅਸਫਲ ਹੋ ਜਾਂਦੇ ਹਨ ਅਤੇ ਸੱਤਾ ਓਹਨਾਂ 'ਤੋਂ ਖਿਸਕ ਜਾਂਦੀ ਹੈ, ਤਦ ਇੱਕ ਨਵੇਂ ਪ੍ਰਕਾਰ ਦੇ ਸ਼ਾਸਕ ਰਈਸ ਦਾ ਉਦੇ ਹੁੰਦਾ ਹੈ। ਪੈਰੇਟੋ ਨੇ ਸ਼ਾਸਕ ਸਮੂਹਾਂ ਦੇ ਉਤਰਾਅਧਿਕਾਰ ਨੂੰ 'ਰਈਸ ਦੇ ਚੱਕਰ' ਦਾ ਨਾਮ ਦਿੱਤਾ ਹੈ। ਰਈਸਾਂ ਦੇ ਚੱਕਰ ਇਤਿਹਾਸ ਦੇ ਇੱਕ ਨਿਯਮ ਦੀ ਤਰ੍ਹਾਂ ਹੈ। ਇਹ ਹਮੇਸ਼ਾ ਸਾਰੇ ਸੰਸਾਰ ਵਿੱਚ ਵਾਪਰਇਆ ਹੈ। ਜਦ ਸ਼ੇਰਾਂ ਦੀ ਆਪਣੇ ਸ਼ਾਸਨ 'ਤੇ ਪਕੜ ਦ੍ਰਿੜ੍ਹ ਨਹੀਂ ਰਹਿੰਦੀ ਹੈ, ਤਦ ਲੂੰਬੜੀਆਂ ਓਹਨਾਂ ਨੂੰ ਆਪਣੀ ਬੁਧਿਮਾਨੀ (ਚਲਾਕੀ) ਨਾਲ ਸੱਤਾ 'ਤੋਂ ਬਾਹਰ ਕਰ ਦਿੰਦੀਆਂ ਹਨ। ਇਹ ਆਧਾਰ ਮੱਤਲਬ ਤਾਕਤ ਅਤੇ ਨਿਆਂਕਾਰੀ ਕੰਮ ਜਿਸ 'ਤੇ ਸ਼ੇਰਾਂ ਨੇ ਸ਼ਾਸਨ ਕੀਤਾ ਸੀ, ਉਸ ਦਾ ਮਹੱਤਵ ਖਤਮ ਹੋ ਜਾਂਦਾ ਹੈ। ਰਈਸ ਚੱਕਰ ਕਿਸੇ ਵੀ ਰਈਸ ਦੇ ਪਤਨ ਦੇ ਕਾਰਨ ਵੀ ਹੁੰਦਾ ਹੈ, ਜੇ ਇੱਕ ਸਮੇਂ ਤੱਕ ਸੱਤਾ ਵਿੱਚ ਰਹਿੰਦਾ ਹੈ। ਸੱਤਾ ਦਾ ਖੇਲ ਦੇ ਵਿਸ਼ੇਸ਼ਆਧਿਕਾਰਾਂ ਦੁਆਰਾ ਹੀ ਵਿਗੜਦਾ ਹੈ। ਮਤਲਬ ਸਾਰੇ ਰਈਸ ਕਮਜ਼ੋਰ ਹੋ ਜਾਂਦੇ ਹਨ। ਰਈਸਾਂ ਵਿੱਚ 'ਨਵੇਂ ਖ਼ੂਨ' ਦੇ ਆਉਣ ਨਾਲ ਸੱਤਾ ਵਿੱਚ ਬਣੇ ਰਹਿਣ ਦੀ ਪ੍ਰਕਿਰਿਆ ਵੱਧ ਸਕਦੀ ਹੈ। ਇਸ ਦਾ ਅਰਥ ਇਹ ਹੈ ਕਿ ਲਗਾਤਾਰ ਨਵੇਂ ਰਈਸਾਂ ਦੇ ਮਿਸ਼ਰਣ ਨਾਲ ਰਈਸਾਂ ਦੇ ਚੱਕਰ ਨੂੰ ਕਾਬੂ ਕੀਤਾ ਜਾ ਸਕਦਾ ਹੈ।

ਸਮਾਜਿਕ ਜੀਵਨ ਵਿੱਚ ਯੋਗ ਤਾਕਤਾਂ ਦੇ ਪ੍ਰਭਾਵ ਨਾਲ ਪੈਰੇਟੋ ਪ੍ਰਭਾਵਿਤ ਸਨ ਕਿਉਂਕਿ ਅਜੇਹੀਆਂ ਤਾਕਤਾਂ ਬਾਹਰੀ ਮਨੋਵ੍ਰਿਤੀਆਂ ਤੋਂ ਉਭਰਦੀਆਂ ਹਨ ਅਤੇ ਯੋਗ ਆਚਰਣ ਵਿੱਚ ਪ੍ਰਵੇਸ਼ ਲੋਕਾਂ ਦੇ ਹਿਤਾਂ ਤੇ ਕੁਠਾਰਘਾਤ ਕਰਦੀਆਂ ਹਨ। ਵੇਬਰ ਯੋਗ ਪ੍ਰੇਰਕਾਂ ਦੇ ਸਮਰਥਕ ਸਨ। ਲੋਕ ਆਪਣੇ ਸਵਾਰਥਾਂ ਨੂੰ ਅੱਗੇ ਰੱਖਣ ਦਾ ਕੰਮ ਕਰਦੇ ਹਨ। ਚੇਤਨਾਪੁਰਵਕ ਪ੍ਰੇਰਕਾਂ ਦੁਆਰਾ ਸੱਤਾ ਲਈ ਸੰਘਰਸ਼ ਵਿੱਚ ਯੋਗ ਹਿੱਤਾਂ ਨੂੰ ਅੱਗੇ ਵਧਾਉਂਦੇ ਹੋਏ ਦੇਖ ਸਕਦੇ ਹਨ। ਇਸ ਤਰ੍ਹਾਂ ਸਮਾਜਿਕ ਜੀਵਨ (ਅਤੇ ਖ਼ਾਸਕਰ ਸ਼ਕਤੀ) ਯੋਗ ਅਤੇ ਅਯੋਗ, ਸਵਾਰਥਾਂ ਅਤੇ ਆਦਤਾਂ, ਸਰਲ ਯੋਜਨਾਵਾਂ ਅਤੇ ਅੰਧ ਭਾਵਨਾ ਦੀ ਇੱਕ ਜਟਿਲ ਗੁੱਥੀ ਹੈ।

### ਸ਼ਕਤੀ ਦੀ ਮਾਰਕਸਵਾਦੀ ਧਰਨਾ

ਵੇਬਰ ਅਤੇ ਪੈਰੇਟੋ ਤੋ ਇਨ੍ਹਾਂ ਕਾਰਲ ਮਾਰਕਸ ਨੇ ਰਾਜਨੀਤਿਕ ਸ਼ਕਤੀ ਨੂੰ ਵਰਗ ਅਤੇ ਵਰਗ ਸੰਘਰਸ਼ ਦੇ ਵਿਚਾਰਾਂ ਨਾਲ ਜੋੜਿਆ ਸੀ ਅਤੇ ਵੇਬਰ ਅਤੇ ਪੈਰੇਟੋ ਸ਼ਕਤੀ ਦੇ ਬਾਰੇ ਵਿੱਚ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਜਾਣੂ ਸਨ। ਮਾਰਕਸ ਦੇ ਅਨੁਸਾਰ ਸ਼ਕਤੀ ਇੱਕ ਬੁਨਿਆਦੀ ਢਾਂਚਾ ਹੈ। ਉਸ ਦੀ ਸੋਚ ਵਿੱਚ, ਰਾਜਨੀਤਿਕ ਸ਼ਕਤੀ ਪ੍ਰਭੂ ਵਰਗ (ਪੂੰਜੀਪਤੀ) ਦੇ ਹੱਥਾਂ ਵਿੱਚ ਹਮੇਸ਼ਾਂ ਇੱਕ ਹਥਿਆਰ (ਸਾਧਨ) ਹੈ, ਕਿਉਂਕਿ ਮਾਰਕਸ ਦੇ ਵਿਚਾਰ ਵਿੱਚ ਰਾਜਨੀਤਿਕ ਸੰਬੰਧ ਅੰਦਰੂਨੀ ਦ੍ਰਿੜ੍ਹਤਾ ਆਰਥਿਕ ਸੰਬੰਧਾਂ ਦਾ ਪ੍ਰਤੀਬਿੰਬ ਹੈ। ਰਾਜਨੀਤੀ ਸ਼ਕਤੀ ਆਰਥਿਕ ਸ਼ਕਤੀ ਦਾ ਨਤੀਜਾ ਹੈ ਅਤੇ ਉਸ ਦੀ ਝਲਕ ਹੈ। ਮਾਰਕਸ ਨੇ ਰਾਜ ਨੂੰ 'ਪੂੰਜੀਪਤੀ ਦੀ ਕੰਮਕਾਜੀ ਸਮਿਤੀ 'ਕਿਹਾ ਹੈ, ਵੇਬਰ ਨੇ ਵਰਗ ਅਤੇ ਸ਼ਕਤੀ ਵਿੱਚ ਸਪਸ਼ਟ ਵੰਡ ਕੀਤੀ ਹੈ। ਵੇਬਰ ਦੇ ਅਨੁਸਾਰ ਸ਼ਕਤੀ ਦੀਆਂ ਆਪਣੀਆਂ ਗਤਿਵਿਧਿਆਂ ਰਹੀਆਂ ਹਨ, ਇਹਨਾਂ ਨੂੰ ਆਰਥਿਕ ਹਿੱਤਾਂ ਵਿੱਚ ਗਤਿਵਿਧਿਆਂ ਵਿੱਚ ਸਮੋਇਆ ਨਹੀਂ ਜਾ ਸਕਦਾ। ਇਸ ਤਰ੍ਹਾਂ, ਵੇਬਰ ਅਤੇ ਪੈਰੇਟੋ ਦੋਨੋਂ ਆਪਣੀ ਸ਼ਕਤੀ ਦੀ ਸਮਝ ਦੇ ਬਾਰੇ ਵਿੱਚ ਮਾਰਕਸ ਤੋਂ ਅਲਗ ਹਨ।

ਅੱਜ ਸ਼ਕਤੀ ਦਾ ਰੁਤਬਾ ਅਤੇ ਸਥਾਨ (ਸਥਿਤੀ) ਦੇ ਬਾਰੇ ਵਿੱਚ ਪ੍ਰਸ਼ਨ ਬਹੁਤ ਵੱਖ ਅਤੇ ਮੁਸ਼ਕਿਲ ਹਨ। ਕੀ ਆਮ ਸਹਿਮਤੀ ਦੀ ਸਥਿਤੀ ਵਿੱਚ ਪਰਜਾਤੰਤਰ ਵਿੱਚ ਸ਼ਕਤੀ ਪਾਈ ਜਾਂਦੀ ਹੈ ? ਕੀ ਸ਼ਕਤੀ ਜੋੜ-ਤੋੜ ਦਾ ਮਾਮਲਾ ਹੈ ? ਕੀ ਅੰਦਰੂਨੀ ਦ੍ਰਿੜ੍ਹਤਾ ਜਾਂ ਅਨਦੇਖੀ ਸ਼ਕਤੀ ਹੈ ? ਸ਼ਕਤੀ (ਸੱਤਾ) ਦੇ ਸੰਬੰਧਾਂ ਦੇ ਨਿਰਧਾਰਨ ਵਿੱਚ ਪਰਜਾਤੰਤਰ ਅਤੇ ਵਿਕਾਸ ਦੀਆਂ ਪ੍ਰਕਿਰਿਆਵਾਂ ਦੀ ਕੀ ਭੂਮਿਕਾ ਹੈ ? ਇੱਕ ਸਮਾਜ ਵਿੱਚ ਸਥਾਨਿਕ, ਖੇਤਰੀ, ਅਤੇ ਰਾਸ਼ਟਰੀ ਪੱਧਰ 'ਤੇ ਸ਼ਕਤੀ (ਸੱਤਾ) ਦੀਆਂ ਕੀ ਕੜੀਆਂ ਹਨ ? ਕੀ ਸ਼ਕਤੀ ਇੱਕ ਸਮੂਹ (ਕਾਰੋਬਾਰੀ ਸਮੂਹਾਂ, ਸਮਜਾਤੀ ਸਮੂਹਾਂ, ਜਾਤਾਂ ਆਦਿ) ਸਥਿਰ ਹੈ ?

### ਸ਼ਕਤੀ ਦੇ ਬਾਰੇ ਸੀ. ਰਾਇਟ ਮਿਲਸ ਦਾ ਵਿਚਾਰ

ਸ਼ਕਤੀ ਰਚਨਾ ਦੇ ਅਧਿਐਨ, ਸਮਾਜ-ਸ਼ਾਸਤਰ, ਰਾਜਨੀਤਿਕ ਵਿਗਿਆਨ, ਅਰਥ-ਸ਼ਾਸਤਰ ਆਦਿ ਵਿਸ਼ਿਆਂ ਵਿੱਚ ਉਪਲਬਧ ਹੈ। ਖ਼ਾਸਕਰ ਸਮੂਹਾਂ, ਰਾਜਨੀਤਿਕ ਦਲਾਂ ਅਤੇ ਸ਼ਾਸਨ ਤੰਤਰੀ ਸੰਗਠਨਾਂ ਦੇ ਅਧਿਐਨ ਸਮਾਜ ਵਿਗਿਆਨੀਆਂ ਨੇ ਆਪਣੇ ਦ੍ਰਿਸ਼ਟੀਕੋਨਾਂ 'ਤੋਂ ਕੀਤੇ ਹਨ। ਇਥੇ ਅਸੀਂ ਸੀ. ਰਾਇਟ ਮਿਲਸ ਦੀ ਪੁਸਤਕ ਦਿ ਪੋਵਰ ਇਲਾਇਟ ਦਾ ਵਿਸ਼ੇਸ਼ ਉੱਲੇਖ ਕਰਨਾ ਚਾਹਾਂਗੇ, ਕਿਉਂਕਿ ਇਸ ਦੇ ਦੁਆਰਾ ਅਮਰੀਕੀ ਸਮਾਜ ਦੇ ਸੰਦਰਭ ਵਿੱਚ ਰਾਸ਼ਟਰੀ ਸ਼ਕਤੀ ਤੇ ਇੱਕ ਗੰਭੀਰ ਵਿਚਾਰ-ਵਟਾਂਦਰਾ ਪੈਦਾ ਹੋਇਆਂ

ਨੋਟ

ਹੈ।ਮਿਲਸ ਦੇ ਅਨੁਸਾਰ, ਅਮਰੀਕਾ ਆਰਥਿਕ, ਰਾਜਨੀਤਕ ਅਤੇ ਸੈਨਿਕ ਰਈਸਾਂ ਦੁਆਰਾ ਰਾਜ ਕੀਤਾ ਜਾਂਦਾ ਹੈ।ਆਰਥਿਕ ਰਈਸ ਵੱਡੇ ਵਪਾਰ ਦੇ ਉੱਚ ਪੱਧਰਾਂ ਅਤੇ ਕਾਰਪੋਰੇਟ ਪ੍ਰਬੰਧਨ ਦੀ ਅਗਵਾਈ ਕਰਦੇ ਹਨ।ਰਾਜਨੀਤਿਕ ਰਈਸ ਸਰਕਾਰ ਦੇ ਔਪਚਾਰਿਕ ਤੰਤਰ ਦੇ ਮੁੱਖ ਲੋਕਾਂ ਦੀ ਅਗਵਾਈ ਕਰਦੇ ਹਨ।ਸੈਨਿਕ ਰਈਸ ਸੈਨਿਕ ਸੇਵਾਂਵਾਂ ਦੇ ਸ਼ਿਖਰ ਦੇ ਲੋਕਾਂ ਦੀ ਅਗਵਾਈ ਕਰਦੇ ਹਨ। ਮਿਲਸ ਦੇ ਮੱਤ ਅਨੁਸਾਰ ਸ਼ਕਤੀ ਰਈਸ ਦਾ ਆਰਥਿਕ ਭਾਗ ਇੱਕ ਨਿਰਣੇਕਾਰੀ ਅੰਗ ਹੈ। ਇਸ ਪ੍ਰਕਾਰ ਮਿਲਸ ਦਾ ਸ਼ਕਤੀ ਰਈਸ ਦਾ ਵਿਸ਼ਲੇਸ਼ਣ, ਮਾਰਕਸ ਦੀ ਵਿਚਾਰਧਾਰਾ ਨਾਲ ਮਿਲਦਾ ਜੁਲਦਾ ਹੈ, ਕਿਉਂਕਿ ਦੋਨਾਂ ਆਰਥਿਕ ਭਾਗਾਂ ਨੂੰ ਬਹੁਤ ਮਹੱਤਵਪੂਰਨ ਨਿਰਧਾਰਕ ਮੰਨਦੇ ਹਨ, ਪਰ ਮਿਲਸ ਦਾ ਮੱਤ ਮਾਰਕਸ ਦੇ ਮੱਤ ਤੋਂ ਅਲਗ ਹੈ, ਕਿਉਂਕਿ ਮਿਲਸ ਦੀ ਸੋਚ ਹੈ ਕੇ ਇਹਨਾਂ ਤਿੰਨ ਰਈਸ ਸਮੂਹਾਂ ਵਿੱਚ ਅਗਵਾਈ ਜਿਆਦਾ ਪਰਿਵਰਤਨਸ਼ੀਲ ਹੈ।ਅਤੇ ਇਸ ਲਈ ਆਰਥਿਕ ਰਾਜਨੀਤਿਕ ਅਤੇ ਸੈਨਿਕ ਰਈਸਾਂ ਦੇ ਅੰਤਰਬੰਦ ਨਿਦੇਸ਼ਾਲਿਆਂ ਦੀ ਵਿਵਸਥਾ ਦਾ ਬੋਲਬਾਲਾ ਹੋਇਆ ਹੈ।ਇਹ ਤਿੰਨਾਂ ਸਮੂਹ ਵੱਖ ਵੱਖ ਪ੍ਰਕਾਰ ਦੇ ਨਾਲ ਅਨ-ਔਪਚਾਰਿਕ ਅਤੇ ਅਣ-ਔਪਚਾਰਿਕ ਸੰਮਪਰਕਾਂ ਦੁਆਰਾ ਇੱਕ ਦੂਜੇ ਨਾਲ ਮਿਲਦੇ ਹਨ। ਰਈਸ ਦੇ ਪੀੜੀ ਦਰ ਪੀੜੀ ਸਿੱਧਾਂਤ ਵਿੱਚ ਸਮਰਸਤਾ ਅਤੇ ਅਲਗਾਵ ਦੋਨੋਂ ਹਨ।ਮਿਲਸ ਦੇ 'ਆਰਥਿਕ ਅਭਿਜਾਤ ਪ੍ਰਭੁੱਤਵ' ਦੀ ਪਰਿਕਲਪਨਾ ਦੀ ਇੱਕ ਆਲੋਚਨਾ, ਆਰਨੋਲਡ ਰੋਜ ਦੀ 'ਬਹੁ ਪ੍ਰਭਾਵ ਪਰਿਕਲਪਨਾ' ਵਿੱਚ ਦ੍ਰਿੜ ਹੈ, ਜਿਸ ਦੇ ਦੁਆਰਾ ਰਾਜਨੀਤਿਕ ਸੰਬੰਧਾਂ ਦੇ ਬਹੁ-ਆਯਾਮੀ ਮਾਡਲ ਦੀ ਗਲ ਠੀਕ ਲਗਦੀ ਹੈ।ਅਸੀਂ ਕਹਿ ਸਕਦੇ ਹਾਂ ਕਿ ਰਾਸ਼ਟਰੀ ਅਤੇ ਸਥਾਨਿਕ ਦੋਨਾਂ ਪੱਧਰਾ 'ਤੇ, ਸ਼ਕਤੀ ਸੰਰਚਨਾ ਦੇ ਨਿਰਮਾਣ ਵਿੱਚ ਬਹੁਤ ਪ੍ਰਭਾਵੀ ਕੰਮ ਕਰਦੇ ਹਨ।ਬਹੁਤ ਹੱਦ ਤਕ ਮੇਲ-ਜੋਲ ਵਾਲੇ ਕੁਲੀਨ ਹੁੰਦੇ ਹਨ, ਪਰ ਉਹ ਇੱਕੋ ਜਿਹੇ ਨਹੀਂ ਹੁੰਦੇ, ਕਿਓਂਕਿ ਓਹ ਗੈਰ-ਆਰਥਿਕ ਕਾਰਨਾਂ ਤੋਂ ਵੀ ਪ੍ਰਵਾਹਿਤ ਹੁੰਦੇ ਹਨ ਅਤੇ ਸ਼ਕਤੀ ਰਚਨਾ ਵੀ ਬਹੁ ਆਯਾਮੀ।

ਅੰਤ ਵਿੱਚ, ਅਵਧਾਰਨਾਂ ਦੇ ਪੱਧਰ 'ਤੇ ਬਰਟਰਾਨੰਡ ਰੱਸਲ ਦੇ ਵਿਚਾਰ ਜੋ ਉਸ ਨੇ ਆਪਣੀ ਪੁਸਤਕ ਪਾਵਰ ਵਿੱਚ ਵਿਅਕਤ ਕੀਤੇ ਹਨ, ਓਹ ਮਨੁੱਖ ਦੀਆਂ ਇੱਛਾਵਾਂ ਲਈ, ਸ਼ਕਤੀ ਨੂੰ ਇੱਕ ਕੁੰਜੀ ਦੇ ਰੂਪ ਵਿੱਚ ਸਮਝਣ ਲਈ ਲਾਭਦਾਇਕ ਹੈ।ਰਸਲ ਦੇ ਅਨੁਸਾਰ, "ਮਨੁੱਖਾਂ ਵਿੱਚ ਇੱਛਾਵਾਂ ਵਿੱਚੋਂ ਸ਼ਕਤੀ ਅਤੇ ਸ਼ਾਨ ਦੀਆਂ ਇੱਛਾਵਾਂ ਪ੍ਰਧਾਨ ਹਨ ।" ਰਸਲ ਨੇ ਆਰਥਿਕ ਅਧਾਰ 'ਤੇ ਨਿਰਧਾਰਤ ਸ਼ਕਤੀ ਦੀ ਮਾਰਕਸਵਾਦੀ ਧਾਰਨਾ ਨੂੰ ਅਸਵੀਕਾਰ ਕੀਤਾ ਹੈ ਅਤੇ ਇਹ ਮੱਤ ਮੋਟੇ ਤੌਰ 'ਤੇ ਮਿਲਸ ਨੇ ਮੰਨਿਆ ਹੈ।ਮਨੁੱਖਾਂ ਦੀਆਂ ਕਿਰਿਆਵਾਂ ਦਾ ਕਾਰਨ ਸ਼ਕਤੀ ਲਈ ਲਗਾਵ ਹੈ ਅਤੇ ਇਹ ਕਿਰਿਆਵਾਂ ਇੱਕ ਸਮਾਜ ਦੀਆਂ ਸਮਾਜਿਕ ਗਤਿਵਿਧਿਆਂ ਲਈ ਮਹੱਤਵਪੂਰਨ ਹਨ। ਦੌਲਤ, ਗਹਿਣੇ, ਨਾਗਰਿਕ ਸੱਤਾ, ਰੁਤਬਾ ਅਤੇ ਸਲਾਹ, (ਰਾਏ )ਸ਼ਕਤੀ ਦੇ ਰੂਪ ਹਨ। ਸ਼ਕਤੀ ਦੇ ਇਹ ਰੂਪ ਹੁਕਮਰਾਨ ਅਤੇ ਅਸਲੀਕਰਨ ਹਨ।ਸਮਾਜਿਕ ਗਤਿਵਿਧਿਆਂ ਦੇ ਨਿਯਮ ਸ਼ਕਤੀ ਗਤਿਵਿਧਿਆਂ ਦੇ ਕਾਨੂੰਨ ਹਨ।ਸਮਾਜ ਵਿੱਚ ਸ਼ਕਤੀ ਦੀ ਲਾਲਸਾ (ਇੱਛਾ/ਪਿਆਰ )ਬਰਾਬਰ ਰੂਪ ਵਿੱਚ ਫੈਲੀ ਨਹੀਂ ਹੈ। ਇਸ ਤਰਾਂ ਰਸਲ ਦਾ ਵਿਸ਼ਲੇਸ਼ਣ ਮਨੋਵਿਗਿਆਨਿਕ ਹੈ, ਕਿਉਂਕਿ ਓਹ ਸ਼ਕਤੀ ਨੂੰ ਮਨੁੱਖ ਦੀ ਅੰਦਰੂਨੀ ਦ੍ਰਿੜ੍ਹ ਊਰਜਾ ਮੰਨਦੇ ਹਨ।ਰਾਜਿੰਦਰ ਸ਼ਰਮਾ ਦੇ ਅਨੁਸਾਰ, 'ਇੱਕ ਮਨੋਵਿਗਿਆਨਿਕ ਘਟਨਾ ਤੋਂ ਜਿਆਦਾ, ਸ਼ਕਤੀ ਸਮਾਜਿਕ ਅਤੇ ਸੰਸਕ੍ਰਿਤ ਦ੍ਰਿਸ਼ਟੀ ਤੋਂ ਰਚੀ ਅਸਲੀਅਤ ਹੈ।' ਮਨੁੱਖ 'ਤੇ ਸ਼ਕਤੀ ਦਾ ਹਾਵੀ ਹੋਣਾ ਇੱਕ ਸਰਬ-ਵਿਆਪੀ ਘਟਨਾ ਹੈ ਅਤੇ ਇਸ ਤਰ੍ਹਾਂ ਮਨੁੱਖ ਸ਼ਕਤੀ ਨੂੰ ਕਾਬੂ ਕਰਦਾ ਹੈ, ਪਰ, ਇਹ ਮਨੋਵਿਗਿਆਨਿਕ ਲੱਛਣ ਜਾਂ ਅਭਿਪ੍ਰੇਰਕ ਨਹੀਂ ਹਨ, ਇਹ ਇਤਿਹਾਸਿਕ ਪ੍ਰਕਿਰਿਆਵਾਂ ਹਨ, ਅਤੇ ਮਨੁੱਖ ਸਭਿਅਤਾ ਦੀਆਂ ਤਾਕਤਾਂ ਅਤੇ ਘਟਨਾਵਾਂ ਦੁਆਰਾ ਰਚੀ ਹੁੰਦੀ ਹੈ।

ਸ਼ਕਤੀ ਦੇ ਬਹੁਤ ਸਾਰੇ ਸਰੋਤ ਹਨ, ਜਿਵੇਂ ਕੇ ਵਿਚਾਰਿਕ, ਆਰਥਿਕ, ਸੈਨਿਕ ਅਤੇ ਰਾਜਨੀਤਿਕ। ਇਹ ਵੀ ਮਹੱਤਵਪੂਰਨ ਹੈ ਕਿ ਵਿਅਕਤੀ ਸ਼ਕਤੀ ਨੂੰ ਕਿਵੇਂ ਸਮਝਦਾ ਹੈ।ਸ਼ਕਤੀ ਸਮਾਜਿਕ ਦ੍ਰਿਸ਼ਟੀ ਦੇ ਏਕੀਕਰਨ ਦਾ ਸਾਧਨ ਹੈ, ਇੱਕ ਪੀੜੀ ਦਰ ਪੀੜੀ ਸਿੱਧਾਂਤ, ਘਟਨਾ, ਆਪਸੀ ਵਿਵਹਾਰ ਦਾ ਮਾਪ ਦੰਡ ਅਤੇ ਇੱਕ ਬਹੁਆਯਾਮੀ ਸਾਧਾਰਣ ਅਤੇ ਮੁੱਲਕਾਰੀ ਪਹਿਲੂ ਹੋ ਸਕਦੀ ਹੈ।ਉਦਾਹਰਨ ਲਈ, ਸ਼ਕਤੀ ਦਾ ਉਪਯੋਗ, ਸੰਚਾਰ, ਭਾਸ਼ਾ, ਗਿਆਨ ਰਚਨਾਵਾਂ ਅਤੇ ਆਧੁਨਿਕਤਾ ਦੀ ਆਲੋਚਨਾ ਦੇ ਹਥਿਆਰ ਦੇ ਔਜ਼ਾਰ ਦੇ ਰੂਪ ਵਿੱਚ ਕੀਤਾ ਜਾ ਸਕਦਾ ਹੈ।ਮਾਈਕਲ ਫੁਕੋ ਨੇ ਸ਼ਕਤੀ ਨੂੰ ਇੱਕ ਮੱਧ ਅਤੇ ਸ਼ਕਤੀ ਪ੍ਰਾਵਿਧੀਆਂ ਦੇ ਰੂਪ ਵਿੱਚ ਸਮਝਾਇਆ ਹੈ।ਫੁਕੋ ਨੇ ਸ਼ਕਤੀ ਦੀ ਧਾਰਨਾ ਦੁਆਰਾ ਇਲਾਜ, ਖਾਸ ਸਲਾਹ, ਸਮਾਜਿਕ ਪ੍ਰਵਿਧੀਆਂ, ਸਕੂਲੀ ਪਰੀਖਿਆਵਾਂ ਰਿਪੋਰਟਾਂ, ਆਂਕੜੇ ਬੈਂਕਾਂ, ਸੁਧਾਰਾਂ ਦੇ ਪ੍ਰਸਤਾਵਾਂ ਆਦਿ ਦੇ ਉਪਯੋਗ/ਗਿਆਨ ਦੀ ਸਮੀਖਿਆ ਨਵੀਂ ਪਰਤ (ਪੀੜੀ) ਲਈ ਕੀਤੀ ਹੈ।

ਨੋਟ

### ਭਾਰਤ ਵਿੱਚ ਸ਼ਕਤੀ ਅਤੇ ਸਮਾਜ

ਭਾਰਤ ਵਿੱਚ ਸਮਾਜ ਅਤੇ ਰਾਜਨੀਤਿਕ ਵਿਵਸਥਾ ਨੇੜੇ ਤੋਂ ਜੁੜੀ ਹੋਈ ਹੈ।ਬੇਸ਼ੱਕ, ਅਰਥ ਵਿਵਸਥਾ ਰਾਜਨੀਤੀ ਅਤੇ ਸਮਾਜਿਕ ਰੁਤਬੇ ਨੂੰ ਪ੍ਰਭਾਵਿਤ ਕਰਨ ਵਿੱਚ ਇੱਕ ਮਹੱਤਵਪੂਰਨ ਕਾਰਕ ਹੈ। ਪਰ ਇਸ ਦੀ ਭੂਮਿਕਾ ਅਤੇ ਮਹੱਤਵ ਕੁਝ ਅਸਪਸ਼ਟ ਅਤੇ ਘੱਟ ਪ੍ਰਭਾਵਕਾਰੀ ਹਨ। ਭਾਰਤ ਵਿੱਚ ਸ਼ਕਤੀ ਦੋ ਮੁੱਖ ਸਰੋਤਾਂ ਮਤਲਬ ਸਮਾਜਿਕ ਸੰਸਕ੍ਰਿਤਿਕ ਸੰਰਚਨਾ ਅਤੇ ਰਾਜਨੀਤਿਕ ਢਾਂਚੇ ਤੋਂ ਉਭਰਦੀ ਹੈ।ਪਹਿਲ ਵਿੱਚ ਜਾਤ, ਧਰਮ,ਭਾਸ਼ਾ, ਖੇਤਰ ਆਦਿ ਦੀ ਸ਼ਕਤੀ ਅਤੇ ਸੱਤਾ ਦੇ ਪਦਾਂ ਤੱਕ ਪਹੁੰਚ ਕੇ ਨਿਰਨਾਇਕ ਭੂਮਿਕਾ ਰਹਿੰਦੀ ਹੈ। ਦੂਜੇ ਵਿੱਚ ਪੰਚਾਇਤੀ ਰਾਜ ਸੰਸਥਾਵਾਂ, ਨਗਰ-ਪਾਲਕਾਵਾਂ, ਵਿਧਾਨ ਸਭਾਵਾਂ ਅਤੇ ਲੋਕ ਸਭਾ ਵਰਗੀਆਂ ਸੰਸਥਾਵਾਂ ਦੁਆਰਾ ਲੋਕਾਂ ਨੂੰ ਸੱਤਾ ਦੀ ਰਾਜਨੀਤੀ ਦੇ ਖੇਤਰ ਵਿੱਚ ਪ੍ਰਵੇਸ਼ ਦੇ ਅਵਸਰ ਪ੍ਰਾਪਤ ਹੁੰਦੇ ਹਨ।ਇਹਨਾਂ ਨਿਕਾਵਾਂ ਦੇ ਚੁਣਾਵਾਂ ਦੇ ਸਮੇਂ ਰਾਜਨੀਤਿਕ ਦਲ ਪਹਿਲੀ ਕਤਾਰ ਵਿੱਚ ਰਹਿੰਦੇ ਹਨ।

ਖ਼ਾਸਕਰ ਜਾਤ ਅਤੇ ਖੇਤਰ ਨਾਲ ਸੰਬੰਧਿਤ ਮੌਲਿਕ ਭਾਵਨਾਵਾਂ ਨੂੰ ਸ਼ਕਤੀ ਦੇ ਖੇਲ ਵਿੱਚ ਉਭਾਰਿਆ /ਉਕਸਾਇਆ ਜਾਂਦਾ ਹੈ। ਜਾਤ ਵਰਗ ਅਤੇ ਸ਼ਕਤੀ ਦਾ ਜੋੜ ਓਹਨਾਂ ਲੋਕਾਂ ਦੇ ਹਿੱਤ ਵਿੱਚ ਕੰਮ ਆਉਂਦਾ ਹੈ, ਜੋ ਆਪਣੀ ਜਾਤ /ਸਮੂਹ, ਆਰਥਿਕ ਸਥਿਤੀ ਅਤੇ ਰਾਜਨੀਤਿਕ ਦਲ ਅਤੇ ਉਸ ਦੀ ਅਗਵਾਈ ਦੇ ਸਮਰਥਨ ਦਾ ਜਿਆਦਾ ਉਪਯੋਗ ਕਰ ਸਕਦੇ ਹਨ। ਸ਼ਕਤੀ ਦੇ ਸਮੀਕਰਨਾਂ ਦੇ ਨਵੇਂ ਰੂਪਾਂ (ਐਨ. ਡੀ.ਏ., ਯੂ. ਪੀ.ਏ., ਆਦਿ ), ਦਲਾਂ ਦੇ ਗਠਜੋੜਾਂ (ਸਮਾਜਿਕ ਇੰਜੀਨਿਅਰਿੰਗ) ਅਤੇ ਭਾਰਤੀ ਰਾਜ ਅਤੇ ਸੰਵਿਧਾਨ ਦੇ ਲਚਕੀਲੇਪਣ ਦਾ ਸੰਕੇਤ ਮਿਲਦਾ ਹੈ। ਜਾਤ ਅਤੇ ਵਰਗ ਨਵੇਂ ਰੂਪਾਂ ਵਿੱਚ ਪ੍ਰਗਟ ਹੋਏ ਹਨ। ਨਵੇਂ ਵਿਰੋਧੀਮੱਤਾ, ਸਮਾਯੋਜਨ ਅਤੇ ਪ੍ਰਭੁੱਤਵ ਅਤੇ ਅਧੀਨਸਥਤਾ ਦੇ ਨਵੇਂ ਪ੍ਰਤਿਮਾਨਾਂ ਨਾਲ ਸ਼ਕਤੀ ਸਮਾਜਿਕ ਤੌਰ 'ਤੇ ਆਧਾਰਿਤ ਹੈ। ਰਾਜਨੀਤਿਕ ਦਲਾਂ ਵਿੱਚ ਕਟੁ ਪ੍ਰਤਿਯੋਗਤਾ, ਗੁਟ, ਜਾਤਾਂ, ਸਮੂਹਾਂ, ਅਤੇ ਵਿਅਕਤੀ, ਸਮਕਾਲੀਨ ਭਾਰਤ ਵਿੱਚ ਸ਼ਕਤੀ / ਸੱਤਾ ਦੀ ਰਾਜਨੀਤੀ ਨੂੰ ਚਿਤਰਦੇ ਹਨ।

## 4. ਯੌਨ/ਲਿੰਗ ਭੇਦ (Gender)

ਪਹਿਲਾਂ ਮੈਂ ਕਿਹਾ ਕਿ "ਪਿਤਾ ਪੁਰਖੀ ਪੁਰਸ਼ਾਂ ਅਤੇ ਮਹਿਲਾਵਾਂ ਦੇ ਵਿੱਚ ਸੰਸਕ੍ਰਿਤ ਰੂਪ ਵਿੱਚ ਸਮਰੱਥ ਜੀਵਨੀ-ਸਰੀਰਿਕ ਅੰਦਰੂਨੀ ਅੰਤਰਾਂ ਨੂੰ ਵੈਧਤਾ ਪ੍ਰਧਾਨ ਕਰਦੀ ਹੈ, ਅਤੇ ਓਹ ਸੰਸਾਧਨਾਂ, ਅਵਸਰਾਂ ਅਤੇ ਫਲ ਸਰੂਪਾਂ ਅਤੇ ਅਧਿਕਾਰਾਂ ਲਈ ਅਸਮਾਨ ਪਹੁੰਚ ਦਾ ਆਧਾਰ ਬਣ ਜਾਂਦੀ ਹੈ। ਪੁਰਸ਼ਾਂ ਅਤੇ ਮਹਿਲਾਂਵਾਂ ਵਿੱਚ ਰੁਤਬਾ ਅਸਮਾਨਤਾ ਇੱਕ ਪ੍ਰਾਚੀਨ ਘਟਨਾ ਹੈ, ਇਸ ਨੂੰ ਪਿਤਾ ਪੁਰਖੀ ਅਤੇ ਇਸ ਨਾਲ ਜੁੜੀ ਹੋਈ ਸੰਸਥਾਵਾਂ, ਯੌਨ 'ਤੇ ਆਧਾਰਿਤ ਮਿਹਨਤ ਵੰਡ ਅਤੇ ਵਿਆਹ, ਦਹੇਜ, ਸੰਪਤੀ ਅਤੇ ਵਿਰਾਸਤ ਅਤੇ ਅਧੀਨਤਾ ਵਰਗੀਆਂ ਸੰਸਥਾਵਾਂ ਨਾਲ ਸੰਬਲ ਪ੍ਰਾਪਤ ਹੋਇਆ ਹੈ। " ਇਹ ਦੇਖਿਆ ਗਿਆ ਕਿ ਪਿਤਾ ਪੁਰਖੀ ਸ਼ਕਤੀ ਦੇ ਵੰਡੇ ਵਿਤਰਨ ਤੱਕ ਹੀ ਸੀਮਿਤ ਨਹੀਂ ਹਨ। ਇਹ ਉਤਪਾਦਨ ਦੇ ਸਾਧਨਾਂ ਵਿੱਚ ਵੀ ਅੱਗੇ ਹਨ। ਉਤਪਾਦਨ ਪ੍ਰਕਿਰਿਆ ਵਿੱਚ ਪਿਤਾ ਪੁਰਖੀ ਮਿਜ਼ਾਜ ਵਿਦਿਆਮਾਨ ਹੈ। ਵਿਕਾਸ ਦੇ ਰੂਪ ਵਿੱਚ ਪੁਰਸ਼ ਇਨ੍ਹਾਂ ਦੀ ਵੰਡ 'ਤੇ ਆਧਾਰਿਤ ਅਸਮਾਨਤਾਵਾਂ ਬਣੀਆਂ ਹੋਈਆਂ ਹਨ। ਪੁਰਾਣੀ ਅਸਮਾਨਤਾ ਸਥਾਪਿਤ ਹੋ ਚੁੱਕੀ ਹੈ ਅਤੇ ਇਸ ਲਈ ਭਾਰਤ ਵਿੱਚ ਪਿਤਾ ਪੁਰਖੀ ਨਿਯੰਤਰਨ ਅਵਿਚਲ ਬਣਿਆ ਹੋਇਆ ਹੈ।

### ਪਿੱਤਰਸੱਤਾ ਦੀ ਪਰਿਭਾਸ਼ਾ

ਮਾਇੱਕਲ ਮਾਨ ਦੇ ਅਨੁਸਾਰ, ਸਮਾਜਿਕ ਦਰਜਾਬੰਦੀ ਦਾ ਸਿਧਾਂਤ ਤਿੰਨ ਧੁਰਿਆਂ ਨਾਲ ਘਿਰਿਆ ਹੋਇਆ ਹੈ ਇਹ ਹਨ- ਸਮਾਜਿਕ ਵਰਗ, ਸਮਾਜਿਕ ਰੁਤਬਾ/ਵਿਚਾਰਧਾਰਾ ਅਤੇ ਰਾਜਨੀਤਿਕ ਸ਼ਕਤੀ। ਦਰਜਾਬੰਦੀ ਦੇ ਹੋਰ ਪਹਿਲੂ ਹਾਲਾਤ ਜਨਕ ਅਤੇ ਗੈਰ ਰਚਨਾਤਮਕ ਹਨ। ਲਿੰਗ ਭੇਦ 'ਤੇ ਆਧਾਰਿਤ ਸੰਬੰਧਾਂ ਨੂੰ ਦਰਜਾਬੰਦੀ ਦੇ ਕੇਂਦਰ ਦਾ ਭਾਗ ਨਹੀਂ ਸਮਝਿਆ ਹੰਦਾ ਹੈ। ਪਰ ਲਿੰਗ ਭੇਦ ਸੰਬੰਧ ਇੱਕ ਰਚਿਤ ਢੰਗ ਨਾਲ ਵਿਰਾਜਮਾਨ ਹੁੰਦੇ ਹਨ। ਮਹਿਲਾਂਵਾਂ ਨੂੰ ਸਮਾਜਿਕ ਦਰਜਾਬੰਦੀ ਵਿੱਚ ਸਥਾਨ ਓਹਨਾਂ ਦੇ ਪਰਿਵਾਰ ਦੇ ਪ੍ਰਭੂ ਪੁਰਸ਼ 'ਤੋਂ ਪ੍ਰਾਪਤ ਹੁੰਦਾ ਹੈ। ਇਸ ਸੰਦਰਭ ਵਿੱਚ ਮਾਨ ਨੇ ਦਰਜਾਬੰਦੀ ਦੇ ਪੰਜ ਮੁੱਖ ਖੇਤਰਾਂ ਦੀ ਪਹਿਚਾਣ ਕੀਤੀ ਹੈ, ਜੋ ਲਿੰਗ ਭੇਦ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਲਿੰਗ ਭੇਦ ਤੋਂ ਪ੍ਰਭਾਵਿਤ ਹੁੰਦੇ ਹਨ।ਇਹ ਹਨ: 1. ਵਿਅਕਤੀ, 2. ਪਰਿਵਾਰ ਅਤੇ ਘਰ 3. ਇਸਤ੍ਰੀ – ਪੁਰਖ ਦੇ ਵਿੱਚ ਮਿਹਨਤ ਵੰਡ, 4. ਸਮਾਜਿਕ ਵਰਗ, ਅਤੇ 5. ਰਾਸ਼ਟਰ ਰਾਜ। ਇਹਨਾਂ ਵਿਭਿੰਨ ਨਾਭੀਆਂ ਵਿੱਚੋਂ ਹਰ ਇੱਕ ਦੁਆਰਾ ਲਿੰਗ ਭੇਦ ਅਤੇ ਦਰਜਾਬੰਦੀ ਦੇ ਵਿੱਚ ਸੰਬੰਧ ਵਿਵਸਥਿਤ ਹੁੰਦੇ ਹਨ। ਮਾਨ ਇਹ ਵੀ ਕਹਿੰਦੇ ਹਨ ਕਿ ਲਿੰਗ ਭੇਦ

ਨੋਟ

ਅਤੇ ਦਰਜਾਬੰਦੀ ਨੂੰ ਹੁਣ ਅਲਗ ਦਰਜਾਬੰਦੀ ਕਲਾਸਾਂ ਵਿੱਚ ਨਹੀਂ ਰਖਿਆ ਜਾ ਸਕਦਾ, ਕਿਉਂਕਿ ਦਰਜਾਬੰਦੀ ਵਿੱਚ ਲਿੰਗ ਭੇਦ ਹਨ, ਅਤੇ ਭੇਦ ਦਾਰਜਾਕ੍ਰਿਤ ਹੈ। ਆਧੁਨਿਕ ਸਮਾਜ ਵਿੱਚ ਕੋਈ ਵੀ ਦਰਜਾਬੰਦੀ ਸੰਬੰਧ ਗੈਰ-ਲਿੰਗ ਆਧਾਰਿਤ ਨਹੀਂ ਹੈ ਅਤੇ ਕਮਜ਼ੋਰ ਪਿਤਰ-ਸੱਤਾ ਤੋਂ ਬਾਅਦ ਵੀ ਇੱਕ ਅਲੱਗ ਪ੍ਰਕਾਰ ਦਾ ਲਿੰਗ ਭੇਦ ਪ੍ਰਭੁੱਤਵ ਵਿੱਦਿਆਮਾਨ ਹੈ। ਮਾਨ ਨੇ ਇੱਕ ਪਿਤਾ ਪੁਰਖੀ ਸਮਾਜ ਨੂੰ ਇਸ ਪ੍ਰਕਾਰ ਪਰਿਭਾਸਥਿਤ ਕੀਤਾ ਹੈ।

"ਇੱਕ ਪਿਤਰਸੱਤਾ ਸਮਾਜ ਓਹ ਹੈ ਜਿਸ ਵਿੱਚ ਪਰਿਵਾਰਾਂ ਜੀਵਨ ਦੇ ਪੁਰਸ਼-ਮੁੱਖੀਆ ਮੈਂਬਰਾਂ ਵਿੱਚ ਸ਼ਕਤੀ (ਸੱਤਾ) ਪਾਈ ਗਈ ਹੈ। ਜੀਵਨ ਦੇ 'ਸਰਬ-ਵਿਆਪੀ ਅਤੇ 'ਨਿਜੀ' ਖੇਤਰਾਂ ਵਿੱਚ ਸਪਸ਼ਟ ਭੇਦ ਵੀ ਪਾਇਆ ਜਾਂਦਾ ਹੈ। ਘਰ ਦੇ ਨਿਜੀ 'ਖੇਤਰ' ਵਿੱਚ, ਪ੍ਰਧਾਨ ਪੁਰਸ਼ ਦੇ ਕੋਲ ਕਨਿਸ਼ਟ ਪੁਰਸ਼ਾਂ, ਸਾਰੀਆਂ ਇਸਤ੍ਰਆਂ ਅਤੇ ਬੱਚਿਆਂ ਉੱਤੇ ਮਨਮਾਨੀ ਸੱਤਾ ਦਾ ਅਧਿਕਾਰ ਰਹਿੰਦਾ ਹੈ। 'ਸਰਬ-ਵਿਆਪੀ' ਖੇਤਰ ਵਿੱਚ, ਦਰਜਾਬੰਦੀ ਦੇ ਹੋਰ ਸਿੱਧਾਂਤਾਂ ਦੇ ਅਨੁਰੂਪ, ਪੁਰਸ਼ -ਸੱਤਾ ਦੇ ਵਿੱਚ ਸੱਤਾ ਸ਼ਕਤੀ ਦੀ ਭਾਗੀਦਾਰੀ ਹੁੰਦੀ ਹੈ।ਕੋਈ ਵੀ ਇਸਤ੍ਰੀ ਕਿਸੇ ਵੀ ਪ੍ਰਕਾਰ ਦੀ ਆਰਥਿਕ, ਵਿਚਾਰਕ, ਸੈਨਿਕ ਜਾਨ ਰਾਜਨੀਤਕ ਸੱਤਾ ਦੇ ਉਪਚਾਰਿਕ ਸਰਬ-ਵਿਆਪੀ ਪਦ ਨੂੰ ਗ੍ਰਹਿਣ ਨਹੀਂ ਕਰਦੀ ਹੈ।ਅਸਲੀਅਤ ਵਿੱਚ ਮਹਿਲਾਵਾਂ ਨੂੰ ਸੱਤਾ ਸਰਬ-ਵਿਆਪੀ ਖੇਤਰ ਵਿੱਚ ਦਖਲ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਹੈ। ਜਦ ਕਿ ਕਈ ਬਹੁਤ ਸਾਰੇ ਪੁਰਸ਼ ਆਪਣੇ ਜੀਵਨ ਕਾਲ ਵਿੱਚ ਕਦੇ ਨਾ ਕਦੇ ਪਿਤਾਸਤਾਦਾਰੀ ਬਣਨ ਦੀ ਆਸ਼ਾ ਕਰਦੇ ਹਨ।ਪਰ ਕੋਈ ਵੀ ਇਸਤ੍ਰੀ ਔਪਚਾਰਿਕ ਸੱਤਾ ਪ੍ਰਾਪਤ ਨਹੀਂ ਕਰਦੀ ਹੈ। ਘਰਾਂ ਦੇ ਅੰਦਰ ਮਹਿਲਾਵਾਂ ਆਪਣੇ ਪੁਰਸ਼ ਸੱਤਾਧਾਰੀਆਂ ਨੂੰਅਣਔਪਚਾਰਿਕ ਰੂਪ ਨਾਲ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਓਹਨਾਂ ਦੀ ਸ਼ਕਤੀ ਤਕ ਇਹੀ ਇੱਕ ਮਾਤਰ ਪਹੁੰਚ ਹੈ।ਪਿਤਾ ਪੁਰਖੀ ਸੱਤਾ ਵਿੱਚ ਦ੍ਰਿੜ੍ਹ ਦਰਜਾਬੰਦੀ ਦੇ ਦੋ ਕੇਂਦਰ ਹਨ। – 1. ਘਰ/ਪਰਿਵਾਰ/ਖਾਨਦਾਨੀ ਅਤੇ 2. ਪੁਰਸ਼ ਯੌਨ ਦਾ ਬੋਲਬਾਲਾ। ਇੱਕ ਵਾਸਤਵਿਕ ਸਮਾਜ ਵਿੱਚ ਸਮਾਜਿਕ ਵਰਗਾਂ ਅਤੇ ਹੋਰ ਦਰਜਾਬੰਦੀ ਸਮੂਹਾਂ ਦੇ ਸਾਹਿਤ ਇਹਨਾਂ ਦੋਨਾਂ ਦਾ ਸਹਿ-ਅਸਤਿਤਵ ਹੁੰਦਾ ਹੈ।"

ਅਗੇ ਮਾਨ ਕਹਿੰਦੇ ਹਨ "ਇਹ ਇੱਕ ਆਦਰਸ਼ ਪ੍ਰਕਾਰ ਹੈ। ਫੇਰ ਵੀ ਇਹ ਇਤਿਹਾਸਿਕ ਅਸਲੀਅਤ ਤੋਂ ਦੂਰ ਨਹੀਂ ਹੈ।" ਮਾਣ ਨੇ ਅਠਾਰਵੀਂ ਸ਼ਤਾਬਦੀ ਤੱਕ ਯੂਰਪ ਸਹਿਤ ਪ੍ਰਤੱਖ ਅੱਗੇ ਉਦਾਹਰਨ ਪੇਸ਼ ਕੀਤੇ ਹਨ। ਤਿੰਨ ਵਿਸ਼ੇਸ਼ਤਾਵਾਂ ਦਾ ਉਲੇਖ ਇਥੇ ਕੀਤਾ ਜਾ ਸਕਦਾ ਹੈ – 1. ਕਰੂਰਤਾ ਦੇ ਵਿਰੁਧ ਮਹਿਲਾਵਾਂ ਦਾ ਪਰੰਪਰਾਗਤ ਵਿਰੋਧ 2. ਮਹਿਲਾਵਾਂ ਦੀਆਂ ਅਣ-ਔਪਚਾਰਿਕ ਸ਼ਕਤੀਆਂ 3. ਪਰਿਵਾਰਾਂ ਦੇ ਵਿੱਚ ਸ਼ੋਸ਼ਣਕਾਰੀ ਸਥਾਨ, ਪਰ ਇਹ ਪਿਤਾ ਪੁਰਖੀ ਦੇ ਬਾਰੇ ਵਿੱਚ ਝੂਠ ਨਹੀਂ ਹੈ ਅਤੇ ਨਾ ਇਸ ਨਾਲ ਮਹਿਲਾਵਾਂ ਨੂੰ ਸਮੂਹਿਕ ਕਦਮ ਲਈ ਆਧਾਰ ਪ੍ਰਾਪਤ ਹੋਇਆ ਹੈ। ਪਹਿਲਾਂ ਇਸ ਪ੍ਰਕਾਰ ਸਮਾਜਿਕ ਦ੍ਰਜਬੰਦੀ ਦੋ ਪੱਖੀ ਸੀ (i) ਘਰ /ਪਰਿਵਾਰ /ਖਾਨਦਾਨੀ ਅਤੇ ਪੁਰਸ਼-ਯੌਨ ਦਾ ਬੋਲਬਾਲਾ ਅਤੇ (ii) 'ਸਰਵਵਿਆਪੀ' ਦਰਜਾਬੰਦੀ ਕੇਂਦਰ (ਵਰਗ, ਸੈਨਿਕ, ਰਈਸ, ਆਦਿ)। ਦੂਜਾ ਪਹਿਲੇ ਨਾਲ ਜੁੜਿਆ ਹੋਇਆ ਸੀ, ਕਿਉਂਕਿ ਘਰ / ਪਰਿਵਾਰ, ਖਾਨਦਾਨੀ ਮੁਖੀਆਂ ਦੇ ਸੰਕਲਨ ਦੀ ਸਰਬ-ਵਿਆਪੀ ਖੇਤਰ ਵਿੱਚ ਅਗਵਾਈ ਹੈ।

'ਪੁਰਸ਼' ਅਤੇ 'ਮਹਿਲਾਵਾਂ' ਦੇ ਵਿੱਚ ਵੰਡ ਜੈਵੀ-ਸਰੀਰਿਕ ਹੈ ਅਤੇ ਮੂਲ ਨਿਰਪੱਖ ਹੈ। ਜਦ ਇੱਕ 'ਪੁਰਸ਼' ਨੂੰ 'ਮਨੁੱਖ' ਅਤੇ 'ਮਹਿਲਾਵਾਂ' ਨੂੰ 'ਇਸਤਰੀ' ਦੇ ਨਾਮਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਤਦ ਦੋਨਾਂ ਦੇ ਨਾਲ ਮਾਨਵ ਪ੍ਰਾਣੀਆਂ ਦੇ ਰੂਪ ਵਿੱਚ ਉੱਚ ਅਤੇ ਕਮਜ਼ੋਰ ਹੋਣ ਦਾ ਮੂਲ ਦਾ ਭਾਵ ਜੋੜਿਆ ਜਾਂਦਾ ਹੈ। ਫੁਕੋ ਅਤੇ ਸਰੀਕੇ ਉੱਤਰ ਅਧੁਨਿਕਤਾਵਾਦੀਆਂ ਨੇ ਭਾਸ਼ਾ ਅਤੇ ਸ਼ਕਤੀ ਦੇ ਵਿੱਚ ਕੜੀ ਨੂੰ ਸਵੀਕਾਰ ਕੀਤਾ ਹੈ। ਦੋਨਾਂ ਨੇ ਉੱਤਰ ਆਧੁਨਿਕਤਾਵਾਦ ਦੇ ਯੋਗਤਾ ਦੀ ਆਲੋਚਨਾ ਕੀਤੀ ਹੈ। ਜੇਕਰ ਇਹ ਕਿਹਾ ਜਾਂਦਾ ਹੈ ਕਿ ਇਸਤਰੀਆਂ ਅਵਿਵੇਕਕਾਰੀ/ਅਯੋਗ ਮਿਜ਼ਾਜ ਨਾਲ ਜੁੜੀਆਂ ਹਨ ਅਤੇ ਮਨੁੱਖ ਵਿਵੇਕਕਾਰੀ/ਯੋਗ ਮਿਜ਼ਾਜ ਤੋਂ ਤਾਂ ਇਸ ਦਾ ਮਤਲਬ ਹੈ ਕਿ ਪੁਨਰਜਾਗਰਣ ਵਿਚਾਰ ਵਿੱਚ ਦੁਹਰਾਵਾਦ ਹਨ ਅਤੇ ਓਹਨਾਂ ਨੂੰ ਪੁਰਸ਼ਾਂ/ਇਸਤਰੀ ਦੇ ਵਿੱਚ ਮੁੱਖ ਦੁਹਰੇਵਾਦ ਵਿੱਚ ਦੇਖ ਸਕਦੇ ਹਨ। ਇਹ ਦੁਹਰਾਵਾਦ ਸਮਰੂਪੀ ਨਹੀਂ ਹੈ। "ਇਸਤਰੀ ਨੂੰ ਸਦਾ ਇਸੇ ਤਰ੍ਹਾਂ ਪਰਿਭਾਸ਼ਿਤ ਕੀਤਾ ਜਾਂਦਾ ਹੈ, ਜੋ ਮਨੁੱਖ ਨਹੀਂ ਹੈ, ਓਹ (ਇਸਤਰੀ) 'ਮਨੁੱਖ ਬਾਕੀ' ਹੈ, ਉਸ ਨੂੰ ਓਹਨਾਂ ਵਿਸ਼ੇਸ਼ਤਾਵਾਂ ਦੁਆਰਾ ਪਰਿਭਾਸ਼ਿਤ ਕੀਤਾ ਜਾਂਦਾ, ਜਿਨ੍ਹਾਂ ਦਾ ਉਸ ਵਿੱਚ ਅਭਾਵ ਹੈ।ਮੂਲ ਭੂਤ ਯੌਨਭੇਦ ਅਸਮਿਤਾ ਜਿਸ ਦੇ ਦੁਆਰਾ ਇਸਤਰੀ ਦੀ ਕਮਜ਼ੋਰੀ ਪੈਦਾ ਹੁੰਦੀ ਹੈ, ਉਸ ਨੂੰ ਭਾਸ਼ਾ ਦੁਆਰਾ ਸਥਾਪਿਤ ਕੀਤਾ ਜਾਂਦਾ ਹੈ ਅਤੇ ਬਣਾਈ ਰਾਖਿਆਂ ਜਾਂਦਾ ਹੈ।

ਭਾਸ਼ਾ ਦੁਆਰਾ ਇਸਤਰੀਆਂ ਨੂੰ ਕਿਹਾ ਜਾਂਦਾ ਹੈ ਕਿ ਓਹਨਾਂ ਵਿੱਚ ਓਹ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਦੁਆਰਾ

ਓਹ 'ਇਸਤਰੀ' ਰਹਿ ਸਕਦੀ ਹੈ। ਇਸ ਦੇ ਅਰਥ ਵਿੱਚ ਲਿੰਗ ਅਤੇ ਯੌਨ ਅੰਤਰ ਸੰਬੰਧਿਤ ਹੁੰਦੇ ਹਨ। ਅੱਜ ਇਸਤਰੀਵਾਦੀ ਕਾਰਜਾਂ (ਲਿਖਣ ਵਿੱਚ ਜੀਵ ਕਾਰਜਾਂ ਲਿੰਗ ਨੂੰ ਥੋਪਿਆ ਯੌਨ ਭੇਦ ਭੂਮਿਕਾਵਾਂ 'ਤੋਂ ਭਾਸ਼ਾਈ ਉਪਯੋਗ ਤੋਂ ਅਲਗ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ, ਭਾਸ਼ਾ ਦੇ ਉਪਯੋਗ (ਅਭਿਆਸ )ਦੁਆਰਾ ਵਿਅਕਤੀਤਵ ਅਸਮਿਤਾ ਅਤੇ ਯੌਨ ਅਸਮਿਤਾ ਦੇ ਵਿੱਚ ਕੜੀ ਬਣਾਈ ਜਾਂਦੀ ਹੈ, ਬੱਚੇ ਆਪਣੇ ਸ਼ੁਰੂਆਤੀ ਜੀਵਨ ਤੋਂ ਹੀ ਇਹ ਜਾਣਨ ਲਗਦੇ ਹਨ। ਓਹ ਚੰਗੀ ਤਰ੍ਹਾਂ ਨਾਲ 'ਆਦਮੀ' ਵਿਅਕਤੀਤਵ ਅਤੇ 'ਇਸਤਰੀ' ਵਿਅਕਤੀਤਵ ਦੇ ਵਾਰੇ ਵਿੱਚ ਸਿੱਖਦੇ ਹਨ ਅਤੇ ਵਿਅਕਤੀਤਵ ਸਿਰਫ਼ ਜੇਵਿਕ ਲਿੰਗ ਨਾਲ ਜੁੜਿਆ ਹੋਇਆ ਨਹੀਂ ਹੈ, ਬਲਕਿ ਇਹ ਇੱਕ ਖਾਸ ਯੌਨ ਅਸਮਿਤਾ ਇੱਕ "ਇਸਤਰੀ" ਅਸਮਿਤਾ ਨਾਲ ਜੁੜਿਆ ਹੋਇਆ ਹੈ। ਇਹ ਅਸਮਿਤਾ ਅਵਿਵੇਕ/ਅਯੋਗ ਹੈ। ਪੁਰਸ਼ ਅਤੇ ਮਹਿਲਾਵਾਂ ਅਲਗ ਅਲਗ ਭਾਸ਼ਾਵਾਂ ਸਿੱਖਦੇ ਹਨ ਜੇਕਰ ਇੱਕ ਦੂਜੇ ਦੀ ਭਾਸ਼ਾ ਜਾਣਦੇ ਵੀ ਹਨ ਤਾਂ ਇਸਤਰੀਆਂ ਪੁਰਸ਼ਾਂ ਦੀ ਭਾਸ਼ਾ ਦਾ ਉਪਯੋਗ ਨਹੀਂ ਕਰਦੀਆਂ ਹਨ। ਮਨੁੱਖਾਂ ਨੂੰ ਵਿਵੇਕਤਾ ਦਾ ਰੂਪ ਮੰਨਿਆ ਜਾਂਦਾ ਹੈ ਇਸਤਰੀਆਂ ਨੂੰ ਭਾਵਨਾ, ਵਿਚਾਰ ਅਤੇ ਅਤਰਕਤਾ ਦਾ ਧਾਰਕ ਸਮਝਿਆ ਜਾਂਦਾ ਹੈ। ਪੁਰਸ਼ ਇਸਤਰੀ ਵੰਡ ਦੇ ਕਰਨ ਇਸਤਰੀਆਂ ਦੇ ਅਗੇ ਦੋ ਨਾਗਵਾਰ ਵਿਕਲਪ ਹਨ 1) ਜਾਂ ਤਾਂ ਓਹ ਇਸਤਰੀਆਂ ਦੀ ਤਰ੍ਹਾਂ ਗਲ ਕਰਨ ਅਤੇ 'ਇਸਤਰੀ' ਬਣ ਕੇ ਰਹਿਣ, ਪਰ ਅਤਾਰਕਿਕ ਬਣ ਕੇ ਜਾਂ, 2) ਓਹ ਮਨੁੱਖਾਂ ਵਾਂਗ ਗਲ ਕਰਨ ਅਤੇ ਤਾਰਕਿਕ ਬਣਨ ਪਰ 'ਆਇਸਤਰੀ' ਰਹਿਕੇ, ਇਸ ਤਰ੍ਹਾਂ ਪੁਰਸ਼ ਇਸਤਰੀ ਦੁਹਰਾਵਾਦੇ ਸੰਸਕ੍ਰਿਤਿਕ ਦ੍ਰਿਸ਼ਟੀ ਨਾਲ ਰਚੀ ਸ਼ਕਤੀ ਵੰਡ ਹੈ।

ਭਾਸ਼ਾ ਦੇ ਨਿਯੰਤਰਨ ਦੁਆਰਾ ਪੁਰਸ਼ਾਂ ਨੇ ਨਾ ਕੇਵਲ ਇਸਤਰੀਆਂ ਉੱਤੇ ਪ੍ਰਭੁੱਤਵ ਸਥਾਪਿਤ ਕੀਤਾ, ਬਲਕਿ ਸੰਸਾਰ ਜਿਸ ਵਿੱਚ ਅਸੀਂ ਰਹੌਂਦੇ ਹਨ, ਉਸ ਦੇ ਹਰ ਪਹਿਲੂ ਨੂੰ ਨਿਯੰਤਰਿਤ ਕੀਤਾ ਹੈ। ਇਹ ਦੋ ਤਰਾਂ ਨਾਲ ਕੀਤਾ ਜਾ ਸਕਦਾ ਹੈ - 1) ਗਿਆਨ ਨਿਰਮਾਣ ਸੰਸਥਾਵਾਂ ਵਿੱਚ ਯੌਨੀਕਰਨ ਆਧਾਰ ਤੇ ਭਾਸ਼ਾਈ ਤਰਕੀਬਾਂ ਦੁਆਰਾ, 2)ਵਾਸਤਵਿਕ ਅਤੇ ਤਾਰਕਿਕ ਦੇ ਵਿੱਚ ਕੁੜੀ ਦੁਆਰਾ। ਉਦਾਹਰਨ ਦੇ ਲਈ ਭਾਰਤ ਵਿੱਚ ਇਸਤਰੀਆਂ ਨੂੰ ਸਿਖਿਆ ਤੋਂ ਵਾਂਝਾ ਰਖਿਆ ਗਿਆ ਸੀ, ਸੰਸਕ੍ਰਿਤੀ ਦੇ ਅਧਿਐਨ ਤੋਂ ਅਤੇ ਹੋਰ ਸਮਾਜਾਂ ਵਿੱਚ ਇਸਤਰੀਆਂ ਨੂੰ ਲੇਟਿਨ ਭਾਸ਼ਾ ਦੇ ਅਧਿਐਨ ਤੋਂ ਵਾਂਝਾ ਰਖਿਆ ਗਿਆ ਸੀ। ਜਾਕ ਦਰਿਦਾ ਕਹਿੰਦੇ ਹਨ ਕਿ ਪੱਛਮ ਵਿੱਚ, ਬੋਲੀ / ਭਾਸ਼ਣ (ਭਾਸ਼ਾ) ਲੇਖਣ ਤੋਂ ਉੱਚ ਮੰਨਿਆ ਗਿਆ ਹੈ, ਪਰ ਜਦ ਭਾਸ਼ਣ ਜਾਂ ਮੁੱਖ ਕਥਨ ਇੱਕ ਆਮ ਲੱਛਣ ਬਣ ਜਾਂਦਾ ਹੈ, ਤਦ ਵਾਂਝੇ ਲੋਕ ਅਜਿਹੀ ਵੰਡ ਨੂੰ ਚੁਨੌਤੀ ਦਿੰਦੇ ਹਨ, ਭਾਸ਼ਣ ਦੀ ਉੱਚਤਾ ਨੂੰ ਨਕਾਰਦੇ ਹਨ। ਦੂਜੇ ਦ੍ਰਿਸ਼ਟਾਂਟ ਵਿੱਚ ਵਾਸਤਵਿਕ ਅਤੇ ਤਾਰਕਿਕ ਵਿੱਚ ਸੰਬੰਧ ਹੈ। "ਪੁਰਸ਼ ਦੇ ਦ੍ਰਿਸ਼ਟੀਕੋਣ ਨਾਲ ਨਿਰਮਿਤ ਧਾਰਨਾਵਾਂ ਨਾਲ ਇਕ ਪੁਰਸ਼ ਵਾਸਤਵਿਕਤਾ ਦੀ ਰਚਨਾ ਹੁੰਦੀ ਹੈ, ਵਾਸਤਵਿਕ ਅਤੇ ਤਾਰਕਿਕ ਦੋਨਾਂ ਨੂੰ ਪੂਰਨ ਤੌਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ". ਇਸ ਪ੍ਰਕਾਰ ਵਾਸਤਵਿਕਤਾ ਦੀ ਪੁਰਸ਼ ਪਰਿਭਾਸ਼ਾ ਦੁਆਰਾ ਮਹਿਲਾਵਾਂ ਦੇ ਅਨੁਭਵਾਂ ਨੂੰ ਛੁਪਾਇਆ ਜਾਂਦਾ ਹੈ, ਓਹਨਾਂ ਨੂੰ ਅਦ੍ਰਿਸ਼ ਬਣਿਆ ਜਾਂਦਾ ਹੈ ਇਸ ਦੀ ਇਹ ਵੀ ਮਨਸ਼ਾ ਹੈ ਕਿ ਮਹਿਲਾਵਾਂ ਨਾਕਾਬਲ ਹਨ, ਕਿਉਂਕਿ ਜੋ ਭਾਸ਼ਾ ਓਹ ਉਪਯੋਗ ਵਿੱਚ ਲਿਆਓਂਦੀਆਂ ਹਨ ਓਹ ਵਾਸਤਵਿਕਤਾ ਵਿੱਚ ਪੁਰਸ਼ ਪਰਿਭਾਸ਼ਾਵਾਂ ਵਿਚੋਂ ਕੱਢੀ ਹੋਈ ਹੈ। ਇਹ ਦਾਅਵਾ ਗਲਤ /ਝੂਠਾ ਹੈ ਕਿ (ਮਨੁੱਖ) ਸ਼ਬਦ ਆਮ ਹੈ, ਮਤਲਬ ਇਸ ਵਿਚ ਪੁਰਸ਼ ਅਤੇ ਇਸਤਰੀ ਦੋਨਾਂ ਦੇ ਅਨੁਭਵ ਦਾ ਸੰਮੇਲਨ ਹੈ। ਮਨੁੱਖਾਂ ਦੇ ਅਨੁਭਵ 'ਮਾਨਵ ਜਾਤੀ ਦੇ ਨਾ ਹੋ ਕਿ ਕੇਵਲ ਪੁਰਸ਼ਾਂ ਦੇ ਹਨ। ਕਿਉਂਕਿ ਪੁਨਰਜਾਗਰਣ, ਤਰਕ ਅਤੇ ਤਾਰਕਿਕਤਾ, ਪੂਰਨਤਾ ਪੁਰਸ਼ ਦੀ ਭਾਸ਼ਾ ਵਿਚ ਪਰਿਭਾਸ਼ਿਤ ਕੀਤੇ ਗਏ ਹਨ। 'ਤਰਕ ਦਾ ਮਨੁੱਖ' ਯੌਨਕਰਿਤ, ਆਮ ਨਹੀਂ ਹੈ। ਸੰਪੂਰਨ ਸਿੱਧਾਂਤ 'ਤੇ ਹਮਲਾ ਹੋ ਰਿਹਾ ਹੈ। ਹੁਣ ਨਿਜੀ ਸਰਵਜਨਿਕ, ਅਤਾਰਕਿਕ / ਤਾਰਕਿਕ, ਮਨੁੱਖੀ / ਪੂਰਨਤਾ ਮਨੁੱਖੀ ਕਿਉਂਕਿ ਸਮਾਜਿਕ ਘਟਨਾ ਅਤੇ ਸਰੂਪ ਆਦਿ ਸਾਪੇਖਤ ਹਨ। ਵੰਡ ਨਾ-ਮਨਜ਼ੂਰ ਹੈ।

| | |
|---|---|
| ਕੀ ਤੁਸੀਂ ਜਾਣਦੇ ਹੋ ? | 'ਮਹਿਲਾ' ਸ਼ਬਦ ਯੌਨ ਨੂੰ ਸੰਕੇਤ ਕਰਦਾ ਹੈ, ਅਤੇ 'ਇਸਤਰੀ' ਸ਼ਬਦ ਦੇ ਸ਼ੋਸ਼ਣ ਦੀ ਪ੍ਰਕਿਰਤੀ ਨੂੰ ਸਮਝਣ ਦੇ ਲਈ ਮੁੱਖ ਬਿੰਦੂ ਹੈ। |

ਨੋਟ

### ਲਿੰਗ ਭੇਦ ਅਤੇ ਦਰਜਾਬੰਦੀ

ਅੱਜ ਵੀ ਪੁਰਸ਼ ਮਹਿਲਾਵਾਂ ਦੀ ਜੈਵਿਕ ਕਮਜ਼ੋਰੀ ਦੇ ਮੁੱਦੇ ਤੇ ਜ਼ੋਰ ਦਿੰਦਾ ਹੈ। ਮਹਿਲਾ ਅਵਿਵਸਥਾਪਣ ਨੂੰ ਸਿਖਿਆ, ਸਰਲਤਾ, ਨਿਮਰਤਾ, ਕਠੋਰ ਮਿਹਨਤ ਅਤੇ ਪਤੀ ਦੇ ਪ੍ਰਤੀ ਪਤਨੀ ਦੇ ਸਮਰਪਣ ਦੁਆਰਾ ਕਾਬੂ ਕੀਤਾ ਜਾਂਦਾ ਹੈ

ਵਿਆਹੀਆਂ ਇਸਤਰੀਆਂ ਨੂੰ ਕੁਝ ਵਿਸ਼ੇਸ਼ ਪ੍ਰਕਾਰ ਦੀਆਂ ਆਜ਼ਾਦੀਆਂ ਤੋਂ ਵਾਂਝਾ ਕੀਤਾ ਜਾਂਦਾ ਹੈ। ਇਥੋਂ ਤੱਕ ਕਿ ਓਹਨਾਂ ਨੰ ਆਪਣੇ ਦਹੇਜ ਅਤੇ ਵਸਤੂਆਂ, ਸੰਪੱਤੀਆਂ 'ਤੋਂ ਵਾਂਝਾ ਰਖਿਆ ਜਾਂਦਾ ਹੈ ਓਹਨਾਂ ਨੂੰ ਘਰ ਦੀ ਚਾਰ ਦੀਵਾਰੀ ਵਿੱਚ ਰਖਿਆ ਜਾਂਦਾ ਹੈ। ਜ਼ਿਆਦਾਤਰ ਸਮਾਜਾਂ ਵਿੱਚ ਅੱਜ ਵੀ ਐਸੀ ਸੋਚ ਹੈ ਅਤੇ ਬਹੁਤ ਸੀਮਾ ਤੱਕ ਵਿਵਹਾਰ ਵਿੱਚ ਵੀ ਐਸਾ ਹੁੰਦਾ ਹੈ। ਮਹਿਲਾਵਾਂ ਦੇ ਅਧਿਕਾਰ ਦੇ ਬਾਰੇ ਵਿੱਚ ਵਰਣਨ ਬਹੁਤ ਘਟ ਦਿੱਤੇ ਗਏ ਹਨ।ਉਦਾਹਰਣ ਦੇ ਲਈ ਈ.ਪੀ. ਥੌਂਪਸਨ ਦੀ ਪੁਸਤਕ ਦਿ ਮੇਕਿੰਗ ਆਫ਼ ਇੰਗਲਿਸ਼ ਵਰਕਿੰਗ ਕਲਾਸ ਵਿੱਚ ਵੀ, ਉਸ ਦੇ ਵਰਗ ਵਿਸ਼ਲੇਸ਼ਣ ਵਿੱਚ ਕਮਾਵੇਸ ਪੂਰਨਤਾ ਪੁਰਸ਼ਾਂ ਦੇ ਬਾਰੇ ਵਿੱਚ ਹੀ ਵਰਣਨ ਹੈ।ਐਇਰਿਕ ਹੋਬਸਬਾਮ ਦੀ ਇੱਕ ਤਤਕਾਲੀਨ ਕ੍ਰਿਤੀ ਵਿੱਚ, ਮੱਧ ਵਰਗ ਦੀਆਂ ਮਹਿਲਾਵਾਂ ਦੇ ਅਨੁਭਵਾਂ ਦੇ ਬਾਰੇ ਵਿੱਚ ਸੰਦਰਭ ਮਾਤਰ ਹੈ। ਕੇਵਲ ਥੋੜੇ ਸਮੇਂ ਵਿੱਚ ਹੀ ਮਹਿਲਾਵਾਂ ਦੇ ਯੋਗਦਾਨ ਨੂੰ ਸਕਰਾਤਮਕ ਅਰਥ ਵਿੱਚ ਮੰਨਦੇ ਹੋਏ 'ਘਰ', 'ਘਰ ਦੀ ਦੇਖਭਾਲ' ਦਾ ਵਿਚਾਰ ਉਭਰ ਕੇ ਆਇਆ ਹੈ। ਗ੍ਰਹਿਣੀ ਦੇ ਵਲ ਵੀ ਧਿਆਨ ਹੋਇਆ ਹੈ ਕਿ ਓਹ ਘਰ ਅਤੇ ਬੱਚੇ ਨੂੰ ਸੰਭਾਲ ਕਿ ਇੱਕ ਬਹੁਤ ਮਹੱਤਵਪੂਰਨ ਕਾਰਜ ਕਰਦੀ ਹੈ ਅਤੇ ਉਸ ਦਾ ਪਤੀ ਆਪਣੀ ਪਤਨੀ ਅਤੇ ਬੱਚੇ ਦੇ ਪ੍ਰਤੀ ਫਰਜ਼ ਸਮਝ ਕਿ ਘਰ ਤੋਂ ਬਾਹਰ ਧਨ ਕਮਾਉਣ ਜਾਂਦਾ ਹੈ।

ਘਰ ਅਤੇ ਘਰ ਦੀ ਦੇਖਭਾਲ ਦੀ ਧਾਰਨਾ ਦੇ ਆਉਣ ਨਾਲ ਘਰੇਲੂ ਪਿਤ ਪੁਰਖੀ ਸੱਤਾ ਦੀ ਗਲ ਮੰਨੀ ਜਾ ਰਹੀ ਹੈ। ਸੰਪੂਰਨ ਸੰਸਾਰ ਵਿੱਚ ਘਰ ਵਿੱਚ ਮਹਿਲਾਵਾਂ ਦੇ ਕੰਮਾਂ ਦੀ ਉਚਿਤ ਸਵੀਕਰਿਤ ਦੇ ਅਧਿਕਾਰ ਨੂੰ ਬਹੁਤ ਸੀਮਾ ਤੱਕ ਮੰਨ ਲਿਆ ਗਿਆ ਹੈ।ਅੱਜ ਮਹਿਲਾਵਾਂ ਕੰਮ ਦੇ ਲਈ ਘਰ ਤੋਂ ਬਾਹਰ ਜਾਂਦੀਆਂ ਹਨ।ਆਪਣੀ ਬੱਚਤ ਕਰਦੀਆਂ ਹਨ, ਅਤੇ ਕਮਾਈ ਤੇ ਕਾਬੂ ਰਖਦੀ ਹੈ। ਜ਼ਿਆਦਾਤਰ ਪੁਰਸ਼ ਮਹਿਲਾਵਾਂ ਦੇ ਕਾਰਜ ਕਰਨ 'ਤੇ ਵਿਰੋਧ ਨਹੀਂ ਕਰਦੇ। ਇਹਨਾਂ ਵਿਸ਼ੇਸ਼ ਪਰਿਵਰਤਨਾਂ ਦੇ ਬਾਵਜੂਦ ਵੀ ਪੁਰਸ਼ ਦੇ ਕਾਰਜਾਂ ਦੁਆਰਾ ਇਹ ਨਿਰਧਾਰਤ ਹੁੰਦਾ ਹੈ ਕਿ ਪਤੀ ਪਤਨੀ ਕਿਥੇ ਰਹਿਣਗੇ ਅਤੇ ਕਿਵੇਂ ਜੀਵਨ ਵਿਵਸਥਿਤ ਹੋਵੇਗਾ। ਆਰ. ਡਬਲਯੂ ਕੈਨਲ ਨੇ ਐਸੀ ਪਰਸਥਿਤੀ ਨੂੰ 'ਲਿੰਗ ਭੇਦ ਰਾਜਾਂ' (ਪ੍ਰਬੰਧਾਂ) ਦਾ ਨਾਮ ਦਿੱਤਾ ਹੈ। ਅਤੇ ਹੈਰੀਅਤ ਬਰਾਡਲੇ ਨੇ ਇਸ ਨੂੰ 'ਯੌਨਕਰਤ ਕਾਰਜ ਸੰਸਕ੍ਰਿਤੀਆਂ ' ਕਿਹਾ ਹੈ। ਮਹਿਲਾਵਾਂ ਦੇ ਲਈ ਕੁਝ ਪ੍ਰਕਾਰ ਦੇ ਕੰਮ 'ਉਚਿਤ' ਸਮਝੇ ਜਾਂਦੇ ਹਨ ਅਤੇ ਅਣਉਪਚਾਰਿਕ ਬੰਧਨਾਂ ਤੋਂ ਭਿੰਨ ਪ੍ਰਕਾਰ ਦੇ ਕਾਰਜਾਂ ਤੋਂ ਮਹਿਲਾਵਾਂ ਨੂੰ ਰੋਕਿਆ ਜਾਂਦਾ ਹੈ।

ਵਿਆਹ ਯੌਨੀਕ੍ਰਿਤ ਅਤੇ ਅਸਮਾਨਤਾ ਮਿਹਨਤ ਵੰਡ ਹੈ। ਭਾਰਤੀ ਸਮਾਜ ਵਿੱਚ, ਪਤੀ ਆਪਣੀ ਪਤਨੀ ਦੇ ਕੰਮ/ਗਤੀ ਵਿਧੀਆਂ 'ਤੇ ਨਿਯੰਤ੍ਰਣ ਰੱਖਣਾ ਸ਼ੁਰੂ ਕਰਦਾ ਹੈ ਅਤੇ ਉਸ ਦੇ ਬਾਅਦ ਆਪਣੇ ਕੁੱਝ ਕੰਮਾਂ ਨੂੰ ਉਸ 'ਤੇ ਥੋਪਣਾ ਸ਼ੁਰੂ ਕਰਦਾ ਹੈ। ਪਰ ਪਤੀ ਦੁਆਰਾ ਪਤਨੀ ਦੀ ਮਦਦ ਕਰਨਾ ਇੱਕ ਛੋਟੀ ਗੱਲ ਸਮਝੀ ਜਾਂਦੀ ਹੈ। ਇਹ ਮੱਤ ਸਹੀ ਹੈ ਕਿ ਆਧੁਨਿਕ ਤਕਨੀਕੀ ਨਾਲ ਮਹਿਲਾ 'ਤੇ ਸਰੀਰਿਕ ਮਿਹਨਤ ਦਾ ਭਾਰ ਘੱਟ ਹੋਇਆ ਹੈ। ਪ੍ਰੰਤੂ ਫਿਰ ਵੀ ਯੌਨਿਕਤਾ ਮਿਹਨਤ ਵੰਡ ਬਣੀ ਹੋਈ ਹੈ। ਅਰਧ ਕਾਲੀਨ ਅਤੇ ਪੂਰਨ ਕਾਲੀਨ ਕਾਰਜਾਂ ਦੇ ਉਪਰੰਤ ਵੀ ਮਹਿਲਾਵਾਂ ਨੂੰ ਪੁਰਸ਼ਾਂ ਦੇ ਬਰਾਬਰ ਸਥਾਨ ਨਹੀਂ ਮਿਲ ਪਾਇਆ ਹੈ ਕਿਉਂਕਿ ਪੁਰਸ਼-ਪਿਤਾ ਦੇ ਕਰਤੱਵ ਅਤੇ ਘਰੇਲੂ ਮਿਹਨਤ ਵਿੱਚ ਬਰਾਬਰ ਭਾਗੀਦਾਰੀ ਨਹੀਂ ਕਰਦੇ ਹਨ।

ਮਾਈਕਲ ਮਾਨ ਨੇ ਪ੍ਰਭਾਵੀ ਢੰਗ ਨਾਲ ਕਿਹਾ ਹੈ ਕਿ ਯੌਨ ਭੇਦ ਵੰਡ ਮਹੱਤਵਪੂਰਨ ਹੈ। ਪ੍ਰੰਤੂ ਫਿਰ ਵੀ ਇਹਨਾਂ ਦੇ ਦਰਜਾਬੰਦੀ ਸਿੱਧਾਂਤ ਦੇ ਕੇਂਦਰ ਭਾਵ ਸਮਾਜਿਕ ਵਰਗ ਸਥਿਤੀ ਅਤੇ ਰਾਜਨੀਤਕ ਸ਼ਕਤੀ ਵਿੱਚ ਏਕਾਕ੍ਰਿਤ ਨਹੀਂ ਕੀਤਾ ਗਿਆ ਹੈ। ਜਿਵੇਂ ਕਿ ਇਸ ਅਧਿਐਨ ਵਿੱਚ ਪਹਿਲੇ ਵਰਣਨ ਕੀਤਾ ਗਿਆ ਹੈ–ਵਿਅਕਤੀ, ਪਰਿਵਾਰ ਅਤੇ ਘਰ ਲਿੰਗਾਂ ਦੇ ਵਿੱਚ ਮਿਹਨਤ ਵੰਡ, ਸਮਾਜਿਕ ਵਰਗ ਅਤੇ ਰਾਸ਼ਟਰ-ਰਾਜ ਇਹਨਾਂ ਹਰੇਕ ਤੋਂ ਪ੍ਰਭਾਵਿਤ ਹੁੰਦਾ ਹੈ। ਬੇਸ਼ੱਕ ਆਧੁਨਿਕ ਉਦਯੋਗ, ਪੁਰਸ਼ਾਂ-ਇਸਤਰੀਆਂ ਦੇ ਕਿੱਤਿਆਂ ਵਿੱਚ ਪਾਰਸਪਰਿਕ ਬਦਲਾਓ, ਸਮਾਨ ਪਰਜਾਤੰਤਰ ਅਧਿਕਾਰ ਅਤੇ ਕਿੱਤਾ ਮਤ ਅਧਿਕਾਰ ਦੇ ਕਾਰਣ ਪਿਤਰ ਸੱਤਾ ਸਮਾਨ ਪਰਜਾਤੰਤਰ ਦਾ ਇੱਕ ਨਵਾਂ ਸਰੂਪ ਉਭਰਿਆ ਹੈ। ਇਸ ਦੇ ਬਾਵਜੂਦ ਉਦਯੋਗ, ਰਾਜਨੀਤੀ ਅਤੇ ਨਾਗਰਿਕ ਜੀਵਨ ਵਿੱਚ ਪੁਰਸ਼ਾਂ ਨੇ ਮਹਿਲਾਵਾਂ 'ਤੇ ਨਿਯੰਤਰਣ ਕਰਨ ਦੇ ਨਵੇਂ ਢੰਗਾਂ ਦੁਆਰਾ ਨਵ-ਪਿਤਰ ਸੱਤਾ ਨੂੰ ਜਨਮ ਦਿੱਤਾ ਹੈ। ਇਹ ਗੱਲ ਸਹੀ ਹੈ ਕਿ ਮਹਿਲਾਵਾਂ ਪੁਰਸ਼ਾਂ ਦੀ ਤਰ੍ਹਾਂ 'ਵਿਅਕਤੀ' ਬਣ ਗਈਆਂ ਹਨ, ਪ੍ਰੰਤੂ ਆਪਣੇ ਘਰੇਲੂਤਾ ਦੇ ਨਾਲ ਜੁੜਾਵ ਦੇ ਦੁਆਰਾ ਉਹ

ਯੌਨੀਕ੍ਰਿਤ ਵਿਅਕਤੀ ਹੀ ਹੈ। ਮਹਿਲਾਵਾਂ ਹੁਣ ਵੀ ਪਿਤਰ ਸੱਤਾ ਪਰਿਵਾਰ ਸੰਗਠਨਾਂ ਵਿੱਚ ਹਨ, ਉਹ ਸਮਾਜਿਕ ਵਰਗ ਦੀ ਮੈਂਬਰ ਬਣੀ ਹੈ ਅਤੇ ਅਜਿਹੇ ਵਰਗ (ਜਾਤ) ਦਰਜਾਬੰਦੀ ਤੋਂ ਪ੍ਰਭਾਵਿਤ ਵੀ ਹਨ। ਇਸ ਪ੍ਰਕਾਰ ਉਹ ਭਿੰਨ-ਭਿੰਨ ਪਰ ਮਿਲੇ-ਜੁਲੇ ਦਰਜਾਬੰਦੀ ਦੇ ਪੌੜੀ-ਦਰ-ਪੌੜੀ ਸਿੱਧਾਂਤ ਦਾ ਅੰਗ ਹਨ। ਉਨ੍ਹਾਂ ਦੇ ਕਿੱਤਿਆਂ ਨੂੰ ਸਾਰਥਕ ਢੰਗ ਨਾਲ ਇੱਕ ਇਕੱਲੇ ਪੈਮਾਨੇ 'ਤੇ ਨਹੀਂ ਰੱਖ ਸਕਦੇ, ਪ੍ਰੰਤੂ ਯੌਨ ਭੇਦ ਅਤੇ ਦਰਜਾਬੰਦੀ ਨੂੰ ਹੁਣ ਜ਼ਿਆਦਾ ਸਮੇਂ ਤੱਕ ਅਲੱਗ-ਅਲੱਗ ਭਾਗਾਂ ਵਿੱਚ ਨਹੀਂ ਰੱਖਿਆ ਜਾ ਸਕਦਾ। "ਦਰਜਾਬੰਦੀ ਹੁਣ ਯੌਨਿਕਤਾ ਅਤੇ ਯੌਨ ਦਰਜ਼ੇ ਹਨ।"

**ਭਾਰਤੀ ਸਮਾਜ ਵਿੱਚ ਯੌਨ ਭੇਦ ਅਤੇ ਦਰਜਾਬੰਦੀ**

'ਲਿੰਗ ਭੇਦ ਰਾਜਾਂ' (ਪ੍ਰਬੰਧਾਂ) ਦਾ ਅਰਥ, ਪਰਿਵਾਰ, ਕਾਰਜ ਅਤੇ ਰਾਜ ਨਾਲ ਸੰਬੰਧਿਤ ਗਤੀਵਿਧੀਆਂ ਵਿੱਚ ਯੌਨ-ਆਧਾਰਿਤ ਅਸਮਾਨਤਾਵਾਂ ਨਾਲ ਹੈ। ਅਜਿਹੀਆਂ ਸੰਸਥਾਵਾਂ ਦੇ ਪੁੰਜ ਵਿੱਚ ਯੌਨ ਭੇਦ 'ਪੁਰਸ਼ ਤਰਕ' ਅਤੇ 'ਪੁਰਸ਼ ਤੱਤ' ਅਤੇ 'ਇਸਤਰੀਤੱਤ' ਦੇ ਵੰਡ ਦੁਆਰਾ ਪੁਨਰ ਜੀਵਤ ਕੀਤਾ ਜਾਂਦਾ ਹੈ। ਕੌਨਲ ਕਹਿੰਦੇ ਹਨ ਕਿ "ਇੱਕ ਯੌਨੀਕ੍ਰਿਤ ਰਾਜ (ਖੇਤਰ), ਇੱਕ ਵਿਸ਼ੇਸ਼ ਸਮਾਜਿਕ ਸੰਦਰਭ ਵਿੱਚ ਵੈਚਾਰਿਕ ਅਤੇ ਭੌਤਿਕ ਪ੍ਰਵਿਰਤੀਆਂ (ਅਭਿਆਸ) ਦਾ ਸੰਗ੍ਰਹਿ (ਸਮੂਹ) ਹੈ, ਜਿਸ ਦੇ ਦੁਆਰਾ ਪੁਰਸ਼ਨੀਅਤਾ ਅਤੇ ਇਸਤਰੀਨੀਅਤਾ ਦੀ ਅਲੱਗ ਕਲਪਨਾਵਾਂ (ਤਸਵੀਰਾਂ) ਤਿਆਰ ਕੀਤੀਆਂ ਜਾਂਦੀਆਂ ਹਨ। ਅਤੇ ਉਸ ਨਾਲ ਯੌਨਿਕਤਾ ਅਸਮਾਨਤਾ ਨਿਰਮਿਤ ਹੁੰਦੀ ਹੈ।" ਐਨ. ਕਬੀਰ ਦੇ ਅਨੁਸਾਰ ਭਾਰਤੀ ਮਹਿਲਾਵਾਂ ਦੇ ਲਈ ਯੌਨੀਕ੍ਰਿਤ ਦੇਵ-ਸ਼੍ਰੇਣੀ ਦੁਆਰਾ ਗਿਆਨ ਨਿਰਮਿਤ ਹੁੰਦਾ ਹੈ ਅਤੇ ਉਸ ਦੇ ਆਧਾਰ 'ਤੇ ਸੰਸਾਧਨਾਂ ਦੀ ਵੰਡ ਹੁੰਦੀ ਹੈ। ਇਸ ਲਈ ਪਰੰਪਰਾਗਤ ਧਾਰਨਾ ਦੇ 'ਖੰਡਨ' ਦੀ ਜ਼ਰੂਰਤ ਹੈ। ਕਬੀਰ ਦਾ ਮੱਤ ਹੈ ਕਿ 'ਵਿਚਾਰਧਾਰਾ ਯੌਨੀਕ੍ਰਿਤ ਅਤੇ ਲਿੰਗੀਕ੍ਰਿਤ ਦੋਨੋਂ ਹਨ।' ਜਿਸ ਢੰਗ ਨਾਲ ਜੈਵਿਕ ਅੰਤਰ ਨੂੰ ਯੌਨੀਕ੍ਰਿਤ ਅਸਮਾਨਤਾ ਵਿੱਚ ਤਬਦੀਲ ਕੀਤਾ ਜਾਂਦਾ ਹੈ। ਉਹ ਵਰਗ ਦੁਆਰਾ ਤੈਅ ਕੀਤਾ ਜਾਂਦਾ ਹੈ। ਮਾਨ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਹੋਏ ਕਬੀਰ ਦਾ ਮੱਤ ਇਹ ਹੈ ਕਿ ਯੌਨ ਕਾਰਕ ਦਰਜਾਬੰਦੀ ਸਿੱਧਾਂਤ ਵਿੱਚ ਜ਼ਰੂਰੀ ਹੈ। ਇੱਥੋਂ ਤੱਕ ਕਿ ਉਹ ਦਰਜ਼ੇ, ਜੋ ਮਹਿਲਾਵਾਂ ਆਪਣੀਆਂ ਉਪਲਬਧੀਆਂ ਦੁਆਰਾ ਪ੍ਰਾਪਤ ਕਰਦੀਆਂ ਹਨ, ਉਦਾਹਰਣ ਦੇ ਲਈ ਸਿਖਿਆ ਅਤੇ ਆਮਦਨਕਾਰੀ ਨੌਕਰੀਆਂ, ਉਨ੍ਹਾਂ ਦੇ ਲਈ ਮਹਿਲਾਵਾਂ ਨੂੰ ਪੂਰਾ ਉਦਾਰ ਨਾ ਦੇ ਕੇ ਉਨ੍ਹਾਂ ਦੇ ਪਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਜਾਂ ਪ੍ਰਗਤੀ ਦੇ ਵੱਲ ਅਗਰਸਰ ਮਹਿਲਾਵਾਂ ਦੇ ਮਾਤਾ-ਪਿਤਾ ਨੂੰ ਦਿੱਤਾ ਜਾਂਦਾ ਹੈ। ਆਪਣੇ ਵਿਅਕਤੀਗਤ ਲਾਭਾਂ ਅਤੇ ਉਪਲਬਧੀਆਂ ਦੇ ਉਪਰੰਤ ਵੀ, ਮਹਿਲਾਵਾਂ ਨੂੰ ਦੂਜਾ ਦਰਜ਼ਾ ਹੀ ਪ੍ਰਾਪਤ ਨਹੀਂ ਹੁੰਦਾ ਹੈ। ਇਸ ਦੇ ਇਲਾਵਾ, ਸਭ ਮਹਿਲਾਵਾਂ ਦੇ ਅਹੁਦੇ ਸਮਾਨ ਨਹੀਂ ਹੁੰਦੇ। ਪਰਿਵਾਰ ਵਿੱਚ ਮਹਿਲਾ ਮੈਂਬਰਾਂ ਵਿਚੋਂ ਉਨ੍ਹਾਂ ਦੇ ਅਹੁਦੇ ਦੇ ਆਧਾਰ 'ਤੇ, ਉਨ੍ਹਾਂ ਵਿੱਚ ਦਰਜ਼ਾ ਭੇਦ ਪਾਏ ਜਾਂਦੇ ਹਨ।

ਸਾਡੇ ਸਮਾਜ ਵਿੱਚ ਪੁਰਸ਼ ਜਾਤੀ ਅਤੇ ਇਸਤਰੀ ਜਾਤੀ ਦੀ ਧਾਰਨਾ ਜ਼ਿਆਦਾ ਮੌਜੂਦ ਹੈ। ਮਹਿਲਾਵਾਂ ਦੇ ਪ੍ਰਸ਼ਨ ਨੂੰ ਸਮਝਣ ਦੇ ਲਈ ਨੀਤਾ ਕੁਮਾਰ ਨੇ ਚਾਰ ਤਰੀਕੇ ਦੱਸੇ ਹਨ- 1. ਮਹਿਲਾਵਾਂ ਨੂੰ ਮਨੁੱਖ 'ਨਜ਼ਰ' ਦਾ ਉਦੇਸ਼ (ਵਸਤੂ) ਬਣਾਇਆ, 2. ਮਹਿਲਾਵਾਂ ਨੂੰ ਪੁਰਸ਼ ਦੀ ਤਰ੍ਹਾਂ ਦੇਖਣਾ/ਸਮਝਣਾ, 3. ਪਿਤਰ ਸੱਤਾ ਵੈਚਾਰਿਕ ਅਤੇ ਤਾਰਕਿਕ ਰਚਨਾਵਾਂ 'ਤੇ ਧਿਆਨ ਆਕਰਸ਼ਿਤ ਕਰਨਾ, ਅਤੇ 4. ਗੁਪਤ ਅਤੇ ਨਸ਼ਟਕਾਰੀ ਢੰਗਾਂ ਨੂੰ ਸਮਝਣਾ, ਜਿਨ੍ਹਾਂ ਦੇ ਦੁਆਰਾ ਮਹਿਲਾਵਾਂ ਆਪਣਾ ਕੰਮ ਕਰਦੀਆਂ ਹਨ। ਕੁਮਾਰ ਨੇ 'ਮਹਿਲਾਵਾਂ' ਨੂੰ ਪ੍ਰਜਾ, ਨੌਕਰ ਦਾ ਨਾਂ ਦੇਣ ਦੀ ਅਲੋਚਨਾ ਕੀਤੀ ਹੈ। ਕੁਮਾਰ ਨੇ ਮੰਗ ਕੀਤੀ ਹੈ ਕਿ ਜੀਵਨ ਦੇ ਖੇਤਰ ਵਿੱਚ ਪੁਰਸ਼ੀ, ਵਿਵੇਕ ਅਤੇ ਆਜ਼ਾਦ ਵਿਅਕਤੀ ਅਤੇ ਆਜ਼ਾਦ ਵਿਅਕਤੀ ਦੇ ਸਥਾਨ 'ਤੇ ਇੱਕ ਇਸਤਰੀ ਪਹਿਚਾਣ ਸਥਾਪਿਤ ਕੀਤੀ ਜਾਣੀ ਚਾਹੀਦੀ ਹੈ, ਇਸਤਰੀਆਂ ਦਾ ਕਮਜ਼ੋਰ ਅਤੇ ਅਧੀਨ ਦਰਜ਼ੇ ਦੇ ਲਈ ਸਾਡੀ ਮੁੱਲ ਅਵਸਥਾ, ਸੰਵਿਧਾਨ ਅਤੇ ਕਾਨੂੰਨ ਵਿੱਚ ਕਮੀਆਂ, ਹਿੰਸਾ, ਮਹਿਲਾਵਾਂ ਦੇ ਵਿਰੁੱਧ ਜ਼ੋਰ-ਜ਼ਬਰਦਸਤੀ ਅਤੇ ਅਪਰਾਧ ਵੀ ਉੱਤਰਦਾਈ ਹਨ। ਭਾਰਤੀ ਸਮਾਜ ਵਿੱਚ ਮਹਿਲਾਵਾਂ ਦੀ ਲਗਾਤਾਰ ਨੀਵੇਂ ਦਰਜ਼ੇ ਦੇ ਲਈ, ਦਹੇਜ, ਵਿਧਵਾ ਪੁਨਰਵਿਆਹ 'ਤੇ ਰੋਕ ਅਤੇ ਬਾਲ ਵਿਆਹ ਵੀ ਕਾਰਕ ਹਨ। ਪਿਤਰ ਸੱਤਾ ਅਤੇ ਜਾਤ ਵਰਗ ਪੌੜੀ-ਦਰ-ਪੌੜੀ ਸਿੱਧਾਂਤ ਦੇ ਨਾਲ ਹੋਣ ਦੇ ਫਲਸਰੂਪ ਸਮਾਜਿਕ ਜੀਵਨ ਵਿੱਚ ਸੰਬੰਧਾਂ ਦਾ ਯੌਨੀਕਰਨ ਹੋਇਆ ਹੈ।

ਸ਼ਹਿਰੀ ਮੱਧ ਵਰਗਾਂ ਦੀਆਂ ਮਹਿਲਾਵਾਂ ਵਿੱਚ ਸਿਖਿਆ ਅਤੇ ਰੋਜ਼ਗਾਰ ਨਾਲ ਉਨ੍ਹਾਂ ਦੀ ਸਮਾਜਿਕ-ਆਰਥਿਕ ਸਥਿਤੀ ਉਪਰ ਉੱਠੀ ਹੈ। ਰੋਜ਼ਗਾਰ ਤੋਂ ਜ਼ਿਆਦਾ ਅੱਜ ਮਹਿਲਾਵਾਂ-ਪੁਰਸ਼ ਮੈਂਬਰਾਂ ਦੇ ਬਰਾਬਰ, ਸਮਾਜ ਦੇ ਵਿਅਕਤੀਆਂ/ਮੈਂਬਰਾਂ ਦੇ ਰੂਪ ਵਿੱਚ ਆਪਣੀ ਅਸਮਿਤਾ ਦੇ ਲਈ ਖ਼ੁਦਮੁਖ਼ਤਿਆਰੀ ਦੀ ਮੰਗ ਕਰ ਰਹੀ ਹੈ। ਨੌਕਰੀਆਂ ਵਿੱਚ ਜ਼ਿਆਦਾ ਪ੍ਰਤੀਨਿਧਤਵ ਅਤੇ ਨਾਗਰਿਕ ਈਕਾਈਆਂ,

ਨੋਟ

ਰਾਜ ਦੀ ਵਿਧਾਨ ਸਭਾਵਾਂ ਅਤੇ ਲੋਕ ਸਭਾ ਵਿੱਚ ਰਾਖਵਾਂ ਦੀ ਮੰਗ ਵੀ ਕੀਤੀ ਜਾ ਰਹੀ ਹੈ। ਪੰਚਾਈਤੀ ਰਾਜ ਅਤੇ ਨਾਗਰਿਕ ਈਕਾਈਆਂ ਵਿੱਚ ਪ੍ਰਤੀਨਿਧਤਵ ਦੀ ਮੰਗ ਕ੍ਰਮ 73ਵੇਂ ਅਤੇ 74ਵੇਂ ਸੰਵਿਧਾਨ ਸੰਸ਼ੋਧਨਾਂ ਦੇ ਅੰਤਰਗਤ ਸਵੀਕਾਰ ਕਰ ਲਈ ਗਈ ਹੈ। ਰਾਜ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀ ਮੰਗ ਕਾਫ਼ੀ ਸਮੇਂ ਤੋਂ ਅਰਧਝੂਲ ਵਿਚ ਹੈ।

ਅੱਜ ਕੁੱਝ ਮਹਿਲਾਵਾਂ ਨੇ ਕਿੱਤਿਆਂ ਅਤੇ ਸੁਤੰਤਰ ਆਰਥਿਕ ਕੰਮਾਂ ਨੂੰ ਵੀ ਅਪਣਾਇਆ ਹੈ, ਪ੍ਰੰਤੂ ਜ਼ਿਆਦਾਤਰ ਮਹਿਲਾਵਾਂ ਹੁਣ ਵੀ *ਦੋਹਰੀ ਕਮਾਈ* ਕਰਨ ਵਾਲੀਆਂ ਹਨ। ਇੱਥੋਂ ਤੱਕ ਕਿ ਮਹਾਂ ਨਗਰਾਂ ਅਤੇ ਵੱਡੇ ਸ਼ਹਿਰਾਂ ਵਿੱਚ ਵੀ ਪੁਰਸ਼ਾਂ ਦੇ ਬਰਾਬਰ ਮਹਿਲਾਵਾਂ ਦਾ ਸ਼ਕਤੀਕਰਨ ਹੋਣਾ ਅਜੇ ਬਾਕੀ ਹੈ। ਭਾਰਤੀ ਸਮਾਜ ਦੀ ਵਿਆਪਕ ਪਿਤਰ ਸੱਤਾ ਪ੍ਰਕਿਰਤੀ ਦੇ ਕਾਰਣ ਮਹਿਲਾਵਾਂ ਦੇ ਵਾਸਤਵਿਕ ਅਤੇ *ਕਾਲਪਨਿਕ* ਚੇਹਰੇ ਬਣੇ ਹੋਏ ਹਨ। ਪ੍ਰਸ਼ਨ ਹੈ ਕਿ ਕਿਵੇਂ ਦੈਨਿਕ ਜੀਵਨ ਵਿੱਚ ਸੰਬੰਧਾਂ, ਕੰਮ, ਫ਼ੈਸਲਾ ਪ੍ਰਕਿਰਿਆ ਵਿੱਚ 'ਯੌਨੀਕਰਨ' ਨੂੰ ਘੱਟ ਕੀਤਾ ਜਾਏ ? ਪਰਿਵਾਰ ਅਤੇ ਸਮਾਜ ਵਿੱਚ ਮਹਿਲਾਵਾਂ ਨੂੰ ਪੁਰਸ਼ਾਂ ਦੀ ਹਮਦਰਦੀ ਅਤੇ ਦਇਆ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਨੂੰ ਜ਼ਰੂਰਤ ਹੈ ਪੁਰਸ਼ਾਂ ਦੇ ਸਮਾਨ ਸੰਸਾਧਨਾਂ ਵਿੱਚ ਮਾਲਕੀ ਅਤੇ ਨਿਯੰਤ੍ਰਣ ਦੇ ਅਧਿਕਾਰ ਦੀ। ਮਹਿਲਾਵਾਂ ਦੇ ਲਈ ਰੋਜ਼ਗਾਰ, ਸਿਖਿਆ ਅਤੇ ਸਿਹਤ ਸੇਵਾ ਸੁਵਿਧਾਵਾਂ, ' ਰਾਜਕਰਣ' ਅਤੇ ਸੁਰੱਖਿਆ ਦੁਆਰਾ ਪ੍ਰਦਾਨ ਕਰਨਾ ਉਨ੍ਹਾਂ ਦੀ ਸਮੱਸਿਆ ਨੂੰ ਉੱਪਰ ਤੋਂ ਨੀਚੇ ਵੱਲ ਦੇਖਣ/ਸਮਝਣ ਦਾ ਢੰਗ ਹੈ। ਪ੍ਰਭਾਵਕਾਰੀ ਸੰਪਤੀ ਦੇ ਅਧਿਕਾਰ ਦੁਆਰਾ ਮਹਿਲਾਵਾਂ ਦੀ ਘੱਟ ਆਰਥਿਕ, ਸਮਾਜਿਕ ਅਤੇ ਰਾਜਨੀਤਕ ਅਧੀਨਤਾ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਯੌਨੀਕ ਸੰਬੰਧਾਂ ਨੂੰ ਜ਼ਿਆਦਾ ਸਮਾਨ ਬਣਾਇਆ ਜਾ ਸਕਦਾ ਹੈ। ਇੱਕ ਸੰਸਾਧਨ ਸਿੱਧਾਂਤ ਸੁਧਾਰ ਸਿਧਾਂਤ ਦੀ ਬਜਾਏ ਜ਼ਿਆਦਾ ਧਿਆਨ ਯੋਗ ਹੈ।

### ਸਮਜਾਤੀ ਅਤੇ ਸੰਸਕ੍ਰਿਤੀ

ਐਂਥਨੀ ਗਿਡੇਂਸ ਨੇ ਸਮਜਾਤੀ ਅਤੇ ਨਸਲ ਦੇ ਵਿਸਥਾਰ ਨਾਲ ਵਿਆਖਿਆ ਕੀਤੀ ਹੈ। ਗਿਡੇਂਸ ਦੇ ਅਨੁਸਾਰ, "ਸਮਜਾਤੀ ਦਾ ਮਤਲਬ ਸੰਸਕ੍ਰਿਤਿਕ ਵਿਵਹਾਰ ਅਤੇ ਦ੍ਰਿਸ਼ਟੀਕੋਣ ਤੋਂ ਹੈ, ਜਿਨ੍ਹਾਂ ਦੇ ਦੁਆਰਾ ਇੱਕ ਸਮੂਹ ਦੇ ਲੋਕਾਂ ਨੂੰ ਅਲੱਗ ਤੋਂ ਪਹਿਚਾਣਿਆ ਜਾਂਦਾ ਹੈ। ਸਮਜਾਤੀ ਸਮੂਹਾਂ ਦੇ ਮੈਂਬਰ ਖੁਦ ਨੂੰ ਸਮਾਜ ਵਿੱਚੋਂ ਹੋਰ ਸਮੂਹਾਂ ਨਾਲ ਸੰਸਕ੍ਰਿਤਿਕ ਦ੍ਰਿਸ਼ਟੀ ਤੋਂ ਅਲੱਗ ਮੰਨਦੇ ਹਨ, ਅਤੇ ਦੂਜੇ ਲੋਕ ਵੀ ਅਜਿਹਾ ਸਮਝਦੇ ਹਨ।" ਸਜਾਤੀਵਾਦ ਤੇ ਆਧਾਰਿਤ ਵਿਭੇਦ ਦੇ ਪ੍ਰਮੁੱਖ ਲੱਛਣਾਂ ਵਿੱਚੋਂ ਭਾਸ਼ਾ, ਇਤਿਹਾਸ ਜਾਂ ਵੰਸ਼ (ਵਾਸਤਵਿਕ ਜਾਂ ਕਾਲਪਨਿਕ) ਧਰਮ ਅਤੇ ਪੋਸ਼ਾਕ ਦੇ ਢੰਗ (ਸ਼ੈਲੀਆਂ) ਜਾਂ ਸਜਾਵਟ ਨੂੰ ਗਿਡੇਂਸ ਨੇ ਸ਼ਾਮਿਲ ਕੀਤਾ ਹੈ। ਸਮਜਾਤੀ ਵੰਡ ਪੂਰੇ ਤੌਰ 'ਤੇ ਸਿੱਖੇ ਹੋਏ ਹਨ। ਜ਼ਿਆਦਾਤਰ ਆਧੁਨਿਕ ਸਮਾਜਾਂ ਵਿੱਚ ਬਹੁਤ ਪ੍ਰਕਾਰ ਦੇ ਸਮਜਾਤੀ ਸਮੂਹ ਹਨ। ਅੱਜ ਅਨੇਕ ਸਮਾਜ ਬਹੁ-ਸਮੂਹੀ ਸਮਾਜ ਹਨ। ਜਿਨ੍ਹਾਂ ਵਿੱਚ ਕਈ ਵੱਡੇ ਸਮਜਾਤੀ ਸਮੂਹ ਹਨ, ਜੋ ਆਜ਼ਾਦ ਅਤੇ ਸਮਾਜਿਕ ਦ੍ਰਿਸ਼ਟੀਆਂ ਤੋਂ ਇੱਕ-ਦੂਜੇ ਤੋਂ ਭਿੰਨ ਹਨ। ਸਮਜਾਤੀ ਵੰਡ ਬਹੁਤ ਘੱਟ 'ਸੁਭਾਵਿਕ/ਕੁਦਰਤੀ' ਹੁੰਦੀ ਹੈ। ਸਧਾਰਨ ਤੌਰ ਤੇ, ਦੌਲਤ ਅਤੇ ਸ਼ਕਤੀ 'ਤੇ ਆਧਾਰਿਤ ਅਸਮਾਨਤਾਵਾਂ ਅਤੇ ਸਮੂਹ ਦੇ ਵਿੱਚ ਵਿਰੋਧ ਨਾਲ ਸਮਜਾਤੀ ਵੰਡ ਜੁੜੇ ਹੋਏ ਹਨ। ਗਿਡੇਂਸ ਨੇ ਸਮਜਾਤੀ ਵੰਡਾਂ, ਤਣਾਓ ਅਤੇ ਸੰਘਰਸ਼ਾਂ ਦੇ ਬਾਰੇ ਵਿਚ ਨਿਮਨ ਪ੍ਰਸ਼ਨ ਉਠਾਏ ਹਨ-

1. ਸਮਜਾਤੀ ਵੰਡ ਅਕਸਰ ਤਣਾਉ ਅਤੇ ਸੰਘਰਸ਼ ਨਾਲ ਕਿਉਂ ਜੁੜੇ ਹੋਏ ਹਨ ?
2. ਸਮਜਾਤੀ ਜਲਣ ਅਤੇ ਭੇਦਭਾਵ ਦਾ ਕੀ ਕਾਰਣ ਹੈ ?
3. ਅਕਸਰ ਸਮਜਾਤੀ ਵਿਰੋਧ 'ਸਮਾਜਿਕ ਅੰਤਰਾਂ' ਨਾਲ ਘਿਰੇ ਹੋਏ ਰਹਿੰਦੇ ਹਨ ?
4. ਕੀ ਬਹੁਤ ਜ਼ਿਆਦਾ ਬਹੁ-ਸਮੂਹਵਾਦ ਵਾਲੇ ਸਮਾਜਾਂ ਵਿੱਚ ਅਸਮਾਨਤਾ ਬਣੀ ਰਹੇਗੀ ?

### ਅਲਪ-ਸੰਖਿਆਵਾਂ ਦੀ ਧਾਰਨਾ

ਇੱਕ ਹੋਰ ਅਜਿਹੀ ਹੀ ਧਾਰਨਾ ਅਲਪ-ਸੰਖਿਆਵਾਂ ਦੀ ਹੈ, ਕਿਉਂਕਿ ਸਧਾਰਨ ਤੌਰ ਤੇ, ਅਲਪ-ਸੰਖਿਆ ਸਮਜਾਤੀ ਸਮੂਹ ਹੈ। ਸਮਾਜ-ਸ਼ਾਸਤਰੀ ਦ੍ਰਿਸ਼ਟੀ ਤੋਂ, ਗਿਡੇਂਸ ਨੇ ਇੱਕ ਅਲਪ-ਸੰਖਿਆ ਸਮੂਹ ਦੇ ਨਿਮਨ ਲੱਛਣ ਦੱਸੇ ਹਨ-

1. ਇਸ ਦੇ ਮੈਂਬਰ ਹਾਨੀਕਾਰਕ ਹਨ ਕਿਉਂਕਿ ਬਾਕੀ ਲੋਕ ਉਨ੍ਹਾਂ ਦੇ ਨਾਲ ਭੇਦਭਾਵ ਕਰਦੇ ਹਨ।
2. ਅਲਪਸੰਖਿਅਕ ਸਮੂਹ ਦੇ ਮੈਂਬਰਾਂ ਦੀ ਏਕਤਾ ਦਾ ਭਾਵ 'ਇੱਕਠੇ ਹੋਣ ਦੀ ਭਾਵਨਾ ' ਪਾਈ ਜਾਂਦੀ ਹੈ।
3. ਅਲਪਸੰਖਿਅਕ ਸਮੂਹ ਕੁਝ ਹੱਦ ਤੱਕ ਭੌਤਿਕ ਅਤੇ ਸਮਾਜਿਕ ਰੂਪ ਵਿੱਚ ਮੋਕਲੇ ਸਮੂਹ ਤੋਂ ਅਲਗ ਰਹਿੰਦੇ ਹਨ।

ਇਨਾਂ ਕਸੌਟੀਆਂ ਦੇ ਇਲਾਵਾ ਇਹ ਵੀ ਕਹਿ ਸਕਦੇ ਹਨ ਕਿ ਅਲਪਸੰਖਿਅਕ ਸਮੂਹ ਹਮੇਸ਼ਾਂ ਬਹੁ-ਸੰਖਿਅਕ ਸਮੂਹ ਦੀ ਕੁਝ ਸੀਮਾ

ਨੋਟ

ਤੱਕ ਸਮ ਜਾਤੀ ਦ੍ਰਿਸ਼ਟੀ ਤੋ ਭਿੰਨ ਹੈ।

ਇੱਕ ਅਲਪਸੰਖਿਅਕ ਸਮੂਹ ਦੇ ਮੈਂਬਰ ਰਾਜਨੀਤਿਕ ਰੂਪ ਤੋਂ ਮਹੱਤਵਪੂਰਨ ਹੋ ਸਕਦੇ ਹਨ, ਪਰ ਸਮਾਜਿਕ ਅਤੇ ਸੰਸਕ੍ਰਿਤਿਕ ਦ੍ਰਿਸ਼ਟੀਆਂ ਤੋਂ ਅਜੇਹਾ ਨਹੀਂ ਵੀ ਹੋ ਸਕਦਾ ਹੈ। ਉਦਾਹਰਨ ਦੇ ਲਈ ਪਾਰਸੀ, ਜੈਨ, ਸਿਖ ਆਦਿ ਸਮੂਹਾਂ ਦੇ ਲੋਕ ਸੰਖਿਆਤਮਕ ਦ੍ਰਿਸ਼ਟੀ ਤੋਂ ਘੱਟ ਹਨ ਪਰ ਆਰਥਿਕ ਦ੍ਰਿਸ਼ਟੀ ਤੋਂ ਓਹ ਸੰਪੰਨ ਹਨ ਅਤੇ ਸਿਖਿਆ ਤੇ ਸਮਾਜਿਕ-ਸੰਸਕ੍ਰਿਤਿਕ ਜਾਗਰਣ ਦ੍ਰਿਸ਼ਟੀ ਵਿੱਚ ਹੋਰ ਸਮੂਹਾਂ ਤੋਂ ਅੱਗੇ ਹਨ। ਇਸ ਪ੍ਰਕਾਰ, ਇੱਕ ਅਲਪਸੰਖਿਅਕ ਸਮੂਹ ਦੀ ਧਾਰਨਾ ਸਿਰਫ਼ ਸੰਖਿਆ ਹੀ ਨਹੀਂ ਹੈ, ਇਸ ਦੀ ਪ੍ਰਕਿਰਤੀ ਸਮਾਜ ਸ਼ਾਸਤਰੀ ਜਿਆਦਾ ਹੈ।

## ਸਮਜਾਤੀ ਦੀ ਪਰਿਭਾਸ਼ਾ

ਸਮਜਾਤੀ 'ਤੇ ਸੰਵਾਦ ਦਾ ਮਾਰਗ (ਯਾਤਰਾ) ਲੰਬਾ ਹੈ, ਕਿਉਂਕਿ ਸੰਸਕ੍ਰਿਤਿਕ ਦ੍ਰਿਸ਼ਟੀ ਤੋਂ ਸਮਾਜਿਕ ਦੁਨੀਆ ਦੀ ਇਹੋ ਇੱਕ ਵਿਸ਼ੇਸ਼ ਧਾਰਨਾ ਹੈ। ਇਕ ਤਰਾਂ ਸਮਜਾਤੀ ਦਾ ਵਿਚਾਰ ਅੰਦਰੂਨੀ ਦ੍ਰਿੜ੍ਹਤਾ ਦੇ ਰੂਪ ਵਿੱਚ ਪਰਿਵਰਤਨਕਾਰੀ ਹੈ। ਸਮਜਾਤੀ ਹਮੇਸ਼ਾਂ ਭਾਸ਼ਾ, ਧਰਮ, ਖੇਤਰ ਅਤੇ ਜੀਵਨ ਸ਼ੈਲੀ ਜਿਹੇ ਸਮਾਜ ਦੇ ਬੁਨਿਆਦੀ ਪਹਿਲੂਆਂ ਨਾਲ ਸੰਬੰਧਿਤ ਹੈ। ਜਦ ਸਮਾਜਿਕ ਜੀਵਨ ਦੇ ਇਨਾਂ ਪਹਿਲੂਆਂ ਦੇ ਸੰਦਰਭ ਵਿੱਚ ਲੋਕਾਂ ਵਿੱਚ ਅੰਤਰ ਪਾਏ ਜਾਂਦੇ ਹਨ ਅਤੇ ਓਹਨਾਂ ਨੂੰ ਉੱਚ ਅਤੇ ਨੀਵੀਂ ਜਾਂ ਸ੍ਰੇਸ਼ਟ ਅਤੇ ਕਮਜ਼ੋਰ ਮੰਨਿਆ ਜਾਂਦਾ ਹੈ, ਜਦ ਸਮਜਾਤੀ ਦਰਜਾਬੰਦੀ ਇੱਕ ਸਮਾਜਿਕ ਵਾਸਤਵਿਕਤਾ ਦੇ ਰੂਪ ਵਿੱਚ ਉਭਰਦਾ ਹੈ। ਸਮਜਾਤੀ ਦਰਜਾਬੰਦੀ ਦੇ ਵਿਗਿਆਨੀ ਸਮਜਾਤੀ ਦੇ ਵਿਚਾਰ ਨੂੰ ਸੰਗਠਨ/ਵਿਵਸਥਾ ਦੇ ਸੰਚਾਲਨ ਦੀ ਪਧਤੀ ਮੰਨਦੇ ਹਨ। ਅਸਮਾਨ ਸਮਜਾਤੀ ਦੇ ਵੱਖ ਵੱਖ ਭਾਗਾਂ ਵਿੱਚ ਸੁਲਾਹ/ਨਰਮਾਈ ਇੱਕ ਨਿਰੰਤਰ ਕਿਰਿਆ ਹੈ। ਇਸ ਪ੍ਰਕਾਰ ਨਾਲ ਰਚਨਾ ਅਤੇ ਪ੍ਰਕਿਰਿਆ ਸਮਜਾਤੀ ਦੇ ਅੰਦਰੂਨੀ ਦ੍ਰਿੜ੍ਹ ਵਾਸਤਵਿਕ ਆਧਾਰ ਹਨ। ਸੱਚ ਗਲ ਤਾਂ ਇਹ ਹੈ ਕਿ ਸਮਜਾਤੀ ਇੱਕ ਮਹੱਤਵ ਦੇਣ ਦਾ ਪ੍ਰਸ਼ਨ ਹੈ। ਕਿਸ ਸੀਮਾ ਤੱਕ ਇੱਕ ਵਿਅਕਤੀ, ਭਾਸ਼ਾ ਅਤੇ ਧਰਮ ਵਰਗੀਆਂ ਕਸੌਟੀਆਂ ਨੂੰ, ਲੋਕਾਂ ਦੇ ਵਿੱਚ ਉੱਚ ਅਤੇ ਨਿਮਨ ਦਾ ਭੇਦ ਕਰਨ ਦੇ ਲਈ, ਖਿੱਚ ਸਕਦਾ ਹੈ ? ਜੇਕਰ ਇੱਕ ਸਥਿਤੀ ਦੇ ਬਹੁਤ ਕਠੋਰ ਬਣਨ ਨਾਲ ਅਗਤੀਸ਼ੀਲਤਾ ਅਤੇ ਔਖ ਪੈਦਾ ਹੁੰਦੀ ਹੈ ਤਾਂ ਸਮਾਜਿਕ ਅਤੇ ਸੰਸਕ੍ਰਿਤਕ ਸ਼ੋਸ਼ਣ ਅਤੇ ਭੇਦਭਾਵ ਹਟਾਉਣ ਦੇ ਲਈ ਸਮਜਾਤੀ ਵਿਰੋਧੀ ਪ੍ਰਦਰਸ਼ਨ ਅਤੇ ਅੰਦੋਲਨ ਕੀਤੇ ਜਾਂਦੇ ਹਨ।

ਸਮਜਾਤੀ ਸੰਸਕ੍ਰਿਤਿਕ ਖੇਤਰਾਂ ਜਾਂ ਸੰਕੁਲਾਂ ਦਾ ਇੱਕ ਪੁੰਜ ਹੈ ਅਤੇ ਇਹੋ ਸਮਜਾਤੀ ਸਮੂਹ ਦੇ ਸਮਾਨੰਤਰ ਹਨ। ਸਮਜਾਤੀ ਕਸੌਟੀਆਂ ਅਤੇ ਵੰਡਾਂ ਦੇ ਆਧਾਰ ਤੇ ਸੰਸਕ੍ਰਿਤਿਕ ਅਗਵਾਈ, ਭੇਦ, ਸੀਮਾਵਾਂ, ਇਕਾਈਆਂ/ਸਮੂਹ ਦੀ ਰਚਨਾ ਕੀਤੀ ਜਾਂਦੀ ਹੈ। ਇੱਕ ਪਾਸੇ ਤਾਂ ਸੰਸਕ੍ਰਿਤਿਕ ਜੁੜਾਓ ਦੇਖੇ ਜਾ ਸਕਦੇ ਹਨ ਅਤੇ ਦੂਜੇ ਪਾਸੇ ਸਮਜਾਤੀ ਅਲਗਾਵ ਦੇ ਆਧਾਰ ਤੇ ਵਿਰੋਧ ਦਿਖਾਈ ਦਿੰਦਾ ਹੈ। ਇਸ ਤਰਾਂ ਦੀ ਸਥਿਤੀ ਦਾ ਕਾਰਨ ਸਮਜਾਤੀ ਵਿਭੇਦਾਂ 'ਤੇ ਆਧਾਰਿਤ 'ਮੈਂ'/'ਅਸੀਂ' ਦੀ ਭਾਵਨਾ ਅਤੇ 'ਦੂਜੇ' ਦੀ ਭਾਵਨਾ/ਕੁੰਠਾ ਦੀਆਂ ਜੜਾਂ ਗਹਿਰੀਆਂ ਹੁੰਦੀਆਂ ਹਨ। ਸਮਜਾਤੀ ਦੇ ਵਿਭਿੰਨ ਤਰੀਕੇ ਅਤੇ ਯੋਗ/ਤਰਕ ਹੈ। ਇੱਕ ਸਧਾਰਨ ਆਦਰਸ਼ਵਾਦੀ ਉਪਾਗਮ ਸਮਜਾਤੀ ਨੂੰ ਸਮਝਣ ਦੇ ਲਈ ਘਟ ਹੈ, ਪਰ ਸਮਜਾਤੀ ਪ੍ਰਜਾਤੀ ਨਹੀਂ ਹੈ ਜਿਵੇਂ ਕੇ ਅਸੀਂ ਪਹਿਲਾਂਵਿਵੇਚਨਾ ਕੀਤੀ ਹੈ ਕਿ ਇਕ ਪਰਜਾਤੀ ਨਿਰਧਾਰਿਤ, ਇੱਕ ਕੁਦਰਤੀ/ਸੁਭਾਵਿਕ ਪੀੜੀ ਦਰ ਸਿੱਧਾਂਤ ਹੈ, ਜੋ ਸਧਾਰਨ ਜੈਵਿਕ/ਸਰੀਰਿਕ ਧਾਰਨਾ ਤੇ ਆਧਾਰਿਤ ਹੈ। ਜਦ ਕਿ ਸਮਜਾਤੀ ਦੀ ਧਾਰਨਾ ਨੂੰ ਸਮਾਜਿਕ ਸੰਬੰਧ ਨੂੰ ਪ੍ਰਗਟ ਕਰਨ ਦੇ ਮਾਧਿਅਮ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਅਤੇ ਇਹ ਇੱਕ ਨਾ ਬਦਲਣ ਜਾਂ ਸਥਿਰ ਮਾਧਿਅਮ ਨਹੀਂ ਹੈ। ਸਮਜਾਤੀਕਰਨ ਇੱਕ ਸੰਸਕ੍ਰਿਤਿਕ ਪ੍ਰਕਿਰਿਆ ਹੈ, ਜਿਸ ਦੇ ਦੁਆਰਾ ਵਾਸਤਵਿਕ ਹਾਲਾਤਾਂ ਜਾਂ ਸੰਸਕ੍ਰਿਤਿਕ ਗਿਆਨ ਸੰਦਰਭ ਅਤੇ ਸਮਜਾਤੀ ਦਰਜਾਬੰਦੀ ਦੀ ਅੰਦਰੂਨੀ ਦ੍ਰਿੜ੍ਹਤਾ ਵਿਚਾਰਧਾਰਾ ਵੀ ਸਮਝ ਸਕਦੇ ਹਨ।

ਅਮਰੀਕਾ ਵਿੱਚ ਕਾਲੇ ਅਤੇ ਗੋਰੇ ਲੋਕਾਂ ਦੇ ਅਧਿਐਨ ਦਾ ਅਰਥ ਦਰਜਾਬੰਦੀ ਅਤੇ ਅਸਮਾਨਤਾ ਦੇ ਪ੍ਰਜਾਤੀ ਅਤੇ ਸਮਜਾਤੀ ਦੋਨਾਂ ਆਯਾਮਾਂ ਨਾਲ ਹੈ। ਦਰਜਾਬੰਦੀ ਪਹਿਲੂ ਤੋਂ ਜਿਆਦਾ ਸਮਜਾਤੀ ਦਾ ਉਪਯੋਗ ਅਸਮਿਤਾ ਦੀ ਪਹਿਚਾਣ ਦੇ ਸਾਧਨ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਇਹ 'ਸੰਸਕ੍ਰਿਤਿਕ ਦੂਜੇ' ਜਾਣਨ ਦਾ ਢੰਗ ਹੈ। ਐਥਨੋਜ, ਇੱਕ ਗ੍ਰੀਕ ਸ਼ਬਦ ਹੈ, ਜਿਸ ਦਾ ਅਰਥ ਲੋਕ ਜਾਂ ਰਾਸ਼ਟਰ ਹੈ। ਅਸਲ ਵਿੱਚ ਐਥਨੋਜ (ਲੋਕ, ਰਾਸ਼ਟਰ) ਸ਼ਬਦ ਦਾ ਸੰਦਰਭ, ਹਾਲਾਤਾਂ ਦੀ ਇੱਕ ਕਤਾਰ ਨਾਲ ਸੀ, ਜਿਸ ਵਿੱਚ ਲੋਕਾਂ ਦੇ ਸਮੂਹ (ਸੰਗਠਨ) ਰਹਿੰਦੇ ਹਨ ਅਤੇ ਨਾਲ ਨਾਲ ਕਾਰਜ ਕਰਦੇ ਸਨ। ਇਸ ਪ੍ਰਕਾਰ ਇੱਕ ਸਮਾਜ ਵਿੱਚ ਸਮਜਾਤੀ ਅਤੇ ਦਰਜਾਬੰਦੀ, ਸਾਧਨਾਂ ਅਤੇ ਅਵਸਰਾਂ ਦੇ ਵਿਤਰਨ ਅਤੇ ਮੁੜ ਵਿਤਰਨ ਦੇ ਸਾਧਨ ਹੁੰਦੇ ਹਨ। ਸਮੂਹ ਦੀ ਸਮਿਤਾ ਦੀ ਪਹਿਚਾਨ ਅਤੇ

ਨੋਟ

ਲਾਭ ਦੀ ਰਾਜਨੀਤੀ ਦੇ ਕਾਰਣ, ਸਮਜਾਤੀਵਾਦ ਰੋਜ਼ਾਨਾ ਦੀ ਬਹਿਸ (ਵਾਰਤਾਲਾਪ) ਵਿੱਚ ਇੱਕ ਮੁੱਦਾ ਬਣ ਜਾਂਦੀ ਹੈ। ਸਮਾਜਿਕ ਸਰੋਤਾਂ ਤੋਂ ਜ਼ਿਆਦਾਤਰ ਲਾਭ (ਹਿੱਸਾ) ਲੈਣ ਦੇ ਲਈ ਸਮੂਹਿਕ ਸਵਾਰਥਾਂ (ਹਿਤਾਂ) ਅਤੇ ਕੰਮਾਂ ' ਕਿਰਿਆਸ਼ੀਲ ਕੀਤਾ ਜਾਂਦਾ ਹੈ। ਇਸ ਤਰਾਂ ਦੀ ਸਥਿਤੀ ਨਾਲ ਸਮਜਾਤੀ ਸੰਘਰਸ਼ ਵੀ ਹੋ ਸਕਦੇ ਹਨ। ਕੁਝ ਸਮਾਜਾਂ ਵਿੱਚ ਸਮਜਾਤੀ ਖੇਲ ਦੇ ਗੰਦੇ ਰੂਪ ਦੇ ਕਾਰਨ 'ਸਜੀਵ ਨਰਸੰਹਾਰ' ਵੀ ਹੋਇਆ ਹੈ। ਖਾਸ ਸੰਸਕ੍ਰਿਤਿਕ ਲਛਣਾਂ ਦੁਆਰਾ ਪ੍ਰਤਿਬਿੰਬਤ ਗਰੁੱਪ ਸਮਜਾਤੀ ਨਿਸ਼ਚਿਤ ਕਰਨ ਦਾ ਇੱਕ ਹੋਰ ਢੰਗ ਹੈ। ਅੱਜ ਸਮਜਾਤੀ ਦੀ ਯਾਤਰਾ (ਮਾਰਗ) ਵਿੱਚ, ਪ੍ਰਜਾਤਿ ਤੋਂ ਸੰਸਕ੍ਰਿਤੀ ਅਤੇ ਇਸ ਤੋਂ ਉਪਰੰਤ ਸਮਜਾਤੀ ਦਾ ਨਰੀਖਣ ਕਰ ਸਕਦੇ ਹਨ। ਸਮਜਾਤੀ ਸਮੂਹ ਸ਼ਬਦ, ਜਨਜਾਤੀ ਸ਼ਬਦ ਦਾ ਸਥਾਨ ਲੈ ਰਿਹਾ ਹੈ। ਖੇਤਰੀ ਭਾਸ਼ਾਈ ਸਮੂਹ ' ਰਾਸ਼ਟਰਾਂ ਜਾਂ ਖਾਸ ਸੰਸਕ੍ਰਿਤਿਕ ਰਚਨਾਵਾਂ ਦਾ ਨਾਮ ਦਿੱਤਾ ਜਾ ਰਿਹਾ ਹੈ। ਪ੍ਰਭੂ ਸਮੂਹ ਦੇ ਵਿਵਹਾਰ ਦੇ ਆਯਾਮ ਜਾਂ ਇੱਕ ਸਮੂਹ ਦੀ ਸੰਖਿਆਤਮਕ ਤਾਕਤ ਅਤੇ ਇੱਕ ਹੋਰ ਛੋਟੇ ਭਾਸ਼ਾਈ /ਖੇਤਰ ਸਮੂਹ ਦੇ ਵਿੱਚ ਦੀ ਸਥਿਤੀ ' ਬਹੁ-ਸੰਖਿਅਕ ਘੱਟ ਗਿਣਤੀ ਮਿਸ਼ਰਣ (ਸਰੂਪ) ਦਾ ਨਾਮ ਦਿੱਤਾ ਗਿਆ ਹੈ।

### ਸਮਜਾਤੀਕਰਨ

ਏਫ. ਬਾਰਥ ਨੇ ਸਮਜਾਤੀ ਸਮੂਹਾਂ ਅਤੇ ਸੀਮਾਵਾਂ ਸੰਸਕ੍ਰਿਤਿਕ ਸਮਾਨ ਅਤੇ ਪ੍ਰਕਿਰਿਆਈ ਘਟਨਾ ਕਿਹਾ ਹੈ। ਬਾਰਥ ਨੇ ਸਮਜਾਤੀਅਤਾ ' ਅਸਮਿਤਾ ਕਰਨ ਦੀ ਸੀਮਾਵਾਂ ਅਤੇ ਸਮਜਾਤੀ ਸਮੂਹ ਦੇ ਵਿੱਚ ਵਿਭੇਦ ਦੇ ਨਾਲ ਜੋੜਿਆ ਹੈ। ਓਹਨਾਂ ਅਨੁਸਾਰ ਸਮਜਾਤੀਅਤਾ ਇੱਕ ਭੌਤਿਕਵਾਦੀ, ਵਿਅਕਤੀਵਾਦੀ ਅਤੇ ਤੰਗ ਸਾਧਨਾਤਮਕ ਘਟਨਾਵਾਂ ਹਨ। ਰਾਜਨੀਤਿਕ, ਫ਼ੈਸਲੇ ਪ੍ਰਕਿਰਿਆ ਅਤੇ ਉਦੇਸ਼ ਪੂਰਨ (ਪ੍ਰਵਿਰਤੀ) ਵਿੱਚ ਸਮਜਾਤੀਅਤਾ ਡੂੰਘਾ ਪ੍ਰਵੇਸ਼ ਕਰ ਚੁੱਕੀ ਹੈ। ਸਮਜਾਤੀਅਤਾ ਅਤੇ ਸਮਜਾਤੀਕਰਨ ਦੇ ਸੰਦਰਭ ਵਿੱਚ ਹੇਠ ਲਿਖੇ ਬਿੰਦੂ ਮਹੱਤਵਪੂਰਨ ਹਨ -

1) ਸੰਸਕ੍ਰਿਤਿਕ ਬਟਵਾਰਾ
2) ਹਿੱਸੇਦਾਰੀ (ਸਮੂਹਿਕ) ਅਰਥ
3) ਸਥਿਰ ਜਾਂ ਅਪਰਿਵਰਤਨਕਾਰੀ ਪ੍ਰਕਿਰਤੀ ਦੀ ਮੌਜੂਦਗੀ
4) ਸਮਾਜਿਕ ਅਸਮਿਤਾ-ਸਮੂਹਿਕ ਅਤੇ ਵਿਅਕਤਿਕ

ਇਸ ਤਰਾਂ ਸਮਜਾਤੀ ਸਮੂਹਾਂ ਨੂੰ ਆਤਮ-ਦ੍ਰਿਟੀ, ਹੋਰ ਲੋਕਾਂ ਦੀ ਦ੍ਰਿਟੀ ਅਤੇ ਸਮੂਹਿਕ ਗਤਿਵਿਧਿਆਂ ਵਿੱਚ ਭਾਗੀਦਾਰੀ ਦੁਆਰਾ ਵਰਣਨ ਕੀਤਾ ਜਾਂਦਾ ਹੈ। ਕੁਝ ਵਿਦਵਾਨ ਸਮਜਾਤੀਅਤਾ ਨੂੰ ਸ਼ਕਤੀ ਅਤੇ ਸੰਘਰ੍ਰ ਦੋਹਾਂ ਦਾ ਸਰੋਤ ਮੰਨਦੇ ਹਨ। ਇਸ ਪ੍ਰਕਾਰ ਦੀ ਬਹਿਸ ਸਮਜਾਤੀਵਾਦ ਦੇ ਇੱਕ ਸਮਾਜਿਕ ∴ ਸੰਸਕ੍ਰਿਤਿਕ ਘਟਨਾ ਦੇ ਰੂਪ ਵਿੱਚ ਉਸ ਦੀ ਸਥਿਰਤਾ ਅਤੇ ਪਰਿਵਰਤਨ ਦਾ ਆਧਾਰ ਬਣਦੀ ਹੈ।

### ਸਮਾਜਤੀ ਚੇਤਨਾ ਅਤੇ ਸੰਘਰਸ਼

ਇੱਕ ਹੋਰ ਬਿੰਦੂ ਸਮਜਾਤੀ ਚੇਤਨਾ ਅਤੇ ਸੰਘਰਸ਼ ਨਾਲ ਸੰਬੰਧਿਤ ਹੈ। ਸ੍ਰੀਲੰਕਾ ਸਮਜਾਤੀ ਸੰਘਰਸ਼ ਦਾ ਇੱਕ ਢੁਕਵਾਂ ਉਦਾਹਰਨ ਹੈ, ਜਿਥੇ ਲਿਬਰੇਸ਼ਨ ਟਾਇਗਰਸ ਫੋਰ ਤਮਿਲ ਇਲਮ (ਐਲ.ਟੀ.ਟੀ.ਈ.) ਦੀ ਅਗਵਾਈ ਵਾਲੇ ਤਮਿਲ ਅਤੇ ਪ੍ਰਭੁਸਿਹਲੀ ਸਮੂਹ ਦੇ ਅਗਵਾਈ ਦੀ ਸਰਕਾਰ ਦੇ ਵਿੱਚ ਸਾਲ (2009 ਤੱਕ) ਤੱਕ ਸਮਜਾਤੀ ਸੰਘਰ੍ਰ ਚੱਲ ਰਿਹਾ ਸੀ। ਸਮਜਾਤੀ ਸੰਕਟ ਲਗਭਗ ਤਿੰਨ ਦਹਾਕਿਆਂ ਤੱਕ ਰਿਹਾ। ਸਮਜਾਤੀ ਸੰਘਰਸ਼ ਦੀ ਓਟ ਵਿੱਚ ਆਰਥਿਕ, ਰਾਜਨੀਤਿਕ ਅਤੇ ਸੰਸਕ੍ਰਿਤਿਕ ਮੁੱਦੇ ਦੇਖੇ ਜਾ ਸਕਦੇ ਹਨ। ਐਲ.ਟੀ.ਟੀ.ਈ. ਦੇ ਅਨੁਸਾਰ ਸਿਹਲਾ ਲੋਕਾਂ ਦੀ ਤੁਲਣਾ ਵਿੱਚ ਤਮਿਲ ਦੇ ਨਾਲ ਭੇਦਭਾਵ ਕੀਤਾ ਜਾਂਦਾ ਹੈ। ਪਸ਼ਨ ਇਹ ਹੈ ਕੀ ਸਮਜਾਤੀ ਸਮੂਹ ਵਰਗ ਹੈ ? ਕੀ ਸਮਜਾਤੀ ਦਰਜਾਬੰਦੀ ਵਰਗ ਦਰਜਾਬੰਦੀ ਜਿਹਾ ਹੀ ਹੈ ?ਕੀ ਇੱਕ ਖਾਸ ਸਮਜਾਤੀ ਸਮੂਹ ' ਇੱਕ ਪ੍ਰਭੂ ਜਾਂ ਸ਼ਾਸਕੀ ਵਰਗ ਅਤੇ ਦੂਜੇ ਨੂੰ ਇੱਕ ਅਧੀਨ ਵਰਗ ਸਮਝ ਸਕਦੇ ਹਨ ? ਮਈ 2009 ਵਿੱਚ ਸਰਕਾਰੀ ਸੈਨਾਵਾਂ ਅਤੇ ਐਲ.ਟੀ.ਟੀ.ਈ. ਵਿੱਚ ਇੱਕ ਲੰਬੇ ਯੁੱਧ ਦੇ ਦੌਰਾਨ, ਐਲ.ਟੀ.ਟੀ.ਈ. ਦਾ ਪ੍ਰਮੁੱਖ, ਪ੍ਰਭਾਕਰਣ ਮਾਰਿਆ ਗਿਆ। ਇਸ ਤੋਂ ਬਾਅਦ ਐਲ.ਟੀ.ਟੀ.ਈ. ਨੇ ਹਾਰ ਮੰਨ ਲਈ ਅਤੇ ਇੱਕ ਅਲਗ ਤਮਿਲ ਰਾਸ਼ਟਰ ਦੀ ਮੰਗ ਵਰਤਮਾਨ ਵਿੱਚ ਦਬ ਗਈ ਹੈ।

ਉਪਰੋਕਤ ਪ੍ਰਸ਼ਨਾਂ ਦੇ ਉੱਤਰ ਇਸ ਪ੍ਰਕਾਰ ਹਨ- ਅੱਜ ਮਨੁੱਖੀ ਸਮਾਜ ਦੂਜੀਆਂ ਜਾਤਾਂ ਅਤੇ ਬਹੁ- ਸਮਜਾਤੀ/ਅੰਤਰ ਜਾਤੀ ਫਰਕ, ਪ੍ਰਤੀਯੋਗਤਾ ਅਤੇ ਸੰਘਰਸ਼ ਇੱਕ ਆਮ ਆਚਰਣ ਬਣ ਗਿਆ ਹੈ। ਧਾਰਮਿਕ, ਭਾਸ਼ਾਈ ਅਤੇ ਖੇਤਰੀ ਸਮੂਹਾਂ ਦੇ ਹਿੱਤਾਂ ਦੇ ਨਾਮ ਤੇ

ਨੋਟ

ਸਮਜਾਤੀ ਮੰਗਾਂ ਰੱਖੀਆਂ ਜਾ ਰਹੀਆਂ ਹਨ। ਸਮਜਾਤੀ ਸਮੂਹਾਂ ਨੂੰ ਇੱਕ ਰਾਸ਼ਟਰ ਵਰਗਾ ਪੇਸ਼ ਕੀਤਾ ਜਾਂਦਾ ਹੈ। ਅਸੀਂ ਪ੍ਰਸ਼ਨ ਕਰ ਸਕਦੇ ਹਨ ਕੀ ਦਲਿਤ ਇੱਕ ਸਮਜਾਤੀ ਸ਼੍ਰੇਣੀ ਹੈ ? ਕੀ ਜਨ ਜਾਤੀਆਂ ਸਮਜਾਤੀ ਇਕਾਈਆਂ ਹਨ ?

ਬਿਹਾਰ ਵਿੱਚ ਝਾਰਖੰਡ ਅੰਦੋਲਨ ਦੇ ਸੰਦਰਭ ਵਿੱਚ ਝਾਰਖੰਡ ਰਾਜ ਦੀ ਸਥਾਪਨਾ ਦੀ ਮੰਗ ਦੇ ਦੁਆਰਾ ਸਮਜਾਤੀਅਤਾ ਨੂੰ ਸ਼੍ਰੇਣੀਆਂ ਦੇ ਵੱਲ ਉਤਸਾਹਿਤ ਕੀਤਾ ਜਾ ਰਿਹਾ ਸੀ। ਹੁਣ ਪ੍ਰਸ਼ਨ ਹੈ ਕੀ ਹੁਣ ਜਨ ਜਾਤੀਆਂ ਮਿਲ ਕੇ ਇਕ ਇਕਾਈ ਬਣ ਗਈਆਂ ਹਨ, ਜਿਸ ਨੂੰ ਅਸੀਂ ਝਾਰਖੰਡੀ ਕਹਿ ਸਕਦੇ ਹਨ ? ਕੀ ਓਹ ਹੁਣ ਆਪਣੇ ਆਪ ਨੂੰ ਮੁੰਡਾ, ਓਰਾਂਵ, ਹੋ ਸੰਥਾਲ ਆਦਿ ਦੇ ਨਾਮ ਨਾਲ ਨਹੀਂ ਪਹਿਚਾਣਦੇ ?

ਝਾਰਖੰਡ ਰਾਜ ਦੇ ਨਿਰਮਾਣ ਦੇ ਉਦੇਸ਼ ਦੀ ਪੂਰਤੀ ਦੇ ਬਾਅਦ ਆਦਿ-ਵਾਸੀ ਅੱਜ ਵੀ ਸਮਾਜਿਕ ਸੰਸਕ੍ਰਿਤ ਇਕਾਈਆਂ ਬਣੀਆਂ ਹੋਈਆਂ ਹਨ, ਨਾ ਕਿ ਝਾਰਖੰਡ ਰਾਜ ਦੀ ਸਥਾਪਨਾ ਤੋਂ ਪਹਿਲਾਂ ਜਿਵੇਂ ਤਰਾਂ ਰਾਜਨੀਤਕ ਦਲ।

## ਸਮਜਾਤੀ ਤੇ ਵਰਗ

ਵਰਗ ਦਰਜਾਬੰਦੀ ਵਿੱਚ ਸਮਜਾਤੀ ਦੇ ਤੱਤ ਅਤੇ ਸਮਜਾਤੀ ਵਰਗ ਦੇ ਤੱਤ ਦੇਖੇ ਜਾ ਸਕਦੇ ਹਨ। ਸਜਾਤੀਯ ਇਕੱਠਾਂ ਵਿੱਚ ਅੰਦਰੂਨੀ ਅਤੇ ਉਹਨਾਂ ਵਿੱਚ ਵਰਗ ਵਿਭੇਦੀਕਰਨ ਪਾਇਆ ਜਾਂਦਾ ਹੈ। ਬਹੁ ਸਮਜਾਤੀ ਸਮਾਜਾਂ ਵਿੱਚ ਸਮਜਾਤੀ ਅਤੇ ਵਰਗ ਦੇ ਵਿੱਚ ਆਪਸੀ ਕਿਰਿਆ ਪਾਈ ਜਾਂਦੀ ਹੈ। ਆਪਣੇ ਹਿਤਾਂ ਅਤੇ ਕਲਿਆਣ ਦੀ ਰੱਖਿਆ ਅਤੇ ਵਾਧੇ ਦੇ ਲਈ ਸਜਾਤੀਯ ਇਕੱਠਾਂ ਨੇ ਸੰਗਠਨ ਸਥਾਪਿਤ ਕੀਤੇ ਹਨ। ਕੇਰਲ ਦੇ ਲੋਕਾਂ ਨੇ ਚੇਨਈ ਵਿੱਚ ਆਪਣੇ ਆਪਣੇ ਸੰਗਠਨ ਬਣਾ ਰੱਖੇ ਹਨ। ਦਿੱਲੀ ਵਿੱਚ ਭਾਰਤ ਦੇ ਭਿੰਨ ਪ੍ਰਾਂਤਾਂ ਦੇ ਅਨੇਕ ਸਮਜਾਤੀ ਸੰਗਠਨ ਦਿਖਾਈ ਦਿੰਦੇ ਹਨ। ਪੰਜਾਬ ਅਤੇ ਪੰਜਾਬ ਦੇ ਬਾਹਰ ਸਿੱਖ ਸਮਜਾਤੀ ਸਰਬ-ਵਿਆਪੀ ਹੈ। ਆਸਾਮ ਵਿੱਚ ਆਸਾਮੀ ਅਤੇ ਬੰਗਾਲੀ ਸਮਜਾਤੀ ਅਸੀਮਿਤਾਵਾਂ ਨੂੰ ਪ੍ਰਤੀਯੋਗੀ ਸੰਸਕ੍ਰਿਤੀ ਅਤੇ ਰਾਜਨੀਤਿਕ ਸ਼ਕਤੀਆਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਅਕਾਲੀ ਝਾਰਖੰਡ, ਗੋਰਖਾਲੈਂਡ, ਬੋਡੋਲੈਂਡ, ਆਸਾਮ, ਤੇਲੰਗਾਨਾ, ਉਤਰਾਂਚਲ ਲਿੰਗਾਯਤ ਸ੍ਰੀ ਵੈਸ਼ਨਵ ਭਗਤ ਅਤੇ ਦਲਿਤ ਅੰਦੋਲਨ ਕਿਸੇ ਨਾ ਕਿਸੇ ਤਰਾਂ ਨਾਲ ਸਮਜਾਤੀ ਖੇਡ ਵਿੱਚ ਪੈਠ ਕੀਤੇ ਹੋਏ ਹਨ। ਇਹ ਪ੍ਰਸ਼ਨ ਇਹਨਾਂ ਅੰਦੋਲਨਾਂ ਦੇ ਉੱਪਰ ਜਾਂ ਵਾਸਤਵਿਕ ਉਦੇਸ਼ਾਂ ਦਾ ਨਹੀਂ ਹੈ। ਇਹਨਾਂ ਸੱਭ ਅੰਦੋਲਨਾਂ ਵਿੱਚ ਸਮੂਹ ਜਾਂ ਸਮਜਾਤੀ ਨੂੰ ਅਗਵਾਈ ਦੁਆਰਾ ਘੋਸ਼ਿਤ ਕਰਨ ਅਤੇ ਉਦੇਸ਼ ਨੂੰ ਸਮਰਥਨ ਅਤੇ ਮਜ਼ਬੂਤੀ ਦੇਣ ਵਾਸਤੇ ਅਤੇ ਲੋਕਾਂ ਨੂੰ ਲਾਭਬੰਦ ਕਰਨ ਦੇ ਲਈ ਉਚਿਤ ਸਮਝਿਆ ਸੀ।

ਉੱਪਰ ਲਿਖੀਆਂ ਉਦਾਹਰਨਾਂ ਦੇ ਆਧਾਰ 'ਤੇ ਅਸੀਂ ਪੁੱਛ ਸਕਦੇ ਹਾਂ ਕਿ ਸਮਜਾਤੀ ਨੂੰ ਜਾਤ, ਵਰਗ ਅਤੇ ਸ਼ਕਤੀ ਦੀ ਤਰਾਂ ਸਮਾਜਿਕ ਦਰਜਾਬੰਦੀ ਦਾ ਇੱਕ ਮਹੱਤਵਪੂਰਨ ਆਯਾਮ ਮੰਨ ਸਕਦੇ ਹਾਂ। ਸਾਡੇ ਵਿਚਾਰ ਵਿੱਚ ਇੱਕ ਸਮਜਾਤੀ ਇਕੱਠ ਜਾਤ ਅਤੇ ਵਰਗ ਦੀ ਤਰਾਂ ਇੱਕ ਸਤਰਣ ਹੈ। ਇਸ ਲਈ ਇਸ ਦਾ ਸੰਰਚਨਾਤਮਕ ਆਧਾਰ ਹੈ। ਕਿਉਂਕਿ ਇਹ ਇੱਕ ਸਮਾਜ ਦੇ ਲੋਕਾਂ ਦਾ ਇੱਕ ਇਕੱਠ ਹੈ। ਇਸ ਦੇ ਇਲਾਵਾ ਸਮਜਾਤੀ ਇੱਕ ਸੰਸਕ੍ਰਿਤ ਪ੍ਰਘਟਨਾ ਵੀ ਹੈ, ਕਿਉਂਕਿ ਉਸ ਦੀਆਂ ਭਾਵਨਾਵਾਂ ਵਿੱਚ ਗਹਿਰਾਈ ਹੈ, ਜਿਸ ਨੂੰ ਲੋਕ ਬਰਾਬਰ ਵਿਰਾਸਤ ਅਤੇ ਵਿਸ਼ਿਸ਼ਟ ਬਰਾਬਰ ਲੱਛਣਾਂ ਦੇ ਆਧਾਰ 'ਤੇ ਮੰਨਦੇ ਹਨ।

ਜਾਤ ਅਤੇ ਸਮਜਾਤੀ ਦੇ ਵਿੱਚ ਅੰਤਰ ਪਾਇਆ ਜਾਂਦਾ ਹੈ, ਕਿਉਂਕਿ ਜਾਤ ਜਨਮ 'ਤੇ ਆਧਾਰਿਤ ਹੈ, ਇਸ ਲਈ ਅਪਰਿਵਰਤਨਯੋਗ ਅਤੇ ਸੁਭਾਵਿਕ ਹੁੰਦੀ ਹੈ, ਸਮਜਾਤੀ ਪ੍ਰਦੱਤ ਵੀ ਹੋ ਸਕਦੀ ਹੈ ਅਤੇ ਇੱਕ ਸਮਜਾਤੀ ਸਮੂਹ ਵਿੱਚ ਸਦਾ ਹੀ ਜਨਮ ਦੁਆਰਾ ਵੀ ਨਿਰਧਾਰਿਤ ਹੋ ਸਕਦੀ ਹੈ। ਭਾਸ਼ਾ, ਧਰਮ, ਜੀਵਨ ਸ਼ੈਲੀ ਆਦਿ ਵੀ ਉਸੇ ਤਰਾਂ ਨਿਰਧਾਰਿਤ ਹੋ ਸਕਦੇ ਹਨ। ਪ੍ਰੰਤੂ ਸਮਜਾਤੀ, ਭਾਸ਼ਾ, ਧਰਮ ਆਦਿ ਵਿੱਚ ਪਰਿਵਰਤਨ ਦੁਆਰਾ ਪਰਿਵਰਤਨਕਾਰੀ ਵੀ ਹਨ। ਲੋਕ ਆਪਣੀ ਜਗਾ ਤੋ ਦੂਰ ਦੁਰਾਡੇ ਸਥਾਨਾਂ 'ਤੇ ਜਾ ਕੇ ਵਸ ਜਾਂਦੇ ਹਨ ਅਤੇ ਉੱਥੇ ਨਵੀਂ ਭਾਸ਼ਾ ਅਤੇ ਸੰਸਕ੍ਰਿਤੀ ਨੂੰ ਸਿੱਖਦੇ ਹਨ ਅਤੇ ਅਪਣਾਉਂਦੇ ਹਨ। ਇਸ ਤਰਾਂ ਉਹਨਾਂ ਦੀ ਸਮਜਾਤੀ ਵੀ ਬਦਲ ਜਾਂਦੀ ਹੈ। ਇਸ ਦਾ ਸੱਭ ਤੋ ਉਚਿਤ ਉਦਾਹਰਨ ਅਮਰੀਕਾ ਹੈ, ਜਿੱਥੇ ਸੰਸਾਰ ਦੇ ਵੱਖ ਵੱਖ ਭਾਗਾਂ ਤੋ ਆ ਕੇ ਲੋਕ ਰਹਿੰਦੇ ਹਨ ਅਤੇ ਭਾਸ਼ਾ ਸੰਸਕ੍ਰਿਤੀ ਵਿੱਚ ਭਾਗੀਦਾਰ ਬਣਦੇ ਹਨ ।ਇਸ ਤਰਾਂ ਪਰਿਸਥਿਤੀਜਨਕ ਕਾਰਕ ਸਮਜਾਤੀ ਪਰਿਸਥਿਤੀ ਅਤੇ ਸ਼ਕਤੀ ਨੂੰ ਪਰਿਵਰਤਿਤ ਕਰ ਸਕਦੇ ਹਨ।

## ਸਮਜਾਤੀ ਅਤੇ ਸ਼ਕਤੀ

ਸਮਜਾਤੀ ਦੇ ਮੋਕਲੇ ਅਤੇ ਤੰਗ ਦੋਨੋਂ ਅਰਥ ਦ੍ਰਿੜ ਹਨ। ਮੋਕਲੇ ਸਮਜਾਤੀ ਰਚਨਾਵਾਂ ਦੇ ਉਦਾਹਰਨ ਹਨ: ਅੰਗਰੇਜ਼, ਜਾਪਾਨੀ,

ਹਿੰਦੂ, ਮੁਸਲਮਾਨ ਆਦਿ। ਬੋਡੋ, ਸੰਥਾਲ, ਮਣੀਪੁਰੀ ਜਾਂ ਹੋਰ ਪੂਰਵ ਵਿਚਾਰਤਿ ਇਕਾਈਆਂ ਸਮਜਾਤੀ ਰਚਨਾਵਾਂ ਦੇ ਉਦਾਹਰਨ ਹਨ, ਜੋ ਅਸਲ ਵਿੱਚ ਸਮਜਾਤੀ ਸ਼੍ਰੇਣੀਆਂ ਨਾ ਹੋ ਕੇ ਸਮਜਾਤੀ ਭਰਮ ਅਧਿਕ ਹਨ। ਖੇਤਰੀ ਇਕਾਈਆਂ ਨੂੰ ਇੱਕ ਸਮਜਾਤੀ ਢੰਗ ਨਾਲ ਪ੍ਰਗਟ ਕਰਨਾ ਵੀ ਆਮ ਗੱਲ ਹੋ ਗਈ ਹੈ। ਇਸ ਦੇ ਉਦਾਹਰਨ ਉੜੀਆ, ਤਮਿਲ, ਤੇਲਗੂ, ਆਸਾਮ, ਮਰਾਠੀ, ਗੁਜਰਾਤੀ ਆਦਿ ਹਨ। ਸਾਨੂੰ ਅੱਜ ਲੋੜ ਸਮਜਾਤੀ ਦੇ ਸਮਾਜ ਸ਼ਾਸਤਰ ਅਤੇ ਸਮਜਾਤੀ ਦੀ ਰਾਜਨੀਤੀ ਦੇ ਅਧਿਐਨ ਦੀ ਹੈ। ਇਹਨਾਂ ਦੋਨਾਂ ਨੂੰ ਇੱਕ ਦੂਸਰੇ ਤੋ ਅਲੱਗ ਰੱਖ ਕੇ ਅਧਿਐਨ ਕੀਤਾ ਜਾ ਸਕਦਾ ਹੈ ਅਤੇ ਇਹ ਵੀ ਹੈ ਕਿ ਦੋਵੇਂ ਇੱਕ ਹੀ ਵਾਸਤਵਿਕਤਾ ਦੀ ਅੰਤਰ ਸੰਬੰਧਿਤ ਪ੍ਰਘਟਨਾਵਾਂ ਵੀ ਹਨ।

'ਭੂਮੀ ਪੁੱਤਰ' ਅੰਦੋਲਨ ਅੱਜ ਕੱਲ ਸ਼ਿਵ ਸੈਨਾ ਅਤੇ ਉਸ ਤੋ ਅਲੱਗ ਹੋਏ ਸਮੂਹ ਦੀ ਅਗਵਾਈ ਵਿੱਚ ਇੱਕ ਅੰਦੋਲਨ ਮਹਾਰਾਸ਼ਟਰ ਵਿੱਚ ਹੈ ਧਰਮ ਪਰਿਵਰਤਨ, ਪ੍ਰਵਾਸ, ਖੇਤਰੀਤਾ, ਦੋਹਰਾ ਮਿਹਨਤ ਬਜ਼ਾਰ, ਸਮਜਾਤੀ ਮਿਹਨਤ ਵੰਡ (ਉਦਾਹਰਣ ਦੇ ਲਈ, ਅਸਾਮ ਅਤੇ ਪੰਜਾਬ ਵਿੱਚ) ਦੁਆਰਾ ਆਰਥਿਕ ਅਤੇ ਰਾਜਨੀਤਕ ਹਿੱਤਾਂ ਅਤੇ ਉਮੀਦਾਂ, ਬਟਵਾਰੇ (ਦਰਾਰਾਂ) ਅਤੇ ਝਗੜਿਆਂ ਦੀ ਦਰਜਾਬੰਦੀ ਤੇਜ਼ੀ ਨਾਲ ਵਧੀ ਹੈ।

ਜੱਥੇ ਤੱਕ ਸਮਜਾਤੀ ਨੂੰ ਸਮਾਜਿਕ ਵਿਰੋਧ ਅਤੇ ਸਮਾਜਿਕ ਆਲੋਚਨਾ ਦੇ ਸਾਧਨ ਦੇ ਰੂਪ ਵਿੱਚ ਨੈਤਿਕ 'ਤੇ ਰਾਜਨੀਤਿਕ ਦੇ ਨਾਲ ਆਲੋਚਨਾਤਮਿਕ ਭਾਵਨਾ, ਪੁਨਰਜਾਗਰਣ ਆਦਿ ਨੂੰ ਸ਼ਾਮਿਲ ਕਰਕੇ ਉਪਯੋਗ ਵਿੱਚ ਲਿਆ ਜਾਂਦਾ ਹੈ, ਤਾਂ ਇਹ ਉਚਿਤ ਹੈ। ਜਦੋਂ ਸਮਜਾਤੀ ਨਵੀਂ ਪਰਿਸਥਿਤੀ ਖੋਜ ਕਰਨ ਵਾਲਿਆਂ ਅਤੇ ਚੋਟੀ 'ਤੇ ਚੜ੍ਹਨ ਵਾਲਿਆਂ ਦੇ ਹੱਥਾਂ ਵਿੱਚ ਇੱਕ ਸਾਧਨ ਬਣ ਜਾਂਦੀ ਹੈ, ਤਾਂ ਇਹ ਦ੍ਰਿੜ੍ਹ ਸਵਾਰਥਾਂ ਦੇ ਹੱਥਾ ਵਿੱਚ ਇੱਕ ਸਰੋਤ ਦਾ ਰੂਪ ਧਾਰਨ ਕਰ ਲੈਂਦੀ ਹੈ। ਲੋੜ ਇਹੀ ਹੈ ਕਿ ਅਸੀਂ ਕਿਸੇ ਵੀ ਸਜਾਤੀਕ੍ਰਿਤ ਕਿਰਿਆ, ਅੰਦੋਲਨ ਵਿਰੋਧ ਪ੍ਰਦਰਸ਼ਨ ਵਿੱਚ ਮੁੱਲਾਂ ਤੇ ਮਾਣਕਾਂ, ਨੇਤਾਵਾਂ ਅਤੇ ਚੇਲਿਆਂ ਅਤੇ ਅੰਤਰਕ੍ਰਿਆਵਾਦ ਦੀ ਪ੍ਰਕਿਰਤੀ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਸਮਜਾਤੀ ਦੇ ਪਿੱਛੇ ਲੁਕੀਆਂ ਤਾਕਤਾਂ ਅਤੇ ਉਸ ਦੇ ਪ੍ਰਤੀ ਵਿਰੋਧ ਦੁਆਰਾ ਵੀ ਸਜਾਤੀਕਰਨ ਦੇ ਮੁੱਦਿਆਂ ਤੇ ਉਦੇਸ਼ਾਂ ਦੇ ਅਸਲੀ ਸਰੂਪ ਨੂੰ ਸਮਝਿਆ ਜਾ ਸਕਦਾ ਹੈ।

### ਨਸਲ

ਜ਼ਿਆਦਾਤਰ ਆਧੁਨਿਕ ਸਮਾਜ ਵਿੱਚ ਅਨੇਕ ਸਮਜਾਤੀ ਤੇ ਪ੍ਰਜਾਤੀ ਸਮੂਹ ਪਾਏ ਜਾਂਦੇ ਹਨ। ਭਾਰਤ, ਅਮਰੀਕਾ, ਇੰਗਲੈਂਡ, ਕੈਨੇਡਾ ਆਦਿ ਬਹੁਸਮੁਦਾਇਕ ਸਮਾਜ ਹਨ। ਆਰਥਿਕ ਅਤੇ ਰਾਜਨੀਤੀ ਦ੍ਰਿਸ਼ਟੀ ਤੋ ਇੱਕ ਵਿਸ਼ਿਸ਼ਟ ਸਮਜਾ ਵਿੱਚ ਸਮਜਾਤੀ ਅਤੇ ਪ੍ਰਜਾਤੀ ਸਮੂਹਾਂ ਦੇ ਕੰਮ ਇੱਕ ਜਿਹੇ ਹੋ ਸਕਦੇ ਹਨ। ਜਦ ਕਿ ਸੰਸਕ੍ਰਿਤਕ ਦ੍ਰਿਸ਼ਟੀ ਤੋ ਆਮ ਤੌਰ 'ਤੇ ਇਹ ਇੱਕ ਦੂਜੇ ਤੋ ਅਲੱਗ ਹੁੰਦੇ ਹਨ। ਪਰ ਅਸਲ ਵਿੱਚ ਸਮਜਾਤ ਤੇ ਪ੍ਰਜਾਤੀ ਵਿਭੇਦਾਂ ਦੁਆਰਾ ਸ਼ਕਤੀ ਤੇ ਦੌਲਤ ਉੱਤੇ ਅਧਾਰਿਤ ਅਸਮਾਨਤਾਵਾਂ ਤਣਾਅ ਤੇ ਝਗੜੇ ਤੇ ਈਰਖਾ 'ਚ ਭੇਦਭਾਵ ਵੀ ਅਸੀਂ ਦੇਖ ਸਕਦੇ ਹਾਂ। ਸਮਜਾਤੀ ਅਤੇ ਪ੍ਰਜਾਤੀ ਅਲਪ ਸੰਖਿਅਕ ਵੀ ਹਨ ਤੇ ਇਸ ਲਈ ਉਹਨਾਂ ਨੂੰ ਮੌਕਿਆਂ ਤੇ ਪਰਿਸਥਿਤੀ ਅਹੁਦਿਆਂ ਦੇ ਲਈ ਬਰਾਬਰ ਪਹੁੰਚ ਪ੍ਰਾਪਤ ਨਹੀਂ ਹੁੰਦੀ। ਸਮਜਾਤੀ ਅਤੇ ਪ੍ਰਜਾਤੀ ਕਾਰਨਾਂ 'ਤੇ ਆਧਾਰਿਤ ਭੇਦਭਾਵ ਅਤੀ ਉਦਯੋਗਿਕ ਤੇ ਘੱਟ ਉਦਯੋਗਿਕ ਦੋਨਾਂ ਤਰਾਂ ਦੇ ਸਮਾਜ ਵਿੱਚ ਪਾਇਆ ਜਾਂਦਾ ਹੈ। ਪਰ ਸਮਜਾਤੀ ਅਤੇ ਪ੍ਰਜਾਤੀ ਅਲਪ ਸੰਖਿਅਕ ਸਮੂਹ ਜ਼ਰੂਰੀ ਤੌਰ 'ਤੇ ਆਰਥਿਕ 'ਤੇ ਸਮਾਜਿਕ ਦ੍ਰਿਸ਼ਟੀ ਤੋ ਪਿਛੜੇ ਨਹੀਂ ਹਨ। ਭਾਰਤ ਵਿੱਚ ਕੁਝ ਸਮਜਾਤੀ ਸਮੂਹ ਅਲਪਸੰਖਿਅਕ ਤਾਂ ਹਨ, ਪ੍ਰੰਤੂ ਉਹ ਆਰਥਿਕ ਦ੍ਰਿਸ਼ਟੀ ਨਾਲ ਬਹੁਸੰਖਿਅਕ ਸਮੂਹਾਂ ਤੋ ਬਹੁਤ ਅੱਗੇ ਹਨ। ਉਦਾਹਰਨ ਦੇ ਲਈ ਇਸਾਈ ਅਤੇ ਸਿੱਖ ਸਮੁਦਾਇ ਆਪਣੇ ਆਪਣੇ ਖੇਤਰਾਂ ਵਿੱਚ ਆਰਥਿਕ ਦ੍ਰਿਸ਼ਟੀ ਤੋ ਆਮ ਤੌਰ 'ਤੇ ਹੋਰ ਲੋਕਾਂ ਤੋ ਬਿਹਤਰ ਹਨ।

### ਨਸਲ ਦੀ ਪਰਿਭਾਸ਼ਾ

ਸਾਧਾਰਨ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਜੈਵਿਕ ਆਧਾਰ 'ਤੇ ਲੋਕਾਂ ਨੂੰ ਵਿਭਿੰਨ ਪ੍ਰਜਾਤੀਆਂ ਵਿੱਚ ਵਿਭਾਜਿਤ ਕੀਤਾ ਜਾ ਸਕਦਾ ਹੈ। ਕੁੱਝ ਮਾਨਵ ਸ਼ਾਸਤਰੀਆਂ ਨੇ ਲੋਕਾਂ ਨੂੰ ਚਾਰ ਜਾਂ ਪੰਜਾ ਸ਼੍ਰੇਣੀਆਂ ਵਿੱਚ ਵੰਡਿਆ ਹੈ। ਇਹ ਵਰਗੀਕਰਨ ਮੁੱਖ ਹਨ : ਸਰੀਰ ਦੇ ਰੰਗ, ਵਾਲਾਂ ਦੀ ਬਣਾਵਟ, ਸਰੀਰਕ ਰਚਨਾ ਆਦਿ 'ਤੇ ਆਧਾਰਿਤ ਹਨ। ਵੰਸ਼ਾਨੁਕ੍ਰਮਣ ਅਧਿਐਨ ਵਿਗਿਆਨ ਦੁਆਰਾ ਇਹ ਪ੍ਰਮਾਣਿਤ ਕੀਤਾ ਜਾ ਚੁੱਕਿਆ ਹੈ ਕਿ ਇਹ ਕੇਵਲ ਕਾਲਪਨਿਕ ਅਨੁਮਾਨ ਹੈ, ਵਿਗਿਆਨਕ ਦ੍ਰਿਸ਼ਟੀ ਨਾਲ ਵੈਧ ਆਧਾਰ ਨਹੀਂ ਹੈ। ਜਨ-ਸੰਖਿਆ ਜਨਮ ਵਾਧੇ ਅਤੇ ਲੋਕਾਂ ਦੇ ਵਿੱਚ ਸੰਪਰਕ ਸੀਮਾ ਦੁਆਰਾ ਲੋਕਾਂ ਵਿੱਚ ਸਰੀਰਕ ਅੰਤਰ ਪੈਦਾ ਹੋ ਸਕਦੇ ਹਨ। ਮਨੁੱਖਾਂ

ਨੋਟ

ਵਿਚ ਅੰਸ਼ਿਕ ਰੂਪ ਨਾਲ ਇਹ ਅੰਤਰ ਜਨਮ 'ਤੇ ਅਧਾਰਿਤ ਹਨ। ਪ੍ਰੰਤੂ ਆਮ ਤੌਰ 'ਤੇ ਇਹੋ ਜਿਹੇ ਅੰਤਰ ਸਮਾਜਿਕ ਭੇਦਭਾਵ ਅਤੇ ਈਰਖਾ ਦੇ ਲਈ ਉਪਯੋਗ ਵਿੱਚ ਲਿਆਂਦੇ ਜਾਂਦੇ ਹਨ। ਐਥਨੀ ਗਿਡੇਸ ਦੇ ਅਨੁਸਾਰ, 'ਇਸ ਲਈ ਪ੍ਰਜਾਤੀ ਵਿਭੇਦਾਂ ਨੂੰ ਸਰੀਰਕ ਅੰਤਰ ਸਮਝਣਾ ਚਾਹੀਦਾ ਹੈ, ਜੋ ਇੱਕ ਸਮੂਹ ਦੇ ਮੈਂਬਰਾਂ ਵਿੱਚ ਦਿਖਾਈ ਦਿੰਦੇ ਹਨ ਜਾਂ ਸਮਾਜ ਉਹਨਾਂ ਨੂੰ ਸਮਜਾਤੀ ਦ੍ਰਿਸ਼ਟੀ ਤੋ ਮਹੱਤਵਪੂਰਨ ਮੰਨਦਾ ਹੈ। ਪ੍ਰਜਾਤੀ ਤੋ ਅਧਿਕ ਪ੍ਰਜਾਤੀਵਾਦ ਦਾ ਉਪਯੋਗ ਵਿਅਕਤੀਤਵ ਦੇ ਲੱਛਣਾਂ ਦੇ ਝੂਠੇ ਦਾਅਵੇ ਦੇ ਦੁਆਰਾ ਕੀਤਾ ਜਾਂਦਾ ਹੈ।

ਭੌਤਿਕ ਮਾਨਵ ਸ਼ਾਸਤਰੀਆਂ ਨੇ ਜਨ ਸੰਖਿਆ ਦੇ ਭਿੰਨ ਭਾਗਾਂ ਦੇ ਸਰੀਰਕ ਲੱਛਣਾਂ 'ਤੇ ਅਧਾਰਿਤ ਪ੍ਰਜਾਤੀ ਦੇ ਪ੍ਰਸ਼ਨ ਦਾ ਵਿਸਥਾਰ ਨਾਲ ਅਧਿਐਨ ਕੀਤਾ ਹੈ। ਮਾਨਵ ਸ਼ਾਸ਼ਤਰੀ ਏ ਐਲ ਕਰੋਬਰ ਦੇ ਅਨੁਸਾਰ, "ਪ੍ਰਜਾਤੀ ਇੱਕ ਵੈਧ ਜੈਵਿਕ ਧਾਰਨਾ ਹੈ। ਇਹ ਵੰਸ਼ਾਨੁਕ੍ਰਮਣ ਦੁਆਰਾ ਸੰਗਠਿਤ ਸਮੂਹ ਹੈ, ਇੱਕ ਵੰਸ਼ ਜਾਂ ਵੰਸ਼ਾਨੁਗਤ ਦਬਾਅ ਜਾਂ ਮਾਨਵ ਉਪਜਾਤੀ ਹੈ। ਕ੍ਰੋਬਰ ਇਹ ਵੀ ਕਹਿੰਦੇ ਹਨ ਕਿ ਪ੍ਰਜਾਤੀ ਇੱਕ ਵੈਧ ਸਮਾਜਿਕ ਸੰਸਕ੍ਰਿਤਕ ਅਵਧਾਰਨਾ ਨਹੀਂ ਹੈ ਅਤੇ ਨਾ ਹੀ ਇਸ ਦਾ ਉਪਯੋਗ ਸਮਾਜਿਕ ਸੰਸਕ੍ਰਿਤਕ ਪਰਿਸਥਿਤੀਆਂ ਦੇ ਵਿੱਚ ਕੀਤਾ ਜਾ ਸਕਦਾ ਹੈ। ਸਾਰੇ ਮਾਨਵ ਪ੍ਰਾਣੀ ਇੱਕ ਤਰਾਂ ਦੇ ਜੀਵ ਹਨ, ਇਹ ਕਿਵੇਂ ਭਿੰਨ ਪ੍ਰਕਾਰ ਦੇ ਬਣੇ ਹਨ। ਇਹ ਅਜੇ ਤੱਕ ਜਾਣਕਾਰੀ ਵਿੱਚ ਨਹੀਂ ਹੈ।

### ਨਸਲਾਂ ਦਾ ਵਰਗੀਕਰਨ

ਭਿੰਨ ਨਸਲਾਂ ਦੇ ਵਰਗੀਕਰਨ ਨਿਸ਼ਚਿਤ ਲੱਛਣਾਂ ਦੇ ਆਧਾਰ 'ਤੇ ਕੀਤੇ ਗਏ ਹਨ। ਇਸ ਵਿੱਚ ਮੁੱਖ ਹਨ : ਸਰੀਰ ਦਾ ਢਾਂਚਾ, ਲੰਬਾਈ, ਸਿਰ ਦਾ ਸਰੂਪ ਜਾਂ ਸਿਰ ਦੀ ਲੰਬਾਈ ਅਤੇ ਚੌੜਾਈ ਦਾ ਅਨੁਪਾਤ, ਨੱਕ ਦਾ ਸਰੂਪ, ਨੱਕ ਦੀ ਚੌੜਾਈ ਅਤੇ ਲੰਬਾਈ ਦਾ ਸੰਬੰਧ ਜਬਾੜੇ ਦਾ ਸਰੂਪ ਜਾਂ ਜਬਾੜ੍ਹਿਆਂ ਦਾ ਬਾਹਰ ਨਿਕਲਿਆ ਹੋਇਆ ਭਾਗ, ਖੋਪੜੀ ਦੀ ਖਮਤਾ, ਵਾਲਾਂ ਦਾ ਸਰੂਪ, ਸਰੀਰ ਉੱਤੇ ਵਾਲ, ਵਾਲਾਂ ਦਾ ਰੰਗ ਅਤੇ ਅੱਖਾਂ ਦਾ ਰੰਗ, ਲੱਕ ਦਾ ਭਾਰੀ ਪਨ ਜਾਂ ਲੱਕ ਉੱਤੇ ਮਾਸ ਦਾ ਜਮਾ ਹੋਣਾ ਆਦਿ। ਪ੍ਰਜਾਤੀਆਂ ਦੀਆਂ ਤਿੰਨ ਮੁੱਖ ਸ਼੍ਰੇਣੀਆਂ ਹਨ–1 ਕਾਕਾਸਿਯਨ, ਕਾਕਾਸਾਇਡ, ਜਾਂ ਯੁਰੋਪਾਇਡ (ਸ਼ਵੇਤ ਪ੍ਰਜਾਤੀ) 2 ਨੀਗੋਰਾਇਡ (ਅਸ਼ਵੇਤ ਲੋਕ), 3 ਮੰਗੋਲਾਇਡ ਪੀਲੇ ਰੰਗ ਦੇ ਲੋਕ ਇਹਨਾਂ ਤਿੰਨਾਂ ਨੂੰ ਸ਼ਵੇਤ, ਕਾਲੇ ਅਤੇ ਪੀਲੇ ਪਰਜਾਤੀਆਂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਤਿੰਨਾਂ ਮੁੱਖ ਸਮੂਹ ਦੁਨੀਆ ਦੇ ਸਾਰੇ ਰਾਸ਼ਟਰਾਂ ਅਤੇ ਜਨ ਜਾਤਾਂ ਦਾ 90 ਪ੍ਰਤੀਸ਼ਤ ਤੋ ਜ਼ਿਆਦਾ ਭਾਗ ਹਨ। ਇਹ ਤਿੰਨ ਸਮੂਹ ਦੀ ਹਰ ਇਕਾਈ ਵਿੱਚ ਅਨੇਕ ਕੁਦਰਤੀ ਵੰਡਾਂ ਹਨ। ਪ੍ਰਾਥਮਿਕ ਸ਼੍ਰੇਣੀਆਂ ਅਤੇ ਪ੍ਰਜਾਤਾਂ ਨਿਮਨ ਲਿਖਿਤ ਹਨ–

1. 'ਸਵੇਤ' ਨਸਲਾਂ
   - ਨੋਰਡਿਕ
   - ਅਲਪਾਇਨ
   - ਮੇਡਿਯੇਟਰਨਿਅਨ
   - ਹਿੰਦੂ
2. 'ਪੀਲੀ' ਨਸਲਾਂ
   - ਮੰਗੋਲਿਅਨ
   - ਮਲੇਸ਼ਿਅਨ
   - ਅਮਰੀਕੀ ਇੰਡਿਅਨ
3. 'ਕਾਲੀ' ਨਸਲਾਂ
   - ਨੀਗਰ
   - ਮੇਲੋਨੇਸ਼ਿਅਨ
   - ਪਿਗਮੀ ਬਲੈਕ
   - ਬੁਸ਼ਮੈਨ
4. ਸੰਦੇਹਾਤਮਕ ਵਰਗੀਕਰਣ
   - ਆਸ੍ਟਾਲੋਇਡ
   - ਵਡਡੋਇਡ (ਇੰਡੋ–ਆਸਟ੍ਰਲ)
   - ਪੋਲੀਨੇਸ਼ਿਅਨ
   - ਆਇਨ

ਕੁੱਝ ਵਿਸ਼ੇਸ਼ ਸਰੀਰਕ ਲੱਛਣਾਂ 'ਤੇ ਆਧਾਰਿਤ ਵੱਖ ਵੱਖ ਵਰਗੀਕਰਨਾਂ ਦੇ ਵਿਸ਼ਲੇਸ਼ਣ ਦੇ ਬਾਅਦ, ਕ੍ਰੋਬਰ ਆਪਣੇ ਮਤ 'ਤੇ ਦੁਬਾਰਾ ਜ਼ੋਰ ਦਿੰਦੇ ਹੋਏ ਕਹਿੰਦੇ ਹਨ ਕਿ ਪ੍ਰਜਾਤੀ ਸ਼ਬਦ, ਜੈਵਿਕ ਸੰਦਰਭ ਵਿੱਚ ਉਪਯੋਗ ਵਿੱਚ ਲਿਆ ਜਾਂਦਾ ਹੈ, ਜੋ ਇੱਕ ਸਮੂਹ ਦੀ ਖ਼ੂਨ 'ਤੇ ਅਧਾਰਿਤ ਏਕਤਾ ਜਾਂ ਵੰਸ਼ਾਨੁਕ੍ਰਮਣ ਨੂੰ ਇੰਗਿਤ ਕਰਦਾ ਹੈ। ਇੱਕ ਪ੍ਰਜਾਤ ਮਨੁੱਖ ਜਾਤ ਦਾ ਇੱਕ ਉਪ ਭਾਗ ਹੈ ਅਤੇ ਘਰੇਲੂ ਪਸ਼ੂਆਂ ਵਿੱਚ ਇੱਕ ਵੰਸ਼ (ਸ਼ਾਖਾ) ਦੇ ਅਨੁਰੂਪ ਹੁੰਦਾ ਹੈ। ਆਮ ਤੌਰ 'ਤੇ ਇਸ ਸ਼ਬਦ ਨੂੰ ਇੱਕ ਅਲਗ ਅਰਥ ਵਿੱਚ ਉਪਯੋਗ ਵਿੱਚ ਲਿਆ ਜਾਂਦਾ ਹੈ, ਮਤਲਬ ਉਸ ਜਨ ਸੰਖਿਆ ਲਈ, ਜਿਸ ਵਿੱਚ ਕੋਈ ਵੀ ਆਮ ਲੱਛਣ ਪਾਏ ਜਾਂਦੇ ਹਨ, ਚਾਹੇ ਉਹ ਵੰਸ਼ਾਨੁਗਤ

ਨੋਟ

ਹਨ ਜਾਂ ਗੈਰ- ਵੰਸ਼ਾਨੁਗਤ , ਜਾਂ ਸਮਾਜਿਕ-ਸੰਸਕ੍ਰਿਤਿਕ, ਸਰੀਰਕ ਹੈ ਜਾਂ ਸਰੀਰਕ ਤੋਂ ਪਰੇ ਹਨ। ਇਸ ਤਰਾਂ ਕੋਬਰ ਵੀ ਆਪਣੀ ਪ੍ਰਜਾਤ ਦੀ ਪ੍ਰਾਰੰਭਿਕ ਪਰਿਭਾਸ਼ਾ ਵਿੱਚ ਸਮਾਜਿਕ ਸੰਸਕ੍ਰਿਤਿਕ ਲੱਛਣਾਂ ਨੂੰ ਸ਼ਾਮਿਲ ਕਰਕੇ ਉਸ ਦਾ ਵਿਸਥਾਰ ਕਰਦੇ ਹਨ। ਪਰ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਫਰੈਂਚ ਪ੍ਰਜਾਤ, ਐਂਗਲੋ ਸੈਕਸ਼ੋਨ ਪ੍ਰਜਾਤ ਜਿਪਸੀ ਪ੍ਰਜਾਤ, ਯਹੂਦੀ ਪ੍ਰਜਾਤ ਆਦਿ ਨਾਮ ਦੇਣਾ ਸਹੀ ਨਹੀਂ ਹੈ।

**ਜਾਤ ਅਤੇ ਨਸਲ ਦੀ ਤੁਲਣਾ**

ਇੱਕ ਤਤਕਾਲਿਕ ਅਧਿਐਨ ਵਿੱਚ ਕ੍ਰਿਸ ਸਮਾਜੇ ਨੇ 'ਜਾਤ' ਅਤੇ 'ਨਸਲ' ਦੋਨਾਂ ਨੂੰ ਕੁਦਰਤੀ ਸੋਪਾਨ ਮੰਨਿਆ ਹੈ, ਮਤਲਬ ਲੋਕਾਂ ਨੂੰ ਅਦਭੁਤ ਪ੍ਰਕਾਰ ਅਤੇ ਵਿਵਸਥਿਤ ਸੰਗਠਨ ਵਿੱਚ ਵੰਡਿਆ ਜਾ ਸਕਦਾ ਹੈ, ਪਰ ਜਾਤ ਅਤੇ ਪ੍ਰਜਾਤ ਇੱਕੋ ਜਿਹੀ ਨਹੀਂ ਹਨ, ਦੋਨਾਂ ਵਿੱਚ ਅੰਤਰ ਅਤੇ ਸਮਾਨਤਾਵਾਂ ਹਨ। ਦੋਨਾਂ ਸੰਸਥਾਵਾਂ ਵਿੱਚ ਹੇਠਲੇ ਤਿੰਨ ਆਮ ਬਿੰਦੂ ਪਾਏ ਜਾਂਦੇ ਹਨ –

1. ਵਿਅਕਤੀਆਂ ਅਤੇ ਵਸਤਾਂ ਦੇ ਵਿੱਚ ਪ੍ਰਿਥਕਤਾ ਜਾਂ ਅਸਮਿਤਾ
2. ਬ੍ਰਹਿਮੰਡ ਵਿਵਸਥਾ ਦੀ ਅਵਧਾਰਨਾਵਾਂ ਅਤੇ ਉਹਨਾਂ ਦੀ ਸੰਸਾਰਿਕ ਵੰਡ ਨਾਲ ਸੰਬੰਧ, ਖ਼ਾਸਕਰ ਰਾਜਨੀਤਕ ਸੀਮਾਵਾਂ ਦੇ ਸੰਦਰਭ ਵਿੱਚ; ਅਤੇ
3. ਵਿਅਕਤੀਆਂ ਦਾ ਚਰਿੱਤਰ ਅਤੇ ਓਨਾਂ ਦੀ ਵਿਸ਼ੇਸ਼ਤਾ।

ਜਾਤ ਅਤੇ ਪ੍ਰਜਾਤ ਦੋਨਾਂ ਦੁਆਰਾ ਪ੍ਰਕਿਰਿਆਵਾਂ ਦੇ ਸੰਦਰਭ ਵਿੱਚ ਕੁੱਝ ਤਣਾਅ ਅਤੇ ਝਗੜੇ ਪੈਦਾ ਹੁੰਦੇ ਹਨ। ਦੋਨੋਂ ਸੰਸਥਾਵਾਂ ਮੂਲ ਤੌਰ 'ਤੇ ਸਾਮੰਤਵਾਦ ਦੇ ਵਿਰੁੱਧ ਹਨ। ਸਾਜ ਵਿਗਿਆਨ ਸਿੱਧਾਂਤ ਅਤੇ ਅਵਧਾਰਨਾਵਾਂ ਜਾਤ ਅਤੇ ਪ੍ਰਜਾਤ ਦੀ ਸਮਾਜਿਕ ਸੰਸਕ੍ਰਿਤਕ ਸੀਮਾਵਾਂ ਤੋਂ ਵੀ ਆਜ਼ਾਦ ਹਨ। ਪ੍ਰਜਾਤ ਦੇ ਭੌਤਿਕ ਸਰੀਰਕ ਲੱਛਣਾਂ ਦੇ ਸਮਾਜਿਕ ਨਤੀਜੇ ਹੁੰਦੇ ਹਨ।

ਸਮਾਜੇ ਪ੍ਰਜਾਤ ਨੂੰ ਮੁੱਖ ਤੌਰ 'ਤੇ ਸਰੀਰਕ ਲੱਛਣਾਂ ਨਾਲ ਜੋੜ ਕੇ ਨਹੀਂ ਦੇਖਦੇ, ਬਲਕਿ ਸਮਾਜੇ ਨੇ ਰਾਜਨੀਤਕ ਵਿਚਾਰਧਾਰਾ ਅਤੇ ਯਰੂਪ ਦੇ ਔਪਨਿਵੇਸ਼ਕ ਵਿਸਤਾਰ ਦੇ ਵਿੱਚ ਖਾਸ ਸੰਬੰਧ ਦੀ ਦ੍ਰਿਸ਼ਟੀ ਨਾਲ ਪ੍ਰਜਾਤ ਸਮਝਿਆ ਹੈ। ਪ੍ਰਜਾਤ ਸਮਾਜਿਕ ਪ੍ਰਘਟਨਾਵਾਂ ਦਾ ਇੱਕ ਬ੍ਰਿਹਦ ਵਰਗ ਮੰਨਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਅਸੀਂ ਸਾਰਗਰਭਿਤ ਅਸਮਿਤਾਵਾਂ ਕਹਿ ਸਕਦੇ ਹਨ। ਸਮਾਜ ਇਸ ਵਿਚਾਰ ਦੇ ਵਿਰੁੱਧ ਹੈ ਕਿ ਕੁੱਝ ਅਸਲੀਅਤ ਅਤੇ ਅਸਲਵਾਦੀ ਵਿਸ਼ੇਸ਼ਤਾ ਜਾਂ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਦੇ ਆਧਾਰ 'ਤੇ ਕੁਝ ਲੋਕਾਂ ਨੂੰ ਹੋਰ ਲੋਕਾਂ ਨੇ ਨਿਸੰਦੇਹਤਾ ਅਤੇ ਸਪਸ਼ਟਤਾ ਦੁਆਰਾ ਵਿਭੇਦੀਕ੍ਰਿਤ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿੱਚ ਸਮਾਜੇ ਲੋਕਾਂ ਦੇ ਸਮੂਹਾਂ ਨੂੰ ਕੁਦਰਤੀ ਸੁਭਾਵਿਕ ਲੱਛਣਾਂ ਦੁਆਰਾ ਪਰਿਭਾਸ਼ਿਤ ਕਰਨ ਦੇ ਵਿਚਾਰ ਦੇ ਵਿਰੁੱਧ ਹਨ ।ਪ੍ਰਜਾਤੀ ਵਿੱਚ ਵਿਅਕਤੀਆਂ ਦੇ ਵਿੱਚ ਇੱਕ ਪ੍ਰਕਾਰ ਦੇ ਸੰਬੰਧ ਅੰਤਰਨਿਹਿਤ ਹਨ। ਇਹਨਾਂ ਸੰਬੰਧਾਂ ਨੂੰ ਪ੍ਰਜਾਤੀ ਦੀ ਧਾਰਨਾ ਦੁਆਰਾ ਪ੍ਰਤੀਕਾਤਮਕ ਜਾਂ ਸੰਕੇਤਿਕ ਕੀਤਾ ਜਾਂਦਾ ਹੈ। ਪ੍ਰਜਾਤੀ ਸ਼੍ਰੇਣੀਆਂ ਜਾਂ ਤਰਕੀਬਾਂ ਦਾ ਬੋਧ ਕਰਾਉਂਦੀ ਹੈ, ਜਿਨ੍ਹਾਂ ਦੇ ਦੁਆਰਾ ਸਮੂਹਿਕਤਾ ਦੀਆਂ ਵਿਸ਼ਿਸ਼ਟ ਧਾਰਨਾਵਾਂ ਨਿਰਮਿਤ ਹੁੰਦੀਆਂ ਹਨ। ਇਸ ਪ੍ਰਕਾਰ ਸਮਾਜੇ ਦੇ ਅਨੁਸਾਰ ਜਾਤੀ ਇੱਕ ਪ੍ਰਦੱਤ ਕੁਦਰਤੀ ਲੱਛਣ ਨਹੀਂ ਹੈ, ਇੱਕ ਸੰਬੰਧ ਦਾ ਵਿਚਾਰ ਹੈ, ਜਿਸ ਦੀ ਉਤਪਤੀ ਇਕ ਵਿਸ਼ਿਸ਼ਟ ਇਤਿਹਾਸਕ ਜਾਂ ਸਮਾਜਿਕ ਸੰਦਰਭਾਂ ਵਿੱਚ ਹੁੰਦੀ ਹੈ ਅਤੇ ਇਸ ਵਿੱਚ ਕਿਸੇ ਤਰਾਂ ਦਾ ਅਨੁਮਾਨ ਜਾਂ ਭੇਦਭਾਵ ਪਾਇਆ ਜਾਂਦਾ ਹੈ। ਵਾਸਤਵ ਵਿੱਚ ਕਈ ਸਮਾਜਾਂ ਵਿੱਚ 'ਪ੍ਰਜਾਤੀਵਾਦ' ਮੌਜੂਦ ਹੈ ਅਤੇ ਪ੍ਰਜਾਤੀ ਦੇ ਵਿਚਾਰ ਦੇ ਅਰਥਾਂ ਨੂੰ ਪੂਰੀ ਤਰਾਂ ਸਮਝੇ ਬਿਨਾ ਇਹ ਵਾਸਤਵਿਕਤਾ ਪਾਈ ਜਾਂਦੀ ਹੈ।

ਕਨਨ ਮਲਿਕ ਦੇ ਅਨੁਸਾਰ, "ਪ੍ਰਗਤੀ ਦੀ ਧਾਰਨਾ ਸਿਰਫ਼ ਇਕ ਘਟਨਾ ਜਾਂ ਸੰਬੰਧ ਦਾ ਪ੍ਰਕਟਣ ਨਹੀਂ ਹੈ। ਬਲਕਿ ਇਹ ਇਕ ਮਾਧਿਅਮ ਹੈ, ਜਿਸ ਦੇ ਦੁਆਰਾ ਮਨੁੱਖਤਾ, ਸਮਾਜ ਅਤੇ ਕੁਦਰਤ ਦੇ ਵਿੱਚ ਇਕ ਪਰਿਵਰਤਨਕਾਰੀ ਸੰਬੰਧ ਨੂੰ ਵਿਭਿੰਨ ਤਰੀਕਿਆਂ ਦੁਆਰਾ ਸਮਝਿਆ ਗਿਆ ਹੈ।" ਪ੍ਰਜਾਤੀ ਦੀ ਇਸ ਪਰਿਭਾਸ਼ਾ ਨੂੰ ਸਮਾਜੇ ਨੇ ਪ੍ਰਸ਼ਨਚਿੰਨਿਤ ਕੀਤਾ ਹੈ, ਕਿਉਂਕਿ ਇਹ ਸਮਾਜਿਕ ਸੰਬੰਧਾਂ ਦੇ ਸੰਦਰਭ ਵਿੱਚ *ਅਪਰਿਵਰਤਨਕਾਰੀ ਮਾਧਿਅਮ* ਹੈ ਅਤੇ ਸਮਾਜਿਕ ਸੰਬੰਧ ਨਿਰੰਤਰ ਪਰਿਵਰਤਨ ਕਾਰੀ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਮਲਿਕ ਦੇ ਵਿਚਾਰ ਵਿੱਚ 19 ਵੀਂ ਸਦੀ ਵਿੱਚ ਜਾਤੀਵਾਦ ਅਸਮਾਨਤਾ ਦੇ ਔਚਿਤ ਦੇ ਰੂਪ ਵਿੱਚ ਉੱਭਰਿਆ ਸੀ ਅਤੇ 19 ਵੀਂ ਸਦੀ ਵਿੱਚ ਹੀ ਸਮਤਾਵਾਦ ਨੂੰ ਵਧਾਵਾ ਦਿੱਤਾ ਗਿਆ ਸੀ। ਪ੍ਰਜਾਤੀਵਾਦ ਨੂੰ 17ਵੀਂ ਸਦੀ ਵਿੱਚ, ਮਜ਼ਦੂਰਾਂ ਨੂੰ ਗੁਲਾਮ ਬਣਾਉਣ ਦੇ ਲਈ ਉਪਯੋਗ ਵਿੱਚ ਲਿਆਂਦਾ ਗਿਆ ਸੀ। ਜਾਤੀ ਤੇ ਸਮਕਾਲੀਨ ਸੰਵਾਦ ਤੋਂ ਸਪੱਸ਼ਟ ਹੈ ਕਿ ਅਨੇਕ ਤਰਾਂ ਦੇ ਪ੍ਰਜਾਤੀਵਾਦ ਰਹੇ ਹਨ। ਲੂਈ ਡਯੂਮੋਂ ਦੇ ਅਨੁਸਾਰ ਪ੍ਰਜਾਤੀਵਾਦ ਸਥਿਤੀ 'ਤੇ ਆਧਾਰਿਤ ਭੇਦਭਾਵਾਂ ਦੇ ਪ੍ਰਤੀ ਮਾਤਰ ਇਕ

ਅੰਤਰਨਿਹਿਤ ਮਨੁੱਖੀ ਪ੍ਰਵਿਰਤੀ ਹੈ। ਡਯੂਮੋ ਤੋਂ ਪਹਿਲਾਂ, ਗੁੱਨਾਰ ਮਿਰਡਲ ਨੇ ਕਿਹਾ ਹੈ ਕਿ ਉਦਾਹਰਨ ਦੇ ਲਈ ਅਮਰੀਕਾ ਵਿੱਚ ਪ੍ਰਜਾਤੀਵਾਦ ਦਾ ਉਪਯੋਗ ਗੁਲਾਮੀ ਦਾ ਦੂਸਰਾ ਨਾਂ ਹੈ ਮਾੜੀ ਕਿਸਮਤ ਸ਼ਬਦ 'ਪ੍ਰਜਾਤੀ' ਦਾ ਉਪਯੋਗ ਸੱਭ ਲੋਕਾਂ ਨੂੰ ਸੁਤੰਤਰਤਾ ਅਤੇ ਅਵਸਰ ਦੀ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝਾ ਰੱਖਣ ਦੇ ਲਈ ਕੀਤਾ ਜਾਂਦਾ ਹੈ। ਪ੍ਰਜਾਤੀ ਪੂਰਵ ਗ੍ਰਹਿ ਸਮਾਨਤਾਵਾਦ ਦਾ ਵਿਕ੍ਰਿਤ ਰੂਪ ਹੈ, ਜਦ ਕਿ ਉੱਪਰੀ ਤੌਰ 'ਤੇ ਸਮਾਨਤਾਵਾਦ ਅਮਰੀਕਾ ਦਾ ਰਾਸ਼ਟਰੀ ਧਰਮ ਹੈ।।

ਟਾਸਕ ਸਮਜਾਤੀ ਅਤੇ ਵਰਗ ਵਿੱਚ ਕੀ ਸੰਬੰਧ ਹੈ।

ਪੂੰਜੀਵਾਦੀ ਉਤਪਾਦਨ ਵਿਵਸਥਾ ਵਿੱਚ ਪ੍ਰਜਾਤੀ ਪੀੜੀ ਦਰ ਸਿੱਧਾਂਤ ਅਤੇ ਵਿਅਕਤੀਵਾਦ ਸਮਤਾਵਾਦ ਇਕ ਸਮਾਜਿਕ, ਸੰਸਕ੍ਰਿਤਕ ਵਿਵਸਥਾ ਦਾ ਉਲਟ ਸੰਬੰਧ ਹਨ। ਇਕ ਨਿਰਪੱਖ ਰਾਜਨੀਤਕ ਵਿਵਸਥਾ ਵਿੱਚ ਪ੍ਰਜਾਤੀਵਾਦ ਦੀ ਨਿਰੰਤਰਤਾ ਨਾਲ ਆਧੁਨਿਕ ਸੰਸਾਰ ਵਿੱਚ ਇਕ ਵਿਰੋਧਾਭਾਸੀ ਪਰਸਥਿਤੀ ਦਾ ਸੰਕੇਤ ਮਿਲਦਾ ਹੈ। ਮਿਰਡਲ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਕਿਵੇਂ ਜੈਵਿਕ ਪ੍ਰਜਾਤੀਵਾਦ ਇਕ ਸਮਾਜਿਕ, ਸੰਸਕ੍ਰਿਤਕ ਰਾਜਨੀਤਕ ਅਤੇ ਆਰਥਿਕ ਵਿਵਸਥਾ ਦੇ ਅਤੇ ਭੇਦਭਾਵਾਂ ਵਿੱਚ ਪਰਿਵਰਤਿਤ ਹੋਇਆ ਹੈ।

**ਨਸਲੀਵਾਦ**

ਯੂਰਪ ਵਿੱਚ 1800–1815 ਦੇ ਆਸਪਾਸ 'ਪ੍ਰਜਾਤੀ ਮਾਨਸਿਕਤਾ' ਉੱਭਰ ਕੇ ਆਈ। ਯਹੂਦਿਆਂ ਦੇ ਪ੍ਰਤੀ ਮਾਨਸਿਕਤਾ ਨੇ ਨਵੇਂ ਵਿਸ਼ਵਾਸਾਂ ਨੂੰ ਜਨਮ ਦਿੱਤਾ। ਵਿਗਿਆਨ ਅਤੇ ਤਰਕ ਵਿੱਚ ਵਿਸ਼ਵਾਸ ਦੁਆਰਾ ਧਾਰਮਿਕ ਰੂੜ੍ਹੀਵਾਦ ਦਾ ਵਿਰੋਧ ਕੀਤਾ ਗਿਆ। ਯਹੂਦੀਆਂ ਨੂੰ ਇਕ 'ਪ੍ਰਜਾਤੀ' ਦਾ ਨਾਂ ਦਿੱਤਾ ਗਿਆ ਸੀ ਅਤੇ ਉਹਨਾਂ ਵਿੱਚ ਬਦਬੂ, ਵੰਸ਼ਿਕ ਬਿਮਾਰੀਆਂ, ਗੁਪਤ ਰੋਗਾਂ ਅਤੇ ਹੋਰ ਘ੍ਰਿਣਿਤ ਦੁਰਗੁਣਾਂ ਦਾ ਉਲੇਖ ਕੀਤਾ ਜਾਂਦਾ ਸੀ। ਜਰਮਨ ਰਾਸ਼ਟਰਵਾਦ ਅਤੇ ਨਾਜ਼ੀਵਾਦ ਵਿੱਚ ਅਭਿਮਾਨ ਦੀ ਭਾਵਨਾ ਦੇ ਪਰਿਣਾਮਸਰੂਪ ਪ੍ਰਜਾਤੀ ਕਾਨੂੰਨ ਬਣਾਏ ਗਏ। 19 ਵੀ ਸਦੀ ਵਿੱਚ ਜਰਮਨੀ, ਫਰਾਂਸ ਅਤੇ ਹੋਰ ਯੂਰਪੀ ਦੇਸ਼ਾਂ ਵਿੱਚ ਪ੍ਰਜਾਤੀ ਧਾਰਨਾਵਾਂ ਅਤੇ ਰੂੜੀਆਂ ਉੱਥੋਂ ਦੇ ਦਾਰਸ਼ਨਿਕ ਅਤੇ ਧਾਰਮਿਕ ਵਿਚਾਰ ਵਿੱਚ ਪ੍ਰਵੇਸ਼ ਕਰ ਗਈਆਂ। ਵਾਸਤਵ ਵਿੱਚ ਇਸ ਤਰਾਂ ਰਾਸ਼ਟਰਵਾਦ ਅਤੇ ਪ੍ਰਜਾਤੀਵਾਦ ਦੇ ਵਿੱਚ ਨਿਕਟ ਸੰਬੰਧ ਹੈ। ਇਸਾਈਆਂ ਅਤੇ ਯਹੂਦੀਆਂ ਦੇ ਵਿੱਚ ਵੈਮਨਸੱਤਾ ਸਰਵਵਿਦਿਤ ਹੈ, ਕਿਉਂਕਿ ਦੋਨਾਂ ਸਾਰੇ ਖੇਤਰਾਂ ਵਿੱਚ ਪ੍ਰਤੀਯੋਗੀ ਰਹੇ ਹਨ। ਉੱਚਤਾ ਨਿਮਨਤਾ ਦੀ ਸੋਚ ਨਾਲ ਦੋਨੋਂ ਸਮੂਹ ਗ੍ਰਸਿਤ ਰਹੇ ਹਨ।

ਪ੍ਰਜਾਤੀਵਾਦ ਦੇ ਸਮੱਰਥਕਾਂ ਦਾ ਮਤ ਹੈ ਕਿ 'ਪ੍ਰਜਾਤੀ' ਸਰਵਵਿਆਪਤ ਇਤਿਹਾਸਕ ਰੱਹਸਾਂ ਦੀ ਇਕ ਪ੍ਰਕਾਰ ਦੀ ਜਾਦੂਮਈ ਕੁੰਜੀ ਹੈ। "ਸਾਰੀਆਂ ਪ੍ਰਜਾਤੀਆਂ ਹਨ, ਇਸ ਦੇ ਇਲਾਵਾ ਹੋਰ ਕੁੱਝ ਸੱਚ ਨਹੀਂ ਅਤੇ ਪ੍ਰਜਾਤੀ ਇਤਿਹਾਸ ਦੀ ਕੁੰਜੀ ਹੈ।" ਗ੍ਰੇਟ ਬ੍ਰਿਟੇਨ ਅਤੇ ਫਰਾਂਸ ਵਿੱਚ, ਸ਼ਕਤੀਸ਼ਾਲੀ ਆਰਥਿਕ ਸ਼ਕਤੀਆਂ (ਹਿੱਤਾਂ) ਨੇ ਇਹ ਧਾਰਨਾ ਫੈਲਾਈ ਕਿ ਰੰਗ ਵਾਲੀਆਂ ਪ੍ਰਜਾਤੀਆਂ ਜਨਮ ਤੋਂ ਹੀ ਕਮਜ਼ੋਰ ਸਨ। ਪੂੰਜੀਵਾਦੀ ਹਿੱਤਾਂ ਅਤੇ ਮਨੋਵਿਗਿਆਨਕ ਜ਼ਰੂਰਤਾਂ ਅਰਥਾਤ ਪ੍ਰਜਾਤੀਵਾਦ ਵਿੱਚ ਇਕ ਕੜੀ ਬਣਨ ਦੀ ਕੋਸ਼ਿਸ਼ ਕੀਤੀ ਗਈ ਸੀ। ਜਿੱਥੋਂ ਤੱਕ ਕਾਰਲ ਮਾਰਕਸ ਅਤੇ ਸਿਗਮੰਡ ਫਰਾਇਡ ਦੀਆਂ ਕ੍ਰਿਤੀਆਂ ਵਿੱਚ ਪ੍ਰਜਾਤੀ ਸੋਚ ਦੇ ਬਾਰੇ ਵਿੱਚ ਉਲੇਖ ਦੇਖੇ ਜਾ ਸਕਦੇ ਹਨ।

ਪੀਟਰ ਰੋਬ ਦੇ ਅਨੁਸਾਰ, 'ਪ੍ਰਜਾਤੀ ਦੀ ਧਾਰਨਾ ਵਿੱਚ ਲੋਕਾਂ ਦੇ ਇਕ ਵਰਗੇ ਸਮੂਹਾਂ ਨੂੰ ਇਕੱਠ ਕਰ ਸਕਦੇ ਹਨ। ਜਿਸ ਨਾਲ ਉਹਨਾਂ ਵਿੱਚ ਅੰਤਰਨਿਹਿਤ, ਸਥਾਨਾਂਤਰੀ, ਨਿਰੰਤਰ ਜਾਂ ਭਵਿੱਖਕਾਰੀ ਦੇ ਲੱਛਣਾਂ ਨੂੰ ਪ੍ਰਦਰਸ਼ਿਤ ਕੀਤਾ ਜਾ ਸਕੇ ਅਤੇ ਜਿਸ ਦਾ ਇਸ ਪ੍ਰਕਾਰ ਇਕ ਜੈਵਿਕ ਜਾਂ ਅਰਧ ਜੈਵਿਕ ਆਧਾਰ ਹੋ ਸਕੇ। ਪ੍ਰਜਾਤੀ ਸਿੱਧਾਂਤ ਭਿੰਨ ਪ੍ਰਕਾਰ ਦਾ ਹੋ ਸਕਦਾ ਹੈ, ਜਿਸ ਵਿੱਚ ਜੀਵ ਵਿਗਿਆਨ, ਇਤਿਹਾਸ ਜਾ ਸਮਾਜਾਂ ਦੇ ਬਾਰੇ ਵਿਚ ਭਿੰਨ ਜਾਣਕਾਰੀਆਂ ਪ੍ਰਾਪਤ ਹੋ ਸਕਦੀਆਂ ਹਨ। ਪ੍ਰਜਾਤੀਵਾਦ ਘਟਿਤ ਹੁੰਦਾ ਹੈ ਜਦ ਆਮ ਕਾਰਨਾਂ ਵਿੱਚ ਲੱਛਣਾਂ ਨੂੰ ਮੰਨ ਲਿਆ ਜਾਂਦਾ ਹੈ, ਅਤੇ ਉਹ ਪ੍ਰਮਾਣੀਕਰਣ ਦੇ ਯੋਗ ਨਹੀਂ ਹੁੰਦੇ ਹਨ। ਇਸ ਦੇ ਮਹੱਤਵਪੂਰਨ ਮਾਪਦੰਡਾਂ ਵਿੱਚ ਪਰਿਵਰਤਨਕਾਰੀ ਜਾਂ ਬਹੁਤਾਇਤ ਦੀਆਂ ਸੀਮਾਵਾਂ ਦੇ ਅਸਤਿਤਵ ਨੂੰ ਸ਼੍ਰੇਣਿਆਂ ਵਿੱਚ ਮੰਨ ਲਿਆ

ਨੋਟ

ਜਾਂਦਾ ਹੈ ਅਤੇ ਉਹਨਾਂ ਦੀ ਬਾਹਰੀ ਸੀਮਾਵਾਂ ਦੀ ਅਨਿਸ਼ਚਿਤਤਾ ਨੂੰ ਵੀ ਸਵੀਕਾਰ ਕਰ ਲਿਆ ਜਾਂਦਾ ਹੈ, ਪ੍ਰੰਤੂ ਇਹਨਾਂ ਸੱਭ ਬਿੰਦੂਆਂ ਦੇ ਬਾਅਦ ਵੀ ਪੂਰਵ ਵਰਣਿਤ ਜੈਵਿਕ ਉੱਤਪਤੀਆਂ ਅਤੇ ਲੱਛਣਾਂ ਦੇ ਅਨੁਸਾਰ, ਪ੍ਰਜਾਤੀਵਾਦ ਵਿੱਚ ਸ਼੍ਰੇਣੀਕਰਨ ਨਿਹਿਤ ਹੈ।

**ਨਸਲੀ ਅਤੇ ਭਾਰਤੀ ਸਮਾਜ**

ਪ੍ਰਸ਼ਨ ਇਹ ਹੈ ਕਿ ਕਿਸ ਸੀਮਾ ਤੱਕ ਜੀਵ ਵਿਗਿਆਨ ਨੂੰ ਜ਼ਰੂਰੀ ਸਮਝਿਆ ਜਾ ਸਕਦਾ ਹੈ ? ਭਾਰਤੀ ਸਮਾਜ ਦੇ ਸੰਦਰਭ ਵਿੱਚ ਚਮੜੀ ਦਾ ਰੰਗ, ਜਨਮ, ਯੌਨ ਸੰਬੰਧ, ਆਦਿ ਨੂੰ ਅਰਧ ਪ੍ਰਜਾਤੀ ਭੇਦਭਾਵ ਅਤੇ ਰੂੜ੍ਹੀਵਾਦ ਦਾ ਆਧਾਰ ਮੰਨਿਆ ਗਿਆ ਸੀ। ਵਰਣ ਦੇ ਸਿੱਧਾਂਤ ਵਿੱਚ ਪ੍ਰਜਾਤੀਵਾਦ ਬਹੁਤ ਸੀਮਾ ਤੱਕ ਪਰਿਲਕਸ਼ਿਤ ਹੋਇਆ ਹੈ। ਪ੍ਰੰਤੂ ਇਹ ਕਹਿਣਾ ਔਖਾ ਹੈ ਕਿ ਵਰਣ ਪੂਰਨਤਾ ਜਾਂ ਸਪੱਸ਼ਟ ਰੂਪ ਨਾਲ ਜੈਵਿਕ ਸਨ ਮਲੇਛ ਨੂੰ ਪ੍ਰਜਾਤੀ ਦੇ ਤੌਰ 'ਤੇ ਦਾਗੀ ਅਯੋਗ ਸਮਝਿਆ ਜਾਂਦਾ ਸੀ। ਅਸਪਰਸ਼ਤਾ ਵਿੱਚ ਵੀ ਸਮੁਦਾਏ ਵਿੱਚੋਂ ਕੁਝ ਸਮੂਹਾਂ ਨੂੰ ਅਲਗਾਵ ਦੁਆਰਾ ਪ੍ਰਜਾਤੀ ਤੱਤਾਂ ਨੂੰ ਦੇਖਿਆ ਜਾ ਸਕਦਾ ਹੈ। 'ਧਰਮ ਦੀ ਹਿੰਦੂ ਧਾਰਨਾ ਵਿੱਚ ਭੂਮਿਕਾਵਾਂ ਦੇ ਰੂਪ ਵਿੱਚ ਪ੍ਰਜਾਤੀਵਾਦ ਨੂੰ ਦੇਖਿਆ ਜਾ ਸਕਦਾ ਹੈ। ਇਸ ਪ੍ਰਕਾਰ ਇਕ ਅਰਥ ਵਿੱਚ, ਵੰਸ਼, ਖ਼ੂਨ, ਜਨਮ, ਜਾਤੀ, ਵਰਣ ਆਦਿ ਜਦ ਕਿ ਪ੍ਰਜਾਤੀ ਵਿੱਚ ਭਿੰਨ ਹੈ। ਫਿਰ ਵੀ ਪ੍ਰਜਾਤੀ ਅਤੇ ਪ੍ਰਜਾਤੀਵਾਦ ਦੀਆਂ ਧਾਰਨਾਵਾਂ ਦੇ ਕੁੱਝ ਤੱਤਾਂ ਨੂੰ ਪਰਿਲਕਸ਼ਿਤ ਕਰਦੇ ਹਨ। ਧਾਰਮਿਕ ਅਸਮਿਤਾਵਾਂ ਵਿੱਚ ਵੀ ਪ੍ਰਜਾਤੀ ਤੱਤ ਇਕ ਅਰਥ ਵਿੱਚ ਦਿਖਾਈ ਦਿੰਦੀ ਹੈ।

ਇਕ ਮਹੱਤਵਪੂਰਨ ਬਿੰਦੂ ਹੈ 'ਜਾਤੀ ਦਾ ਪ੍ਰਜਾਤੀ ਨਾਲ ਸੰਬੰਧ ਦਾ ਪ੍ਰਸ਼ਨ ਕੇਵਲ ਇਹ ਨਹੀਂ ਹੈ ਕਿ ਕੀ ਸਮੂਹ ਵਾਸਤਵ ਵਿੱਚ ਪ੍ਰਜਾਤੀ ਤੌਰ 'ਤੇ ਅਲਗ ਹਨ। ਪ੍ਰੰਤੂ ਇਹ ਕਿ ਜਾਤ ਅਤੇ ਜਾਤੀ ਵਰਗੀਆਂ ਪਰਸਥਿਤੀਆਂ ਵਿੱਚ, ਜਿੱਥੋਂ ਤੱਕ ਬਹੁਤ ਸੀਮਾਂਤ ਸੰਕੇਤਾਂ ਵਿੱਚ ਵੀ ਪ੍ਰਜਾਤੀ ਵਿਭੇਦ ਕਰਨ ਦੀ ਕੁੱਝ ਪ੍ਰਵਿਰਤੀ ਦਿਖਾਈ ਦਿੰਦੀ ਹੈ। ਇਹ ਕਿਉਂ ਹੁੰਦਾ ਹੈ ਕਿ ਪਰਿਆ ਸਮੂਹ ਉਸ ਪ੍ਰਕਾਰ ਦੇ ਧੰਦਿਆਂ ਵਿੱਚ ਕਾਰਜਕ੍ਰਿਤ ਹੈ। ਕਿਉਂ ਚਮਿਆਰ, ਚਮੜੇ ਦਾ ਸਾਮਾਨ ਬਣਾਉਣ ਵਾਲੇ ਅਤੇ ਕਸਾਈ ਪਰਿਆ ਸਮੂਹਾਂ ਦੇ ਸਛਸਅ ਹੀ ਹੁੰਦੇ ਹਨ ? ਇਸ ਪ੍ਰਕਾਰ ਦਾ ਭੇਦਭਾਵ ਅਤੇ ਜਾਤੀ ਅਤੇ ਪ੍ਰਜਾਤੀ ਦੋਨਾਂ ਵਿੱਚ ਵਿਆਪਤ ਹੈ, ਪ੍ਰੰਤੂ ਜਾਤੀ ਸਮਾਯੋਜਨਕਾਰੀ ਪਰਿਵਰਤਨ ਕਾਰੀ ਅਤੇ ਤਾਰਕਿਕ ਅਵਸਥਾ ਰਹੀ ਹੈ, ਇਸ ਲਈ ਉਸ ਵਿੱਚ ਜੈਵਿਕ ਜਾਂ ਅਰਧ ਜੈਵਿਕ ਤੱਤਾਂ ਦਾ ਮਹੱਤਵ ਬਹੁਤ ਨਹੀਂ ਹੈ, ਜਿਨ੍ਹਾਂ ਜ਼ਿਆਦਾ ਉਹਨਾਂ ਦਾ ਮਹੱਤਵ ਪ੍ਰਜਾਤੀ ਵਿੱਚ ਹੈ। ਫਿਰ ਵੀ ਭਾਰਤੀ ਸਮਾਜ ਵਿੱਚ ਇਕ ਪ੍ਰਦੱਤ ਤੱਤ ਦੇ ਰੂਪ ਵਿੱਚ ਜਨਮ ਮਹੱਤਵਪੂਰਨ ਬਣਿਆ ਹੋਇਆ ਹੈ।

## ਸਵੈ ਮੁਲਾਂਕਣ (Self Assessment)

1 ਸਹੀ ਵਿਕਲਪ ਚੁਣੋ (**Choose the correct answer**) -

(i) 'ਐਨ ਇਨਕਵਾਇਰੀ ਇਨਟੂ ਦਾ ਨੇਚਰ ਐਂਡ ਕਾਲਜ ਆਫ਼ ਦਿ ਵੇਲਥ ਆਫ਼ ਨੇਸ਼ਨਜ਼' ਕਿਸ ਦਾ ਨਿਬੰਧ ਹੈ ?

(a) ਕਾਰਲ ਮਾਰਕਸ (b) ਮੈਕਸ ਵੇਬਰ (c) ਐਡਮ ਸਮਿੱਥ (d) ਇਹਨਾਂ ਵਿੱਚੋਂ ਕੋਈ ਵੀ ਨਹੀਂ।

(ii) ਸਮਾਜ ਨੂੰ ਵਰਗਾਂ ਦੇ ਰੂਪ ਵਿੱਚ ਕਿਸ ਨੇ ਵੰਡਿਆ ਹੈ ?

(a) ਐਡਮ ਸਮਿਥ (b) ਕਾਰਲ ਮਾਰਕਸ (c) ਫ੍ਰੈਡਰਿਕ (d) ਇਹਨਾਂ ਵਿੱਚੋਂ ਕੋਈ ਨਹੀਂ।

(iii) ਕਿਸ ਨੇ ਕਿਹਾ ਹੈ ਕਿ ਆਰਥਿਕ ਸੰਸਾਧਨਾਂ 'ਤੇ ਨਿਯੰਤਰਣ ਦੇ ਤਿੰਨ ਭਿੰਨ ਆਯਾਮ ਹਨ, ਜਿਨ੍ਹਾਂ ਦੇ ਦੁਆਰਾ ਪ੍ਰਮੁੱਖ ਵਰਗਾ ਨੂੰ ਚਿੰਨਿਤ ਕੀਤਾ ਜਾ ਸਕਦਾ ਹੈ ?

(a) ਮੈਕਸ ਵੇਬਰ (b) ਐਰਿਕ ਔਲਿਨ ਰਾਇਟ (c) ਮੈਕਸ ਵੇਬਰ (d) ਇਹਨਾਂ ਵਿੱਚੋਂ ਕੋਈ ਨਹੀਂ।

(iv) ਸਮਾਜਿਕ ਬੰਦ ਅਵਸਥਾ ਵਿੱਚ ਕਿਨਾਂ ਪ੍ਰਕਿਰਿਆ ਦਾ ਸਮਾਵੇਸ਼ ਹੈ ?

(a) ਅਲਗਾਵ (b) ਅਤਿਕ੍ਰਮਣ (c) ਅਤ ਦੋਨੋਂ (d) ਇਹਨਾਂ ਵਿੱਚੋਂ ਨਹੀਂ।

(v) ਇਕ ਪ੍ਰਸਥਿਤੀ ਸਮੂਹ ਦਾ ਉੱਤਮ ਉਦਾਹਰਨ ਹੈ ?

(a) ਜਾਤੀ (b) ਵਰਗ (c) ਸਮਜਾਤੀ (d) ਇਹਨਾਂ ਵਿੱਚੋਂ ਕੋਈ ਨਹੀਂ।

(vi) ਕਿਸ ਸਮਾਜ ਸ਼ਾਸਤਰੀ ਨੇ ਸ਼ਕਤੀ ਅਤੇ ਪ੍ਰਭੁੱਤਵ ਦੇ ਵਿੱਚ ਇਹ ਸਪੱਸ਼ਟ ਅੰਤਰ ਕੀਤਾ ਹੈ ?

(a) ਕਾਰਲ ਮਾਰਕਸ (b) ਪੈਰੇਟੋ (c) ਵੇਬਰ (d) ਇਹਨਾਂ ਵਿੱਚੋਂ ਕੋਈ ਨਹੀਂ।

ਨੋਟ

(vii) ਪੈਰੇਟੋ ਨੇ ਅਭਿਜਾਤ ਨੂੰ ਕਿੰਨੇ ਪ੍ਰਕਾਰਾਂ ਵਿੱਚ ਵੰਡਿਆ ਹੈ ?

(a) ਦੋ ਪ੍ਰਕਾਰਾਂ (b) ਤਿੰਨ ਪ੍ਰਕਾਰਾਂ (c) ਚਾਰ ਪ੍ਰਕਾਰਾਂ (d) ਇਹਨਾਂ ਵਿੱਚੋਂ ਕੋਈ ਵੀ ਨਹੀਂ

(viii) ਕਿਸ ਦੇ ਅਨੁਸਾਰ ਸਮਾਜਿਕ ਦਰਜਾਬੰਦੀ ਦਾ ਸਿੱਧਾਂਤ ਤਿੰਨ ਧੁਰੀਆਂ ਨਾਲ ਘਿਰਿਆ ਹੋਇਆ ਹੈ ?

(a) ਪੈਰੇਟੋ ਦੇ (b) ਮਾਇਕਲ ਮਾਨ ਦੇ (c) ਵੇਬਰ (d) ਇਹਨਾਂ ਵਿੱਚੋਂ ਕੋਈ ਨਹੀਂ।

(ix) ਸਮਜਾਤੀ ਅਤੇ ਪ੍ਰਜਾਤੀ ਦੀ ਵਿਸਤਾਰ ਨਾਲ ਵਿਆਖਿਆ ਕੀਤੀ ਹੈ ?

(a) ਐਨਥਨੀ ਗਿਡਨੇਸ ਨੇ (b) ਇਕ ਬਾਰਥ ਨੇ (c) ਮਾਇਕਲ ਮਾਨ ਨੇ (d) ਇਹਨਾਂ ਵਿੱਚੋਂ ਕੋਈ ਨਹੀਂ।

(x) ਭਿੰਨ ਪ੍ਰਜਾਤੀਆਂ ਦੇ ਵਰਗੀਕਰਣ ਕਿੰਨਾ ਲੱਛਣਾਂ ਦੇ ਆਧਾਰ 'ਤੇ ਕੀਤੇ ਗਏ ਹਨ ?

(a) ਸਰੀਰ ਦਾ ਢਾਂਚਾ (b) ਲੰਬਾਈ (c) ਸਿਰ ਦਾ ਸਰੂਪ (d) ਉਪਰੋਕਤ ਸਾਰੇ।

## 13.2 ਸਾਰ ਅੰਸ਼ (Summary)

- ਸਮਾਜਿਕ ਸਤਰੀਕਰਣ ਬਹੁਮੁਖੀ ਅਤੇ ਬਹੁਕਾਰਕੀ ਘਟਨਾ ਹੈ।ਕਿਉਂਕਿ ਜਾਤੀ ਮਾਡਲ ਨਾਕਾਫੀ ਹੈ, ਇਸ ਲਈ ਇੱਕ ਬਹੁ ਆਯਾਮੀ ਉਪਾਗਮ, ਜਾਤੀ, ਵਰਗ ਅਤੇ ਸ਼ਕਤੀ ਦੇ ਸਮਾਵੇਸ਼ ਦੇ ਨਾਲ ਸਮਾਜਿਕ ਸਤਰੀਕਰਣ ਦੇ ਅਧਿਐਨ ਦੇ ਲਈ ਲਾਭਦਾਇਕ ਹੈ। ਸਮਾਜਿਕ ਸਤਰੀਕਰਣ ਦੇ ਸੰਸਕ੍ਰਿਤਿਕ ਆਯਾਮ ਦੀ ਤੁਲਨਾ ਵਿੱਚ ਅੱਜ ਸੰਰਚਨਾਤਮਕ ਕਸੌਟੀਆਂ ਕਿਤੇ ਜ਼ਿਆਦਾ ਪ੍ਰਚੱਲਿਤ ਹਨ। ਚਾਹੇ ਸਮਾਜਿਕ ਅਸਮਾਨਤਾਵਾਂ ਨਿਰੰਤਰਿਤ ਹਨ, ਪ੍ਰੰਤੂ ਨਾਲ ਨਾਲ ਬਦਲਾਵ ਅਤੇ ਨਵੇਂ ਸੋਪਾਨ ਵੀ ਉੱਭਰ ਰਹੇ ਹਨ।ਬਦਲਾਵਾਂ ਦੇ ਫਲਸਰੂਪ ਅੱਜ ਸਮਾਜਿਕ ਅਸਮਾਨਤਾਵਾਂ ਵਿੱਚ ਕਮੀ ਆਈ ਹੈ।ਜਾਤੀ, ਵਰਗ ਅਤੇ ਸ਼ਕਤੀ ਨੂੰ ਅਲੱਗ ਅਲੱਗ ਖੇਤਰ ਮੰਨ ਕੇ ਵਿਆਖਿਆ ਕਰਣ ਦੀ ਬਜਾਏ ਵਿਗਿਆਨਿਕ ਜੋਸ਼ ਨਾਲ ਜਾਤੀ-ਵਰਗ ਸ਼ਕਤੀ ਦੇ ਜੁੜਾਵ ਨੂੰ ਅਵਧਾਰਣਾਕ੍ਰਿਤ ਕਰਣ ਦੀ ਜ਼ਰੂਰਤ ਹੈ।
- ਸਮਾਜਿਕ ਸਤਰੀਕਰਣ ਦਾ ਸੰਬੰਧ ਸਮਾਜ ਦੇ ਵਿਭਿੰਨ ਅਨੁਭਾਗਾਂ, ਪਰਿਵਾਰਾਂ ਅਤੇ ਵਿਅਕਤੀਆਂ ਦੇ ਵਿੱਚ ਵਿਭੇਦਾਂ ਅਤੇ ਦੂਰੀਆਂ ਨਾਲ ਬਣਿਆ ਹੋਇਆ ਹੈ। ਮਾਤਰ ਵਿਭੇਦ ਹੀ ਸਤਰੀਕਰਣ ਦਾ ਆਧਾਰ ਨਹੀਂ ਹੈ। ਵਿਭੇਦਾਂ ਦੇ ਸੋਪਾਨੀਕਰਣ ਨਾਲ ਵੀ ਸਮਾਜਿਕ ਅਸਮਾਨਤਾਵਾਂ ਉਤਪੰਨ ਹੁੰਦੀਆਂ ਹਨ।ਲੋਕਾਂ ਵਿੱਚ ਆਪਣੇ ਸੰਬੰਧਾਂ ਨੂੰ ਸੋਪਾਨੀਕ੍ਰਿਤ ਕਰਣ ਦੀ ਪ੍ਰਵ੍ਰਿੱਤੀ ਪਾਈ ਜਾਂਦੀ ਹੈ। ਇਸ ਦੀ ਵੈਧਤਾ ਦੇ ਨਾਲ ਵਾਸਤਵਿਕ ਜੀਵਨ ਵਿੱਚ ਪ੍ਰਕਟਨ ਅਤੇ ਪ੍ਰਚਾਰ ਦੁਆਰਾ, ਸਕਾਂਪਿਤ ਪਦ-ਸਥਾਨ ਨੂੰ ਬਰਕਰਾਰ ਰੱਖਦੇ ਹੋਏ ਪ੍ਰਸਥਿਤੀ ਅਤੇ ਸ਼ਕਤੀ ਦੇ ਨਵੇਂ ਖੇਤਰਾਂ ਵਿੱਚ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਤਰੀਕੇ ਨਾਲ ਸਤਰੀਕਰਣ ਉੱਪਰਦਾ ਹੈ। ਇਸ ਪ੍ਰਕਾਰ ਸਮਾਜਿਕ ਸਤਰੀਕਰਣ ਵਿੱਚ ਵਿਭੇਦਾਂ ਅਤੇ ਸੋਪਾਨ ਦੇ ਸਮ-ਸੰਤੁਲਨ ਦਾ ਸਮਾਵੇਸ਼ ਪਾਇਆ ਜਾਂਦਾ ਹੈ।ਦੋਵੇਂ ਵਿਭਿੰਨ ਮਿਸ਼ਰਣਾਂ ਵਿੱਚ ਪਾਏ ਜਾਂਦੇ ਹਨ।
- ਮੈਕਸ ਵੇਬਰ 'ਵਰਗ' ਨੂੰ ਸਮੂਹ ਨਹੀਂ ਮੰਨਦੇ ਹਨ, ਵਰਗ ਸਿਰਫ਼ ਸੰਭਾਵਿਤ ਅਤੇ ਲਗਾਤਾਰ ਸਮੁਦਾਇਕ ਕਿਰਿਆ ਦਾ ਪ੍ਰਤੀਨਿਧਿੱਤਵ ਕਰਦੇ ਹਨ।ਵੇਬਰ ਦੇ ਅਨੁਸਾਰ, ਇੱਕ 'ਵਰਗ' ਤਦ ਪਾਇਆ ਜਾਂਦਾ ਹੈ, ਜਦ (1) ਬਹੁਤ ਸਾਰੇ ਲੋਕਾਂ ਦੇ ਕੋਲ ਆਪਣੇ ਜੀਵਨ ਮੌਕਿਆਂ ਵਿੱਚ ਇੱਕ ਜਿਹਾ ਖ਼ਾਸ ਕਾਰਜ-ਕਾਰਣ ਤੱਤ ਹੁੰਦਾ ਹੈ, ਅਤੇ ਜਿਥੇ ਤੱਕ ਹੋ ਸਕੇ, (2) ਇਹ ਤੱਤ, ਪੂਰੇ ਤੌਰ 'ਤੇ ਆਰਥਿਕ ਹਿੱਤਾਂ ਦਾ, ਸੰਪਤੀ (ਸਾਮਾਨ) ਦੇ ਮਾਲਕ ਅਤੇ ਆਮਦਨ ਦੇ ਮੌਕਿਆਂ ਦੁਆਰਾ ਪ੍ਰਤੀਨਿੱਧਤਵ ਕਰਦੇ ਹਨ, ਅਤੇ (3) ਇਹ ਤੱਤ ਵਸਤੂ (ਪਦਾਰਥ) ਜਾਂ ਮਿਹਨਤ ਬਜ਼ਾਰ ਦੀ ਅਵਸਥਾਵਾਂ ਦੇ ਤਹਿਤ ਕੰਮ ਕਰਦਾ ਹੈ।
- ਸਾਧਾਰਨ ਤੋਰ 'ਤੇ ਸਾਰੇ ਸਮਾਜ, ਉੱਚ, ਮੱਧ ਅਤੇ ਮਿਹਨਤੀ (ਨਿਮਨ) ਵਰਗਾਂ ਵਿੱਚ ਦੌਲਤ, ਵੇਤਨ ਅਤੇ ਸਮਾਜਿਕ ਸੰਸਾਧਨਾਂ ਤੱਕ ਪਹੁੰਚ ਦੇ ਆਧਾਰ 'ਤੇ, ਵੰਡਿਆ ਗਿਆ ਹੈ, ਪਰ ਇਨ੍ਹਾਂ ਵਿੱਚੋਂ ਕੋਈ ਵੀ ਵਰਗ ਵੱਖਰੇਵਾਂ ਅਤੇ ਸਮਰੂਪੀ ਇਕਾਈ ਨਹੀਂ ਹੈ।ਅੰਦਰੂਨੀ ਰੂਪ ਵਿੱਚ, ਉਹ ਉੱਚ, ਮੱਧ, ਨੀਵੇਂ ਮੱਧ, ਉੱਚ ਮਿਹਨਤੀ ਅਤੇ ਨੀਵੇਂ ਮਿਹਨਤੀ ਵਰਗਾਂ ਵਿੱਚ ਵੰਡੇ ਹੋਏ ਹਨ। ਵਰਗ ਸਵੈ-ਸੋਚ ਦਾ ਵੀ ਮੁੱਦਾ ਹੈ। ਬ੍ਰਿਟੇਨ ਵਿੱਚ, ਇੱਕ ਅਧਿਐਨ ਦੇ ਅਨੁਸਾਰ ਲੋਕ ਆਪਣੇ

ਨੋਟ

ਆਪ ਨੂੰ ਉੱਚ ਮੱਧ, ਉੱਚ ਮਿਹਨਤੀ ਸਥਿਤੀ ਦੇ ਬਾਰੇ ਵਿੱਚ ਵਿਅਕਤੀਗਤ ਦ੍ਰਿਸ਼ਟੀ ਤੋਂ ਸੋਚਦੇ ਹਨ, ਜਦਕਿ ਉਹਨਾਂ ਦਾ ਰੁਤਬਾ ਸੰਪਤੀ, ਦੌਲਤ, ਕਿੱਤੇ, ਤਨਖ਼ਾਹ ਆਦਿ ਯਥਾਰਥਕ ਕਾਰਕਾਂ 'ਤੇ ਆਧਾਰਿਤ ਹੈ।

- ਵਰਗਾਂ ਦੇ ਉਲਟ, ਦਰਜ਼ਾ ਸਮੂਹ ਅਕਸਰ ਸਮੂਹ ਹਨ ਅਤੇ ਸਾਧਾਰਨ ਤੌਰ ਤੇ ਅਸਪਸ਼ਟ ਜਾਂ ਬਿਨਾਂ ਕਿਸੇ ਰੂਪ ਦੇ ਹਨ।'ਵਰਗ ਪਰਸਥਿਤੀ' ਦੇ ਉਲਟ, ਵੇਬਰ ਨੇ 'ਦਰਜਾ ਪਰਿਸਥਿਤੀ' ਦੇ ਅਸਤਿੱਤਵ ਦਾ ਉਲੇਖ ਕੀਤਾ ਹੈ, ਜੋ ਇੱਕ ਪ੍ਰਦੱਤ ਸਨਮਾਨ ਦੇ ਸਮਾਜਿਕ ਮਾਪ (ਮੁਲਾਂਕਣ) ਤੇ ਆਧਾਰਿਤ ਹੁੰਦਾ ਹੈ ਅਤੇ ਉਹ ਇੱਕ ਖਾਸ ਸਕਾਰਾਤਮਕ ਜਾਂ ਨਕਾਰਾਤਮਕ ਪ੍ਰਕਾਰ ਦਾ ਹੁੰਦਾ ਹੈ।
- ਪਰ ਜੇਕਰ ਇੱਕ 'ਦਰਜ਼ਾ' ਭੇਦਭਾਵ 'ਜਾਤ' ਦਾ ਰੂਪ ਧਾਰਨ ਕਰ ਲੈਂਦੀ ਹੈ ਤਾਂ ਫੇਰ ਉਹ ਆਪਣੀ ਸੰਰਚਨਾ ਵਿੱਚ ਮਾਤਰ ਇੱਕ 'ਸਜਾਤੀ' ਭੇਦਭਾਵ ਤੋਂ ਵੱਖ ਹੁੰਦਾ ਹੈ।ਜਾਤ ਵੱਖ-ਵੱਖ ਜਾਤਾਂ ਸਮੂਹਾਂ ਦੇ ਵਿੱਚ ਉੱਚ ਅਤੇ ਨੀਵੇਂ ਸੰਬੰਧਾਂ ਦੀ ਇੱਕ ਲੰਬ ਰੂਪੀ ਸਮਾਜਿਕ ਵਿਵਸਥਾ ਹੈ।ਇੱਕ ਸਜਾਤੀਆ ਸਮੂਹ ਦਾ ਆਪਣੇ ਆਪ ਦਾ ਸਨਮਾਨ ਉੱਚਤਮ ਹੁੰਦਾ ਹੈ।'ਜਾਤ' ਨੇ ਸਨਮਾਨ ਦੇ ਸੋਪਾਨ ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਇਹ ਵੀ ਵਿਸ਼ੇਸ਼ ਅਧਿਕਾਰਾਂ ਜਾ ਉੱਚ ਜਾਤਾਂ ਅਤੇ ਦਰਜ਼ਾ ਸਮੂਹਾਂ ਦੇ ਵੱਲ ਹੁੰਦਾ ਹੈ।ਇਸ ਦਾ ਅਰਥ ਇਹ ਵੀ ਹੈ ਕਿ ਅਸਲੀਅਤ ਵਿੱਚ ਨਕਾਰਾਤਮਕ ਰੂਪ ਵਿੱਚ ਵਿਸ਼ੇਸ਼ ਅਧਿਕਾਰ ਰੁਤਬਾ ਸਮੂਹ ਹਨ, ਜਿਸ ਨਾਲ ਨਫ਼ਰਤ ਅਤੇ ਭੇਦਭਾਵ ਕੀਤਾ ਜਾਂਦਾ ਹੈ ਅਤੇ ਉਸ ਨੂੰ ਸਮਾਜ ਦੇ ਸੰਸਾਧਨਾਂ ਤੱਕ ਪਹੁੰਚਣ ਤੋਂ ਰੋਕਿਆ ਜਾਂਦਾ ਹੈ।
- ਸ਼ਕਤੀ ਸਰਵਵਿਆਪਕ ਹੈ। ਇਹ ਦੈਨਿਕ ਜੀਵਨ, ਵਿਅਕਤੀ ਦੇ ਪੂਰਨ- ਸੰਸਾਰ, ਸਕੂਲ ਅਤੇ ਕੰਮ ਕਾਜ ਦੇ ਸਥਾਨ ਵਿੱਚ ਬਿਰਾਜਮਾਨ ਹੈ। ਸ਼ਕਤੀ ਸੰਬੰਧ ਨਾਲ ਜੁੜੀ ਹੈ, ਕੁਝ ਕੋਲ ਘਟ ਸ਼ਕਤੀ ਹੈ, ਅਤੇ ਦੂਜਿਆਂ ਕੋਲ ਲਗਭਗ ਪੂਰੀ ਸ਼ਕਤੀ ਹੈ। ਸ਼ਕਤੀ ਦੇ ਸਾਧਨ ਸਰੀਰਕ ਤਾਕਤ ਤੋਂ ਲੈ ਕੇ ਚੰਗੀ ਖੁਸ਼ਾਮਦ / ਫੁਸਲਾਉਣ ਤੱਕ ਹੁੰਦੇ ਹਨ। ਵੱਡੇ ਪੱਧਰ 'ਤੇ ਰਾਜ ਜਾਂ ਸਰਕਾਰ ਵਰਗੀ ਸ਼ਕਤੀ ਅਤੇ ਸੱਤਾ ਜਿਹੀਆਂ ਸੰਸਥਾਵਾਂ ਹਨ।
- ਸ਼ਕਤੀ ਨੇੜੇ ਤੋ ਸਮਾਜਿਕ ਨਿਯੰਤਰਣ ਨਾਲ ਸੰਬੰਧਿਤ ਹੈ, ਕਿਉਂਕਿ ਸ਼ਕਤੀ ਵਿੱਚ ਆਗਿਆਕਾਰੀ ਵਿਅਕਤੀਆਂ ਅਤੇ ਸਮੂਹ ਦੇ ਵਿਰੁਧ ਸਮਾਜਿਕ ਤਾਕਤਾਂ/ਦਬਾਅ ਪਾਇਆ ਜਾਂਦਾ ਹੈ, ਪਰ ਦੋਨਾਂ ਵਿੱਚ ਵੱਖ ਵੱਖ ਇਰਾਦੇ ਹਨ। ਸਮਾਜਿਕ ਨਿਯੰਤਰਣ ਇੱਕ ਨਕਾਰਾਤਮਕ ਸ਼੍ਰੇਣੀ ਹੈ।
- ਵੇਬਰ ਦੀ ਸ਼ਕਤੀ ਦੀ ਪਰਿਭਾਸ਼ਾ ਵਿੱਚ, ਪੀਟਰ ਐਲ. ਵਰਜਰ ਅਤੇ ਬ੍ਰਿਟਿਸ਼ ਵਰਜਰ ਨੇ ਤਿੰਨ ਮੁੱਖ ਤਥ ਦਸੇ ਹਨ। ਇਹ ਹਨ- 1. ਸੰਭਾਵਨਾ, 2. ਆਗਿਆ ਪਾਲਣ ਅਤੇ ਸੱਤਾ ਦੀ ਆਦਤ, 3. ਵੈਧਤਾ।
- ਭਾਰਤ ਵਿੱਚ ਸਮਾਜ ਅਤੇ ਰਾਜਨੀਤਿਕ ਵਿਵਸਥਾ ਨੇੜੇ ਤੋਂ ਜੁੜੀ ਹੋਈ ਹੈ।ਬੇਸ਼ੱਕ, ਅਰਥ ਵਿਵਸਥਾ ਰਾਜਨੀਤੀ ਅਤੇ ਸਮਾਜਿਕ ਰੁਤਬੇ ਨੂੰ ਪ੍ਰਭਾਵਿਤ ਕਰਨ ਵਿੱਚ ਇੱਕ ਮਹੱਤਵਪੂਰਨ ਕਾਰਕ ਹੈ। ਪਰ ਇਸ ਦੀ ਭੂਮਿਕਾ ਅਤੇ ਮਹੱਤਵ ਕੁਝ ਅਸਪਸ਼ਟ ਅਤੇ ਘੱਟ ਪ੍ਰਭਾਵਕਾਰੀ ਹਨ। ਭਾਰਤ ਵਿੱਚ ਸ਼ਕਤੀ ਦੋ ਮੁੱਖ ਸਰੋਤਾਂ ਮਤਲਬ ਸਮਾਜਿਕ ਸੰਸਕ੍ਰਿਤਿਕ ਸੰਰਚਨਾ ਅਤੇ ਰਾਜਨੀਤਿਕ ਢਾਂਚੇ ਤੋਂ ਉਭਰਦੀ ਹੈ।ਪਹਿਲ ਵਿੱਚ ਜਾਤ, ਧਰਮ,ਭਾਸ਼ਾ, ਖੇਤਰ ਆਦਿ ਦੀ ਸ਼ਕਤੀ ਅਤੇ ਸੱਤਾ ਦੇ ਪਦਾਂ ਤੱਕ ਪਹੁੰਚ ਕੇ ਨਿਰਨਾਇਕ ਭੂਮਿਕਾ ਰਹਿੰਦੀ ਹੈ। ਦੂਜੇ ਵਿੱਚ ਪੰਚਾਇਤੀ ਰਾਜ ਸੰਸਥਾਵਾਂ, ਨਗਰ-ਪਾਲਕਾਵਾਂ, ਵਿਧਾਨ ਸਭਾਵਾਂ ਅਤੇ ਲੋਕ ਸਭਾ ਵਰਗੀਆਂ ਸੰਸਥਾਵਾਂ ਦੁਆਰਾ ਲੋਕਾਂ ਨੂੰ ਸੱਤਾ ਦੀ ਰਾਜਨੀਤੀ ਦੇ ਖੇਤਰ ਵਿੱਚ ਪ੍ਰਵੇਸ਼ ਦੇ ਅਵਸਰ ਪ੍ਰਾਪਤ ਹੁੰਦੇ ਹਨ।ਇਹਨਾਂ ਨਿਕਾਵਾਂ ਦੇ ਚੁਣਾਵਾਂ ਦੇ ਸਮੇਂ ਰਾਜਨੀਤਿਕ ਦਲ ਪਹਿਲੀ ਕਤਾਰ ਵਿੱਚ ਰਹਿੰਦੇ ਹਨ।
- ਇੱਕ ਪਿਤਰਸੱਤਾ ਸਮਾਜ ਓਹ ਹੈ ਜਿਸ ਵਿੱਚ ਪਰਿਵਾਰਾਂ ਜੀਵਨ ਦੇ ਪੁਰਸ਼-ਮੁੱਖੀਆ ਮੈਂਬਰਾਂ ਵਿੱਚ ਸ਼ਕਤੀ (ਸੱਤਾ) ਪਾਈ ਗਈ ਹੈ। ਜੀਵਨ ਦੇ 'ਸਰਬ-ਵਿਆਪੀ ਅਤੇ 'ਨਿਜੀ' ਖੇਤਰਾਂ ਵਿੱਚ ਸਪਸ਼ਟ ਭੇਦ ਵੀ ਪਾਇਆ ਜਾਂਦਾ ਹੈ। ਘਰ ਦੇ ਨਿਜੀ 'ਖੇਤਰ' ਵਿੱਚ, ਪ੍ਰਧਾਨ ਪੁਰਸ਼ ਦੇ ਕੋਲ ਕਨਿਸ਼ਟ ਪੁਰਸ਼ਾਂ, ਸਾਰੀਆਂ ਇਸਤ੍ਰਆਂ ਅਤੇ ਬੱਚਿਆਂ ਉੱਤੇ ਮਨਮਾਨੀ ਸੱਤਾ ਦਾ ਅਧਿਕਾਰ ਰਹਿੰਦਾ ਹੈ।
- 'ਪੁਰਸ਼' ਅਤੇ 'ਮਹਿਲਾਵਾਂ' ਦੇ ਵਿੱਚ ਵੰਡ ਜੈਵੀ-ਸਰੀਰਿਕ ਹੈ ਅਤੇ ਮੂਲ ਨਿਰਪੱਖ ਹੈ। ਜਦ ਇੱਕ 'ਪੁਰਸ਼' ਨੂੰ 'ਮਨੁੱਖ'

ਨੋਟ

ਅਤੇ 'ਮਹਿਲਾਵਾਂ' ਨੂੰ 'ਇਸਤਰੀ' ਦੇ ਨਾਮਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਤਦ ਦੋਨਾਂ ਦੇ ਨਾਲ ਮਾਨਵ ਪ੍ਰਾਣੀਆਂ ਦੇ ਰੂਪ ਵਿੱਚ ਉੱਚ ਅਤੇ ਕਮਜ਼ੋਰ ਹੋਣ ਦਾ ਮੂਲ ਦਾ ਭਾਵ ਜੋੜਿਆ ਜਾਂਦਾ ਹੈ। ਫੂਕੋ ਅਤੇ ਸਰੀਕੇ ਉੱਤਰ ਅਧੁਨਿਕਤਾਵਾਦੀਆਂ ਨੇ ਭਾਸ਼ਾ ਅਤੇ ਸ਼ਕਤੀ ਦੇ ਵਿੱਚ ਕੜੀ ਨੂੰ ਸਵੀਕਾਰ ਕੀਤਾ ਹੈ।

- ਸਮਜਾਤੀ ਸੰਸਕ੍ਰਿਤਿਕ ਖੇਤਰਾਂ ਜਾਂ ਸੰਕੁਲਾਂ ਦਾ ਇੱਕ ਪੁੰਜ ਹੈ ਅਤੇ ਇਹੋ ਸਮਜਾਤੀ ਸਮੂਹ ਦੇ ਸਮਾਨੰਤਰ ਹਨ। ਸਮਜਾਤੀ ਕਸੌਟੀਆਂ ਅਤੇ ਵੰਡਾਂ ਦੇ ਆਧਾਰ ਤੇ ਸੰਸਕ੍ਰਿਤਿਕ ਅਗਵਾਈ, ਭੇਦ, ਸੀਮਾਵਾਂ, ਇਕਾਈਆਂ/ਸਮੂਹ ਦੀ ਰਚਨਾ ਕੀਤੀ ਜਾਂਦੀ ਹੈ। ਇੱਕ ਪਾਸੇ ਤਾਂ ਸੰਸਕ੍ਰਿਤਿਕ ਜੁੜਾਓ ਦੇਖੇ ਜਾ ਸਕਦੇ ਹਨ ਅਤੇ ਦੂਜੇ ਪਾਸੇ ਸਮਜਾਤੀ ਅਲਗਾਵ ਦੇ ਆਧਾਰ ਤੇ ਵਿਰੋਧ ਦਿਖਾਈ ਦਿੰਦਾ ਹੈ। ਇਸ ਤਰਾਂ ਦੀ ਸਥਿਤੀ ਦਾ ਕਾਰਨ ਸਮਜਾਤੀ ਵਿਭੇਦਾਂ 'ਤੇ ਆਧਾਰਿਤ 'ਮੈਂ /'ਅਸੀਂ' ਦੀ ਭਾਵਨਾ ਅਤੇ 'ਦੂਜੇ' ਦੀ ਭਾਵਨਾ/ਕੁੰਠਾ ਦੀਆਂ ਜੜ੍ਹਾਂ ਗਹਿਰੀਆਂ ਹੁੰਦੀਆਂ ਹਨ।
- ਅਮਰੀਕਾ ਵਿੱਚ ਕਾਲੇ ਅਤੇ ਗੋਰੇ ਲੋਕਾਂ ਦੇ ਅਧਿਐਨ ਦਾ ਅਰਥ ਦਰਜਾਬੰਦੀ ਅਤੇ ਅਸਮਾਨਤਾ ਦੇ ' ਪ੍ਰਜਾਤੀ' ਅਤੇ 'ਸਮਜਾਤੀ' ਦੋਨਾਂ ਆਯਾਮਾਂ ਨਾਲ ਹੈ। ਦਰਜਾਬੰਦੀ ਪਹਿਲੂ ਤੋਂ ਜਿਆਦਾ ਸਮਜਾਤੀ ਦਾ ਉਪਯੋਗ ਅਸਮਿਤਾ ਦੀ ਪਹਿਚਾਣ ਦੇ ਸਾਧਨ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਇਹ 'ਸੰਸਕ੍ਰਿਤਿਕ ਦੂਜੇ' ਨੂੰ ਜਾਣਨ ਦਾ ਢੰਗ ਹੈ।
- ਜ਼ਿਆਦਾਤਰ ਆਧੁਨਿਕ ਸਮਾਜ ਵਿੱਚ ਅਨੇਕ ਸਮਜਾਤੀ ਤੇ ਪ੍ਰਜਾਤੀ ਸਮੂਹ ਪਾਏ ਜਾਂਦੇ ਹਨ। ਭਾਰਤ, ਅਮਰੀਕਾ, ਇੰਗਲੈਂਡ, ਕੈਨੇਡਾ ਆਦਿ ਬਹੁਸਮੁਦਾਇਕ ਸਮਾਜ ਹਨ। ਆਰਥਿਕ ਅਤੇ ਰਾਜਨੀਤੀ ਦ੍ਰਿਸ਼ਟੀ ਤੋ ਇੱਕ ਵਿਸ਼ਿਸ਼ਟ ਸਮਜਾ ਵਿੱਚ ਸਮਜਾਤੀ ਅਤੇ ਪ੍ਰਜਾਤੀ ਸਮੂਹਾਂ ਦੇ ਕੰਮ ਇੱਕ ਜਿਹੇ ਹੋ ਸਕਦੇ ਹਨ। ਜਦ ਕਿ ਸੰਸਕ੍ਰਿਤਕ ਦ੍ਰਿਸ਼ਟੀ ਤੋ ਆਮ ਤੌਰ 'ਤੇ ਇਹ ਇੱਕ ਦੂਜੇ ਤੋ ਅਲੱਗ ਹੁੰਦੇ ਹਨ। ਪਰ ਅਸਲ ਵਿੱਚ ਸਮਜਾਤ ਤੇ ਪ੍ਰਜਾਤੀ ਵਿਭੇਦਾਂ ਦੁਆਰਾ ਸ਼ਕਤੀ ਤੇ ਦੌਲਤ ਉੱਤੇ ਅਧਾਰਿਤ ਅਸਮਾਨਤਾਵਾਂ ਤਣਾਅ ਤੇ ਝਗੜੇ ਤੇ ਈਰਖਾ 'ਚ ਭੇਦਭਾਵ ਵੀ ਅਸੀਂ ਦੇਖ ਸਕਦੇ ਹਾਂ।
- ਭਿੰਨ ਨਸਲਾਂ ਦੇ ਵਰਗੀਕਰਨ ਨਿਸ਼ਚਿਤ ਲੱਛਣਾਂ ਦੇ ਆਧਾਰ 'ਤੇ ਕੀਤੇ ਗਏ ਹਨ। ਇਸ ਵਿੱਚ ਮੁੱਖ ਹਨ : ਸਰੀਰ ਦਾ ਢਾਂਚਾ, ਲੰਬਾਈ, ਸਿਰ ਦਾ ਸਰੂਪ ਜਾਂ ਸਿਰ ਦੀ ਲੰਬਾਈ ਅਤੇ ਚੌੜਾਈ ਦਾ ਅਨੁਪਾਤ, ਨੱਕ ਦਾ ਸਰੂਪ, ਨੱਕ ਦੀ ਚੌੜਾਈ ਅਤੇ ਲੰਬਾਈ ਦਾ ਸੰਬੰਧ ਜਬਾੜੇ ਦਾ ਸਰੂਪ ਜਾਂ ਜਬਾੜ੍ਹਿਆਂ ਦਾ ਬਾਹਰ ਨਿਕਲਿਆ ਹੋਇਆ ਭਾਗ, ਖੋਪੜੀ ਦੀ ਖਮਤਾ, ਵਾਲਾਂ ਦਾ ਸਰੂਪ, ਸਰੀਰ ਉੱਤੇ ਵਾਲ, ਵਾਲਾਂ ਦਾ ਰੰਗ ਅਤੇ ਅੱਖਾਂ ਦਾ ਰੰਗ, ਲੱਕ ਦਾ ਭਾਰੀ ਪਨ ਜਾਂ ਲੱਕ ਉੱਤੇ ਮਾਸ ਦਾ ਜਮਾ ਹੋਣਾ ਆਦਿ।

## 13.3 ਸ਼ਬਦਕੋਸ਼ (Keywords)

- ਅਭਿਪ੍ਰੇਰਨਾ : ਪ੍ਰੇਰਿਤ ਕਰਨਾ।
- ਵੈਮਨਸਵਤਾ : ਦੁਸ਼ਮਨੀ, ਵੈਰਤਾ, ਕਟੁਤਾ
- ਪ੍ਰਕਟਨ : ਉਦਘਟਿਤ ਕਰਨਾ।

## 13.4 ਅਭਿਆਸ ਪ੍ਰਸ਼ਨ (Review Questions)

1. ਸਮਾਜਿਕ ਦਰਜਾਬੰਦੀ ਦੇ ਆਯਾਮ 'ਤੇ ਪ੍ਰਕਾਸ਼ ਪਾਓ।
2. ਵਰਗ ਕਿਸ ਨੂੰ ਕਹਿੰਦੇ ਹਨ ? ਮਾਰਕਸ ਅਤੇ ਵੇਬਰ ਧਾਰਨਾਵਾਂ ਦੀ ਵਿਆਖਿਆ ਕਰੋ।
3. ਦਰਜਾ ਸਮੂਹ ਨਾਲ ਤੁਸੀਂ ਕੀ ਸਮਝਦੇ ਹੋ ? ਦਰਜਾ ਦਰਜਾਬੰਦੀ ਦੀ ਗੰਭੀਰਤਾ ਦੱਸੋ।
4. ਸ਼ਕਤੀ 'ਤੇ ਇੱਕ ਵਿਸਤ੍ਰਿਤ ਲੇਖ ਲਿਖੋ।
5. ਸਮਜਾਤੀ ਨੂੰ ਸਪੱਸ਼ਟ ਕਰਦੇ ਹੋਏ ਦੱਸੋ ਕਿ ਸਮਜਾਤੀ ਅਤੇ ਸ਼ਕਤੀ ਵਿੱਚ ਕੀ ਸੰਬੰਧ ਹੈ ?
6. ਨਸਲ ਨੂੰ ਪਰਿਭਾਸ਼ਿਤ ਤੇ ਜਾਤ ਅਤੇ ਨਸਲ ਦੀ ਤੁਲਣਾ ਕਰੋ।
7. ਹੇਠ ਲਿਖੀਆਂ 'ਤੇ ਟਿੱਪਣੀ ਕਰੋ।

ਨੋਟ

(i) ਮਿਹਨਤੀ ਵਿਅਕਤੀ (ii) ਬਜੁਰੂਆ ਵਰਗ

(iii) ਜਾਤ (iv) ਵਰਗ

(v) ਪ੍ਰਭੁੱਤਵ ਅਤੇ ਸ਼ਕਤੀ

**ਉੱਤਰ : ਸਵੈ-ਮੁਲਾਂਕਣ (Answer : Self Assessment)**

1. (i) (c) (ii) (a) (iii) (b) (iv) (c) (v) (a)
(vi) (c) (vii) (a) (viii) (b) (ix) (a) (x) (d)

## 13.5 ਸੰਦਰਭ ਪੁਸਤਕਾਂ (Further Readings)

ਬੁਕਸ

1. ਏ.ਆਰ. ਦੇਸਾਈ, ਸ਼ੋਸ਼ਲ ਬੈਕਗਰਾਂਊਡ ਆਫ਼ ਇੰਡੀਅਨ ਨੈਸ਼ਨਲੀਜ਼ਮ, ਪਾਪੁਲਰ ਬੁੱਕ ਡਿਪੋ, ਬੰਬੇ 1946।
2. ਜੇ.ਐਮ, ਛੱਟਨ, ਦ ਕਾਸਟ ਇੰਨ ਇੰਡੀਆ, ਆਕਸਫੋਰਡ ਯੂਨੀਵਰਸਿਟੀ ਪ੍ਰੇਸ, ਆਕਸਫੋਰਡ।

# ਇਕਾਈ–14: ਮੱਧ ਵਰਗ ਦਾ ਨਿਕਾਸ (Emergence of Middle-Class)

ਨੋਟ

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
14.1 ਮੱਧ ਵਰਗ ਦਾ ਨਿਕਾਸ (Emergence of Middle-Class)
14.2 ਭਾਰਤ ਵਿੱਚ ਮੱਧ ਵਰਗ ਦੇ ਨਿਕਾਸ ਦੀਆਂ ਹਾਲਾਤ (Conditions of the Emergence of Middle-Class)
14.3 ਸਾਰ–ਅੰਸ਼ (Summary)
14.4 ਸ਼ਬਦ–ਕੋਸ਼ (Keywords)
14.5 ਅਭਿਆਸ ਪ੍ਰਸ਼ਨ (Review Questions)
14.6 ਸੰਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਮੱਧ ਵਰਗ ਦੇ ਨਿਕਾਸ ਦੀ ਵਿਆਖਿਆ ਕਰਨ ਵਿੱਚ।
- ਭਾਰਤ ਵਿੱਚ ਮੱਧ ਵਰਗ ਦੇ ਨਿਕਾਸ ਦੇ ਹਲਾਤਾਂ ਨੂੰ ਸਮਝਣ ਵਿੱਚ।

## ਜਾਣਕਾਰੀ (Introduction)

ਪੂਰਬ–ਬਸਤੀਵਾਦ ਕਾਲ ਵਿੱਚ ਵਪਾਰੀ, ਕਾਰੀਗਰ ਅਤੇ ਰਾਜ–ਦਰਬਾਰ ਮੁੱਖ ਮੱਧ ਵਰਗ ਸਨ। ਬ੍ਰਿਟਿਸ਼ ਕਾਲ ਵਿੱਚ ਮੱਧ ਵਰਗ ਤਬਦੀਲੀ ਹੋਏ ਅਤੇ ਵਪਾਰੀ (ਉੱਦਮੀ), ਉਦਯੋਗਪਤੀ, ਪੜ੍ਹਿਆ–ਲਿਖਿਆ ਸਮੂਹ, ਉਸਤਾਦ ਆਦਿ ਸਭ ਨਵੇਂ ਮੱਧ ਵਰਗ ਉੱਭਰੇ। ਆਜ਼ਾਦੀ ਦੇ ਬਾਅਦ ਭਾਰਤੀ ਰਾਜ ਦੀ ਪ੍ਰਕਿਰਤੀ ਅਤੇ ਸਰੂਪ ਦੇ ਕਾਰਣ ਮੱਧ ਵਰਗ ਦੀ ਰਚਨਾ ਵਿੱਚ, ਖ਼ਾਸਕਰ ਆਕਾਰ, ਕੰਮਾਂ–ਕਾਰਜਾਂ ਅਤੇ ਭੂਮੀਕਾ ਦੇ ਜ਼ਿਕਰ ਵਿੱਚ ਬਹੁਤ ਜ਼ਿਆਦਾ ਤਬਦੀਲੀਆਂ ਹੋਈਆਂ ਹੈ। ਅਸਲ ਵਿੱਚ ਮੱਧ ਵਰਗ ਪੜ੍ਹਿਆ–ਲਿਖਿਆ ਸੇਵਾ ਸਮੂਹ ਹੈ। ਇਸ ਕਈ ਸਿਧਾਂਤਕ ਤੌਰ 'ਤੇ ਉਹ ਉੱਚੇ ਅਤੇ ਨੀਵੇਂ ਦੋਨਾਂ ਵਰਗਾਂ ਦੀ ਸੇਵਾ ਕਰਦੇ ਹਨ, ਜਦਕਿ ਅਸਲੀਅਤ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਸਮਾਨ ਅਨੁਪਤ ਵਿੱਚ ਉਪਲਬਧ ਨਹੀਂ ਹੁੰਦੀਆਂ ਹਨ। ਮੱਧ ਵਰਗ ਮਿਹਨਤੀ ਅਤੇ ਪੂੰਜੀ ਦੇ ਵਿੱਚ ਸਥਿਤ ਵਰਗ ਹੈ। ਭਾਰਤ ਵਿੱਚ ਮੱਧ ਵਰਗ ਪੂੰਜੀਵਾਦ ਦੇ ਵਿਕਾਸ ਅਤੇ ਰਾਜ ਦੋਨਾਂ ਦੀ ਉਪਜ ਹੈ। ਅਕਸਰ ਨੀਵੇਂ ਵਰਗ ਲਾਭਦਾਇਕ ਸਫ਼ੈਦਪੋਸ਼ ਕੰਮਾਂ ਦੀ ਪ੍ਰਾਪਤੀ ਦੁਆਰਾ ਮੱਧ ਵਰਗਾਂ ਦੁਆਰਾ ਅਨੰਦਮਈ ਪ੍ਰਸਥਿਤੀ ਦੀ ਉਮਦਿ ਕਰਦੇ ਹਨ।

ਭਾਰਤ ਵਿੱਚ ਜਾਤ ਦੀ ਰਚਨਾ ਅਕਸਰ ਪਰੰਪਰਾਗਤ ਸਮਾਜਿਕ ਰਚਨਾ, ਵਿਸ਼ੇਸ਼ਕਰ ਜਾਤ, ਧਰਮ, ਭਾਸ਼ਾ, ਪਰੰਪਰਿਕ ਸੰਪਰਕ, ਆਮਦਨ, ਵਪਾਰਕ ਪਿੱਠਭੂਮੀ, ਸਿੱਖਿਆ, ਪਰਿਵਾਰਿਕ ਪਿੱਠਭੂਮੀ ਆਦਿ ਦੁਆਰਾ ਨਿਰਧਾਰਿਤ ਹੁੰਦੀ ਹੈ। ਚੁਣਾਉ ਅਹੁਦਾ–ਸਥਾਨ 'ਤੇ ਅਕਸਰ ਵਿਸ਼ੇਸ਼ ਸਮਾਜਿਕ ਪੱਧਰ ਦੇ ਵਿਅਕਤੀਆਂ ਦੁਆਰਾ ਕਾਬਜ਼ਾ ਕੀਤਾ ਹੁੰਦਾ ਹੈ। ਖ਼ਾਸ ਸਮੂਹ ਮਾਨ–ਸਨਮਾਨ ਸ਼ਕਤੀ ਅਤੇ ਫਰਜ਼ ਦੇ ਅਹੁਦਾ–ਸਥਾਨ ਨੂੰ ਨਿਯੰਤਰ ਕਰਦੀ ਹੈ। ਉੱਚ ਸਿੱਖਿਆ ਅੱਜ ਵੀ ਉੱਚ ਜਾਤਾਂ ਦੇ ਨਿਯੰਰਣ ਵਿੱਚ ਹੈ। ਇਸ ਲਈ ਸਿੱਖਿਆ, ਪ੍ਰਸਥਿਤੀ ਨਿਯੰਤਰ ਦਾ ਕੰਮ ਕਰਦੀ ਹੈ ਨਾ ਕਿ ਪ੍ਰਸਥਿਤੀ ਦੀ ਕਠੋਰਤਾਵਾਂ 'ਤੇ ਹਮਲਾ ਦਾ ਕੰਮ।

## 14.1 ਮੱਧ ਵਰਗ ਦਾ ਨਿਕਾਸ (Emergence of Middle-Class)

ਮੱਧ ਵਰਗ 'ਤੇ ਲਿਖਣ ਵਾਲੇ ਜ਼ਿਆਦਾਤਰ ਲੇਖ਼ਕਾਂ ਨੇ ਇਸ ਵਰਗ ਦੀ ਖ਼ੂਬ ਵਿਰੋਧਤਾ ਕੀਤੀ ਹੈ। ਕਿਸੀ ਵੀ ਸਮਾਨ ਸ਼ਬਦ–ਕੋਸ਼

ਨੋਟ

ਵਿੱਚ ਜੋ ਵੀ ਗਾਲੀ-ਗਲੋਚ ਹੋ ਸਕਦਾ ਹੈ, ਸਭ ਇਸ ਵਰਗ ਦੇ ਮੱਥੇ ਮੜ੍ਹ ਦਿੱਤਾ ਹੈ। ਐਸੇ ਹੀ ਇੱਕ ਉੱਚ ਪ੍ਰਸ਼ਾਸ਼ਨਿਕ ਅਧਿਕਾਰੀ ਨੇ ਭਾਰਤ ਦੇ ਮੱਧ ਦੀ ਅਜੀਬ ਦਾਸਤਾਂ 'ਤੇ ਆਪਣਾ ਕ੍ਰੋਧ ਇਸ ਤਰ੍ਹਾਂ ਜ਼ਾਹਰ ਕੀਤਾ ਹੈ।

ਭਾਰਤੀ ਮੱਧ ਵਰਗ ਕੋਈ ਰਾਤੋ-ਰਾਤ ਬਣ ਜਾਣ ਵਾਲੀ ਸਮਾਜਿਕ ਰਚਨਾ ਨਹੀਂ ਸੀ। ਕ਼ਪਤਕਾਰ ਪਰਭਕਸ਼ੀ ਦੇ ਰੂਪ ਵਿੱਚ ਇਸਦੀ ਖੋਜ ਕੀਤੇ ਜਾਣ ਤੋਂ ਕਿਤੇ ਪਹਿਲਾਂ ਇਸ ਵਰਗ ਦਾ ਇੱਕ ਅਤੀਤ ਅਤੇ ਇੱਕ ਇਤਿਹਾਸ ਵੀ ਸੀ। ਮੱਧ ਵਰਗ ਦੀ ਇਹ ਅਜੀਬ ਦਾਸਤਾਂ ਆਜ਼ਾਦੀ ਦੇ ਬਾਅਦ ਹੋਏ ਘਟਨਾ ਕ੍ਰਮ ਦਾ ਗਹਿਰਾਈ ਤੋਂ ਜਾਇਜਾ ਲੈਂਦੀ ਹੈ। ਭਾਰਤ-ਚੀਨ ਯੁੱਧ ਅਤੇ ਨਹਿਰੂ ਦੀ ਮੌਤ ਤੋਂ ਲੈਕੇ ਐਮਰਜੈਂਸੀ ਅਤੇ ਮੰਡਲ ਉਪਯੋਗ ਦੀ ਸਿਫ਼ਾਰਿਸ਼ ਨੂੰ ਲਾਗੂ ਕਰਨ ਦੀ ਘੋਸ਼ਣਾ ਤੱਕ ਇਸ ਦਾਸਤਾਂ ਨੇ ਮੱਧ ਵਰਗ ਨੂੰ ਇੱਕ ਐਸੇ ਖ਼ੁਦਗਰਜ਼ ਤਬਕੇ ਦੇ ਰੂਪ ਵਿੱਚ ਉੱਭਰਿਆ ਹੈ ਜਿਸ ਨੇ ਵਾਰ-ਵਾਰ ਨਿਆਂਪੂਰਣ ਸਮਾਜ ਬਣਾਉਣ ਦੇ ਆਪਣੇ ਹੀ ਘੋਸ਼ਿਤ ਲੱਛਣਾਂ ਦੇ ਨਾਲ ਗੱਦਾਰੀ ਕੀਤੀ ਹੈ। ਲੋਕਤੰਤਰ ਅਤੇ ਚੁਣਾਉ ਪ੍ਰਕਿਰਿਆ ਦੇ ਪ੍ਰਤੀ ਮੱਧ ਵਰਗ ਦੀ ਪ੍ਰਤੀਬੰਧ ਦਿਨੋਂ-ਦਿਨ ਕਮਜ਼ੋਰ ਹੁੰਦੀ ਜਾ ਰਹੀ ਹੈ। ਮੱਧ ਵਰਗ ਐਸੀ ਕਿਸੀ ਗਤੀਵਿਧੀ ਜਾਂ ਸੱਚਾਈ ਨਾਲ ਕੋਈ ਵਾਸਤਾ ਨਹੀਂ ਰੱਖਣਾ ਚਾਹੁੰਦਾ ਜਿਸਦਾ ਉਸਦੀ ਆਰਥਿਕ ਖੁਸ਼ਹਾਲੀ ਨਾਲ ਸਿੱਧਾ ਵਾਸਤਾ ਨਾ ਹੋਵੇ। ਆਰਥਿਕ ਉਧਾਰੀਕਰਨ ਨੇ ਉਸਦੇ ਇਸ ਰਵੀਏ ਨੂੰ ਹੋਰ ਵੀ ਜ਼ਿਆਦਾ ਵਧਾਇਆ ਹੈ। ਸਮਾਜਿਕ ਅਤੇ ਰਾਜਨੀਤਕ ਜੀਵਨ ਵਿੱਚ ਅੱਜ ਇਹ ਇੱਕ ਫੈਸ਼ਨ ਹੋ ਗਿਆ ਹੈ ਜਿਸ ਵਿੱਚ ਸਮਾਜ ਸੰਪੂਰਨ ਦੋਸ਼ਾਂ ਦੀ ਜੜ ਮੱਧ ਵਰਗ ਨੂੰ ਸਮਝਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਕੋਈ ਵੀ ਗੱਲ ਤਦ ਤੱਕ ਅਧੂਰੀ ਹੈ ਜਦ ਤੱਕ ਮੱਧ ਵਰਗ ਦਾ ਉਲੇਖ ਨਾ ਕੀਤਾ ਜਾਏ। ਇਹ ਸਭ ਹੋਣ ਦਾ ਕਾਰਣ ਸਪੱਸ਼ਟ ਧਾਰਨਾ ਦੀ ਕਮੀ ਹੈ। ਮੱਧ ਵਰਗ ਦੇ ਨਾਲ ਇੱਕ ਇਤਿਹਾਸਿਕ ਹਾਦਸਾ ਹੋਇਆ ਹੈ। ਇਸ ਵਰਗ ਦਾ ਨਿਕਾਸ ਬ੍ਰਿਟਿਸ਼ ਸ਼ਾਸ਼ਨਕਾਲ, ਦਫ਼ਤਰਸ਼ਾਹੀ ਅਤੇ ਸਰਕਾਰ ਦੇ ਕੰਮ-ਕਾਜ ਨਾਲ ਜੁੜਿਆ ਹੈ। ਇਸਦਾ ਨਤੀਜਾ ਇਹ ਹੋਇਆ ਹੈ ਕਿ ਨੁੱਕੜ ਦਾ ਹਰ ਆਦਮੀ ਮੱਧ ਵਰਗ ਨੂੰ ਸਰਕਾਰ ਦੇ ਕੰਮ-ਕਾਜ ਨਾਲ ਜੋੜਦਾ ਹੈ। ਫਲਸਰੂਪ ਜਦ ਸਰਕਾਰ ਨੂੰ ਬੁਰਾ-ਭਲਾ ਕਹਿਣਾ ਹੈ ਤਾਂ ਸਰਲਤਾ ਅਤੇ ਸਹਿਜਤਾ ਨਾਲ ਮੱਧ ਵਰਗ ਨੂੰ ਬੁਰਾ-ਭਲਾ ਕਹਿ ਦਿੱਤਾ ਜਾਂਦਾ ਹੈ। ਇਹੀ ਇੱਕ ਇਤਿਹਾਸਿਕ ਹਾਦਸਾ ਹੈ। ਮੱਧ ਵਰਗ ਦੇ ਨਾਲ ਬਹੁਤ ਵੱਡੀ ਮੁਸ਼ਕਿਲ ਇਹ ਹੈ ਕਿ ਇਸ 'ਤੇ ਕੋਈ ਸਮਾਜ ਵਿਗਿਆਨਿਕ ਆਧਾਰ 'ਤੇ ਵਿਵਸਥਿਤ ਅਧਿਐਨ ਨਹੀਂ ਹੋਇਆ ਹੈ। ਘਣਸ਼ਿਆਮ ਸ਼ਾਹ ਨੇ **ਭਾਰਤੀ ਸਮਾਜਿਕ ਵਿਗਿਆਨ ਅਨੁਸੰਧਾਨ ਪਰਿਸ਼ਦ,** ਨਵੀਂ ਦਿੱਲੀ ਦੁਆਰਾ ਪ੍ਰਯੋਜਿਤ ਇੱਕ ਅਨੁਸੰਧਾਨ ਵਿੱਚ ਭਾਰਤ ਵਿੱਚ ਸਮਾਜਿਕ ਅੰਦੋਲਨ 'ਤੇ ਜੋ ਵੀ ਸਾਹਿਤ ਹੈ ਉਸਦਾ ਲੇਖਾ-ਜੋਖਾ ਕੀਤਾ ਹੈ। ਇਸ ਵਿੱਚ ਉਹ ਮੱਧ ਵਰਗ ਦੇ ਸਾਹਿਤ ਦੀ ਵੀ ਖੋਜ ਕਰਦੇ ਹਨ।

ਘਣਸ਼ਿਆਮ ਸ਼ਾਹ ਕਹਿੰਦੇ ਹਨ ਕਿ ਸਮਾਜ ਵਿਗਿਆਨ ਵਿੱਚ ਕਿਸਾਨ, ਕਰਮਚਾਰੀ, ਆਦੀਵਾਸੀ ਆਦਿ ਦੇ ਅੰਨਦੋਲਨਾਂ 'ਤੇ ਕਾਫ਼ੀ ਸਮੱਗਰੀ ਹੈ। ਕਿਤੇ ਵੀ ਸਾਨੂੰ ਮੱਧ ਵਰਗ 'ਤੇ ਕੋਈ ਸਾਹਿਤ ਨਹੀਂ ਮਿਲਦਾ। ਲੱਗਦਾ ਹੈ ਸਾਰੇ ਅਨੁਸੰਧਾਨਕਰਤਾ ਇਸ ਵਰਗ ਨੂੰ ਬਹੁਤ ਜ਼ਿਆਦਾ ਨਜ਼ਰਅੰਦਾਜ਼ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ। ਹਾਲ ਵਿੱਚ ਕੁੱਝ ਭਿੰਨ-ਭਿੰਨ ਪ੍ਰਕਾਰ ਦਾ ਸਾਹਿਤ ਮਿਲਿਆ ਹੈ, ਪਰ ਇਹ ਸਾਹਿਤ ਵੀ ਕੇਵਲ ਸੰਕੇਤਕ ਜਾਂ ਪ੍ਰਸੰਗਿਕ ਹੈ। ਇਹ ਨਿਸ਼ਚਿਤ ਹੈ ਕਿ ਮੱਧ ਵਰਗ 'ਤੇ ਬਹੁਤ ਕੁੱਝ ਲਿਖੇ ਜਾਣ ਦੀ ਗੁੰਜਾਇਸ਼ ਹੈ। ਅੱਜ ਇਹੀ ਇੱਕ ਐਸਾ ਵਰਗ ਹੈ ਜੋ ਉਪਭੋਗਤਾਵਾਦ ਦਾ ਨੇਤਾ ਹੈ। ਇਹ ਵਰਗ ਦੋਨਾਂ ਹੱਥਾਂ ਨਾਲ ਬਜ਼ਾਰ ਵਿੱਚ ਜੋ ਕੁੱਝ ਵੀ ਮੌਜੂਦ ਹੈ, ਉਸਨੂੰ ਹਥਿਆ ਲੈਣਾ ਚਾਹੁੰਦਾ ਹੈ। ਬੰਦ ਡੱਬੇ ਦਾ ਖਾਣਾ ਇਸਨੂੰ ਚਾਹੀਦਾ, ਉੱਚੀ ਤੋਂ ਉੱਚੀ ਗੱਡੀ ਵਿੱਚ ਬੈਠਨ ਦੀ ਉਡਾਣ ਇਹੀ ਵਰਗ ਕਰਦਾ ਹੈ। ਅੱਜ ਕੋਈ ਵੀ ਵਸਤੂ ਬਜ਼ਾਰ ਵਿੱਚ ਆਈ ਅਤੇ ਕੱਲ੍ਹ ਸਵੇਰੇ ਮੱਧ ਵਰਗ ਇਸਨੂੰ ਖਰੀਦਣ ਲਈ ਸੜਕ 'ਤੇ ਆ ਜਾਏਗਾ। ਐਸੇ ਵਰਗ 'ਤੇ ਲਿਖਣ ਦੀ ਕੋਈ ਕਮੀ ਨਹੀਂ ਹੋਣੀ ਚਾਹੀਦੀ। ਇਸ ਸੀਮਾ ਦੇ ਹੁੰਦੇ ਹੋਏ ਵੀ ਜੋ ਕੁੱਝ ਲਿਖਿਆ ਗਿਆ ਹੈ, ਅਤੇ ਜੋ ਕੁੱਝ ਭਿੰਨ-ਭਿੰਨ ਪ੍ਰਕਾਰ ਦੇ ਲੇਖਾਂ ਵਿੱਚ ਮੌਜੂਦ ਹੈ, ਇਸਦੇ ਆਧਾਰ 'ਤੇ ਅਸੀਂ ਮੱਧ ਵਰਗ ਨੂੰ ਇਸ ਅਧਿਆਏ ਵਿੱਚ ਬੰਨ੍ਹਣ ਦਾ ਜਤਨ ਕਰਾਂਗੇ।

## ਮੱਧ ਵਰਗ ਦਾ ਅਰਥ (Meaning of Middle-Class)

ਮੱਧ ਵਰਗ ਨੂੰ ਕਿਸੀ ਬੰਨ੍ਹੀ-ਬੰਨ੍ਹਾਈ ਪਰਿਭਾਸ਼ਾ ਵਿੱਚ ਰੱਖਣਾ ਮੁਸ਼ਕਿਲ ਹੈ। ਲੋਕ ਧਾਰਨਾ ਵਿੱਚ ਸਾਰੇ ਸਫ਼ੈਦ-ਪੋਸ਼ ਰਹਿਣ ਵਾਲੇ ਮੱਧ ਵਰਗ ਦੇ ਹਨ। ਦੀਪਾਂਕਰ ਗੁਪਤਾ ਨੇ ਮਿਸਟੇਕਨ ਮੌਡਰਨਿਟੀ (Mistaken Modernity, Harper collins, 2000) ਵਿੱਚ ਮੱਧ ਵਰਗ ਦੀ ਪਰਿਭਾਸ਼ਾ ਦੇ ਮੁੱਦੇ ਨੂੰ ਚੁਕਿਆ ਹੈ। ਉਹ ਕਹਿੰਦੇ ਹਨ ਕਿ ਇਸ ਵਰਗ ਦੀਆਂ ਸਾਰੀਆਂ ਪਰਿਭਾਸ਼ਾਵਾਂ ਉਪਯੋਗ ਦੇ ਨਮੂਨੇ ਨੂੰ ਆਪਣਾ ਆਧਾਰ ਬਣਾਉਂਦੀ ਹੈ। ਪਰ ਜੇਕਰ ਅਸੀਂ ਪੱਛਮੀ ਦੇਸ਼ਾਂ ਨੂੰ ਦੇਖੀਏ ਤਾਂ ਲੱਗੇਗਾ ਕਿ ਉਥੇ ਮੱਧ ਵਰਗ ਦੀ ਪਰਿਭਾਸ਼ਾ

ਨੋਟ

ਕੇਵਲ ਉਪਭੋਗ ਦੇ ਇਰਧ-ਗਿਰਧ ਨਹੀਂ ਕੀਤੀ ਜਾਂਦੀ। ਮੱਧ ਵਰਗ ਵਿੱਚ, ਉਨ੍ਹਾਂ ਦੇਸ਼ਾਂ ਦੇ ਉਪਭੋਗ ਦੇ ਅੰਤਰਗਤ ਵੀ ਬਹੁਤ ਕੁੱਝ ਹੁੰਦਾ ਹੈ। ਉਥੇ ਇਹ ਸਮਝਿਆ ਜਾਂਦਾ ਹੈ ਕਿ ਯੂਰਪ ਨੂੰ ਮੱਧਕਾਲ ਤੋਂ ਬਾਹਰ ਕੱਢ ਕੇ ਅਧੁਨਿਕ ਕਾਲ ਦਾ ਉਦਾਰ ਮੱਧ ਵਰਗ ਨੂੰ ਹੈ। ਇਨ੍ਹਾਂ ਦੇਸ਼ਾਂ ਵਿੱਚ ਮੱਧ ਵਰਗ ਤਬਦੀਲੀ ਦੇ ਝੰਡੇ ਨੂੰ ਉੱਚਾ ਉਠਾਈ ਚੱਲਦਾ ਹੈ।

ਨੋਟਸ ਸਮਾਜਸ਼ਾਸ਼ਤਰੀ ਦ੍ਰਿਸ਼ਟੀ ਤੋਂ ਮੱਧ ਵਰਗ ਉਹ ਹੈ ਜਿਸਦੇ ਮੈਂਬਰ ਇੱਕ ਜਿਹੀ ਬਜ਼ਾਦ ਦੀ ਸਥਿਤੀ, ਕੰਮ ਦੀ ਸਥਿਤੀ, ਕੰਮ ਦੀ ਦਸ਼ਾ ਅਤੇ ਮਾਨ-ਸਨਮਾਨ ਵਿੱਚ ਕੰਮ ਕਰਦੇ ਹਨ।

ਦੀਪਾਂਕਰ ਗੁਪਤਾ ਮੱਧ ਵਰਗ ਦੀ ਪਰਿਭਾਸ਼ਾ ਦੇ ਉਭੋਗ ਦੇ ਆਧਾਰ ਨੂੰ ਸਵੀਕਾਰ ਨਹੀਂ ਕਰਦੇ। ਗਰ ਅਸੀਂ ਉਪਯੋਗ ਦੀ ਆਈਟਮ ਦਾ ਕੋਈ ਕਾਲਮ ਬਣਾਈਏ ਤਾਂ ਇਸ ਨਾਲ ਇਹ ਜ਼ਰੂਰ ਹੋਵੇਗਾ ਕਿ ਮੱਧ ਵਰਗ ਦੀ ਮਾਨ-ਸਨਮਾਨ ਉੱਚਾ ਉੱਠ ਜਾਏਗਾ ਪਰ ਇਸ ਨਾਲ ਉਸਦੀ ਪਰਿਭਾਸ਼ਾ ਨਹੀਂ ਹੋ ਪਾਉਂਦੀ। ਜਿਸ ਤਰ੍ਹਾਂ ਦੀ ਮੁਸ਼ਕਿਲ ਦਾ ਉਲੇਖ ਦੀਪਾਂਕਰ ਕਰਦੇ ਹਨ, ਕੁੱਝ ਉਹੋ ਜਿਹੀ ਹੀ ਮੁਸ਼ਕਿਲ ਇਸ ਵਰਗ ਦੀ ਪਰਿਭਾਸ਼ਾ ਵਿੱਚ ਘਣਸ਼ਿਆਮ ਸ਼ਾਹ ਨੂੰ ਦਿਖਾਈ ਦਿੱਤੀ ਹੈ। ਇਹ ਹੋਣ 'ਤੇ ਵੀ ਇਨ੍ਹਾਂ ਵਿਦਵਾਨਾਂ ਨੇ ਮੱਧ ਵਰਗ ਨੂੰ ਪਰਿਭਾਸ਼ਿਤ ਕੀਤਾ ਹੈ। ਘਣਸ਼ਿਆਮ ਸ਼ਾਹ ਦੇ ਅਨੁਸਾਰ :

*ਮੱਧ ਵਰਗ ਦਾ ਸਥਾਨ ਮਿਹਨਤ ਅਤੇ ਪੂੰਜੀ ਦੇ ਵਿੱਚ ਹੈ। ਇਸ ਵਰਗ ਦੇ ਕੋਲ ਨਾ ਤਾਂ ਸਿੱਧੇ ਰੂਪ ਨਾਲ ਉਤਪਾਦਾਨ ਦਾ ਕੋਈ ਸਾਧਨ ਹੁੰਦਾ ਹੈ ਜਿਸਦੇ ਦੁਆਰਾ ਉਹ ਮਜ਼ਦੂਰਾਂ ਨੂੰ ਰੋਜ਼ਗਾਰ ਦੇ ਸਕੇ ਅਤੇ ਨਾ ਇਹ ਵਰਗ ਖ਼ੁਦ ਕੋਈ ਮਿਹਨਤ ਕਰਦਾ ਹੈ ਜਿਸ ਨਾਲ ਕੁੱਝ ਜ਼ਿਆਦਾ ਧਨ ਪੈਦਾ ਕੀਤਾ ਜਾ ਸਕੇ। ਮੋਟੇ ਤੌਰ 'ਤੇ ਇਸ ਵਰਗ ਵਿੱਚ ਪੇਟੀ ਬੁਜਰੂਆ ਸਫ਼ੈਦ-ਪੋਸ਼ ਕਰਮਚਾਰੀ ਹੁੰਦੇ ਹਨ।*

ਘਣਸ਼ਿਆਮ ਸ਼ਾਹ ਨੇ ਆਪਣੀ ਪਰਿਭਾਸ਼ਾ ਨੂੰ ਹੋਰ ਜ਼ਿਆਦਾ ਸਪੱਸ਼ਟ ਕੀਤਾ ਹੈ। ਪੇਟੀ ਬੁਜਰੂਆ ਤੋਂ ਉਨ੍ਹਾਂ ਦਾ ਮਤਲਬ ਉਹ ਖ਼ੁਦ ਰੋਜ਼ਗਾਰ ਵਿੱਚ ਲੱਗੇ ਹੋਏ ਲੋਕਾਂ ਤੋਂ ਹੈ, ਜੋ ਪਦਾਰਥ/ਵਸਤੂਆਂ ਦੀ ਬਜ਼ਾਰ ਵਿੱਚ ਵੰਡ ਕਰਦੇ ਹਨ। ਇਹ ਕੰਮ ਵਪਾਰੀਆਂ ਦਾ ਹੈ, ਏਜੰਟਾਂ ਨੂੰ ਹੈ ਜੋ ਖ਼ੁਦ ਤਾਂ ਉਤਪਾਦਨ ਨਹੀਂ ਕਰਦੇ ਪਰ ਪੈਦਾ ਕੀਤੀਆਂ ਗਈਆਂ ਵਸਤੂਆਂ ਦੀ ਬਜ਼ਾਰ ਵਿੱਚ ਵੰਡ ਕਰਦੇ ਹਨ। ਸਫ਼ੈਦ-ਪੋਸ਼ ਕਰਮਚਾਰੀਆਂ ਵਿੱਚ ਘਣਸ਼ਿਆਮ ਦਾ ਮਤਲਬ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ ਉਨ੍ਹਾਂ ਲੋਕਾਂ ਤੋਂ ਹੈ, ਜੋ ਸ਼ਰੀਰਕ ਮਿਹਨਤ ਨਹੀਂ ਕਰਦੇ, ਜੋ ਨਿਗਰਾਨ ਹੁੰਦੇ ਹਨ ਜਾਂ ਪੇਸ਼ਾਵਰ ਹੁੰਦੇ ਹਨ। ਇਸ ਪਰਿਭਾਸ਼ਾ ਦੇ ਅੰਤਰਗਤ ਮੱਧ ਵਰਗਾਂ ਵਿੱਚ ਅਸੀਂ ਵਪਾਰੀਆਂ, ਵਿਕਰੇਤਾ, ਦਲਾਲਾਂ, ਸਰਕਾਰੀ ਜਾਂ ਗੈਰ-ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ, ਲੇਖ਼ਕਾਂ, ਅਧਿਆਪਕਾਂ, ਖ਼ੁਦ ਦਾ ਰੋਜ਼ਗਾਰ ਕਰਨ ਵਾਲੇ ਲੋਕਾਂ, ਜਿਵੇਂ ਵਕੀਲ, ਇੰਜਨੀਅਰ, ਡਾਕਟਰ, ਆਦਿ ਸ਼ਾਮਿਲ ਕਰਦੇ ਹਾਂ। ਇਸ ਸਿਲਸਿਲੇ ਵਿੱਚ ਮਹਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਸਭ ਕਿੱਤਿਆਂ ਵਿੱਚ ਇੱਕ ਰਸਮੀ ਸਿੱਖਿਆ ਜਾਂ ਉਪਾਧੀ ਦੀ ਜ਼ਰੂਰਤ ਹੈ।

ਦੀਪਾਂਕਰ ਗੁਪਤਾ ਨੇ ਬਹੁਤ ਸਪੱਸ਼ਟ ਰੂਪ ਵਿੱਚ ਤਾਂ ਮੱਧ ਵਰਗ ਦੀ ਪਰਿਭਾਸ਼ਾ ਨਹੀਨ ਦਿੱਤੀ ਹੈ ਪਰ ਉਹ ਉਸਨੂੰ ਪਰਿਭਾਸ਼ਾ ਦੇ ਦਾਇਰੇ ਵਿੱਚ ਜ਼ਰੂਰ ਬੰਨ੍ਹਣਾ ਚਾਹੁੰਦੇ ਹਨ। ਉਹ ਲਿਖਦੇ ਹਨ:

*ਅਸਲੀਅਤ ਵਿੱਚ ਨਾ ਤਾਂ ਭਾਰਤੀ ਅਤੇ ਨਾ ਪੱਛਮੀ ਮੱਧ ਵਰਗ, ਮੱਧ ਵਿੱਚ ਹੈ, ਭਾਰਤ ਵਿੱਚ ਤਾਂ ਹਕੀਕਤ ਵਿੱਚ ਜੋ ਬਿਹਤਰ ਜ਼ਿੰਦਗੀ ਬਿਤਾਉਂਦਾ ਹੈ ਆਪਣੇ ਆਪ ਨੂੰ ਮੱਧ ਵਰਗ ਕਹਿੰਦਾ ਹੈ ਅਤੇ ਪੱਛਮ ਵਿੱਚ ਤਾਂ ਮੱਧ ਵਰਗ ਦਾ ਸਮਾਜਿਕ ਆਧਾਰ ਇੰਨਾਂ ਵਿਸ਼ਾਲ ਹੈ ਕਿ ਉਥੇ ਦੀ ਸੰਪੂਰਨ ਜੰਨਸੰਖਿਆ ਹੀ ਮੱਧ ਵਰਗ ਕਹਿਲਾਉਂਦੀ ਹੈ। ਉਨ੍ਹਾਂ ਦੇਸ਼ਾਂ ਵਿੱਚ ਮੱਧ ਵਰਗ ਨੂੰ ਕੇਵਲ ਉਭੋਗ ਨਾਲ ਨਹੀਂ ਜੋੜਦੇ। ਉਥੇ ਇਹ ਦੇਖਿਆ ਜਾਂਦਾ ਹੈ ਕਿ ਮੱਧ ਵਰਗ ਆਪਣੇ ਆਪਨੂੰ ਸਮਾਜ ਦੇ ਦੂਸਰੇ ਲੋਕਾਂ ਦੇ ਨਾਲ ਅਤੇ ਵਾਸਤਵ ਵਿੱਚ ਸੰਪੂਰਨ ਸਮਾਜ ਦੇ ਨਾਲ ਆਪਣੇ ਆਪਨੂੰ ਜੋੜਦਾ ਹੈ।*

ਦੇਖਿਆ ਜਾਏ ਤਾਂ ਪੱਛਮ ਦੇ ਮੱਧ ਵਰਗ ਦੀ ਤੁਲਣਾ ਭਾਰਤ ਦੇ ਮੱਧ ਵਰਗ ਨਾਲ ਨਹੀਂ ਕੀਤੀ ਜਾ ਸਕਦੀ। ਇੱਥੇ ਦਾ ਮੱਧ ਵਰਗ ਤਾਂ 'ਖਾਊ' ਹੈ। ਪੱਛਮ ਵਿੱਚ ਮੱਧ ਵਰਗ ਦੇ ਖਾਤੇ ਵਿੱਚ ਕਈ ਉਪਲਬਧੀਆਂ ਹਨ। ਉਥੇ ਪ੍ਰਜਾਤੰਤਰ ਦਾ ਨਿਗਰਾਨ ਮੱਧ ਵਰਗ ਹੈ। ਉਥੋਂ ਦੇ ਨਾਗਰਿਕ ਸਮਾਜ (Civil Society) ਨੇ ਸਰਕਾਰ ਦੇ ਨਾਲ ਇੱਕ ਅੰਦੋਲਨ ਚਲਾ ਰੱਖਿਆ ਹੈ। ਉਥੋਂ ਦੇ ਮੱਧ ਵਰਗ ਨੇ ਜਗੀਰਦਾਰੀ ਪਰੰਪਰਾ ਦੇ ਗੜ੍ਹ ਨੂੰ ਉਖਾੜ ਕੇ ਰੱਖ ਦਿੱਤਾ ਹੈ। ਉਹ ਉਹੀ ਵਰਗ ਹੈ ਜਿਸਨੇ ਉਥੇ ਵਿਅਤੀਵਾਦੀ ਯੁੱਗ ਨੂੰ ਹੌਂਸਲਾ ਦਿੱਤਾ ਹੈ। ਭਾਰਤ

ਨੋਟ

ਵਿੱਚ ਮੱਧ ਵਰਗ ਨੇ ਐਸਾ ਕੁੱਝ ਨਹੀਂ ਕੀਤਾ। ਬਹੁਤ ਸਮਾਂ ਪਹਿਲਾਂ ਬੀ.ਬੀ. ਮਿਸ਼ਰਾ ( The Indian Middle Classes, 1961) ਨੇ ਭਾਰਤ ਦੇ ਮੱਧ ਵਰਗਾਂ 'ਤੇ ਅਖਤਿਆਰ ਰੂਪ ਨਾਲ ਲਿਖਿਆ ਸੀ। ਉਹ ਕਹਿੰਦੇ ਹਨ ਕਿ ਭਾਰਤ ਵਿੱਚ ਬੁਰਜੁਆ ਪੂੰਜੀਵਾਦ ਦੇ ਵਿਕਾਸ ਦੇ ਨਾਲ ਮੱਧ ਵਰਗ ਦਾ ਉਦੈ ਹੋਇਆ ਹੈ। ਮੱਧ ਵਰਗ ਤਨਖ਼ਾਹ ਲੈਣ ਵਾਲਾ ਵਰਗ ਹੈ ਜੋ ਸਰਕਾਰੀ ਦਫ਼ਤਰਾਂ, ਵਪਾਰੀ ਸੰਗਠਨਾਂ, ਉਦਯੋਗਿਕ ਵਪਾਰ ਵਿੱਚ ਕੰਮ ਕਰਦਾ ਹੈ। ਇਸ ਵਰਗ ਦੇ ਅੰਤਰਗਤ ਉਹ ਵਪਾਰੀ, ਏਜੰਟ, ਵਪਾਰਾਂ ਦੇ ਭਾਗੀਦਾਰ, ਡਾਰੇਕਟਰ, ਪ੍ਰਸ਼ਾਸਕ, ਬੈਂਕ ਵਪਾਰੀ ਅਤੇ ਨਿੱਜੀ ਤੌਰ 'ਤੇ ਚਲਾਏ ਜਾਣ ਵਾਲੇ ਕਾਰਖਾਨਿਆਂ ਦੇ ਵਪਾਰੀਆਂ ਸਾਮਿਲ ਹੁੰਦੇ ਹਨ। ਇਸ ਵਰਗ ਵਿੱਚ ਕਰਮਚਾਰੀ ਅਤੇ ਗੈਰ-ਮਿਹਨਤੀ ਕਰਮਚਾਰੀ ਵੀ ਸ਼ਾਮਿਲ ਕੀਤੇ ਜਾਂਦੇ ਹਨ। ਇਸ ਵਰਗ ਵਿੱਚ ਸਿੱਖਿਅਕ ਸੰਸਥਾਵਾਂ ਦੇ ਅਧਿਅਕਸ਼ਕ, ਨਗਰਪਾਲਿਕਾ ਦੇ ਕਰਮਚਾਰੀ ਅਤੇ ਸਰਕਾਰੀ ਅਤੇ ਰਾਜਨੀਤਕ ਕਰਮਚਾਰੀ ਵੀ ਸ਼ਾਮਿਲ ਹਨ।

ਜੋਗਿੰਦਰ ਸਿੰਘ ਮੱਧ ਵਰਗ ਦੇ ਨਿਕਾਸ ਦੇ ਸਿਲਸਿਲੇ ਵਿੱਚ ਇਸ ਵਰਗ ਦੀ ਪਰਿਭਾਸ਼ਾ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਵਰਗ ਦੀ ਸਭ ਤੋਂ ਪਹਿਲੀ ਵਾਰ ਪਹਿਚਾਣ ਇੱਕ ਨਵੀਂ ਅਮੀਰ ਜਾਤ ਵਰਗ ਦੇ ਰੂਪ ਵਿੱਚ ਹੋਈ। 19ਵੀਂ ਸਦੀ ਦੇ ਅੰਤ ਵਿੱਚ ਜਦ ਅੰਗਰੇਜ਼ਾਂ ਨੇ ਅੰਗਰੇਜ਼ੀ ਸਿੱਖਿਆ ਦੀ ਸ਼ੁਰੂਆਤ ਇਸ ਦੇਸ਼ ਵਿੱਚ ਕੀਤਾ ਤਦ ਉਨ੍ਹਾਂ ਨੇ ਮੱਧ ਵਰਗ ਦੀ ਪਹਿਚਾਣ ਪੜ੍ਹੇ-ਲਿਖੇ ਲੋਕਾਂ ਦੇ ਨਾਲ ਕੀਤੀ। ਉਨ੍ਹਾਂ ਦੇ ਅਨੁਸਾਰ ਤਦ ਮੱਧ ਵਰਗ ਉਹ ਸੀ ਜਿਸਨੇ ਅੰਗਰੇਜ਼ੀ ਸਿੱਖਿਆ ਪ੍ਰਾਪਤ ਕੀਤੀ ਸੀ ਅਤੇ ਉਦਾਰਵਾਦੀ ਵਿਚਾਰਧਾਰਾ ਉਸਦਾ ਮੁਹਾਵਰਾ ਸੀ। ਇਹ ਮੱਧ ਵਰਗ ਧਾਰਮਿਕ ਅਤੇ ਸੰਸਕ੍ਰਿਤਿਕ ਸੁਧਾਰ ਦਾ ਲਿਖਾਰੀ ਸੀ। ਇੰਦੇਨ (Inden) ਜਿਹੇ ਲੇਖ਼ਕਾਂ ਨੇ ਮੱਧ ਵਰਗ ਨੂੰ ਬਾਬੂ ਵਰਗ ਦੀ ਤਰ੍ਹਾਂ ਪਹਿਚਾਣ ਸੀ।ਜੇਕਰ ਜੋਗਿੰਦਰ ਸਿੰਘ ਦੀ ਪਰਿਭਾਸ਼ਾ ਦੀ ਵਿਆਖਿਆ ਕੀਤੀ ਜਾਵੇ ਤਾਂ ਕਹਿਣਾ ਹੋਵੇਗਾ ਕਿ ਮੱਧ ਵਰਗ ਵਾਕਈ ਉੱਚ ਵਰਗ ਹੈ।ਇਸ ਵਰਗ ਦੀ ਅੰਗਰੇਜ਼ੀ ਭਾਸ਼ਾ ਵਿੱਚ ਦਿਲਚਸਪੀ ਹੈ ਅਤੇ ਇਹ ਵਰਗ ਪੱਛਮ ਨੂੰ ਆਪਣਾ ਅਨੁਕਰਨ ਮਾਡਲ ਮੰਨਦਾ ਹੈ। ਇੱਥੇ ਪਰਿਭਾਸ਼ਾਵਾਂ ਦੇ ਆਧਾਰ 'ਤੇ ਕੁੱਝ ਜ਼ਿਆਦਾ ਨਹੀਂ ਕਿਹਾ ਜਾ ਸਕਦਾ। ਹਰ ਇੱਕ ਪਰਿਭਾਸ਼ਾ ਆਪਣੇ ਆਪ ਵਿੱਚ ਪੂਰੀ ਨਹੀਂ ਹੈ ਫਿਰ ਵੀ ਸੁਵਿਧਾ ਦੇ ਲਈ ਇਹ ਜ਼ਰੂਰੀ ਨਹੀਂ ਕਿਹਾ ਜਾ ਸਕਦਾ ਹੈ ਕਿ ਮੱਧ ਵਰਗ ਉਹ ਹੈ ਜੋ ਸਫ਼ੈਦ-ਪੋਸ਼ ਹੈ, ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਦੇ ਹਨ, ਉਦਯੋਗਿਕ ਸੰਗਠਨਾਂ ਵਿੱਚ ਦਫ਼ਤਰ ਚਲਾਉਂਦਾ ਹੈ, ਦਲਾਲ ਹੈ, ਵਪਾਰੀ ਹੈ, ਇੰਜਨੀਅਰ ਹੈ, ਵਕੀਲ ਹੈ ਜਾਂ ਡਾਕਟਰ ਹੈ। ਨਿਸ਼ਚਿਤ ਰੂਪ ਨਾਲ ਇਹ ਵਰਗ ਕਿਸੇ ਵੀ ਸਥਿਤੀ ਵਿੱਚ ਸਰੀਰਕ ਮਿਹਨਤ ਨਹੀਂ ਕਰਦਾ।

## ਮੱਧ ਵਰਗ ਦੇ ਲੱਛਣ (Characteristics of Middle-Class)

ਹਾਲ ਵਿੱਚ ਮੱਧ ਵਰਗ 'ਤੇ ਜੋ ਥੋੜਾ ਬਹੁਤ ਖੋਜ ਕਾਰਜ ਹੋਇਆ ਹੈ ਉਸਦੇ ਆਧਾਰ 'ਤੇ ਇਸ ਵਰਗ ਦੇ ਕੁੱਝ ਲੱਛਣ ਜਾਂ ਇਸਦੀਆਂ ਕੁੱਝ ਵਿਸ਼ੇਸ਼ਤਾਵਾਂ ਸਪੱਸ਼ਟ ਰੂਪ ਨਾਲ ਸਾਡੇ ਸਾਹਮਣੇ ਆਉਂਦੀਆਂ ਹਨ। ਇੱਥੇ ਅਸੀਂ ਇਸ ਵਰਗ ਦੀਆਂ ਵਿਸ਼ੇਸ਼ਤਾਵਾਂ ਦਾ ਉਲੇਖ ਕਰਾਂਗੇ:

### 1. ਉੱਚ ਉਪਯੋਗ (High Consumption)

ਸਾਡੇ ਅਰਥ-ਸ਼ਾਸ਼ਤਰੀਆਂ ਨੇ ਭਾਰਤੀ ਮੱਧ ਵਰਗ ਦੀ ਬਹੁਤ ਵੱਡੀ ਵਿਸ਼ੇਸ਼ਤਾ ਉਸਦੀ ਉਪਭੋਗ ਕਰਨ ਦੀ ਸ਼ਕਤੀ ਨੂੰ ਦੱਸਿਆ ਹੈ। ਅੱਜ ਦੇ ਔਸਤਨ ਮੱਧ ਵਰਗੀ ਪਰਿਵਾਰ ਦੇ ਕੋਲ ਪਿਛਲੀ ਪੀੜ੍ਹੀ ਦੇ ਮੁਕਾਬਲੇ ਉਪਭੋਗਤਾ ਸਮੱਗਰੀਆਂ ਬਹੁਤ ਜ਼ਿਆਦਾ ਹਨ। ਇਸ ਵਰਗ ਨੂੰ ਸਾਰੀਆਂ ਸੁਵਿਧਾਵਾਂ ਚਾਹੀਦੀਆਂ ਹਨ ਜਿਵੇਂਕਿ ਆਵਾਸ, ਵਾਹਨ, ਸਿੱਖਿਆ, ਪਾਣੀ, ਬਿਜਲੀ, ਆਦਿ। ਘਟਨਾ 1996 ਦੀ ਹੈ: "ਭਾਰਤੀ ਮੱਧ ਵਰਗ ਦੀ ਜੀਵਨ ਸ਼ੈਲੀ ਹਕੀਕਤ ਵਿੱਚ ਅਸਚਰਜ-ਜਨਕ ਹੈ। ਮੈਂ ਅਮਰੀਕਾ ਵਿੱਚ ਇਸ ਪ੍ਰਕਾਰ ਦੀ ਅਮੀਰੀ ਨਹੀਂ ਦੇਖੀ।" ਮਹਿੰਗੀਆਂ ਕਾਰਾਂ, ਅਤਿ ਅਧੁਨਿਕ ਉਪਭੋਗਤਾ ਮਸ਼ੀਨਾਂ, ਡਿਜ਼ਾਈਨਰ ਕੱਪੜੇ ਅਤੇ ਅਨੁਸ਼ੰਗਿਕ ਵਸਤੂਆਂ ਦੇ ਨਾਲ ਜਿਸ ਪੰਜ ਤਾਰਾ ਜੀਵਨ ਸ਼ੈਲੀ ਨੂੰ ਮੱਧ ਵਰਗ ਨੇ ਅਪਣਾ ਆਦਰਸ਼ ਬਣਾਇਆ, ਉਹ ਉਦਾਰੀਕਰਨ ਦੀ ਪ੍ਰਕਿਰਿਆ ਨਾਲ ਉਪਜੇ ਭੋਗਵਾਦੀ ਮਹੌਲ ਦਾ ਹੀ ਨਤੀਜਾ ਸੀ। ਅਸੀਂ ਕਿਸੀ ਵੀ ਦ੍ਰਿਸ਼ਟੀ ਨਾਲ ਦੇਖੀਏ ਤਾਂ ਮੱਧ ਵਰਗ ਦਾ ਬਹੁਤ ਵੱਡਾ ਲੱਛਣ ਉਸਦਾ ਸਦਾ ਵੱਧਦਾ ਰਹਿੰਦਾ ਉਪਭੋਗਤਾਵਾਦ ਹੈ।

### 2. ਪੱਛਮੀ ਨਸ਼ਾ ਜਾਂ ਵੇਸਟੋਕਸੀਕੇਸ਼ਨ (Westoxication)

ਸਾਡੇ ਦੇਸ਼ ਦਾ ਮੱਧ ਵਰਗ ਚੌਵੀ ਘੰਟੇ ਇਕ ਅਜੀਬ ਤਰ੍ਹਾਂ ਦੇ ਨਸ਼ੇ ਵਿੱਚ ਰਹਿੰਦਾ ਹੈ। ਇਸ ਨਸ਼ੇ ਵਿੱਚ ਉਹ ਪਛਮੀ ਦੇਸ਼ਾਂ ਦਾ

ਅਨੁਕਰਨ ਕਰਦਾ ਹੈ, ਤਦ ਤਾਂ ਬਹੁਤ ਚੰਗਾ ਹੈ। ਅੰਗਰੇਜ਼ੀ ਦੇ ਆਉਣ ਦੇ ਬਾਅਦ ਹੀ ਸਾਡਾ ਇੱਥੇ ਉੱਚੀ ਜਾਤੀਆਂ ਵਿੱਚ ਦੁਬਾਰਾ ਪੈਦਾ ਹੋਈਆਂ ਜਾਤੀਆਂ ਵਿੱਚ ਪੱਛਮੀਕਰਨ ਆ ਗਿਆ ਸੀ। ਤਬਦੀਲ਼ੀ ਦੀ ਇਹ ਇੱਕ ਤੇਜ਼ ਪ੍ਰਕਿਰਿਆ ਹੈ, ਪਰ ਮੱਧ ਵਰਗ ਪੱਛਮੀਕਰਨ ਨਹੀਂ ਕਰਦਾ। ਉਹ ਤਾਂ ਪੱਛਮੀ ਦੇਸ਼ਾਂ ਦੀ ਸੰਸਕ੍ਰਿਤੀ ਨੂੰ ਬਿਨਾਂ ਸੋਚੇ ਇੱਕ ਨਸ਼ੇ ਦੀ ਤਰ੍ਹਾਂ ਅਪਨਾਉਂਦਾ ਹੈ। ਇਸ ਪੱਛਮੀ ਰੀਤੀ-ਰਿਵਾਜ਼ਾਂ ਨੂੰ ਉਹ ਭਾਰਤੀ ਪਰੰਪਰਾ ਦੇ ਹਵਾਲੇ ਵਿੱਚ ਕਦੀ ਕੰਮ ਵਿੱਚ ਨਹੀਂ ਲੈਂਦਾ। ਜਿਸ ਨੂੰ ਅਸੀਂ ਪੱਛਮੀ ਸੰਸਕ੍ਰਿਤੀ ਦਾ ਨਸ਼ਾ ਕਹਿੰਦੇ ਹਾਂ, ਇਸਦਾ ਉਪਯੋਗ ਪਹਿਲੀ ਵਾਰ ਦੀਪਾਂਕਰ ਨੇ ਵੇਸਟੋਕਸੀਕੇਸ਼ਨ (Westoxication) ਦੇ ਨਾਮ ਨਾਲ ਆਪਣੀ ਪੁਸਤਕ ਮਿਸਟੇਕਨ ਮੋਦਰਨਿਟੀ ਵਿੱਚ ਕੀਤਾ ਹੈ। ਉਹ ਕਹਿੰਦੇ ਹਨ ਕਿ ਮੱਧ ਵਰਗ ਬਿਨਾਂ ਸੋਚੇ-ਸਮਝੇ ਵਿਦੇਸ਼ੀ ਕੱਪੜੇ, ਵਪਾਰ ਦੇ ਵਿਵਹਾਰ (Mannerism), ਅਤੇ ਜੀਵਨ ਢੰਗ ਨੂੰ ਅਪਣਾ ਲੈਂਦਾ ਹੈ। ਇਸ ਵਰਗ ਦੇ ਲਈ ਜੋ ਕੁੱਝ ਪੱਛਮ ਦਾ ਹੈ, ਸਭ ਵਧੀਆ ਹੈ, ਅਨੁਕਰਨ ਹੈ।

### 3. ਜ਼ਿਆਦਾ ਤੋਂ ਜ਼ਿਆਦਾ ਧਨ (Excessive Wealth)

ਵਿਧਾਨਸਾਗਰ ਨਾਇਪਾਲ (ਡ਼.ਸ਼. ਓਪਿਓਲ) ਨੇ ਇੱਕ ਯਾਤਰਾ ਵਿਰਤਾਂਤ ਨੂੰ ਆਪਣੀ ਪੁਸਤਕਕ ਇੰਡੀਆ 'ਏ ਮਿਲੀਅਨ ਮਿਊਟੀਨਿਜ' ਵਿੱਚ ਰੱਖਿਆ ਹੈ। ਵੈਸੇ ਤਾਂ ਇਹ ਪੁਸਤਕ ਦੀ ਯਾਤਰਾ ਨੂੰ ਕਲਕੱਤਾ ਤੋਂ ਲੈਕੇ ਕਸ਼ਮੀਰ ਤੱਕ ਦੱਸਦੀ ਹੈ, ਪਰ ਉਸਦਾ ਉਦੇਸ਼ ਦੇਸ਼ ਦੇ ਭਿੰਨ-ਭਿੰਨ ਵਰਗਾਂ ਨਾਲ ਮਿਲਣਾ ਹੈ ਅਤੇ ਭਾਰਤੀ ਸਮਾਜ ਦੇ ਬਾਰੇ ਉਨ੍ਹਾਂ ਦਾ ਜੋ ਦ੍ਰਿਸ਼ਟੀਕੋਣ ਹੈ ਉਸ ਦੀ ਰੇਖਾ ਅੰਕਿਤ ਕਰਨਾ ਹੈ। ਇੱਕ ਲੰਬੀ ਯਾਤਰਾ ਸਮਾਪਤ ਕਰਨ ਦੇ ਬਾਅਦ ਨਾਇਪਾਲ ਇਸ ਨਤੀਜੇ ਪਹੁੰਦੇ ਹਨ ਕਿ ਭਾਰਤ ਦਾ ਹਰ ਆਦਮੀ ਜ਼ਿਆਦਾ ਧਨ ਕਮਾਉਣਾ ਚਾਹੁੰਦਾ ਹੈ। ਧਨ ਦੇ ਇਸ ਲਾਲਚ ਵਿੱਚ ਮੱਧ ਵਰਗ ਸਭ ਤੋਂ ਮੋਢੀ ਹੈ। ਜਿਸ ਨਾਲ ਅੰਗਰੇਜ਼ੀ ਵਿੱਚ ਫਾਸਟ ਬੱਕ ਭਰਨਾ ਕਹਿੰਦੇ ਹਨ ਇਹੀ ਵਿਰਤੀ ਮੱਧ ਵਰਗ ਦੀ ਹੈ। ਧਨ ਦਾ ਨਸ਼ਾ ਮੱਧ ਵਰਗ ਨੂੰ ਧਨ ਕਮਾਉਣ ਦੇ ਸਾਧਣ ਦੇ ਪ੍ਰਤੀ ਬਿਲਕੁਲ ਬੇਖ਼ਬਰ ਕਰ ਦਿੱਤਾ ਹੈ। ਨਾਇਪਾਲ ਤਾਂ ਦੱਸਦਾ ਹੈ ਕਿ ਇਸਤਰੀਆਂ ਜ਼ਿਆਦਾ ਤੋਂ ਜ਼ਿਆਦਾ ਧਨ ਚਾਹੁੰਦੀਆਂ ਹਨ, ਅਤੇ ਇਸ ਲਈ ਉਹ ਪੁਰਸ਼ਾਂ ਨੂੰ ਉਤਸ਼ਾਹਿਤ ਵੀ ਕਰਦੀਆਂ ਹਨ।

### 4. ਨਵਾਂ ਕਰਮਚਾਰੀ ਵਰਗ (New Working Class)

ਕੁੱਝ ਸਾਲਾਂ ਪਹਿਲੇ ਦਿਜੀਲਾਸ-ਇੱਕ ਸਮਾਜਵਾਦੀ ਲੇਖ਼ਕ ਨੇ ਕਿਹਾ ਸੀ ਕਿ ਵਿਘਟਨ ਨਾਲ ਪਹਿਲੇ ਸੋਵਿਅਤ ਸੰਘ ਵਿੱਚ ਇੱਕ ਐਸਾ ਵਰਗ ਪੈਦਾ ਹੋ ਗਿਆ ਸੀ ਜਿਸਦੇ ਸਾਹਮਣੇ ਸਮਾਜਵਾਦ ਦੇ ਸੰਪੂਰਨ ਉਦੇਸ਼ ਸਮਾਪਤ ਹੋ ਗਏ ਸੀ। ਇਸ ਵਰਗ ਨੂੰ ਉਨ੍ਹਾਂ ਨਵਾਂ ਵਰਗ (**New Class**) ਦਾ ਨਾਮ ਦਿੱਤਾ ਹੈ। ਦਰਅਸਲ ਇਹ ਨਵਾਂ ਵਰਗ ਹੀ ਮੱਧ ਵਰਗ ਸੀ। ਇਹ ਵਰਗ ਰੂਸ ਵਿੱਚ ਨਾ ਤਾਂ ਅਮੀਰ ਵਰਗ ਸੀ ਅਤੇ ਨਾ ਕਰਮਚਾਰੀ ਵਰਗ। ਇਸ ਵਰਗ ਨੇ ਆਪਣੀ ਗੰਢ ਵਿੱਚ ਕੁੱਝ ਪੈਸਾ ਬੰਨ੍ਹ ਲਿਆ ਸੀ, ਅਤੇ ਹੌਲੀ-ਹੌਲੀ ਅਮੀਰ ਵਰਗ ਦਾ ਸਥਾਨ ਲੈ ਰਿਹਾ ਸੀ।

### 5. ਸੁਰੱਖਿਆ ਅਤੇ ਪੱਖਪਾਤ (Protection and Partiality)

ਜਦ ਅਸੀਂ ਪੱਛਮੀ ਦੇਸ਼ਾਂ ਵਿੱਚ ਦੇਖੀਏ ਤਾਂ ਉਥੇ ਮੱਧ ਵਰਗ ਕਿਸੇ ਵੀ ਸੁਰੱਖਿਆਪਣ ਅਤੇ ਪੱਖ ਦਾ ਮੋਹਤਾਜ਼ ਨਹੀਂ ਹੁੰਦਾ। ਨਾ ਤਾਂ ਉਹ ਰਾਜ ਨਾਲ ਵਿਸ਼ੇਸ਼ ਅਧਿਕਾਰ ਚਾਹੁੰਦਾ ਹੈ, ਅਤੇ ਨਾ ਕਿਸੇ ਤਰ੍ਹਾਂ ਦਾ ਸੁਰੱਖਿਆ। ਇਹ ਵਰਗ ਤਾਂ ਆਪਣੀ ਖ਼ੁਦ ਦੀ ਸ਼ਕਤੀ ਅਤੇ ਕੁਸ਼ਲਤਾ ਨਾਲ ਅੱਗੇ ਨਿਕਲ ਜਾਂਦਾ ਹੈ। ਸਾਡੇ ਇੱਥੇ ਐਸਾ ਕੁੱਝ ਨਹੀਂ ਹੈ। ਨਾਗਰਿਕ ਸਮਾਜ ਵਿੱਚ ਜੋ ਮੱਧ ਵਰਗ ਉੱਭਰ ਕੇ ਆ ਰਿਹਾ ਹੈ, ਉਹ ਹਰ ਤਰਫ਼ ਤੋਂ ਆਸਰਾ ਲੈਣਾ ਚਾਹੁੰਦਾ ਹੈ। ਚਾਹੁੰਦਾ ਹੈ ਸਰਕਾਰ ਆਮਦਨ ਕਰ ਵਿੱਚ ਉਸਨੂੰ ਜ਼ਿਆਦਾ ਤੋਂ ਜ਼ਿਆਦਾ ਛੂਟ ਦੇ ਦੇਵੇ। ਬੈਂਕ ਵਿੱਚ ਕੰਮ ਕਰਨ ਵਾਲਾ ਮੱਧ ਵਰਗ ਟੂਰਿਜ਼ਮ ਲਈ ਬੈਂਕ ਤੋਂ ਸੁਵਿਧਾ ਚਾਹੁੰਦਾ ਹੈ, ਮਕਾਨ ਦੇ ਲਈ ਘੱਟ ਤੋਂ ਘੱਟ ਵਿਆਜ਼ 'ਤੇ ਕਰਜ਼ ਚਾਹੁੰਦਾ ਹੈ, ਹਰ ਛੂਟ ਦੇ ਨਾਲ ਮੋਟਰ-ਗੱਡੀ ਹੀ ਨਹੀਂ ਪਟਰੌਲ ਦੀ ਸੁਵਿਧਾ ਵੀ ਚਾਹੁੰਦਾ ਹੈ। ਇਹ ਵਰਗ ਇੱਕਦਮ ਉਪਭੋਗਤਾਵਾਦੀ ਹੈ।

### 6. ਗਰੀਬਾਂ 'ਤੇ ਨਿਰਭਰ (Dependence on the Poor)

ਦੀਪਾਂਕਰ ਗੁਪਤਾ ਕਹਿੰਦੇ ਹਨ ਕਿ ਭਾਰਤ ਵਿੱਚ ਮੱਧ ਵਰਗ ਦੇ ਨਿਕਾਸ ਲਈ ਮੌਜੂਦ ਸੁਵਿਧਾਵਾਂ ਹਨ। ਇੱਥੋਂ ਦੀ ਜਨਸੰਖਿਆ ਦਾ ਬਹੁਤ ਵੱਡਾ ਭਾਗ ਸਾਲਾਂ ਤੋਂ ਬੇਰੁਜ਼ਗਾਰੀ ਦੀ ਲਪੇਟ ਵਿੱਚ ਹੈ। ਇਸੇ ਕਾਰਣ ਇੱਥੇ ਮਜ਼ਦੂਰਾਂ ਦੀ ਇੱਕ ਬਹੁਤ ਵੱਡੀ ਫ਼ੌਜ ਘੱਟ ਕੀਮਤ

ਨੋਟ

'ਤੇ ਨੌਕਰੀ ਕਰਨ ਲਈ ਤਿਆਰ ਰਹਿੰਦੀ ਹੈ। ਇਸ ਉਪਲਬਧਤਾ ਨੇ ਮੱਧ ਵਰਗ ਨੂੰ ਜ਼ਿਆਦਾ ਤੋਂ ਜ਼ਿਆਦਾ ਸੁਵਿਧਾਵਾਂ ਦਿੱਤੀਆਂ ਹਨ। ਇਸ ਵਰਗ ਦਾ ਵਿਕਾਸ ਇਨ੍ਹਾਂ ਗਰੀਬ ਵਰਗਾਂ ਦੇ ਸ਼ੋਸ਼ਣ 'ਤੇ ਨਿਰਭਰ ਹੈ। ਹਰ ਮੱਧ ਵਰਗ ਵਿੱਚ ਘਰ ਦੇ ਕੰਮਾਂ ਦੇ ਲਈ ਗਰੀਬ ਇਸਤਰੀਆਂ ਬਹੁਤ ਘੱਟ ਪੈਸੇ ਲੈ ਕੇ ਕੰਮ ਕਰਨ ਲਈ ਮਿਲ ਜਾਂਦੀਆਂ ਹਨ।

7. **ਸ਼ਾਨੋਂ-ਸ਼ੌਕਤ ਅਤੇ ਕਦਰਾਂ-ਕੀਮਤਾਂ ਦੀ ਬੇਰੁਖੀ (Avoidance of Norms and Values)**

ਪਵਨ ਕੁਮਾਰ ਵਰਮਾ ਨੇ ਭਾਰਤ ਦੇ ਮੱਧ ਵਰਗ ਦੀ ਇੱਕ ਅਜੀਬ ਕਥਾ ਦੱਸੀ ਹੈ। ਉਹ ਕਹਿੰਦੇ ਹਨ ਕਿ ਇਹ ਵਰਗ ਨਾ ਤਾਂ ਰਾਜ, ਕਾਨੂੰਨ ਅਤੇ ਨਾ ਸਮਾਜ ਦੇ ਨਿਯਮ-ਅਪਨਿਯਮ ਨੂੰ ਸਵੀਕਾਰ ਮੰਨਦਾ ਹੈ, ਅਤੇ ਨਾ ਕਿਸੇ ਨੈਤਿਕਤਾ ਨੂੰ ਸਵਕਿਾਰ ਕਰਦਾ ਹੈ, ਸਥਿਤੀ ਤਾਂ ਇੱਥੋਂ ਤੱਕ ਬਣ ਗਈ ਕਿ ਮੱਧ ਵਰਗ ਕਦੀ ਕਿਸੇ ਨਿਯਮ ਨੂੰ ਸਵੀਕਾਰ ਨਹੀਂ ਕਰਦਾ। ਨਿਯਮ ਤਾਂ ਆਮ ਲੋਕਾਂ ਦੇ ਲਈ ਬਣੇ ਹਨ। ਮੱਧ ਵਰਗ ਦਾ ਆਦਮੀ ਤਾਂ ਕਤਾਰ ਵਿੱਚ ਖੜ੍ਹਾ ਹੀ ਨਹੀਂ ਹੁੰਦਾ ਉਹ ਤਾਂ ਕਿਸੇ ਨਾ ਕਿਸੇ ਤਰ੍ਹਾਂ ਨਾਲ ਆਪਣੇ ਕੰਮ ਨੂੰ ਪੂਰਾ ਕਰਨਾ ਚਾਹੁੰਦਾ ਹੈ। ਬੁਨਿਆਦੀ ਰੂਪ ਨਾਲ ਮੱਧ ਵਰਗ ਸੱਤਾਵਾਦੀ ਹੈ। ਅਤੇ ਜਦ ਇੰਦਰਾ ਗਾਂਧੀ ਨੇ ਐਮਰਜੈਂਸੀ ਦੀ ਘੋਸ਼ਣਾ ਕੀਤੀ ਸੀ ਤਦ ਇਸ ਵਰਗ ਨੂੰ ਸਭ ਤੋਂ ਜ਼ਿਆਦਾ ਖੁਸ਼ੀ ਹੋਈ ਸੀ। ਇਸ ਨੇ ਐਮਰਜੈਂਸੀ ਦਾ ਭਰਭੂਰ ਫ਼ਾਇਦਾ ਚੁਕਿਆ ਅਤੇ ਗਰੀਬ ਵਰਗ ਐਮਰਜੈਂਸੀ ਦੌਰਾਨ ਕਰਹਾਉਂਦਾ ਰਿਹਾ।

8. **ਫ਼ਰਜ਼ੀ ਧਰਮ ਪ੍ਰੇਮ (False Love for Religion)**

ਇਹ ਆਮ ਜਾਣਕਾਰੀ ਹੈ ਕਿ ਇਸ ਦੇਸ਼ ਵਿੱਚ ਧਰਮ ਪ੍ਰੇਮ ਦਾ ਇੱਕ ਨਵਾਂ ਸੈਲਾਬ ਫੁੱਟਦਾ ਹੈ। ਐਸੇ ਸਥਾਨਕ ਦੇਵੀ-ਦੇਵਤੇ ਜਿਨ੍ਹਾਂ ਨੂੰ ਕੋਈ ਨਹੀਂ ਜਾਣਦਾ ਸੀ, ਹੁਣ ਉੱਭਰਕੇ ਅਟੁੱਟ ਭਗਤੀ ਦੇ ਪਾਤਰ ਬਣ ਗਏ ਹਨ। ਗਨੇਸ਼ ਮਹਾ-ਉਤਸਵ, ਸ਼ਿਵਰਤਰੀ, ਗਰਬੇ ਆਦਿ ਨਵੇਂ ਧਾਰਮਿਕ ਉਤਸਵ ਹਨ ਜਿਨ੍ਹਾਂ ਨੂੰ ਵਾਧਾ ਦੇਣ ਦਾ ਕੰਮ ਮੱਧ ਵਰਗ ਨੇ ਕੀਤਾ ਹੈ। ਤੀਰਥ ਸਥਾਨਾਂ 'ਤੇ ਜਾਂ ਤਰਿਥ ਸਥਨਾਂ ਨੂੰ ਜਾਣ ਵਾਲੀਆਂ ਗੱਡੀਆਂ ਵਿੱਚ ਤਿਲ ਰੱਖਣ ਨੂੰ ਜਗ੍ਹਾ ਨਹੀਂ ਹੁੰਦੀ, ਇਹ ਸਭ ਮੱਧ ਵਰਗ ਦਾ ਕਰਿਸ਼ਮਾ ਹੈ। ਇਹ ਸਮਝਣਾ ਭੁੱਲ ਹੋਵੇਗੀ ਕਿ ਧਰਮ ਦੇ ਪ੍ਰਤੀ ਲੋਕਾਂ ਦੀ ਸ਼ਰਧਾ ਵੱਧ ਗਈ ਹੈ। ਹਕੀਕਤ ਤਾਂ ਇਹ ਹੈ ਕਿ ਮੱਧ ਵਰਗ ਦੇ ਜ਼ਿਆਦਾ ਉਪਭੋਗਤਾਵਾਦ ਇੱਕ ਅੰਗ ਇਹ ਧਾਰਮਿਕ ਸ਼ੋਸ਼ੇਵਾਜੀ ਹੈ। ਇਸ ਤਰਫ਼ ਸੰਕੇਤ ਕਰਦੇ ਹੋਏ ਪਵਨ ਕੁਮਾਰ ਵਰਮਾ ਲਿਖਦੇ ਹਨ:

*ਭਾਰਤੀ ਮੱਧ ਵਰਗ ਦੀ ਵਿਚਾਰਧਾਰਾ ਪ੍ਰਵਿਰਤੀਆਂ ਦਾ ਤਦ ਤੱਕ ਕੋਈ ਵਸਤੂਗਤ ਅੰਦਾਜ਼ਾ ਨਹੀਂ ਲਗਾਇਆ ਜਾ ਸਕਦੀ ਜਦ ਤੱਕ ਉਸ 'ਤੇ ਪੜ੍ਹਣ ਵਾਲੇ ਹਿੰਦੂ ਧਰਮ ਦੇ ਪ੍ਰਭਾਵ 'ਤੇ ਵਿਚਾਰ ਨਏ ਕੀਤਾ ਜਾਵੇ ਮੱਧ ਵਰਗ ਦੇ ਜ਼ਿਆਦਾ ਮੈਂਬਰਾਂ ਨੂੰ ਹਿੰਦੂ ਧਰਮ ਬੂੰਦਾਂ ਵਿੱਚ ਮਿਲਦਾ ਰਿਹਾ ਹੈ ਅਤੇ ਅੱਜ ਵੀ ਇਹ ਸਥਿਤੀ ਬਦਲੀ ਨਹੀਂ ਹੈ।*

ਭਾਰਤੀ ਸਮਾਜ ਦੇ ਕਈ ਅਲੋਚਕਾਂ ਦਾ ਕਹਿਣਾ ਹੈ ਕਿ ਸਾਡੇ ਇੱਥੇ ਸੰਪਰਦਾਇਕਤਾ ਦੀ ਜੋ ਵਿਅਕਤੀ ਬਾਬਰੀ ਮਸਜਿਦ, ਮੁੰਬਈ ਵਿਸਫੋਟ ਅਤੇ ਇੰਦਰਾ ਗਾਂਧੀ ਦੀ ਮੌਤ ਦੇ ਬਾਅਦ ਜੋ ਹਿੰਸਾਤਮਕ ਤਣਾਉ ਦਿੱਲੀ ਵਿੱਚ ਹੋਇਆ, ਉਸ ਸਭ ਦੇ ਪਿੱਛੇ ਮੱਧ ਵਰਗ ਦੇ ਮੈਂਬਰਾਂ ਦੀ ਘਟੀਆ ਭੂਮੀਕਾ ਹੈ। ਮੱਧ ਵਰਗ ਖ਼ੁਦਗਰਜ਼ ਹੈ ਅਤੇ ਆਪਣੇ ਹਿੱਤਾਂ ਦੀ ਪੂਰਤੀ ਵਿੱਚ ਉਹ ਕੁੱਝ ਵੀ ਕਰ ਸਕਦਾ ਹੈ।

9. **ਉਦਾਰੀਕਰਨ ਅਤੇ ਉਪਭੋਗਤਾਵਾਦ (Liberalization and Consumerism)**

ਅੱਜ ਦੇਸ਼ ਵੈਸ਼ਵੀਕਰਨ ਅਤੇ ਉਦਾਰੀਕਰਨ ਦੀ ਪ੍ਰਕਿਰਿਆਵਾਂ ਦੇ ਵਿੱਚੋਂ ਗੁਜ਼ਰ ਰਿਹਾ ਹੈ। ਇਨ੍ਹਾਂ ਪ੍ਰਕਿਰਿਆਵਾਂ ਦਾ ਜ਼ਿਆਦਾ ਲਾਭ ਮੱਧ ਵਰਗ ਨੇ ਲਿਆ ਹੈ। ਉਦਾਰੀਕਰਨ ਦੀ ਨਿਤੀਆਂ ਦੇ ਪ੍ਰਭਾਵ ਨੂੰ ਜੇਕਰ 1991 ਤੱਕ ਭਾਰਤੀ ਮੱਧ ਵਰਗ ਦੇ ਸਿਲਸਿਲੇਵਾਰ ਵਿਕਾਸ ਦੀ ਰੌਸ਼ਨੀ ਵਿੱਚ ਦੇਖਿਆ ਜਾਏ ਤਾਂ ਸਾਫ਼ ਹੋ ਜਾਂਦਾ ਹੈ ਕਿ ਇਸਦੇ ਕਾਰਣ ਇਸ ਵਰਗ ਦੀ ਉਪਭੋਗਤਾ ਲਾਲਸਾਵਾਂ ਕਿਸੇ ਵੀ ਪ੍ਰਕਾਰ ਦੇ ਸਵਰ ਅਤੇ ਸੰਕੋਚ ਦੇ ਦਿਖਾਵੇ ਨਾਲ ਵੀ ਮੁਕਤ ਹੋ ਜਾਣ ਵਾਲੀ ਸੀ। ਮੱਧ ਵਰਗ ਇਸ ਨਵੀਂਂ ਨੀਤੀ ਦਾ ਪੂਰਾ ਲਾਭ ਉਠਾਉਂਦਾ ਹੈ। ਜੇਕਰ ਭ੍ਰਿਸ਼ਟਾਚਾਰ ਦਾ ਕੋਈ ਸਹੀ ਖਾਕਾ ਤਿਆਰ ਹੋ ਸਕੇ ਤਾਂ ਇਸ ਵਿੱਚ ਮੱਧ ਵਰਗ ਦੇ ਮੈਂਬਰ ਜ਼ਿਆਦਾ ਹੋਣਗੇ।

ਇੱਥੇ ਇਹ ਗੱਲ ਜ਼ਰੂਰ ਕਹਿਣੀ ਚਾਹੀਦੀ ਹੈ ਕਿ ਮੱਧ ਵਰਗ ਸੰਪੂਰਨ ਰੂਪ ਤੋਂ ਸਜਾਤੀ (Homogenous) ਨਹੀਂ ਹੈ। ਇਸ ਇੱਕ ਵਰਗ ਵਿੱਚ ਵੰਡ ਹੈ। ਇੱਕ ਮੱਧ ਵਰਗ ਤਾਂ ਐਸਾ ਵਰਗ ਜੋ ਪੁਰਾਣੇ ਸਮੇਂ ਤੋਂ ਚੱਲਿਆ ਆ ਰਿਹਾ ਹੈ। ਪਿੰਡਾਂ ਵਿੱਚ ਐਸਾ ਮੱਧ ਵਰਗ ਸਾਬਕਾ ਜਿਮੀਂਦਾਰਾਂ ਅਤੇ ਜਗੀਰਦਾਰਾਂ ਦਾ ਹੈ ਅਤੇ ਸ਼ਹਿਰਾਂ ਵਿੱਚ ਕਿਸੇ ਜਮਾਨੇ ਦੇ ਸੇਠ-ਸਾਹੂਕਾਰਾਂ ਦਾ ਹੈ। ਮੱਧ ਵਰਗ ਦੀ ਦੂਸਰੀ ਸ਼੍ਰੇਣੀ ਉੱਚ ਮੱਧ ਵਰਗ (Upper Middle Class) ਦੀ ਹੈ। ਇਹ ਮੱਧ ਵਰਗ ਰਾਜਸੀ ਵਰਗ ਦੀ ਪ੍ਰਸਥਿਤੀ ਨੂਮ ਪਾਉਣ ਦੀ ਦੌੜ ਵਿੱਚ ਹੈ ਅਤੇ ਸਭ ਤੋਂ ਨੀਚਾ ਮੱਧ ਵਰਗ ਨੀਵਾਂ ਮੱਧ ਵਰਗ (Lower Middle Class) ਹੈ। ਮੱਧ ਵਰਗ ਦੀ ਇਹ ਸ਼੍ਰੇਣੀਆਂ ਉੱਚ

ਨੋਟ

ਮੱਧ ਵਰਗ ਵਿਜਾਤੀ (Hetogeneity) ਹੈ। ਇਸ ਅੰਤਰ ਦੇ ਹੁੰਦੇ ਹੋਏ ਵੀ ਨਿਸ਼ਚਿਤ ਰੂਪ ਤੋਂ ਇੱਕ ਨਕਾਰਾਤਮਿਕ (Negative) ਵਰਗ ਹੈ। ਇਸ ਵਰਗ ਨੂੰ ਕੋਈ ਪ੍ਰਕਾਰ ਦੇ ਵਿਸ਼ੇਸ਼ ਅਧਿਕਾਰ ਹੈ। ਪੱਛਮ ਦੇ ਮੱਧ ਵਰਗਾਂ ਦੀ ਤੁਲਣਾ ਵਿੱਚ ਭਾਰਤੀ ਮੱਧ ਵਰਗ ਗਰੀਬ ਹੈ ਪਰ ਇਸਦੇ ਨੀਵੇਂ ਜੋ ਵਰਗ ਹੈ, ਉਨ੍ਹਾਂ ਤੋਂ ਇਹ ਉੱਪਰ ਹੀ ਹੈ। ਜਦਕਿ ਸੱਚਾਈ ਨਾਲ ਦੇਖਿਆ ਜਾਏ ਤਾਂ ਮੱਧ ਵਰਗ ਦੀ ਦੁਨੀਆ ਇੱਕ ਦਮ ਅਲੱਗ ਹੈ ਅਤੇ ਗਰੀਬ ਵਰਗਾਂ ਦੀ ਅਲੱਗ। ਮੱਧ ਵਰਗ 'ਤੇ ਕਿਸੇ ਵੀ ਟਿੱਪਣੀ ਨੂੰ ਜੜ੍ਹਣ ਤੋਂ ਪਹਿਲਾਂ ਇਹ ਸਪੱਸ਼ਟ ਰੂਪ ਨਾਲ ਕਿਹਾ ਜਾਣਾ ਚਾਹੀਦਾ ਹੈ ਕਿ ਇਸ ਵਰਗ ਦੇ ਲਈ ਉਪਭੋਗ ਨਿਧਾਰਕ ਤੱਥ ਹੈ। ਇਹ ਵਰਗ ਜ਼ਿਆਦਾ ਤੋਂ ਜ਼ਿਆਦਾ ਵਸਤੂਆਂ ਨੂੰ ਕੰਮ ਵਿੱਚ ਲੈਣਾ ਚਹੁੰਦਾ ਹੈ, ਅਤੇ ਇਹੀ ਇਸਦੀ ਪਰਿਭਾਸ਼ਾ ਹੈ।

## 14.2 ਭਾਰਤ ਵਿੱਚ ਮੱਧ ਵਰਗ ਦੇ ਨਿਕਾਸ ਦੀਆਂ ਪ੍ਰਸਥਿਤੀਆਂ (Conditions of the Emergence of Middle Class in India)

ਭਾਰਤ ਦੇਸ਼ ਵਿੱਚ ਜਦ ਉਦਯੋਗ-ਧੰਦੇ ਬਹੁਤ ਥੋੜੇ ਸਨ ਅਤੇ ਇਸਦੀ ਪ੍ਰਕ੍ਰਿਤੀ ਇੱਕ ਕਿਸਾਨ ਪ੍ਰਧਾਨ ਦੇਸ਼ ਦੀ ਸੀ, ਤਦ ਇੱਥੇ ਮੱਧ ਵਰਗ ਨਹੀਂ ਸੀ। ਪਿੰਡਾਂ ਵਿੱਚ ਪਰੰਪਰਾਗਤ ਧਨਾਡ ਵਰਗ ਸੀ ਜੋ ਪੁਸ਼ਤੈਨੀ ਸੀ। ਜਿਮੀਂਦਾਰ, ਜਗੀਰਦਾਰ ਅਤੇ ਦੁਬਾਰਾ ਪੈਦਾ ਹੋਈਆਂ ਜਾਤੀਆਂ ਦੇ ਲੋਕ ਸਮਾਜਿਕ ਵਿਵਸਥਾ ਵਿੱਚ ਉੱਚਾ ਸਥਾਨ ਰੱਖਦੇ ਸਨ। ਇਸ ਵਰਗ ਨੂੰ ਛੱਡਕੇ ਬਾਕੀ ਸਭ ਜਨਤਾ ਸੀ। ਇਸ ਧਨੀ ਵਰਗ ਵਿੱਚ ਇੱਕ ਨਸ਼ਾ ਸੀ ਜੋ ਇਸਨੂੰ ਦੂਸਰੇ ਵਰਗਾਂ ਤੋਂ ਅਲੱਗ ਕਰ ਦਿੰਦਾ ਹੈ। ਹਿੰਦੀ ਦੇ ਕਹਾਣੀਕਾਰ ਪ੍ਰੇਮਚੰਦ ਨੇ ਇੱਕ ਕਹਾਣੀ ਲਿਖੀ ਸੀ ਜਿਸਦਾ ਸਿਰਲੇਖ ਨਸ਼ਾ ਸੀ। ਇਸ ਕਹਾਣੀ ਦਾ ਨਾਇਕ ਈਸ਼ਵਰੀ ਹੈ ਜੋ ਜਿਮੀਂਦਾਰ ਮਿਤਰ ਦੇ ਘਰ ਮਹਿਮਾਨ ਦੀ ਤਰ੍ਹਾਂ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਜਾਂਦਾ ਹੈ। ਸ਼ਾਮ ਨੂੰ ਮੂੰਹ-ਹਨੇਰੇ ਉਹ ਆਪਣੇ ਕਮਰੇ ਚਿੱ ਬੈਠਾ ਹੈ। ਕੋਲ ਇੱਕ ਲਾਲਟੈਣ ਅਤੇ ਸੀਖਾਂ ਦੀ ਡੱਬੀ ਪਈ ਹੈ ਅਤੇ ਉਹ ਖ਼ੁਦ ਲਾਲਟੈਣ ਨਹੀਂ ਜਲਾਉਂਦਾ ਹੈ। ਉਸਨੂੰ ਹਨੇਰਾ ਪਸੰਦ ਹੈ। ਉਹ ਕਹਿੰਦਾ ਹੈ ਕਿ ਲਾਲਟੈਣ ਜਲਾਉਣ ਦਾ ਕੰਮ ਉਸਦਾ ਨਹੀਂ ਹੈ। ਇਸਨੂੰ ਤਾਂ ਜਿਮੀਂਦਾਰ ਦਾ ਨੌਕਰ ਹੀ ਜਲਾਏਗਾ। ਇਹ ਜਿਮੀਂਦਾਰੀ ਦਾ ਨਸ਼ਾ ਹੈ। ਪਰੰਪਰਾਗਤ ਮੱਧ ਵਰਗ ਇਸ ਦੇਸ਼ ਵਿੱਚ ਵਪਾਰੀਕਰਨ ਅਤੇ ਉਦਯੋਗੀਕਰਨ ਦੇ ਬਾਅਦ ਆਇਆ।

> ਕੀ ਤੁਸੀਂ ਜਾਣਦੇ ਹੋ ? ਭਾਰਤ ਵਿੱਚ ਮੱਧ ਵਰਗ ਇਤਿਹਾਸ ਦੀ ਉਪਜ ਹੈ।

ਜੋਗਿੰਦਰ ਸਿੰਘ ਨੇ ਆਪਣੀ ਪੁਸਤਕ ਸੋਸ਼ਲ ਚੇਂਜ ਇੰਨ ਇੰਡੀਆ: ਕਰਾਈਸਿਸ ਐਂਡ ਰੇਜੀਲੇਂਸ (Social Change in India : Crises and Resilience, 1993) ਵਿੱਚ ਕਿਹਾ ਹੈ ਕਿ ਭਾਰਤ ਵਿੱਚ ਮੱਧ ਵਰਗ ਦਾ ਨਿਕਾਸ ਵਪਾਰੀਕਰਨ ਦੀ ਵਿਧੀ ਅਤੇ ਉਦਯੋਗਿਕ ਵਿਕਾਸ ਦੇ ਨਾਲ ਆਇਆ ਹੈ। ਅੰਗਰੇਜ਼ੀ ਨੇ ਸਾਡੇ ਇੱਥੇ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਇਸਦੇ ਕਾਰਣ ਵਿਦੇਸ਼ੀ ਅਤੇ ਸਥਾਨਕ ਧਨੀਆਂ ਨੇ ਪੂੰਜੀ ਦਾ ਨਿਕਾਸ ਉਦਯੋਗ ਅਤੇ ਤਕਨੀਕੀ ਦੋਨਾਂ ਵਿੱਚ ਕੀਤਾ। ਇਸਦਾ ਨਤੀਜਾ ਇਹ ਹੋਇਆ ਕਿ ਇੱਥੇ ਉਧਮਸ਼ੀਲਤਾ (Entrepreneurship) ਦਾ ਤੇਜ਼ੀ ਨਾਲ ਵਿਕਾਸ ਹੋਇਆ। ਨਤੀਜਾ ਇਹ ਹੋਇਆ ਕਿ ਸ਼ਹਿਰਾਂ ਵਿੱਚ ਮੱਧ ਵਰਗ ਦਾ ਨਿਕਾਸ ਹੋਇਆ ਅਤੇ ਇੱਧਰ ਪਿੰਡਾਂ ਵਿੱਚ ਵੀ ਇਸੇ ਤਰ੍ਹਾਂ ਦਾ ਇੱਕ ਨਵਾਂ ਵਰਗ ਪੈਦਾ ਹੋਇਆ। ਹੁਣ ਵੱਡੀ ਮਾਤਰਾ ਵਿੱਚ ਸਰਕਾਰੀ ਕਰਮਚਾਰੀ ਪਿੰਡਾਂ ਵਿੱਚ ਪ੍ਰਵੇਸ਼ ਕਰਨ ਲੱਗੇ। ਇਸ ਨਾਲ ਪਹਿਲਾਂ ਪਿੰਡਾਂ ਵਿੱਚ ਜੇਕਰ ਕੋਈ ਓਰਕਾਰੀ ਕਰਮਚਾਰੀ ਸੀ ਤਾਂ ਉਹ ਪਟਵਾਰੀ ਸਨ, ਪੁਲਿਸ ਦਾ ਸਿਪਾਹੀ ਸੀ ਜਾਂ ਜੰਗਲ ਦਾ ਗਾਰਡ ਸੀ। ਮੱਧ ਵਰਗ ਦੇ ਨਾਮ 'ਤੇ ਇਹ ਗਿਣੇ-ਚੁਣੇ ਤਿੰਨ ਚਾਰ ਲੋਕ ਸਨ। ਪਰ ਜਦ 1950 ਦੇ ਬਾਅਦ ਬਰਾਦਰੀ ਵਿਕਾਸ ਖੰਡ ਆਰੰਭ ਕੀਤਾ ਗਿਆ ਤਦ ਇੱਕ ਪੂਰੇ ਦਾ ਪੂਰਾ ਸਰਕਾਰੀ ਵਿਵਸਥਾ ਪਿੰਡਾਂ ਵਿੱਚ ਪੈਦਾ ਹੋ ਗਈ। ਗਰਾਮ ਸੇਵਕ ਤੋਂ ਲੈਕੇ ਵਿਕਾਸ ਅਧਿਕਾਰੀ ਤੱਕ ਗ੍ਰਾਮੀਨ ਵਿਕਾਸ ਦੇ ਅਹੁਦੇਦਾਰ ਬਣਕੇ ਆ ਗਏ ਅਤੇ ਇੱਧਰ ਦੂਸਰੇ ਪਾਸੇ ਕਿਸਾਨੀ ਵਿੱਚ ਪੰਜ ਸਾਲਾ ਯੋਜਨਾਵਾਂ ਦੇ ਕਾਰਣ ਉਤਪਾਦਨ ਵੱਧ ਗਿਆ। ਉਤਪਾਦਨ ਹੁਣ ਬਜ਼ਾਰ ਵਿੱਚ ਆਉਣ ਲੱਗਾ। ਮਤਲਬ ਕਿ ਉਤਪਾਦਨ ਹੁਣ ਕਿਸਾਨ ਖ਼ੁਦ ਦੇ ਉਪਯੋਗ ਦਾ ਨਾ ਹੋਕੇ ਬਜ਼ਾਰ ਵਿੱਚ ਵਿਕਰੀ ਦੇ

ਨੋਟ

ਲਈ ਆਉਣ ਲੱਗਾ। ਹਰੀ ਕ੍ਰਾਂਤੀ ਆਈ ਅਤੇ ਕਿਸਾਨੀ ਵਿੱਚ ਪੂੰਜੀਵਾਦੀ ਦੀ ਸ਼ੁਰੂਆਤ ਹੋਈ। ਇਨ੍ਹਾਂ ਸਭ ਕਾਰਣਾਂ ਨੇ ਪਿੰਡਾਂ ਵਿੱਚ ਵੀ ਮੱਧ ਵਰਗ ਨੂੰ ਪੈਦਾ ਕੀਤਾ। ਇੱਥੇ ਅਸੀਂ ਸਿਲਸਿਲੇ ਵਿੱਚ ਭਾਰਤ ਵਿੱਚ ਮੱਧ ਵਰਗ ਦੇ ਨਿਕਾਸ ਦਾ ਉਲੇਖ ਕਰਾਂਗੇ:

1. **ਵਪਾਰਿਕ ਅਤੇ ਅੁਦਯੋਗਿਕ ਉਧਮਸ਼ੀਲਤਾ (Business and Industrial Entrepreneurship)**

ਪੰਜ ਸਾਲਾ ਯੋਜਨਾਵਾਂ ਦੇ ਫਲਸਰੂਪ ਭਾਰਤ ਵਿੱਚ ਵਪਾਰਿਕ ਵਰਗ ਦਾ ਪੈਦਾ ਹੋਇਆ। ਇਹ ਬਰਗ ਉਤਪਾਦਕਾਂ ਦਾ ਜੋ ਵੀ ਪਦਾਰਥ ਹੁੰਦਾ ਹੈ ਉਸਨੂੰ ਬਜ਼ਾਰ ਵਿੱਚ ਪਹੁੰਚਾਉਂਦੇ ਹਨ। ਆਰੰਭ ਵਿੱਚ ਇਹ ਵਪਾਰੀ ਵਰਗ ਪਰੰਪਰਾਗਤ ਵਰਗ ਸੀ। ਵਪਾਰੀ ਵਰਗ ਦਾ ਸਮਾਜਿਕ ਪਿਛੋਕੜ ਬਹੁਤ ਸੀਮਿਤ ਸੀ। ਕੁੱਝ ਜਾਤੀਆਂ ਨੂੰ ਬਾਣੀਆ ਕਹਿੰਦੇ ਹਨ। ਰਾਜਸਥਾਨ ਤੋਂ ਬਾਹਰ ਸਾਰਾ ਦੇਸ਼ ਇਨ੍ਹਾਂ ਜਾਤੀਆਂ ਨੂੰ ਮਾਰਵਾੜੀ ਕਹਿੰਦਾ ਹੈ। ਅਗਰਵਾਲ, ਮਹੇਸ਼ਵਰੀ, ਖੰਡੇਵਾਲ, ਪੋਰਵਾਲ ਆਦਿ ਵਪਾਰੀ ਜਾਤੀਆਂ ਹਨ। ਹੁਣ ਇਸ ਨਵੇਂ ਦੌਰ ਵਿੱਚ ਵਪਾਰੀਆਂ ਦਾ ਪਿਛੋਕੜ ਬਹੁਤ ਫ਼ੈਲਿਆ ਹੈ। ਹੁਣ ਗੈਰ-ਵਪਾਰੀ ਜਾਤੀਆਂ ਵੀ ਖੁੱਲ੍ਹ ਕੇ ਵਪਾਰ ਵਿੱਚ ਆ ਗਈਆਂ। ਬਜ਼ਾਰ ਬਾਣੀਆਂ ਦਾ ਹੀ ਨਹੀਂ ਰਿਹਾ, ਸਾਰੀਆਂ ਜਾਤਾਂ ਦੇ ਕਈ ਵੀ ਖੁੱਲ੍ਹਾ ਹੈ। ਨਤੀਜਾ ਿਹ ਹੋਇਆ ਕਿ ਵਰਗਾਂ ਨੇ ਵਪਾਰ (Mercantile) ਨੂੰ ਆਪਣਾ ਕਿੱਤਾ ਬਣਾ ਲਿਆ। 10-20 ਸਾਲਾਂ ਵਿੱਚ ਸ਼ਹਿਰਾਂ ਵਿੱਚ ਮੱਧ ਵਰਗ ਦਾ ਆਕਾਰ ਦੁੱਗਣਾ ਹੋ ਗਿਆ। ਜਿੱਥੇ ਵਪਾਰ ਦਾ ਵਿਕਾਸ ਹੋਇਆ ਉਥੇ ਇਕ ਨਵੀਂ ਸੰਸਕ੍ਰਿਤੀ, ਉਦਯੋਗਿਕ ਪੂੰਜੀਵਾਦ ਦੀ ਆਈ। ਜੋਗਿੰਦਰ ਸਿੰਘ ਕਹਿੰਦੇ ਹਨ ਕਿ ਵਪਾਰ ਅਤੇ ਉਦਯੋਗਿਕ ਪੂੰਜੀਵਾਦ ਨੇ ਇੱਕ ਨਵੀਂ ਪ੍ਰਕਿਰਿਆ ਦਾ ਆਰੰਭ ਕੀਤਾ ਅਤੇ ਇਹ ਪ੍ਰਕਿਰਿਆ ਆਧੁਨੀਕਰਨ ਦੀ ਸੀ। ਆਧੁਨੀਕਰਨ ਨੇ ਮੱਧ ਵਰਗ ਦੇ ਲੋਕਾਂ ਨੂੰ ਵਿਕਾਸ ਦੇ ਨਵੇਂ ਮੌਕੇ ਦਿੱਤੇ ਅਤੇ ਇਸ ਤਰ੍ਹਾਂ ਮੱਧ ਵਰਗ ਉਦਯੋਗਿਕ ਸ਼ਹਿਰਾਂ ਅਤੇ ਪਿੰਡਾਂ ਵਿੱਚ ਵੀ ਵਿਕਸਿਤ ਹੋ ਗਿਆ।

| | |
|---|---|
| ਟਾਕਸ | ਭਾਰਤ ਵਿਚ ਵਪਾਰਿਕ ਵਰਗ ਦਾ ਉਦੈ ਕਿਉਂ ਹੋਇਆ ? |

2. **ਬਸਤੀਵਾਦ (Colonialism) -**

ਪਵਨ ਕੁਮਾਰ ਵਰਮਾ ਨੇ ਮੱਧ ਵਰਗ ਦੀ ਉਤਪਤੀ ਨੂੰ ਬਸਤੀਵਾਦ ਦੇ ਨਾਲ ਜੋੜਿਆ। ਉਨ੍ਹਾਂ ਦਾ ਕਹਿਣਾ ਹੈ ਕਿ ਬਸਤੀਵਾਦ ਨੇ ਅਤੇ ਖਾਸਕਰ 1835 ਵਿੱਚ ਮੈਕਾਲੇ ਨੇ ਆਪਣੀ ਪ੍ਰਸਿੱਧ ਸਿੱਖਿਆ ਸੰਬੰਧੀ ਕੰਮ ਦੇ ਦਾਇਰੇ ਵਿੱਚ ਵਿਸਥਾਰ ਵਿੱਚ ਮੱਧ ਵਰਗ ਦਾ ਉਲੇਖ ਕੀਤਾ ਹੈ। ਉਨ੍ਹਾਂ ਨੇ ਕਿਹਾ:

ਅਸੀਂ ਇਸ ਸਮੇਂ ਇੱਕ ਐਸੇ ਵਰਗ ਦੀ ਰਚਨਾ ਕਰਨ ਦੇ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਅਸੀਂ ਅਤੇ ਸਾਡੇ ਕਰੋੜਾਂ ਸੰਚਾਲਿਤਾਂ ਦੇ ਵਿੱਚ ਦੁਭਾਸ਼ੀਏ ਦੀ ਭੂਮੀਕਾ ਨਿਭਾ ਸਕੇ ਭਾਵ ਵਿਅਕਤੀਆਂ ਦਾ ਇੱਕ ਐਸਾ ਵਰਗ ਜੋ ਰਕਤ ਅਤੇ ਚਮੜੀ ਦੇ ਰੰਗ ਵਿੱਚ ਤਾਂ ਭਾਰਤੀ ਹੋ ਪਰ ਰੁਚੀ, ਸਲਾਹ, ਨੈਤਿਕ ਮਾਪਦੰਡ ਅਤੇ ਪ੍ਰਤਿਭਾ ਵਿੱਚ ਅੰਗਰੇਜ਼ ਹਨ।

ਅੰਗਰੇਜ਼ਾਂ ਦੀ ਇਸ ਨੀਤੀ ਦੇ ਮੱਧ ਵਰਗ ਨੂੰ ਸਥਾਪਿਤ ਕਰਨ ਵਿੱਚ ਸਫ਼ਲਤਾ ਦਿੱਤੀ। ਸਥਿਤੀ ਇਹ ਹੋ ਗਈ ਕਿ ਹੌਲੀ-ਹੌਲੀ ਇੱਕ ਨਵਾਂ ਵਰਗ ਬਣ ਗਿਆ ਅਤੇ ਇਸ ਨੇ ਅੰਗਰੇਜ਼ੀ ਭਾਸ਼ਾ ਦੇ ਮੱਧ ਤੋਂ ਪੱਛਮੀ ਸੰਸਕ੍ਰਿਤੀ ਨੂੰ ਸਵਕਿਾਰ ਕਰ ਲਿਆ। ਸਡੇ ਦੇਸ਼ ਵਿੱਚ ਵਾਂ ਇੱਕ ਨਵਾਂ ਅੰਦੋਲਨ ਚੱਲਿਆ ਜਿਸ ਨੂੰ ਕਿਆਮਤਵਾਦੀ ਅਮਦੋਲਣ ਕਹਿੰਦੇ ਹਨ। ਇਸਦੇ ਮੋਢੀ ਬ੍ਰਹਮਾ ਸਮਾਜ ਅਤੇ ਆਰੀਆ ਸਮਾਜ ਸਨ। 1830 ਵਿੱਚ ਬ੍ਰਹਮਾ ਸਮਾਜ ਦੀ ਸਥਾਪਨਾ ਕਰਨ ਵਾਲੇ ਰਾਜਾ ਰਾਮ ਮੋਹਨ ਰਾਏ ਖ਼ੁਦ ਵੀ ਅੰਗਰੇਜ਼ੀ ਸਿੱਖਿਆ ਦੇ ਮਹਾਨ ਹਿਮਾਇਤੀ ਸਨ। ਬਸਤੀਵਾਦ ਦੀ ਇਸ ਨੀਤੀ ਨੇ ਮੱਧ ਵਰਗ ਦੇ ਨਿਕਾਸ ਵਿੱਚ ਇੱਕ ਪ੍ਰਚੰਡ ਭੂਮੀਕਾ ਨਿਭਾਈ। ਇੱਥੇ ਇਹ ਕਹਿਣਾ ਚਾਹੀਦਾ ਹੈ ਕਿ ਬਸਤੀਵਾਦ ਦੇ ਮੱਧ ਵਰਗ ਨੇ ਵਿਦੇਸ਼ੀ ਸੱਤਾ ਨੂੰ ਬਣਾਏ ਰੱਖਣ ਵਿੱਚ ਬੜੀ ਮਦਦ ਕੀਤੀ। 1873 ਵਿੱਚ ਬੰਕਿਮਚੰਦਰ ਚੈਟਰਜ਼ੀ ਨੇ ਇਸ ਮੱਧ ਵਰਗ ਦੀ ਗਤੀਵਿਥੀਆਂ 'ਤੇ ਮਜ਼ਾਕ ਕਰਦੇ ਹੋਏ ਲਿਖਿਆ ਸੀ:

*ਇਹ ਬਾਬੂ ਕਾਫ਼ੀ ਗਾਲੜੀ, ਇੱਕ ਖ਼ਾਸ ਵਿਦੇਸ਼ੀ ਭਾਸ਼ਾ ਵਿੱਚ ਪੂਰਾ ਅਤੇ ਆਪਣੀ ਮਾਤ-ਭਾਸ਼ਾ ਨੂੰ ਨੀਵੀਂ ਨਿਗਾਹ ਨਾਲ ਦੇਖਣ ਬਾਲੇ ਹੋਣਗੇ......ਕੁੱਝ ਬੇਹੱਦ ਯੋਗ ਬਾਬੂ ਤਾਂ ਐਸੇ ਵੀ ਹੋਣਗੇ ਕਿ ਆਪਣੀ ਮਾਤ-ਭਾਸ਼ਾ ਵਿੱਚ ਗੱਲਬਾਤ ਤੱਕ ਕਰਨ ਵਿੱਚ ਅਸਮਰੱਥ ਨਿਕਲਣਗੇ। ਵਿਸ਼ਨੂੰ ਦੀ ਤਰ੍ਹਾਂ ਉਨ੍ਹਾਂ ਦੇ ਵੀ ਦਸ ਅਵਤਾਰ ਹੋਣਗੇ:*

ਨੋਟ

*ਕਲਰਕ, ਅਧਿਆਪਕ, ਬ੍ਰਹਮਾ ਸਮਾਜ ਦੇ ਮੈਂਬਰ, ਮੁਨੀਮ, ਡਾਕਟਰ, ਵਕੀਲ, ਮੈਜਿਸਟ੍ਰੇਟ, ਜਿਮੀਂਦਾਰ, ਸੰਪਾਦਕ ਅਤੇ ਬੇਰੁਜ਼ਗਾਰ......* ਇਹ ਬਾਬੂ ਘਰ ਵਿੱਚ ਜਲਪਾਨ ਅਤੇ ਦੋਸਤਾਂ ਦੇ ਘਰ 'ਤੇ ਖਾਣਪਾਨ ਕਰਣਗੇ। ਇਹ ਵੇਸ਼ਵਾ ਦੇ ਅੱਡੇ 'ਤੇ ਗਲੀਆਂ ਅਤੇ ਮਾਲਕਾਂ ਤੋਂ ਫਟਕਾਰ ਖਾਂਦੇ ਹਨ। ਅੰਗਰੇਜ਼ੀ ਸ਼ਾਸ਼ਨਕਾਲ ਵਿੱਚ ਜੋ ਮੱਧ ਵਰਗ ਪੈਦਾ ਹੋਇਆ ਉਸਦੀ ਮੁੱਖ ਚਿੰਤਾ ਸਰਕਾਰੀ ਢਾਂਚੇ ਵਿੱਚ ਨੌਕਰੀ ਅਤੇ ਸੇਵਾ ਯੋਜਨਾ 'ਤੇ ਕੇਂਦਰਿਤ ਸੀ। ਜਿਨ੍ਹਾਂ ਨੂੰ ਨੌਕਰੀ ਮਿਲ ਗਈ ਸੀ ਅਤੇ ਖ਼ਾਸ ਤੌਰ 'ਤੇ ਜਿਨ੍ਹਾਂ ਨੇ ਥੋੜੇ ਉੱਚੇ ਹਲਕਿਆਂ ਵਿੱਚ ਨੌਂਕਰੀ ਹਾਸਿਲ ਕਰ ਲਈ ਸੀ ਉਨ੍ਹਾਂ ਦੇ ਆਚਰਣ ਦਾ ਉਲੇਖ ਪਹਿਲੂ ਅੰਗਰੇਜ਼ੀ ਅਫ਼ਸਰਾਂ ਦੀ ਤਰਜ਼ 'ਤੇ ਆਪਣੇ ਵਿਅਕਤੀਤਵ ਦਾ ਵਿਕਾਸ ਕਰਨ ਦੀ ਕੋਸ਼ਿਸ਼ ਸੀ। ਨਹਿਰੂ ਮੱਧ ਵਰਗ ਦੇ ਇਸ ਪ੍ਰਕਾਰ ਦੇ ਨਿਕਾਸ ਤੋਂ ਫਿਕਰ ਵਿੱਚ ਸਨ। ਉਨ੍ਹਾਂ ਨੇ ਕਿਹਾ ਕਿ ਅਫ਼ਸਰੀ ਅਤੇ ਨੌਂਕਰੀ ਦਾ ਇਹ ਮਹੌਲ ਸੰਪੂਰਨ ਭਾਰਤੀ ਮੱਧ ਵਰਗ 'ਤੇ ਛਾ ਗਿਆ ਸੀ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਇਹ ਮੱਧ ਵਰਗ ਬੁੱਧਜੀਵੀਆਂ, ਵਕਾਲਤ ਕਰਨ ਵਾਲੇ ਅਤੇ ਡਾਕਟਰੀ ਕਰਨ ਵਾਲੇ ਨੇ ਵਿਸ਼ੇਸ਼ ਰੂਪ ਤੋਂ ਅਪਨਾ ਲਿਆ ਸੀ। ਅਰਧਸ਼ਾਸਕੀ ਯੂਨੀਵਰਸਿਟੀਆਂ ਦੇ ਅਕਾਦਮਿਕ ਵਿਭਾਗ ਵੀ ਐਸੇ ਲੋਕਾਂ ਨਾਲ ਭਰ ਗਏ ਸਨ। ਗਾਂਧੀ ਜੀ ਵੀ ਅੰਗਰੇਜ਼ੀ ਸ਼ਾਸਨ ਕਾਲ ਵਿੱਚ ਵਿਕਸਿਤ ਹੋਏ ਮੱਧ ਵਰਗ ਤੋਂ ਪਰੇਸ਼ਾਨ ਸਨ। 1903 ਵਿੱਚ ਸ਼ੁਰੂ ਹੋਏ ਵਿਦੇਸ਼ੀ ਅੰਦੋਲਣ ਨੇ ਗਣਪਤੀ ਅਤੇ ਅਤੇ ਸ਼ਿਵਜੀ ਮਹਾਂਉਪਸਵ ਜਿਹੇ ਪਰੰਪਰਾਗਤ ਪ੍ਰਸਿੱਧ ਤਿਉਹਾਰਾਂ ਅਤੇ ਮੇਲਿਆਂ 'ਤੇ ਜ਼ੋਰ ਦੇ ਕੇ ਅਤੇ ਬੰਗਾਲ ਦੇ ਜਾਤਰਾ ਜਿਹੇ ਲੋਕ-ਨਾਟਕ ਰੂਪਾਂ ਦਾ ਇਸਤੇਮਾਲ ਕਰਕੇ ਰਾਸ਼ਟਰੀ ਨੇਤਾਵਾਂ ਨੇ ਮੱਧ ਵਰਗ ਨੂੰ ਤੋੜਣ ਦੀ ਕੋਸ਼ਿਸ਼ ਕੀਤੀ। ਪਰ ਇਸਦਾ ਅਸਰ ਨਾ ਤਾਂ ਟਿਕਾਉ ਸਾਬਿਤ ਹੋਇਆ ਅਤੇ ਨਾ ਹੀ ਸ਼ਹਿਰੀ ਮੱਧ ਵਰਗ ਤੋਂ ਅੱਗੇ ਵੱਧ ਸਕਿਆ। ਆਜ਼ਾਦੀ ਦੀ ਲੜਾਈ ਵਿੱਚ ਇਸ ਮੱਧ ਵਰਗ ਨੇ ਹਾਸ਼ੀਏ 'ਤੇ ਖੜ੍ਹੇ ਹੋਕੇ ਇਨ੍ਹਾਂ ਸਾਰੇ ਤਮਾਸ਼ਿਆਂ ਨੂੰ ਦੇਖਿਆ। ਇਤਿਹਾਸਕਾਰ ਰਵਿੰਦਰ ਕੁਮਾਰ ਨੇ ਆਜ਼ਾਦੀ ਦੀ ਲੜਾਈ ਦਾ ਲੇਖਾ-ਜੋਖਾ ਕਰਕੇ ਕਿਹਾ ਕਿ 1930 ਦੇ ਦਹਾਕੇ ਤੱਕ ਰਾਸ਼ਟਰੀ ਅੰਦੋਲਣ ਵਿੱਚ ਮੱਧ ਦੀ ਭੂਮੀਕਾ ਨਾ-ਬਰਾਬਰ ਸੀ।

3. **ਆਜ਼ਾਦ ਭਾਰਤ (Independent India)** –

ਆਜ਼ਾਦੀ ਪ੍ਰਾਪਤ ਕਰਨ ਦੇ ਬਾਅਦ ਨਹਿਰੂ ਜੀ ਨੇ ਭਾਰਤ ਦੀ ਰਾਸ਼ਟਰੀ ਨੀਤੀ ਦਾ ਆਧੁਨੀਕਰਨ ਕੀਤਾ। ਉਨ੍ਹਾਂ ਨੇ ਉਦਯੋਗੀਕਰਨ 'ਤੇ ਜ਼ੋਰ ਦਿੱਤਾ। ਹੁਣ ਅਸੀਂ ਨਿਸ਼ਚਿਤ ਤਬਦੀਲੀ ਨੂੰ ਆਪਣਾ ਟੀਚਾ ਬਣਾਇਆ ਹੈ। ਇਨ੍ਹਾਂ ਨੀਤੀਆਂ ਦੇ ਨਿਰਮਾਨ ਵਿੱਚ ਮੱਧ ਵਰਗ ਦੇ ਹਿੱਤਾਂ ਨੂੰ ਪਹਿਲ ਦਿੱਤੀ ਗਈ ਸੀ। ਇਸਦਾ ਨਤੀਜਾ ਇਹ ਹੋਇਆ ਕਿ ਰਾਜਸੀ ਨੀਤੀ ਦੇ ਅਮਲ ਵਿੱਚ ਮੱਧ ਵਰਗ ਦੀ ਭੂਮੀਕਾ ਮਹੱਤਵਪੂਰਨ ਬਣ ਗਈ। ਇਸ ਨੀਤੀ ਨੂੰ ਪਿੰਡਾਂ ਵਿੱਚ ਵੀ ਮੱਧ ਵਰਗ ਨੇ ਵੀ ਲਾਗੂ ਕੀਤਾ ਅਤੇ ਇਸ ਤਰ੍ਹਾਂ ਪਿੰਡ ਵਿੱਚ ਵੀ ਮੱਧ ਵਰਗ ਸ਼ਕਤੀਸ਼ਾਲੀ ਬਣ ਗਏ। ਦੇਖਿਆ ਜਾਏ ਤਾਂ ਆਜ਼ਾਦੀ ਦੇ ਪਹਿਲਾਂ ਅਤੇ ਬਾਅਦ ਵਿੱਚ ਵੀ ਸਰਕਾਰੀ ਨੀਤੀਆਂ ਵਿੱਚ ਮੱਧ ਵਰਗ ਹਮੇਸ਼ਾਂ ਲਾਭ ਦੀ ਸਥਿਤੀ ਵਿੱਚ ਹੀ ਰਿਹਾ।

4. **ਵਿਸ਼ਵੀਕਰਨ (Globalization)** –

ਮੱਧ ਵਰਗ ਦੇ ਵਿਕਾਸ ਵਿੱਚ ਵਿਸ਼ਵੀਕਰਨ ਦੀ ਭੂਮੀਕਾ ਵੀ ਹਾਲ ਦੇ ਇੱਕ ਦਹਾਕੇ ਵਿੱਚ ਮਹੱਤਵਪੂਰਨ ਹੋ ਗਈ ਹੈ। ਵਿਸ਼ਵੀਕਰਨ ਦਾ ਬੜਾ ਵੱਡਾ ਉਦੇਸ਼ ਵਿਸ਼ਾਲ ਸੰਸਾਰ ਨੂੰ ਉਸਦੇ ਛੋਟੇ ਆਕਾਰ ਵਿੱਚ ਲੈ ਆਉਣਾ ਹੈ। ਇਸਦੇ ਮੱਧ ਨਾਲ ਇੱਥੇ ਇੱਕ ਤਰਫ਼ ਤਕਨੀਕੀ ਮਾਧਿਅਮਾਂ ਨਾਲ ਦੁਨੀਆ ਭਰ ਦੇ ਦੇਸ਼ਾਂ ਵਿੱਚ ਸੰਚਾਰ ਸਥਾਪਿਤ ਹੁੰਦਾ ਹੈ ਉਥੇ ਹੀ ਗੈਰ-ਬਰਾਬਰੀ ਨੂੰ ਦੂਰ ਕਰਨ ਦਾ ਇੱਕ ਜਤਨ ਵੀ ਚੱਲਦਾ ਹੈ। ਇਸ ਉਦੇਸ਼ ਦੇ ਪਿੱਛੇ ਉਦਾਰੀਕਰਨ ਅਤੇ ਮੁਕਤ ਪੂੰਜੀ ਨਿਵੇਸ਼ ਰਚਨਾ ਕਾਰਜਾਂ ਦੀ ਤਰਫ਼ ਕੰਮ ਕਰਦੇ ਹਨ। ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਦੇ ਮੱਧ ਵਰਗ ਨੂੰ ਇਹ ਮੌਕਾ ਦਿੱਤਾ ਹੈ ਕਿ ਉਹ ਆਪਣੀ ਹਕੂਮਤ ਨੂੰ ਵਧਾਉਣ। ਵਿਸ਼ਵ ਬਜ਼ਾਰ ਨੇ ਮੱਧ ਵਰਗ ਨੂੰ ਉਪਭੋਗਤਾਵਾਦ ਦਾ ਸਿਰਮੌਰ ਬਣਾ ਦਿੱਤਾ ਹੈ। ਭਾਰਤ ਹੀ ਨਹੀਂ ਵਿਕਾਸ-ਸ਼ੀਲ ਦੇਸ਼ਾਂ ਵਿੱਚ ਮੱਧ ਵਰਗ ਦਾ ਸਥਾਨ ਅੱਜ ਜ਼ਿਆਦਾ ਤੋਂ ਜ਼ਿਆਦਾ ਉੱਚਾ ਹੋ ਰਿਹਾ ਹੈ।

## ਸਵੈ-ਮੁਲਾਂਕਨ (Self Assessment) –

1. ਖਾਲੀ ਥਾਵਾਂ ਨੂੰ ਭਰੋ (Fill in the Blanks) –

(i) ਮੱਧ ਵਰਗ ਦਾ ਨਿਕਾਸ .............. ਦਫ਼ਤਰਸ਼ਾਹੀ ਅਤੇ ਸਰਕਾਰੀ ਕੰਮ-ਕਾਜ ਨਾਲ ਜੁੜਿਆ ਹੈ।

(ii) .............. ਇੱਕ ਐਸਾ ਵਰਗ ਹੈ ਜੋ ਉਪਭੋਗਤਾ ਦਾ ਮੋਢੀ ਹੈ।

(iii) .............. ਪੱਛਮ ਵਿੱਚ ਪ੍ਰਜਾਤੰਤਰ ਦਾ ਨਿਗਰਾਨ ਮੱਧ ਵਰਗ ਹੈ।

ਨੋਟ

(iv) ਮੱਧ ਵਰਗ ਪੱਛਮੀ ਦੇਸ਼ਾਂ ਦੀ .............. ਨੂੰ ਬਿਨਾਂ ਸੋਚੇ ਇੱਕ ਨਸ਼ੇ ਦੀ ਤਰ੍ਹਾਂ ਅਪਣਾਉਂਦਾ ਹੈ।

(v) .............. ਨੇ ਸੋਵਿਅਤ ਸੰਘ ਨੂੰ ਨਵੇਂ ਵਰਗ ਦਾ ਨਾਮ ਦਿੱਤਾ ਹੈ।

(vi) ਅੰਗਰੇਜ਼ਾਂ ਨੇ ਭਾਰਤੀ ਵਿੱਚ .............. ਦੀ ਸ਼ੁਰੂਆਤ ਕੀਤੀ।

(vii) ਵਪਾਰੀ ਅਤੇ ਉਦਯੋਗਿਕ ਪੂੰਜੀਵਾਦ ਨੇ ਇੱਕ ਨਵੀਂ ਪ੍ਰਕਿਰਿਆ ਨੂੰ ਆਰੰਭ ਕੀਤਾ ਅਤੇ ਪ੍ਰਕਿਰਿਆ ......... ਕੀਤੀ ਸੀ।

(viii) .............. ਨੇ ਮੱਧ ਵਰਗ ਨੂੰ ਬਸਤੀਵਾਦ ਦੇ ਨਾਲ ਜੋੜਿਆ ਹੈ।

(ix) .............. ਨੇ 1830 ਵਿੱਚ ਬ੍ਰਹਮਾ ਸਮਾਜ ਦੀ ਸਥਾਪਨਾ ਕੀਤੀ ਸੀ।

(x) .............. ਦੇ ਦਹਾਕੇ ਤੱਕ ਰਾਸ਼ਟਰੀ ਅੰਦੋਲਣ ਵਿੱਚ ਮੱਧ ਵਰਗ ਦੀ ਭੂਮੀਕਾ ਨਾ-ਬਰਾਬਰ ਸੀ।

(xi) ਆਜ਼ਾਦੀ ਪ੍ਰਾਪਤ ਦੇ ਬਾਅਦ .............. ਨੇ ਭਾਰਤ ਦੀ ਰਾਸ਼ਟਰੀ ਨੀਤੀ ਦਾ ਆਧੁਨੀਕਰਨ ਕੀਤਾ।

(xii) .............. ਨੇ ਮੱਧ ਵਰਗ ਨੂੰ ਉਪਭੋਗਤਾਵਾਦ ਦਾ ਸਿਰਮੌਰ ਬਣਾ ਦਿੱਤਾ।

## 14.3 ਸਾਰ ਅੰਸ਼ (Summary)

- ਮੱਧ ਵਰਗ 'ਤੇ ਲਿਖਣ ਵਾਲੇ ਜ਼ਿਆਦਾਤਰ ਲੇਖ਼ਕਾਂ ਨੇ ਇਸ ਵਰਗ ਦੀ ਖ਼ੂਬ ਵਿਰੋਧਤਾ ਕੀਤੀ ਹੈ। ਕਿਸੀ ਵੀ ਸਮਾਨ ਸ਼ਬਦ-ਕੋਸ਼ ਵਿੱਚ ਜੋ ਵੀ ਗਾਲੀ-ਗਲੋਚ ਹੋ ਸਕਦਾ ਹੈ, ਸਭ ਇਸ ਵਰਗ ਦੇ ਮੱਥੇ ਮੜ੍ਹ ਦਿੱਤਾ ਹੈ।
- ਅੰਤਰਗਤ ਮੱਧ ਵਰਗਾਂ ਵਿੱਚ ਅਸੀਂ ਵਪਾਰੀਆਂ, ਵਿਕਰੇਤਾ, ਦਲਾਲਾਂ, ਸਰਕਾਰੀ ਜਾਂ ਗੈਰ-ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ, ਲੇਖ਼ਕਾਂ, ਅਧਿਆਪਕਾਂ, ਖ਼ੁਦ ਦਾ ਰੋਜ਼ਗਾਰ ਕਰਨ ਵਾਲੇ ਲੋਕਾਂ, ਜਿਵੇਂ ਵਕੀਲ, ਇੰਜਨੀਅਰ, ਡਾਕਟਰ, ਆਦਿ ਸ਼ਾਮਿਲ ਕਰਦੇ ਹਾਂ।
- ਪੱਛਮ ਦੇ ਮੱਧ ਵਰਗ ਦੀ ਤੁਲਣਾ ਭਾਰਤ ਦੇ ਮੱਧ ਵਰਗ ਨਾਲ ਨਹੀਂ ਕੀਤੀ ਜਾ ਸਕਦੀ। ਇੱਥੇ ਦਾ ਮੱਧ ਵਰਗ ਤਾਂ 'ਖਾਊ' ਹੈ। ਪੱਛਮ ਵਿੱਚ ਮੱਧ ਵਰਗ ਦੇ ਖਾਤੇ ਵਿੱਚ ਕਈ ਉਪਲਬਧੀਆਂ ਹਨ। ਉਥੇ ਪ੍ਰਜਾਤੰਤਰ ਦਾ ਨਿਗਰਾਨ ਮੱਧ ਵਰਗ ਹੈ। ਉਥੋਂ ਦੇ ਨਾਗਰਿਕ ਸਮਾਜ (Civil Society) ਨੇ ਸਰਕਾਰ ਦੇ ਨਾਲ ਇੱਕ ਅੰਦੋਲਨ ਚਲਾ ਰੱਖਿਆ ਹੈ।
- 19ਵੀਂ ਸਦੀ ਦੇ ਅੰਤ ਵਿੱਚ ਜਦ ਅੰਗਰੇਜ਼ਾਂ ਨੇ ਅੰਗਰੇਜ਼ੀ ਸਿੱਖਿਆ ਦੀ ਸ਼ੁਰੂਆਤ ਇਸ ਦੇਸ਼ ਵਿੱਚ ਕੀਤਾ ਤਦ ਉਨ੍ਹਾਂ ਨੇ ਮੱਧ ਵਰਗ ਦੀ ਪਹਿਚਾਣ ਪੜ੍ਹੇ-ਲਿਖੇ ਲੋਕਾਂ ਦੇ ਨਾਲ ਕੀਤੀ। ਉਨ੍ਹਾਂ ਦੇ ਅਨੁਸਾਰ ਤਦ ਮੱਧ ਵਰਗ ਉਹ ਸੀ ਜਿਸਨੇ ਅੰਗਰੇਜ਼ੀ ਸਿੱਖਿਆ ਪ੍ਰਾਪਤ ਕੀਤੀ ਸੀ ਅਤੇ ਉਦਾਰਵਾਦੀ ਵਿਚਾਰਧਾਰਾ ਉਸਦਾ ਮੁਹਾਵਰਾ ਸੀ। ਇਹ ਮੱਧ ਵਰਗ ਧਾਰਮਿਕ ਅਤੇ ਸੰਸਕ੍ਰਿਤਿਕ ਸੁਧਾਰ ਦਾ ਲਿਖਾਰੀ ਸੀ।
- ਇਸ ਦੇਸ਼ ਵਿੱਚ ਧਰਮ ਪ੍ਰੇਮ ਦਾ ਇੱਕ ਨਵਾਂ ਸੈਲਾਬ ਫੁੱਟਦਾ ਹੈ। ਐਸੇ ਸਥਾਨਕ ਦੇਵੀ-ਦੇਵਤੇ ਜਿਨ੍ਹਾਂ ਨੂੰ ਕੋਈ ਨਹੀਂ ਜਾਣਦਾ ਸੀ, ਹੁਣ ਉੱਭਰਕੇ ਅਟੁੱਟ ਭਗਤੀ ਦੇ ਪਾਤਰ ਬਣ ਗਏ ਹਨ। ਗਨੇਸ਼ ਮਹਾ-ਉਤਸਵ, ਸ਼ਿਵਰਤਰੀ, ਗਰਬੇ ਆਦਿ ਨਵੇਂ ਧਾਰਮਿਕ ਉਤਸਵ ਹਨ ਜਿਨ੍ਹਾਂ ਨੂੰ ਵਾਧਾ ਦੇਣ ਦਾ ਕੰਮ ਮੱਧ ਵਰਗ ਨੇ ਕੀਤਾ ਹੈ। ਤੀਰਥ ਸਥਾਨਾਂ 'ਤੇ ਜਾਂ ਤਰਿਥ ਸਥਨਾਂ ਨੂੰ ਜਾਣ ਵਾਲੀਆਂ ਗੱਡੀਆਂ ਵਿੱਚ ਤਿਲ ਰੱਖਣ ਨੂੰ ਜਗ੍ਹਾ ਨਹੀਂ ਹੁੰਦੀ, ਇਹ ਸਭ ਮੱਧ ਵਰਗ ਦਾ ਕਰਿਸ਼ਮਾ ਹੈ।
- ਭਾਰਤ ਦੇਸ਼ ਵਿੱਚ ਜਦ ਉਦਯੋਗ-ਧੰਦੇ ਬਹੁਤ ਥੋੜੇ ਸਨ ਅਤੇ ਇਸਦੀ ਪ੍ਰਕ੍ਰਿਤੀ ਇੱਕ ਕਿਸਾਨ ਪ੍ਰਧਾਨ ਦੇਸ਼ ਦੀ ਸੀ, ਤਦ ਇੱਥੇ ਮੱਧ ਵਰਗ ਨਹੀਂ ਸੀ। ਪਿੰਡਾਂ ਵਿੱਚ ਪਰੰਪਰਾਗਤ ਧਨਾਢ ਵਰਗ ਸੀ ਜੋ ਪੁਸ਼ਤੈਨੀ ਸੀ। ਜਿਮੀਂਦਾਰ, ਜਗੀਰਦਾਰ ਅਤੇ ਦੁਬਾਰਾ ਪੈਦਾ ਹੋਈਆਂ ਜਾਤੀਆਂ ਦੇ ਲੋਕ ਸਮਾਜਿਕ ਵਿਵਸਥਾ ਵਿੱਚ ਉੱਚਾ ਸਥਾਨ ਰੱਖਦੇ ਸਨ। ਇਸ ਵਰਗ ਨੂੰ ਛੱਡਕੇ ਬਾਕੀ ਸਭ ਜਨਤਾ ਸੀ।

## 14.4 ਸ਼ਬਦਕੋਸ਼ (Keywords)

- ਸ਼ੋਸ਼ੇਵਾਜੀ : ਝੂਠਾ ਦਿਖਾਵਾ

ਨੋਟ

- ਸਿਰਮੌਰ : ਪ੍ਰਸਿੱਧ ਹੋਣਾ

**ਉੱਤਰ : ਸਵੈ ਮੁਲਾਂਕਣ (Answer : Self Assessment)**

1. (i) ਬ੍ਰਿਟਿਸ਼ ਸ਼ਾਸਨਕਾਲ (ii) ਮੱਧ ਵਰਗ (iii) ਪੱਛਮ
   (iv) ਸੰਸਕ੍ਰਿਤ (v) ਦਿਜੀਲਾਸ (vi) ਉਦਯੋਗਿਕ ਕ੍ਰਾਂਤੀ
   (vii) ਆਧੁਨੀਕਰਨ (viii) ਪਵਨ ਕੁਮਾਰ ਵਰਮਾ (ix) ਰਾਜਾ ਰਾਮ ਮੋਹਨ ਰਾਏ
   (x) 1990 (xi) ਨਹਿਰੂ ਜੀ (xii) ਵਿਸ਼ਵ ਬਜ਼ਾਰ

## 14.5 ਅਭਿਆਸ-ਪ੍ਰਸ਼ਨ (Review Question)

1. ਮੱਧ ਵਰਗ ਦੇ ਨਿਕਾਸ ਦੀ ਵਿਆਖਿਆ ਕਰੋ।
2. ਮੱਧ ਵਰਗ ਦਾ ਅਰਥ ਸਪੱਸ਼ਟ ਕਰੋ ਅਤੇ ਇਸਦੇ ਲੱਛਣ ਦੱਸੋ।
3. ਭਾਰਤ ਵਿੱਚ ਮੱਧ ਵਰਗ ਦੇ ਮੋਢੀ ਹਾਲਾਤਾਂ ਦੀ ਵਿਆਖਿਆ ਕਰੋ।
4. ਵਪਾਰਿਕ ਅਤੇ ਉਦਯੋਗਿਕ ਉਧਮਸ਼ੀਲਤਾ ਵਿੱਚ ਸੰਬੰਧ ਸਪੱਸ਼ਟ ਕਰੋ।

## 14.6 ਸੰਦਰਭ ਪੁਸਤਕਾਂ (Further Readings)

ਬੁਕਸ

1. ਦੀਪਾਂਕਰ ਗੁਪਤਾ : ਸੋਸ਼ਲ ਸਟ੍ਰੇਟੀਫਿਕੇਸ਼ਨ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਦਿੱਲੀ ਕੇ. ਐਲ. ਸ਼ਰਮਾ, 1980, ਐਸਏ ਆਨ ਸੋਸ਼ਲ ਸਟ੍ਰੇਟੀਫਿਕੇਸ਼ਨ, ਰਾਵਤ ਪਬਲੀਕੇਸ਼ਨ, ਜੈਪੁਰ ਐਂਡ ਦਿੱਲੀ।

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in